# ਨਾਮਧਾਰੀ ਲਹਿਰ ਦੀ ਵਾਰਤਕ ਦਾ ਆਲੋਚਨਾਤਮਕ ਅਧਿਐਨ

(1906 ਤੋਂ 1959 ਈ. ਤੱਕ)

# NAMDHARI LEHAR DI VARTAK DA ALOCHNATMAK ADHIAN

(1906 TO 1959 )

**A REVISED THESIS**
**Submitted to the**
**Faculty of Languages**
**for the Degree of**
**DOCTOR OF PHILOSOPHY**
**2008**

**PARAMJIT KAUR**
**SCHOOL OF PANJABI STUDIES**
**PANJAB UNIVERSITY,**
**CHANDIGARH**

# ਤਤਕਰਾ

ਭੂਮਿਕਾ 1-4

ਅਧਿਆਇ ਪਹਿਲਾ: ਨਾਮਧਾਰੀ ਲਹਿਰ : ਇਤਿਹਾਸਕ ਤੇ ਸਿਧਾਂਤਕ ਪਿਛੋਕੜ 5-58

(ੳ) ਇਤਿਹਾਸ ਤੇ ਇਤਿਹਾਸ ਪ੍ਰਤੀ ਚੇਤਨਾ

(ਅ) ਧਾਰਮਕ ਚੇਤਨਾ

(ੲ) ਰਾਜਸੀ ਚੇਤਨਾ

(ਸ) ਸਮਾਜਕ ਤੇ ਸਭਿਆਚਾਰਕ ਚੇਤਨਾ

ਅਧਿਆਇ ਦੂਜਾ : ਨਾਮਧਾਰੀ ਵਾਰਤਕ ਸਾਹਿਤ 59-132

(ੳ) 1857 ਤੋਂ 1906 ਤੱਕ

(ਅ) 1906 ਤੋਂ 1959 ਤੱਕ

(ੲ) 1959 ਤੋਂ ਹੁਣ ਤੱਕ

ਅਧਿਆਇ ਤੀਜਾ: ਨਾਮਧਾਰੀ ਵਾਰਤਕ ਦੇ ਮੁੱਖ ਸਰੋਕਾਰ 133-186

(ੳ) ਨਾਮਧਾਰੀ ਲਹਿਰ ਦੇ ਇਤਿਹਾਸ ਦੀ ਜਾਣਕਾਰੀ

(ਅ) ਨਾਮਧਾਰੀ ਸੰਪ੍ਰਦਾਇ ਦਾ ਪ੍ਰਚਾਰ

(ੲ) ਸਮਾਜਕ ਤੇ ਸਭਿਆਚਾਰਕ ਸਰੋਕਾਰ

(ਸ) ਬਰਤਾਨਵੀ ਬਸਤੀਵਾਦ

ਅਧਿਆਇ ਚੌਥਾ: ਨਾਮਧਾਰੀ ਵਾਰਤਕ ਦੇ ਪ੍ਰਮੁੱਖ ਰੂਪਾਕਾਰ 187-250

(ੳ) ਇਤਿਹਾਸ ਲੇਖਣ - ਵਿਭਿੰਨ ਰੂਪਾਕਾਰ

(ਅ) ਨਿਬੰਧ ਸਾਹਿਤ

(ੲ) ਸਾਖੀ ਸਾਹਿਤ

(ਸ) ਜੀਵਨੀ ਸਾਹਿਤ

(ਹ) ਸ਼ਾਸਤ੍ਰਾਰਥ

(ਕ) ਸੰਸਮਰਣ (ਯਾਦਾਂ)

ਅਧਿਆਇ ਪੰਜਵਾਂ : ਸਤਿਜੁਗ ਦੀ ਪੰਜਾਬੀ ਸਾਹਿਤ ਨੂੰ ਦੇਣ 251–268

ਅਧਿਆਇ ਛੇਵਾਂ: ਨਾਮਧਾਰੀ ਵਾਰਤਕ ਦੀ ਰਚਨਾ ਸ਼ੈਲੀ 269–328

(ੳ) ਇਤਿਹਾਸ, ਸਾਖੀ, ਮਿੱਥ, ਪ੍ਰਸੰਗ, ਸਾਕੇ ਦੀ ਵਿਧੀ

(ਅ) ਭਾਸ਼ਾ ਸ਼ੈਲੀ

(ੲ) ਗੁਰਬਾਣੀ ਦੀ ਵਿਆਖਿਆ ਦੀ ਵਿਧੀ

(ਸ) ਪ੍ਰਸ਼ਨੋਤਰੀ

ਸਾਰ ਤੇ ਸਥਾਪਨਾਵਾਂ 329–338

ਪੁਸਤਕ ਸੂਚੀ 339–349

ਸਮਰਪਣ

*

*

*

ਆਪਣੇ ਰੱਬ ਵਰਗੇ ਮਾਤਾ ਪਿਤਾ ਨੂੰ

# ਭੂਮਿਕਾ

ਸਾਹਿਤ ਦਾ ਸਮਾਜ ਨਾਲ ਅਨਿੱਖੜ ਰਿਸ਼ਤਾ ਹੈ। ਵੱਖ-ਵੱਖ ਕਾਲਾਂ ਦੌਰਾਨ ਵੱਖ-ਵੱਖ ਪ੍ਰਕਾਰ ਦੇ ਸਾਹਿਤ ਦੀ ਸਿਰਜਨਾ ਹੁੰਦੀ ਰਹੀ ਹੈ। ਇਹੀ ਕਾਰਨ ਹੈ ਕਿ ਸੁਭਾਵਿਕ ਹੀ ਇਹ ਕਹਿ ਦਿੱਤਾ ਜਾਂਦਾ ਹੈ ਕਿ ਸਾਹਿਤ ਸਮਾਜ ਤੋਂ ਪ੍ਰਭਾਵਿਤ ਵੀ ਹੁੰਦਾ ਹੈ ਅਤੇ ਉਸ ਨੂੰ ਮੋੜਵੇਂ ਰੂਪ ਵਿਚ ਪ੍ਰਭਾਵਿਤ ਵੀ ਕਰਦਾ ਹੈ। ਭਾਰਤ ਬਹੁਤ ਲੰਮਾ ਅਰਸਾ ਸਾਮਰਾਜੀ ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜਿਆ ਰਿਹਾ ਹੈ ਅਤੇ ਇਸ ਤੋਂ ਛੁਟਕਾਰਾ ਪਾਉਣ ਲਈ ਕਈ ਤਰ੍ਹਾਂ ਦੇ ਜਨ-ਅੰਦੋਲਨ ਛਿੜੇ। ਇਨ੍ਹਾਂ ਜਨ-ਅੰਦੋਲਨਾਂ ਦੀ ਕਰੜੀ ਘਾਲਣਾ ਨੇ ਆਜ਼ਾਦੀ ਦੀ ਪ੍ਰਾਪਤੀ ਵਿਚ ਅਹਿਮ ਹਿੱਸਾ ਪਾਇਆ ਹੈ।

ਭਾਰਤੀ ਸਭਿਆਚਾਰ ਕਈ ਸਭਿਆਚਾਰਾਂ ਦਾ ਮਿਲਗੋਭਾ ਹੈ। ਇਨ੍ਹਾਂ ਵੱਖ-ਵੱਖ ਸਭਿਆਚਾਰਾਂ ਅਤੇ ਧਰਮਾਂ ਨਾਲ ਸੰਬੰਧਿਤ ਕਈ ਲਹਿਰਾਂ ਇਸ ਧਰਤੀ ਤੇ ਪ੍ਰਚੱਲਿਤ ਰਹੀਆਂ ਪਰ ਸਮੇਂ ਦੇ ਬਦਲਦੇ ਫੇਰ ਨਾਲ ਇਨ੍ਹਾਂ ਲਹਿਰਾਂ ਦੇ ਉਦੇਸ਼ ਵੀ ਬਦਲਦੇ ਰਹੇ। ਧਰਮ ਨਾਲ ਜੁੜੀਆਂ ਲਹਿਰਾਂ ਦਾ ਮੁਢਲਾ ਪ੍ਰਕਾਰਜ ਭਾਵੇਂ ਧਾਰਮਕ ਆਸ਼ੇ ਵਾਲਾ ਹੀ ਸੀ ਪਰ ਬਦਲਦੀਆਂ ਜ਼ਰੂਰਤਾਂ ਮੁਤਾਬਕ ਉਦੇਸ਼ਾਂ ਵਿਚ ਵੀ ਤਬਦੀਲੀ ਆਈ। ਪੰਜਾਬ ਵਿਚ ਉਨ੍ਹੀਵੀਂ ਸਦੀ ਦੇ ਪਿਛਲੇਰੇ ਅੱਧ 'ਚ ਪ੍ਰਚੱਲਿਤ ਹੋਈਆਂ ਲਹਿਰਾਂ ਵਿਚੋਂ 'ਕੂਕਾ ਲਹਿਰ' ਅਤੇ 'ਸਿੰਘ ਸਭਾ ਲਹਿਰ' ਅਹਿਮ ਸਥਾਨ ਦੀਆਂ ਲਖਾਇਕ ਹਨ। ਇਨ੍ਹਾਂ ਲਹਿਰਾਂ ਦੇ ਆਗੂ ਮੂਲ ਰੂਪ ਵਿਚ ਸਿੱਖ ਧਰਮ ਦੇ ਪੈਰੋਕਾਰ ਹੀ ਸਨ। ਫ਼ਰਕ ਸਿਰਫ਼ ਏਸ ਗੱਲ ਦਾ ਹੈ ਕਿ 'ਕੂਕਾ ਲਹਿਰ' ਦੇ ਬਾਨੀ ਸਤਿਗੁਰੂ ਰਾਮ ਸਿੰਘ ਨੇ ਗੁਰਬਾਣੀ ਦੇ ਮੂਲ ਤੱਤਾਂ ਨੂੰ ਆਧਾਰ ਬਣਾ ਕੇ ਸਿਧਾਂਤ ਰੂਪ ਵਿਚ ਕੂਕਿਆਂ ਲਈ ਇਕ ਵਿਸ਼ੇਸ਼ ਪ੍ਰਕਾਰ ਦੀ ਜੀਵਨ-ਜਾਚ ਤੇ ਰਹਿਤ ਮਰਿਆਦਾ ਦੀ ਸਿਰਜਣਾ ਕੀਤੀ। ਅੱਗੋਂ ਚੱਲ ਕੇ ਇਸ ਲਹਿਰ ਨੇ ਇਕ ਵਖਰੇ ਮੱਤ ਦਾ ਰੂਪ ਧਾਰਨ ਕਰ ਲਿਆ ਅਤੇ ਇਹ ਹੁਣ ਤੱਕ ਸਤਿਗੁਰੂ ਜਗਜੀਤ ਸਿੰਘ ਦੀ ਅਗਵਾਈ ਹੇਠ ਚੱਲ ਰਹੀ ਹੈ। ਕੂਕਾ ਲਹਿਰ ਦੇ ਸੰਦਰਭ ਵਿਚ ਢੇਰ ਸਾਰਾ ਸਾਹਿਤ ਰਚਿਆ

ਗਿਆ, ਜਿਸ ਵਿਚ ਕਵਿਤਾ ਦੇ ਨਾਲ-ਨਾਲ ਵਾਰਤਕ ਰਚਨਾਵਾਂ ਵੀ ਉਪਲਬਧ ਹਨ। ਸਾਡਾ ਉਦੇਸ਼ ਇਨ੍ਹਾਂ ਵਾਰਤਕ ਰਚਨਾਵਾਂ ਦਾ ਅਧਿਐਨ ਵਿਸ਼ਲੇਸ਼ਣ ਕਰਨਾ ਹੈ।

ਵਾਰਤਕ ਸਾਹਿਤ ਦਾ ਹਰੇਕ ਸਾਹਿਤਕ ਪਰੰਪਰਾ ਵਿਚ ਜਨਮ ਕਵਿਤਾ ਤੋਂ ਬਾਅਦ ਵਿਚ ਹੁੰਦਾ ਹੈ। ਖੈਰ, ਇਹ ਇਕ ਵੱਖਰਾ ਮਸਲਾ ਹੈ। ਨਾਮਧਾਰੀ ਵਾਰਤਕ ਸਾਹਿਤ ਵਿਚ ਕੁਝ ਪ੍ਰਮੁੱਖ ਲੇਖਕਾਂ ਜਿਵੇਂ - ਸੰਤ ਇੰਦਰ ਸਿੰਘ ਚੱਕਰਵਰਤੀ, ਸੰਤ ਨਿਧਾਨ ਸਿੰਘ ਆਲਮ, ਸੰਤ ਤਰਨ ਸਿੰਘ ਵਹਿਮੀ ਅਤੇ ਸਰਦਾਰ ਨਾਹਰ ਸਿੰਘ ਦਾ ਯੋਗਦਾਨ ਬਹੁਤ ਮਹੱਤਵਪੂਰਨ ਹੈ। ਨਾਮਧਾਰੀ ਵਾਰਤਕ ਸਾਹਿਤ ਵਿਚ ਇਹ ਲੇਖਕ ਆਪਣਾ ਅਹਿਮ ਸਥਾਨ ਰੱਖਦੇ ਹਨ। ਇਨ੍ਹਾਂ ਲੇਖਕਾਂ ਨੇ ਨਾਮਧਾਰੀ ਇਤਿਹਾਸ ਅਤੇ ਸਮਕਾਲੀ ਹਾਲਤਾਂ ਨੂੰ ਪ੍ਰਮੁੱਖ ਤੌਰ ਤੇ ਚਰਚਾ ਦਾ ਵਿਸ਼ਾ ਬਣਾਇਆ ਹੈ ਅਤੇ ਜ਼ਿਆਦਾਤਰ ਨੇ ਸਤਿਗੁਰੂ ਰਾਮ ਸਿੰਘ ਨੂੰ ਸਿੱਖ ਧਰਮ ਦੇ ਬਾਰਵੇਂ ਗੁਰੂ ਸਿੱਧ ਕਰਨ ਦਾ ਯਤਨ ਕੀਤਾ ਹੈ।

ਉਪਰੋਕਤ ਅੰਕਿਤ ਕੀਤੇ ਗਏ ਲੇਖਕ ਪ੍ਰੋ.ਕਿਰਪਾਲ ਸਿੰਘ ਕਸੇਲ ਅਨੁਸਾਰ 1906 ਈ. ਤੋਂ ਲੈ ਕੇ 1959 ਈ. ਤੱਕ ਦੇ ਹਨ। ਅਸੀਂ ਇਹਨਾਂ ਲੇਖਕਾਂ ਦੀਆਂ ਇਸ ਕਾਲ ਦੌਰਾਨ ਰਚੀਆਂ ਗਈਆਂ ਰਚਨਾਵਾਂ ਨੂੰ ਹੀ ਮੁਢਲੀ ਖੋਜ ਸਮੱਗਰੀ ਦੇ ਤੌਰ ਤੇ ਵਰਤਿਆ ਹੈ। ਇਸ ਖੋਜ ਸਮੱਗਰੀ ਵਿਚ ਇਤਿਹਾਸ, ਸਾਖੀ ਸਾਹਿਤ, ਜੀਵਨੀ ਅਤੇ ਸੰਸਮਰਣ ਦੀ ਵਿਸ਼ੇਸ਼ ਤੌਰ ਤੇ ਵਿਆਖਿਆ ਕੀਤੀ ਗਈ ਹੈ।

ਇਸ ਖੋਜ ਕਾਰਜ ਨੂੰ ਅਸੀਂ ਪੰਜ ਅਧਿਆਇਆਂ ਦੇ ਤਹਿਤ ਵੰਡਿਆ ਹੈ, ਜਿਨ੍ਹਾਂ ਨੂੰ ਅੱਗੋਂ ਅਧਿਐਨ ਦੀ ਸੌਖ ਲਈ ਉਪ ਸਿਰਲੇਖਾਂ ਅਨੁਸਾਰ ਵਿਚਾਰਿਆ ਗਿਆ ਹੈ। ਸਾਡੇ ਖੋਜ ਕਾਰਜ ਦਾ ਪਹਿਲਾ ਅਧਿਆਇ ਨਾਮਧਾਰੀ ਲਹਿਰ: ਇਤਿਹਾਸਕ ਤੇ ਸਿਧਾਂਤਕ ਪਿਛੋਕੜ ਹੈ। ਇਸ ਵਿਚ ਨਾਮਧਾਰੀ ਲਹਿਰ ਦੇ ਇਤਿਹਾਸ ਅਤੇ ਮੂਲ ਸਿਧਾਂਤਾਂ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਕੀਤਾ ਗਿਆ ਹੈ।

ਅਧਿਆਇ ਦੂਜਾ ਵਿਚ ਸਮੁੱਚੇ ਨਾਮਧਾਰੀ ਵਾਰਤਕ ਸਾਹਿਤ ਨੂੰ ਤਿੰਨ ਕਾਲ-ਖੰਡਾਂ ਤਹਿਤ ਪਹਿਲਾ 1857 ਈ. ਤੋਂ 1906 ਈ. ਤੱਕ, ਦੂਸਰਾ 1906 ਤੋਂ 1959 ਈ. ਤੱਕ ਅਤੇ ਤੀਸਰਾ 1959 ਤੋਂ ਵਰਤਮਾਨ ਤੱਕ, ਜੋ ਨਿਮਨ ਲਿਖਤ ਹਨ; ਵੰਡ ਕੇ ਵਿਚਾਰਿਆ ਗਿਆ ਹੈ। ਸਾਡੇ ਖੋਜ-ਕਾਰਜ ਨਾਲ ਸੰਬੰਧਤ ਕਾਲ-ਖੰਡ (ਭਾਵ ਦੂਸਰੇ ਭਾਗ) ਬਾਰੇ ਨਿੱਠ ਕੇ ਚਰਚਾ ਕੀਤੀ ਗਈ ਹੈ, ਜਿਸਦੇ ਤਹਿਤ ਇਸ ਕਾਲ ਦੇ ਪ੍ਰਮੁੱਖ ਵਾਰਤਕਕਾਰਾਂ ਦੀਆਂ ਰਚਨਾਵਾਂ ਬਾਰੇ ਉਲੇਖ ਕੀਤਾ ਗਿਆ ਹੈ।

ਅਧਿਆਇ ਤੀਸਰਾ ਆਪਣੇ ਆਪ ਵਿਚ ਅਹਿਮ ਭਾਗ ਹੈ। ਇਸ ਵਿਚ ਨਾਮਧਾਰੀ ਵਾਰਤਕ ਦੇ ਮੂਲ ਸਰੋਕਾਰਾਂ, ਨਾਮਧਾਰੀ ਇਤਿਹਾਸ ਬਾਰੇ ਜਾਣਕਾਰੀ, ਨਾਮਧਾਰੀ ਸੰਪਰਦਾਇ ਦੇ ਉਥਾਨ ਤੇ ਵਿਕਾਸ, ਸਾਮਰਾਜ ਪ੍ਰਤੀ ਰਵੱਈਆ ਅਤੇ ਸਮਾਜਕ ਸਭਿਆਚਾਰਕ ਪਹਿਲੂਆਂ ਦਾ ਵਿਵੇਚਨ ਕੀਤਾ ਗਿਆ ਹੈ।

ਅਧਿਆਇ ਚੌਥਾ ਵਿਚ ਨਾਮਧਾਰੀ ਵਾਰਤਕ ਦੇ ਪ੍ਰਮੁੱਖ ਰੂਪਾਕਾਰਾਂ ਦੀ ਨਿਸ਼ਾਨਦੇਹੀ ਕਰਦਿਆਂ ਉਸ ਦੀਆਂ ਰੂਪਗਤ ਜੁਗਤਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਦੇ ਤਹਿਤ ਨਿਬੰਧ, ਸਾਖੀ, ਜੀਵਨੀ, ਸੰਸਮਰਣ ਅਤੇ ਸ਼ਾਸਤ੍ਰਾਰਥ ਆਦਿ ਦੀਆਂ ਰੂਪਾਕਾਰਕ ਵਿਧੀਆਂ ਦਾ ਮੁਲਾਂਕਣ ਕੀਤਾ ਗਿਆ ਹੈ।

ਹਰ ਰਚਨਾ ਇਕ ਵਿਸ਼ੇਸ਼ ਸ਼ੈਲੀ ਵਿਚ ਲਿਖੀ ਜਾਂਦੀ ਹੈ। ਸ਼ੈਲੀ ਲੇਖਕ ਦੇ ਆਪੇ ਦਾ ਪ੍ਰਗਟਾ ਹੁੰਦਾ ਹੈ। ਅਧਿਆਇ ਪੰਜਵਾਂ ਵਿਚ ਨਾਮਧਾਰੀ ਵਾਰਤਕ ਦੇ ਪ੍ਰਮੁੱਖ ਰੂਪਾਕਾਰਾਂ ਦੀ ਰਚਨਾ ਸ਼ੈਲੀ ਦਾ ਅਧਿਐਨ ਕੀਤਾ ਗਿਆ ਹੈ, ਜਿਸ ਅਧੀਨ ਸੰਬੰਧਿਤ ਰਚਨਾਵਾਂ ਵਿਚ ਵਰਤੀ ਗਈ ਸ਼ੈਲੀ ਆਦਿ ਬਾਰੇ ਚਰਚਾ ਕੀਤੀ ਗਈ ਹੈ।

ਉਪਰੋਕਤ ਤੋਂ ਛੁੱਟ ਇਸ ਸਮੁੱਚੇ ਕਾਰਜ ਦੌਰਾਨ ਜੋ ਵੀ ਤੱਥ ਦ੍ਰਿਸ਼ਟੀਗੋਚਰ ਹੋਏ ਹਨ ਜਾਂ ਉਘੜ ਕੇ ਸਾਹਮਣੇ ਆਏ ਹਨ, ਉਨ੍ਹਾਂ ਨੂੰ ਸਾਰ ਤੇ ਸਥਾਪਨਾਵਾਂ ਦੇ ਰੂਪ ਵਿਚ ਉਲੀਕਿਆ ਗਿਆ ਹੈ।

ਅਖੀਰ ਵਿਚ ਉਨ੍ਹਾਂ ਪੁਸਤਕਾਂ ਦੀ ਸੂਚੀ ਦਿੱਤੀ ਗਈ ਹੈ, ਜਿਨ੍ਹਾਂ ਨੂੰ ਖੋਜ ਕਾਰਜ ਦੌਰਾਨ ਕੱਚੀ ਸਮੱਗਰੀ ਦੇ ਰੂਪ ਵਿਚ ਵਰਤੋਂ ਵਿਚ ਲਿਆਂਦਾ ਹੈ।

ਮੈਂ ਤਹਿਦਿਲੋਂ ਸ਼ੁਕਰਗੁਜ਼ਾਰ ਅਤੇ ਧੰਨਵਾਦੀ ਹਾਂ-

- ਸਭ ਤੋਂ ਪਹਿਲਾਂ ਉਸ ਪਰਵਰਦਿਗਾਰ ਦੀ ਜਿਸਨੇ ਮੈਨੂੰ ਖੋਜ ਕਾਰਜ ਨੇਪਰੇ ਚਾੜ੍ਹਨ ਦੇ ਯੋਗ ਬਣਾਇਆ।
- ਆਪਣੇ ਰੱਬ ਵਰਗੇ ਮਾਤਾ-ਪਿਤਾ ਅਤੇ ਭਰਾ ਪੁਰਿੰਦਰ ਦਾ ਜਿਨ੍ਹਾਂ ਨੇ ਮੇਰੀ ਹਰ ਭਾਵਾਤਮਕ ਅਤੇ ਆਰਥਿਕ ਲੋੜ ਨੂੰ ਪੂਰਾ ਕੀਤਾ।
- ਉਨ੍ਹਾਂ ਸਾਰੇ ਵਿਦਵਾਨਾਂ ਅਤੇ ਆਲੋਚਕਾਂ ਦੀ ਜਿਨ੍ਹਾਂ ਦੀਆਂ ਪੁਸਤਕਾਂ ਮੇਰੇ ਖੋਜ-ਕਾਰਜ ਵਿਚ ਕਾਰਗਰ ਸਿੱਧ ਹੋਈਆਂ।
- ਆਪਣੇ ਨਿਗਰਾਨਾਂ ਡਾ. ਸੁਖਦੇਵ ਸਿੰਘ ਅਤੇ ਡਾ. ਗੁਰਪ੍ਰੀਤ ਕੌਰ ਦੀ ਜਿਨ੍ਹਾਂ ਨੇ ਇਸ ਖੋਜ-ਕਾਰਜ ਦੌਰਾਨ ਮੇਰੀ ਰਹਿਨੁਮਾਈ ਹੀ ਨਹੀਂ ਕੀਤੀ ਸਗੋਂ ਖੋਜ ਸਮੱਗਰੀ ਵੀ ਮੁਹੱਈਆ ਕਰਵਾਈ।
- ਪੰਜਾਬੀ ਵਿਭਾਗ ਦੇ ਚੇਅਰਮੈਨ ਡਾ. ਨਾਹਰ ਸਿੰਘ ਅਤੇ ਸਮੂਹ ਅਧਿਆਪਕਾਂ ਦਾ ਜਿਨ੍ਹਾਂ ਨੇ ਹਰ ਲੁੜੀਂਦਾ ਸਹਿਯੋਗ ਦਿੱਤਾ।
- ਸ. ਹਰਪਾਲ ਸਿੰਘ ਅਤੇ ਕਹਾਣੀਕਾਰ ਸੁਖਜੀਤ ਸਿੰਘ ਮਾਛੀਵਾੜਾ ਦਾ, ਜਿਨ੍ਹਾਂ ਨੇ ਖੋਜ-ਕਾਰਜ ਦੌਰਾਨ ਨਾਮਧਾਰੀ ਲੇਖਕਾਂ ਦੁਆਰਾ ਰਚਿਤ ਸਾਹਿਤ ਉਪਲਬਧ ਕਰਵਾਇਆ।
- ਪ੍ਰਿੰਸੀਪਲ ਸ੍ਰ. ਦਵਿੰਦਰ ਸਿੰਘ ਬੇਦੀ ਅਤੇ ਆਪਣੇ ਦੋਸਤਾਂ ਰਾਜੀਵ, ਅਰਚਨਾ, ਸਰਬਜੀਤ ਤੇ ਹਰਦੇਵ ਦਾ ਜਿਨ੍ਹਾਂ ਨੇ ਖੋਜ ਕਾਰਜ ਪੂਰਾ ਕਰਨ ਵਿਚ ਮੈਨੂੰ ਆਪਣਾ ਪੂਰਾ ਸਹਿਯੋਗ ਦਿੱਤਾ।

(ਪਰਮਜੀਤ ਕੌਰ) 21/4/08

## ਅਧਿਆਇ ਪਹਿਲਾ

# ਨਾਮਧਾਰੀ ਲਹਿਰ : ਇਤਿਹਾਸਕ ਤੇ ਸਿਧਾਂਤਕ ਪਿਛੋਕੜ

### (ੳ) ਇਤਿਹਾਸ ਤੇ ਇਤਿਹਾਸ ਪ੍ਰਤੀ ਚੇਤਨਾ

**ਇਤਿਹਾਸ:**

> 29 ਮਾਰਚ 1849 ਈ. ਨੂੰ ਲਾਰਡ ਡਲਹੌਜ਼ੀ ਦੀ ਸਰਕਾਰ ਨੇ ਪੰਜਾਬ ਨੂੰ ਭਾਰਤੀ ਬ੍ਰਿਟਿਸ਼ ਸਾਮਰਾਜ ਵਿਚ ਸ਼ਾਮਲ ਕਰਨ ਦਾ ਐਲਾਨ ਕਰ ਦਿੱਤਾ। ਇਹ ਡਲਹੌਜ਼ੀ ਦਾ ਆਪਹੁਦਰਾ ਤੇ ਅਨਿਆਂਪੂਰਣ ਕਾਰਜ ਸੀ। ਸਮਕਾਲੀ ਅੰਗਰੇਜ਼ ਲੇਖਕ ਟ੍ਰਾਟਰ ਨੇ ਇਸਨੂੰ "ਸਿਧਾਂਤਹੀਣ ਤੇ ਨਾਵਾਜਬ" ਕਹਿ ਕੇ ਨਿੰਦਿਆ।[1]

ਮੇਜਰ ਇਵਾਨਾ ਬੇਲ, ਜਿਸਨੇ ਇਸ ਵਿਸ਼ੇ ਨੂੰ ਨਿਰਪੱਖ ਢੰਗ ਨਾਲ ਪੜਤਾਲਿਆ ਹੈ। ਲਿਖਦਾ ਹੈ:

> ਇਹ ਅਸਲ ਵਿਚ ਕੋਈ ਜਿੱਤ ਨਹੀਂ ਸੀ ਸਗੋਂ ਜ਼ਬਰਦਸਤ ਵਿਸ਼ਵਾਸਘਾਤ ਸੀ।[2]

ਦਸੰਬਰ 1846 ਈ. ਵਿਚ ਲਾਹੌਰ ਦਰਬਾਰ ਨਾਲ ਕੀਤੀ ਰਾਏ ਭੈਰੋਵਾਲ ਦੀ ਸੰਧੀ ਅਨੁਸਾਰ ਅੰਗਰੇਜ਼ਾਂ ਨੇ ਪੰਜਾਬ ਦੀ ਰੱਖਿਆ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਸੀ। ਮਹਾਰਾਜਾ ਦਲੀਪ ਸਿੰਘ ਨੇ ਨਾਬਾਲਗ ਕਾਲ ਦੌਰਾਨ ਰਾਜ ਪ੍ਰਬੰਧ ਦਾ ਕੰਮ ਕਾਜ ਚਲਾਉਣ ਲਈ ਅੱਠ ਸਰਦਾਰਾਂ ਦੀ ਕੌਂਸਲ ਆਫ ਰੀਜੈਂਸੀ ਨਿਯੁਕਤ ਕੀਤੀ ਸੀ। ਪਰ ਵਾਸਤਵ ਵਿਚ ਸ਼ਾਸਨ ਦੀ ਸਰਵਉੱਚ ਸ਼ਕਤੀ ਬ੍ਰਿਟਿਸ਼ ਰੈਜ਼ੀਡੈਂਟ ਨੂੰ ਸੌਂਪ ਦਿੱਤੀ ਗਈ ਸੀ। ਇਹ ਵੀ ਸਾਫ਼ ਸਾਫ਼ ਕਹਿ ਦਿੱਤਾ ਸੀ ਕਿ ਇਹ ਸੰਧੀ ਮਹਾਰਾਜਾ ਦਲੀਪ ਸਿੰਘ ਦੇ ਬਾਲਗ ਹੋਣ ਤੱਕ ਅਰਥਾਤ ਸਤੰਬਰ 1854 ਈ. ਤੱਕ ਲਾਗੂ ਰਹੇਗੀ ਤੇ ਉਸ ਪਿਛੋਂ ਰਾਜ ਦੀ ਸਾਰੀ ਸ਼ਕਤੀ ਮਹਾਰਾਜਾ ਨੂੰ ਸੌਂਪ ਦਿੱਤੀ ਜਾਵੇਗੀ।[3]

ਡਲਹੌਜੀ ਨੇ ਜਦੋਂ ਹੀ ਪੰਜਾਬ ਉਤੇ ਕਬਜ਼ਾ ਕੀਤਾ ਤਾਂ ਉਸ ਨੇ ਇਸ ਸੰਧੀ ਦੀਆਂ ਸ਼ਰਤਾਂ ਨੂੰ ਭੰਗ ਕਰ ਦਿੱਤਾ।

> ਸੰਨ 1848 ਵਿਚ ਮੁਲਤਾਨ ਹਜ਼ਾਰਾ ਤੇ ਹੋਰ ਥਾਵਾਂ ਉਤੇ ਸਿੱਖ ਸੈਨਾ ਨੇ ਵਿਦਰੋਹ ਕਰ ਦਿੱਤਾ ਸੀ ਤਾਂ ਬ੍ਰਿਟਿਸ਼ ਰੈਂਜੀਡੈਂਟ ਦਾ ਇਹ ਕਰਤੱਵ ਸੀ ਕਿ ਉਹ ਇਸ ਵਿਦਰੋਹ ਨੂੰ ਤੁਰੰਤ ਹੀ ਦਬਾ ਦਿੰਦਾ ਤੇ ਅਪਰਾਧੀਆਂ ਨੂੰ ਸਜ਼ਾ ਦਿੰਦਾ। ਪਰੰਤੂ ਉਸਨੇ ਗਵਰਨਰ ਜਰਨਲ ਲਾਰਡ ਡਲਹੌਜ਼ੀ ਦੀ ਸਲਾਹ ਨਾਲ ਕੁਝ ਸਮੇਂ ਲਈ ਵਿਦਰੋਹ ਨੂੰ ਜਾਣ ਬੁੱਝ ਕੇ ਨਾ ਦਬਾਇਆ ਕਿਉਂਕਿ ਉਨ੍ਹਾਂ ਦੀ ਇਹ ਸਿੱਧੀ ਯੋਜਨਾ ਸੀ ਕਿ ਕਿਸੇ ਬਹਾਨੇ ਨਾਲ ਸਿੱਖਾਂ ਉੱਤੇ ਇਲਜਾਮ ਲਗਾ ਕੇ ਲਾਹੌਰ ਰਾਜ ਨੂੰ ਹੜੱਪ ਲਿਆ ਜਾਵੇ।[4]

ਭਾਰਤ ਦੇ ਦੂਜੇ ਰਾਜਾਂ ਵਾਂਗ ਪੰਜਾਬ ਵਿਚ ਅੰਗਰੇਜ਼ੀ ਸਾਮਰਾਜਵਾਦੀ ਹਿੱਤਾਂ ਦੀ ਪਾਲਣਾ ਕਰਨ ਲਈ ਤਿੰਨ ਏਜੰਸੀਆਂ ਦੀ ਵਰਤੋਂ ਕੀਤੀ - ਸਿਵਲ ਸਰਵਿਸ ਜਾਂ ਨੌਕਰਸ਼ਾਹੀ, ਪੁਲਿਸ ਤੇ ਸੈਨਾ। ਪੰਜਾਬ ਨੂੰ ਕਈ ਡਿਵੀਜ਼ਨਾਂ ਵਿਚ ਵੰਡ ਦਿੱਤਾ ਗਿਆ। ਹਰੇਕ ਡਿਵੀਜ਼ਨ ਦਾ ਨਾਮੀ ਕਮਿਸ਼ਨਰ ਨਿਯੁਕਤ ਕਰ ਦਿੱਤਾ ਗਿਆ। ਡਿਵੀਜ਼ਨ ਨੂੰ ਅੱਗੋਂ ਜਿਲ੍ਹਿਆਂ ਵਿਚ ਵੰਡ ਦਿੱਤਾ ਗਿਆ। ਜਿਲ੍ਹੇ ਦਾ ਪ੍ਰਬੰਧ ਡਿਪਟੀ ਕਮਿਸ਼ਨਰ ਸੰਭਾਲਦਾ ਸੀ। ਸਾਰੇ ਅਫਸਰਾਂ ਨੂੰ ਮਿਹਨਤ ਤੇ ਕੁਸ਼ਲਤਾ ਪੂਰਵਕ ਕੰਮ ਕਰਨ ਲਈ ਕਿਹਾ ਗਿਆ। ਇਸ ਤਰ੍ਹਾਂ ਹੋਰ ਵੀ ਅੰਗਰੇਜ਼ ਅਧਿਕਾਰੀਆਂ ਦੁਆਰਾ ਕਈ ਕਾਨੂੰਨਾਂ ਦਾ ਨਿਰਮਾਣ ਕੀਤਾ ਗਿਆ। ਲਗਾਨ ਵਿਵਸਥਾ ਦਾ ਪ੍ਰਬੰਧ ਕੀਤਾ ਗਿਆ। ਅਜਿਹੀਆਂ ਵਿਵਸਥਾਵਾਂ ਨਾਲ ਲੋਕਾਂ ਦੀ ਆਰਥਕ ਹਾਲਤ ਦਿਨ ਪ੍ਰਤੀ ਦਿਨ ਕਮਜ਼ੋਰ ਹੁੰਦੀ ਗਈ।

ਪੰਜਾਬ ਵਿਚ ਬ੍ਰਿਟਿਸ਼ ਰਾਜ ਦੇ ਸਥਾਪਤ ਹੋ ਜਾਣ ਤੋਂ ਬਾਅਦ ਈਸਾਈ ਧਰਮ ਦਾ ਪ੍ਰਚਾਰ ਜ਼ੋਰ-ਸ਼ੋਰ ਨਾਲ ਹੋਣਾ ਆਰੰਭ ਹੋ ਗਿਆ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ 1834 ਈ. ਵਿਚ ਲੁਧਿਆਣਾ ਵਿਖੇ ਈਸਾਈ ਮਿਸ਼ਨ ਦੀ ਸਥਾਪਨਾ ਹੋ ਚੁੱਕੀ ਸੀ। ਪ੍ਰੰਤੂ ਉਸ ਸਮੇਂ ਉਸਨੂੰ ਵਧੇਰੇ

ਸਫ਼ਲਤਾ ਪ੍ਰਾਪਤ ਨਾ ਹੋਈ। 1849 ਈ. ਵਿਚ ਅੰਗਰੇਜ਼ਾਂ ਦਾ ਸ਼ਾਸਨ ਸਥਾਪਤ ਹੋ ਜਾਣ ਪਿਛੋਂ ਈਸਾਈ ਮਿਸ਼ਨਰੀਆਂ ਨੂੰ ਸਰਕਾਰ ਦਾ ਸਮਰਥਨ, ਸਰਪ੍ਰਸਤੀ ਤੇ ਸਹਾਇਤਾ ਪ੍ਰਾਪਤ ਹੋਈ। "ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿਚ ਸ਼ਾਮਲ ਕਰਨ ਵਾਲਾ ਗਵਰਨਰ-ਜਰਨਲ ਲਾਰਡ ਡਲਹੌਜੀ ਆਪ ਪੱਕਾ ਈਸਾਈ ਸੀ। ਜਿਸਨੇ ਭਾਰਤੀਆਂ ਦੇ ਵਿਰੋਧ ਦੇ ਬਾਵਜੂਦ 1850 ਵਿਚ ਇਕ ਐਕਟ ਪਾਸ ਕਰ ਦਿੱਤਾ। ਇਸ ਅਨੁਸਾਰ ਆਪਣਾ ਧਰਮ ਛੱਡਣ ਉਪਰੰਤ ਵੀ ਹਰੇਕ ਵਿਅਕਤੀ ਪਿਤਾ-ਪੁਰਖੀ ਜਾਇਦਾਦ ਦਾ ਹੱਕਦਾਰ ਸੀ।"[5]

ਇਹ ਸਦੀਆਂ ਤੋਂ ਪ੍ਰਚਲਿਤ ਹਿੰਦੂ ਕਾਨੂੰਨ ਦੀ ਸਰਾਸਰ ਉਲੰਘਣਾ ਸੀ ਅਤੇ ਇਸ ਨੇ ਬੰਗਾਲ, ਮਦਰਾਸ ਤੇ ਦੂਜੇ ਪ੍ਰਾਂਤਾਂ ਦੇ ਹਿੰਦੂਆਂ ਦੇ ਸੀਨੇ ਵਿਚ ਅੱਗ ਲਾ ਦਿੱਤੀ। ਅੰਗਰੇਜ਼ ਅਧਿਕਾਰੀਆਂ ਦੇ ਸਰਕਾਰੀ ਤੇ ਗੈਰ ਸਰਕਾਰੀ ਸਮਰਥਕ ਦੇ ਸਿੱਟੇ ਵਜੋਂ ਛੇਤੀ ਹੀ ਲੁਧਿਆਣਾ, ਲਾਹੌਰ, ਅੰਮ੍ਰਿਤਸਰ, ਸਿਆਲਕੋਟ ਤੇ ਹੋਰ ਨਗਰਾਂ ਵਿਚ ਈਸਾਈ ਮਿਸ਼ਨ ਤੇ ਉਨ੍ਹਾਂ ਦੇ ਸਕੂਲ ਸਥਾਪਤ ਹੋ ਗਏ। ਅੰਗਰੇਜ਼ਾਂ ਨੇ ਪੰਜਾਬ ਦੇ ਹਿੰਦੂ ਤੇ ਸਿੱਖਾਂ ਨੂੰ ਈਸਾਈ ਬਣਾਉਣਾ ਸ਼ੁਰੂ ਕਰ ਦਿੱਤਾ। 1853 ਈ. ਵਿਚ ਆਪਣੇ ਸੂਪ੍ਰਸਤ ਲੋਗਿਨ ਦੇ ਪ੍ਰਭਾਵ ਹੇਠਾਂ ਮਹਾਰਾਜਾ ਦਲੀਪ ਸਿੰਘ ਨੇ ਵੀ ਈਸਾਈ ਧਰਮ ਅਪਣਾ ਲਿਆ ਸੀ। ਈਸਾਈ ਧਰਮ ਦੇ ਪ੍ਰਚਾਰਕ ਅੰਗਰੇਜ਼ੀ ਸਕੂਲਾਂ ਅਤੇ ਕਾਲਜਾਂ ਦੀ ਵੀ ਧਰਮ ਪ੍ਰਚਾਰ ਕਰਨ ਲਈ ਵਰਤੋਂ ਕਰਨ ਲੱਗ ਪਏ ਸਨ।

ਇਸ ਦੇ ਨਾਲ ਹੀ ਇਹ ਪ੍ਰਸ਼ਨ ਵੀ ਖੜਾ ਹੁੰਦਾ ਹੈ ਕਿ ਈਸਾਈ ਮਿਸ਼ਨਰੀਆਂ ਨੇ ਭਾਰਤ ਵਿਚ ਕਦੋਂ ਪ੍ਰਵੇਸ਼ ਕੀਤਾ ਅਤੇ ਉਹ ਪੰਜਾਬ ਵਿਚ ਕਦੋਂ ਆਏ? ਪੰਜਾਬੀ ਵਿਦਵਾਨਾਂ ਨੇ ਇਸ ਸੰਬੰਧ ਵਿਚ ਲੰਮੀ ਚੁੱਪ ਵੱਟੀ ਰੱਖੀ ਹੈ। ਇਹੋ ਕਾਰਨ ਹੈ ਕਿ ਪੰਜਾਬੀ ਸਾਹਿਤ ਦੇ ਹੁਣ ਤੱਕ ਲਿਖੇ ਜਾ ਚੁੱਕੇ ਇਤਿਹਾਸ ਵਿਚ ਉਨ੍ਹਾਂ ਦੀ ਦੇਣ ਨੂੰ ਗੌਲਿਆ ਨਹੀਂ ਗਿਆ। ਡਾ. ਮੋਹਣ ਸਿੰਘ ਦੀਵਾਨਾ, ਡਾ. ਗੋਪਾਲ ਸਿੰਘ ਦਰਦੀ, ਡਾ. ਸੁਰਿੰਦਰ ਸਿੰਘ ਕੋਹਲੀ, ਹੀਰਾ ਸਿੰਘ ਦਰਦ, ਕ੍ਰਿਪਾਲ ਸਿੰਘ ਕਸੇਲ ਆਦਿਕ ਸਾਹਿਤ ਇਤਿਹਾਸਕਾਰਾਂ ਨੇ ਈਸਾਈ ਮਿਸ਼ਨਰੀਆਂ ਪ੍ਰਤੀ ਬਹੁਤ ਘੱਟ ਚਾਨਣਾ ਪਾਇਆ ਹੈ।

ਮਿਸ਼ਨ ਦੇ ਇਕ ਇਤਿਹਾਸਕਾਰ ਰੈਵਰੈਂਡ ਅਰਨੈਸਟ ਵਾਈ ਕੈਂਬਲ (Ernest Y. Campbell) ਨੇ ਮਿਸਟਰ ਲੌਰੀ ਨੂੰ ਪੰਜਾਬ ਵਿਚ ਆਉਣ ਵਾਲਾ ਪਹਿਲਾ ਮਿਸ਼ਨਰੀ ਸਿੱਧ ਕੀਤਾ।[6]

ਈ. ਮੋਰਿਸ ਵੈਰੀ (E. Morris Wherry) ਨੇ ਵੀ ਆਪਣੀ ਪੁਸਤਕ 'ਅਵਰ ਮਿਸ਼ਨਜ ਇਨ ਇੰਡੀਆ' ਵਿਚ ਉਕਤ ਮੱਤ ਦੀ ਪ੍ਰੋੜਤਾ ਕੀਤੀ ਹੈ।[7]

ਜੂਲੀਅਸ ਰਿਚਰ (Julius Richer) ਨੇ ਆਪਣੀ ਪੁਸਤਕ 'ਏ ਹਿਸਟਰੀ ਆਫ ਮਿਸ਼ਨਜ ਇਨ ਇੰਡੀਆ' ਵਿਚ ਇਸੇ ਗੱਲ ਨੂੰ ਦੁਹਰਾਇਆ ਹੈ। [8]

ਲੁਧਿਅਣਾ ਮਿਸ਼ਨ ਦੀਆਂ ਵਾਰਸ਼ਿਕ ਰਿਪੋਰਟਾਂ ਦੇ ਸੰਪਾਦਕਾਂ ਨੇ ਵੀ ਇਸੇ ਗੱਲ ਦੀ ਹਾਮੀ ਭਰੀ ਹੈ। [9]

ਮਿਸਟਰ ਲੌਰੀ ਦੇ ਲੁਧਿਆਣਾ ਪਹੁੰਚਣ ਦੀ ਤਿੱਥੀ ਬਾਰੇ ਜਾਣਕਾਰੀ ਇਕ ਲੰਮਾ ਕਾਰਜ ਹੈ ਕਿ ਉਸ ਤੋਂ ਪਹਿਲਾਂ ਪੰਜਾਬ ਵਿਚ ਈਸਾਈ ਮਿਸ਼ਨ ਦਾ ਪ੍ਰਚਾਰ ਹੋ ਰਿਹਾ ਸੀ ਜਾਂ ਨਹੀਂ। ਇਹ ਖੋਜ ਪ੍ਰਬੰਧ ਇਸ ਬਹਿਸ ਤੋਂ ਬਚਣਾ ਚਾਹੁੰਦਾ ਹੈ। ਐਡਰਸਨ ਦੇ ਅਨੁਸਾਰ:

> ਪੰਜਾਬ ਵਿਚ ਪਹਿਲੋਂ ਪਹਿਲ ਈਸਾਈ ਮਿਸ਼ਨ ਦੀ ਬਕਾਇਦਾ ਸਥਾਪਨਾ 1837 ਈ. ਵਿਚ ਲੁਧਿਆਣੇ ਵਿਚ ਹੋਈ। [10]

ਭਾਵੇਂ ਈਸਾਈ ਪਰਚਾਰਕਾਂ ਦੀਆਂ ਪੰਜਾਬ ਫੇਰੀਆਂ ਨੂੰ ਮਿਸ਼ਨ ਦੇ ਇਤਿਹਾਸਕਾਰ, ਗੁਰੂ ਨਾਨਕ ਦੇ ਸਮੇਂ ਤੱਕ ਲੈ ਜਾਂਦੇ ਹਨ[11] ਅਤੇ ਇਸ ਗੱਲ ਦਾ ਦਾਅਵਾ ਕਰਦੇ ਹਨ ਕਿ ਗੁਰੂ ਨਾਨਕ ਦੇਵ ਜੀ ਦੀ ਇਨ੍ਹਾਂ ਈਸਾਈ ਸੰਤਾਂ ਨਾਲ ਜ਼ਰੂਰ ਭੇਂਟ ਹੋਈ ਹੋਵੇਗੀ। [12]

ਪਰ ਇਹ ਗੱਲ ਨਿਸਚੇ ਨਾਲ ਕਹੀ ਜਾ ਸਕਦੀ ਹੈ ਕਿ ਪੰਜਾਬ ਵਿਚ ਇਨ੍ਹਾਂ ਮਿਸ਼ਨਰੀਆਂ ਦੀਆਂ ਸਰਗਰਮੀਆਂ 19ਵੀਂ ਸਦੀ ਵਿਚ ਹੀ ਸ਼ੁਰੂ ਹੋਈਆਂ।

ਉਂਝ ਪਾਦਰੀਆਂ ਨੂੰ ਅਕਬਰ ਦੇ ਰਾਜ ਸਮੇਂ ਹੀ ਆਗਰੇ ਪਾਦਰੀ ਰੇਡਲਫ ਦੇ ਜਤਨਾਂ ਨਾਲ ਇਕ ਗਿਰਜਾ ਤੇ ਕਾਲਜ ਆਦਿ ਖੋਲਣ ਤੇ ਹੋਰ ਧਰਮਾਂ ਵਿਚੋਂ ਪਰਚਾਰ ਦੁਆਰਾ ਲੋਕਾਂ ਨੂੰ ਈਸਾਈ ਬਣਾਉਣ ਦੀ ਆਗਿਆ ਪ੍ਰਾਪਤ ਹੋ ਗਈ ਸੀ।[13]

ਈਸਟ ਇੰਡੀਆ ਕੰਪਨੀ ਦੇ ਅਧਿਕਾਰੀ ਤੇ ਅੰਗਰੇਜ਼ੀ ਸਰਕਾਰ ਆਪਣੇ ਵਿਉਪਾਰਕ ਹਿੱਤਾਂ ਦੇ ਸਨਮੁੱਖ ਡੇਢ ਸੌ ਸਾਲ ਤੱਕ ਭਾਰਤ ਵਿਚ ਈਸਾਈ ਪਾਦਰੀਆਂ ਦੀਆਂ ਪ੍ਰਚਾਰ ਸਰਗਰਮੀਆਂ ਨੂੰ ਘ੍ਰਿਣਾ ਦੀ ਨਜ਼ਰ ਨਾਲ ਦੇਖਦੇ ਰਹੇ।[14]

ਈਸਾਈਆਂ ਦੀਆਂ ਸਰਗਰਮੀਆਂ ਤੇ ਪ੍ਰਾਪਤ ਹੋ ਰਹੀਆਂ ਸਫ਼ਲਤਾਵਾਂ ਕਾਰਨ ਪੰਜਾਬ ਦੇ ਸਿੱਖ, ਹਿੰਦੂ ਤੇ ਇਸਲਾਮ ਦੇ ਸ਼ੁਭ ਚਿੰਤਕ ਘਬਰਾ ਗਏ ਤੇ ਆਪਣੇ ਆਪਣੇ ਧਰਮ ਦੀ ਰੱਖਿਆ ਸੰਬੰਧੀ ਉਪਰਾਲੇ ਕਰਨ ਬਾਰੇ ਸੋਚਣ ਲੱਗੇ।

ਉਪਰੋਕਤ ਕਾਰਨਾਂ ਕਰਕੇ ਪੰਜਾਬ ਦੀ ਵਧੇਰੇ ਜਨ ਸੰਖਿਆ ਅੰਗਰੇਜ਼ਾਂ ਦੇ ਰਾਜ ਪ੍ਰਬੰਧ ਤੋਂ ਸੰਤੁਸ਼ਟ ਨਹੀਂ ਸੀ। 10 ਮਈ 1857 ਈ. ਜਦੋਂ ਮੇਰਠ ਦੇ ਸਿਪਾਹੀਆਂ ਨੇ ਬਗਾਵਤ ਕਰ ਦਿੱਤੀ ਤੇ ਫਿਰ ਦਿੱਲੀ ਵੱਲ ਚਾਲੇ ਪਾਏ ਤਾਂ ਉਸ ਸਮੇਂ ਦਾ ਗਵਰਨਰ-ਜਰਨਲ ਕੈਨਿੰਗ ਡਰ ਗਿਆ ਕਿ ਕਿਤੇ ਸਿੱਖ ਇਸ ਮੌਕੇ, ਪੰਜਾਬ ਵਿਚ ਸਿੱਖ ਰਾਜ ਮੁੜ ਸਥਾਪਤ ਕਰਨ ਲਈ ਉਪਰਾਲੇ ਨਾ ਕਰਨ। ਉਸ ਦੇ ਆਦੇਸ਼ ਤੇ ਪੰਜਾਬ ਦੇ ਚੀਫ ਕਮਿਸ਼ਨਰ ਜਾਨ ਲਾਰੈਂਸ ਤੇ ਰਾਬਰਟ ਮਿੰਟਗੁਮਰੀ ਨੇ ਇਸੇ ਪ੍ਰਾਂਤ ਵਿਚ ਅਮਨ ਬਣਾਏ ਰੱਖਣ ਲਈ ਤੁਰੰਤ ਕਾਰਵਾਈ ਕੀਤੀ।।[15]

ਮੀਆਂ ਮੀਰ, ਲਾਹੌਰ, ਪਿਸ਼ਾਵਰ, ਮੁਲਤਾਨ, ਰਾਵਲਪਿੰਡੀ, ਜਲੰਧਰ, ਨਵਾਂ ਸ਼ਹਿਰ, ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਡੇਰਾ ਜਨ ਵਿਖੇ ਭਾਰਤੀ ਸੈਨਿਕਾਂ ਨੂੰ ਨਿਹੱਥੇ ਕਰ ਦਿੱਤਾ ਗਿਆ ਅਤੇ ਲਾਹੌਰ, ਗੋਬਿੰਦਗੜ੍ਹ (ਅੰਮ੍ਰਿਤਸਰ), ਫਿਲੌਰ, ਕਾਂਗੜਾ, ਮੁਲਤਾਨ ਤੇ ਅਟਕ ਦੇ ਕਿਲ੍ਹਿਆਂ ਉਤੇ ਯੂਰਪੀ ਸੈਨਿਕਾਂ ਰਾਹੀਂ ਪੂਰੀ ਤਰ੍ਹਾਂ ਕਬਜ਼ਾ ਕਰ ਲਿਆ ਗਿਆ। ਸਾਰੇ ਜਿਲ੍ਹਾ ਅਧਿਕਾਰੀਆਂ ਤੇ ਯੂਰਪੀ ਸੈਨਿਕਾਂ ਨੂੰ ਖ਼ਬਰਦਾਰ ਕਰ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਗੜਬੜ ਜਾਂ ਬਗਾਵਤ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦਾ ਆਦੇਸ਼ ਦਿੱਤਾ ਗਿਆ।[16]

ਇਸ ਸਖਤੀ ਦੇ ਬਾਵਜੂਦ ਵੀ ਬਗਾਵਤ ਹੁੰਦੀ ਰਹੀ। ਵਿਦਰੋਹ ਕਰਨ ਵਾਲਿਆਂ ਨੂੰ ਸਖਤ ਸਜਾਵਾਂ ਦਿੱਤੀਆਂ ਜਾਂਦੀਆਂ ਰਹੀਆਂ।

> ਕਈ ਸਥਾਨਾ ਉਤੇ (ਬਨਾਰਸ, ਮਹਾਉ, ਝਾਂਸੀ ਆਦਿ) ਸਿੱਖ ਸੈਨਿਕਾਂ ਨੇ ਵੀ ਵਿਦਰੋਹ ਵਿਚ ਹਿੱਸਾ ਲਿਆ ਪਰੰਤੂ ਉਨ੍ਹਾਂ ਨੂੰ ਜਾਂ

ਤੇ ਸਜ਼ਾ ਦੇ ਕੇ ਕੁਚਲ ਦਿੱਤਾ ਗਿਆ ਜਾਂ ਕੂਟਨੀਤੀ ਰਾਹੀਂ ਅਲਗ ਕਰ ਦਿੱਤਾ ਗਿਆ।[17]

ਪੰਜਾਬ ਦੇ ਵੱਖ ਵੱਖ ਸਥਾਨਾਂ ਵਿਚ ਵਿਦਰੋਹ ਨੂੰ ਦਬਾਉਣ ਅਤੇ ਸ਼ਾਂਤੀ ਕਾਇਮ ਕਰਨ ਵਿਚ ਪਟਿਆਲਾ ਦੇ ਮਹਾਰਾਜਾ ਅਤੇ ਜੀਂਦ, ਨਾਭਾ, ਕਪੂਰਥਲਾ ਤੇ ਫਰੀਦਕੋਟ ਦੇ ਰਾਜਿਆਂ ਨੇ ਮਹੱਤਵਪੂਰਨ ਹਿੱਸਾ ਪਾਇਆ।[18]

**ਇਤਿਹਾਸ ਪ੍ਰਤੀ ਚੇਤਨਾ:**

1857 ਈ. ਦੇ ਵਿਦਰੋਹ ਤੋਂ ਬਹੁਤ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖਾਂ ਵਿਚ ਪ੍ਰਚਲਿਤ ਕੁਰੀਤੀਆਂ ਦੂਰ ਕਰਨ ਦੇ ਉਦੇਸ਼ ਨਾਲ ਨਿਰੰਕਾਰੀ ਲਹਿਰ ਦਾ ਉਦੈ ਹੋਇਆ। ਇਸ ਲਹਿਰ ਦੇ ਮੋਢੀ ਬਾਬਾ ਦਿਆਲ ਸਨ ਕਿਉਂ ਜੋ ਉਨ੍ਹਾਂ ਇਕੋ ਨਿਰੰਕਾਰ ਪਰਮਾਤਮਾ ਦਾ ਨਾਂ ਜਾਪ ਕਰਨ ਉਤੇ ਬਹੁਤ ਜ਼ੋਰ ਦਿੱਤਾ। ਇਸ ਲਈ ਉਨ੍ਹਾਂ ਰਾਹੀਂ ਚਲਾਏ ਗਏ ਅੰਦੋਲਨ ਨੂੰ ਨਿਰੰਕਾਰੀ ਲਹਿਰ ਕਿਹਾ ਜਾਣ ਲੱਗਾ।[19]

1857 ਈ. ਵਿਚ ਪੰਜਾਬ ਵਿਚ ਨਿਰੰਕਾਰੀ ਅੰਦੋਲਨ ਤੋਂ ਵੀ ਵਧੇਰੇ ਮਹੱਤਵਪੂਰਨ ਲਹਿਰ ਦੀ ਉਤਪਤੀ ਹੋਈ ਜਿਸ ਨੇ ਨਾਮਧਾਰੀ ਜਾਂ ਕੂਕਾ ਲਹਿਰ ਦੇ ਨਾਂ ਨਾਲ ਪ੍ਰਸਿੱਧਤਾ ਪ੍ਰਾਪਤ ਕੀਤੀ। ਇਸ ਲਹਿਰ ਦੇ ਮੋਢੀ ਬਾਬਾ ਰਾਮ ਸਿੰਘ ਸਨ, ਜਿਨ੍ਹਾਂ ਨੇ ਪ੍ਰਚਲਿਤ ਸਮਾਜਕ ਕੁਰੀਤੀਆਂ ਦਾ ਖੰਡਨ ਕੀਤਾ ਅਤੇ ਈਸ਼ਵਰ ਦਾ ਨਾਂ ਜਪਣ ਉਤੇ ਬਹੁਤ ਜ਼ਿਆਦਾ ਜ਼ੋਰ ਦਿੱਤਾ। ਇਸੇ ਲਈ ਉਨ੍ਹਾਂ ਨੇ ਆਪਣੀ ਜਥੇਬੰਦੀ ਨੂੰ 'ਨਾਮਧਾਰੀ' ਦਾ ਨਾਂ ਦਿੱਤਾ। ਭਾਵੇਂ ਨਾਮਧਾਰੀ ਅੰਦੋਲਨ ਅਵੱਸ਼ ਹੀ ਧਾਰਮਕ ਤੇ ਸਮਾਜਕ ਅੰਦੋਲਨ ਸੀ, ਫਿਰ ਵੀ ਇਸ ਅੰਦੋਲਨ ਦੇ ਰਾਜਨੀਤਕ ਪਹਿਲੂ ਤੇ ਨਾਮਧਾਰੀਆਂ ਦੀਆਂ ਗਤੀਵਿਧੀਆਂ ਨੂੰ ਅੱਖਾਂ ਤੋਂ ਉਹਲੇ ਨਹੀਂ ਕੀਤਾ ਜਾ ਸਕਦਾ।

ਡਾ. ਫ਼ੌਜਾ ਸਿੰਘ ਦੇ ਵਿਚਾਰ ਅਨੁਸਾਰ ਉਹ ਵਿਦੇਸ਼ੀ ਰਾਜ ਸਮਾਪਤ ਕਰਕੇ ਮੁੜ 'ਖਾਲਸਾ ਰਾਜ' ਕਾਇਮ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਬ੍ਰਿਟਿਸ਼ ਸਰਕਾਰ ਪ੍ਰਤੀ ਅਸਹਿਮਤੀ ਦਾ ਵਿਹਾਰ ਅਪਣਾਇਆ। ਉਨ੍ਹਾਂ ਨੇ ਸਰਕਾਰੀ ਨੌਕਰੀਆਂ, ਸਰਕਾਰੀ ਸਿਖਿਅਕ ਸੰਸਥਾਵਾਂ, ਸਰਕਾਰੀ ਅਦਾਲਤਾਂ, ਸਰਕਾਰੀ ਡਾਕਖਾਨਿਆਂ ਅਤੇ ਵਿਦੇਸ਼ੀ ਕੱਪੜਿਆਂ ਦਾ ਬਾਈਕਾਟ ਕਰ ਦਿੱਤਾ ਸੀ।

ਉਨ੍ਹਾਂ ਨੇ ਡਾਕ ਦਾ ਆਪਣਾ ਪ੍ਰਬੰਧ ਕਰ ਲਿਆ ਸੀ। ਉਨ੍ਹਾਂ ਬ੍ਰਿਟਿਸ਼ ਸਰਕਾਰ ਵਿਰੁੱਧ ਜੰਮੂ ਕਸ਼ਮੀਰ ਤੇ ਨੇਪਾਲ ਦੀਆਂ ਸਰਕਾਰਾਂ ਨਾਲ ਮੇਲ-ਜੋਲ ਕਰਨ ਦੇ ਜਤਨ ਕੀਤੇ ਪਰੰਤੂ ਇਸ ਪਾਸੇ ਸਫ਼ਲਤਾ ਨਾ ਮਿਲੀ। ਉਨ੍ਹਾਂ ਨੇ ਗਊ ਹੱਤਿਆ ਵਿਰੁੱਧ ਜ਼ੋਰ-ਸ਼ੋਰ ਨਾਲ ਮੁਹਿੰਮ ਚਲਾਈ ਅਤੇ ਕਈ ਬੁਚੜਾਂ ਦੀ ਹੱਤਿਆ ਕੀਤੀ। ਅਤ ਸਰਕਾਰ ਨੇ ਉਨ੍ਹਾਂ ਵਿਰੁੱਧ ਸਖਤ ਕਾਰਵਾਈ ਕੀਤੀ ਅਤੇ ਨਾਮਧਾਰੀ ਲਹਿਰ ਨੂੰ ਕੁਚਲ ਦੇਣ ਦਾ ਨਿਸ਼ਚਾ ਕੀਤਾ। ਨਾਮਧਾਰੀਆਂ ਦੇ ਆਗੂ ਬਾਬਾ ਰਾਮ ਸਿੰਘ ਨੂੰ ਦੇਸ਼ ਨਿਕਾਲਾ ਦੇ ਕੇ ਰੰਗੂਨ ਭੇਜ ਦਿੱਤਾ ਗਿਆ।[20]

ਨਾਮਧਾਰੀ ਲਹਿਰ ਨੂੰ ਪੰਜਾਬ ਵਿਚ ਬ੍ਰਿਟਿਸ਼ ਰਾਜ ਵਿਰੁੱਧ ਪ੍ਰਤੀਕਰਮ ਵਜੋਂ ਉਤਪੰਨ ਹੋਈ ਪਹਿਲੀ ਮਹੱਤਵਪੂਰਨ ਲਹਿਰ ਮੰਨਿਆ ਜਾ ਸਕਦਾ ਹੈ।

ਇਸ ਖੋਜ ਪ੍ਰਬੰਧ ਦਾ ਮੁੱਖ ਉਦੇਸ਼ ਇੱਥੇ ਨਾਮਧਾਰੀ ਜਾਂ ਕੂਕਾ ਲਹਿਰ ਦੇ ਪਿਛੋਕੜ ਨੂੰ ਉਲੀਕਣਾ ਹੈ ਤਾਂ ਜੋ ਇਸ ਲਹਿਰ ਸੰਬੰਧੀ ਖੋਜ-ਕਾਰਜ ਨੂੰ ਅੱਗੇ ਵਧਾਇਆ ਜਾ ਸਕੇ। ਭਾਵੇਂ ਨਾਮਧਾਰੀ ਲਹਿਰ ਤੇ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ ਪਰੰਤੂ ਫਿਰ ਵੀ ਅਜਿਹਾ ਅਨੁਭਵ ਹੁੰਦਾ ਹੈ ਕਿ ਜਿਵੇਂ ਇਸ ਲਹਿਰ ਦੀ ਪੂਰਨ ਮਹੱਤਤਾ ਨੂੰ ਅਜੇ ਸਰੂਪ ਨਹੀਂ ਦਿੱਤਾ ਗਿਆ। ਇਸ ਦਾ ਵੱਡਾ ਕਾਰਣ ਇਸ ਲਹਿਰ ਦੇ ਪਿਛੋਕੜ ਨੂੰ ਨਾ ਸਮਝਣਾ ਅਤੇ 19ਵੀਂ ਸਦੀ ਵਿਚ ਇਸ ਸੰਬੰਧੀ ਅਰੁੱਚੀ ਅਤੇ ਪ੍ਰਤੀਭਾਵ ਸੀ। ਇਸ ਲਹਿਰ ਦੀ ਮਹੱਤਤਾ ਨੂੰ ਸਹੀ ਰੂਪ ਵਿਚ ਉਲੀਕਣਾ ਤਾਂ ਹੀ ਸੰਭਵ ਹੋ ਸਕਦਾ ਹੈ, ਜੇਕਰ ਇਸ ਸੰਬੰਧੀ ਮਿਲਦੀ ਸਮੱਗਰੀ ਨੂੰ ਸਮਕਾਲੀ ਅਤੇ ਗੈਰ ਅੰਗਰੇਜ਼ੀ ਸਰੋਤਾਂ ਜਿਵੇਂ ਅਹੁਦੇਦਾਰਾਂ ਅਤੇ ਸੀ. ਆਈ. ਡੀ. ਦੀਆਂ ਰਿਪੋਰਟਾਂ, ਨਿੱਜੀ ਯਾਦ ਪੱਤਰਾਂ, ਗੰਭੀਰ ਵਿਦਵਤਾ ਪੂਰਨ ਲੇਖਾਂ, ਅਦਾਲਤੀ ਕਾਰਵਾਈਆਂ ਆਦਿ ਤੇ ਨਿਰਧਾਰਤ ਕਰਕੇ ਯਥਾਰਥਕਤਾ ਅਤੇ ਵਾਸਤਵਿਕਤਾ ਦੀ ਕਸਵੱਟੀ ਉਤੇ ਲਾਇਆ ਜਾਵੇ। ਅਜਿਹਾ ਖੋਜ ਕਾਰਜ ਹੀ ਇਤਿਹਾਸਕ ਅਤੇ ਸਾਹਿਤਿਕ ਦ੍ਰਿਸ਼ਟੀਕੋਣ ਤੋਂ ਮਹੱਤਵਪੂਰਨ ਹੋ ਸਕਦਾ ਹੈ।

ਇਸ ਲਹਿਰ ਦੇ ਸਰੂਪ ਸੰਬੰਧੀ ਇਤਿਹਾਸਕਾਰਾਂ ਅਤੇ ਲੇਖਕਾਂ ਦੀ ਰਾਏ ਵਿਚ ਕਾਫੀ ਮਤਭੇਦ ਨਜ਼ਰ ਆਉਂਦਾ ਹੈ। ਕਈ ਵਿਚਾਰਵਾਨਾਂ ਦੀ ਰਾਏ ਹੈ ਕਿ ਕੂਕਾ ਲਹਿਰ ਦਾ ਮੁੱਖ ਮਨੋਰਥ

ਉਸ ਸਮੇਂ ਦੇ ਸਮਾਜ ਦੀਆਂ ਸਮਾਜਕ ਅਤੇ ਧਾਰਮਕ ਬੁਰਾਈਆਂ ਨੂੰ ਦੂਰ ਕਰਨਾ ਸੀ। ਅਜਿਹੀ ਵਿਵਸਥਾ ਵਿਚ ਅਸੀਂ ਉਨ੍ਹਾਂ ਸ਼ਹੀਦਾਂ ਨਾਲ ਇਨਸਾਫ਼ ਨਹੀਂ ਕਰ ਰਹੇ ਹੋਵਾਂਗੇ ਜਿਨ੍ਹਾਂ ਦੇਸ਼ ਦੀ ਖਾਤਰ ਆਪਣੇ ਆਪ ਨੂੰ ਕੁਰਬਾਨ ਕੀਤਾ। ਕਈ ਵਿਚਾਰਵਾਨ ਸੋਚਦੇ ਹਨ ਕਿ ਪੁਨਰ-ਨਿਰਮਾਣ ਦਾ ਇਹ ਅੰਦੋਲਨ ਅੰਗਰੇਜ਼ੀ ਸਰਕਾਰ ਦੀਆਂ ਸਖ਼ਤੀਆਂ ਅਤੇ ਭਾਰਤੀਆਂ ਪ੍ਰਤੀ ਅਵਿਸ਼ਵਾਸ ਸਦਕਾ ਰਾਜਨੀਤਕ ਮੋੜ ਮੁੜ ਗਿਆ ਪਰੰਤੂ ਇਸ ਕਥਨ ਵਿਚ ਵੀ ਪੂਰਨ ਸੱਚਾਈ ਨਹੀਂ ਹੈ ਅਤੇ ਇਹ ਨਿਖੇਧੀ ਪੂਰਨ ਹੈ। ਅਸਲ ਵਿਚ ਅੰਗਰੇਜ਼ੀ ਸਰਕਾਰ ਦੀ ਭਾਰਤੀਆਂ ਉਤੇ ਅਤਿਆਚਾਰ ਕਰਨ ਦੀ ਨੀਤੀ ਕੂਕਿਆਂ ਦੀਆਂ ਰਾਜਨੀਤਕ ਚਾਲਾਂ ਦਾ ਸਿੱਟਾ ਕਿਹਾ ਜਾ ਸਕਦਾ ਹੈ, ਕਾਰਣ ਨਹੀਂ।

> ਅਸਲ ਵਿਚ ਬਾਬਾ ਰਾਮ ਸਿੰਘ ਦੀ ਨੀਤੀ ਦਾ ਧੁਰਾ ਇਹ ਸੀ ਕਿ ਪੰਜਾਬ ਵਿਚ ਲੋਕਾਂ ਦੇ ਆਚਰਨ ਵਿਚ ਭਿੰਨ-ਭਿੰਨ ਪੱਖਾਂ ਤੋਂ ਆਏ ਪਤਨ ਨੂੰ ਸੁਧਾਰਨ ਉਪਰੰਤ ਪੰਜਾਬੀਆਂ ਦੀ ਲੋਕ ਸ਼ਕਤੀ ਨੂੰ ਸੁਤੰਤਰਤਾ ਪ੍ਰਾਪਤੀ ਵੱਲ ਲਾਇਆ ਜਾ ਸਕੇ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਉਸ ਵੇਲੇ ਦੇ ਸਮਾਜ ਵਿਚ ਉਹ ਕਿਹੜੀਆਂ ਕੁਰੀਤੀਆਂ ਘਰ ਕਰ ਗਈਆਂ ਸਨ ਜਿਨ੍ਹਾਂ ਨੂੰ ਦੂਰ ਕਰਕੇ ਬਾਬਾ ਰਾਮ ਸਿੰਘ ਆਜ਼ਾਦੀ ਹਿੱਤ ਸੰਘਰਸ਼ ਲਈ ਜਾਨਾਂ ਵਾਰਨਾ ਚਾਹੁੰਦੇ ਹਨ।[21]

ਇਸ ਲਹਿਰ ਦਾ ਮੁੱਖ ਉਦੇਸ਼ ਸਿੱਖਾਂ ਵਿਚੋਂ ਨਿਰਾਸਤਾ ਦੀ ਭਾਵਨਾ ਨੂੰ ਕੱਢ ਕੇ ਸ਼ੁੱਧ ਸਾਤਵਿਕ ਜੀਵਨ ਬਤੀਤ ਕਰਨ ਲਈ ਪ੍ਰੇਰਨਾ ਦੇਣਾ ਸੀ। ਇਸ ਲਹਿਰ ਕਰਕੇ ਸਿੱਖਾਂ ਵਿਚ ਦੂਜੇ ਧਰਮਾਂ ਦੀਆਂ ਰਹੁ ਰੀਤਾਂ ਦਾ ਪ੍ਰਚਲਨ ਕੁਝ ਹੱਦ ਤੱਕ ਰੁਕਿਆ। ਪਰ ਬਾਅਦ ਵਿਚ ਇਸ ਲਹਿਰ ਦੀ ਨੁਹਾਰ ਰਾਜਸੀ ਅਧਿਕਾਰ ਪ੍ਰਾਪਤ ਕਰਨ ਵੱਲ ਝੁਕ ਗਈ ਅਤੇ ਅੰਗਰੇਜ਼ ਸਰਕਾਰ ਨੂੰ ਰੜਕਨ ਲੱਗੀ।[22]

ਇਸ ਲਹਿਰ ਦੇ ਸੰਬੰਧ ਵਿਚ ਡਾ. ਗੰਡਾ ਸਿੰਘ ਜੀ ਦੇ ਵਿਚਾਰ ਵੀ ਉਲੇਖਨੀਯ ਹਨ:

> ਨਾਮਧਾਰੀ ਲਹਿਰ ਜੋ ਇਤਿਹਾਸ ਵਿਚ ਕੂਕਾ ਲਹਿਰ ਦੇ ਨਾਉਂ ਨਾਲ ਪ੍ਰਸਿੱਧ ਹੈ, ਸਿੱਖਾਂ ਦੀ ਇਕ ਨਿਰੋਲ ਧਾਰਮਕ ਲਹਿਰ ਸੀ ਜਿਸਨੂੰ ਸੰਨ 1857 ਦੇ ਗ਼ਦਰ ਦੇ ਡਰੇ ਹੋਏ ਕੁਝ ਅੰਗਰੇਜ਼ ਅਫ਼ਸਰਾਂ ਨੇ ਰਾਜਸੀ ਅਤੇ ਬਾਗੀ ਅੰਦੋਲਨ ਕਹਿ ਭੰਡਿਆ ਅਤੇ ਇਸ ਤਰ੍ਹਾਂ ਸ਼ੱਕ ਦਾ ਸ਼ਿਕਾਰ ਬਣਾ ਕੇ ਕਈ ਭੋਲੇ ਭਾਲੇ ਸਿੱਖਾਂ ਨੂੰ ਤੋਪਾਂ ਨਾਲ ਉਡਾ ਦਿੱਤਾ ਅਤੇ ਇਨ੍ਹਾਂ ਦੇ ਬੇਗੁਨਾਹ ਆਗੂ ਅਤੇ ਮੁਰੈਲਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ।[23]

ਅਸਲ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਨੂੰ ਧਾਰਮਕ, ਸਮਾਜਕ ਤੇ ਰਾਜਨੀਤਕ ਸੇਧ ਉਦੋਂ ਪ੍ਰਦਾਨ ਕੀਤੀ ਜਦੋਂ ਦੇਸ਼ ਵਿਚ ਪੂਰੀ ਤਰ੍ਹਾਂ ਅਸਥਿਰਤਾ ਸੀ ਅਤੇ ਲੋਕ ਆਚਰਨਹੀਨ ਹੁੰਦੇ ਜਾ ਰਹੇ ਸਨ। ਅੰਗਰੇਜ਼ ਸਰਕਾਰ ਲੋਕਾਂ ਤੇ ਦਿਨ ਪ੍ਰਤੀ ਦਿਨ ਜ਼ੁਲਮ ਕਰਦੀ ਜਾ ਰਹੀ ਸੀ।

ਸਤਿਗੁਰੂ ਜੀ ਨੇ ਦੇਸ਼ ਨੂੰ ਆਜ਼ਾਦ ਕਰਾਉਣ ਵਾਸਤੇ ਇਕ ਅੰਦੋਲਨ ਸ਼ੁਰੂ ਕੀਤਾ, ਜਿਸਨੂੰ ਇਤਿਹਾਸਕਾਰਾਂ ਨੇ ਕੂਕਾ ਅੰਦੋਲਨ ਦਾ ਨਾਂ ਦਿੱਤਾ। ਇਸ ਅੰਦੋਲਨ ਦੇ ਵਿਚੋਂ ਅਸਹਿਯੋਗ, ਅਹਿੰਸਾ ਅਤੇ ਸੁਦੇਸ਼ੀ ਨੂੰ ਲੈ ਕੇ ਵੀਹਵੀ ਸਦੀ ਵਿਚ ਮਹਾਤਮਾਂ ਗਾਂਧੀ ਜੀ ਨੇ ਦੇਸ਼ ਨੂੰ ਆਜ਼ਾਦ ਕਰਵਾਇਆ। ਅੰਗਰੇਜ਼ ਸਰਕਾਰ ਨੇ ਭਾਵੇਂ ਸਤਿਗੁਰੂ ਰਾਮ ਸਿੰਘ ਜੀ ਨੂੰ 1872 ਵਿਚ ਜਲਾਵਤਨ ਕਰ ਦਿੱਤਾ ਸੀ, ਪਰ ਸੁਤੰਤਰਤਾ ਸੰਗਰਾਮ ਦੇ ਪਾਂਧੀਆਂ ਨੇ ਉਹਨਾਂ ਨੂੰ ਸਦਾ ਚੇਤੇ ਰੱਖਿਆ ਅਤੇ ਵੱਖ-ਵੱਖ ਸਮੇਂ ਆਪਣੇ ਭਾਸ਼ਨਾਂ ਤੇ ਲੇਖਾਂ ਰਾਹੀਂ ਉਹਨਾਂ ਦੀ ਪ੍ਰਸ਼ੰਸ਼ਾ ਕਰਦੇ ਰਹੇ ਤੇ ਉਹਨਾਂ ਦੇ ਪੂਰਨਿਆਂ ਤੇ ਤੁਰਨ ਦਾ ਜਤਨ ਕਰਦੇ ਰਹੇ।

ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਸਮਾਜ ਇਕ ਪੀੜਤ ਮਨੁੱਖ ਦੀ ਅਵੱਸਥਾ ਵਾਲਾ ਸੀ। ਉਹ ਸਮੂਹ ਸਮਾਜਵਾਦੀ ਬੁਰਾਈਆਂ ਜਿਨ੍ਹਾਂ ਵਿਰੁੱਧ ਸਿੱਖ ਗਰੂ ਸਾਹਿਬਾਨ ਨੇ ਸੰਘਰਸ਼ ਕੀਤਾ ਸੀ, ਬਾਬਾ ਰਾਮ ਸਿੰਘ ਦੇ ਸਮੇਂ ਸਮਾਜ ਵਿਚ ਨੰਗਾ ਨਾਚ ਨੱਚ ਰਹੀਆਂ ਸਨ। ਲੋਕ ਜਾਂ ਤਾਂ ਗੁਰੂ

ਸਾਹਿਬਾਨ ਦੀਆਂ ਸਿਖਿਆਵਾਂ ਨੂੰ ਭੁੱਲ ਚੱਕੇ ਸਨ ਜਾਂ ਨਜ਼ਰ ਅੰਦਾਜ਼ ਕਰ ਰਹੇ ਸਨ। ਸਮਾਜਕ ਕੁਰੀਤੀਆਂ ਦਾ ਬੋਲ ਬਾਲਾ ਹੋਣ ਕਰਕੇ ਬਾਬਾ ਰਾਮ ਸਿੰਘ ਜਿਹੇ ਦੇਸ਼ ਭਗਤ ਲਈ ਬਹੁਤ ਕਠਿਨਾਈਆਂ ਸਨ ਜਿਨ੍ਹਾਂ ਤੋਂ ਸਮਾਜ ਨੂੰ ਮੁਕਤ ਕਰਾਉਣ ਉਪਰੰਤ ਹੀ ਦੇਸ਼ ਦੀ ਆਜ਼ਾਦੀ ਦੀ ਪੁਕਾਰ ਦੇਸ਼ਵਾਸੀਆਂ ਨੂੰ ਸੁਣਾਈ ਜਾ ਸਕਦੀ ਸੀ। ਬਹੁਤ ਸਾਰੇ ਸੋਢੀ ਅਤੇ ਬੇਦੀ ਆਪਣੇ ਆਪ ਨੂੰ ਗੁਰੂ ਕਹਾ ਰਹੇ ਸਨ। ਨਿੱਤ ਨਵੇਂ ਦਿਨ ਨਵੇਂ ਸਿੱਖ ਗੁਰੂ ਦੀ ਹੋਂਦ ਹੋ ਰਹੀ ਸੀ। ਆਮ ਜਨਤਾ ਦੇਵੀ ਦੇਵਤਿਆਂ, ਮੁਰਸ਼ਦਾਂ, ਪੀਰਾਂ ਦੇ ਚੱਕਰ ਵਿਚ ਫਸੀ ਲਾਚਾਰ ਹੋ ਚੁੱਕੀ ਸੀ। ਸਮਾਜ ਵਿਚ ਹਨੇਰਗਰਦੀ ਮੱਚ ਚੁੱਕੀ ਸੀ।

> ਸਮਾਜਕ ਕੁਰੀਤੀਆਂ ਦਾ ਰਾਜਨੀਤੀ ਉਤੇ ਸਿੱਧਾ ਪ੍ਰਭਾਵ ਸੀ। ਰਾਜ ਕਰਨ ਵਾਲੀਆਂ ਸ਼੍ਰੇਣੀਆਂ ਆਪਸੀ ਵੈਰ ਵਿਰੋਧ ਅਤੇ ਫੁੱਟ ਦਾ ਸ਼ਿਕਾਰ ਹੋ ਚੁੱਕੀਆਂ ਸਨ। ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਕਾਲ ਵਿਚ ਤਾਂ ਇਹ ਧੜੇ ਜ਼ੋਰ ਨਾ ਫੜ ਸਕੇ ਪਰੰਤੂ ਉਸ ਦੇ ਅਕਾਲ ਚਲਾਣੇ ਉਪਰੰਤ, ਉਸ ਦੇ ਉੱਤਰਅਧਿਕਾਰੀਆਂ ਦੀ ਕਮਜ਼ੋਰੀ ਸਦਕਾ ਰਾਜ ਦਰਬਾਰ ਦੇ ਇਹ ਧੜੇ ਆਪਣਾ ਮਾੜਾ ਰੰਗ ਵਿਖਾ ਕੇ ਪੰਜਾਬ ਦੀ ਬਰਬਾਦੀ ਦਾ ਕਾਰਣ ਬਣਨ ਲੱਗੇ।[24]

ਬਾਬਾ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਲੱਖਾਂ ਹਿੰਦੂ-ਸਿੱਖ ਮੁਸਲਮਾਨ ਪੈਰੋਕਾਰਾਂ ਦੀਆਂ ਸਾਰੀਆਂ ਸਰਗਰਮੀਆਂ ਵਿੱਚ ਰਾਜਨੀਤਕ ਸੰਗਰਾਮ ਦਾ ਪ੍ਰਮੁੱਖ ਅੰਸ਼ ਰਿਹਾ ਹੈ ਅਤੇ ਰਾਜਨੀਤਕ ਸੰਗਰਾਮ ਦਾ ਇਹ ਸਿਲਸਿਲਾ ਅੰਗਰੇਜ਼ਾਂ ਦੇ ਭਾਰਤ ਵਿਚੋਂ ਜਾਣ ਤੱਕ ਅਟੁੱਟ ਰੂਪ ਵਿਚ ਚਲਦਾ ਰਿਹਾ ਹੈ। 1914 ਈ. ਦੀ ਗ਼ਦਰ ਲਹਿਰ ਦੇ ਜਨਕ ਤੇ ਗਦਰ ਪਾਰਟੀ ਦੇ ਪਹਿਲੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਵੀ ਨਾਮਧਾਰੀ ਪ੍ਰਭਾਵ ਹੇਠ ਹੀ ਇਸ ਲਹਿਰ ਦੇ ਮੋਢੀ ਬਣੇ। ਬਾਬਾ ਸੋਹਣ ਸਿੰਘ ਭਕਨਾ ਜੀ ਤੇ ਸਤਿਗੁਰੂ ਰਾਮ ਸਿੰਘ ਦਾ ਕਿੰਨਾ ਪ੍ਰਭਾਵ ਪਿਆ, ਇਹ ਕਥਨ ਇਸ ਖੋਜ ਪ੍ਰਬੰਧ ਵਿਚ ਸ਼ਾਮਲ ਕਰਨਾ ਲਾਹੇਵੰਦ ਸਾਬਤ ਹੋਵੇਗਾ।

> ਨਾਮਧਾਰੀਆਂ ਵੱਲੋਂ ਅੰਗਰੇਜ਼ਾਂ ਦੀਆਂ ਕਚਹਿਰੀਆਂ ਨੌਕਰੀਆਂ ਤੇ ਡਾਕਖਾਨਿਆਂ, ਇਥੋਂ ਤੱਕ ਕਿ ਰੇਲਾਂ ਦਾ ਜਿੰਨਾਂ ਮੁਕੰਮਲ ਬਾਈਕਾਟ ਮੈਂ ਡਿਠਾ ਹੈ ਉਸ ਦੀ ਨਕਲਮਾਤਰ ਵੀ ਕਾਂਗਰਸ ਦੀ ਨਾ-ਮਿਲਵਰਤਣ ਲਹਿਰ ਨਹੀਂ ਸੀ। ਮੈਂ ਸੰਨ 1893 ਤੋਂ 1908 ਤੱਕ ਬਾਬਾ ਜੀ ਦੀ ਸੰਗਤ ਵਿਚ ਰਿਹਾ। ਸੱਚੀ ਗੱਲ ਤੇ ਇਹ ਹੈ ਕਿ ਹੁਣ ਮੈਂ ਜੋ ਜੀਵਨ ਜੀ ਰਿਹਾ ਹਾਂ, ਇਹ ਸਭ ਉਨ੍ਹਾਂ ਦੀ ਸੰਗਤ ਦਾ ਹੀ ਪ੍ਰਤਾਪ ਹੈ। ਜੇ ਉਹ ਮੈਨੂੰ ਰਾਣੀਆਂ ਦੇ ਉਸ ਨਰਕੀ ਜਾਲ ਵਿਚੋਂ ਨਾ ਕੱਢਦੇ ਤਾਂ ਮੈਂ ਗੋਹੇ ਦੀ ਉਸ ਭੂੰਡੀ ਵਾਂਗ ਕਦੋਂ ਦਾ ਮਰ ਖਪ ਗਿਆ ਹੁੰਦਾ।[25]

ਇਸ ਤਰ੍ਹਾਂ ਜਦੋਂ 1849 ਈ. ਵਿਚ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਾ ਲਿਆ ਗਿਆ ਸੀ ਤਾਂ ਉਸ ਸਮੇਂ ਦੋ ਪ੍ਰਕਾਰ ਦੇ ਲੋਕਾਂ ਦੇ ਚਿਹਰੇ ਸਾਹਮਣੇ ਆਏ। ਇਕ ਪਾਸੇ ਤਾਂ ਅਜਿਹੇ ਲੋਕ ਸਨ ਜੋ ਸੁਆਰਥੀ ਹਿੱਤਾਂ ਖਾਤਰ ਸਰਕਾਰ ਦਾ ਪੱਖ ਪੂਰਨਾ ਚਾਹੁੰਦੇ ਸਨ, ਪਰੰਤੂ ਦੂਜੇ ਪਾਸੇ, ਉਹ ਲੋਕ ਸਨ ਜੋ ਗੁਲਾਮੀ ਨੂੰ ਨਫ਼ਰਤ ਕਰਦੇ ਸਨ ਤੇ ਆਜ਼ਾਦੀ ਦੇ ਚਾਹਵਾਨ ਸਨ। ਅਜਿਹੀ ਸਥਿਤੀ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਲੋਕਾਂ ਦੀ ਅਗਵਾਈ ਕੀਤੀ। ਉਨ੍ਹਾਂ ਦੇ ਆਚਰਨ ਨੂੰ ਸੁਧਾਰਿਆ ਤੇ ਉਨ੍ਹਾਂ ਨੂੰ ਦੇਸ਼ ਭਗਤੀ ਦੇ ਰਸਤੇ ਵੱਲ ਤੋਰਿਆ। ਅੰਗਰੇਜ਼ੀ ਸਰਕਾਰ ਕੂਕਿਆਂ ਤੇ ਸਖ਼ਤ ਨਜ਼ਰ ਰੱਖ ਰਹੀ ਸੀ। ਕੂਕਿਆਂ ਨੂੰ ਕਿਸੇ ਵੀ ਪ੍ਰਕਾਰ ਦੇ ਜਨਤਕ ਕੰਮ ਕਰਨ ਦੀ ਆਗਿਆ ਨਹੀਂ ਸੀ ਮਿਲਦੀ। ਇਹੋ ਕਾਰਨ ਹਨ ਕਿ ਕੂਕਿਆਂ ਨੂੰ ਸ਼ੁਰੂ ਵਿਚ ਸਿਖਲਾਈ ਲਈ ਕਵਾਇਦ ਰਾਤ ਦੇ ਹਨ੍ਹੇਰੇ ਵਿਚ ਕਰਾਉਣੀ ਪਈ, ਪਰੰਤੂ ਫਿਰ ਵੀ ਸੀ. ਆਈ. ਡੀ. ਦੀਆਂ ਰਿਪੋਰਟਾਂ ਸਦਕਾ ਕਵਾਇਦ ਬੰਦ ਕਰਨੀ ਪਈ। ਇਸ ਉਪਰੰਤ ਇਹ ਸਕੀਮ ਬਣਾਉਣੀ ਪਈ ਕਿ ਭਾਰਤੀ ਰਾਜਾਂ ਦੀ ਫ਼ੌਜ ਵਿਚ ਕੁਝ ਸਿਖਲਾਈ ਸ਼ੁਦਾ ਸਿਪਾਹੀ ਭਰਤੀ ਕੀਤੇ ਜਾਣ। ਇਕ ਹੋਰ ਵੀ ਸਕੀਮ ਸੀ ਕਿ ਕੂਕਿਆਂ ਨੂੰ ਸਰਕਾਰ ਦੀ ਮਿਲਟਰੀ ਅਤੇ ਪੁਲਿਸ ਦੀ ਨੌਕਰੀ ਵਿਚ ਖੁਫ਼ੀਆ ਰੂਪ ਵਿਚ ਲਿਆ ਜਾਵੇ। ਪਰੰਤੂ ਇਹ ਵੀ

ਅਸਫ਼ਲ ਰਹੀ। ਕੂਕੇ ਕਦੇ ਵੀ ਹਥਿਆਰਬੰਦ ਨਾ ਹੋ ਸਕੇ। ਅੰਮ੍ਰਿਤਸਰ ਦੇ ਕਸਾਈਆਂ ਉਤੇ ਹਮਲੇ ਸਮੇਂ ਉਨ੍ਹਾਂ ਨੂੰ ਖੁਫ਼ੀਆ ਰੂਪ ਵਿਚ ਅੰਮ੍ਰਿਤਸਰ ਦੇ ਸਿਪਾਹੀਆਂ ਕੋਲੋਂ ਕੁਝ ਕੁ ਤਲਵਾਰਾਂ ਲੈਣੀਆਂ ਪਈਆਂ। ਦੇਸ਼ ਦਾ ਰਾਜਨੀਤਕ ਵਾਤਾਵਰਨ ਕੁਝ ਅਜਿਹਾ ਸੀ ਕਿ ਕੂਕਿਆਂ ਨੂੰ ਖੁਫ਼ੀਆ ਰੂਪ ਵਿਚ ਕੰਮ ਕਰਨਾ ਪਿਆ। ਉਨ੍ਹਾਂ ਨੇ ਡਾਕ ਅਤੇ ਆਵਾਜਾਈ ਦੇ ਖੁਫ਼ੀਆ ਸਾਧਨ ਅਪਣਾਏ।

> ਆਮ ਵਰਤੋਂ ਵਾਲੀਆਂ ਸੜਕਾਂ ਤੇ ਰੇਲ ਗੱਡੀਆਂ ਦੇ ਸਾਧਨਾਂ ਨੂੰ ਛੱਡ ਕੇ ਵੱਖਰੇ ਰਾਹ ਅਪਣਾਏ ਗਏ। ਪੰਜਾਬ ਦੇ ਸੂਬੇ ਨੂੰ ਜਿਲ੍ਹਿਆਂ ਤੇ ਸਬ ਡਿਵੀਜਨਾਂ ਵਿਚ ਵੰਡ ਦਿੱਤਾ ਗਿਆ, ਜੋ ਕੂਕਾ ਵਿਅਕਤੀਆਂ ਜਾਂ ਸੂਬਿਆਂ ਦੇ ਅਧੀਨ ਕਰ ਦਿੱਤੇ ਗਏ। ਕੂਕਾ 'ਸੂਬੇ' ਸਿੱਧੇ ਕੂਕਾ ਗੁਰੂ ਸਾਹਿਬ ਦੇ ਅਧੀਨ ਸਨ।[26]

ਰਾਜਨੀਤਕ ਮਨੋਰਥਾਂ ਲਈ ਧਰਮ ਦਾ ਆਸਰਾ ਲੈ ਕੇ ਕੂਕਾ ਅਗਵਾਈ ਨੇ ਸ਼ਾਨਦਾਰ ਸਫ਼ਲਤਾ ਪ੍ਰਾਪਤ ਕੀਤੀ। ਇਸੇ ਰਸਤੇ ਨੂੰ ਦੇਸ਼ ਦੀ ਆਜ਼ਾਦੀ ਹਿੱਤ ਵਰਤਿਆ ਗਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਾਬਾ ਰਾਮ ਸਿੰਘ ਜੀ ਦਾ ਸਮਾਜਕ ਅਤੇ ਧਾਰਮਕ ਖੇਤਰ ਵਿਚ ਇਕ ਮਹੱਤਵਪੂਰਨ ਸਥਾਨ ਹੈ।

ਗੁਰੂ ਰਾਮ ਸਿੰਘ ਬੜੇ ਪਰਤਾਪੀ ਅਤੇ ਪਰਭਾਵਸ਼ਾਲੀ ਵਿਅਕਤੀ ਸਨ। ਉਹਨਾਂ ਦੇ ਅਸਾਧਾਰਨ ਆਤਮ ਬਲ ਬਾਰੇ ਬਹੁਤ ਸਾਰੀਆਂ ਗੱਲਾਂ ਪ੍ਰਸਿੱਧ ਹਨ। ਕਹਿੰਦੇ ਹਨ ਕਿ ਉਹ ਜਿਸ ਦੇ ਕੰਨ ਵਿਚ ਸਿਖਿਆ ਦਾ ਮੰਤਰ ਪੜ੍ਹ ਦਿੰਦੇ ਸਨ, ਉਹੀ ਉਹਨਾਂ ਦਾ ਪਰਮ ਭਗਤ ਤੇ ਚੇਲਾ ਹੋ ਜਾਂਦਾ ਸੀ। ਜਦ ਇਹ ਗੱਲ ਪ੍ਰਸਿੱਧ ਹੋਈ ਤਾਂ ਦੋ ਬਦਮਾਸ਼, ਅੰਗਰੇਜ਼ਾਂ ਵਲੋਂ ਉਹਨਾਂ ਦੀ ਸ਼ਕਤੀ ਦੀ ਪ੍ਰੀਖਿਆ ਲੈਣ ਗਏ। ਉਹਨਾਂ ਕਿਹਾ, "ਵੇਖਾਂਗੇ ਸਾਡੇ ਉਤੇ ਕੀ ਅਸਰ ਪੈਂਦਾ ਹੈ ਪਰ ਸਿਖਿਆ ਬਾਅਦ ਉਹਨਾਂ ਦੇ ਸ਼ਖਸੀ ਦੋਸ਼ ਵੀ ਦੂਰ ਹੋ ਗਏ। ਇਸ ਤਰ੍ਹਾਂ ਡਾਕਟਰ ਗੋਕਲ ਚੰਦ ਇਕ ਲੇਖ ਵਿਚ ਲਿਖਦੇ ਹਨ ਕਿ ਉਹਨਾਂ ਦੀ ਦਾਦੀ ਦਾ ਭਰਾ ਇਕ ਮਾੜੇ ਚਾਲ ਚਲਨ ਦਾ ਬੰਦਾ ਸੀ ਅਤੇ ਉਸ ਨੂੰ ਹੁੱਕਾ ਪੀਣ ਦੀ ਆਦਤ ਸੀ। ਸਿਰਫ ਇਕ ਵਾਰ ਹੀ ਗੁਰੂ ਜੀ ਦੇ ਦਰਸ਼ਨਾਂ ਨੇ ਉਨ੍ਹਾਂ ਦਾ ਜੀਵਨ ਇਕਦਮ ਬਦਲ ਦਿੱਤਾ। ਇਸੇ ਤਰ੍ਹਾਂ ਇਕ ਹੋਰ ਆਦਮੀ ਜਿਸ ਨੇ ਕੋਈ ਕਤਲ ਕੀਤਾ ਸੀ,

ਗੁਰੂ ਜੀ ਤੋਂ ਸੁਧਰਿਆ ਫਿਰ ਉਹਨੇ ਆਪਣੇ ਆਪ ਨੂੰ ਕਚਹਿਰੀ ਵਿਚ ਪੇਸ਼ ਕਰ ਦਿੱਤਾ ਅਤੇ ਆਪਣਾ ਜੁਰਮ ਮੰਨ ਲਿਆ। ਜਦ ਜੱਜ ਨੇ ਹੈਰਾਨਗੀ ਨਾਲ ਪੁੱਛਿਆ, "ਤੈਨੂੰ ਤਾਂ ਕੋਈ ਜਾਣਦਾ ਤਕ ਵੀ ਨਹੀਂ ਸੀ, ਫਿਰ ਤੂੰ ਅਚਾਨਕ ਜੁਰਮ ਮੰਨ ਕੇ ਮੌਤ ਨੂੰ ਸੱਦਾ ਕਿਉਂ ਦਿੱਤਾ" ਤਾਂ ਉਸ ਨੇ ਕਿਹਾ "ਮੇਰੇ ਗੁਰੂ ਜੀ ਦੀ ਇਹੀ ਆਗਿਆ ਹੈ।"

ਸਰਕਾਰ ਨੇ ਵੀ ਪਰਖਣਾ ਚਾਹਿਆ। ਇਕ ਸਬ ਇਨਸਪੈਕਟਰ ਭੇਜਿਆ। ਉਹ ਬੜਾ ਖੁਸ਼ ਸੀ। ਉਸ ਨੂੰ ਆਸ ਸੀ ਕਿ ਸਾਰੇ ਭੇਦ ਖੋਲ ਕੇ ਕੁਝ ਇਨਾਮ ਲਏਗਾ। ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਵਾਪਸ ਆ ਗਿਆ। ਆਉਂਦਿਆਂ ਹੀ ਅਸਤੀਫਾ ਦੇ ਦਿੱਤਾ, "ਗੁਰੂ ਜੀ ਦਾ ਇਹੀ ਹੁਕਮ ਹੈ। ਉਹ ਕਹਿੰਦੇ ਹਨ ਕਿ ਬਦੇਸ਼ੀ ਹਾਕਮਾਂ ਦੀ ਨੌਕਰੀ ਬਿਲਕੁਲ ਨਾ ਕਰੋ।"

ਇਸ ਲਹਿਰ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਭਾਵ ਸਦਕਾ ਅਮਰ ਸ਼ਹੀਦ ਭਗਤ ਸਿੰਘ ਵੀ ਡੂੰਘੀ ਦਿਲਚਸਪੀ ਲੈਂਦੇ ਸਨ। ਸਤਿਗੁਰੂ ਰਾਮ ਸਿੰਘ ਜੀ ਦੀ ਕਿਸ ਕਦਰ ਸ਼ਰਧਾ ਤੇ ਸਤਿਕਾਰ ਦੀ ਭਾਵਨਾ ਆਪਣੇ ਦਿਲ ਵਿਚ ਰੱਖਦੇ ਸਨ ਉਨ੍ਹਾਂ ਦੀ ਇਸ ਚਿੱਠੀ ਤੋਂ ਸਪੱਸ਼ਟ ਹੋ ਜਾਂਦਾ ਹੈ:

ਸ਼ਹਿਨਸ਼ਾਹੀ ਕੁਟੀਆ<br>ਸੂਤਰ ਮੰਡੀ, ਲਾਹੌਰ<br>27-2-1928

ਸ੍ਰੀ ਮਾਨ ਜੀ! ਸੰਦਰ ਵੰਦੇ!

ਤੁਹਾਡਾ 17.3.1928 ਦਾ ਕਿਰਪਾ ਪੱਤਰ ਤੇ ਮਹਾਰਥੀ ਦੇ ਫਰਬਰੀ ਅੰਕ ਦੀ ਇਕ ਕਾਪੀ ਵੀ ਠੀਕ ਸਮੇਂ ਤੇ ਮਿਲ ਗਈ ਸੀ। ਉਸ ਵਾਸਤੇ, ਮੇਰਾ ਤਹਿ ਦਿਲੋਂ ਧੰਨਵਾਦ ਸਵੀਕਾਰ ਕਰੋ। ਆਪ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਤਿੰਨ ਰੰਗੇ ਰੇਖਾ ਚਿਤਰ ਦਾ ਬਲਾਕ ਬਣਵਾਇਆ ਜਾਂ ਨਹੀਂ। ਇਹ ਹੀ ਮੈਨੂੰ ਪਤਾ ਨਹੀਂ ਲੱਗਿਆ, ਘੱਟ ਤੋਂ ਘੱਟ ਫੋਟੋ ਤਾਂ ਤੁਸੀਂ ਹਾਲੇ ਤੱਕ ਪ੍ਰਕਾਸ਼ਤ ਨਹੀਂ ਕੀਤੀ। ਮੈਂ ਸਮਝਦਾ ਹਾਂ ਕਿ ਇਹਨਾਂ ਤਸਵੀਰਾਂ ਤੋਂ ਬਿਨਾਂ ਇਹਨਾਂ ਲੇਖਾਂ ਦੀ ਮਹਾਨਤਾ ਬਹੁਤ ਘਟ ਜਾਂਦੀ ਹੈ। ਬਾਕੀ ਲੇਖ ਜਿਹੜੇ ਛੇਤੀ ਹੀ ਮੈਂ ਤੁਹਾਡੀ ਸੇਵਾ ਵਿਚ ਭੇਜਾਂਗਾ ਸਚਿੱਤਰ ਹੀ ਛਪਣੇ ਚਾਹੀਦੇ

ਹਨ। ਬਹੁਤਿਆਂ ਦੇ ਤਾਂ ਬਲਾਕ ਬਣੇ ਹੋਏ ਮਿਲ ਸਕਣਗੇ। ਉਹਨਾਂ ਦਾ ਡਾਕ ਖਰਚ ਤੇ ਕੁਝ ਕਿਰਾਇਆ ਹੀ ਦੇਣਾ ਪਵੇਗਾ। ਜੇ ਤੁਸੀਂ ਠੀਕ ਸਮਝੋ ਤਾਂ ਲਿਖੋ ਤੇ ਮੈਂ ਪ੍ਰਬੰਧ ਕਰਵਾ ਦੇਵਾਂਗਾ। ਅਜੇ ਗੁਰੂ ਰਾਮ ਸਿੰਘ ਜੀ ਦੀ ਇਕ ਹੋਰ ਫੋਟੋ ਭੇਜ ਰਿਹਾ ਹਾਂ। ਇਕ ਸੱਜਣ ਕਹਿ ਰਹੇ ਸਨ ਕਿ ਬਲਾਕ ਉਹਨਾਂ ਕੋਲ ਹੈ। ਜੇ ਤੁਸੀਂ ਚਾਹੋ ਤਾਂ ਉਹ ਵੀ ਛਪਵਾ ਕੇ ਭੇਜ ਸਕਦੇ ਹਨ। ਕਿਰਪਾ ਕਰਕੇ ਇਹ ਲਿਖੋ ਕਿ ਕਿੰਨੀਆਂ ਫੋਟੋਆਂ ਦੀ ਜ਼ਰੂਰਤ ਹੋਵੇਗੀ। ਇਹ ਤਾਂ ਮਹਾਰਥੀ ਦੀ ਕੁਲ ਗਿਣਤੀ ਤੇ ਹੀ ਨਿਰਭਰ ਕਰਦਾ ਹੈ।

ਲੇਖ ਤੇ ਲਿਖੇ ਪਏ ਹਨ। ਪਰ ਏਥੇ ਰਾਸ਼ਟਰੀ ਹਫਤਾ ਕਰਕੇ ਸ਼ਹੀਦੀ ਦਿਵਸ ਮਨਾਉਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਇਸ ਲਈ ਤਦ ਤਕ ਜੇ ਲੇਖ ਨਾ ਭੇਜ ਸਕਿਆ ਤਾਂ ਕਿਰਪਾ ਕਰਕੇ ਮਾਫ਼ ਕਰ ਦਿਆ ਜੇ। ਜੇ ਹੋ ਸਕਿਆ ਤੇ ਪਹਿਲਾ ਲੇਖ ਇਕ ਹਫਤੇ ਤੱਕ ਭੇਜ ਦਿਆਂਗਾ। ਮਹਾਰੱਥੀ ਦਾ ਅਗਲਾ ਅੰਕ ਕਿੰਨੇ ਦਿਨਾਂ ਤੱਕ ਛਪ ਜਾਏਗਾ? ਲੇਖ ਤੇ ਫੋਟੋਆਂ ਕਦੋਂ ਤੱਕ ਪਹੁੰਚ ਜਾਣੀਆਂ ਚਾਹੀਦੀਆ ਹਨ। ਲਿਖਿਓ ਜ਼ਰੂਰ। ਜਨਾਬ ਛੇਤੀ ਦੇ ਧੰਨਵਾਦੀ ਬਣਾਇਓ

ਨਿਵੇਦਕ

ਭਗਤ ਸਿੰਘ

ਬਾਬਾ ਰਾਮ ਸਿੰਘ ਇਕ ਅਜਿਹੇ ਸਮਾਜ ਨੂੰ ਜਨਮ ਦੇਣਾ ਚਾਹੁੰਦੇ ਸਨ ਜਿਸ ਵਿਚ ਸਮਾਜਕ ਜ਼ੁਲਮ, ਊਚ-ਨੀਚ ਦਾ ਖ਼ਾਤਮਾ ਅਤੇ ਰਾਜਨੀਤਕ ਸੁਝ-ਬੂਝ ਸ਼ਾਮਲ ਹੋਵੇ। ਇਹ ਹੀ ਕਾਰਨ ਸੀ ਕਿ ਉਨ੍ਹਾਂ ਨੇ ਉਸ ਸਮੇਂ ਦੀਆਂ ਸਮਾਜਕ ਬੁਰਾਈਆਂ ਨੂੰ ਖ਼ਤਮ ਕਰਨ ਹਿੱਤ ਯੋਗ ਢੰਗ ਦੀ ਤਲਾਸ਼ ਕੀਤੀ। ਲੋਕਾਂ ਨੂੰ ਰਾਜਨੀਤਕ ਸੂਝ-ਬੂਝ ਤੇ ਚੇਤਨਤਾ ਦੇ ਮਾਰਗ ਉਤੇ ਲਿਆ ਖੜ੍ਹਾ ਕੀਤਾ।

ਸਿੱਟੇ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਕੂਕਾ ਲਹਿਰ ਬਹੁਤ ਹੱਦ ਤੱਕ ਸਫ਼ਲ ਰਹੀ। ਕਰੜੀ ਵਿਰੋਧਤਾ ਦੇ ਬਾਵਜੂਦ ਵੀ ਕੂਕਿਆਂ ਨੇ ਆਪਣੇ ਇਤਿਹਾਸ ਨੂੰ ਸਿਰਜਿਆ ਹੈ। ਸਮਾਜਕ, ਧਾਰਮਕ ਤੇ ਰਾਜਨੀਤਕ ਖੇਤਰਾਂ ਵਿਚ ਕੂਕਿਆਂ ਦਾ ਇਤਿਹਾਸ ਸੁਨਹਿਰੀ ਅੱਖਰਾਂ ਵਿਚ ਲਿਖਿਆ ਰਹੇਗਾ।

**(ਅ) ਧਾਰਮਕ ਚੇਤਨਾ:**

ਭਾਰਤ ਦੀ ਮਹਾਨ ਭੂਮੀ ਦੇ ਪੰਜਾਬ ਪ੍ਰਦੇਸ਼ ਨੇ ਅਨੇਕਾਂ ਤਪੱਸਵੀਆਂ, ਜੋਧਿਆਂ, ਰਿਸ਼ੀਆਂ-ਮੁਨੀਆਂ, ਦੇਸ਼ ਭਗਤਾਂ ਅਤੇ ਸੂਰਬੀਰਾਂ ਨੂੰ ਜਨਮ ਦਿੱਤਾ ਹੈ। ਪੰਜਾਬ ਦੀ ਸੋਹਣੀ ਧਰਤੀ

ਨੂੰ ਆਪਣੇ ਸਪੁੱਤਰਾਂ ਦੇ ਕਾਰਨਾਮਿਆਂ ਤੇ ਹਮੇਸ਼ਾਂ ਗਰਵ ਰਿਹਾ ਹੈ। ਦੇਸ਼ ਨੂੰ ਬਦੇਸ਼ੀ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਅਤੇ ਕੌਮ ਦੀ ਅਣਖ, ਤੇ ਧਰਮ ਦੇ ਵਿਰਸੇ ਦੀ ਸੰਭਾਲ ਲਈ ਪੰਜਾਬੀਆਂ ਨੇ ਇਕ ਨਹੀਂ, ਅਨੇਕਾਂ ਸਮਿਆਂ ਤੇ ਆਪਣੇ ਬਲੀਦਾਨ ਦੇ ਕੇ ਆਪਣੇ ਸ਼ਾਨਾਂ ਮੱਤੇ ਵਿਰਸੇ ਨੂੰ ਕਾਇਮ ਰੱਖਿਆ ਹੈ।

ਉਨੀਵੀਂ ਸਦੀ ਵਿਚ ਪੰਜਾਬ ਵਿਚ ਇਕ ਨਵੀਂ ਸੰਪਰਦਾਇ ਹੋਂਦ ਵਿਚ ਆਈ ਜਿਹੜੀ ਕਿ ਨਾਮਧਾਰੀ ਅਤੇ ਕੂਕਾ ਸੰਪਰਦਾਇ ਦੇ ਨਾਮ ਨਾਲ ਪ੍ਰਸਿੱਧ ਹੋਈ। ਇਸ ਸੰਪਰਦਾਇ ਦਾ ਜਨਮ ਈਸਾਈ ਮਿਸ਼ਨਰੀਆਂ ਦੁਆਰਾ ਕੀਤੀਆਂ ਜਾਂਦੀਆਂ ਸਿੱਖ ਅਤੇ ਹਿੰਦੂ ਧਰਮ ਦੀਆਂ ਬੁਰਾਈਆਂ, ਵੀ ਕਾਰਣ ਰਿਹਾ ਹੈ।

> ਸਤਿਗੁਰੂ ਰਾਮ ਸਿੰਘ ਵਲੋਂ ਆਰੰਭ ਕੀਤਾ ਗਿਆ 12 ਅਪਰੈਲ 1857 ਨੂੰ ਨਾਮਧਾਰੀ ਮਤ ਗੁਰੂ ਨਾਨਕ ਦੇਵ ਜੀ ਵੱਲੋਂ ਸਥਾਪਤ ਗੁਰਮਤ ਧਾਰਾ ਦਾ ਕੀਤਾ ਗਿਆ ਯੁੱਗ ਅਨੁਕੂਲ ਉਥਾਨ ਤੇ ਵਿਸਥਾਰ ਸੀ। ਇਸ ਮੱਤ ਨਾਲ ਨਾਮਧਾਰੀ, ਸੰਤ ਖਾਲਸਾ, ਸੰਤ 'ਕੂਕਾ' ਸ਼ਬਦਾਂ ਦਾ ਵੀ ਅਗੇਤਰ ਰੂਪ ਵਿਚ ਪ੍ਰਯੋਗ ਕੀਤਾ ਜਾਂਦਾ ਹੈ।[27]

ਇਸੇ ਲਈ ਨਾਮਧਾਰੀ ਇਤਿਹਾਸ ਤੇ ਸਾਹਿਤ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਦੇ ਸੰਦਰਭ ਵਿਚ ਇਨ੍ਹਾਂ ਸ਼ਬਦਾਂ ਦਾ ਹੀ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ। ਨਾਮਧਾਰੀ ਅਰਦਾਸ ਵਿਚ ਸ਼ਬਦ 'ਸੰਤ ਖਾਲਸਾ' ਦੀ ਹੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ 'ਸੰਤ ਖਾਲਸਾ ਨੂੰ ਪ੍ਰਕਾਸ਼ ਕਰੋ ਪਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਮਤ ਵਿਚ ਨਾਮ ਦੇ ਸਿਮਰਨ ਨੂੰ ਜੋ ਵਿਸ਼ੇਸ਼ਤਾ ਪ੍ਰਦਾਨ ਕੀਤੀ ਉਸ ਅਨੁਸਾਰ ਸੰਤ ਖਾਲਸੇ ਨੂੰ ਆਧਾਰ ਬਣਾ ਕੇ ਜੀਵਨ ਬਤੀਤ ਕਰਨ ਦੇ ਫਲਸਰੂਪ ਨਾਮਧਾਰੀ ਸ਼ਬਦ ਦੀ ਵਰਤੋਂ ਪ੍ਰਚਲਿਤ ਹੋਈ। ਨਾਮ ਰੰਗ ਵਿਚ ਰੱਤੇ, ਨਾਮ ਬਾਣੀ ਨਾਲ ਇਕਸੁਰ ਹੋਏ ਅਤੇ ਆਪਣੇ ਸਤਿਗੁਰੂ ਸਾਹਿਬਾਨ ਦੇ ਦਰਸ਼ਨ ਕਰਕੇ ਸਿੰਘ ਨਿਹਾਲ ਹੋ ਕੇ ਮਸਤਾਨੇ ਹੋ ਜਾਂਦੇ ਸਨ ਤੇ

ਉੱਚੀ ਉੱਚੀ ਪ੍ਰੇਮ ਦੀਆਂ ਦਰਦ ਵਿੰਨੀਆਂ ਕੂਕਾਂ ਮਾਰਨ ਲੱਗ ਪੈਂਦੇ ਸਨ। ਇਸ ਲਈ ਕੂਕਾ ਸ਼ਬਦ ਪ੍ਰਚਲਿਤ ਹੋਇਆ ਜਿਸ ਦੀ ਸਤਿਗੁਰੂ ਦੁਆਰਾ ਵਿਸ਼ੇਸ਼ ਬਾਣੇ ਦੇ ਸਰੂਪ ਕਾਰਨ ਕੂਕਿਆਂ ਜਾਂ ਨਾਮਧਾਰੀਆਂ ਦੀ ਵੱਖਰੀ ਪਹਿਚਾਣ ਹੋ ਗਈ। ਸਿੱਖੀ ਦੀ ਸਨਾਤਨ ਗੁਰੂ ਮਰਿਆਦਾ ਜੋ 18ਵੀਂ ਸਦੀ ਦੇ ਅੰਤ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਵਿਚ ਗੁਰੂ ਸਿੱਖਾਂ ਵਿਚੋਂ ਅਲੋਪ ਹੁੰਦੀ ਜਾ ਰਹੀ ਸੀ ਦੀ ਪੁਨਰ ਸੁਰਜੀਤੀ ਅਤੇ 29 ਮਾਰਚ 1849 ਪਿਛੋਂ ਖਾਲਸਾ ਰਾਜ ਦੇ ਖੁਸ ਜਾਣ ਨਾਲ ਅੰਗਰੇਜ਼ੀ ਸਾਮਰਾਜ ਦੀ ਗੁਲਾਮੀ ਦੀ ਕਾਲੀ ਰਾਤ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਜੋ ਸੁਤੰਤਰਤਾ ਅਤੇ ਧਰਮ ਦੀ ਜੋਤ ਜਗਾਈ ਉਸ ਦੇ ਫਲਸਰੂਪ ਕੂਕਾ ਲਹਿਰ ਨੇ ਸੁਤੰਤਰਤਾ ਅਤੇ ਧਰਮ ਦੇ ਪ੍ਰਚਾਰ ਲਈ ਜਿਹੜਾ ਸੰਗਰਾਮ ਰਚਿਆ ਅਤੇ ਜੋ ਅਦੁੱਤੀ ਬਲੀਦਾਨ ਦਿੱਤੇ ਉਸ ਕਾਰਨ ਨਾਮਧਾਰੀ ਇਤਿਹਾਸ ਕੇਵਲ ਭਾਰਤ ਵਿਚ ਹੀ ਨਹੀਂ ਸਗੋਂ ਵਿਸ਼ਵ ਦੇ ਸੁਤੰਤਰਤਾ ਇਤਿਹਾਸ ਵਿਚ ਨਿਵੇਕਲੀ ਸ਼ਾਨ ਰੱਖਦਾ ਹੈ। ਕਿਉਂ ਜੋ ਵਿਦੇਸ਼ੀ, ਸਾਮਰਾਜੀ ਸਰਕਾਰ ਨੇ ਇਸ ਮਤ ਉਤੇ ਕਰੜੀਆਂ ਪਾਬੰਦੀਆਂ ਲਾਈਆਂ ਅਤੇ ਚੌਕਸੀ ਵਰਤੀ, ਇਸ ਲਈ ਨਾਮਧਾਰੀ ਮਤ ਦੇ ਇਤਿਹਾਸ ਤੇ ਇਸ ਨਾਲ ਸੰਬੰਧਿਤ ਸਾਹਿਤ ਦੇ ਬਹੁਤ ਸਾਰੇ ਸੁਨਹਿਰੇ ਪੰਨੇ ਅਜੇ ਤੱਕ ਵੀ ਪੂਰੀ ਤਰ੍ਹਾਂ ਪ੍ਰਕਾਸ਼ ਵਿਚ ਨਹੀਂ ਆ ਸਕੇ। ਨਾਮਧਾਰੀ ਮਤ ਅਤੇ ਕੂਕਾ ਲਹਿਰ ਨਾਲ ਸੰਬੰਧਿਤ ਧਾਰਮਕ ਚੇਤਨਾ ਸ੍ਰੀ ਰਾਮ ਸਿੰਘ ਜੀ ਦੇ ਜਤਨਾਂ ਦਾ ਹੀ ਸਿੱਟਾ ਹੈ।

**ਧਾਰਮਕ ਪੱਖ:**

ਨਾਮਧਾਰੀ ਲਹਿਰ ਦੇ ਸਿਧਾਂਤ ਈਸ਼ਵਰ ਦੇ ਨਾਂ ਦਾ ਜਾਪ ਕਰਨ ਅਤੇ ਕਿਰਤ ਕਮਾਈ ਕਰਕੇ ਸੱਚਾ ਅਤੇ ਸੁੱਚਾ ਜੀਵਨ ਬਤੀਤ ਕਰਨ ਤੇ ਅਧਾਰਤ ਹਨ। ਬਾਬਾ ਰਾਮ ਸਿੰਘ ਜੀ ਦਾ ਵਿਚਾਰ ਸੀ ਕਿ ਮਨੁੱਖ ਵਾਹਿਗੁਰੂ ਦੀ ਭਗਤੀ ਕਰਕੇ ਹੀ ਆਪਣੇ ਦੁੱਖਾਂ ਤੋਂ ਛੁਟਕਾਰਾ ਪਾ ਸਕਦਾ ਹੈ। ਇਸ ਲਈ ਉਨ੍ਹਾਂ ਨੇ ਲੋਕਾਂ ਨੂੰ ਪ੍ਰਮਾਤਮਾ ਤੇ ਵਿਸ਼ਵਾਸ ਰੱਖ ਕੇ ਚੰਗੇ ਕਰਮ ਕਰਨ ਲਈ ਉਪਦੇਸ਼ ਦਿੱਤਾ। ਨਾਮਧਾਰੀ ਜਾਤ-ਪਾਤ ਦੇ ਭੇਦ-ਭਾਵ ਵਿਚ ਵਿਸ਼ਵਾਸ ਨਹੀਂ ਰੱਖਦੇ। ਇਨ੍ਹਾਂ ਨੇ ਨਾਮਧਾਰੀਆਂ ਨੂੰ ਸਾਦਾ ਜੀਵਨ ਬਤੀਤ ਕਰਨ ਅਤੇ ਅਨੁਸ਼ਾਸਨ ਵਿਚ ਰਹਿਣ ਲਈ ਕਈ ਸ਼ਰਤਾਂ

ਰੱਖੀਆਂ ਅਤੇ ਇਹ ਸ਼ਰਤਾਂ ਹੀ ਇਸ ਲਹਿਰ ਦੇ ਮੁਢਲੇ ਸਿਧਾਂਤ ਬਣ ਗਏ। ਇਸ ਸੰਪਰਦਾਇ ਦੇ ਲੋਕਾਂ ਲਈ ਮਾਸ ਸ਼ਰਾਬ ਅਤੇ ਤਮਾਕੂ ਆਦਿ ਦੀ ਵਰਤੋਂ ਦੀ ਮਨਾਹੀ ਕੀਤੀ ਗਈ। ਹਰ ਰੋਜ਼ ਸਵੇਰੇ ਨੂੰ ਇਸ਼ਨਾਨ ਕਰਨਾ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪਾਠ ਕਰਨਾ, ਚੋਰੀ, ਝੂਠ, ਘੁਮੰਡ ਅਤੇ ਸੂਦ ਦੀ ਕਮਾਈ ਦਾ ਤਿਆਗ, ਗਊ ਰੱਖਿਆ, ਮਹਿਮਾਨ ਨਿਵਾਜੀ ਅਤੇ ਯੱਗ ਕਰਨਾ, ਪੈਸੇ ਲੈ ਕੇ ਲੜਕੀ ਨੂੰ ਕਿਸੇ ਬੁੱਢੇ ਵਿਅਕਤੀ ਨਾਲ ਵਿਆਹ ਕਰਨ ਦੀ ਮਨਾਹੀ ਅਤੇ ਵਿਧਵਾ ਵਿਆਹ ਦੀ ਆਜ਼ਾਦੀ ਆਦਿ ਸਿਧਾਂਤਾਂ ਦੀ ਪਾਲਣਾ ਕਰਨਾ, ਨਾਮਧਾਰੀ ਸੰਪਰਦਾਇ ਲਈ ਜ਼ਰੂਰੀ ਬਣ ਗਿਆ।

ਬਾਬਾ ਰਾਮ ਸਿੰਘ ਜੀ ਨੇ ਸੁਦੇਸ਼ੀ ਦਾ ਪ੍ਰਚਾਰ ਕਰਨ ਲਈ ਆਪਣੇ ਸ਼ਰਧਾਲੂਆਂ ਨੂੰ ਖੱਦਰ ਪਾਉਣ ਲਈ ਪ੍ਰੇਰਤ ਕੀਤਾ। ਜਾਤ-ਪਾਤ ਦੀ ਪ੍ਰਣਾਲੀ ਦੀ ਵਿਰੋਧਤਾ ਕੀਤੀ ਗਈ। ਵਿਆਹ ਦਾ ਸਿਸਟਮ ਵੀ ਘੱਟ ਖਰਚੀਲਾ ਬਣਾਇਆ ਗਿਆ। ਕੂਕਿਆਂ ਦੇ ਵਿਆਹ ਜਨਤਕ ਰੂਪ ਵਿਚ ਕੀਤੇ ਜਾਣ ਲੱਗ ਪਏ ਤਾਂ ਜੋ ਫਜ਼ੂਲ ਖਰਚੀ ਨਾ ਹੋਵੇ। ਬਾਬਾ ਰਾਮ ਸਿੰਘ ਜੀ ਨੇ ਵਿਆਹ ਦੀ ਇਸ ਨਵੀਂ ਪ੍ਰਣਾਲੀ ਨੂੰ 'ਆਨੰਦ ਵਿਆਹ' ਦਾ ਨਾਂ ਦਿੱਤਾ। ਇਸ ਪ੍ਰਣਾਲੀ ਅਨੁਸਾਰ ਸਿਰਫ ਸਵਾ ਰੁਪਏ ਵਿਚ ਵਿਆਹ ਦੀ ਰਸਮ ਪੂਰੀ ਕਰ ਦਿੱਤੀ ਜਾਂਦੀ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਕ ਤੋਂ ਜ਼ਿਆਦਾ ਜੋੜਿਆਂ ਦਾ ਇਕੱਠਾ ਹੀ ਆਨੰਦ ਕਾਰਜ ਕਰ ਦਿੱਤਾ ਜਾਂਦਾ। ਪਹਿਲੇ ਪਹਿਲ ਤਾਂ ਲੋਕਾਂ ਨੇ ਇਸ ਦਾ ਕੁਝ ਵਿਰੋਧ ਕੀਤਾ, ਖਾਸ ਕਰਕੇ ਪੰਡਤਾਂ ਨੇ ਇਸ ਦੀ ਬਹੁਤ ਵਿਰੋਧਤਾ ਕੀਤੀ, ਕਿਉਂਕਿ ਆਨੰਦ ਵਿਆਹ ਦੀ ਪ੍ਰਣਾਲੀ ਨਾਲ ਉਨ੍ਹਾਂ ਦੀ ਕਮਾਈ ਨੂੰ ਬਹੁਤ ਧੱਕਾ ਲਗਾ ਸੀ ਪਰ ਬਾਅਦ ਵਿਚ ਇਹ ਪ੍ਰਣਾਲੀ

> ਸਵੀਕਾਰ ਕਰ ਲਈ ਗਈ ਅਤੇ ਅੱਜ ਤਕ ਇਸ ਸੰਪਰਦਾਇ ਦੇ ਲੋਕ ਆਪਣੇ ਵਿਆਹ ਇਸੇ ਰਸਮ ਅਨੁਸਾਰ ਕਰਦੇ ਹਨ।[28]

ਨਾਮਧਾਰੀਆਂ ਦਾ ਉਦੇਸ਼ ਸਮਾਜ ਸੁਧਾਰ ਦੇ ਨਾਲ ਨਾਲ ਲੋਕਾਂ ਨੂੰ ਪ੍ਰਮਾਤਮਾ ਦੇ ਲੜ ਲਾਉਣਾ ਵੀ ਸੀ। ਲੋਕਾਂ ਨੂੰ ਧਰਮ ਨਾਲ ਜੋੜਨਾ ਸੀ, ਜੋ ਸਿੱਖ ਗੁਰੂ ਸਾਹਿਬਾਂ ਨੇ ਮਾਰਗ ਦਰਸ਼ਨ ਕੀਤਾ ਸੀ ਉਸ ਨੂੰ ਲੋਕਾਂ ਸਾਹਮਣੇ ਫਿਰ ਤੋਂ ਰੱਖਣਾ ਸੀ। ਬਾਕੀ ਸਮਾਜ ਵਿਚ ਫੈਲ ਚੁੱਕੀਆਂ ਬੁਰਾਈਆਂ ਨੂੰ ਦੂਰ ਕਰਨਾ ਸੀ। ਇਸ ਲਈ ਉਨ੍ਹਾਂ ਨੇ ਆਪਣੇ ਸਿਧਾਂਤ ਇਸ ਉਦੇਸ਼ ਨੂੰ ਮੁੱਖ ਰੱਖ ਕੇ ਬਣਾਏ ਤੇ ਦ੍ਰਿੜਤਾ ਨਾਲ ਉਨ੍ਹਾਂ ਦੀ ਪਾਲਣਾ ਕੀਤੀ। ਬਾਬਾ ਰਾਮ ਸਿੰਘ ਜੀ ਦਾ ਵਿਚਾਰ ਸੀ ਕਿ ਭਾਰਤੀਆਂ ਵਿਚ ਰਾਜਨੀਤਕ ਚੇਤਨਾ ਦੇ ਨਾਲ-ਨਾਲ ਲੋਕਾਂ ਵਿਚ ਧਾਰਮਕ ਚੇਤਨਾ ਦਾ ਵੀ ਪੂਰਾ ਪੂਰਾ ਵਿਕਾਸ ਹੋਵੇ।

ਭਾਵੇਂ 1857 ਦੀ ਕ੍ਰਾਂਤੀ ਨੂੰ ਕੰਟਰੋਲ ਕਰਨ ਵਿਚ ਅੰਗਰੇਜ਼ ਸਫ਼ਲ ਹੋਏ ਸਨ ਪਰ ਇਸ ਦਾ ਅਰਥ ਇਹ ਨਹੀਂ ਸੀ ਕਿ ਭਾਰਤੀ ਪੂਰਣ ਰੂਪ ਵਿਚ ਥੱਕ ਹਾਰ, ਹੌਂਸਲੇ ਹਾਰ ਕੇ ਬੈਠ ਗਏ ਸਨ। ਉਨ੍ਹਾਂ ਵਿਚ ਸੁਤੰਤਰਤਾ ਦਾ ਉਤਸ਼ਾਹ ਹਾਲੀ ਖ਼ਤਮ ਨਹੀਂ ਹੋਇਆ ਸੀ। ਕ੍ਰਾਂਤੀ ਤੋਂ ਬਾਅਦ ਵੀ ਭਾਰਤੀਆਂ ਦੇ ਦਿਲਾਂ ਵਿਚ ਅੰਗਰੇਜ਼ਾਂ ਦੇ ਅੱਤਿਆਚਾਰਾਂ ਦਾ ਬਦਲਾ ਲੈਣ ਦੀ ਅੱਗ ਸੁਲਗਦੀ ਰਹੀ। ਪੰਜਾਬ ਵਿਚ ਅੰਗਰੇਜ਼ਾਂ ਨੇ ਸਿੱਖ ਰਾਜ ਨੂੰ ਤਬਾਹ ਕਰਕੇ ਉਥੇ ਆਪਣੀ ਹਕੂਮਤ ਕਾਇਮ ਕਰ ਲਈ ਸੀ। ਇਸ ਕਾਰਣ ਪੰਜਾਬੀ ਸਿੱਖਾਂ ਦੇ ਵਕਾਰ ਨੂੰ ਕਾਫੀ ਢਾਹ ਲੱਗੀ ਸੀ। ਕੂਕੇ ਵੀ ਅੰਗਰੇਜ਼ਾਂ ਦੇ ਵਿਰੁੱਧ ਸਨ ਤੇ ਉਨ੍ਹਾਂ ਨੇ ਆਪਣੇ ਦੇਸ਼ ਨੂੰ ਅੰਗਰੇਜ਼ਾਂ ਦੇ ਪੰਜੇ ਤੋਂ ਆਜ਼ਾਦ ਕਰਾਉਣ ਦਾ ਬੀੜਾ ਚੁੱਕਿਆ। ਇਸ ਉਦੇਸ਼ ਦੀ ਪੂਰਤੀ ਲਈ ਕੁਝ ਉਦੇਸ਼ ਬਣਾਏ ਗਏ ਜੋ ਇਸ ਪ੍ਰਕਾਰ ਹਨ-

1. ਅੰਗਰੇਜ਼ੀ ਵਿਦਿਅਕ ਸੰਸਥਾਵਾਂ ਜਾਂ ਅੰਗਰੇਜ਼ਾਂ ਦੀ ਸਹਾਇਤਾ ਨਾਲ ਚਲਾਈਆਂ ਗਈਆਂ ਸੰਸਥਾਵਾਂ ਦਾ ਬਾਈਕਾਟ ਕਰਨਾ।
2. ਅੰਗਰੇਜ਼ੀ ਮਾਲ ਦਾ ਬਾਈਕਾਟ ਕਰਨਾ।
3. ਬ੍ਰਿਟਿਸ਼ ਸੇਵਾਵਾਂ ਦਾ ਬਾਈਕਾਟ ਕਰਨਾ

4. ਝਗੜਿਆਂ ਦੇ ਹੱਲ ਲਈ ਸਰਕਾਰੀ ਅਦਾਲਤਾਂ ਦਾ ਬਾਈਕਾਟ ਕਰਨਾ।

5. ਰੇਲ, ਡਾਕ, ਤਾਰ ਆਦਿ ਦਾ ਬਾਈਕਾਟ ਕਰਨਾ।

6. ਉਨ੍ਹਾਂ ਨਿਯਮਾਂ ਦੀ ਪਾਲਣਾ ਕਰਨੀ ਜੋ ਅੰਗਰੇਜ਼ਾਂ ਦੇ ਪ੍ਰਸ਼ਾਸਨ ਦੇ ਵਿਰੁੱਧ ਜਾਂਦੇ ਹੋਣ।

7. ਅੰਗਰੇਜ਼ਾਂ ਨਾਲ ਨਾ-ਮਿਲਵਰਤਨ ਅਤੇ ਸਿਵਲ ਨਾ-ਫੁਰਮਾਨੀ ਦਾ ਪ੍ਰਯੋਗ ਕਰਨਾ।

ਨਾਮਧਾਰੀਆਂ ਦੁਆਰਾ ਇਨ੍ਹਾਂ ਅਸੂਲਾਂ ਦੀ ਦ੍ਰਿੜ੍ਹਤਾ ਨਾਲ ਪਾਲਣਾ ਕਰਨਾ ਭਾਰਤੀ ਇਤਿਹਾਸ ਵਿਚ ਇਕ ਅਨੋਖੀ ਉਦਾਹਰਣ ਹੈ। ਉਹ ਜੀਵਨ ਦੇ ਹਰ ਆਰਾਮ ਤੋਂ ਵਾਂਝਿਆਂ ਰਹੇ ਅਤੇ ਹੱਸ ਕੇ ਦੁੱਖ ਸਹਿੰਦੇ ਰਹੇ। ਉਨ੍ਹਾਂ ਨੇ ਪੂਰੀ ਤਰ੍ਹਾਂ ਅੰਗਰੇਜ਼ਾਂ ਨਾਲ ਨਾ ਮਿਲਵਰਤਨ ਕੀਤਾ। ਉਨ੍ਹਾਂ ਨੇ ਕਦੇ ਅੰਗਰੇਜ਼ਾਂ ਦੀ ਮੱਦਦ ਨਾ ਲਈ ਸਗੋਂ ਆਪਣੀ ਚਲਾਈ ਹੋਈ ਪ੍ਰਣਾਲੀ ਅਨੁਸਾਰ ਹੀ ਸੰਤੁਸ਼ਟ ਰਹੇ। ਉਨ੍ਹਾਂ ਨੇ ਕਦੇ ਰੇਲਾਂ ਵਿਚ ਸਫ਼ਰ ਨਾ ਕੀਤਾ। ਆਪਣੇ ਝਗੜਿਆਂ ਦਾ ਫੈਸਲਾ ਕਰਾਉਣ ਲਈ ਉਹ ਸਰਕਾਰੀ ਅਦਾਲਤਾਂ ਵਿਚ ਨਾ ਗਏ। ਬਦੇਸ਼ੀ ਕੱਪੜੇ, ਸਰਕਾਰੀ ਨੌਕਰੀਆਂ, ਸਰਕਾਰੀ ਡਾਕ ਪ੍ਰਣਾਲੀ ਅਤੇ ਸਰਕਾਰੀ ਸਕੂਲਾਂ ਦਾ ਬਾਈਕਾਟ ਕਰਕੇ ਨਾ ਮਿਲਵਰਤਨ ਅਤੇ ਸਿਵਲ ਨਾਫੁਰਮਾਨੀ ਲਹਿਰ ਨੂੰ ਸਫ਼ਲ ਬਣਾਇਆ। ਭਾਰਤ ਦੇ ਭੂਤਪੂਰਬ ਰਾਸ਼ਟਰਪਤੀ ਡਾਕਟਰ ਰਾਜਿੰਦਰ ਪ੍ਰਸਾਦਿ ਜੀ ਨੇ ਨਾਮਧਾਰੀ ਦੇਸ਼ ਭਗਤਾਂ ਨੂੰ ਆਪਣੀ ਸ਼ਰਧਾਂਜਲੀ ਭੇਟ ਕਰਦੇ ਹੋਏ ਲਿਖਿਆ ਹੈ ਕਿ:

> ਗੁਰੂ ਰਾਮ ਸਿੰਘ ਸੁਤੰਤਰਤਾ ਨੂੰ ਵੀ ਧਰਮ ਦਾ ਜ਼ਰੂਰੀ ਅੰਗ ਮੰਨਦੇ ਸਨ। ਨਾਮਧਾਰੀਆਂ ਦਾ ਸੰਗਠਨ ਬਹੁਤ ਸ਼ਕਤੀਸ਼ਾਲੀ ਹੋ ਗਿਆ ਸੀ। ਸਾਡੇ ਦੇਸ਼ ਵਿਚ ਮਹਾਤਮਾਂ ਗਾਂਧੀ ਨੇ ਜਿਹੜਾ ਨਾ ਮਿਲਵਰਤਨ ਇੰਨੇ ਜ਼ੋਰਾਂ ਨਾਲ ਚਲਾਇਆ, ਉਸਨੂੰ ਗਰੂ ਰਾਮ ਸਿੰਘ ਜੀ ਨੇ ਲਗਭਗ 50 ਸਾਲ ਪਹਿਲੇ ਹੀ ਨਾਮਧਾਰੀਆਂ ਰਾਹੀਂ ਪ੍ਰਚੱਲਿਤ ਕੀਤਾ ਸੀ।[29]

ਸ਼ੁਰੂ ਵਿਚ ਬਾਬਾ ਰਾਮ ਸਿੰਘ ਜੀ ਦੇ ਪ੍ਰਚਾਰ ਦਾ ਖੇਤਰ ਜਿਲ੍ਹਾ ਲੁਧਿਆਣਾ ਤੱਕ ਹੀ ਸੀਮਤ ਸੀ ਪਰ ਆਪ ਜੀ ਦੇ ਕੀਰਤਨ ਅਤੇ ਉਪਦੇਸ਼ਾਂ ਨਾਲ ਆਪਦੇ ਭਗਤਾਂ ਦੀ ਗਿਣਤੀ ਵਧਣੀ ਸ਼ੁਰੂ ਹੋ ਗਈ ਅਤੇ ਲੋਕੀ ਆਪ ਜੀ ਦੇ ਉਪਦੇਸ਼ ਸੁਣਨ ਲਈ ਆਪ ਦੇ ਪਿੰਡ ਭੈਣੀ ਵਿਚ ਆਉਣ ਲੱਗ ਪਏ। ਬਾਬਾ ਰਾਮ ਸਿੰਘ ਜੀ ਕਦੇ-ਕਦੇ ਬਾਹਰਲੇ ਪਿੰਡਾਂ ਵਿਚ ਜਾ ਕੇ ਆਪਣਾ ਦੀਵਾਨ ਕਰਨ ਲੱਗ ਪਏ। ਇੰਜ ਆਪ ਜੀ ਦੀ ਪ੍ਰਸਿੱਧੀ ਦੂਰ ਦੂਰ ਤੱਕ ਫੈਲਣ ਲੱਗ ਪਈ।

ਸੰਨ 1863 ਵਿਚ ਵਿਸਾਖੀ ਦੇ ਅਵਸਰ ਤੇ ਬਾਬਾ ਜੀ ਅੰਮ੍ਰਿਤਸਰ ਗਏ ਅਤੇ ਉਥੇ ਆਪਣੇ ਉਪਦੇਸ਼ ਦਾ ਪ੍ਰਚਾਰ ਕੀਤਾ, ਜਿਸ ਨਾਲ ਬਹੁਤ ਸਾਰੇ ਲੋਕ ਆਪ ਦੇ ਸ਼ਰਧਾਲੂ ਬਣ ਗਏ। ਆਪ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਨ ਲਈ ਹੋਲੇ-ਮਹੱਲੇ ਦੇ ਅਵਸਰ 'ਤੇ ਆਨੰਦਪੁਰ ਸਾਹਿਬ ਵੀ ਗਏ ਅਤੇ ਬੜੇ ਭਾਰੀ ਦੀਵਾਨ ਲਾ ਕੇ ਆਪਣੇ ਸ਼ਰਧਾਲੂਆਂ ਨੂੰ ਈਸ਼ਵਰ ਦੀ ਭਗਤੀ ਵਿਚ ਲੀਨ ਹੋਣ ਦੀ ਪ੍ਰੇਰਨਾ ਦਿੱਤੀ। ਆਪ ਦੀਵਾਲੀ ਦੇ ਮੌਕੇ ਤੇ ਵੀ ਅੰਮ੍ਰਿਤਸਰ ਗਏ ਅਤੇ ਵਾਹਿਗੁਰੂ ਦੇ ਨਾਮ ਦਾ ਪ੍ਰਚਾਰ ਕੀਤਾ। ਹੌਲੀ ਹੌਲੀ ਨਾਮਧਾਰੀ ਸੰਪਰਦਾਇ ਸਾਰੇ ਪੰਜਾਬ ਅਤੇ ਭਾਰਤ ਦੇ ਕੁਝ ਦੂਸਰੇ ਭਾਗਾਂ ਵਿਚ ਫੈਲ ਗਿਆ। ਸੰਨ 1871 ਦੇ ਅੰਤ ਤੱਕ 4 ਲੱਖ 30 ਹਜ਼ਾਰ ਤੋਂ ਵੀ ਜ਼ਿਆਦਾ ਲੋਕਾਂ ਨੇ ਇਸ ਸੰਪਰਦਾਇ ਨੂੰ ਅਪਣਾ ਲਿਆ ਸੀ।[30]

ਬਾਬਾ ਰਾਮ ਸਿੰਘ ਜੀ ਨੇ ਨਾਮਧਾਰੀ ਸੰਪਰਦਾਇ ਦੇ ਵਿਸਤਾਰ ਅਤੇ ਇਸਦੇ ਸੰਗਠਨ ਨੂੰ ਮਜ਼ਬੂਤ ਬਣਾਉਣ ਲਈ ਪੰਜਾਬ ਦੇ ਵੱਖ ਵੱਖ ਭਾਗਾਂ ਵਿਚ ਆਪਣੇ ਪ੍ਰਚਾਰਕਾਂ ਦੀ ਨਿਯੁਕਤੀ ਕੀਤੀ ਜਿਨ੍ਹਾਂ ਦੀ ਗਿਣਤੀ 22 ਸੀ। ਇਨ੍ਹਾਂ ਸੂਬਿਆਂ ਵਿਚ ਸਰਦਾਰ ਰਤਨ ਸਿੰਘ ਜੀ ਧੀ ਬੀਬੀ ਹੁਕਮੀ ਵੀ ਸੀ ਜਿਸ ਨੇ ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਦੇ ਇਲਾਕੇ ਵਿਚ ਨਾਮਧਾਰੀ ਸੰਪਰਦਾਇ ਦਾ ਪ੍ਰਚਾਰ ਬੜੀ ਯੋਗਤਾ ਨਾਲ ਕੀਤਾ। ਹਰ ਇਕ ਸੂਬੇ ਦਾ ਇਲਾਕਾ ਨਿਸ਼ਚਿਤ ਕੀਤਾ ਹੋਇਆ ਸੀ ਅਤੇ ਉਹ ਆਪਣੇ ਇਲਾਕੇ ਵਿਚ ਆਪਣੇ ਸੰਪਰਦਾਇ ਦੇ ਵਿਚਾਰਾਂ ਦਾ ਪ੍ਰਚਾਰ ਕਰਦੇ ਹੋਏ ਨਾਮਧਾਰੀ ਲਹਿਰ ਸ਼ਕਤੀਸ਼ਾਲੀ ਬਣਾਉਣ ਦਾ ਕਾਰਜ ਕਰਦਾ ਸੀ। ਕੁਝ ਸੂਬਿਆਂ ਨੂੰ ਭੈਣੀ ਦਰਬਾਰ ਦਾ ਪ੍ਰਬੰਧ ਕਰਨ ਅਤੇ ਤਾਲ-ਮੇਲ ਬਣਾਏ ਰੱਖਣ ਦਾ ਕੰਮ ਸੌਂਪਿਆ ਗਿਆ ਸੀ।

ਇਨ੍ਹਾਂ ਤੋਂ ਇਲਾਵਾ ਬਾਕੀ ਸਾਰੇ ਸੂਬਿਆਂ ਨੂੰ ਵੱਖਰੇ-ਵੱਖਰੇ ਇਲਾਕਿਆਂ ਵਿਚ ਪ੍ਰਚਾਰ ਦੀ ਜਿੰਮੇਵਾਰੀ ਸੌਂਪੀ ਗਈ ਸੀ। ਇਸੇ ਵਿਚੋਂ ਕੁਝ ਸੂਬਿਆਂ ਦੀ ਸਖ਼ਸ਼ੀਅਤ ਬਹੁਤ ਪ੍ਰਭਾਵਸ਼ਾਲੀ ਸੀ ਅਤੇ ਉਹ ਆਪਣੇ ਆਪਣੇ ਇਲਾਕੇ ਵਿਚ ਬਾਬਾ ਰਾਮ ਸਿੰਘ ਦੇ ਹੁਕਮ ਅਨੁਸਾਰ ਬੜੀ ਸਫ਼ਲਤਾ ਨਾਲ ਕਾਰਜ ਕਰ ਰਹੇ ਸਨ। ਇਨ੍ਹਾਂ ਵਿਚ ਜਵਾਹਰ ਸਿੰਘ, ਸਾਹਿਬ ਸਿੰਘ, ਬੀਬੀ ਹੁਕਮੀ, ਸੁੱਧ ਸਿੰਘ ਅਤੇ ਕਾਹਨ ਸਿੰਘ ਆਦਿ ਪ੍ਰਮੁੱਖ ਸੂਬੇ ਸਨ। ਪੰਜਾਬ ਤੋਂ ਬਾਹਰ ਨਾਮਧਾਰੀ ਸੰਪਰਦਾਇ ਦਾ ਪ੍ਰਸਾਰ ਕਰਨ ਲਈ ਕੁਝ ਸੂਬਿਆਂ ਦੀ ਨਿਯੁਕਤੀ ਕੀਤੀ ਗਈ ਸੀ। ਸੂਬਾ ਬਿਸ਼ਨ ਸਿੰਘ ਨੂੰ ਕਾਬੁਲ ਵਿਚ, ਸੂਬਾ ਕਾਹਨ ਸਿੰਘ ਨੂੰ ਬਨਾਰਸ ਵਿਚ, ਸੂਬਾ ਨਿਹੰਗ ਸਿੰਘ ਨੂੰ ਨੇਪਾਲ ਵਿਚ, ਸੂਬਾ ਨਰਾਇਣ ਸਿੰਘ ਨੂੰ ਕਸ਼ਮੀਰ ਵਿਚ ਨਾਮਧਾਰੀ ਲਹਿਰ ਦਾ ਪ੍ਰਸਾਰ ਕਰਨ ਲਈ ਨਿਯੁਕਤ ਕੀਤਾ ਸੀ।[31]

ਬਾਬਾ ਰਾਮ ਸਿੰਘ ਜੀ ਚੁਕੰਨੇ ਸਨ ਕਿ ਹਿੰਦੋਸਤਾਨ ਵਿਚ ਜੋ ਗਿਰਾਵਟਾਂ ਆ ਰਹੀਆਂ ਸਨ ਉਹ ਧਾਰਮਕ ਪ੍ਰਚਾਰ ਦੇ ਮਾਧਿਅਮ ਨਾਲ ਹੀ ਦੂਰ ਕੀਤੀਆਂ ਜਾ ਸਕਦੀਆਂ ਹਨ। ਨਾਮਧਾਰੀ ਲਹਿਰ ਨੇ ਸਿੱਖ ਸਮਾਜ ਨੂੰ ਉਸ ਵੇਲੇ ਜਾਗ੍ਰਤੀ ਵਿਚ ਲਿਆਂਦਾ ਜਦੋਂ ਲੋਕ ਗੁਰੂਆਂ ਦੇ ਉਪਦੇਸ਼ ਨੂੰ ਭੁੱਲ ਚੁੱਕੇ ਸਨ ਅਤੇ ਅਨੇਕਾਂ ਬੁਰਾਈਆਂ ਵਿਚ ਗਲਤਾਨ ਹੋ ਚੁੱਕੇ ਸਨ। ਸਿੱਖ ਰਾਜ ਦੇ ਅੰਤ ਸਮੇਂ ਸਿੱਖ ਨਾਮ ਬਾਣੀ ਦਾ ਅਭਿਆਸ ਅਤੇ ਆਸਰਾ ਛੱਡ ਕੇ ਢਹਿੰਦੀਆਂ ਕਲਾਂ ਵੱਲ ਜਾ ਰਹੇ ਸਨ। ਉਨ੍ਹਾਂ ਨੂੰ ਵਿਰਸੇ, ਧਰਮ ਅਤੇ ਗੁਰੂ ਮਰਿਆਦਾ ਦਾ ਗਿਆਨ ਵਿਸਰਦਾ ਜਾ ਰਿਹਾ ਸੀ। ਸਿੱਖ ਕੁਰੀਤੀਆਂ ਕਰਦੇ ਤੇ ਨਸ਼ਿਆਂ ਦੀ ਵਰਤੋਂ ਕਰਦੇ ਸਿੱਖੀ ਤੋਂ ਪਤਿਤ ਹੁੰਦੇ ਜਾ ਰਹੇ ਸਨ। ਗੁਰੂਆਂ ਦੇ ਉਪਦੇਸ਼ ਪੜ੍ਹਨ-ਸੁਣਨ, ਗੁਰਬਾਣੀ ਪੜ੍ਹਨ ਆਦਿ ਨੂੰ ਛੱਡ ਕੇ ਉਹ ਸ਼ਰਾਬ, ਮਾਸ ਆਦਿ ਦੇ ਸੇਵਨ ਅਤੇ ਭੋਗ-ਵਿਲਾਸ ਦੇ ਕੰਮਾਂ ਵਿਚ ਰੁੱਝ ਚੁੱਕੇ ਸਨ। ਦੂਜੇ ਪਾਸੇ 1849 ਈ. ਵਿਚ ਪੰਜਾਬ ਦੇ ਅੰਗਰੇਜ਼ੀ ਰਾਜ ਨਾਲ ਮਿਲਾਏ ਜਾਣ ਕਾਰਣ ਪੰਜਾਬੀਆਂ ਦੇ ਧਰਮ ਅਤੇ ਵਿਸ਼ੇਸ਼ ਰੂਪ ਵਿਚ ਸਿੱਖ ਧਰਮ ਨੂੰ ਇਕ ਹੋਰ ਵੱਡਾ ਧੱਕਾ ਲੱਗਾ ਜਦੋਂ ਕਿ ਸਿੱਖਾਂ ਦੀ ਆਪਣੇ ਧਰਮ ਵਿਚੋਂ ਦਿਲਚਸਪੀ, ਸ਼ਰਧਾ, ਸਤਿਕਾਰ ਬਹੁਤ ਹੱਦ ਤੱਕ ਕਮਜ਼ੋਰ ਪੈ ਗਏ ਸਨ। ਉਹ ਧਾਰਮਕ ਵਿਅਕਤੀ ਜਿੰਨ੍ਹਾਂ ਨੇ

ਲੋਕਾਂ ਨੂੰ ਸਿੱਖੀ ਉਪਦੇਸ਼ਾਂ ਵੱਲ ਲਾਉਣਾ ਸੀ, ਉਹ ਈਸਾਈ ਮਿਸ਼ਨਰੀਆਂ ਦੇ ਪ੍ਰਭਾਵ ਹੇਠ ਆ ਚੁੱਕੇ ਸਨ। ਸਿੱਖ ਮੇਜਰ ਲੀਕ ਸਮਕਾਲੀ ਸਿੱਖਾਂ ਦੀ ਹਾਲਤ ਬਾਰੇ ਇਸ ਤਰ੍ਹਾਂ ਵਿਚਾਰ ਪੇਸ਼ ਕਰਦੇ ਹਨ:

> ਸਿੱਖ ਧਰਮ ਜੋ ਕਿ ਚਿਰਾਂ ਤੋਂ ਆਪਣੀ ਸ਼ਾਨ ਉਤੇ ਪੁੱਜਾ ਹੋਇਆ ਸੀ ਸਪੱਸ਼ਟ ਰੂਪ ਵਿਚ ਢਹਿੰਦੀ ਕਲਾ ਵਿਚ ਜਾ ਰਿਹਾ ਸੀ। ਸਿੱਖ ਆਪ ਕਹਿੰਦੇ ਹਨ ਕਿ ਮਨਮਤੀਆਂ ਕਰਨ ਵਾਲੇ ਸਿੱਖ ਜੋ ਗੁਰੂਆਂ ਦੇ ਦੱਸੇ ਮਾਰਗ ਨੂੰ ਛੱਡ ਕੇ ਆਪਣੀਆਂ ਮਨਭਾਉਂਦੀਆਂ ਕਰਦੇ ਹਨ, ਦਿਨ-ਬ-ਦਿਨ ਉਨ੍ਹਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਬਹੁਤ ਸਾਰੇ ਸਿੱਖ ਰਹਿਤ ਨੂੰ ਛੱਡ ਗਏ ਹਨ। [32]

ਅਜਿਹੇ ਸਮੇਂ "ਸਤਿਗੁਰ ਨਾਨਕ, ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਬਾਬਾ ਰਾਮ ਸਿੰਘ ਜੀ ਇਕ ਸੱਚਾ ਮਲਾਹ ਬਣ ਕੇ ਪੰਥ ਦੀ ਠਾਠਾਂ ਮਾਰਦੇ ਸਮੁੰਦਰ ਵਿਚ ਲਹਿਰਾਂ ਦੇ ਕਰਾਰੇ ਥੱਪੜਾਂ ਨਾਲ ਠੇਲ ਕੇ ਘੁੰਮਣ ਘੇਰ ਪਈ ਹੋਈ ਡਿੱਕ ਡੋਲੇ ਖਾ ਰਹੀ ਬੇੜੀ ਨੂੰ ਚੱਪੂ ਲਾ ਕੇ ਇਕ ਬੰਨੇ ਤੱਕ ਪਹੁੰਚਾਉਣ ਲਈ ਆ ਪਹੁੰਚੇ ਤੇ ਇਕ ਅਜਿਹਾ ਸ਼ਲਾਘਾਯੋਗ ਕੰਮ ਕਰ ਵਿਖਾਯਾ ਜਿਸ ਦਾ ਅੰਦਾਜ਼ਾ ਅੱਜ ਕੱਲ ਦੇ ਬਹਿਣ ਵਿਚ ਰੁੜ੍ਹ ਰਹੇ ਲੋਕੀਂ ਕੀ ਲਾ ਸਕਦੇ ਹਨ। ਉਨ੍ਹਾਂ ਨੇ ਪੰਥ ਦੀ ਬਿਖਰੀ ਹੋਈ ਜਥੇਬੰਦੀ ਨੂੰ ਮੁੜ ਇਕ ਮੁਠ ਕੀਤਾ ਤੇ ਸਿੱਖੀ ਦੇ ਪ੍ਰਚਾਰ ਨੂੰ ਬੜੇ ਉੱਚੇ ਤੇ ਵਧੀਆ ਪੈਮਾਨੇ ਤੇ ਆਰੰਭ ਕੀਤਾ। ਉਨ੍ਹਾਂ ਦੀਆਂ ਅਣਥੱਕ ਕੋਸ਼ਿਸ਼ਾਂ ਨਾਲ ਨਾਮ ਰੰਗ ਵਿਚ ਰੰਗੇ ਉਨ੍ਹਾਂ ਪ੍ਰੇਮੀ ਸੇਵਾਦਾਰਾਂ ਦਾ ਇਕ ਬੜਾ ਖ਼ਾਸ ਜਥਾ ਤਿਆਰ ਹੋ ਗਿਆ ਜੋ ਸਤਿਗੁਰਾਂ ਦੇ ਸੱਚੇ ਭਗਤ ਹੋਣ ਦੇ ਅਧਿਕਾਰੀ ਕਹੇ ਜਾ ਸਕਦੇ ਹਨ। ਉਨ੍ਹਾਂ ਨੇ ਸਤਿਨਾਮ ਨੂੰ ਆਪਣੇ ਜੀਵਨ ਵਿਚ ਅਸਲੀ ਅਰਥਾਂ ਵਿਚ ਧਾਰਨ ਕੀਤਾ ਤੇ ਸਿੱਖੀ ਵਿਚ ਇਕ ਨਵੀਂ ਧਾਰਮਕ ਚੇਤਨਾ ਦਾ ਪ੍ਰਸਾਰ ਕੀਤਾ। ਇਹ ਉਨ੍ਹਾਂ ਦੀਆਂ ਘਾਲਾਂ ਦਾ ਹੀ ਨਤੀਜਾ ਸੀ ਕਿ ਸਿੱਖਾਂ ਵਿਚ ਇਕ ਜਾਗਰਤੀ ਪੈਦਾ ਹੋ ਗਈ ਤੇ ਉਨ੍ਹਾਂ ਨੂੰ ਆਪਣੀ ਹਸਤੀ ਨੂੰ ਕਾਇਮ ਰੱਖਣ ਲਈ ਉਪਰਾਲੇ ਕਰਨ ਦੀ ਲਗਨ ਲੱਗ ਪਈ। [33]

ਇਸ ਬਾਰੇ ਕੋਈ ਸ਼ੱਕ ਨਹੀਂ ਕਿ ਇਸ ਲਹਿਰ ਅਤੇ ਲੋਕਾਂ ਵਿਚ ਧਾਰਮਕ ਚੇਤਨਾ ਪੈਦਾ ਕਰਨ ਵਾਲੇ ਗੁਰੂ ਰਾਮ ਸਿੰਘ ਜੀ ਦੀ ਮੁਢਲੀ ਪ੍ਰੇਰਨਾ ਦਾ ਸਰੋਤ ਗੁਰੂ ਸਾਹਿਬਾਨ ਦਾ ਜੀਵਨ ਅਤੇ ਉਨ੍ਹਾਂ ਦੀ ਵਿਚਾਰਧਾਰਾ ਹੀ ਸੀ।

ਗੁਰਬਾਣੀ ਦੀ ਸਿੱਖਿਆ ਅਤੇ ਸੋਝੀ ਉਨ੍ਹਾਂ ਨੂੰ ਆਪਣੀ ਮਾਤਾ ਪਾਸੋਂ ਗੁੜ੍ਹਤੀ ਵਿਚ ਹੀ ਮਿਲੀ ਸੀ। ਬਚਪਨ ਵਿਚ ਹੀ ਉਹਨਾਂ ਨੂੰ ਬਹੁਤ ਸਾਰੀ ਬਾਣੀ ਕੰਠ ਹੋ ਗਈ ਸੀ। ਸਰੀਰਕ, ਮਾਨਸਕ ਤੇ ਆਤਮਕ ਰੂਪ ਵਿਚ ਗੁਰੂ ਸਾਹਿਬਾਨ ਦੇ ਪੂਰਨਿਆਂ ਉਤੇ ਚਲਦਿਆਂ ਉਹ ਆਪਣੀ ਭਰ ਜਵਾਨੀ ਵਿਚ 20 ਸਾਲ ਦੀ ਉਮਰ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਖਾਲਸਾ ਫ਼ੌਜ ਵਿਚ ਭਰਤੀ ਹੋ ਗਏ ਤਾਂ ਗੁਰਬਾਣੀ ਦੀ ਲਗਨ, ਨਿਰਮਲ ਸਵੱਛ ਜੀਵਨ ਅਤੇ ਅੰਤਰ ਆਤਮਾ ਵਿਚ ਲਟ-ਲਟ ਬਲਦੀ ਪ੍ਰਭੂ ਪ੍ਰੇਮ ਦੀ ਜੋਤ ਦਾ ਪ੍ਰਭਾਵ ਏਨਾ ਸੀ ਕਿ ਉਹਨਾਂ ਦੇ ਸੰਗੀ ਸਾਥੀ ਗੁਰੂ ਘਰ ਦੀ ਪਰੰਪਰਾ ਅਨੁਸਾਰ ਉਹਨਾਂ ਨੂੰ ਭਗਤ ਆਖ ਕੇ ਬੁਲਾਉਣ ਲੱਗ ਪਏ। ਸੈਨਿਕ ਜੀਵਨ ਵਿਚ ਆ ਕੇ ਰਾਜ ਦਰਬਾਰ ਵਿਚ ਆਦਰ ਸਤਿਕਾਰ ਸਦਕਾ ਇਕ ਤਾਂ ਉਨ੍ਹਾਂ ਨੂੰ ਰਾਜਨੀਤਕ ਦਾਅ ਪੇਚਾਂ ਦੀ ਸਿੱਖਿਆ ਪ੍ਰਾਪਤ ਹੋਈ ਅਤੇ ਦੂਜੇ ਸਿੱਖ ਹਾਕਮਾਂ ਅਤੇ ਉਤਲੇ ਦਬਕੇ ਦੇ ਲੋਕਾਂ ਵਿਚ ਖ਼ਾਸ ਕਰਕੇ ਸਿੱਖ ਸੈਨਾਂ ਤੇ ਭਾਈਚਾਰੇ ਵਿਚ ਆਮ ਕਰਕੇ ਜੋ ਅੰਦਰਲੀਆਂ ਕਮਜ਼ੋਰੀਆਂ ਆ ਚੁੱਕੀਆਂ ਸਨ ਉਹਨਾਂ ਦਾ ਅਤੇ ਸਿੱਖ ਸਭਿਆਚਾਰ ਨੂੰ ਸਾਮਰਾਜੀ ਖਤਰੇ ਦਾ ਡੂੰਘਾ ਅਹਿਸਾਸ ਹੋਇਆ।

ਆਪ ਜੀ ਭਾਈਚਾਰੇ ਦੀ ਇਖਲਾਕੀ ਗਿਰਾਵਟ ਅਤੇ ਆਤਮਕ ਮਲੀਨਤਾ ਨੂੰ ਹੀ ਦੇਸ ਦੇ ਰਾਜਨੀਤਕ ਤੇ ਸਮਾਜਕ ਪਤਨ ਦਾ ਕਾਰਨ ਸਮਝਦੇ ਸਨ। ਇਸ ਲਈ ਉਨ੍ਹਾਂ ਨੇ ਸਮਾਜਕ ਤੇ ਧਾਰਮਕ ਪੁਨਰ ਜਾਗਰਤੀ ਨੂੰ ਆਪਣੇ ਮਿਸ਼ਨ ਦਾ ਪਹਿਲਾ ਨਿਸ਼ਾਨਾ ਬਣਾਇਆ। 1957 ਦੀ ਵਸਾਖੀ ਦੇ ਦਿਨ ਉਹਨਾਂ ਨੇ ਗੁਰੂ ਗੋਬਿੰਦ ਸਿੰਘ ਵਾਂਗ ਹੀ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਇੱਕ ਪੁਨਰ-ਜਾਗ੍ਰਤੀ ਦੀ ਲਹਿਰ, ਦੀ ਬੁਨਿਆਦ ਰੱਖੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਖਾਲਸੇ ਨੂੰ ਪੰਜ ਕਕਾਰਾਂ ਦਾ

ਧਾਰਨੀ ਬਣਾ ਕੇ ਐਸਾ ਤਿਆਗ ਤੇ ਨਿਵੇਕਲਾ ਸਰੂਪ ਪ੍ਰਦਾਨ ਕੀਤਾ ਸੀ ਕਿ ਜਿਹੜਾ ਲੱਖਾਂ ਕਰੋੜਾਂ ਵਿਚ ਵੀ ਆਪਣੀ ਅਲੱਗ ਪਹਿਚਾਣ ਰੱਖਦਾ ਸੀ। ਗੁਰੂ ਰਾਮ ਸਿੰਘ ਜੀ ਨੇ ਆਪਣੇ ਨਵ-ਸਿਰਜਤ ਖਾਲਸੇ ਨੂੰ ਸਫੈਦ ਬਾਣਾ ਪਹਿਨਣ ਦਾ ਹੁਕਮ ਕਰਕੇ ਅਤੇ ਪੁਰਾਤਨ ਸਿੱਖ ਰਵਾਇਤ ਅਨੁਸਾਰ ਦਸਤਾਰ ਸਜਾਉਣ ਦਾ ਢੰਗ ਮੁੜ ਚਾਲੂ ਕਰਕੇ ਨਿਵੇਕਲੀ ਪਛਾਣ ਦੇ ਦਿੱਤੀ। ਇਹ ਚਿੱਟਾ ਬਾਣਾ ਗੁਰੂ ਰਾਮ ਸਿੰਘ ਦੇ ਖਾਲਸੇ, ਨਾਮਧਾਰੀ ਸਿੱਖ ਦੀ ਬੇਦਾਗ ਪਵਿੱਤਰ ਸ਼ਖਸੀਅਤ ਦਾ ਪ੍ਰਤੀਕ ਹੈ।[34]

ਸਤਿਗੁਰੂ ਰਾਮ ਸਿੰਘ ਦੀ ਮੂਲ ਪ੍ਰੇਰਨਾ ਗੁਰਬਾਣੀ ਹੋਣ ਦੇ ਬਾਵਜੂਦ ਨਾਮਧਾਰੀ ਸਿੱਖਾਂ ਦਾ ਮੁਖਧਾਰਾ ਦੇ ਸਿੱਖਾਂ ਨਾਲੋਂ ਤਿੰਨ ਚਾਰ ਗੱਲਾਂ ਵਿਚ ਫ਼ਰਕ ਦੇਖਿਆ ਜਾ ਸਕਦਾ ਹੈ। ਧਾਰਮਕ ਚੇਤਨਾ ਨੂੰ ਲੋਕਾਂ ਵਿਚ ਵਿਕਸਤ ਕਰਨ ਹਿਤ ਨਾਮਧਾਰੀ ਲਹਿਰ ਨੇ ਦੋ ਮੁੱਖ ਨਿਸ਼ਾਨੇ ਰੱਖੇ ਜਿਹੜੇ ਅੱਜ ਵੀ ਪ੍ਰਾਸੰਗਿਕ ਹਨ। ਪਹਿਲਾ ਨਿਸ਼ਾਨਾ ਸੀ ਮਨੁੱਖੀ ਅਧਿਕਾਰਾਂ ਦਾ ਸਤਿਕਾਰ ਕਰਨਾ ਤੇ ਕਰਾਉਣਾ। ਆਜ਼ਾਦੀ ਦੇ ਅਧਿਕਾਰ ਨੂੰ ਵੀ ਮਨੁੱਖੀ ਅਧਿਕਾਰਾਂ ਵਿਚ ਹੀ ਗਿਣਿਆ ਜਾ ਸਕਦਾ ਹੈ। ਜਿਸਨੂੰ ਅੱਗੋਂ ਚੱਲ ਕੇ ਬਾਲ ਗੰਗਾਧਰ ਤਿਲਕ ਨੇ ਮਨੁੱਖ ਦਾ ਜਨਮ ਸਿੱਧ ਅਧਿਕਾਰ ਆਖਿਆ ਸੀ। ਗੁਰਬਾਣੀ ਵੀ ਇਸ ਗੱਲ ਦੀ ਪ੍ਰੋੜ੍ਹਤਾ ਕਰਦੀ ਹੈ:

ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥
ਗੁਰ ਪੀਰ ਹਾਮਾਂ ਤਾਂ ਭਰੇ ਜਾ ਮੁਰਦਾਰ ਨਾ ਖਾਇ॥

(ਗੁਰੂ ਗ੍ਰੰਥ ਸਾਹਿਬ, ਪੰਨਾ )

ਉਪਰੋਕਤ ਸਤਰਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਗੱਲ ਆਰਥਕ ਅਧਿਕਾਰ ਦੀ ਹੈ ਪਰ ਬਦਲੇ ਹੋਏ ਸਮਾਜਕ ਢਾਂਚੇ ਤੇ ਅਰਥਚਾਰੇ ਵਿਚ ਸਮੇਂ ਦੀ ਮੰਗ ਅਨੁਸਾਰ ਰਾਜਸੀ ਆਜ਼ਾਦੀ ਦਾ ਅਧਿਕਾਰ ਪ੍ਰਾਥਮਿਕਤਾ ਪ੍ਰਾਪਤ ਕਰ ਲੈਂਦਾ ਹੈ। ਆਜ਼ਾਦੀ ਦੀ ਇਸ ਲਗਨ ਅਤੇ ਤੜਪ ਦਾ ਮੂਲ

ਸਰੋਤ ਵੀ ਗੁਰਬਾਣੀ ਹੀ ਹੈ। ਪੰਜਾਬੀ ਸਾਹਿਤ ਦੇ ਪਿਤਾਮਾ ਤੇ ਸੂਫ਼ੀ ਫ਼ਕੀਰ ਬਾਬਾ ਫਰੀਦ ਜੀ ਜਦੋਂ ਕਹਿੰਦੇ ਹਨ:-

ਬਾਰਿ ਪਰਾਇਐ ਬੈਸਣਾ ਸਾਈਂ ਮੁਝੇ ਦਾ ਦੇਹ

ਤਾਂ ਉਹ ਇੱਥੇ ਵੀ ਮਨੁੱਖ ਦੀ ਜਨਮ ਸਿੱਧ ਆਜ਼ਾਦੀ ਦੀ ਗੱਲ ਕਰ ਰਹੇ ਹਨ:-

> ਭਾਰਤ ਨੂੰ ਅੰਗਰੇਜ਼ ਦੇ ਜੂਲੇ ਤੋਂ ਮੁਕਤ ਕਰਨ ਲਈ ਲੋਕਾਂ ਦੀ ਪੱਧਰ ਉਤੇ ਝੰਡਾ ਬੁਲੰਦ ਕਰਨ ਵਾਲੀ ਪਹਿਲੀ ਮਹਾਨ ਸਖਸੀਅਤ ਗੁਰੂ ਰਾਮ ਸਿੰਘ ਹੀ ਸਨ। ਇਹਦੇ ਵਾਸਤੇ ਉਹਨਾਂ ਨੇ ਇਕ ਪਾਸੇ, ਬੜੇ ਵਿਲੱਖਣ ਢੰਗ ਨਾਲ ਅੰਗਰੇਜ਼ਾਂ ਨਾਲ ਜੁੜੀ ਹਰ ਚੀਜ਼ ਦਾ ਬਾਈਕਾਟ ਕਰਨ ਦਾ ਅਤੇ ਅਹਿੰਸਾ ਦਾ ਰਾਹ ਅਪਣਾਇਆ ਅਤੇ ਦੂਜੇ ਪਾਸੇ ਆਪਣੀ ਜ਼ਬਰਦਸਤ ਜਥੇਬੰਦੀ ਸਦਕਾ ਪੰਜਾਬ ਵਿਚ ਹੀ ਨਹੀਂ ਸਗੋਂ ਬਦੇਸ਼ਾਂ ਤੱਕ ਸੰਚਾਰ ਤੇ ਸੰਪਰਕ ਪ੍ਰਣਾਲੀ ਖੜੀ ਕੀਤੀ ਅਤੇ ਸੂਖਮ ਤੇ ਸਫ਼ਲ ਕੂਟਨੀਤੀ ਨਾਲ ਰੂਸ ਤੇ ਅਫ਼ਗਾਨਿਸਤਾਨ ਜਿਹੀਆਂ ਉਹਨਾਂ ਤਾਕਤਾਂ ਨਾਲ ਸੰਬੰਧ ਸਥਾਪਤ ਕਰਨ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ ਜੋ ਬਰਤਾਨਵੀ ਸਾਮਰਾਜ ਤੇ ਇਸ ਦੀ ਪਸਾਰਵਾਦੀ ਨੀਤੀ ਦਾ ਵਿਰੋਧ ਕਰਦੀਆਂ ਸਨ। ਕਈ ਇਤਿਹਾਸਕਾਰਾਂ ਤੇ ਨੀਤੀਵਾਨਾਂ ਨੂੰ ਆਜ਼ਾਦ ਭਾਰਤ ਦੀ ਬਦੇਸ਼ ਨੀਤੀ ਦੇ ਬੀਜ ਗੁਰੂ ਰਾਮ ਸਿੰਘ ਜੀ ਦੀ ਇਸ ਪਹੁੰਚ ਵਿਚ ਹੀ ਵਿਖਾਈ ਦਿੱਤੇ ਹਨ।[35]

ਧਾਰਮਕ ਚੇਤਨਾ ਦੇ ਪ੍ਰਸਾਰ ਦੇ ਮਾਧਿਅਮ ਨਾਲ ਹੀ ਸੂਬਾ ਹੀਰਾ ਸਿੰਘ ਦੀ ਅਗਵਾਈ ਹੇਠ ਕੁਝ ਕੂਕੇ ਨੇਪਾਲ ਵੀ ਗਏ ਸਨ। ਉਸ ਸਮੇਂ ਨੇਪਾਲ ਦਾ ਰਾਜਾ ਦਾ ਨਾਂ ਨਾ-ਮਾਤਰ ਹੀ ਸੀ। ਰਾਜ ਦੀ ਅਸਲੀ ਸ਼ਕਤੀ ਤਾਂ ਉਸਦੇ ਪ੍ਰਧਾਨ ਮੰਤਰੀ ਰਾਨਾ ਜੰਗ ਬਹਾਦਰ ਦੇ ਹੱਥਾਂ ਵਿਚ ਹੀ ਸੀ। ਇਸੇ

ਲਈ ਕੂਕੇ ਉਸਨੂੰ ਮਿਲੇ ਅਤੇ ਨੇਪਾਲ ਦੀ ਫ਼ੌਜ ਵਿਚ ਭਰਤੀ ਹੋ ਗਏ। ਉਹ ਨੇਪਾਲੀਆਂ ਨੂੰ ਫ਼ੌਜੀ ਸਿਖਲਾਈ ਦੇਣ ਦੇ ਨਾਲ ਨਾਲ ਉਥੇ ਨਾਮਧਾਰੀ ਸੰਪਰਦਾਇ ਦਾ ਪ੍ਰਚਾਰ ਵੀ ਕਰਨ ਲੱਗੇ ਪਰ ਕੋਈ ਵਿਸ਼ੇਸ਼ ਸਫ਼ਲਤਾ ਪ੍ਰਾਪਤ ਨਾ ਹੋਈ। ਉਹ ਗੁਰੂ ਬਾਬਾ ਰਾਮ ਸਿੰਘ ਜੀ ਦੇ ਵੱਲੋਂ ਨੇਪਾਲ ਦੇ ਰਾਜੇ ਲਈ ਕੁਝ ਮੱਝਾਂ ਅਤੇ ਹੋਰ ਤੋਹਫੇ ਲੈਕੇ ਗਏ ਸਨ। ਇਸ ਦੇ ਬਦਲੇ ਵਿਚ ਨੇਪਾਲ ਦੇ ਰਾਜੇ ਨੇ ਵੀ ਕੁਝ ਚੀਜਾਂ ਉਨ੍ਹਾਂ ਨੂੰ ਭੇਂਟ ਦੇ ਰੂਪ ਵਿਚ ਭੇਜੀਆਂ ਸਨ। ਕੂਕਿਆਂ ਦਾ ਉਦੇਸ਼ ਨੇਪਾਲ ਦੇ ਰਾਜੇ ਕੋਲੋਂ ਸਹਾਇਤਾ ਪ੍ਰਾਪਤ ਕਰਕੇ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਬਾਹਰ ਕੱਢ ਕੇ ਦੇਸ਼ ਨੂੰ ਆਜ਼ਾਦ ਕਰਾਉਣਾ ਸੀ। ਇਸ ਮੰਤਵ ਲਈ ਉਹ ਨੇਪਾਲ ਦੇ ਪ੍ਰਧਾਨ ਮੰਤਰੀ ਨਾਲ ਗੱਲਬਾਤ ਵੀ ਕਰਦੇ ਰਹੇ, ਪਰ ਉਨ੍ਹਾਂ ਨੂੰ ਆਪਣੇ ਉਦੇਸ਼ ਵਿਚ ਸਫ਼ਲਤਾ ਪ੍ਰਾਪਤ ਨਾ ਹੋ ਸਕੀ, ਕਿਉਂਕਿ ਨੇਪਾਲੀ ਕੂਕਿਆਂ ਨੂੰ ਸਹਾਇਤਾ ਦੇ ਕੇ ਅੰਗਰੇਜ਼ਾਂ ਨਾਲ ਵੈਰ ਮੁੱਲ ਨਹੀਂ ਸੀ ਲੈਣਾ ਚਾਹੁੰਦੇ।

ਏਥੇ ਹੀ ਨਹੀਂ ਬਲਕਿ ਬਾਬਾ ਰਾਮ ਸਿੰਘ ਜੀ ਨੇ ਭਾਰਤ ਵਿਚ ਇਕ ਵਿਉਂਤਬੱਧ ਢੰਗ ਨਾਲ ਲੋਕਾਂ ਵਿਚ ਧਾਰਮਕ ਚੇਤਨਾ ਲਿਆਉਣ ਹਿੱਤ ਪੰਜਾਬ ਦੇ ਵੱਖ-ਵੱਖ ਭਾਗਾਂ ਵਿਚ ਆਪਣੇ ਪ੍ਰਚਾਰਕਾਂ ਦੀ ਨਿਯੁਕਤੀ ਕੀਤੀ ਹੋਈ ਸੀ। ਇਨ੍ਹਾਂ ਨੂੰ ਸੂਬੇ ਕਿਹਾ ਜਾਂਦਾ ਸੀ ਤੇ ਇਨ੍ਹਾਂ ਦੀ ਗਿਣਤੀ 22 ਸੀ। ਹਰ ਇਕ ਸੂਬੇ ਦਾ ਇਲਾਕਾ ਨਿਸ਼ਚਿਤ ਕੀਤਾ ਹੋਇਆ ਸੀ ਅਤੇ ਉਹ ਆਪਣੇ ਇਲਾਕੇ ਵਿਚ ਆਪਣੇ ਸੰਪਰਦਾਇ ਦੇ ਵਿਚਾਰਾਂ ਦਾ ਪ੍ਰਚਾਰ ਕਰਦੇ ਹੋਏ ਨਾਮਧਾਰੀ ਲਹਿਰ ਨੂੰ ਸ਼ਕਤੀਸ਼ਾਲੀ ਬਣਾਉਣ ਦਾ ਵੀ ਕਾਰਜ ਕਰਦਾ ਸੀ। ਕੁਝ ਸੂਬਿਆਂ ਨੂੰ ਭੈਣੀ ਦਰਬਾਰ ਦਾ ਪ੍ਰਬੰਧ ਕਰਨ ਅਤੇ ਤਾਲ-ਮੇਲ ਬਣਾਏ ਰੱਖਣ ਦਾ ਕੰਮ ਸੌਂਪਿਆ ਗਿਆ ਸੀ। ਪੰਜਾਬ ਤੋਂ ਬਾਹਰ ਨਾਮਧਾਰੀ ਸੰਪਰਦਾਇ ਦਾ ਪ੍ਰਸਾਰ ਕਰਨ ਲਈ ਵੀ ਕੁਝ ਸੂਬਿਆਂ ਦੀ ਨਿਯੁਕਤੀ ਕੀਤੀ ਗਈ ਸੀ। ਸਤਿਗੁਰੂ ਰਾਮ ਸਿੰਘ ਨੇ ਆਪਣੇ ਸੰਪਰਦਾਇ ਦੇ ਪ੍ਰਚਾਰ ਲਈ ਇਕ ਯੋਗ ਤੇ ਸ਼ਕਤੀਸ਼ਾਲੀ ਸੰਗਠਨ ਕਾਇਮ ਕੀਤਾ ਸੀ।

ਸੂਬਿਆਂ ਦੀ ਸਹਾਇਤਾ ਲਈ ਨਾਇਬ ਸੂਬੇ ਅਤੇ ਉਨ੍ਹਾਂ ਦੇ ਥੱਲੇ ਜਥੇਦਾਰਾਂ ਦੀ ਨਿਯਕੁਤੀ ਕੀਤੀ ਗਈ ਸੀ। ਕੂਕਾ ਸੰਗਠਨ ਵਿਚ ਹੇਠਲੀ ਪਰ ਸਭ ਤੋਂ ਮਹੱਤਵਪੂਰਨ ਕੜੀ ਸਥਾਨਕ ਸੰਗਤ ਸੀ। ਨਾਇਬ ਸੂਬਿਆਂ ਅਤੇ ਜਥੇਦਾਰਾਂ ਨੂੰ ਛੋਟੇ ਕਾਰਜ ਖੇਤਰ ਦੀ ਜਿੰਮੇਵਾਰੀ ਸੌਂਪੀ ਜਾਂਦੀ ਸੀ ਅਤੇ

ਉਹ ਆਪਣੇ-ਆਪਣੇ ਇਲਾਕੇ ਵਿਚ ਧਾਰਮਕ ਪ੍ਰਚਾਰ ਦੇ ਕਾਰਜਾਂ ਦੀ ਦੇਖ ਰੇਖ ਕਰਦੇ ਸਨ। ਸਥਾਨਕ ਸੰਗਤਾਂ ਨੇ ਕੂਕਾ ਸੰਗਠਨ ਲਈ ਇਕ ਸ਼ਕਤੀਸ਼ਾਲੀ ਆਧਾਰ ਦਾ ਕੰਮ ਕੀਤਾ। ਸੂਬਿਆਂ ਦੀ ਨਿਯੁਕਤੀ ਨਾਮਧਾਰੀ ਸੰਗਠਨ ਦੇ ਵਿਕਾਸ ਲਈ ਉਠਾਇਆ ਗਿਆ ਇਕ ਮਹੱਤਵਪੂਰਨ ਕਦਮ ਸੀ। ਇਨ੍ਹਾਂ ਰਾਹੀਂ ਸਤਿਗੁਰੂ ਰਾਮ ਸਿੰਘ ਜੀ ਦੇ ਇਸ ਉਦੇਸ਼ ਦਾ ਸਾਫ਼ ਪਤਾ ਲੱਗਦਾ ਹੈ ਕਿ ਉਹ ਆਪਣੇ ਸੰਗਠਨ ਰਾਹੀਂ ਲੋਕਾਂ ਵਿਚ ਧਾਰਮਕ ਜਾਗ੍ਰਤੀ ਲਿਆਉਣਾ ਚਾਹੁੰਦੇ ਸਨ। ਉਪਰੋਕਤ ਤੱਥਾਂ ਤੋਂ ਸਤਿਗੁਰੂ ਰਾਮ ਸਿੰਘ ਦਾ ਉਦੇਸ਼ ਭਲੀ ਭਾਂਤ ਉਜਾਗਰ ਹੋ ਜਾਂਦਾ ਹੈ। ਉਨ੍ਹਾਂ ਨੇ ਸਿੱਖਾਂ ਨੂੰ ਨਾਮ-ਸਿਮਰਨ ਕਰਨ, ਬਾਣੀ ਪੜ੍ਹਨ, ਪਾਠ-ਕਰਨ ਅਤੇ ਭੋਗ ਪਾਉਣ ਅਤੇ ਜਪ, ਜਾਪੁ, ਰਹਿਰਾਸ, ਸੁਖਮਨੀ, ਆਸਾ ਦੀ ਵਾਰ, ਆਰਤੀ, ਸੋਹਿਲਾ, ਬਾਣੀਆਂ ਨੂੰ ਰੋਜ਼ਾਨਾ ਪੜ੍ਹਨ ਦੀ ਤਾਕੀਦ ਕੀਤੀ ਹੈ। ਇਨ੍ਹਾਂ ਹੁਕਮਨਾਮਿਆਂ ਵਿਚ ਸਵਾਸ-ਸਵਾਸ ਨਾਮ ਜਪਣ, ਸਵੇਰੇ ਜਲਦੀ ਉੱਠ ਕੇ ਕੇਸੀ ਇਸ਼ਨਾਨ ਕਰਨਾ, ਬਾਣੀ ਪੜ੍ਹਨ, ਗੁਰੂ ਉਪਦੇਸ਼ਾਂ ਤੇ ਚੱਲਣ ਅਤੇ ਮਾੜੇ ਕਰਮਾਂ ਤੋਂ ਪ੍ਰਹੇਜ ਕਰਨ ਬਾਰੇ ਵੀ ਵਾਰ-ਵਾਰ ਕਿਹਾ ਗਿਆ ਹੈ। [36]

(ੲ) **ਰਾਜਸੀ ਚੇਤਨਾ:**

ਹਥਲੇ ਖੋਜ-ਪ੍ਰਬੰਧ ਵਿਚ ਹੁਣ ਤੱਕ ਅਸੀਂ ਨਾਮਧਾਰੀ ਲਹਿਰ ਦੇ ਇਤਿਹਾਸ ਤੇ ਇਤਿਹਾਸ ਪ੍ਰਤੀ ਚੇਤਨਾ ਦੇ ਨਾਲ ਨਾਮਧਾਰੀ ਲਹਿਰ ਦੀ ਧਾਰਮਕ ਚੇਤਨਾ ਬਾਰੇ ਚਰਚਾ ਕਰ ਆਏ ਹਾਂ। ਨਾਮਧਾਰੀ ਲਹਿਰ ਦੀ ਰਾਜਸੀ ਚੇਤਨਾ ਵੀ ਉਨਾ ਹੀ ਮਹੱਤਵਪੂਰਨ ਸਥਾਨ ਰੱਖਦੀ ਹੈ ਜਿੰਨਾਂ ਕਿ ਧਾਰਮਕ ਚੇਤਨਾ। ਇਸ ਲਹਿਰ ਦੇ ਅੰਤਰਗਤ ਨਾਮਧਾਰੀਆਂ ਨੇ ਅੰਗਰੇਜ਼ੀ ਹਕੂਮਤ ਵਿਰੁੱਧ ਆਪਣਾ ਅੰਦੋਲਨ ਸ਼ੁਰੂ ਕੀਤਾ। ਨਾਮਧਾਰੀਆਂ ਦੀ ਇਸ ਪਹਿਲ ਕਦਮੀ ਸਦਕਾ ਅਨੇਕਾਂ ਦੇਸ਼-ਭਗਤ ਇਸ ਆਜ਼ਾਦੀ ਦੀ ਲੜਾਈ ਵਿਚ ਕੁੱਦੇ। ਡਾ. ਫ਼ੌਜਾ ਸਿੰਘ ਜੀ ਲਿਖਦੇ ਹਨ:

> ਪੰਜਾਬ ਵਿਚ ਬਰਤਾਨਵੀ ਸਾਮਰਾਜ ਦੇ ਵਿਰੁੱਧ ਸਭ ਤੋਂ ਪਹਿਲਾਂ ਆਵਾਜ਼ ਉਠਾਉਣ ਵਾਲੇ ਨਾਮਧਾਰੀ ਸਨ, ਜਿਨ੍ਹਾਂ ਨੇ ਆਪਣੇ ਰਹਿਬਰ ਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ ਜਿੱਥੇ ਸਮਾਜ ਵਿਚੋਂ ਧਾਰਮਕ ਤੇ ਸਮਾਜਕ

> ਬੁਰਾਈਆਂ ਕੱਢਣ ਲਈ ਜਤਨ ਕੀਤੇ ਉਥੇ ਬਦੇਸ਼ੀ ਸ਼ਾਸਨ ਦੀ ਕਰੜੀ ਆਲੋਚਨਾ ਵੀ ਕੀਤੀ ਅਤੇ ਜਨਤਾ ਵਿਚ ਇਸ ਦੀ ਵਿਰੋਧਤਾ ਦਾ ਸਾਹਸ ਭਰਿਆ। ਅੰਗਰੇਜ਼ਾਂ ਨੇ ਸੰਨ 1849 ਈ. ਵਿਚ ਪੰਜਾਬ ਨੂੰ ਆਪਣੇ ਰਾਜ ਵਿਚ ਮਿਲਾ ਲਿਆ ਸੀ। ਉਦੋਂ ਤੋਂ ਹੀ ਈਸਾਈ ਪਾਦਰੀਆਂ ਨੇ ਆਪਣੇ ਮੱਤ ਦੇ ਪ੍ਰਚਾਰ ਦੀ ਤਾਬੜ ਤੋੜ ਮੁਹਿੰਮ ਸ਼ੁਰੂ ਕਰ ਦਿੱਤੀ। ......... ਨਾਮਧਾਰੀ ਗੁਰੂ ਰਾਮ ਸਿੰਘ ਤੇ ਉਹਨਾਂ ਦੇ ਅਨੁਯਾਈਆਂ ਨੂੰ ਮਹਿਸੂਸ ਹੋਇਆ ਕਿ ਨਾ ਕੇਵਲ ਉਹਨਾਂ ਦਾ ਧਰਮ ਹੀ ਖਤਰੇ ਵਿਚ ਹੈ ਸਗੋਂ ਉਹ ਸਾਰੀਆਂ ਕਦਰਾਂ-ਕੀਮਤਾਂ ਤੇ ਉਹ ਰਸਮੋ-ਰਿਵਾਜ ਜੋ ਉਹਨਾਂ ਦੀ ਸੰਸਕ੍ਰਿਤੀ ਦੀ ਬੁਨਿਆਦ ਸਨ, ਜੜਾਂ ਤੋਂ ਪੁੱਟੇ ਜਾ ਰਹੇ ਸਨ। ਇਸ ਘੋਰ ਸਮੱਸਿਆ ਦਾ ਇਕੋ ਇਕ ਇਲਾਜ ਜੋ ਉਹਨਾਂ ਦੇ ਮਨ ਵਿਚ ਆਇਆ ਉਹ ਅੰਗਰੇਜ਼ੀ ਰਾਜ ਨੂੰ ਖ਼ਤਮ ਕਰਕੇ ਮੁੜ ਪੰਜਾਬ ਵਿਚ ਆਜ਼ਾਦ ਖਾਲਸਾ ਰਾਜ ਸਥਾਪਿਤ ਕਰਨਾ ਸੀ। [37]

ਸਤਿਗੁਰੂ ਰਾਮ ਸਿੰਘ ਜੀ ਨੇ ਕੰਵਰ ਨੌਨਿਹਾਲ ਸਿੰਘ ਦੀ ਰਜਮੈਂਟ ਵਿਚ ਰਹਿੰਦਿਆਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਥਾਪਤ ਕੀਤੇ ਰਾਜ ਦਾ ਅਖੀਰਲਾ ਪੰਧ ਵੇਖ ਲਿਆ ਸੀ ਜਿਸ ਕਰਕੇ ਉਨ੍ਹਾਂ ਅੰਦਰ ਅੰਗਰੇਜ਼ਾਂ ਦੇ ਪੰਜਾਬ ਤੇ ਕਬਜ਼ਾ ਕਰਨ ਤੋਂ ਹੀ ਮੁਕਤੀ ਜਾਂ ਆਜ਼ਾਦੀ ਪ੍ਰਾਪਤੀ ਲਈ ਇਕ ਸੁਨਿਹਰੀ ਚਿਣਗ ਲੱਗ ਗਈ ਸੀ। ਇਹ ਵੀ ਪਤਾ ਸੀ ਕਿ ਇਸ ਬਰਤਾਨਵੀ ਸਰਕਾਰ ਨਾਲ ਹਥਿਆਰਾਂ ਨਾਲ ਮੱਥਾ ਲਾਉਣਾ ਐਸ ਵੇਲੇ ਕਾਫੀ ਔਖਾ ਕੰਮ ਸੀ। ਆਪ ਨੇ ਸਭ ਤੋਂ ਪਹਿਲਾ ਹਥਿਆਰ ਨਾ-ਮਿਲਵਰਤਨ (Non-co-operation Movement) ਦਾ ਨਾਮਧਾਰੀਆਂ ਨੂੰ ਦਿੱਤਾ ਜਿਸ ਦੇ ਕੁਝ ਅਸੂਲ ਇਸ ਪ੍ਰਕਾਰ ਸਨ:

1. ਅੰਗਰੇਜ਼ ਸਰਕਾਰ ਦੀ ਨੌਕਰੀ ਨਹੀਂ ਕਰਨੀ।
2. ਇਨ੍ਹਾਂ ਦੇ ਬਣੇ ਵਸਤਰ ਨਹੀਂ ਪਾਉਣੇ

3. ਇਨ੍ਹਾਂ ਦੇ ਬਣੇ ਸਕੂਲਾਂ ਕਾਲਜਾਂ 'ਚ ਨਾ ਜਾਣਾ

4. ਇਨ੍ਹਾਂ ਦੀਆਂ ਬਣੀਆਂ ਕਚਹਿਰੀਆਂ ਜਾਂ ਰੇਲ ਗੱਡੀਆਂ ਜਾਂ ਨਹਿਰਾਂ ਜਾਂ ਸੜਕਾਂ ਦੇ ਕਿਨਾਰੇ ਲੱਗੇ ਦਰੱਖਤਾਂ ਦੀ ਛਾਵੇਂ ਵੀ ਨਹੀਂ ਬੈਠਣਾ।

5. ਵਿਦੇਸ਼ੀ ਸਰਕਾਰ ਰਾਹੀਂ ਸਥਾਪਤ ਕੀਤੇ ਡਾਕਖਾਨਿਆਂ ਦੀ ਬਜਾਏ ਆਪਣੀ ਡਾਕ ਦਾ ਪ੍ਰਬੰਧ (KuKa Postal System) ਕੀਤਾ।

ਇਸ ਹਥਿਆਰ ਨੂੰ ਅਪਣਾ ਕੇ ਨਾਮਧਾਰੀਆਂ ਨੇ ਬਰਤਾਨਵੀ ਹਕੂਮਤ ਨੂੰ ਵਖਤ ਪਾ ਦਿੱਤਾ। ਉਸ ਸਮੇਂ ਰੂਸ ਨਾਲ, ਨੇਪਾਲ ਨਾਲ, ਕਸ਼ਮੀਰ ਨਾਲ ਸੰਬੰਧ ਜੋੜ ਲੈਣੇ ਅੰਗਰੇਜ਼ਾਂ ਲਈ ਇਕ ਚੈਲੰਜ ਬਣ ਗਿਆ ਸੀ। ਬਗਾਵਤ ਦਾ ਪੈਗਾਮ ਸੀ ਜਿਸ ਨਾਲ ਸਾਰਾ ਪੰਜਾਬ ਜਾਗ ਉਠਿਆ ਸੀ।[38]

ਆਜ਼ਾਦੀ ਦੀ ਇਸੇ ਤੜਪ ਨੂੰ ਨਾ ਸਹਾਰਦਿਆਂ ਹੋਇਆਂ ਬਗੈਰ ਕਿਸੇ ਫ਼ੌਜੀ ਤਿਆਰੀ ਦੇ ਬਗੈਰ ਕਿਸੇ ਮੁਨਾਸਿਬ ਤਰੀਕੇ ਨਾਲ ਤਿਆਰ ਕੀਤੀ ਯੋਜਨਾ ਦੇ ਅੰਮ੍ਰਿਤਸਰ, ਰਾਏ ਕੋਟ ਤੇ ਮਲੇਰਕੋਟਲੇ ਬੁਚੜਖਾਨਿਆਂ ਤੇ ਹਮਲੇ ਕਰ ਦੇਣੇ ਇਕ ਰੋਹ ਸੀ, ਇਕ ਵੰਗਾਰ ਸੀ ਉਸ ਗੋਰੀ ਹਕੂਮਤ ਪ੍ਰਤੀ। ਸੈਂਕੜੇ ਨਾਮਧਾਰੀ ਫਾਂਸੀਆਂ ਤੇ ਲਟਕ ਗਏ, ਤੋਪਾਂ ਅੱਗੇ ਖਲੋ ਕੇ ਤੂੰਬਾ-ਤੂੰਬਾ ਹੋ ਗਏ। ਕਾਲੇ ਪਾਣੀਆਂ ਦੀਆਂ ਸਜਾਵਾਂ ਸਹਿ ਲਈਆਂ, ਜੇਲਾਂ ਅਤੇ ਸਖ਼ਤ ਤਸੀਹੇ ਝੱਲ ਕੇ ਵੀ ਉਫ ਤੱਕ ਨਾ ਕੀਤੀ। ਇਹ ਸੀ ਨਾਮਧਾਰੀਆਂ ਵਿਚ ਫੈਲ ਚੁੱਕੀ ਰਾਜਸੀ ਚੇਤਨਾ ਦੀ ਲਹਿਰ। ਪਰ ਸਰਕਾਰ ਦੀਆਂ ਸਖਤੀਆਂ ਨਾਮਧਾਰੀ ਜਥੇਬੰਦੀ ਨੂੰ ਖ਼ਤਮ ਨਾ ਕਰ ਸਕੀਆਂ। ਬਾਬਾ ਰਾਮ ਸਿੰਘ ਜੀ ਦਾ ਆਰੰਭਿਆ ਕੰਮ ਬਾਬਾ ਬੁੱਧ ਸਿੰਘ ਜੀ ਨੇ ਚਾਲੂ ਰੱਖਿਆ। ਫ਼ਰਕ ਕੇਵਲ ਇਹ ਸੀ ਕਿ ਜੋ ਕੰਮ ਪਹਿਲਾਂ ਖੁੱਲੇ ਬਾਜ਼ਾਰ ਹੁੰਦਾ ਸੀ ਉਹ ਸਰਕਾਰ ਦੀ ਚੌਕਸੀ ਦੇ ਕਾਰਨ ਖੁਫ਼ੀਆ ਤੌਰ ਤੇ ਕੀਤਾ ਜਾਣ ਲੱਗਾ। ਸੂਰਬੀਰ ਨਾਮਧਾਰੀ ਸਿੰਘ ਹਥੇਲੀ ਤੇ ਜਾਨ ਟਿਕਾ ਕੇ ਬਰਮਾ ਜਾਂਦੇ ਅਤੇ ਗੁਰੂ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਤੋਂ ਉਪਦੇਸ਼ ਲੈ ਕੇ ਮੁੜ ਘਰ ਆ ਜਾਂਦੇ। ਉਸ ਜ਼ਮਾਨੇ ਵਿਚ ਰੂਸ ਅਤੇ ਬਰਤਾਨੀਆ ਦੀ ਆਪਸ ਵਿਚ ਬੜੀ ਦੁਸ਼ਮਣੀ ਸੀ। ਇਸ ਲਈ ਬਰਤਾਨੀਆ ਸਰਕਾਰ ਦੇ ਵਿਰੁੱਧ

ਰੂਸੀ ਸਹਾਇਤਾ ਦੀ ਆਸ ਵਿਚ ਸੂਬਾ ਗੁਰਚਰਨ ਸਿੰਘ ਅਤੇ ਸੂਬਾ ਬਿਸ਼ਨ ਸਿੰਘ ਵਰਗੇ ਬੁਲੰਦ ਹਿੰਮਤੀ ਵਿਅਕਤੀਆਂ ਨੇ ਰੂਸੀ ਅਧਿਕਾਰੀਆਂ ਨਾਲ ਸੰਪਰਕ ਕੀਤਾ। ਅਜਿਹੇ ਸਮੇਂ ਹੀ ਹਿੰਦੁਸਤਾਨ ਵਿਚ ਖ਼ਬਰ ਪੁੱਜੀ ਕਿ ਪੰਜਾਬ ਦਾ ਆਖਰੀ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ ਬਰਤਾਨੀਆ ਦੀ ਸਰਕਾਰ ਤੋਂ ਨਿਰਾਸ਼ ਹੋ ਕੇ ਵਾਪਸ ਆਪਣੇ ਦੇਸ਼ ਆ ਰਿਹਾ ਹੈ। ਇਹ ਗੱਲ ਸੰਨ 1886 ਈ. ਦੀ ਹੈ। ਦਲੀਪ ਸਿੰਘ ਦੀ ਵਾਪਸੀ ਦੀ ਖ਼ਬਰ ਸੁਣ ਕੇ ਨਾਮਧਾਰੀਆਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਤੇ ਉਹ ਬੇਸਬਰੀ ਨਾਲ ਮਹਾਰਾਜਾ ਸਾਹਿਬ ਦੀ ਉਡੀਕ ਕਰਨ ਲੱਗੇ। ਉਹਨਾਂ ਦੇ ਉਤਸ਼ਾਹ ਦਾ ਅਨੁਮਾਨ ਲੱਗਦਾ ਹੈ ਕਿ ਤੁਰੰਤ ਚਾਰ ਆਦਮੀਆਂ ਦੀ ਇਕ ਟੋਲੀ ਮਹਾਰਾਜਾ ਦੇ ਸਵਾਗਤ ਲਈ ਬੰਬਈ ਲਈ ਰਵਾਨਾ ਹੋ ਗਈ। ਇਸ ਸਮੇਂ ਉਰਦੂ ਵਿਚ ਇੱਕ ਪੁਸਤਕ 'ਖੁਰਸ਼ੀਦ ਖਾਲਸਾ' ਲਾਹੌਰ ਵਿਖੇ ਛਪੀ। ਉਸਦਾ ਕਰਤਾ ਬਾਵਾ ਨਿਹਾਲ ਸਿੰਘ ਤੇ ਉਸਦਾ ਭਾਈ ਸਰਮੁੱਖ ਸਿੰਘ ਦੋਵੇਂ ਨਾਮਧਾਰੀ ਲਹਿਰ ਦੇ ਹਮਦਰਦ ਸਨ। ਜਿਸ ਛਾਪੇਖਾਨੇ ਵਿਚ ਇਹ ਛਪੀ ਉਸਦਾ ਮਾਲਿਕ ਦੀਵਾਨ ਬੂਟਾ ਸਿੰਘ ਵੀ ਨਾਮਧਾਰੀ ਵਿਚਾਰਾਂ ਦਾ ਸੀ। ਇਸ ਪੁਸਤਕ ਵਿਚ ਗੁਰੂ ਰਾਮ ਸਿੰਘ ਜੀ ਤੇ ਉਹਨਾਂ ਦੇ ਪ੍ਰੋਗਰਾਮ ਦੀ ਬੜੀ ਉਸਤਤ ਕੀਤੀ ਗਈ ਸੀ। ਇਸ ਵਿਚ ਮਹਾਰਾਜਾ ਦਲੀਪ ਸਿੰਘ ਦੀ ਅਗਵਾਈ ਹੇਠ ਖਾਲਸਾ ਰਾਜ ਦੀ ਬਹਾਲੀ ਦਾ ਜ਼ਿਕਰ ਵੀ ਸੀ। ਫਰੰਗੀ ਸਰਕਾਰ ਨੂੰ ਇਹ ਪੁਸਤਕ ਬਹੁਤ ਬੁਰੀ ਲੱਗੀ। ਉਹਨਾਂ ਨੇ ਤੁਰੰਤ ਇਸ ਪੁਸਤਕ ਨੂੰ ਜਬਤ ਕਰਨ ਦਾ ਹੁਕਮ ਦੇ ਦਿੱਤਾ।

ਉਪਰੋਕਤ ਘਟਨਾਵਾਂ ਤੋਂ ਸਰਕਾਰ ਨੂੰ ਡਰ ਹੋ ਗਿਆ ਕਿ ਕਿਤੇ ਮਹਾਰਾਜਾ ਦਲੀਪ ਸਿੰਘ ਦੀ ਵਾਪਸੀ ਤੇ ਪੰਜਾਬ ਵਿਚ ਗੜ-ਬੜ ਨਾ ਹੋ ਜਾਏ। ਇਸ ਲਈ ਮਹਾਰਾਜ ਸਾਹਿਬ ਨੂੰ ਅਟਕ ਦੀ ਬੰਦਰਗਾਹ ਤੋਂ ਹੀ ਵਾਪਸ ਮੋੜ ਦਿੱਤਾ ਗਿਆ, ਪਰ ਉਹਨਾਂ ਦਾ ਇਰਾਦਾ ਪੱਕਾ ਨਹੀਂ ਸੀ। ਉਨ੍ਹਾਂ ਦੇ ਇੰਗਲੈਂਡ ਵਾਪਸ ਜਾਣ ਦਾ ਸੁਆਲ ਹੀ ਨਹੀਂ ਸੀ। ਉਹ ਫਰਾਂਸ ਤੇ ਜਰਮਨੀ ਹੁੰਦੇ ਹੋਏ ਰੂਸ ਪਹੁੰਚ ਗਏ। ਉਹਨਾਂ ਨੂੰ ਉਮੀਦ ਸੀ ਕਿ ਰੂਸ ਉਹਨਾਂ ਦੀ ਭਾਰਤ ਤੇ ਚੜ੍ਹਾਈ ਕਰਨ ਵਿਚ ਮਦਦ ਕਰੇਗਾ। ਇਹ ਖ਼ਬਰ ਸੁਣ ਕੇ ਇਕ ਵਾਰ ਫਿਰ ਨਾਮਧਾਰੀ ਹਲਕਿਆਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ।

> ਹੁਸ਼ਿਆਰਪੁਰ ਜਿਲੇ ਦੇ ਪਿੰਡ ਚੂਰਾ ਵਿਖੇ 23 ਜੁਲਾਈ 1887 ਨੂੰ ਇਕ ਮੇਲਾ ਕੀਤਾ ਗਿਆ। ਉਸ ਮੇਲੇ ਵਿਚ ਦੱਸਿਆ ਗਿਆ ਕਿ ਸੂਬਾ ਬਿਸ਼ਨ ਸਿੰਘ ਰੂਸ ਵਿਚ ਇਕੱਠੇ ਹੋ ਗਏ ਹਨ। ਇਸ ਨਾਲ ਉਹਨਾਂ ਦੇ ਦਿਲ ਉਤਸ਼ਾਹ ਨਾਲ ਭਰ ਗਏ ਕਿਉਂਕਿ ਹੁਣ ਉਹਨਾਂ ਨੂੰ ਪੂਰਾ ਯਕੀਨ ਸੀ ਕਿ ਰੂਸ ਜ਼ਰੂਰ ਹੀ ਭਾਰਤ ਉਤੇ ਹਮਲਾ ਕਰਕੇ ਇਥੋਂ ਅੰਗਰੇਜ਼ਾਂ ਦਾ ਬੋਰੀਆ ਬਿਸਤਰਾ ਚੁਕਵਾ ਦੇਵੇਗਾ। ਇਸ ਖੁਸ਼ੀ ਵਿਚ ਰਸਦ ਕਰਕੇ ਚੰਡੀ ਦਾ ਪਾਠ ਕੀਤਾ ਗਿਆ।[39]

ਮਹਾਰਾਜਾ ਦਲੀਪ ਸਿੰਘ ਰੂਸ ਵਿਖੇ ਨਵੰਬਰ 1888 ਤੱਕ ਰੁਕੇ। ਉਥੇ ਰਹਿ ਕੇ ਉਹ ਪੰਜਾਬ ਦੇ ਸਿੱਖਾਂ ਖ਼ਾਸ ਕਰਕੇ ਨਾਮਧਾਰੀਆਂ ਨਾਲ ਸੰਪਰਕ ਕਰਦੇ ਰਹੇ ਅਤੇ ਹਿੰਦੁਸਤਾਨ ਦੇ ਨਾਂ ਇਕ ਅਪੀਲ ਜਾਰੀ ਕੀਤੀ ਕਿ ਪੰਜਾਬ ਵਿਚ ਰਹਿਣ ਵਾਲੇ ਇਕ ਆਨਾ ਪ੍ਰਤੀ ਜੀਅ ਪ੍ਰਤੀ ਮਹੀਨਾ ਤੇ ਪੰਜਾਬ ਤੋਂ ਬਾਹਰ ਰਹਿਣ ਵਾਲੇ ਇਕ ਪੈਸਾ ਪ੍ਰਤੀ ਜੀਅ ਮਹੀਨਾ ਚੰਦੇ ਦੇ ਤੌਰ ਤੇ ਇਕੱਠਾ ਕਰਕੇ ਦੇਣ ਤਾਂ ਜੁ ਉਸ ਰੁਪਏ ਨਾਲ ਫ਼ੌਜ ਭਰਤੀ ਕਰਕੇ ਭਾਰਤ ਨੂੰ ਅੰਗਰੇਜ਼ਾਂ ਦੇ ਕਬਜ਼ੇ ਤੋਂ ਰਿਹਾ ਕਰਵਾਇਆ ਜਾ ਸਕੇ। ਉਸ ਅਪੀਲ ਵਿਚ ਮਹਾਰਾਜਾ ਦਲੀਪ ਸਿੰਘ ਨੇ ਭਰੋਸਾ ਦਵਾਇਆ ਕਿ ਜੇ ਉਹ ਆਪਣੇ ਮਨੋਰਥ ਵਿਚ ਕਾਮਯਾਬ ਹੋ ਗਏ ਤਾਂ ਜਨਤਕ ਲਾਭ ਹਿੱਤ ਟੈਕਸ ਮਾਫ ਕਰ ਦਿੱਤੇ ਜਾਣਗੇ। ਗਊ ਹੱਤਿਆ ਦਾ ਖਾਤਮਾ ਕਰ ਦਿੱਤਾ ਜਾਵੇਗਾ। ਕੈਦੀ ਛੱਡ ਦਿੱਤੇ ਜਾਣਗੇ ਤੇ ਜਿਨ੍ਹਾਂ ਲੋਕਾਂ ਤੇ ਅੰਗਰੇਜ਼ ਹਕੂਮਤ ਵੱਲੋਂ ਅਤਿਆਚਾਰ ਕੀਤਾ ਗਿਆ, ਉਨ੍ਹਾਂ ਨੂੰ ਯੋਗ ਇਵਜਾਨੇ ਦਿੱਤੇ ਜਾਣਗੇ। ਪ੍ਰੰਤੂ ਮਹਾਰਾਜਾ ਦਲੀਪ ਸਿੰਘ ਨੂੰ ਰੂਸ ਨੇ ਕੋਈ ਸਹਾਇਤਾ ਨਾ ਦਿੱਤੀ, ਨਾ ਹੀ ਉਹਨਾਂ ਦੀ ਅਪੀਲ ਦਾ ਕੋਈ ਖ਼ਾਸ ਅਸਰ ਹੋਇਆ ਅਤੇ ਉਹਨਾਂ ਨੂੰ ਨਿਰਾਸ਼ ਹੋ ਕੇ ਰੂਸ ਛੱਡ ਕੇ ਮੁੜ ਫਰਾਂਸ ਜਾਣਾ ਪਿਆ।

ਇਸ ਤਰ੍ਹਾਂ ਮਹਾਰਾਜਾ ਦਲੀਪ ਸਿੰਘ ਦੇ ਸਾਰੇ ਜਤਨ ਨਿਸਫ਼ਲ ਰਹੇ ਤੇ ਨਾਮਧਾਰੀਆਂ ਨੇ ਜੋ ਉਸ ਸਮੇਂ ਆਜ਼ਾਦੀ ਦੇ ਸੁਪਨੇ ਲਏ ਸਨ ਪੂਰੇ ਨਾ ਹੋ ਸਕੇ। ਪਰ ਇਸ ਸੰਬੰਧ ਵਿਚ ਇਹ ਗੱਲ ਖ਼ਾਸ

ਜ਼ਿਕਰਯੋਗ ਹੈ ਕਿ ਪੰਜਾਬ ਦੇ ਕੇਵਲ ਨਾਮਧਾਰੀ ਹੀ ਮਹਾਰਾਜਾ ਦਲੀਪ ਸਿੰਘ ਦਾ ਸਾਥ ਦਿੰਦੇ ਰਹੇ। ਉਹ ਆਪਣੇ ਉਦੇਸ਼ ਦੀ ਪੂਰਤੀ ਹਿੱਤ ਲਗਾਤਾਰ ਜਤਨ ਕਰਦੇ ਰਹੇ।

**ਚੇਤਨਾ ਦਾ ਵਿਕਾਸ:**

ਬਾਬਾ ਰਾਮ ਸਿੰਘ ਜੀ ਨੇ ਕੂਕਾ ਲਹਿਰ ਨੂੰ ਚਲਾ ਕੇ ਆਪਣੇ ਦੇਸ਼ ਵਾਸੀਆਂ ਨੂੰ ਧਾਰਮਕ, ਸਮਾਜਕ ਅਤੇ ਰਾਜਨੀਤਕ ਪਤਨ ਦੀ ਡੂੰਘੀ ਖਾਈ ਵਿਚੋਂ ਕੱਢ ਕੇ ਸਚਾਈ, ਆਤਮ ਵਿਸ਼ਵਾਸ ਅਤੇ ਵਿਕਾਸ ਦੀ ਰਾਹ ਤੇ ਲਿਆਂਦਾ ਸੀ। ਉਨ੍ਹਾਂ ਦੇ ਪ੍ਰਚਾਰ ਨੇ ਉਸ ਸਮੇਂ ਲੋਕਾਂ ਦੇ ਦਿਲ ਅਤੇ ਦਿਮਾਗ ਤੇ ਪਏ ਹੋਏ ਹਨ੍ਹੇਰੇ ਪਰਦਿਆਂ ਨੂੰ ਹਟਾ ਦਿੱਤਾ ਅਤੇ ਉਨ੍ਹਾਂ ਨੂੰ ਸੱਚ ਦੀ ਰੋਸ਼ਨੀ ਦਿਖਾਈ। ਉਸ ਵੇਲੇ ਲੋਕੀ ਅੰਧਵਿਸ਼ਵਾਸ ਦੀ ਰਾਹ ਤੇ ਭਟਕ ਰਹੇ ਸਨ। ਧਰਮ ਦੇ ਠੇਕੇਦਾਰ ਭੋਲੀ-ਭੋਲੀ ਜਨਤਾ ਨੂੰ ਆਪਣੇ ਸੁਆਰਥਾਂ ਦੀ ਪੂਰਤੀ ਲਈ ਗੁੰਮਰਾਹ ਕਰ ਰਹੇ ਸਨ। ਦੇਸ਼ ਦੇ ਸਮਾਜਕ ਢਾਂਚੇ ਵਿਚ ਅਣਗਿਣਤ ਬੁਰਾਈਆਂ ਆ ਗਈਆਂ ਸਨ। ਸ਼ਾਹੂਕਾਰ ਲੋਕ ਗਰੀਬ ਕਿਸਾਨਾਂ ਅਤੇ ਮਜ਼ਦੂਰਾਂ ਦਾ ਸ਼ੋਸ਼ਣ ਕਰਦੇ ਹੋਏ ਉਨ੍ਹਾਂ ਨੂੰ ਤਬਾਹ ਕਰ ਰਹੇ ਸਨ। ਇੰਜ ਸਮਾਜ ਦਾ ਆਰਥਕ ਢਾਂਚਾ ਵੀ ਵਿਗੜਿਆ ਹੋਇਆ ਸੀ। ਰਾਜਨੀਤਕ ਸੱਤਾ ਵੀ ਤਾਂ ਉਸ ਸਮੇਂ ਲੋਕਾਂ ਦੇ ਹੱਥਾਂ ਵਿਚ ਨਹੀਂ ਸੀ। ਉਹ ਤਾਂ ਅੰਗਰੇਜ਼ ਸਰਕਾਰ ਦੀ ਗੁਲਾਮੀ ਵਿਚ ਜੀਵਨ ਬਤੀਤ ਕਰ ਰਹੇ ਸਨ। ਅੰਗਰੇਜ਼ ਸਰਕਾਰ ਆਪਣੀ ਮਨਮਰਜ਼ੀ ਅਨੁਸਾਰ ਸ਼ਾਸਨ ਚਲਾ ਰਹੀ ਸੀ। ਇਸ ਤਰ੍ਹਾਂ ਦੇ ਹਾਲਾਤ ਵਿਚ ਕੂਕਾ ਲਹਿਰ ਨੇ ਜਨਮ ਲਿਆ ਤੇ ਆਪਣੇ ਪ੍ਰਚਾਰ ਰਾਹੀਂ ਇਸ ਨੇ ਭਾਰਤ ਵਾਸੀਆਂ ਦੇ ਮਨਾਂ ਵਿਚ ਇਕ ਨਵੀਂ ਰਾਜਸੀ ਚੇਤਨਾ ਪੈਦਾ ਕਰਨ ਲਈ ਆਪਣੇ ਜਤਨ ਕੀਤੇ।

ਬਾਬਾ ਰਾਮ ਸਿੰਘ ਜੀ ਨੇ ਆਪਣੇ ਦੇਸ਼ ਵਾਸੀਆਂ ਨੂੰ ਈਸ਼ਵਰ ਦੇ ਨਾਮ ਦਾ ਜਾਪ ਕਰਨ ਅਤੇ ਇਕ ਸਾਦਾ ਅਤੇ ਚੰਗਾ ਜੀਵਨ ਬਤੀਤ ਕਰਨ ਲਈ ਉਪਦੇਸ਼ ਦਿੱਤਾ। ਲੋਕੀ ਇਨ੍ਹਾਂ ਉਪਦੇਸ਼ਾਂ ਤੋਂ ਬਹੁਤ ਪ੍ਰਭਾਵਿਤ ਹੋਏ। ਇਨ੍ਹਾਂ ਰਾਹੀਂ ਦੱਸੇ ਹੋਏ ਸਿਧਾਂਤਾਂ ਨੂੰ ਆਪਣੇ ਜੀਵਨ ਵਿਚ ਲਾਗੂ ਕਰਨ ਲੱਗ ਪਏ। ਨਾਮਧਾਰੀ ਲਹਿਰ ਨੇ ਲੋਕਾਂ ਦਾ ਮਨ ਭੈੜੇ ਕੰਮਾਂ ਤੋਂ ਹਟਾ ਕੇ ਪ੍ਰਮਾਤਮਾ ਦੀ ਭਗਤੀ ਵੱਲ ਲਾਇਆ। ਪੰਡਤਾਂ ਅਤੇ ਪੁਜਾਰੀਆਂ ਰਾਹੀਂ ਧਰਮ ਦੇ ਨਾਂ ਤੇ ਕੀਤੇ ਜਾ ਰਹੇ ਢੌਂਗ ਦਾ ਇਸ ਨੇ

ਆਪਣੇ ਉਪਦੇਸ਼ਾਂ ਰਾਹੀਂ ਖੰਡਨ ਕੀਤਾ। ਲੋਕਾਂ ਵਿਚ ਇਕ ਨਵੀਂ ਚੇਤਨਾ ਦਾ ਜਨਮ ਹੋਇਆ ਅਤੇ ਉਹ ਆਪਣੇ ਜੀਵਨ ਨੂੰ ਸਫ਼ਲ ਬਣਾਉਣ ਲਈ ਇਨ੍ਹਾਂ ਦੇ ਅਨੁਯਾਈ ਬਣਨ ਲੱਗੇ। ਇਨ੍ਹਾਂ ਨੇ ਅੰਮ੍ਰਿਤ ਪ੍ਰਚਾਰ ਰਾਹੀਂ ਸਿੱਖਾਂ ਵਿਚ ਇਕ ਨਵਾਂ ਜੋਸ਼ ਭਰ ਦਿੱਤਾ। ਉਹ ਬਿਲਕੁਲ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਨਿਆਂ 'ਤੇ ਚਲ ਰਹੇ ਸਨ। ਉਨ੍ਹਾਂ ਨੇ ਲੋਕਾਂ ਨੂੰ ਅੰਮ੍ਰਿਤ ਦੀ ਮਹਾਨਤਾ ਦੱਸਦੇ ਹੋਏ ਕਿਹਾ ਕਿ ਅੰਮ੍ਰਿਤ ਵਿਅਕਤੀ ਦੇ ਪੂਰੇ ਵਿਕਾਸ ਲਈ ਬਹੁਤ ਹੀ ਮਹੱਤਵਪੂਰਨ ਹੈ। ਉਨ੍ਹਾਂ ਦੇ ਉਪਦੇਸ਼ ਨਾਲ ਅਣਗਿਣਤ ਲੋਕੀ ਪਵਿੱਤਰ ਖੰਡੇ ਦਾ ਅੰਮ੍ਰਿਤ ਛਕ ਕੇ ਸਿੰਘ ਸਜਣੇ ਸ਼ੁਰੂ ਹੋ ਗਏ ਤੇ ਇਸ ਤਰ੍ਹਾਂ ਸਿੱਖੀ ਦੇ ਪ੍ਰਚਾਰ ਦੀ ਮੁੜ ਤੋਂ ਇਕ ਨਵੀਂ ਲਹਿਰ ਚੱਲ ਪਈ।

ਕੂਕਾ ਲਹਿਰ ਰਾਹੀਂ ਬਾਬਾ ਰਾਮ ਸਿੰਘ ਨੇ ਲੋਕਾਂ ਨੂੰ ਕਿਰਤ ਕਮਾਈ ਕਰਕੇ ਆਪਣਾ ਜੀਵਨ ਨਿਰਬਾਹ ਕਰਨ ਲਈ ਕਿਹਾ। ਇੰਜ ਉਨ੍ਹਾਂ ਨੇ ਆਪਣੇ ਦੇਸ਼ਵਾਸੀਆਂ ਨੂੰ ਕਿਸੇ ਵੀ ਹਾਲਤ ਵਿਚ ਪਾਪ ਦੀ ਕਮਾਈ ਨੂੰ ਆਪਣੇ ਜੀਵਨ ਦਾ ਸਹਾਰਾ ਬਣਾਉਣ ਤੋਂ ਵਰਜਿਆ। ਇਨ੍ਹਾਂ ਨੇ ਸਮਾਜ ਦੇ ਅਮੀਰ ਵਰਗ ਨੂੰ ਗਰੀਬਾਂ ਦਾ ਸ਼ੋਸ਼ਣ ਕਰਨ ਤੋਂ ਵੀ ਰੋਕਿਆ। ਬਾਬਾ ਜੀ ਨੇ ਅਮੀਰਾਂ ਨੂੰ ਕਿਹਾ ਕਿ ਤੁਹਾਨੂੰ ਸਮਾਜ ਦੇ ਪਛੜੇ ਹੋਏ ਵਰਗਾਂ ਨੂੰ ਉੱਚਾ ਉਠਾਉਣ ਲਈ ਜਤਨ ਕਰਨੇ ਚਾਹੀਦੇ ਹਨ। ਇੰਜ ਕੂਕਾ ਲਹਿਰ ਰਾਹੀਂ ਬਾਬਾ ਜੀ ਨੇ ਜਾਤ ਪਾਤ ਦੇ ਭੇਦ-ਭਾਵ ਅਤੇ ਆਰਥਿਕ ਅਸਮਾਨਤਾ ਨੂੰ ਖ਼ਤਮ ਕਰਕੇ ਇਕ ਅਜਿਹਾ ਸਮਾਜ ਕਾਇਮ ਕਰਨ ਦਾ ਜਤਨ ਕੀਤਾ ਜਿਸ ਵਿਚ ਸਭ ਲੋਕਾਂ ਨੂੰ ਚੰਗੇਰਾ ਜੀਵਨ ਬਤੀਤ ਕਰਨ ਦੇ ਅਵਸਰ ਪ੍ਰਾਪਤ ਸਨ।[40]

ਬਾਬਾ ਰਾਮ ਸਿੰਘ ਉਸ ਸਮੇਂ ਦੇ ਦੇਸ਼ ਦੀ ਹਾਲਤ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਉਹ ਦੇਸ਼ ਦੀ ਹਰ ਚੰਗੀ ਮੰਦੀ ਹਾਲਤ ਨੂੰ ਬਾਰੀਕੀ ਨਾਲ ਨਿਹਾਰਦੇ ਸਨ ਕਿਉਂਕਿ ਬਾਬਾ ਜੀ ਮਹਾਰਾਜਾ ਰਣਜੀਤ ਸਿੰਘ ਦੀ ਕੋਠੀ ਵਿਚ ਰਹਿ ਚੁੱਕੇ ਸਨ। ਉਹਨਾਂ ਨੇ ਸਿੱਖ ਰਾਜ ਦੀ ਚੜ੍ਹਤ ਵੇਖੀ ਤੇ ਮਾਣੀ ਸੀ ਅਤੇ ਉਹ ਜਥੇਬੰਦੀ ਦੀ ਸ਼ਕਤੀ ਤੇ ਡਸਿਪਲਿਨ (ਬੰਧੇਜ) ਦੇ ਗੁਣਾਂ ਨੂੰ ਜਾਣ ਚੁੱਕੇ ਸਨ। ਇਹੋ ਕਾਰਨ ਹੈ ਕਿ ਉਹਨਾਂ ਨੇ ਥੋੜ੍ਹੇ ਜਿਹੇ ਸਾਲਾਂ ਵਿਚ ਹੀ ਨਾਮਧਾਰੀਆਂ ਨੂੰ ਇਕ ਮਜ਼ਬੂਤ ਜਥੇਬੰਦੀ ਤੇ ਡਸਿਪਲਿਨ ਵਿਚ ਢਾਲ ਕੇ ਬੰਨ ਲਿਆ ਅਤੇ ਇੱਕ ਹਥਿਆਰਬੰਦ ਫ਼ੌਜ ਤਿਆਰ ਕਰ ਲਈ।

ਅੰਗਰੇਜ਼ਾਂ ਨੇ ਬਾਬਾ ਰਾਮ ਸਿੰਘ ਦੇ ਹਰੇਕ ਕੰਮ ਪ੍ਰਤੀ ਸਖ਼ਤ ਨਿਗਰਾਨੀ ਰੱਖਣੀ ਸ਼ੁਰੂ ਕਰ ਦਿੱਤੀ। ਕਾਮਰੇਡ ਸੋਹਣ ਸਿੰਘ ਜੋਸ਼ ਜੀ ਦੇ ਅਨੁਸਾਰ:

ਅੰਗਰੇਜ਼ ਵਿਦਿਆ ਤੇ ਇਤਿਹਾਸ ਦੀ ਜਾਣਕਾਰੀ ਵਿਚ ਸਾਡੇ ਨਾਲੋਂ ਬਹੁਤ ਅੱਗੇ ਸਨ। ਉਹ ਜਾਣਦੇ ਸਨ ਕਿ ਕੈਥੋਲਿਕ ਤੇ ਪਿਛੋਂ ਪ੍ਰੋਟੈਸਟੰਟ ਲਹਿਰਾਂ ਭਾਵੇਂ ਸ਼ੁਰੂ ਸ਼ੁਰੂ ਵਿਚ ਧਾਰਮਕ ਜਾਮਾ ਪਹਿਨ ਕੇ ਆਈਆਂ ਸਨ ਪਰ ਪਿਛੋਂ ਰਾਜਨੀਤਕ ਸ਼ਕਲ ਧਾਰਨ ਕਰ ਗਈਆਂ ਸਨ। ਪੰਜਾਬ ਵਿਚ ਉਸ ਨੂੰ ਆਪਣੇ ਰਾਜ ਦਾ ਹਰ ਵੇਲੇ ਧੁੜਕੂ ਲੱਗਾ ਰਹਿੰਦਾ ਸੀ। ਹੋਰ ਤਾਂ ਹੋਰ ਉਨ੍ਹਾਂ ਨੂੰ ਪੰਜਾਬ ਵਿਚ ਖ਼ਾਸ ਕਰਕੇ ਆਪਣੇ ਅਨਿੰਨ ਵਫਾਦਾਰ ਭਗਤਾਂ ਤੇ ਵੀ ਗੈਰ ਵਫਾਦਾਰ ਹੋਣ ਦਾ ਸ਼ੱਕ ਰਹਿੰਦਾ ਸੀ। ਕਿਉਂਕਿ ਉਹਨਾਂ ਨੂੰ ਸ਼ੱਕ ਸੀ ਕਿ ਇਹਨਾਂ ਨੂੰ ਆਪਣਾ ਸਿੱਖ ਰਾਜ ਨਹੀਂ ਭੁੱਲਣ ਲੱਗਾ। ਇਹਨਾਂ ਨੂੰ ਮੁੜ ਆਪਣਾ ਰਾਜ ਬਹਾਲ ਕਾਇਮ ਕਰਨ ਦੀ ਲਾਲਸਾ ਪੈਦਾ ਹੁੰਦੀ ਰਹੇਗੀ।

ਇਸ ਲਈ ਹਰ ਲਹਿਰ ਉਤੇ ਭਾਵੇਂ ਉਹ ਧਾਰਮਕ ਹੋਵੇ ਜਾਂ ਸਭਿਆਚਾਰਕ, ਵਿਦਿਅਕ ਹੋਵੇ ਜਾਂ ਆਰਥਿਕ ਕਰੜੀ ਨਿਗਰਾਨੀ ਰੱਖੋ। ਉਸ ਵਿਚ ਆਪਣੇ ਜਾਸੂਸ ਘੁਸੇੜੋ। ਉਸਦੀਆਂ ਖੁਫ਼ੀਆਂ ਕਾਰਵਾਈਆਂ ਦੀਆਂ ਰਿਪੋਰਟਾਂ ਹਾਸਲ ਕਰੋ ਅਤੇ ਉਸ ਚੋਂ ਰਤਾ ਮਾਸਾ ਵੀ ਗੈਰ ਵਫਾਦਾਰੀ ਦੀ ਗੰਧ ਆਵੇ ਤਾਂ ਉਸ ਨੂੰ ਉਗਮਣ ਨਾ ਦਿਉ। ਸ਼ੁਰੂ ਵਿਚ ਹੀ ਕੁਚਲ ਦਿਉ।[41]

ਅੰਗਰੇਜ਼ਾਂ ਨੇ ਜਦੋਂ ਪੰਜਾਬ ਵਿਚ ਪੈਰ ਪਾਏ ਤਾਂ ਉਸ ਤੋਂ ਪਹਿਲਾਂ ਉਨ੍ਹਾਂ ਨੂੰ ਭਾਰਤੀ ਪਰਿਪੇਖ ਵਿਚ ਅਨੇਕਾਂ ਸਿੱਖਿਆਯੋਗ ਤਜਰਬੇ ਹਾਸਲ ਹੋ ਚੁੱਕੇ ਸਨ। ਪੰਜਾਬ ਵਿਚ ਪੈਰ ਜਮਾਉਣ ਲਈ ਅੰਗਰੇਜ਼ਾਂ ਨੇ ਅਨੇਕਾਂ ਪ੍ਰਕਾਰ ਦੀਆਂ ਯੋਜਨਾਵਾਂ ਤਿਆਰ ਕੀਤੀਆਂ। ਪੰਜਾਬ ਦੇ ਲੋਕ ਕਾਫ਼ੀ ਦਲੇਰ ਤੇ ਸੂਝ-ਬੂਝ ਵਾਲੇ ਸਨ। ਇੱਕ ਵਿਦਵਾਨ ਦਾ ਮੰਨਣਾ ਹੈ ਕਿ:

> ਭਾਰਤ ਵਿਚ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਭਾਰਤ ਦੇ ਲੋਕਾਂ ਵਿਚੋਂ ਕੋਈ ਵੀ ਆਦਮੀ ਅਨਪੜ੍ਹ ਨਹੀਂ ਸੀ। ਅੰਗਰੇਜ਼ਾਂ ਨੇ ਆਣ ਕੇ ਸਭ ਤੋਂ ਪਹਿਲਾਂ ਸੌ ਫੀ ਸਦੀ ਪੜ੍ਹਤਾ ਨੂੰ ਪੂਰੀ ਤਰ੍ਹਾਂ ਅਨਪੜ੍ਹਤਾ ਵਿਚ ਬਦਲਣ ਦੀ ਮੁਹਿੰਮ ਚਲਾਈ। ਉਹ ਉਸ ਵੇਲੇ ਆਪਣੇ ਰਾਜ ਦੀ ਪਕਿਆਈ ਲਈ ਏਸੇ ਨੀਤੀ ਨੂੰ ਮੁਨਾਸਿਬ ਸਮਝਦੇ ਸਨ। ਫਿਰ ਉਨ੍ਹਾਂ ਨੇ ਇਸ ਨੀਤੀ ਵਿਚ ਸੁਧਾਰ ਕੀਤੇ [42]

ਪਰ ਕੁਝ ਸਮੇਂ ਬਾਅਦ ਅੰਗਰੇਜ਼ਾਂ ਨੂੰ ਆਪਣੀ ਇਹ ਨੀਤੀ ਗਲਤ ਜਾਪੀ। ਉਨ੍ਹਾਂ ਨੇ ਭਾਰਤ ਵਿਚ ਸਿੱਖਿਆ ਦੀਆਂ ਅੰਗਰੇਜ਼ੀ ਢੰਗ ਦੀਆਂ ਸੰਸਥਾਵਾਂ ਚਾਲੂ ਕਰਨ ਦਾ ਫੈਸਲਾ ਕੀਤਾ। ਪਰ ਉਸ ਦਾ ਕਾਰਨ ਇਹ ਨਹੀਂ ਸੀ ਕਿ ਉਹ ਭਾਰਤ ਵਾਸੀਆਂ ਨੂੰ ਤਾਲੀਮ ਦੇਣੀ ਉਨ੍ਹਾਂ ਦੇ ਹੱਕ ਵਿਚ ਜ਼ਰੂਰੀ ਸਮਝਦੇ ਸਨ – ਸਗੋਂ ਉਨ੍ਹਾਂ ਨੂੰ ਭਾਰਤ ਵਿਚ ਆਪਣੀ ਹਸਤੀ ਕਾਇਮ ਰੱਖਣ ਲਈ ਨਵੀਂ ਨੀਤੀ ਧਾਰਨ ਕਰਨੀ ਪਈ। ਇਸ ਨੀਤੀ ਬਾਰੇ ਮੈਕਾਨੇ ਨੇ ਕਿਹਾ ਸੀ:

> ਸਾਨੂੰ ਭਾਰਤ ਵਿਚ ਇਸ ਤਰ੍ਹਾਂ ਦੀ ਸ਼੍ਰੇਣੀ ਪੈਦਾ ਕਰ ਦੇਣ ਦਾ ਸਿਰਤੋੜ ਜਤਨ ਕਰਨਾ ਚਾਹੀਦਾ ਹੈ ਜੋ ਕਿ ਸਾਡੇ ਅਤੇ ਉਨ੍ਹਾਂ ਕਰੋੜਾਂ ਹਿੰਦੁਸਤਾਨੀਆਂ ਦੇ ਵਿਚਕਾਰ ਜਿੰਨ੍ਹਾਂ ਉਤੇ ਅਸੀਂ ਹਕੂਮਤ ਕਰਦੇ ਹਾਂ, ਇਕ ਦੂਜੇ ਨੂੰ ਸਮਝਾਣ ਬੁਝਾਣ ਦਾ ਕੰਮ ਦੇ ਸਕੇ ਇਹ ਲੋਕ ਅਜਿਹੇ ਹੋਣੇ ਚਾਹੀਦੇ ਹਨ ਕਿ ਸਿਰਫ ਖੂਨ ਅਤੇ ਰੰਗ ਵਲੋਂ ਹਿੰਦੁਸਤਾਨੀ ਹੋਣ, ਪਰ ਜਿਹੜੇ ਆਪਣੀ ਰੁਚੀ ਭਾਸ਼ਾ, ਭਾਵਾਂ ਤੇ ਵਿਚਾਰਾਂ ਵੱਲੋਂ ਅੰਗਰੇਜ਼ ਹੋਣ। [43]

ਅੰਗਰੇਜ਼ ਪੰਜਾਬ ਵਿਚ ਸਭ ਤੋਂ ਪਿਛੋਂ ਆਏ ਸਨ। ਸਾਫ਼ ਹੈ ਕਿ ਉਨ੍ਹਾਂ ਦੇ ਆਉਣ ਤੱਕ ਭਾਰਤ ਵਿਚ ਪ੍ਰਾਚੀਨ ਸਿੱਖਿਆ ਪ੍ਰਣਾਲੀ ਅਨੁਸਾਰ ਹੀ ਸਿੱਖਿਆ ਦਿੱਤੀ ਜਾ ਰਹੀ ਸੀ। ਪਰ ਅੰਗਰੇਜ਼ਾਂ ਨੇ ਆਉਂਦਿਆਂ ਹੀ ਉਸ ਪੁਰਾਣੇ ਢਾਂਚੇ ਨੂੰ ਤੋੜਨ ਦਾ ਜਤਨ ਕੀਤਾ:

> ਅੰਗਰੇਜ਼ਾਂ ਦੇ ਜਤਨ ਦਾ ਸਭ ਤੋਂ ਜ਼ਬਰਦਸਤ ਵਿਰੋਧ ਸਤਿਗੁਰੂ ਰਾਮ ਸਿੰਘ ਜੀ ਵਲੋਂ ਅੰਗਰੇਜ਼ੀ ਢੰਗ ਦੇ ਸਕੂਲਾਂ ਦੇ ਬਾਈਕਾਟ ਦੇ ਰੂਪ ਵਿਚ ਹੋਇਆ। ਸਤਿਗੁਰੂ ਜੀ ਨੂੰ ਅੰਗਰੇਜ਼ਾਂ ਵੱਲੋਂ ਜਲਾਵਤਨ ਕਰ ਦਿੱਤੇ ਜਾਣ ਤੋਂ ਬਾਅਦ ਪੰਜਾਬ ਵਿਚ ਵੀ ਉਹੋ ਤਜਰਬਾ ਹੋਇਆ। [44]

ਭਾਰਤ ਨੂੰ ਅੰਗਰੇਜ਼ਾਂ ਦੇ ਜੂਲੇ ਤੋਂ ਮੁਕਤ ਕਰਨ ਲਈ ਲੋਕਾਂ ਦੀ ਪੱਧਰ ਉੱਤੇ ਝੰਡਾ ਬੁਲੰਦ ਕਰਨ ਵਾਲੀ ਪਹਿਲੀ ਮਹਾਨ ਸ਼ਖਸੀਅਤ ਗੁਰੂ ਰਾਮ ਸਿੰਘ ਹੀ ਸਨ। ਇਹਦੇ ਵਾਸਤੇ ਉਹਨਾਂ ਨੇ ਇਕ ਪਾਸੇ ਬੜੇ ਵਿਲੱਖਣ ਢੰਗ ਨਾਲ ਅੰਗਰੇਜ਼ਾਂ ਨਾਲ ਜੁੜੀ ਹਰ ਚੀਜ਼ ਦਾ ਬਾਈਕਾਟ ਕਰਨ ਦਾ

ਤੇ ਅਹਿੰਸਾ ਦਾ ਰਾਹ ਅਪਣਾਇਆ ਅਤੇ ਦੂਜੇ ਪਾਸੇ ਆਪਣੀ ਜ਼ਬਰਦਸਤ ਜਥੇਬੰਦੀ ਸਦਕਾ ਪੰਜਾਬ ਵਿਚ ਹੀ ਨਹੀਂ ਸਗੋਂ ਬਦੇਸ਼ਾਂ ਤੱਕ ਸੰਚਾਰ ਤੇ ਸੰਪਰਕ ਪ੍ਰਣਾਲੀ ਖੜ੍ਹੀ ਕੀਤੀ ਅਤੇ ਸੂਖਮ ਤੇ ਸਫ਼ਲ ਕੂਟਨੀਤੀ ਨਾਲ ਰੂਸ ਤੇ ਅਫਗਾਨਿਸਤਾਨ ਜਿਹੀਆਂ ਉਹਨਾਂ ਤਾਕਤਾਂ ਨਾਲ ਸੰਬੰਧ ਸਥਾਪਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜੋ ਬਰਤਾਨੀਆ ਸਰਕਾਰ ਦੇ ਵਿਰੋਧ ਵਿਚ ਸਨ।

ਬਾਬਾ ਰਾਮ ਸਿੰਘ ਜੀ ਦੀ ਇਹ ਇਹੋ ਜਿਹੀ ਸੇਧ ਅਤੇ ਮਾਰਗ ਸੀ, ਜਿਸਨੇ ਮਾਨਵ ਹਿੱਤ ਅਤੇ ਧਾਰਮਕ ਸਹਿਣਸ਼ੀਲਤਾ ਦੀਆਂ ਅਤੇ ਰਾਜਨੀਤਕ ਵਿਦਰੋਹ ਦੀਆਂ ਅਜਿਹੀਆਂ ਉਦਾਹਰਣਾਂ ਸਿੱਖੀ ਦੇ ਇਤਿਹਾਸ ਵਿਚ ਪੇਸ਼ ਕੀਤੀਆਂ ਜਿਨ੍ਹਾਂ ਦੀ ਸਮਾਨਤਾ ਹੋਰ ਕਿਤੇ ਹੋਈ ਨਜ਼ਰ ਨਹੀਂ ਆਉਂਦੀ। ਸਿੱਖ ਗੁਰੂਆਂ ਅਤੇ ਅਨਗਿਣਤ ਹਠੀਆਂ-ਜਪੀਆਂ-ਤਪੀਆਂ ਤੇ ਸ਼ਹੀਦਾਂ ਦੀਆਂ ਸ਼ਹਾਦਤਾਂ ਨਾਲ ਗਾਡੀ ਰਾਹ ਬਣ ਚੁੱਕੀ ਇਹ ਮਹਾਨ ਪਰੰਪਰਾ ਸੀ ਜੋ ਗੁਰੂ ਰਾਮ ਸਿੰਘ ਦੀਆਂ ਧਾਰਮਕ, ਸਮਾਜਕ ਤੇ ਰਾਜਨੀਤਕ ਸਰਗਰਮੀਆਂ ਲਈ ਪਿਛੋਕੜ ਬਣੀ।

ਗੁਰੂ ਇਤਿਹਾਸ ਨਾਲ ਜੁੜਿਆ ਹੋਇਆ ਅਨੁਭਵ ਹੀ ਬਾਬਾ ਰਾਮ ਸਿੰਘ ਜੀ ਦਾ ਅਨੁਭਵ ਸੀ। ਜਦੋਂ ਉਹਨਾਂ ਨੇ ਹੋਸ਼ ਸੰਭਾਲੀ, ਪੰਜਾਬ ਉਤੇ ਸਿੱਖਾਂ ਦਾ ਰਾਜ ਸੀ। ਮਹਾਰਾਜਾ ਰਣਜੀਤ ਸਿੰਘ ਵੱਲੋਂ ਗੱਦੀ ਉਤੇ ਬੈਠ ਕੇ ਸਾਰੇ ਭੂਪਵਾਦੀ ਰੀਤੀ ਰਿਵਾਜ ਅਪਣਾ ਲਏ ਜਾਣ ਦੇ ਬਾਵਜੂਦ ਇਸੇ ਪਰੰਪਰਾ ਸਦਕਾ ਹੀ ਇਸ ਰਾਜ ਦਾ ਸਰੂਪ ਧਰਮ ਨਿਰਪੱਖ ਵੀ ਸੀ ਅਤੇ ਲੋਕ ਹਿਤੈਸ਼ੀ ਵੀ। ਇਹ ਉਸ ਸਮੇਂ ਬਹੁਤ ਮਹੱਤਤਾ ਵਾਲੀ ਗੱਲ ਸੀ:

> ਪਰ ਪੰਜਾਬੋਂ ਬਾਹਰਲਾ ਹਿੰਦੋਸਤਾਨ ਅੰਗਰੇਜ਼ ਦੀ ਜਕੜ ਵਿਚ ਆ ਚੁੱਕਿਆ ਸੀ ਤੇ ਉਹਦਾ ਮਗਰਮੱਛੀ ਮੂੰਹ ਪੰਜਾਬ ਵੱਲ ਅੱਡਿਆ ਜਾ ਚੁੱਕਿਆ ਸੀ। ਮਗਰੋਂ 1836 ਵਿਚ ਸਿੱਖ ਫ਼ੌਜ ਵਿਚ ਭਰਤੀ ਹੋ ਜਾਣ ਉਪਰੰਤ ਗੁਰੂ ਰਾਮ ਸਿੰਘ ਭਵਿੱਖੀ ਟਕਰਾਉ ਦੇ ਬੀ ਆਪਣੀ ਕੁੱਖ ਵਿਚ ਲਈ ਬੈਠੇ ਇਸ ਸਥਿਤੀ ਨਾਲ ਸਿੱਧੇ ਸੰਪਰਕ ਵਿਚ ਆ ਗਏ। ਇਸ ਤੋਂ ਇਲਾਵਾ ਉਹਨਾਂ ਨੂੰ ਸਿੱਖ ਭਾਈਚਾਰੇ ਦੇ ਮੋਹਰੀਆਂ ਦੀ ਰਹਿਤਲ ਵੀ ਆਪਣੀਆਂ

> ਅੱਖਾਂ ਨਾਲ ਵੇਖਣ ਦਾ ਮੌਕਾ ਪ੍ਰਾਪਤ ਹੋਇਆ। ਸਿੱਖੀ ਸਿਧਾਂਤ ਵੱਲ ਵਫ਼ਾਦਾਰੀ ਅਤੇ ਜ਼ਾਤੀ ਨੇਕੀ ਦੇ ਬਾਵਜੂਦ ਰਣਜੀਤ ਸਿੰਘ ਨੂੰ ਅਤੇ ਉਹ ਤੋਂ ਅੱਗੇ ਉਹਦੇ ਅਹਿਲਕਾਰਾਂ ਤੇ ਸਰਦਾਰਾਂ ਨੂੰ ਭੂਪਵਾਦੀ ਠਾਠ-ਬਾਠ ਨੇ ਆਪਣੇ ਸਾਂਚੇ ਵਿਚ ਢਾਲ ਲਿਆ ਸੀ। ਇੰਜ ਇਹ ਗੱਲ ਸਿੱਖ ਭਾਈਚਾਰੇ ਵਿਚ ਰਾਜਨੀਤਕ ਖੋਰਾ ਵੀ ਲਾ ਰਹੀ ਸੀ ਤੇ ਧਾਰਮਕ ਨਿਘਾਰ ਵੀ ਲਿਆ ਰਹੀ ਸੀ।[45]

ਇਸੇ ਸਥਿਤੀ ਦਾ ਲਾਭ ਲੈਣ ਵਾਸਤੇ ਸਰਹੱਦੋਂ ਪਾਰ ਅੰਗਰੇਜ਼ ਆਪਣੀਆਂ ਯੋਜਨਾਵਾਂ ਉਲੀਕ ਰਹੇ ਸਨ। ਧਾਰਮਕ ਖੇਤਰ ਵਿਚ ਆਪਣੀ ਪਹਿਲ ਕਦਮੀ ਕਰਨ ਲਈ ਉਨ੍ਹਾਂ ਨੇ ਈਸਾਈ ਮਿਸ਼ਨਰੀ ਪਹਿਲਾਂ ਹੀ ਪੰਜਾਬ ਰਵਾਨਾ ਕਰ ਦਿੱਤੇ ਸਨ। ਗੁਰੂ ਰਾਮ ਸਿੰਘ ਫ਼ੌਜ ਵਿਚ ਭਰਤੀ ਹੋ ਕੇ ਜਿਸ ਸਿੱਖ ਰਾਜ ਦੀ ਚੜ੍ਹਤ ਆਪਣੀਆਂ ਅੱਖਾਂ ਨਾਲ ਦੇਖ ਚੁੱਕੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਤੋਂ ਮਗਰੋਂ ਰਾਜ ਦਰਬਾਰ ਵਿਚ ਮੱਚੀ ਹਨੇਰਗਰਦੀ ਤੇ ਹੈਂਕੜਬਾਜ਼ੀ ਅਤੇ ਵਾਰੋ ਵਾਰੀ ਬੇਦੋਸ਼ਿਆਂ ਤੇ ਦੋਸ਼ਿਆਂ ਦੇ ਲਹੂ ਦੀ ਨਦੀ ਵੀ ਉਨ੍ਹਾਂ ਵੇਖ ਲਈ ਸੀ। ਨਤੀਜੇ ਵੱਸ ਪੰਜਾਬ ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਸੀ।

ਅੰਗਰੇਜ਼ਾਂ ਨੇ ਪੰਜਾਬ ਤੇ ਕਬਜ਼ਾ ਕਰਦਿਆਂ ਹੀ ਆਪਣੇ ਰੰਗ ਵਿਖਾਉਣੇ ਸ਼ੁਰੂ ਕੀਤੇ। ਅਜਿਹੇ ਸਮੇਂ ਬਾਬਾ ਰਾਮ ਸਿੰਘ ਨੇ ਕੂਕਾ ਲਹਿਰ ਨੂੰ ਚਲਾ ਕੇ ਕੌਮ ਦਾ ਏਕੀਕਰਣ ਕੀਤਾ। ਸਾਰੇ ਵਰਗਾਂ ਦੇ ਲੋਕਾਂ ਨੂੰ ਇਕ ਲੜੀ ਵਿਚ ਪਰੋ ਕੇ ਇਕ ਸੰਗਠਿਤ ਸਮਾਜ ਦੀ ਨੀਂਹ ਰੱਖੀ ਅਤੇ ਉਨ੍ਹਾਂ ਨੇ ਕੌਮ ਅਤੇ ਰਾਸ਼ਟਰ ਦੇ ਹਿੱਤ ਲਈ ਸੋਚਣਾ ਸ਼ੁਰੂ ਕਰ ਦਿੱਤਾ। ਬਾਬਾ ਜੀ ਨੇ ਆਪਣੇ ਪ੍ਰਚਾਰ ਰਾਹੀਂ ਆਪਣੇ ਦੇਸ਼ਵਾਸੀਆਂ ਵਿਚ ਰਾਜਨੀਤਕ ਚੇਤਨਾ ਦੀ ਇੱਕ ਲਹਿਰ ਜਗਾਈ।

**(ਸ) ਸਮਾਜਕ ਤੇ ਸਭਿਆਚਾਰਕ ਚੇਤਨਾ:**

ਮਨੁੱਖੀ ਇਤਿਹਾਸ ਵਿਚ ਹਰੇਕ ਧਰਮ ਦਾ ਮੁੱਢ ਉਸ ਤੋਂ ਪਹਿਲਾਂ ਮੌਜੂਦ ਧਰਮ ਜਾਂ ਧਰਮਾਂ ਵਿਚ ਆਈ ਗਿਰਾਵਟ, ਮਨੁੱਖੀ ਸਦਾਚਾਰ ਵਿਚ ਆਏ ਨਿਘਾਰ ਅਤੇ ਸਮਾਜ ਵਿਚ ਆਏ ਵਿਗਾੜਾਂ ਦੇ ਪ੍ਰਤਿਕਰਮ ਵਜੋਂ ਹੀ ਬੱਝਦਾ ਰਿਹਾ ਹੈ। ਇਸੇ ਕਰਕੇ ਹਰੇਕ ਧਰਮ ਦੀ ਆਰੰਭਿਕ ਭੂਮਿਕਾ ਮਾਨਵ ਹਿਤੈਸ਼ੀ ਅਤੇ ਅਗਾਂਹ ਵਧੂ ਰਹੀ ਹੈ। ਇਤਿਹਾਸ ਦੇ ਪੰਨਿਆਂ ਵਿਚ ਇਹੋ ਭੂਮਿਕਾ

ਹੀ ਧਰਮ ਨੂੰ ਅਤੇ ਧਾਰਮਕ ਰਹਿਨੁਮਾਵਾਂ ਤੇ ਉਹਨਾਂ ਦੇ ਅਨੁਆਈਆਂ ਨੂੰ ਰਾਜਨੀਤੀ ਦੇ ਵਿਹੜੇ ਵਿਚ ਲਿਆ ਖੜਾ ਕਰਦੀ ਰਹੀ ਹੈ। ਜਦੋਂ ਧਰਮ ਮਾਨਵ ਹਿੱਤਾਂ ਲਈ ਝੰਡਾ ਚੁੱਕਦਾ ਹੈ ਤਾਂ ਉਹਦਾ ਸਮੇਂ ਦੀ ਭਾਰੂ ਰਾਜਨੀਤਿਕ ਧਿਰ ਨਾਲ ਟਕਰਾਉ ਵਿਚ ਆਉਣਾ ਸੁਭਾਵਿਕ ਹੋ ਜਾਂਦਾ ਹੈ। ਕਿਉਂਕਿ ਕੋਈ ਵੀ ਰਾਜਨੀਤੀ ਜਨ-ਸਧਾਰਨ ਦੀ ਆਵਾਜ਼ ਨੂੰ ਦਬਾਏ ਬਿਨਾਂ ਆਪਣੀਆਂ ਵਿਉਂਤਾਂ ਦੀ ਪੂਰਤੀ ਸੰਭਵ ਨਹੀਂ ਸਮਝਦੀ।

ਇਤਿਹਾਸ ਵਿਚ ਹਰ ਧਰਮ ਦਾ ਸਮੇਂ ਦੀ ਰਾਜਨੀਤੀ ਨਾਲ ਟਕਰਾਉ ਇਕੋ ਜਿੰਨਾਂ ਤਿੱਖਾ ਨਹੀਂ ਰਿਹਾ, ਪਰ ਜਦੋਂ ਵੀ ਧਰਮ ਨੇ ਮਾਨਵ ਹਿੱਤ ਦੇ ਆਪਣੇ ਟੀਚੇ ਨੂੰ ਸੁਹਿਰਦਤਾ ਨਾਲ ਲਿਆ ਹੈ, ਇਹ ਟਕਰਾਉ ਜ਼ਰੂਰ ਹੋਇਆ ਹੈ। ਬੀਤੀਆਂ ਸਦੀਆਂ ਦੇ ਪੰਨਿਆਂ ਉਤੇ ਉੱਕਰੀਆਂ ਅਨੇਕ ਉਦਾਹਰਨਾਂ ਤੋਂ ਲੈ ਕੇ ਇਹ ਗੱਲ ਅੱਜ ਅਨੇਕ ਦੇਸ਼ਾਂ ਵਿਚ ਧਾਰਮਕ ਆਗੂਆਂ ਵੱਲੋਂ ਸਮੇਂ ਦੀਆਂ ਤਾਨਾਸ਼ਾਹ ਗੈਰ-ਜਮਹੂਰੀ ਅਤੇ ਜਾਬਰ ਹਕੂਮਤਾਂ ਨੂੰ ਜਨਤਕ ਆਗੂ ਬਣ ਕੇ ਪਾਈਆਂ ਜਾ ਰਹੀਆਂ ਵੰਗਾਰਾਂ ਤੋਂ ਵੇਖੀ ਜਾ ਸਕਦੀ ਹੈ। ਕੁਝ ਲਾਤੀਨੀ (ਲੈਟਿਨ), ਅਮਰੀਕੀ ਅਤੇ ਅਫ਼ਰੀਕੀ ਦੇਸ਼ਾਂ ਵਿਚ ਧਾਰਮਕ ਆਗੂਆਂ ਵੱਲੋਂ ਕੀਤੀ ਜਾ ਰਹੀ ਜਨਤਾ ਦੀ ਸਿਧਾਂਤਕ ਅਤੇ ਜਥੇਬੰਦਕ ਅਗਵਾਈ ਸਭ ਦੇ ਸਾਹਮਣੇ ਹੈ।

ਸਿੱਖ ਧਰਮ ਵਿਚ ਸਮੇਂ ਦੀ ਰਾਜਨੀਤੀ ਸੰਬੰਧੀ ਆਪਣਾ ਮੁਲਾਂਕਣ ਅਤੇ ਦੋ ਪਾਸੀਂ ਵੰਡੀ ਹੋਈ ਖਲਕਤ ਸੰਬੰਧੀ ਅਪਣਾ ਪੈਂਤੜਾ ਸਪੱਸ਼ਟ ਕਰਕੇ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮਕਾਲੀ ਅਤੇ ਭਵਿੱਖੀ ਅਨੁਯਾਈਆਂ ਲਈ ਸੇਧ ਅਤੇ ਮਾਰਗ ਬਾਰੇ ਕੋਈ ਭੁਲੇਖਾ ਨਹੀਂ ਸੀ ਰਹਿਣ ਦਿੱਤਾ ਅਤੇ ਸਮਾਜਕ ਚੇਤਨਾ ਦਾ ਲੋਕਾਂ ਵਿਚ ਖੁੱਲ੍ਹ ਕੇ ਪ੍ਰਚਾਰ ਕੀਤਾ। ਸਮਾਜਕ ਚੇਤਨਾ ਦੇ ਮਨੋਰਥ ਹਿੱਤ ਹੀ ਚਾਰ ਉਦਾਸੀਆਂ ਕੀਤੀਆਂ। ਰਾਜਨੀਤੀ ਦੇ ਇਸ ਮੁਲਾਂਕਣ ਵਿਚ ਰਾਜਿਆਂ ਨੂੰ ਸੀਂਹ ਤੇ ਮੁਕੱਦਮ ਨੂੰ ਕੁੱਤੇ ਵੀ ਕਿਹਾ ਗਿਆ ਸੀ ਅਤੇ ਬੈਠੇ ਸੁੱਤੇ ਨਿਰਦੋਸ਼ ਲੋਕਾਂ ਨੂੰ ਜਿੱਚ ਕਰਨ ਦੇ ਉਹਨਾਂ ਦੇ ਕਾਰੇ ਵੀ ਨੰਗੇ ਕੀਤੇ ਗਏ ਸਨ।

ਇਹ ਅਜਿਹੀ ਸੇਧ ਅਤੇ ਸਮਾਜਕ ਚੇਤਨਾ ਸੀ ਜਿਸਨੇ ਮਾਨਵ ਹਿੱਤ ਦੀਆਂ, ਧਾਰਮਕ ਸਹਿਣਸ਼ੀਲਤਾ ਦੀਆਂ ਅਤੇ ਰਾਜਨੀਤਕ ਵਿਦਰੋਹ ਦੀਆਂ ਅਜਿਹੀਆਂ ਉਦਾਹਰਨਾਂ ਸਿੱਖੀ ਦੇ

ਇਤਿਹਾਸ ਵਿਚ ਪੇਸ਼ ਕੀਤੀਆਂ ਜਿਨ੍ਹਾਂ ਦੀ ਸਮਾਨਤਾ ਹੋਰ ਕਿਤੇ ਨਜ਼ਰ ਨਹੀਂ ਆਉਂਦੀ। ਸਿੱਖ ਗੁਰੂਆਂ ਦੁਆਰਾ ਜੋ ਸਮਾਜ ਵਿਚ ਪੁਨਰ ਜਾਗਰਿਤੀ ਲਿਆਂਦੀ ਗਈ ਸੀ, ਸਮੇ ਦੇ ਫੇਰ ਨਾਲ ਉਹ ਜਾਗਰਿਤੀ ਲੋਕਾਂ ਵਿਚੋਂ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਸਮੇਂ ਅਲੋਪ ਸੀ। ਫਿਰ ਤੋਂ ਰਾਜੇ ਅਤੇ ਅਮੀਰ ਲੋਕ ਐਸ਼ੋ-ਆਰਾਮ ਤੇ ਭੋਗ ਵਿਲਾਸ ਦੇ ਕੰਮਾਂ ਵਿਚ ਵਿਅਸਤ ਹੋ ਚੁੱਕੇ ਸਨ। ਅਜਿਹੇ ਸਮੇਂ ਬਾਬਾ ਰਾਮ ਸਿੰਘ ਜੀ ਨੇ ਕੂਕਾ ਲਹਿਰ ਨੂੰ ਚਲਾ ਕੇ ਆਪਣੇ ਦੇਸ਼ ਵਾਸੀਆਂ ਨੂੰ ਧਾਰਮਕ, ਸਮਾਜਕ ਅਤੇ ਰਾਜਨੀਤਕ ਪਤਨ ਦੀ ਡੂੰਘੀ ਖਾਈ ਵਿਚੋਂ ਕੱਢ ਕੇ ਸਚਾਈ ਅਤੇ ਆਤਮ ਵਿਸ਼ਵਾਸ ਅਤੇ ਵਿਕਾਸ ਦੀ ਰਾਹ ਤੇ ਲਿਆਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੇ ਪ੍ਰਚਾਰ ਨੇ ਉਸ ਸਮੇਂ ਲੋਕਾਂ ਦੇ ਦਿਲ ਅਤੇ ਦਿਮਾਗ ਤੇ ਪਏ ਹੋਏ ਹਨ੍ਹੇਰੇ ਪਰਦਿਆਂ ਨੂੰ ਹਟਾ ਦਿੱਤਾ ਅਤੇ ਉਨ੍ਹਾਂ ਨੂੰ ਸੱਚ ਦੀ ਰੋਸ਼ਨੀ ਵਿਖਾਈ। ਲੋਕਾਂ ਨੂੰ ਉਨ੍ਹਾਂ ਦੇ ਸਮਾਜ ਅਤੇ ਸਭਿਆਚਾਰਕ ਵਿਰਸੇ ਤੋਂ ਮੁੜ ਜਾਣੂ ਕਰਵਾਉਣ ਦਾ ਹੀਲਾ ਕੀਤਾ। ਮੁੜ ਤੋਂ ਲੋਕਾਂ ਨੂੰ ਗੁਰੂ ਸਾਹਿਬਾਨਾਂ ਦੁਆਰਾ ਵਰੋਸਾਏ ਸਿਧਾਂਤਾਂ ਉਤੇ ਚੱਲਣ ਲਈ ਪ੍ਰੇਰਿਆ। ਲੋਕਾਂ ਵਿਚ ਇਸ ਕਿਸਮ ਦੀ ਗਿਰਾਵਟ ਗੁਰੂ ਸਾਹਿਬਾਨਾਂ ਦੇ ਸਮੇਂ, ਭਾਵ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਨਹੀਂ ਸੀ। ਪੰਡਤ ਸੁੰਦਰ ਲਾਲ ਅਨੁਸਾਰ:

> ਭਾਰਤ ਵਿਚ ਮੁਸਲਮਾਨਾਂ ਦੇ ਰਾਜ ਸਥਾਪਿਤ ਹੋਣ ਦਾ ਕਾਰਨ ਭਾਰਤਵਾਸੀਆਂ ਦੇ ਆਚਰਣ ਦੀ ਗਿਰਾਵਟ ਸੀ। ਦੱਖਣ ਪੱਛਮੀ ਕਿਨਾਰੇ ਤੋਂ ਦੂਰ ਸਮੁੰਦਰ (ਅਰਬ ਸਾਗਰ) ਵਿਚ ਇਕ ਜਹਾਜ਼ ਸੀ ਜਿਸ ਵਿਚ ਮੁਸਲਮਾਨਾਂ ਦੀਆਂ ਲੜਕੀਆਂ ਸਨ। ਆਪਣੀ ਤਾਕਤ ਦੀ ਦੁਰਵਰਤੋਂ ਕਰਕੇ ਸਿੰਧ ਦੇ ਰਾਜੇ ਨੇ ਉਹ ਜਹਾਜ਼ ਘੇਰ ਕੇ ਲੈ ਆਂਦਾ ਅਤੇ ਉਨ੍ਹਾਂ ਲੜਕੀਆਂ ਨਾਲ ਆਚਰਣ-ਹੀਣਤਾ ਦਾ ਵਰਤਾਉ ਕੀਤਾ। ਫਲਸਰੂਪ 769 ਬ੍ਰਿਕਮੀ ਵਿਚ ਮੁਸਲਮਾਨਾਂ ਨੇ ਭਾਰਤ ਦੇ ਸਿੰਧ ਵਾਲੇ ਪਾਸੇ ਕੁਝ ਹਿੱਸੇ ਤੇ ਕਬਜ਼ਾ ਆ ਕੀਤਾ।[46]

ਮੁਗਲ ਰਾਜ ਦੇ ਹੁੰਦਿਆਂ ਹੀ ਯੌਰਪ (ਪੱਛਮ) ਵੱਲੋਂ ਭਾਰਤ ਵਿਚ ਪੁਰਤਗਾਲ ਦੇਸ਼ ਦੇ ਫਰੰਗੀਆਂ ਨੇ ਸੰਮਤ 1555 ਨੂੰ ਭਾਰਤ ਦੀ ਧਰਤੀ ਤੇ ਪੈਰ ਧਰਿਆ ਅਤੇ ਸੰਮਤ 1567 ਵਿਚ ਗੋਆ ਤੇ ਕਬਜ਼ਾ ਕੀਤਾ। 1718 ਵਿਚ ਦੂਜੇ ਚਾਰਲਸ (Charles) ਇੰਗਲੈਂਡ ਦੇ ਬਾਦਸ਼ਾਹ ਨਾਲ ਪੁਰਤਗਾਲ ਦੇ ਬਾਦਸ਼ਾਹ ਦੀ ਲੜਕੀ ਵਿਆਹੀ ਗਈ। ਉਸਨੇ ਦਾਜ ਵਿਚ ਬੰਬਈ ਦਾ ਇਲਾਕਾ ਚਾਰਲਸ ਨੂੰ ਦਿੱਤਾ। ਚਾਰਲਸ ਨੇ 1725 ਵਿਚ ਬੰਬਈ ਦਾ ਸਾਰਾ ਇਲਾਕਾ ਈਸਟ ਇੰਡੀਆ ਕੰਪਨੀ ਦੇ ਹਵਾਲੇ ਕੀਤਾ।[47]

ਸੰਮਤ 1856 (ਸੰਨ 1799 ਈਸਵੀ) ਨੂੰ ਲਾਹੌਰ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਹੋਇਆ। ਮਹਾਰਾਜਾ ਨੇ ਸਤਿਲੁਜ ਤੋਂ ਲੈ ਕੇ ਪੇਸ਼ਾਵਰ ਤੋਂ ਅੱਗੇ ਤੱਕ ਅਫਗਾਨਿਸਤਾਨ ਵੱਲ ਅਤੇ ਤਿੱਬਤ ਤੋਂ ਸਿੰਧ ਤੱਕ ਆਪਣਾ ਰਾਜ ਫੈਲਾਇਆ। ਸੰਮਤ 1896 ਨੂੰ ਮਹਾਰਾਜੇ ਦਾ ਦੇਹਾਂਤ ਹੋਇਆ। ਸਿੱਖਾਂ ਵਿਚ ਆਚਰਣਹੀਣਤਾ ਇੰਨੀ ਪ੍ਰਬਲ ਹੋਈ ਕਿ ਆਪਣੇ ਕਰਮ ਧਰਮ ਮਰਯਾਦਾ ਸਭ ਛੱਡ ਕੇ ਆਪਸ ਵਿਚ ਲੜਨ ਝਗੜਨ ਲੱਗ ਪਏ। ਪੰਜਾਬ ਦੇ ਲੋਕਾਂ ਨੂੰ ਫੁੱਟ ਦਾ ਸ਼ਿਕਾਰ ਵੇਖ ਕੇ ਅੰਗਰੇਜ਼ਾਂ ਨੇ ਪੰਜਾਬ ਤੇ ਆਪਣਾ ਕਬਜ਼ਾ ਕਰ ਲਿਆ:

> ਜਿਨ੍ਹਾਂ ਪੰਜਾਬੀਆਂ ਨੇ ਪੰਜਾਬ ਦੀ ਅਣਖ ਤੇ ਗੈਰਤ ਦੀ ਰਖਵਾਲੀ ਲਈ ਸਿਰ ਧੜ ਦੀ ਬਾਜ਼ੀ ਲਾਈ ਰੱਖੀ ਸੀ। ਉਹ ਹੁਣ ਵਿਦੇਸ਼ੀ ਸਾਮਰਾਜ ਦਾ ਜੂਲਾ ਗਲੋਂ ਲਾਹੁਣ ਲਈ ਜੂਝਣ ਵਾਸਤੇ ਤਿਆਰ ਬੈਠੇ ਸਨ। ਲਗਭਗ ਸੌ ਸਾਲ ਦੀ ਇਸ ਜੱਦੋ-ਜਹਿਦ ਵਿਚ ਸਭ ਤੋਂ ਵੱਧ ਕੁਰਬਾਨੀਆਂ ਪੰਜਾਬੀਆਂ ਨੇ ਦਿੱਤੀਆਂ।[48]

ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਡੋਗਰਿਆਂ ਦੀਆਂ ਚਾਲਾਂ ਨੂੰ ਅਨੁਭਵ ਕਰਨ ਵਾਲੇ ਪਹਿਲੇ ਸੰਤ ਪੁਰਸ਼ ਬਾਬਾ ਰਾਮ ਸਿੰਘ ਸਨ, ਜਿਨ੍ਹਾਂ ਨੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਪ੍ਰਣ ਲਿਆ ਸੀ ਕਿ ਉਹ ਪੰਜਾਬ ਉੱਤੇ ਅੰਗਰੇਜ਼ਾਂ ਦੇ ਕਬਜ਼ੇ ਨੂੰ ਰੋਕਣ ਲਈ ਆਖਰੀ ਦਮ ਤੱਕ ਲੜਨਗੇ:

> ਪੰਜਾਬ ਵਿਚ ਸੁਤੰਤਰਤਾ ਸੰਗਰਾਮ ਦਾ ਮੁੱਢ ਨਾਮਧਾਰੀ ਸਤਿਗੁਰੂ ਬਾਬਾ ਰਾਮ ਸਿੰਘ ਜੀ ਨੇ ਬੰਨ੍ਹਿਆ। 1857 ਦਾ ਗ਼ਦਰ ਫੇਲ ਹੁੰਦਾ ਵੇਖ ਕੇ ਉਨ੍ਹਾਂ ਨੇ ਅਨੁਭਵ ਕਰ ਲਿਆ ਕਿ ਹਥਿਆਰਬੰਦ ਜੱਦੋ ਜਹਿਦ ਦੀ ਬਜਾਏ ਲੋਕਾਂ ਨੂੰ ਆਤਮਕ ਤੌਰ ਤੇ ਤਿਆਰ ਕੀਤਾ ਜਾਵੇ। ਉਨ੍ਹਾਂ ਦੀ ਚਲਾਈ ਹੋਈ ਨਾ-ਮਿਲਵਰਤਣ ਲਹਿਰ ਏਨੀ ਸਫ਼ਲ ਸੀ ਕਿ ਇਸੇ ਨੇ ਲੰਡਨੀ ਤਖਤ ਇਕ ਵਾਰ ਜੜ੍ਹਾਂ ਤੋਂ ਹਿਲਾ ਦਿੱਤਾ। ਬਦੇਸ਼ੀ ਹਾਕਮਾਂ ਨੂੰ ਬਾਬਾ ਰਾਮ ਸਿੰਘ ਹਥਿਆਰਬੰਦ ਫ਼ੌਜਾਂ ਨਾਲੋਂ ਵੀ ਵਧੇਰੇ ਖਤਰਨਾਕ ਜਾਪਿਆ।[49]

ਬਾਬਾ ਰਾਮ ਸਿੰਘ ਜੀ ਨੇ ਕੂਕਾ ਲਹਿਰ ਚਲਾ ਕੇ ਆਪਣੇ ਦੇਸ਼ ਵਾਸੀਆਂ ਨੂੰ ਧਾਰਮਕ, ਸਮਾਜਕ ਅਤੇ ਰਾਜਨੀਤਕ ਪਤਨ ਵਿਚੋਂ ਕੱਢ ਕੇ ਉਨ੍ਹਾਂ ਨੂੰ ਇਕ ਆਦਰਸ਼ਕ ਮਨੁੱਖ ਦੇ ਰੂਪ ਵਿਚ ਪੇਸ਼ ਕਰਨ ਦਾ ਉਪਰਾਲਾ ਕੀਤਾ। ਉਨ੍ਹਾਂ ਦੇ ਪ੍ਰਚਾਰ ਨੇ ਉਸ ਸਮੇਂ ਦੇ ਲੋਕਾਂ ਦੇ ਦਿਲ ਅਤੇ ਦਿਮਾਗ ਤੇ ਪਏ ਹੋਏ ਹਨ੍ਹੇਰੇ ਪਰਦਿਆਂ ਨੂੰ ਹਟਾ ਦਿੱਤਾ ਅਤੇ ਉਨ੍ਹਾਂ ਨੂੰ ਸੱਚ ਦੀ ਰੋਸ਼ਨੀ ਦਿਖਾਈ। ਬਾਬਾ ਰਾਮ ਸਿੰਘ ਜੀ ਨੇ ਲੋਕਾਂ ਵਿਚ ਇਹ ਸਮਾਜਕ ਚੇਤਨਾ ਫੈਲਾਈ ਕਿ ਉਹ ਤਾਂ ਅੰਗਰੇਜ਼ ਸਰਕਾਰ ਦੀ ਗੁਲਾਮੀ ਵਿਚ ਜੀਵਨ ਬਤੀਤ ਕਰ ਰਹੇ ਹਨ। ਇਸ ਸਮੇਂ ਨਾਮਧਾਰੀ ਲਹਿਰ ਨੇ ਦੇਸ਼ਵਾਸੀਆਂ ਦੇ ਮਨਾਂ ਵਿਚ ਇਕ ਨਵੀਂ ਚੇਤਨਾ ਅਤੇ ਜਾਗ੍ਰਿਤੀ ਲਿਆਉਣ ਲਈ ਆਪਣੇ ਉਪਰਾਲੇ ਕੀਤੇ। ਸਮਾਜਕ ਚੇਤਨਾ ਦੇ ਪ੍ਰਸਾਰ ਅਧੀਨ ਉਸ ਸਮੇਂ ਦੇ ਸਮਾਜ ਵਿਚੋਂ ਅਨੇਕਾਂ ਹੀ ਬੁਰੇ ਰਸਮੋਂ ਰਿਵਾਜਾਂ ਦਾ ਅੰਤ ਹੋ ਗਿਆ।

ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੀ ਸਿਫਤ ਸਲਾਹ ਕਰਕੇ ਜੋ ਸਮਾਜਕ ਜਾਗ੍ਰਿਤੀ ਲਿਆਂਦੀ ਸੀ ਉਹ ਲੋਕਾਂ ਦੇ ਮਨਾਂ ਵਿਚ ਫਿਰ ਤੋਂ ਢਿੱਲੀ ਪੈ ਚੁੱਕੀ ਸੀ। ਬਾਬਾ ਰਾਮ ਦੇ ਸਮੇਂ ਇਸਤਰੀ ਜਾਤੀ ਦੀ ਫਿਰ ਤੋਂ ਦੁਰਦਸ਼ਾ ਹੋ ਰਹੀ ਸੀ। ਉਨ੍ਹਾਂ ਨੂੰ ਕੋਈ ਮਾਣ ਸਤਿਕਾਰ ਨਹੀਂ ਸੀ ਮਿਲਦਾ ਨਾ ਹੀ ਉਹਨਾਂ ਦੀਆਂ ਭਾਵਨਾਵਾਂ ਦੀ ਕਦਰ ਕੀਤੀ ਜਾਂਦੀ ਸੀ।

ਛੋਟੀ ਉਮਰ ਵਿਚ ਹੀ ਮੰਗਣੀ ਪਿਛੋਂ ਉਹਨਾਂ ਦਾ ਵਿਆਹ ਕਰ ਦਿੱਤਾ ਜਾਂਦਾ ਸੀ। ਨਾ ਉਸ ਨੂੰ ਕੋਈ ਸਮਝ ਹੁੰਦੀ ਨਾ ਸਹੁਰੇ ਘਰ ਵਿਹਾਰ ਕਰਨ ਦੀ ਸੂਝ। ਛੋਟੀ ਉਮਰ ਦੀ ਵਿਆਹੀ ਬਾਲੜੀ ਜੇ ਵਿਧਵਾ ਹੋ ਜਾਂਦੀ ਤਾਂ ਹੋਰ ਮੁਸੀਬਤ ਆ ਜਾਂਦੀ। ਉਸ ਸਮੇਂ ਕਿਸੇ ਵਿਧਵਾ ਦਾ ਦੁਬਾਰਾ ਵਿਆਹ ਪਾਪ ਸਮਝਿਆ ਜਾਂਦਾ ਸੀ। ਉਸ ਬੱਚੀ ਨੂੰ ਜਿਸ ਨੂੰ ਵਿਆਹ ਦੇ ਅਰਥ ਵੀ ਨਹੀਂ ਸਨ ਪਤਾ ਹੁੰਦੇ, ਸਾਰੀ ਉਮਰ ਵਿਧਵਾ ਦਾ ਜੀਵਨ ਬਤੀਤ ਕਰਦੀ ਰਹਿੰਦੀ। ਲੋਕਾਂ ਦੇ ਤਾਅਨੇ-ਮੇਹਣੇ ਸੁਣਦੀ। ਉਸ ਦਾ ਜੀਵਨ ਨਰਕ ਭੋਗਣ ਦੇ ਸਮਾਨ ਹੋ ਜਾਂਦਾ ਸੀ।

ਬਾਬਾ ਰਾਮ ਸਿੰਘ ਜੀ ਨੇ ਇਸਤਰੀ ਦੀ ਅਜਿਹੀ ਦੁਰਦਸ਼ਾ ਨੂੰ ਵੇਖਿਆ ਤਾਂ ਇਸ ਪਾਸੇ ਸੁਧਾਰ ਕਰਨ ਦਾ ਬੀੜਾ ਚੁੱਕਿਆ। ਡਾ. ਤਾਰਾ ਸਿੰਘ ਅਨਜਾਣ ਜੀ ਦੇ ਕਥਨ ਇੱਥੇ ਵਰਣਨਯੋਗ ਹਨ:

> ਆਪ ਨੇ ਇਸਤਰੀ ਜਾਤੀ ਦੇ ਸੁਧਾਰ ਲਈ ਬਹੁਤ ਸਾਰੇ ਸਿਧਾਂਤ ਘੜ ਕੇ ਉਸ ਨੂੰ ਪੈਰ ਦੀ ਜੁੱਤੀ ਤੋਂ ਮਨੁੱਖ ਦੀ ਬਰਾਬਰੀ ਦਾ ਦਰਜਾ ਦੁਆਇਆ। ਇਸਤਰੀਆਂ ਨੂੰ ਸਿੱਖੀ ਰਹਿਤ ਮਰਿਆਦਾ ਕਦੀ ਕਿਸੇ ਨਹੀਂ ਸੀ ਦੱਸੀ। ਸਤਿਗੁਰ ਜੀ ਜੇਠ ਦੀ ਪੂਰਨਮਾਸੀ ਨੂੰ ਮੰਗਲਵਾਰ 1920 ਬਿਕਰਮੀ ਵਿਚ ਸਿਆੜ ਦੌਰੇ ਤੇ ਗਏ। ਆਸਾ ਦੀ ਵਾਰ ਦੇ ਕੀਰਤਨ ਉਪਰੰਤ ਅੰਮ੍ਰਿਤ ਤਿਆਰ ਕਰਵਾਇਆ। ਏਥੇ ਆਪ ਨੇ ਇਸਤਰੀਆਂ ਨੂੰ ਅੰਮ੍ਰਿਤ ਛਕਾਉਣ ਦੀ ਪਹਿਲ ਕੀਤੀ।[50]

ਉਨ੍ਹਾਂ ਨੂੰ ਕਛਹਿਰੇ ਪਾਉਣ, ਗੁੱਤਾਂ, ਪਰਾਂਦੇ ਜੂੜੇ ਖੋਲਣੇ ਸਣੇ ਕੇਸ਼ੀ ਇਸ਼ਨਾਨ ਕਰਨ, ਪੰਜ ਕਕਾਰਾਂ ਦੇ ਧਾਰਨੀ ਹੋਣ ਤੇ ਨਾਮ ਸਿਮਰਨ ਕਰਨ ਦਾ ਉਪਦੇਸ਼ ਦਿੱਤਾ ਗਿਆ। ਆਪ ਨੇ ਸਫ਼ੈਦ ਬਸਤਰ ਪਹਿਨਣ, ਪਰਦੇ ਲਈ ਤੇੜ ਘੱਗਰੀ ਦੀ ਥਾਂ ਸੁੱਥਣ ਪਾਉਣ ਦੀ ਨਸੀਹਤ ਦਿੱਤੀ। ਆਪ ਨੇ ਰੰਗ ਬਰੰਗੇ ਕੱਪੜੇ ਪਾਉਣ, ਕੰਨ ਵਿੰਨ੍ਹਣ, ਮੁਕਾਣਾ ਤੇ ਵੈਣ ਪਾਉਣ ਤੇ ਪਿੱਟ-ਸਿਆਪਾ ਕਰਨ

ਦੀ ਵੀ ਮਨਾਹੀ ਕੀਤੀ। ਆਪਣੇ ਪਤੀ ਬਿਨਾਂ ਕਿਸੇ ਹੋਰ ਪੀਰ ਫ਼ਕੀਰ ਦੀ ਪੂਜਾ ਕਰਨੀ, ਮੜ੍ਹੀ ਮਸਾਣਾਂ ਤੇ ਦੀਵੇ ਬਾਲਣੇ ਧਾਗੇ ਤਵੀਤ ਦੇ ਚੱਕਰਾਂ ਵਿਚ ਪੈਣਾ ਅਤੇ ਘੁੰਡ ਕੱਢਣਾ ਵੀ ਮਨ੍ਹਾਂ ਕਰ ਦਿੱਤਾ। ਆਏ ਸਿੱਖ ਸਾਧ ਦੀ ਸੇਵਾ ਕਰਨੀ, ਕੀਰਤਨ ਸੁਣਨਾ, ਮਰਿਆਦਾ ਵਿਚ ਰਹਿ ਕੇ ਸਿਮਰਨ ਕਰਨਾ ਜ਼ਰੂਰੀ ਕਰਾਰ ਦਿੱਤਾ ਗਿਆ। [51]

ਸਿਰਫ ਇਸਤਰੀ ਦੀ ਦਸ਼ਾ ਦਾ ਹੀ ਸੁਧਾਰ ਨਹੀਂ ਕੀਤਾ ਬਲਕਿ ਸਮਾਜਕ ਰਸਮਾਂ-ਰਿਵਾਜਾਂ ਪ੍ਰਤੀ ਵੀ ਸਮਾਜਕ ਤੇ ਸਭਿਆਚਾਰਕ ਕਿਸਮ ਦੀ ਚੇਤਨਾ ਦਾ ਪੁਨਰ ਵਿਕਾਸ ਕੀਤਾ।

ਨਾਮਧਾਰੀ ਲਹਿਰ ਨੇ ਸਮਾਜ ਦੀਆਂ ਸਮਾਜਕ ਤੇ ਆਰਥਕ ਬੁਰਾਈਆਂ ਨੂੰ ਦੂਰ ਕਰਨ ਲਈ ਵੀ ਸ਼ਲਾਘਾਯੋਗ ਕੰਮ ਕੀਤਾ। ਬਾਬਾ ਰਾਮ ਸਿੰਘ ਜੀ ਆਜ਼ਾਦੀ ਪ੍ਰਾਪਤ ਕਰਨ ਲਈ ਸਮਾਜ ਵਿਚ ਧਾਰਮਕ, ਸਮਾਜਕ ਅਤੇ ਆਰਥਿਕ ਸੁਧਾਰ ਕਰਨਾ ਬਹੁਤ ਜ਼ਰੂਰੀ ਸਮਝਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਆਜ਼ਾਦੀ ਪ੍ਰਾਪਤ ਕਰਨਾ ਇੰਨਾ ਮੁਸ਼ਕਿਲ ਨਹੀਂ ਪਰ ਉਸ ਨੂੰ ਸਥਾਈ ਰੂਪ ਨਾਲ ਕਾਇਮ ਰੱਖਣਾ ਬਹੁਤ ਮੁਸ਼ਕਿਲ ਹੈ। ਇਸ ਲਈ ਇਕ ਸ਼ਕਤੀਸ਼ਾਲੀ ਅਤੇ ਸੰਗਠਿਤ ਸਮਾਜਕ ਢਾਂਚੇ ਦਾ ਹੋਣਾ ਲਾਜ਼ਮੀ ਹੈ। ਇਸ ਵਾਸਤੇ ਇਨ੍ਹਾਂ ਨੇ ਉਸ ਸਮੇਂ ਦੇ ਸਮਾਜ ਵਿਚ ਪ੍ਰਚਲਿਤ ਬੁਰਾਈਆਂ ਨੂੰ ਦੂਰ ਕਰਨ ਦਾ ਜਤਨ ਕੀਤਾ। [52]

ਸਮਾਜਕ ਚੇਤਨਾ ਦੇ ਵਿਕਾਸ ਦਾ ਪਤਾ ਨਾਮਧਾਰੀ ਲਹਿਰ ਦੀ ਇਸ ਗੱਲ ਤੋਂ ਵੀ ਲੱਗਦਾ ਹੈ ਕਿ ਉਨ੍ਹਾਂ ਨੇ ਅਨੇਕਾਂ ਹੀ ਸਮਾਜ ਸੁਧਾਰ ਦੇ ਕੰਮ ਕਰਨੇ ਆਰੰਭ ਕਰ ਦਿੱਤੇ ਉਨ੍ਹਾਂ ਨੇ ਆਪਣੇ ਉਪਦੇਸ਼ਾਂ ਰਾਹੀਂ ਲੋਕਾਂ ਨੂੰ ਆਪਣੀਆਂ ਧੀਆਂ ਵੇਚਣ ਤੋਂ ਰੋਕਿਆ। ਉਨ੍ਹਾਂ ਨੇ ਵਿਆਹ ਦੀ ਸਾਦਾ ਅਤੇ ਬਹੁਤ ਹੀ ਘੱਟ ਖਰਚ ਵਾਲੀ ਪ੍ਰਣਾਲੀ ਚਲਾਈ। ਇੰਜ ਉਨ੍ਹਾਂ ਨੇ ਸਮਾਜ ਦੀ ਆਰਥਕ ਹਾਲਤ ਨੂੰ ਮਜ਼ਬੂਤ ਬਣਾਉਣ ਲਈ ਕੀਤਾ। ਉਨ੍ਹਾਂ ਨੇ ਆਪਣੇ ਸ਼ਰਧਾਲੂ ਨੂੰ ਮਾਸ ਸ਼ਰਾਬ ਅਤੇ ਤਮਾਕੂ ਦੀ ਵਰਤੋਂ ਕਰਨ ਤੋਂ ਮਨ੍ਹਾਂ ਕੀਤਾ। ਉਨ੍ਹਾਂ ਨੇ ਹਰ ਇਕ ਦੀ ਇੱਜਤ ਕਰਨ, ਜਾਤ-ਪਾਤ ਦਾ ਭੇਦ ਭਾਵ ਨਾ ਰੱਖਣ ਅਤੇ ਹਮੇਸ਼ਾਂ ਸੱਚ ਬੋਲਣ ਲਈ ਪ੍ਰਚਾਰ ਕੀਤਾ।

ਸਮਾਜ ਸੁਧਾਰ ਦੇ ਖੇਤਰ ਵਿਚ ਲੋਕਾਂ ਨੂੰ ਸੱਚੀ ਸੁੱਚੀ ਕਮਾਈ ਕਰਨ ਦੀ ਆਦਤ ਪਾਈ:

> ਕੂਕਾ ਲਹਿਰ ਰਾਹੀਂ ਬਾਬਾ ਰਾਮ ਸਿੰਘ ਨੇ ਲੋਕਾਂ ਨੂੰ ਕਿਰਤ ਕਮਾਈ ਕਰਕੇ ਆਪਣਾ ਜੀਵਨ ਨਿਰਬਾਹ ਕਰਨ ਲਈ ਕਿਹਾ। ਇੰਜ ਉਨ੍ਹਾਂ ਨੇ ਆਪਣੇ ਦੇਸ਼ਵਾਸੀਆਂ ਨੂੰ ਕਿਸੇ ਵੀ ਹਾਲਤ ਵਿਚ ਪਾਪ ਦੀ ਕਮਾਈ ਨੂੰ ਆਪਣਾ ਜੀਵਨ ਦਾ ਸਹਾਰਾ ਬਣਾਉਣ ਤੋਂ ਵਰਜਿਆ। ਇਨ੍ਹਾਂ ਨੇ ਸਮਾਜ ਦੇ ਅਮੀਰ ਵਰਗ ਨੂੰ ਗਰੀਬਾਂ ਦਾ ਸ਼ੋਸ਼ਣ ਕਰਨ ਤੋਂ ਵੀ ਰੋਕਿਆ।[53]

ਇਹੀ ਨਹੀਂ ਸਗੋਂ ਲੋਕਾਂ ਨੂੰ ਮੜੀਆਂ ਮਸਾਣਾਂ ਆਦਿ ਤੋਂ ਨਾ ਡਰਨ ਅਤੇ ਨਿੱਡਰਤਾ ਵਾਲਾ ਜੀਵਨ ਜਿਉਣ ਦੀ ਜਾਚ ਸਿਖਾਈ:-

> ਲੋਕ ਮੜ੍ਹੀਆਂ ਮਸਾਣਾਂ ਤੋਂ ਬੜੇ ਡਰਦੇ ਸਨ। ਉਹਨਾਂ ਨੂੰ ਭਰਮ ਸੀ ਕਿ ਜੇ ਇਨ੍ਹਾਂ ਨੂੰ ਢਾਹ ਦਿਆਂਗੇ ਜਾਂ ਪੂਜਾ ਨਾ ਕਰਾਂਗੇ ਤਾਂ ਸਾਨੂੰ ਕੁਝ ਚੰਬੜ ਜਾਏਗਾ ਜੋ ਸਾਡਾ ਜੀਣਾ ਮੁਹਾਲ ਕਰ ਦੇਵੇਗਾ। ਸਤਿਗੁਰਾਂ ਲੋਕਾਂ ਦਾ ਭਰਮਗੜ੍ਹ ਤੋੜਿਆ। ਆਪ ਜਿੱਥੇ ਵੀ ਜਾਂਦੇ, ਮੜੀਆਂ-ਮਸਾਣਾਂ, ਮਾਈ ਦਾ ਥਾਨ, ਗੁੱਗਾਪੀਰ ਦੀ ਕਬਰ, ਹੈਦਰ ਸੇਖ਼ ਦੀ ਕਬਰ, ਅੱਲਾ ਯਾਰ ਦੀ ਖਾਨਗਾਹ, ਪੀਰ ਖਾਨੇ ਦੇ ਮਕਬਰੇ ਆਦਿ ਢਾਹ ਦਿੰਦੇ ਫਿਰ ਸਿੱਖ ਵੀ ਦਲੇਰ ਹੋ ਗਏ, ਸਮਝ ਗਏ, ਮੜ੍ਹੀ ਇਕ ਮਿੱਟੀ ਦੀ ਢੇਰੀ ਹੀ ਸੀ .......।[54]

**ਸਭਿਆਚਾਰਕ ਚੇਤਨਾ:**

ਨਾਮਧਾਰੀ ਲਹਿਰ ਦੇ ਸੰਬੰਧ ਵਿਚ ਸਭਿਆਚਾਰਕ ਚੇਤਨਾ ਦੇ ਸੰਬੰਧ ਵਿਚ 'ਖੋਜ ਪ੍ਰਬੰਧ' ਵਿਚ ਕੁਝ ਚਰਚਾ ਕਰਨ ਤੋਂ ਪਹਿਲਾਂ ਇਹ ਜਾਣ ਲੈਣਾ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਅੰਗਰੇਜ਼ੀ ਕਾਲ ਵਿਚ ਕਿਸ ਕਿਸਮ ਦਾ ਸਭਿਆਚਾਰ ਪ੍ਰਫੁੱਲਿਤ ਹੋ ਚੁੱਕਾ ਸੀ ਜਿਸ ਨੂੰ ਰੋਕਣ ਲਈ ਨਾਮਧਾਰੀ ਲਹਿਰ ਨੂੰ ਆਪਣਾ ਅੰਦੋਲਨ ਸ਼ੁਰੂ ਕਰਨਾ ਪਿਆ।

ਪੰਜਾਬੀ ਸਭਿਆਚਾਰ, ਅੰਗਰੇਜ਼ੀ ਕਾਲ ਵਿਚ ਵੀ ਸਭਿਆਚਾਰੀਕਰਣ ਦੇ ਵਿਆਪਕ ਅਮਲ ਵਿਚੋਂ ਲੰਘਿਆ ਹੈ। ਇਹ ਗੱਲ ਮਹੱਤਵਪੂਰਨ ਹੈ ਕਿ ਪੰਜਾਬੀ ਸਭਿਆਚਾਰ ਉਤੇ ਅੰਗਰੇਜ਼ੀ ਸਭਿਆਚਾਰ ਦੇ ਪ੍ਰਭਾਵ ਨੂੰ ਜਾਣਨ ਤੋਂ ਪਹਿਲਾਂ ਸਾਨੂੰ ਆਪਣੀ ਸਭਿਆਚਾਰਕ ਪਿੱਠ-ਭੂਮੀ ਉਤੇ ਦ੍ਰਿਸ਼ਟੀ ਸੁੱਟਣ ਦੀ ਜ਼ਰੂਰਤ ਹੋਵੇਗੀ। ਇਸ ਉਪਰੰਤ ਪੰਜਾਬ ਵਿਚ ਅੰਗਰੇਜ਼ੀ ਕਾਲ ਦੇ ਸਮੁੱਚੇ ਰਾਜਨੀਤਕ ਇਤਿਹਾਸ ਦੀ ਰੂਪ ਰੇਖਾ ਨੂੰ ਉਘਾੜਨਾ ਪਵੇਗਾ, ਜਿਸ ਨਾਲ ਉਸ ਸਮੇਂ ਦੌਰਾਨ ਵਾਪਰਨ ਵਾਲੀਆਂ ਘਟਨਾਵਾਂ ਤੇ ਮਹੱਤਵਪੂਰਨ ਗਤੀਵਿਧੀਆਂ ਦਾ ਪਤਾ ਲੱਗ ਸਕੇਗਾ। ਇਹ ਗੱਲ ਬੜੀ ਅਹਿਮ ਹੈ ਕਿ ਇਤਿਹਾਸ ਦੀਆਂ ਪੈੜਾਂ ਨੂੰ ਸਮਝੇ ਬਿਨਾਂ ਸਭਿਆਚਾਰਕ ਤਬਦੀਲੀਆਂ ਅਤੇ ਸਭਿਆਚਾਰਕ ਚੇਤਨਾ ਨੂੰ ਠੀਕ ਢੰਗ ਨਾਲ ਪੇਸ਼ ਨਹੀਂ ਕੀਤਾ ਜਾ ਸਕਦਾ ਤੇ ਨਾ ਹੀ ਇਹ ਸਪੱਸ਼ਟ ਤੌਰ ਤੇ ਉਜਾਗਰ ਹੋ ਸਕਦੀਆਂ ਹਨ। ਸਮੇਂ ਦਾ ਇਤਿਹਾਸ ਹੀ ਸਭਿਆਚਾਰਕ ਤਬਦੀਲੀਆਂ ਦਾ ਆਧਾਰ ਹੁੰਦਾ ਹੈ। ਖ਼ਾਸ ਕਰਕੇ ਜਦੋਂ ਕੌਮਾਂ ਦੇ ਸੰਪਰਕ ਤੋਂ ਉਪਜੇ ਪਰਿਵਰਤਨਾਂ ਦੀ ਗੱਲ ਕਰਨੀ ਹੋਵੇ ਤਾਂ ਇਤਿਹਾਸਕ ਆਧਾਰ ਬਾਰੇ ਗਿਆਨ ਹੋਣਾ ਹੋਰ ਵੀ ਆਵੱਸ਼ਕ ਹੋ ਜਾਂਦਾ ਹੈ।

ਅੰਗਰੇਜ਼ੀ ਕਾਲ ਤੋਂ ਪਹਿਲਾਂ ਸਮੁੱਚੇ ਭਾਰਤੀ ਸਭਿਆਚਾਰ ਦੀ ਸਥਿਤੀ ਬੜੀ ਤਰਸਯੋਗ ਸੀ। ਉਸ ਸਮੇਂ ਹਿੰਦੂ ਤੇ ਮੁਸਲਮਾਨ ਸਭਿਆਚਾਰ ਮੁੱਖ ਤੌਰ ਤੇ ਵਿਦਮਾਨ ਸਨ। ਇਨ੍ਹਾਂ ਦੋਹਾਂ ਦੇ ਆਪਸੀ ਧਾਰਮਕ ਤੇ ਰਾਜਸੀ ਬਿੰਬ ਤਣਾਉ ਦੀ ਸਥਿਤੀ ਵਾਲੇ ਸਨ। ਇਸ ਤਣਾਉ ਦੇ ਪ੍ਰਤੀਕਰਮ ਵਜੋਂ ਸਿੱਖ ਧਰਮ ਦਾ ਸਭਿਆਚਾਰ ਪ੍ਰਕਾਸ਼ਮਾਨ ਹੋ ਰਿਹਾ ਸੀ। ਕੁਝ ਮੁਸਲਮਾਨ ਸ਼ਾਸ਼ਕਾਂ ਨੇ ਇਸ ਸੰਘਰਸ਼ ਤੇ ਖਿੱਚੋਤਾਣ ਨੂੰ ਧਾਰਮਕ ਤੇ ਸਭਿਆਚਾਰਕ ਮੇਲ ਵਿਚ ਬਦਲਣ ਦੇ ਜਤਨ ਕੀਤੇ। ਪਰ ਨਿਰੰਤਰ ਤੇ ਇਕਸਾਰ ਮਾਹੌਲ ਦੀ ਅਣਹੋਂਦ ਕਾਰਨ ਇਹ ਕੋਸ਼ਿਸ਼ਾਂ ਆਰਜੀ ਤੇ ਅਸਥਿਰ ਸਾਬਤ ਹੋ ਗਈਆਂ ਕਿਉਂਕਿ ਅਗਲੇ ਮੁਸਲਮਾਨ ਹਾਕਮਾਂ ਦਾ ਰਵੱਈਆ ਇਸਦੇ ਉਲਟ ਸੀ। ਇਸ ਸਮੇਂ ਜਾਗੀਰਦਾਰੀ ਪ੍ਰਥਾ ਵੀ ਸਭਿਆਚਾਰਕ ਜੜ੍ਹਤਾ ਦਾ ਕਾਰਨ ਬਣੀ ਹੋਈ ਸੀ।

ਅਠਾਰਵੀਂ ਸਦੀ ਦੇ ਆਰੰਭ ਵਿਚ ਹੀ ਮੁਸਲਮਾਨੀ ਰਾਜ ਦੀਆਂ ਜੜਾਂ ਖੋਖਲੀਆਂ ਹੋਣੀਆਂ ਸ਼ੁਰੂ ਹੋ ਗਈਆਂ ਸਨ। ਸਮੁੱਚਾ ਹਿੰਦੁਸਤਾਨ ਰਾਜਸੀ ਇਕਾਈ ਵਜੋਂ ਥਿੜਕ ਚੁੱਕਾ ਸੀ।

> ਰਿਆਸਤੀ ਖ਼ੁਦਮੁਖਤਾਰੀਆਂ ਦੀ ਲਹਿਰ ਜ਼ੋਰ ਫੜ ਰਹੀ ਸੀ। ਪਰ ਰਾਜਸੀ ਤੇ ਧਾਰਮਕ ਤਣਾਉ ਵਾਲੇ ਵਾਤਾਵਰਣ ਵਿਚ ਇਹਨਾਂ ਨੂੰ ਲੋਕਾਂ ਦਾ ਵਿਸ਼ਵਾਸ ਪ੍ਰਾਪਤ ਨਹੀਂ ਸੀ ਇਸ ਪ੍ਰਕਾਰ ਰਾਜਸੀ ਅਸਥਿਰਤਾ ਤੇ ਅਰਾਜਕਤਾ ਦੀ ਸਥਿਤੀ ਪੈਦਾ ਹੋ ਚੁੱਕੀ ਸੀ।[55]

18ਵੀਂ ਸਦੀ ਦੇ ਅੰਤ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿਚ ਇਕ ਵੱਖਰੀ ਸੁਤੰਤਰ ਇਕਾਈ ਦੇ ਰੂਪ ਵਿਚ ਧਰਮ ਨਿਰਪੱਖ ਸਿੱਖ ਰਾਜ ਸਥਾਪਤ ਕੀਤਾ। ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਵਿਸ਼ਾਲ ਤੇ ਸੰਗਠਿਤ ਸਿੱਖ ਰਾਜ ਆਪਸੀ ਫੁੱਟ ਤੇ ਵਿਦੇਸ਼ੀ ਕੂਟਨੀਤੀ ਦਾ ਸ਼ਿਕਾਰ ਹੋ ਗਿਆ ਤੇ ਪੰਜਾਬੀ ਜਨ ਜੀਵਨ ਮੁੜ ਅਸ਼ਾਂਤ ਅਵੱਸਥਾ ਵਿਚ ਡਿਗ ਪਿਆ।

ਪੰਜਾਬੀ ਸਭਿਆਚਾਰ ਵਿਚ ਪ੍ਰਵਤਨ ਮੁਸਲਮਾਨ ਰਾਜ ਦੇ ਸਥਾਪਤ ਹੋ ਜਾਣ ਨਾਲ ਕਾਫੀ ਹੱਦ ਤੱਕ ਹੋ ਗਿਆ ਸੀ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਲਿਖਦੇ ਹਨ:

> ਇਕ ਹੋਰ ਮੁੱਖ ਪ੍ਰਭਾਵ ਵੱਖ ਵੱਖ ਦੇਸ਼ਾਂ ਦੇ ਲੋਕਾਂ ਦੀ ਰਹਿਣੀ-ਸਹਿਣੀ ਉਤੇ ਉਹਨਾਂ ਦੇ ਇਤਿਹਾਸ ਦਾ ਹੁੰਦਾ ਹੈ। ਜਦੋਂ ਜਲਵਾਯੂ ਜਾਂ ਕਿਸੇ ਹੋਰ ਕਾਰਣ ਇਕ ਦੇਸ਼ ਜਾਂ ਪ੍ਰਦੇਸ਼ ਦੇ ਲੋਕਾਂ ਦੀ ਰਹਿਣੀ-ਸਹਿਣੀ ਇਤਿਹਾਸਕ ਕਾਰਣ ਅਧੀਨ ਇਕ ਵਿਸ਼ੇਸ਼ ਰੂਪ ਧਾਰਨ ਕਰ ਲੈਂਦੀ ਹੈ, ਸਭ ਤੋਂ ਨੇੜੇ ਦਾ ਉਦਾਹਰਨ ਤਾਂ ਸਿੱਖਾਂ ਦੀ ਪੁਸ਼ਾਕ ਵਿਚ ਦੇਖਿਆ ਜਾ ਸਕਦਾ ਹੈ, ਜਿਹੜੀ ਕੁਝ ਹੱਦ ਤੱਕ ਹਿੰਦੂ, ਮੁਸਲਮਾਨ ਪ੍ਰਭਾਵਾਂ ਦਾ ਮਿਸ਼ਰਣ ਕਹੀ ਜਾ ਸਕਦੀ ਹੈ।[56]

ਇਸ ਪ੍ਰਕਾਰ ਪੰਜਾਬੀ ਸਭਿਆਚਾਰ ਅੰਗਰੇਜ਼ਾਂ ਦੇ ਆਗਮਨ ਤੋਂ ਪਹਿਲਾਂ ਵੀ ਦੂਸ਼ਿਤ ਹੋ ਚੁੱਕਿਆ ਸੀ। ਭਾਰਤ ਤੇ ਪੰਜਾਬ ਦੇ ਵਪਾਰਕ ਸੰਬੰਧ ਢੇਰ ਚਿਰ ਪਹਿਲਾਂ ਪੱਛਮੀ ਤੇ ਦੂਜੇ ਦੇਸ਼ਾਂ ਨਾਲ ਸਥਾਪਤ ਹੋ ਚੁੱਕੇ ਸਨ। ਪਰੰਤੂ ਅਜੇ ਪੱਛਮੀ ਸਭਿਆਚਾਰ ਨੂੰ ਭਾਰਤੀਆਂ ਜਾਂ ਪੰਜਾਬੀਆਂ ਨੇ ਅਪਣਾਇਆ ਨਹੀਂ ਸੀ:

> ਸਮਾਜਕ ਪੱਖੋਂ, ਭਾਰਤੀ ਸਮਾਜ ਦੀ ਦਸ਼ਾ ਹੋਰ ਵੀ ਮਾੜੀ ਸੀ, ਹਿੰਦੂ ਸਮਾਜ ਜਾਤ-ਪਾਤ ਦੇ ਬੰਧਨਾਂ ਵਿਚ ਬੁਰੀ ਤਰ੍ਹਾਂ ਜਕੜਿਆ ਹੋਇਆ ਸੀ। ਮੁਸਲਮਾਨਾਂ ਵਿਚ ਵੀ, ਹਿੰਦੂ ਜਾਤੀ ਪ੍ਰਣਾਲੀ ਦੇ ਪ੍ਰਭਾਵ ਕਾਰਨ, ਬਰਾਬਰਤਾ ਦੇ ਅਸੂਲ ਨੂੰ ਢਾਹ ਲੱਗ ਚੁੱਕੀ ਸੀ। ਜਿਸ ਕਾਰਨ ਉਨ੍ਹਾਂ ਵਿਚ ਧਾਰਮਕ, ਅੰਧਵਿਸ਼ਵਾਸ ਤੇ ਵਹਿਮਾਂ ਭਰਮਾਂ ਦੀ ਭਰਮਾਰ ਹੋ ਰਹੀ ਸੀ। ਇਸਤਰੀਆਂ ਦੀ ਦਸ਼ਾ ਹਰ ਵਰਗ ਤੇ ਧਰਮ ਵਿਚ ਦਰਦਨਾਕ ਸੀ। ਬਾਲ ਵਿਆਹ, ਕੁੜੀ-ਮਾਰਨਾ, ਤਲਾਕ ਤੇ ਸਤੀ ਦੀ ਰਸਮ ਪ੍ਰਧਾਨ ਸੀ। ਬੁਰਕੇ ਤੇ ਘੁੰਡ ਦੀ ਪ੍ਰਥਾ ਹੋਣ ਕਾਰਨ ਇਸਤਰੀ ਦਾ ਦਰਜਾ ਮਨੁੱਖ ਤੋਂ ਕਿਤੇ ਹੀਣਾ ਸੀ।[57]

ਅਜਿਹੀਆਂ ਸਮਾਜਕ ਤੇ ਸਭਿਆਚਾਰਕ ਤਰਸਯੋਗ ਹਾਲਤਾਂ ਵਿਚ ਨਾਮਧਾਰੀ ਲਹਿਰ ਨੇ ਲੋਕਾਂ ਵਿਚ ਸਭਿਆਚਾਰਕ ਤੇ ਸਮਾਜਕ ਚੇਤਨਾ ਨੂੰ ਪ੍ਰਫੁੱਲਿਤ ਕਰਨ ਦਾ ਬੀੜਾ ਚੁੱਕਿਆ। ਨਾਮਧਾਰੀਆਂ ਨੇ ਕੁਝ ਅਸੂਲ ਤਿਆਰ ਕੀਤੇ। ਆਮ ਲੋਕਾਂ ਤੱਕ ਇਹਨਾਂ ਅਸੂਲਾਂ ਦਾ ਪੈਗਾਮ ਪਹੁੰਚਾਇਆ ਗਿਆ। ਜੀਵਨ ਨੂੰ ਸਫ਼ਲ ਬਣਾਉਣ ਲਈ ਇਨ੍ਹਾਂ ਅਸੂਲਾਂ ਤੇ ਚੱਲਣ ਦੀ ਪ੍ਰੇਰਨਾ ਦਿੱਤੀ ਗਈ। ਅਸੂਲਾਂ ਦੀ ਸ਼੍ਰੇਣੀ ਤਿਆਰ ਕੀਤੀ ਗਈ ਜੋ ਇਸ ਪ੍ਰਕਾਰ ਹਨ:

ਨਾਮਧਾਰੀ ਅਸੂਲ:

1. ਸਦਾਚਾਰਕ: ਮਾਸ, ਸ਼ਰਾਬ, ਚੋਰੀ, ਯਾਰੀ ਤੇ ਝੂਠ ਦਾ ਤਿਆਗ- ਵਿਆਜ ਨਹੀਂ ਲੈਣਾ, ਜਿਨਸ ਦੇ ਕੇ ਸਵਾਈ ਡਿਉਢੀ ਨਹੀਂ ਲੈਣੀ।
2. ਸਮਾਜਕ: ਕੁੜੀਆਂ ਮਾਰਨਾ, ਵੇਚਣਾ, ਵੱਟੇ ਤੇ ਸਾਕ ਤੇ ਬਾਲ-ਵਿਆਹ ਦੀ ਮਨਾਹੀ, ਦਾਜ ਲੈਣ-ਦੇਣ ਦੀ ਨਿਖੇਧੀ, ਵਿਧਵਾ ਵਿਆਹ ਦੀ ਖੁੱਲ੍ਹ, ਵਹਿੜਕਾ ਖੱਸੀ ਨਹੀਂ ਕਰਾਉਣਾ।
3. ਧਾਰਮਕ: ਅਮਰਤ ਵੇਲੇ ਸਣੇ ਕੇਸੀ ਇਸ਼ਨਾਨ, ਨਾਮ ਜਪਣ, ਬਾਣੀ ਦਾ ਪਾਠ ਕਰਨਾ, ਸਾਦੀ ਖੁਰਾਕ, ਸਾਦੀ ਪੁਸ਼ਾਕ, ਸਿੱਧੀ ਦਸਤਾਰ ਧਾਰਨ ਕਰਨੀ, ਉਨ ਦੀ ਮਾਲਾ, ਆਸਣ

ਪਉਏ ਤੇ ਗੜਵਾ ਰੱਖਣਾ, ਸੁੱਚ ਦੀ ਸੰਜਮ ਦੀ ਧਾਰਨਾ, ਅਤਿਥੀ ਸਤਕਾਰ, ਗਊ ਰੱਖਿਆ, ਜੱਗ ਹੋਮ, ਪੰਜ ਕਕਾਰਾਂ ਦੀ ਮਰਿਆਦਾ ਦਾ ਵਿਧਾਨ ਤੇ ਅਹਿੰਸਾ ਦੀ ਪਾਲਣਾ।

4. ਰਾਜਨੀਤਕ: ਸਰਕਾਰੀ ਨੌਕਰੀ ਨਹੀਂ ਕਰਨੀ, ਸਰਕਾਰੀ ਸਕੂਲਾਂ ਵਿਚ ਬੱਚੇ ਨਹੀਂ ਪੜ੍ਹਾਉਣੇ, ਆਪਸੀ ਮੁਕੱਦਮੇ ਆਪਣੀਆਂ ਪੰਚਾਇਤਾਂ ਵਿਚ ਨਿਬੇੜਨੇ, ਸੁਦੇਸੀ ਚੀਜਾਂ ਵਰਤਣੀਆਂ, ਡਾਕ ਵਿਚ ਚਿੱਠੀ ਨਹੀਂ ਪਾਉਣੀ ਅਤੇ ਲਗਦੀ ਵਾਹ ਰੇਲ ਤੇ ਨਹੀਂ ਚੜ੍ਹਨਾ।[58]

ਇਨ੍ਹਾਂ ਅਸੂਲਾਂ ਦੇ ਆਧਾਰ ਤੇ ਹੀ ਪੰਜਾਬੀ ਸਮਾਜ ਵਿਚ ਕੂਕਿਆਂ ਪ੍ਰਤੀ ਇਹ ਲੋਕ-ਸਤਰਾਂ ਪ੍ਰਚਲਿਤ ਹੋ ਗਈਆਂ ਸਨ:

ਕੂਕੇ ਬੜੇ ਕਸੂਤੇ ਰਹਿੰਦੇ ਭੁੱਖੇ ਪਾਣੀ ਨਾ ਪੀਂਦੇ।

ਬਾਬਾ ਰਾਮ ਸਿੰਘ ਜੀ ਨੇ ਲਾਗਲੇ ਪਿੰਡਾਂ, ਜਿਲ੍ਹਾ ਜਲੰਧਰ ਤੇ ਜਿਲਾ ਲੁਧਿਆਣਾ ਵਿਚ ਦੌਰੇ ਸ਼ੁਰੂ ਕਰਕੇ ਆਮ ਲੋਕਾਂ ਨੂੰ ਆਪਣੇ ਧਰਮ ਅਤੇ ਵਿਰਸੇ ਤੋਂ ਜਾਣੂ ਕਰਵਾਇਆ। ਲੋਕਾਂ ਨੂੰ ਨਾਮ ਸਿਮਰਨ ਦੀ ਪ੍ਰੇਰਨਾ ਦਿੱਤੀ।

ਅਖ਼ੀਰ ਵਿਚ ਅਸੀਂ ਕਹਿ ਸਕਦੇ ਹਾਂ ਕਿ ਨਾਮਧਾਰੀ ਲਹਿਰ ਨੇ ਜਿੱਥੇ ਲੋਕਾਂ ਵਿਚ ਹੋਰ ਅਨੇਕਾਂ ਪ੍ਰਕਾਰ ਦੀ ਚੇਤਨਾ ਪੈਦਾ ਕੀਤੀ ਉਥੇ ਸਮਾਜਕ ਤੇ ਸਭਿਆਚਾਰਕ ਪੱਖੋਂ ਵੀ ਇਸ ਲਹਿਰ ਨੇ ਚੇਤਨਾ ਦੇ ਖੇਤਰ ਵਿਚ ਕੋਈ ਕਮੀ ਨਹੀਂ ਰਹਿਣ ਦਿੱਤੀ। ਨਾਮਧਾਰੀ ਲਹਿਰ ਤੀਬਰ ਤੇ ਵਿਲੱਖਣ ਸੀ:

> ਨਾਮਧਾਰੀ ਆਦਰਸ਼ ਦੀ ਰੂਹ ਇਕ ਅਜਿਹਾ ਧਰਮ ਸੀ ਜੋ ਕਿ ਵਿਹਾਰੀ ਸੀ। ਗੁਰਦੁਆਰਿਆਂ, ਮਸੀਤਾਂ, ਜਾਂ ਮੰਦਰ ਸ਼ਿਵ ਦੁਆਰਿਆਂ ਨੂੰ ਤਾਂ ਨਾਮਧਾਰੀ ਪ੍ਰਭੂ ਲਈ ਹੱਤਕ ਘਰ ਆਖਦੇ ਸਨ। ਇਨ੍ਹਾਂ ਲੁੱਟ ਦੇ ਸਾਧਨਾਂ ਤੋਂ ਹਟ ਨਾਮਧਾਰੀਆਂ ਵੱਲੋਂ ਪ੍ਰੇਮ ਪ੍ਰਭੂ ਭਗਤੀ ਤੇ ਮਨੁੱਖੀ ਪ੍ਰੇਮ ਤੇ ਬਲ ਦਿੱਤਾ ਗਿਆ। ਸਮਾਜ ਲਈ ਉਪਯੋਗੀ ਕੂਕਾ ਵਿਸ਼ਵਾਸ ਵਿਅਕਤੀ ਨੂੰ ਸ਼ਰਾਬ, ਤਮਾਕੂ ਮੀਟ ਮਾਸ ਦੀ ਵਰਤੋਂ ਤੋਂ ਰੋਕਦਾ ਸੀ। ਕੁੜੀਆਂ ਨਾ ਮਾਰਨਾ ਤੇ

> ਨਾ ਹੀ ਪੈਸੇ ਵੱਟਣੇ, ਬੇਹੱਦ ਘੱਟ ਖਰਚੀਲੀਆਂ ਸ਼ਾਦੀਆਂ ਅਤੇ ਜਾਤਾਂ ਦਾ ਆਪਸ ’ਚ ਮਿਲ ਬੈਠਣਾ, ਬੇਈਮਾਨਾਂ, ਚੋਰਾਂ ਠੱਗਾਂ ਨੂੰ ਮੂੰਹ ਨਾ ਲਾਉਣਾ ਇਹ ਸਭ ਕੁਝ ਇਕ ਖ਼ਾਸ ਕਿਸਮ ਦਾ ਸਮਾਜਕ ਸੰਜਮ ਸੀ ਜਿਹੜਾ ਕਿ ਨਾਮਧਾਰੀਆਂ ਨੂੰ ਨਾ ਸਿਰਫ ਵਿਲੱਖਣਤਾ ਪ੍ਰਦਾਨ ਕਰਦਾ ਸੀ ਸਗੋਂ ਕੁਰਬਾਨੀ ਲਈ ਤਿਆਰ ਕਰਦਾ ਸੀ।[59]

ਸਭਿਆਚਾਰਕ ਕਿਸਮ ਦੀ ਚੇਤਨਾ ਦੇ ਤੌਰ ਤੇ ਹੀ ਸਵਦੇਸ਼ੀ, ਵਿਦੇਸ਼ੀ ਵਸਤੂਆਂ ਦਾ ਬਾਈਕਾਟ ਅਤੇ ਅੰਗਰੇਜ਼ ਸਰਕਾਰ ਦੇ ਇਨਸਾਫ਼ ’ਚ ਰਤਾ ਵੀ ਵਿਸ਼ਵਾਸ ਨਾ ਹੋਣਾ, ਹੋਰ ਅਜਿਹੇ ਅਸੂਲ ਸਨ ਜਿਨ੍ਹਾਂ ਕਾਰਨ ਕੂਕਾ ਲਹਿਰ ਬੇਪ੍ਰਵਾਹ ਆਜ਼ਾਦੀ ਦਾ ਸ੍ਰੋਤ ਸੀ। ਕੂਕਿਆਂ ਦੀ ਮਸਤੀ ਮਸ਼ਹੂਰ ਸੀ। ਇਸ ਮਸਤੀ ਵਿਚੋਂ ਹੀ ਧਾਰਮਕ ਵਹਿਮਾਂ, ਭਰਮਾਂ ਜਾਂ ਸਮਾਜਕ ਕੁਰੀਤੀਆਂ ਪ੍ਰਤੀ ਉਨ੍ਹਾਂ ਦਾ ਨਜ਼ਰੀਆ ਤੇ ਵਤੀਰਾ ਕਈ ਵਾਰ ਹੱਦਾਂ ਬੰਨੇ ਟੱਪ ਕੇ ਹਿੰਸਾ ਦਾ ਰੂਪ ਵੀ ਧਾਰਨ ਕਰ ਲੈਂਦਾ ਸੀ।

ਇਹ ਕੂਕਾ ਲਹਿਰ ਰਾਜਸੀ ਮੁਕਤੀ ਅੰਦੋਲਨ ਦੇ ਅੰਸ਼ਾਂ ਨਾਲ ਲੋਤ ਪੋਤ ਸੀ ਪਰੰਤੂ ਮੁਕਤੀ ਲਈ ਉਸਾਰੀ ਇਹ ਇਮਾਰਤ ਰਾਜਨੀਤੀ ਤੋਂ ਸ਼ੁਰੂ ਨਹੀਂ ਸੀ ਹੋਈ ਸਗੋਂ ਇਸ ਦੀ ਬੁਨਿਆਦ ਅਜਿਹੇ ਮਨੁਖਾਂ ਦੇ ਸਿਰੜ ਤੇ ਹੱਠ ਤੇ ਰੱਖੀ ਗਈ ਜੋ ਕਿ ਸੰਜਮੀ ਤੇ ਸਦਾਚਾਰਕ ਸਨ, ਬਜਿੱਦ ਸਨ, ਇਹ ਉਹ ਵਿਅਕਤੀ ਸਨ ਜੋ ਕੁਰਬਾਨੀ ਨੂੰ ਆਪਣੀ ਹੋਣੀ ਤਸੱਵਰ ਕਰ ਚੁੱਕੇ ਸਨ। ਇਨ੍ਹਾਂ ਲਈ ਆਪਣੇ ਰਾਜ ਜਾਂ ਪੰਚਾਇਤੀ ਰਾਜ ਦਾ ਅਰਥ ਸੀ ਸਦਾਚਾਰਕ ਉੱਨਤੀ, ਸਮਾਜਕ ਮੁਕਤੀ ਅਤੇ ਦੇਹੀ ਦਾ ਨਰੋਆਪਨ।

ਲੋਕ ਹਿੱਤ ਕੁਰਬਾਨੀਆਂ ਅਤੇ ਸ਼ਹੀਦੀਆਂ ਦੀ ਅਟੁੱਟ ਲੜੀ ਵਰਗੇ ਸਿੱਖ ਇਤਿਹਾਸ ਵਿਚ ਗੁਰੂ ਰਾਮ ਸਿੰਘ ਦਾ ਅਦੁੱਤੀ ਜੀਵਨ ਸੰਘਰਸ਼ ਅਥਾਹ ਪ੍ਰੇਰਨਾ ਦਾ ਸੋਮਾ ਹੈ। ਸਾਡੇ ਸਮੇਂ ਵਿਚ ਇਸ ਲਹਿਰ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ, ਕਿਉਂਕਿ ਇਸ ਸਮੇਂ ਵੀ ਪੰਜਾਬ ਵਿਚ ਪੱਛਮੀ ਸਭਿਆਚਾਰ ਦੀ ਭਰਮਾਰ ਹੋ ਰਹੀ ਹੈ ਲੋਕਾਂ ਨੂੰ ਆਪਣੇ ਧਰਮ ਤੇ ਵਿਰਸੇ ਤੋਂ ਜਾਣੂ ਕਰਵਾਉਣ ਲਈ ਅਜਿਹੀ ਲਹਿਰ ਦਾ ਮੁੜ ਪ੍ਰਚਾਰ ਹੋਰ ਈਸ਼ਵਰੀ ਹੋ ਜਾਂਦਾ ਹੈ।

# ਹਵਾਲੇ ਅਤੇ ਟਿੱਪਣੀਆਂ


1. L.J. TraTaur, ***History of the British Empire in India 1844-1862 Vol. I,*** London, 1866, p. 134
2. ਮੇਜਰ ਇਵਾਨਜ ਬੈੱਲ, ***ਦੀ ਅਨੈਲਸ਼ੇਸ਼ਨ ਆਫ ਦਾ ਪੰਜਾਬ ਐਂਡ ਮਹਾਰਾਜਾ ਦਲੀਪ ਸਿੰਘ*** (ਲੰਡਨ-1882), ਪੰ. 6
3. ਸੀ. ਯੂ. ਐਚੀਸਨ, ਏ. ***ਕੁਲੈਕਸ਼ਨ ਆਫ ਟ੍ਰੀਟੀਜ਼, ਜਿਲਦ 1,*** ਕਲਕੱਤਾ 1931, ਪੰ. 166
4. ਡਾ. ਏ. ਸੀ. ਅਰੋੜਾਂ, ***ਪੰਜਾਬ ਦੀਆਂ ਲੋਕ ਲਹਿਰਾਂ***, ਪਬਲੀਕੇਸ਼ਨ ਬਿਊਰੋ, ਪਟਿਆਲਾ, ਦੂਜੀ ਵਾਰ, 1996, ਪੰ. 14
5. ਐਸ ਆਰ. ਮਲਹੋਤਰਾ, ***ਦੀ ਈਮਰਜੈਂਸ ਆਫ ਇੰਡੀਅਨ ਨੈਸ਼ਨਲ ਕਾਂਗਰਸ,*** ਦਿੱਲੀ 1971, ਪੰ. 44
6. Campbell, Ernest Y. ***The Church in the Punjab***, p. 9
7. Wherry, E. Morrie, ***Our Missions in India***, p. 19
8. Richir Julius, ***A History of Missions in India***, p. 12
9. Ed. ***A Brief Accout of the Ludhiana Mission, 1834-1844***,p. 12
10. Anderson H.G., A century for the chirst, sketch of the history of the first church in Punjab from inception in 1837 under the celebration in 1937, Ludhiana Mission Press, Ludhiana, 1937
11. "In Guru Nanak's time There were not only Hindu and Muslims but also Parsis Jews and must likely christians among the saints in the paris of India", Archer- ***The Sikhs,*** Princeton University Press, 1946, p. 70

12. C.H. Loehlin, It is had to imagine such an indefatiguable traveller and Earnest seeker as Guru Nanak, not meetng these christian Saints, The History of Christainity in the Punjab,: ***The Punjab Past and present, Vol II, Part I*** Patiala, April, 1973, p. 176
13. Amaury de Riencourt, "Akbar was profoundly impressed/ deficiently to let the Criest jesuits open a church and a college in Agra with full freedom to paptize and preach to his subject." ***The Soul of India,*** Harpers, New York. 1960, p. 1991-92
14. Clark - ***The Punjab & Sind Mission of the Church Missionary Society***, London, 1855, p. 3
15. ਏ. ਸੀ ਅਰੋੜਾ, ***ਪੰਜਾਬ ਦੀਆਂ ਲੋਕ ਲਹਿਰਾਂ***, ਪਬਲੀਕੇਸ਼ਨ ਬਿਊਰੋ, ਪਟਿਆਲਾ, ਪੰ. 20
16. ਉਹੀ, ਪੰ. 20
17. ਹਰੀ ਸਿੰਘ ਬੋਪਾਰਾਏ, ***ਰਿਵੋਲਟ ਆਫ 1857 ਇਨ ਪੰਜਾਬ,*** ਐਮ. ਫਿਲ. ਥੀਸਿਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1979, ਪੰ. 63
18. ਏ. ਸੀ. ਅਰੋੜਾ, ***ਬ੍ਰਿਟਿਸ਼ ਪਾਲਿਸੀ ਟੂਵਰਡਜ਼ ਦਾ ਪੰਜਾਬ ਸਟੇਟਸ*** (ਜਲੰਧਰ 1982), ਪੰ. 21-23
19. ਉਹੀ
20. ਫ਼ੌਜਾ ਸਿੰਘ ਬਾਜਵਾ, ***ਕੂਕਾ ਮੂਵਮੈਂਟ***, ਦਿੱਲੀ, 1965, ਪੰ. 39-62
21. ਏ. ਸੀ. ਅਰੋੜਾ, ***ਪੰਜਾਬ ਦੀਆਂ ਲੋਕ ਲਹਿਰਾਂ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 35
22. ਡਾ. ਰਤਨ ਸਿੰਘ ਜੱਗੀ, ***ਪੰਜਾਬੀ ਸਾਹਿਤ ਦਾ ਇਤਿਹਾਸ ਭਾਗ ਦੂਜਾ,*** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 207
23. ਡਾ. ਗੰਡਾ ਸਿੰਘ, ***ਪੰਜਾਬ ਜੋਧ ਸਿੰਘ ਅਭਿਨੰਦਨ ਗ੍ਰੰਥ***, ਪੰ. 102

24. ਏ. ਸੀ. ਅਰੋੜਾ, ***ਪੰਜਾਬ ਦੀਆਂ ਲੋਕ ਲਹਿਰਾਂ***, ਪੰ. 36
25. ਬਾਬਾ ਸੋਹਨ ਸਿੰਘ ਭਕਨਾ, ***ਮੇਰੀ ਜੀਵਨ ਕਹਾਣੀ,*** ਮੈਗਜੀਨ ਦੇਸ਼ ਭਗਤ ਯਾਦਾਂ (ਮਾਸਿਕ) ਸਤੰਬਰ 1963, ਪੰ. 27
26. ਏ. ਸੀ. ਅਰੋੜਾ***, ਪੰਜਾਬ ਦੀਆਂ ਲੋਕ ਲਹਿਰਾਂ***, ਪੰ. 42
27. ਕਿਰਪਾਲ ਸਿੰਘ ਕਸੇਲ, ***ਨਾਮਧਾਰੀ ਲਹਿਰ ਇਤਿਹਾਸ, ਸਾਹਿਤ ਤੇ ਯੋਗਦਾਨ*** (ਮਿਤੀ : 9 ਮਈ 2001), ਨੂੰ ਅੰਤਰ ਰਾਸ਼ਟਰੀ ਸੈਮੀਨਾਰ ਵਿਖੇ ਪੜ੍ਹਿਆ ਗਿਆ ਪੱਤਰ, ਪੰ. 1
28. ***ਕੌਮੀ ਅੰਦੋਲਨ ਨੂੰ ਕੂਕਿਆਂ ਦੀ ਦੇਣ***, ਪੰ. 42
29. ਅਖ਼ਬਾਰ ***ਸਤਿਯੁੱਗ***, ਬਸੰਤ ਐਡੀਸ਼ਨ 10 ਮਾਘ ਸੰਮਤ 1992
30. Ahluwalia M.M., ***Kukas The Freedom Fighters of Punjab***, p. 71
31. ***ਕੌਮੀ ਅੰਦੋਲਨ ਨੂੰ ਕੂਕਿਆਂ ਦੀ ਦੇਣ,*** ਪੰ. 45
32. ਮੇਜਰ ਲੀਚ, ***ਦਾ ਰਾਈਟਸ ਐਂਡ ਸੈਰੇਮਨੀਜ਼ ਆਫ ਸਿੱਖਸ ਐਂਡ ਦਾ ਸਿੱਖ ਐਕਟ***, ਗੁਰਦੁਆਰਾ ਗਜ਼ਟ (ਅੰਮ੍ਰਿਤਸਰ ਮਾਰਚ 1969), ਪੰ. 7
33. ਡਾ. ਗੰਡਾ ਸਿੰਘ, ***'ਸਤਿਜੁਗ'***, 201 ਵਿਸ਼ੇਸ਼ ਅੰਕ, ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ, ਨਵੀਂ ਦਿੱਲੀ, ਪੰ 84
34. ਡਾ. ਕਰਨਜੀਤ ਸਿੰਘ, ***ਬਸੰਤ ਅੰਕ ਸਤਿਜੁਗ***, 1995, ਪੰ. 54
35. ਉਹੀ, ਪੰ. 55
36. ਜਸਵਿੰਦਰ ਸਿੰਘ ਐਮ. ਏ., ***ਸੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ***, ਪੰ. 77
37. ਫ਼ੌਜਾ ਸਿੰਘ, ***ਸਤਿਗੁਰੂ ਰਾਮ ਸਿੰਘ ਜੀ,*** ਸੰਪਾਦਕ ਨਿਹਾਲ ਸਿੰਘ ਨਾਮਧਾਰੀ ਦਰਬਾਰ, ਦਿੱਲੀ, ਸਾਲ 1985, ਪੰ. 11
38. ਦਲੀਪ ਸਿੰਘ ਨਾਮਧਾਰੀ, ***ਸਤਿਜੁਗ,*** ਬਸੰਤ ਅੰਕ 1994, ਪੰ. 85
39. ਫ਼ੌਜਾ ਸਿੰਘ, ***ਸ੍ਰੀ ਸਤਿਗੁਰੂ ਰਾਮ ਸਿੰਘ***, ਸੰਪਾਦਕ ਨਿਹਾਲ ਸਿੰਘ, ਪੰ. 13

40. ***ਭਾਰਤੀ ਅਜ਼ਾਦੀ ਦਾ ਅੰਦੋਲਨ***, ਪੰ. 56

41. ਕਾਮਰੇਡ ਸੋਹਣ ਸਿੰਘ ਜੋਸ਼, ***ਸ੍ਰੀ ਸਤਿਗੁਰੂ ਰਾਮ ਸਿੰਘ,*** ਸੰਪਾਦਕ ਨਿਹਾਲ ਸਿੰਘ, ਪੰ. 49

42. ਅਮਰ ਭਾਰਤੀ, ***ਸਿੱਖ ਇਤਿਹਾਸ ਤੇ ਕੂਕੇ ਤੁਲਨਾਤਮਕ ਅਧਿਐਨ***, ਪੰ. 90-91

43. ***ਭਾਰਤ ਮੇਂ ਅੰਗਰੇਜ਼ੀ ਰਾਜ***, ਪੰ. 693

44. ਅਮਰ ਭਾਰਤੀ, ***ਸਿੱਖ ਇਤਿਹਾਸ ਤੇ ਕੂਕੇ ਤੁਲਨਾਤਮਕ ਅਧਿਐਨ***, ਪੰ. 93

45. ਗੁਰਬਚਨ ਸਿੰਘ ਭੁੱਲਰ, ***ਵਰਿਆਮ,*** ਬਸੰਤ ਵਿਸ਼ੇਸ਼ ਅੰਕ, ਪੰ. 1992

46. ਮਹਾਰਾਜ ਬੀਰ ਸਿੰਘ ਜੀ, ***ਨਾਮਧਾਰੀ ਅਤੇ ਕਾਂਗਰਸ,*** ਪੰ. 4

47. ਡਾ. ਕੁਲਵੰਤ ਸਿੰਘ, ***ਜਾਗ੍ਰਤੀ,*** ਅਗਸਤ 2004, ਭਾਸ਼ਾ ਵਿਭਾਗ ਪੰਜਾਬ, ਪੰ. 3

48. ਉਹੀ, ਪੰ. 3

49. ਡਾ. ਤਾਰਾ ਸਿੰਘ ਅਨਜਾਣ, ***ਸਭਹਨ ਕੇ ਸਿਰਮੌਰ***, ਪੰ. 35

50. ਉਹੀ

51. ***ਭਾਰਤੀ ਆਜਾਦੀ ਦਾ ਅੰਦੋਲਨ***, ਪੰ. 56

52. ਉਹੀ, ਪੰ. 56

53. ਤਾਰਾ ਸਿੰਘ ਅਨਜਾਣ, ***ਸਭਹਨ ਕੇ ਸਿਰਮੌਰ,*** ਪੰ. 38

54. ਜਸਬੀਰ ਸਿੰਘ ਜੱਸ, ***ਪੰਜਾਬੀ ਸਭਿਆਚਾਰ ਅਤੇ ਬਦੇਸ਼ੀ ਪ੍ਰਭਾਵ,*** ਰੈਕਸੋਨਾ ਪ੍ਰਿੰਟਰਜ਼ ਅੰਮ੍ਰਿਤਸਰ, ਪੰ. 38

55. ਪ੍ਰਿੰ. ਸੰਤ ਸਿੰਘ ਸੇਖੋਂ, ***ਖੋਜ ਪਤ੍ਰਿਕਾ***, 34 ਅੰਕ ਸਤੰਬਰ 1991, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 22

56. ਜਸਬੀਰ ਸਿੰਘ ਜੱਸ, ***ਪੰਜਾਬੀ ਸਭਿਆਚਾਰ ਉਤੇ ਬਦੇਸ਼ੀ ਪ੍ਰਭਾਵ,*** ਪੰ. 38

57. ਰਾਮ ਸਿੰਘ ਮਜੀਠਾ, ***ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਵਿਚ ਪੰਜਾਬ ਭਾਗ ਪਹਿਲਾ***, ਪੰਜਾਬ ਸਟੇਟ ਫਰੀਡਮ ਫਾਈਟਰਜ਼ ਆਰਗੇਨਾਈਜੇਸ਼ਨ, ਮੋਗਾ, ਫਰਵਰੀ 88, ਪੰ.54

58. ਹਰਕਿਸ਼ਨ ਸਿੰਘ ਸੁਰਜੀਤ, ***ਬਰਤਾਨਵੀ ਸਾਮਰਾਜ ਵਿਰੋਧੀ ਲਹਿਰਾਂ***, ਸੰਖੇਪ ਇਤਿਹਾਸ, ਆਜ਼ਾਦੀ ਦੀ ਲਹਿਰ ਵਿਰਸਾ ਸੰਭਾਲ ਤੇ ਪਸਾਰ ਕੇਂਦਰੀ ਚੰਡੀਗੜ੍ਹ ਅਪਰੈਲ, 2005, ਪੰ. 33-34

59. ਭਾਈ ਨਾਹਰ ਸਿੰਘ, ਭਾਈ ਕ੍ਰਿਪਾਲ ਸਿੰਘ (ਐਡੀਟਰਜ਼) ***ਰੈਬਲਜ਼ ਅਗੇਨਸਟ ਦੀ ਬ੍ਰਿਟਿਸ਼ ਰੂਲ***, ਨਵੀਂ ਦਿੱਲੀ, 1989, ਪਰੀਫੇਸ, ਪੰ. 24-26

## ਅਧਿਆਇ ਦੂਜਾ

# ਨਾਮਧਾਰੀ ਵਾਰਤਕ ਸਾਹਿਤ

ਕਿਸੇ ਦੇਸ਼ ਦੀਆਂ ਸਮਾਜਕ, ਧਾਰਮਕ ਜਾਂ ਰਾਜਨੀਤਕ ਲਹਿਰਾਂ ਆਪਣੇ ਸਮੇਂ ਦੇ ਹਾਲਾਤਾਂ ਦੀਆਂ ਦਰਪਣ ਹੁੰਦੀਆਂ ਹਨ। ਉਹ ਆਪਣੇ ਸਮੇਂ ਦੀਆਂ ਚੁਣੌਤੀਆਂ ਦਾ ਸਵਾਲ ਅਤੇ ਜਵਾਬ ਦੋਵੇਂ ਹੁੰਦੀਆਂ ਹਨ ਅਤੇ ਜ਼ਾਹਿਰ ਕਰਦੀਆਂ ਹਨ ਕਿ ਉਸ ਸਮੇਂ ਵਿਚ ਦੇਸ਼ ਨੂੰ ਕਿਹੜੀ-ਕਿਹੜੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਲੋਕਾਂ ਨੇ ਅਜਿਹੀਆਂ ਸਮੱਸਿਆਵਾਂ ਨਾਲ ਕਿਸ ਤਰ੍ਹਾਂ ਨਜਿੱਠਿਆ। ਇਸ ਵਿਚ ਕੋਈ ਸੰਦੇਹ ਨਹੀਂ ਕਿ ਅੰਗਰੇਜ਼ਾਂ ਦੇ ਆਉਣ ਤੋਂ ਬਾਅਦ ਭਾਰਤ ਦੇ ਸਮਾਜਕ, ਆਰਥਕ ਅਤੇ ਰਾਜਨੀਤਕ ਢਾਂਚੇ ਵਿਚ ਬੜੇ ਜ਼ਬਰਦਸਤ ਪਰਿਵਰਤਨ ਆਏ। ਬਰਤਾਨਵੀ ਬਸਤੀਵਾਦ ਦੇ ਵਿਰੁੱਧ ਅਨੇਕਾਂ ਲਹਿਰਾਂ ਚੱਲੀਆਂ। ਅਜਿਹੀ ਹੀ ਇਕ ਲਹਿਰ ਹੋਂਦ ਵਿਚ ਆਈ ਜਿਹੜੀ ਕਿ ਨਾਮਧਾਰੀ ਅਤੇ ਕੂਕਾ ਸੰਪਰਦਾਇ ਦੇ ਨਾਂ ਨਾਲ ਪ੍ਰਸਿੱਧ ਹੋਈ। ਇਸ ਸੰਪਰਦਾਇ ਨੇ ਪੰਜਾਬੀਆਂ ਵਿਚ ਅਨੇਕਾਂ ਪਹਿਲੂਆਂ ਤੋਂ ਸੁਧਾਰ ਦੇ ਸ਼ਲਾਘਾਯੋਗ ਉੱਦਮ ਪੁੱਟੇ।

ਖੋਜ-ਪ੍ਰਬੰਧ ਦੇ ਇਸ ਅਧਿਆਇ ਵਿੱਚ ਸਾਡਾ ਮਨੋਰਥ ਨਾਮਧਾਰੀ ਲੇਖਕਾਂ ਵੱਲੋਂ ਰਚੇ ਗਏ ਗਦ ਸਾਹਿਤ ਦਾ ਸਰਵੇਖਣ ਕਰਨਾ ਹੈ।

ਨਾਮਧਾਰੀ ਸਾਹਿਤ ਮਾਤਰਾ ਅਤੇ ਗੁਣਾਂ ਦੋਹਾਂ ਕਰਕੇ ਹੀ ਬੜਾ ਅਮੀਰ ਅਤੇ ਮਹਾਨ ਹੈ। ਜੇ ਗੁਰਮਤਿ ਧਾਰਾ ਦੀ ਪੂਰਬਲੇ ਸਾਹਿਤ ਦੀ ਪਰੰਪਰਾ ਨੂੰ ਸਨਮੁੱਖ ਰੱਖਿਆ ਜਾਵੇ ਤਾਂ ਨਾਮਧਾਰੀ ਸਾਹਿਤ ਦੇ ਇਤਿਹਾਸ ਨੂੰ ਉਸ ਦੀ ਉਤਰ-ਅਧਿਕਾਰਤਾ ਦੇ ਸਵਾਮੀ ਹੋਣ ਦਾ ਗੌਰਵ ਵੀ ਪ੍ਰਾਪਤ ਹੈ ਕਿਉਂ ਜੋ ਬਹੁਤ ਸਾਰੀਆਂ ਇਤਿਹਾਸਕ ਅਤੇ ਆਰੰਭਕ ਪ੍ਰੰਪਰਾਵਾਂ ਦਾ ਨਾਮਧਾਰੀ ਸਾਹਿਤ ਵਿਚ ਯਥਾਵਤ ਕੇਵਲ ਅਨੁਸਰਨ ਹੀ ਨਹੀਂ ਕੀਤਾ ਗਿਆ ਸਗੋਂ ਸਮਕਾਲੀ ਸਾਹਿਤ ਵਿਚ ਇਨ੍ਹਾਂ ਦਾ ਵਿਸਥਾਰ ਤੇ ਕੁਝ ਹਾਲਤਾਂ ਵਿਚ ਕਾਇਆ ਕਲਪ ਵੀ ਕੀਤੀ ਗਈ ਹੈ। ਇਹ ਸਾਹਿਤ ਲਗਭਗ ਡੇਢ ਸਦੀ ਤੋਂ ਨਿਰੰਤਰ ਰਚਿਆ ਜਾ ਰਿਹਾ ਹੈ। ਪ੍ਰੋ. ਕਿਰਪਾਲ ਸਿੰਘ ਕਸੇਲ ਇਸ ਸਾਹਿਤ ਨੂੰ ਤਿੰਨ ਕਾਲ ਖੰਡਾਂ ਵਿਚ ਵੰਡਦੇ ਹਨ:

ੳ. 1857 ਈ. ਤੋਂ 1906 ਈ. ਤੱਕ

ਅ. 1906 ਈ. ਤੋਂ 1959 ਈ. ਤੱਕ

ੲ. 1959 ਈ. ਤੋਂ ਹੁਣ ਤੱਕ [1]

ਉਨ੍ਹਾਂ ਦੁਆਰਾ ਇਸ ਕਾਲ-ਵੰਡ ਦਾ ਆਧਾਰ ਸਤਿਗੁਰੂ ਰਾਮ ਸਿੰਘ, ਸਤਿਗੁਰੂ ਹਰੀ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਤੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਦੀ ਸਰਪ੍ਰਸਤੀ ਹੇਠ ਰਚੇ ਸਾਹਿਤ ਨੂੰ ਬਣਾਇਆ ਗਿਆ ਹੈ। ਅਸੀਂ ਇਸ ਖੋਜ-ਪ੍ਰਬੰਧ ਵਿਚ ਇਸੇ ਕਾਲ ਵੰਡ ਨੂੰ ਆਧਾਰ ਬਣਾ ਕੇ ਚੱਲ ਰਹੇ ਹਾਂ:

**(ੳ) 1857 ਤੋਂ 1906 ਤੱਕ:**

ਨਾਮਧਾਰੀ ਸਾਹਿਤ ਸਿਰਜਣਾ ਦੀ ਦ੍ਰਿਸ਼ਟੀ ਤੋਂ ਇਹ ਕਾਲ ਸਭ ਤੋਂ ਮਹੱਤਵਪੂਰਨ ਹੈ, ਜਿਸ ਵਿਚ ਨਾਮਧਾਰੀਆਂ ਨੇ ਬਰਤਾਨਵੀ ਸਾਮਰਾਜ ਦੀ ਹਕੂਮਤ ਨਾਲ ਸਿੱਧਾ ਸੰਘਰਸ਼ ਜਾਰੀ ਰੱਖਿਆ। 1857 ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਸਥਾਪਤ ਕੀਤੇ ਗਏ 'ਸੰਤ ਖਾਲਸੇ' ਨੇ ਨਾ ਕੇਵਲ ਆਪਣੀਆਂ ਜੜ੍ਹਾਂ ਹੀ ਮਜ਼ਬੂਤ ਕੀਤੀਆਂ ਸਗੋਂ ਕੁਝ ਸਾਲਾਂ ਵਿਚ ਹੀ ਨਾਮਧਾਰੀ ਮੱਤ ਦਾ ਚੋਖਾ ਪਾਸਾਰ ਹੋਇਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪੰਜਾਬ ਦੇ ਲੋਕਾਂ ਵਿਚ ਦਿੱਤਾ ਗਿਆ ਧਾਰਮਕ ਸੰਦੇਸ਼, ਸਮਾਜ ਸੁਧਾਰ ਦਾ ਉਪਦੇਸ਼, ਖੁੱਸ ਚੁੱਕੀ ਸੱਤਾ ਦੀ ਪੁਨਰ-ਪ੍ਰਾਪਤੀ ਲਈ ਚਲਾਏ ਗਏ ਗੁਪਤ, ਪ੍ਰਗਟ ਸੰਗਰਾਮ, ਵਿਦੇਸ਼ੀ ਸਰਕਾਰ ਵਲੋਂ ਅਪਣਾਈ ਕੁਟਿਲ ਰਾਜਨੀਤੀ ਅਤੇ ਕੂਕਿਆਂ ਵਿਰੁੱਧ ਚਲਾਇਆ ਦਮਨ-ਚੱਕਰ ਇਸ ਸਮੇਂ ਦੇ ਮਹੱਤਵਪੂਰਨ ਇਤਿਹਾਸਕ ਸਮਾਚਾਰਾਂ ਵਿਚੋਂ ਹਨ। ਸੁਤੰਤਰਤਾ ਸੰਗਰਾਮ ਦੇ ਪ੍ਰਥਮ ਮਹਾਂ ਨਾਇਕ ਦੇ ਰੂਪ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਦੂਰਦਰਸ਼ਤਾ ਅਤੇ ਸੂਝ ਭਰੀ ਪਹੁੰਚ ਸੰਸਾਰ ਦੇ ਇਤਿਹਾਸ ਵਿਚ ਅਦੁੱਤੀ ਉਦਾਹਰਣ ਦੇ ਰੂਪ ਵਿਚ ਪੇਸ਼ ਕਰਨਯੋਗ ਹੈ:

"ਇਸ ਲਹਿਰ ਦਾ ਪੰਜਾਬੀ ਸਾਹਿਤ ਦੀ ਉਸਾਰੀ ਵਿਚ ਕਾਫੀ ਸਾਰਥਕ ਹੱਥ ਹੈ। ਬਾਬਾ ਰਾਮ ਸਿੰਘ ਨੇ ਆਪਣੇ ਜਲਾਵਤਨੀ ਦੇ ਸਮੇਂ ਭੇਜੇ ਹੁਕਮਨਾਮਿਆਂ ਵਿਚ ਪੰਜਾਬੀ ਭਾਸ਼ਾ ਤੇ ਗੁਰੁਮਖੀ

ਅੱਖਰਾਂ ਦੇ ਅਪਣਾਉਣ ਦੀ ਦ੍ਰਿੜ ਪ੍ਰੇਰਨਾ ਕੀਤੀ ਅਤੇ ਇਸ ਸੰਪਰਦਾਇ ਦੇ ਅਨੁਯਾਈ ਕਰੜੀ ਤਰ੍ਹਾਂ ਇਸ ਉਤੇ ਅਮਲ ਕਰਦੇ ਰਹੇ।" [2]

ਇਸ ਕਾਲ ਦੇ ਸਮਕਾਲੀ ਵਾਰਤਕ ਸਾਹਿਤ ਵਿਚ ਕੂਕਾ ਲਹਿਰ ਦੇ ਉਦੇਸ਼ਾਂ ਤੇ ਸਰਗਰਮੀਆਂ ਬਾਰੇ ਭਰਪੂਰ ਜਾਣਕਾਰੀ ਮਿਲ ਜਾਂਦੀ ਹੈ ਕਿਉਂਕਿ ਇਸ ਕਾਲ ਦੇ ਸਾਰੇ ਸਾਹਿਤਕਾਰ ਨਾਮਧਾਰੀ ਸਤਿਗੁਰੂ ਸਾਹਿਬਾਨ (ਸਤਿਗੁਰੂ ਰਾਮ ਸਿੰਘ ਤੇ ਸਤਿਗੁਰੂ ਹਰੀ ਸਿੰਘ) ਦੇ ਨਿਕਟਵਰਤੀ ਮੰਡਲਾਂ ਤੇ ਸ਼ਰਧਾਲੂਆਂ ਵਿਚੋਂ ਸਨ। ਪ੍ਰਾਪਤ ਵਾਰਤਕ ਸਾਹਿਤ ਭਾਵੇਂ ਬਹੁਤੀ ਮਾਤਰਾ ਵਿਚ ਨਹੀਂ ਮਿਲਦਾ ਪਰ ਜੋ ਗਿਣਤੀ ਦੀਆਂ ਰਚਨਾਵਾਂ ਉਪਲਬਧ ਹਨ ਉਨ੍ਹਾਂ ਰਾਹੀਂ ਨਾਮਧਾਰੀ ਮੱਤ ਦੇ ਆਦਰਸ਼ਾਂ ਤੇ ਸਰਗਰਮੀਆਂ ਬਾਰੇ ਚੋਖੀ ਤੇ ਵਾਸਤਵਿਕ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ। ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਦਿੱਤਾ ਜਾ ਸਕਦਾ ਹੈ।

1. ਹੁਕਮਨਾਮੇ (ਸ੍ਰੀ ਸਤਿਗੁਰੂ ਰਾਮ ਸਿੰਘ ਜੀ)
2. ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ 12ਵੀਂ (ਭਾਈ ਸੰਤੋਖ ਸਿੰਘ ਬਾਹੋਵਾਲ)

ਵਿਚਾਰ ਅਧੀਨ ਕਾਲ ਦੀ ਸਭ ਤੋਂ ਮਹੱਤਵਪੂਰਨ ਰਚਨਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਹਨ। ਜਿਨ੍ਹਾਂ ਦੁਆਰਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਪਾਵਨ ਆਤਮਾ ਦੀ ਚਿੰਤਨਧਾਰਾ ਪ੍ਰਤੱਖ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਭਾਵੇਂ ਪਹਿਲਾਂ ਵੀ ਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦਾ ਜ਼ਿਕਰ ਕੁਝ ਪੁਸਤਕਾਂ ਵਿਚ ਹੋਇਆ ਮਿਲਦਾ ਹੈ, ਪਰ ਇਸ ਦਾ ਪ੍ਰਮਾਣਿਕ ਸਰੂਪ ਹੁਣ ਜਸਵਿੰਦਰ ਸਿੰਘ ਇਤਿਹਾਸਕਾਰ ਦੁਆਰਾ ਸੰਪਾਦਿਤ ਤੇ 1998 ਵਿਚ ਨਾਮਧਾਰੀ ਦਰਬਾਰ (ਸ੍ਰੀ ਭੈਣੀ ਸਾਹਿਬ) ਵਲੋਂ ਪ੍ਰਕਾਸ਼ਤ ਕੀਤਾ ਗਿਆ ਹੈ। ਇਸ ਵਿਚ 64 ਹੁਕਮਨਾਮੇ ਦਰਜ ਹਨ। ਜਿਨ੍ਹਾਂ ਵਿਚ ਦੋ ਸ੍ਰੀ ਭੈਣੀ ਸਾਹਿਬ ਤੋਂ ਲਿਖ ਕੇ ਸਮੂਹ ਸੰਗਤਾਂ ਨੂੰ ਭੇਜੇ ਗਏ ਸਨ। ਇਨ੍ਹਾਂ ਵਿਚ ਵਿਸ਼ੇਸ਼ ਕਰਕੇ ਨਾਮਧਾਰੀ ਮੱਤ ਦੀ ਰਹਿਤ ਮਰਿਆਦਾ, ਧਾਰਮਕ ਸੰਸਕਾਰ ਅਤੇ ਧਾਰਨ ਕਰਨਯੋਗ ਵਿਅਕਤੀਗਤ ਅਤੇ ਸਮੂਹਕ ਵਿਵਹਾਰ ਬਾਰੇ ਆਦੇਸ਼ ਦਿੱਤਾ ਗਿਆ ਹੈ। ਇਸ ਪੁਸਤਕ ਦੇ 62 ਹੁਕਮਨਾਮੇ ਸਤਿਗੁਰੂ ਰਾਮ ਸਿੰਘ ਜੀ ਵਲੋਂ ਬਰਮਾ ਵਿਚੋਂ ਉਨ੍ਹਾਂ ਸਿੰਘਾਂ ਰਾਹੀਂ ਭੇਜੇ ਗਏ ਸਨ

ਜੋ ਬੜੀਆਂ ਮੁਸ਼ਕਲਾਂ ਨਾਲ ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਕਰਨ ਗਏ। ਬਰਮਾ ਵਿਚੋਂ ਲਿਖੇ ਗਏ ਹੁਕਮਨਾਮੇ ਕਿਉਂਕਿ ਗੁਪਤ ਢੰਗ ਨਾਲ ਭੇਜੇ ਗਏ, ਇਸ ਲਈ ਇਨ੍ਹਾਂ ਵਿਚੋਂ ਕੁਝ ਵਿਚ ਸ੍ਰੀ ਰਾਮ ਸਿੰਘ ਜੀ ਨੇ ਆਪਣਾ ਨਾਮ ਦਿਆਲ ਸਿੰਘ ਤੇ ਨਿੱਜੀ ਸੇਵਕ ਨਾਨੂੰ ਦਾ ਨਾਮ ਕਿਰਪਾਲ ਸਿੰਘ ਲਿਖਿਆ ਹੈ। ਇਹ ਹੁਕਮਨਾਮੇ ਚਿੱਠੀ ਪੱਤਰ ਦੀ ਸ਼ੈਲੀ ਵਿਚ ਲਿਖੇ ਗਏ ਹਨ। ਇਸ ਲਈ ਇਨ੍ਹਾਂ ਵਿਚੋਂ ਤਤਕਾਲਕ ਪੱਤਰਾਚਾਰ ਦੀ ਪ੍ਰਚਲਤ ਸ਼ੈਲੀ ਦੇ ਵਿਸ਼ੇਸ਼ ਪੱਖ ਭਲੀ-ਭਾਂਤ ਉਜਾਗਰ ਹੁੰਦੇ ਹਨ। ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮਿਆਂ ਦੀ ਵਾਰਤਕ ਸ਼ੈਲੀ ਦਾ ਮੁੱਖ ਗੁਣ ਸਰਲਤਾ ਤੇ ਨਿਮਰਤਾ ਹੈ ਪਰ ਇਨ੍ਹਾਂ ਦਾ ਗੰਭੀਰ ਅਧਿਐਨ ਨਾਮਧਾਰੀ ਮੱਤ ਦੇ ਅਨੇਕ ਪੱਖਾਂ ਉਤੇ ਪ੍ਰਕਾਸ਼ ਪਾਉਣ ਵਾਲਾ ਹੈ। ਸ੍ਰੀ ਰਾਮ ਸਿੰਘ ਜੀ ਦੇ ਹਿਰਦੇ ਵਿਚ ਪੰਜਾਬ ਅਤੇ ਸਾਧ ਸੰਗਤ ਲਈ ਵਿਸ਼ੇਸ਼ ਪਿਆਰ ਸੀ। ਆਪ ਇਨ੍ਹਾਂ ਦੇ ਵਿਛੋੜੇ ਦਾ ਜ਼ਿਕਰ ਬਾਰ-ਬਾਰ ਕਈ ਹੁਕਮਨਾਮਿਆਂ ਵਿਚ ਕਰਦੇ ਹਨ। ਇਨ੍ਹਾਂ ਹੁਕਮਨਾਮਿਆਂ ਤੋਂ ਹੀ ਇਹ ਗੱਲ ਪ੍ਰਗਟ ਹੋ ਜਾਂਦੀ ਹੈ ਕਿ ਇਨ੍ਹਾਂ ਦਾ ਰਚਨਹਾਰ ਪ੍ਰਵਾਸ ਦੇ ਬੰਦੀ ਜੀਵਨ ਵਿਚ ਕੀ ਕੁਝ ਅਨੁਭਵ ਕਰਦਾ ਅਤੇ ਸੋਚਦਾ ਹੈ, ਪੰਜਾਬ ਦੇ ਇਤਿਹਾਸਕ ਸਮਾਚਾਰਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਆਪ ਜੀ ਦੇ ਮਨ ਵਿਚ ਕਿੰਨੀ ਉਤਸੁਕਤਾ ਹੈ। ਇਹ ਸੰਬੋਧਨੀ ਸ਼ੈਲੀ ਵਿਚ ਲਿਖੇ ਗਏ ਹਨ, ਜਿਸ ਵਿਚ ਸੰਕੇਤਕ ਰੂਪ ਵਿਚ ਨਿੱਕੇ-ਨਿੱਕੇ ਵੇਰਵਿਆਂ ਰਾਹੀਂ ਹਰ ਪ੍ਰਕਾਰ ਦੀ ਜਾਣਕਾਰੀ ਤੇ ਅਗਵਾਈ ਦਿੱਤੀ ਗਈ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਅੰਤਰ ਆਤਮਾ ਨੂੰ ਜਾਣਨ ਲਈ ਇਨ੍ਹਾਂ ਹੁਕਮਨਾਮਿਆਂ ਤੋਂ ਵਧੇਰੇ ਹੋਰ ਕੋਈ ਵੀ ਉੱਤਮ ਪ੍ਰਮਾਣ ਨਹੀਂ ਹੋ ਸਕਦਾ। ਆਪ ਜੀ ਨੇ ਉਸ ਸਮੇਂ ਨਾਮ ਸਿਮਰਨ, ਬਾਣੀ ਪੜ੍ਹਨ, ਬਾਣੀ ਕੰਠ ਕਰਨ, ਗੁਰਮੁਖੀ ਅੱਖਰਾਂ ਦਾ ਬੋਧ ਪ੍ਰਾਪਤ ਕਰਨ ਲਈ ਵੱਧ ਤੋਂ ਵੱਧ ਜਤਨ ਕੀਤੇ ਅਤੇ ਸਮੂਹ ਨਾਮਧਾਰੀ ਸੰਗਤ ਨੂੰ ਆਪਣੀ ਬੋਲੀ ਤੇ ਗੁਰਮਤਿ ਦੇ ਸਭਿਆਚਾਰ ਨਾਲ ਜੋੜਨ ਦਾ ਮਹਾਨ ਜਤਨ ਕੀਤਾ। ਇਨ੍ਹਾਂ ਹੁਕਮਨਾਮਿਆਂ ਵਿਚ ਬਰਤਾਨਵੀ ਸਾਮਰਾਜ ਦੇ ਵਿਰੋਧ ਅਤੇ ਆਜ਼ਾਦੀ ਦਾ ਸੰਘਰਸ਼ ਜਾਰੀ ਰੱਖਣ ਲਈ ਵੀ ਥਾਂ ਥਾਂ ਤੇ ਸੰਕੇਤ ਕੀਤੇ ਗਏ ਹਨ। ਗਦ ਸ਼ੈਲੀ ਦਾ ਨਮੂਨਾ ਪੇਸ਼ ਹੈ:

੬੧।੧੧੩

> "ਫੇਰ ਇਸਨਾਨ ਕਰਨਾ, ਬਾਣੀ ਪੜ੍ਹਨੀ। ਜੇ ਕੰਠ ਨਾ ਹੋਵੇ, ਕੰਠ ਕਰ ਲੈਣੀ ਸਰਬ ਮਾਈ ਸਰਬ ਬੁੱਢੇ ਬਾਲ ਨੇ ਜਪੁ ਜਾਪੁ, ਦੁਹਾ ਦੇ ਹਜਾਰੇ ਕੰਠ ਕਰਨੇ ਰਹਿਰਾਸ ਆਰਤੀ ਸੋਹਿਲਾ ਏਤਨੀ ਤਾਂ ਜ਼ਰੂਰ ਹੀ ਕੰਠ ਕਰਨੀ ਤੇ ਸੀਲ ਸੰਤੋਖੁ ਸਭ ਨੇ ਰਖਣਾ। ਭਜਨ ਅੱਠੇ ਪਹਰ ਕਰਨਾ ਗੁਰੂ ਸਚੇ।"[3]

ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਆਰੰਭਕ ਗਦ ਦਾ ਉੱਤਮ ਨਮੂਨਾ ਹੈ। ਇਨ੍ਹਾਂ ਹੁਕਮਨਾਮਿਆਂ ਵਿਚ ਵਿਚਾਰਧਾਰਕ ਪ੍ਰਵਚਨ ਵਿਧੀ ਦੀ ਵਰਤੋਂ ਕੀਤੀ ਹੋਈ ਹੈ। ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮੇ ਚਿੱਠੀ ਰਾਹੀਂ ਭੇਜਿਆ ਕੇਵਲ ਇਕ ਸੰਦੇਸ਼ ਮਾਤਰ ਨਾ ਹੋ ਕੇ ਅਧਿਆਤਮਵਾਦ ਨਾਲ ਸੰਬੰਧ ਰੱਖਦਾ ਹੈ ਕਿਉਂਕਿ 'ਹੁਕਮਨਾਮਾ' ਸ਼ਬਦ ਸਧਾਰਨ ਸ਼ਖ਼ਸੀਅਤ ਦਾ ਧਾਰਨੀ ਨਹੀਂ ਸਗੋਂ ਅਧਿਆਤਮਕ ਆਗੂਆਂ ਦਾ ਨਿਕਟਵਰਤੀ ਹੈ। ਇਸ ਵਿਚ ਵਰਤਿਆ 'ਹੁਕਮ' ਕਿਸੇ ਅਜਿਹੇ ਕੰਮ ਨੂੰ ਰੂਪਮਾਨ ਨਹੀਂ ਕਰਦਾ ਜੋ ਡਰ ਜਾਂ ਮਜਬੂਰੀ ਵਿਚ ਕਰਨਾ ਪਵੇ। ਇਹ ਕਿਸੇ ਬਾਦਸ਼ਾਹ ਦਾ ਹੁਕਮ ਨਹੀਂ, ਜਿਸਦੇ ਵਿਚੋਂ ਹੰਕਾਰ ਦੀ ਬੂ ਆਉਂਦੀ ਹੈ। ਇਹ ਤਾਂ ਉਸਦੇ ਉਲਟ ਇਕ ਅਜਿਹਾ ਨਿਮਰਤਾ ਭਾਵ ਵਾਲਾ ਸੰਦੇਸ਼ ਹੈ, ਜੋ ਸੰਗਤ ਦੇ ਮਨ ਨਾਲ ਇਕਸੁਰ ਹੁੰਦਾ ਹੈ। ਇਸ ਦਾ ਉਦੇਸ਼ ਕਿਸੇ ਇਕ ਇਨਸਾਨ ਜਾਂ ਫਿਰਕੇ ਤੱਕ ਪਹੁੰਚਣਾ ਨਹੀਂ ਸਗੋਂ ਇਹ ਸਾਰੀ ਮਾਨਵਤਾ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ।

ਸਤਿਗੁਰੂ ਰਾਮ ਸਿੰਘ ਅਨੁਸਾਰ, "ਤੁਸੀਂ ਜੋ ਆਖਦੇ ਹੋ ਰਹਿਤ ਦਾ ਹੁਕਮਨਾਮਾ ਦੇਓ ਸੋ ਜੀ ਅਸੀਂ ਕੀ ਹੁਕਮਨਾਮਾ ਦੇਣਾ ਹੈ। ਹੁਕਮਨਾਮਾ ਤਾਂ ਗੁਰੂ ਨੇ ਅੱਗੇ ਵੀ ਦੇ ਰੱਖਾ ਹੈ। ਸਾਰੀ ਸੰਗਤ ਕੋ ਅਰ ਸਾਰੇ ਭੇਖਾਂ ਕੋ ਅਰ ਸਾਰੀਆਂ ਜਾਤਾਂ ਕੋ।"[4]

ਸਤਿਗੁਰੂ ਜੀ ਨੇ ਆਪਣੇ ਹੁਕਮਨਾਮਿਆਂ ਨੂੰ 'ਅਰਦਾਸ' ਅਥਵਾ 'ਹਰਿਦਾਸ' ਲਿਖਿਆ ਹੈ, ਪਰ ਨਾਮਧਾਰੀ ਸਤਿਕਾਰ ਨਾਲ ਇਨ੍ਹਾਂ ਨੂੰ ਹੁਕਮਨਾਮੇ ਹੀ ਕਹਿੰਦੇ ਹਨ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ:

1. ਕੁਝ ਹੁਕਮਨਾਮੇ ਸਤਿਗੁਰੂ ਰਾਮ ਸਿੰਘ ਜੀ ਨੇ ਸਤਿਗੁਰੂ ਹਰੀ ਸਿੰਘ ਅਤੇ ਬੀਬੀ ਨੰਦਾ ਨੂੰ ਲਿਖੇ ਸਨ।
2. ਕੁੱਝ ਹੁਕਮਨਾਮੇ ਸੰਗਤ ਦੇ ਨਾਂ ਸਮੂਹਿਕ ਰੂਪ ਵਿਚ ਲਿਖੇ ਸਨ।
3. ਕੁਝ ਹੁਕਮਨਾਮੇ ਪੰਜਾਬ ਤੋਂ ਭੇਜੀਆਂ ਗਈਆਂ ਅਰਦਾਸਾਂ ਦੇ ਉੱਤਰ ਵਿਚ ਲਿਖੇ ਸਨ ਜਿਵੇਂ ਜਵਲਾਲਾਦੇਈ ਨੂੰ, ਸੁੱਧ ਸਿੰਘ ਨੂੰ ਅਤੇ ਸਿਆਮ ਸਿੰਘ ਨੂੰ ਆਦਿ।
4. ਕੁਝ ਹੁਕਮਨਾਮੇ ਰੰਗੂਨ ਪੁੱਜੇ ਸਿੱਖਾਂ ਨੂੰ ਦਿੱਤੇ ਜਾਂਦੇ ਸਨ।

ਇਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਪੰਜਾਬੀ ਵਾਰਤਕ ਸਾਹਿਤ ਵਿਚ ਇਕ ਵਿਲੱਖਣ ਪਹੁੰਚ ਰੱਖਦੇ ਹਨ। ਇਕ ਪਾਸੇ ਇਹ ਸਾਹਿਤ ਦੀ ਇਕ ਵਿਧਾ ਦੇ ਰੂਪ ਵਿਚ ਸਾਹਮਣੇ ਆਉਂਦੇ ਹਨ ਤੇ ਦੂਜੇ ਪਾਸੇ ਇਕ ਸੰਚਾਰ ਪ੍ਰਬੰਧ ਦੇ ਰੂਪ ਵਿਚ ਪਾਠਕਾਂ ਤੱਕ ਪਹੁੰਚਦੇ ਹਨ।

ਸੰਤ ਸੰਤੋਖ ਸਿੰਘ ਬਾਹੋਵਾਲ ਕ੍ਰਿਤ 'ਸਤਿਗੁਰੂ ਬਿਲਾਸ' ਪਹਿਲੇ ਕਾਲ ਦੀਆਂ ਗਦ ਰਚਨਾਵਾਂ ਵਿਚ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ। ਇਹ ਵੱਡ ਅਕਾਰੀ ਗ੍ਰੰਥ ਸਰਲ ਤੇ ਸਰਬ ਸਾਧਾਰਨ ਦੀ ਗੱਲਬਾਤੀ ਸ਼ੈਲੀ ਵਿਚ ਰਚਿਆ ਗਿਆ ਹੈ। ਇਸ ਪੁਸਤਕ ਦਾ ਕਰਤਾ ਸ੍ਰੀ ਭੈਣੀ ਸਾਹਿਬ ਵਿਖੇ ਨਿਵਾਸ ਰੱਖਦਾ ਸੀ, ਇਸ ਲਈ ਗੁਰੂ ਘਰ ਨਾਲ ਸੰਬੰਧਤ ਨੇੜੇ ਦੇ ਸਮਾਚਾਰਾਂ ਤੋਂ ਪੂਰੀ ਤਰ੍ਹਾਂ ਜਾਣੂ ਸੀ। ਸਿੱਧ ਪੱਧਰੇ ਲਿਖਣ ਢੰਗ ਨਾਲ ਇਸ ਲੇਖਕ ਨੇ ਕਈ ਇਤਿਹਾਸਕ ਘਟਨਾਵਾਂ ਦਾ ਵੇਰਵਾ ਬਹੁਤ ਸੋਹਣੀ ਤਰ੍ਹਾਂ ਸਪੱਸ਼ਟ ਰੂਪ ਵਿਚ ਇਸ ਤਰ੍ਹਾਂ ਕੀਤਾ ਹੈ, ਜਿਵੇਂ ਉਹ ਸਭ ਕੁਝ ਨੂੰ ਆਪਣੇ ਅੱਖੀਂ ਨਿਹਾਰ ਰਿਹਾ ਹੋਵੇ।

ਇਸ ਰਚਨਾ ਦਾ ਪਹਿਲਾ ਭਾਗ ਜਸਵਿੰਦਰ ਸਿੰਘ ਇਤਿਹਾਸਕਾਰ ਦੁਆਰਾ ਸੰਪਾਦਤ ਅਤੇ 2002 ਵਿਚ ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ ਵਲੋਂ ਪ੍ਰਕਾਸ਼ਤ ਕੀਤਾ ਗਿਆ ਹੈ। ਇਸ ਰਚਨਾ ਵਿਚੋਂ ਇਕ ਨਮੂਨਾ ਪੇਸ਼ ਹੈ:

ਬਿੱਲੇ ਨੇ ਹੀਰਾ ਸਿੰਘ ਸੇ ਪੁੱਛਿਆ, ਤੁਮ ਨੇ ਕਿਉਂ ਗਦਰ ਮਚਾਇਆ ਹੈ, ਹੀਰਾ ਸਿੰਘ ਨੇ ਕਿਹਾ, ਅਸੀਂ ਫਰੰਗੀਆਂ ਦਾ ਰਾਜ ਨਹੀਂ ਚਾਹੁੰਦੇ, ਅਪਣੇ ਭਰਾਵਾਂ ਦਾਹ ਰਾਜ ਚਾਹੁੰਦੇ ਹਾਂ। ਜਦ

ਤਕ ਥੋਡਾ ਰਾਜ ਨਹੀਂ ਮੁੱਕਦਾ, ਗਦਰ ਮਚਾਵਾਂਗੇ। ਸਿਰ ਲਵਾਂਗੇ ਤੇ ਦੇਵਾਂਗੇ। ਥੁਆਨੂੰ ਏਥੋਂ ਕੱਢ ਕੇ, ਸਾਹ ਲਵਾਂਗੇ। ਮੁੜ ਮੁੜ ਜੰਮਾਂਗੇ। ਤੁਸੀਂ ਗਊ ਬਧ ਕਰਦੇ ਹੋ ਅਸੀਂ ਗਊ ਬਧ ਨਹੀਂ ਸਹਾਰ ਸਕਦੇ ਹਾਂ।

ਇਸ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਗਟ ਹੋਣ ਤੋਂ ਲੈ ਕੇ ਸਤਿਗੁਰੂ ਜੀ ਨੂੰ ਗਰਿਫਤਾਰ ਕਰਕੇ ਪਰਾਗਰਾਜ ਭੇਜ ਦਿੱਤੇ ਜਾਣ, ਭੈਣੀ ਸਾਹਿਬ ਡੇਰੇ ਦੀ ਤਲਾਸ਼ੀ ਅਤੇ ਗਾਰਦ ਦੀ ਤੈਨਾਤੀ ਕੀਤੇ ਜਾਣ ਦਾ ਜ਼ਿਕਰ ਹੈ।

'ਸਤਿਗੁਰੂ ਬਿਲਾਸ' ਦਾ ਦੂਜਾ ਭਾਗ ਵੀ ਜਸਵਿੰਦਰ ਸਿੰਘ ਦੁਆਰਾ ਸੰਪਾਦਤ ਹੈ ਅਤੇ ਇਸ ਨੂੰ 2005 ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਪਰਾਗਰਾਜ ਪੁੱਜਣ ਤੋਂ ਲੈ ਕੇ ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੱਕ ਦੀ ਜਾਣਕਾਰੀ ਪੇਸ਼ ਕੀਤੀ ਗਈ ਹੈ। ਇਹ ਸਮਾਂ 1872 ਈ. ਤੋਂ 1906 ਈ. ਤੱਕ ਦਾ ਹੈ ਜੋ ਨਾਮਧਾਰੀ ਇਤਿਹਾਸ ਦਾ ਬਹੁਤ ਮਹੱਤਵਪੂਰਨ ਸਮਾਂ ਹੈ।

ਇਹ ਗ੍ਰੰਥ ਆਪਣੇ-ਆਪ ਅੰਦਰ ਜਨਮਸਾਖੀ ਦੇ ਸਾਹਿਤਕ ਗੁਣ ਸਮੋਈ ਬੈਠਾ ਹੈ। ਇਹ ਥਾ-ਪਰ-ਥਾਂ ਘਟਨਾਵਾਂ, ਘਟਨਾਵਾਂ ਵਿਚ ਸ਼ਾਮਲ ਵਿਅਕਤੀਆਂ ਅਤੇ ਉਹਨਾਂ ਘਟਨਾਵਾਂ ਦੇ ਪ੍ਰਭਾਵ ਨੂੰ ਪੇਸ਼ ਕਰਦਾ ਹੈ।

"ਲੁਦਿਹਾਨੇ ਸੇ ਪਰਵਾਨਾ ਆਇਆ ਕਿ ਤੁਸੀਂ ਮੇਲੇ ਮੇਂ ਬਹੁਤ ਸਿੰਘ ਕਿਓਂ ਲੈ ਗਏ ਹੋ, ਸੱਦ ਭੇਜੇ। ਅਗਲੇ ਦਿਨ ਗਏ ਗੁਰੂ ਜੀ ਲੋਹਗੜ। ਤਸੀਲਦਾਰ ਨੇ ਕਹਾ ਕਿ ਮੁਕਬਰਾਂ ਕੇ ਕਹੇ ਤੇ ਆਪ ਨੂੰ ਸੱਦਿਆ ਹੈ। ਹਮ ਲਿਖ ਦੇਵਾਂਗੇ ਕਿ ਸੱਤ ਸਿੰਘ ਥੇ। ਜਿਲੇ ਕੋਲ ਗਏ। ਜਿਲਾ ਜੁਬਾ ਅਵਸਥਾ ਕਾ ਥਾ। ਬੜੇ ਅਦਬ ਸੇ ਉਠ ਕੇ ਕਹਿਣੇ ਲਗਾ ਆਓ ਗੁਰੂ ਮਹਾਰਾਜ ਜੀ, ਕੋਠੀ ਕੇ ਅੰਦਰ ਲਜਾਇਕੇ ਕੁਰਸੀ ਪਰ ਬਠਾਇਕੇ ਬਚਨ ਕੀਤਾ। ਗੁਰੂ ਜੀ ਛੁਟੀ ਨੂੰ ਪੁੱਛਿਆ। ਫਰੰਗੀ ਬੋਲਿਆ ਬਹੁਤ ਸਿੰਘ ਥੇ ਲੱਲੀਂ। ਅੰਬਾਲੇ ਵਾਲੇ ਕਾ ਹੁਕਮ ਆਵੇਗਾ ਤਾਂ ਦੇਖਾ ਜਾਏਗਾ।"[5]

ਸੰਤ ਸੰਤੋਖ ਸਿੰਘ ਦੀ ਵਾਰਤਕ ਸ਼ੈਲੀ ਬਹੁਤ ਰੌਚਕ ਹੈ। ਉਨ੍ਹਾਂ ਨੇ ਉਸ ਸਮੇਂ ਵਾਰਤਕ ਨੂੰ ਅਪਣਾਇਆ ਜਦੋਂ ਉਹ ਵਿਕਾਸ ਦੇ ਦੌਰ ਵਿਚ ਸੀ। ਲੇਖਕ ਦੀ ਆਪਣੀ ਦਲੀਲ ਹੈ:-

"ਇਸ ਗ੍ਰੰਥ ਕੀ ਕਵਤਾ ਨਹੀਂ ਕਰਨੀ ਕਿਉਂਕਿ ਹੁਕਮਨਾਮੇ ਜੋ ਆਏ ਹੈਂ ਸੋ ਪੰਜਾਬੀ ਬੋਲੀ ਵਿਚ ਲਿਖੇ ਭੇਜੇ ਹੈਂ। ਤਾਂਤੇ ਜਾਨਿਆ ਜੋ ਗੁਰੂ ਬਾਰਵੇਂ ਕੀ ਬਾਣੀ ਪੰਜਾਬੀ ਬੋਲੀ ਵਿਚ ਹੋਵੇਗੀ, ਕਿਉਂਕਿ ਦੇਸਾਂ-ਪ੍ਰਦੇਸਾਂ ਮੇਂ ਜਾਣੀ ਹੈ। ਇਹ ਬਾਣੀ ਪੰਜਾਬੀ ਸਿੱਖ ਜਾਣਨਗੇ। ਕਵਤਾ ਪਹਿਲੇ ਤਾਂ ਅਨਜਾਣ ਨੂੰ ਪੜ੍ਹਨੀ ਨਹੀਂ ਔਂਦੀ ਹੈ, ਜੇ ਪੜ੍ਹੇ ਤੀ ਤਾਂ ਅਰਥ ਨਹੀਂ ਸਮਝੇ ਜਾਂਦੇ ਹੈ। ਇਹ ਪੰਜਾਬੀ ਬੋਲੀ ਸਰਬ ਪੜ੍ਹ ਲੈਣਗੇ।"[6]

ਉਸ ਸਮੇਂ ਜਿਵੇਂ ਪੰਜਾਬੀ ਬੋਲੀ ਜਾਂਦੀ ਸੀ, ਉਸੇ ਤਰ੍ਹਾਂ ਹੀ ਠੇਠ ਲਿਖੀ ਜਾਂਦੀ ਸੀ। ਇਸ ਲਈ ਇਨ੍ਹਾਂ ਗ੍ਰੰਥਾਂ ਵਿਚ ਬਹੁਤੇ ਸ਼ਬਦ ਠੇਠ ਰੂਪ ਵਿਚ ਲਿਖੇ ਮਿਲਦੇ ਹਨ। ਜਿਵੇਂ : ਕਿਉਂ-ਕਿਓਂ ਸਿਪਾਹੀ-ਸਪਾਹੀ, ਲੁਧਿਆਣਾ-ਲੁਦਿਹਾਨਾ ਆਦਿ।

ਇਤਿਹਾਸਕ ਦ੍ਰਿਸ਼ਟੀ ਤੋਂ ਇਹ ਪੁਸਤਕ ਬਹੁਤ ਹੀ ਮਹੱਤਵਪੂਰਨ ਹੈ ਕਿਉਂ ਜੋ ਇਸ ਵਿਚ ਨਾਮਧਾਰੀ ਲਹਿਰ ਅਤੇ ਸਰਕਾਰੀ ਦਮਨ ਚੱਕਰ, ਨਾਮਧਾਰੀ ਸਤਿਗੁਰੂ ਸਹਿਬਾਨ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੀ ਆਚਰਣਕ ਦ੍ਰਿੜ੍ਹਤਾ, ਸੁਤੰਤਰਤਾ ਪ੍ਰਾਪਤੀ ਦੀ ਲਗਨ, ਆਪਣੇ ਗੁਰ ਸਾਹਿਬਾਨ ਪ੍ਰਤੀ ਅਥਾਹ ਸ਼ਰਧਾ ਪ੍ਰਤੱਖ ਰੂਪ ਵਿਚ ਪ੍ਰਕਾਸ਼ਮਾਨ ਹੋ ਜਾਂਦੇ ਹਨ। ਇਹ ਦੋਵੇਂ ਵਾਰਤਕ ਰਚਨਾਵਾਂ ਕੇਵਲ ਨਾਮਧਾਰੀ ਮੱਤ ਦੇ ਇਤਿਹਾਸ ਨੂੰ ਹੀ ਪ੍ਰਗਟ ਨਹੀਂ ਕਰਦੀਆਂ ਸਗੋਂ ਇਨ੍ਹਾਂ ਰਾਹੀਂ ਸਮੁੱਚੇ ਭਾਰਤ ਦੇ ਰਾਸ਼ਟਰੀ ਸੁਤੰਤਰਤਾ ਸੰਗਰਾਮ ਦੇ ਅਨੇਕ ਪੱਖ ਉਜਾਗਰ ਹੁੰਦੇ ਹਨ।

ਮੈਂ ਆਪਣੇ ਖੋਜ-ਪ੍ਰਬੰਧ ਵਿਚ 1906 ਈ. ਤੋਂ ਲੈ ਕੇ 1959 ਈ. ਤੱਕ ਰਚੀ ਗਈ ਨਾਮਧਾਰੀ ਵਾਰਤਕ ਨੂੰ ਵਿਸ਼ੇ ਵਜੋਂ ਲਿਆ ਹੈ। ਇਸ ਲਈ ਵਿਸ਼ੇ ਦੀ ਸੀਮਾ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਉਪਰੋਕਤ ਕਾਲ ਦੀ ਵਾਰਤਕ ਚਰਚਾ ਨੂੰ ਇਥੇ ਹੀ ਖਤਮ ਕਰਦੀ ਹਾਂ।

**(ਅ) 1906 ਤੋਂ 1959 ਤੱਕ:**

ਨਾਮਧਾਰੀ ਸਾਹਿਤ ਦਾ ਦੂਜਾ ਮਹੱਤਵਪੂਰਨ ਕਾਲ ਜਿਸ ਵਿਚ ਨਾਮਧਾਰੀ ਸਾਹਿਤ ਨੇ ਆਪਣੇ ਆਪ ਨੂੰ ਨਿਰੋਲ ਪੰਜਾਬੀ ਭਾਸ਼ਾ ਨਾਲ ਜੋੜਿਆ, ਗੁਣਾਤਮਕ ਦ੍ਰਿਸ਼ਟੀ ਤੋਂ ਕੁਝ ਸ੍ਰੇਸ਼ਟ ਸਾਹਿਤਕਾਰਾਂ ਨੂੰ ਸਾਹਮਣੇ ਲਿਆਂਦਾ ਅਤੇ ਵਿਸ਼ੇਸ਼ ਪ੍ਰਾਪਤੀਆਂ ਵੀ ਕੀਤੀਆਂ। ਇਹ ਕਾਲ

ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਰਪ੍ਰਸਤੀ ਦਾ ਕਾਲ ਹੈ। ਉਨ੍ਹਾਂ ਦਾ ਆਪਣਾ ਪਾਵਨ ਤੇ ਮਹਾਨ ਵਿਅਕਤਿਤਵ, ਦੂਰਦਰਸ਼ਤਾ, ਸਰਬਵਿਆਪੀ ਪ੍ਰੇਮ ਪਾਸਾਰ ਅਤੇ ਉਨ੍ਹਾਂ ਦੀ ਸਰਪ੍ਰਸਤੀ ਵਿਚ ਭਾਰਤੀ ਸੁਤੰਤਰਤਾ ਸੰਗਰਾਮ ਵਿਚ ਪਾਏ ਗਏ ਸ਼ਾਨਦਾਰ ਯੋਗਦਾਨ, ਬਹੁਪੱਖੀ ਸੂਖ਼ਮ ਦ੍ਰਿਸ਼ਟੀ ਅਤੇ ਅਮਲੀ ਰੂਪ ਵਿਚ ਕੀਤੇ ਤੇ ਨਿਭਾਏ ਗਏ ਕਰਤੱਵ ਇਤਨੇ ਅਪਾਰ ਅਤੇ ਬੇਸ਼ੁਮਾਰ ਹਨ ਕਿ ਉਨ੍ਹਾਂ ਨੂੰ ਸਚਮੁੱਚ ਹੀ ਸਰਬ ਲੁਕਾਈ ਦਾ ਅਦੁੱਤੀ ਪ੍ਰੇਰਨਾ ਸ੍ਰੋਤ, ਅਧਿਆਤਮਕ ਨੇਤਾ, ਅਮਲੀ ਰੂਪ ਵਿਚ ਅਨੇਕਾਂ ਮਹੱਤਵਪੂਰਨ ਕਾਰਜਾਂ, ਮਾਨਵੀ ਹਮਦਰਦੀ ਅਤੇ ਵਿਸ਼ਵ ਵਿਆਪੀ ਦਿਬਦ੍ਰਿਸ਼ਟੀ ਦੇ ਸੁਆਮੀ ਹੋਣ ਦੇ ਨੁਕਤੇ ਤੋਂ ਵਿਰਾਟ ਪ੍ਰਤਿਭਾ ਦਾ ਸੁਆਮੀ ਮੰਨਿਆ ਜਾ ਸਕਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਜਿੱਥੇ ਹਰ ਖੇਤਰ ਵਿਚ ਨਾਮਧਾਰੀ ਲੋਕ-ਸਮੂਹ ਦੇ ਪ੍ਰੇਰਨਾ ਸ੍ਰੋਤ ਬਣੇ ਉਥੇ ਗੁਰੂ ਘਰ ਦੀ ਚਲੀ ਆ ਰਹੀ ਪਰੰਪਰਾ ਅਨੁਸਾਰ ਸਾਹਿਤ, ਲੋਕ-ਕਲਾਵਾਂ, ਸੰਗੀਤ ਆਦਿ ਦੇ ਮਹਾਨ ਸਰਪ੍ਰਸਤ ਵੀ ਸਿੱਧ ਹੋਏ। ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨਾਲ ਆਪ ਪੂਰਨ ਤੌਰ ਤੇ ਜੁੜੇ ਹੋਏ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਹੁਪੱਖੀ ਅੰਤਰ ਦ੍ਰਿਸ਼ਟੀ ਤੇ ਦੂਰਦਰਸ਼ਤਾ ਨੇ ਨਾਮਧਾਰੀ ਮੱਤ ਅਤੇ ਲਹਿਰ ਨਾਲ ਜੁੜੇ ਸਾਹਿਤ ਨੂੰ ਨਵੀਂ ਵਿਆਪਕਤਾ, ਨਵੇਂ ਆਯਾਮ ਅਤੇ ਨਵੇਂ ਦਿਸਹੱਦੇ ਪ੍ਰਦਾਨ ਕੀਤੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ 1920 ਵਿਚ ਜਾਰੀ ਕੀਤੇ ਗਏ ਸਪਤਾਹਿਕ ਪੱਤਰ 'ਸਤਿਜੁਗ' ਜੋ ਹੁਣ ਆਪਣੀ ਲਗਭਗ 85 ਸਾਲ ਦੀ ਉਮਰ ਨੂੰ ਹੰਢਾ ਚੁੱਕਾ ਹੈ ਅਤੇ 'ਕੂਕਾ' (ਕੂਕਾ ਰੋਜ਼ਾਨਾ ਅਖਬਾਰ ਕੁਝ ਸਮਾਂ ਹੀ ਚੱਲਿਆ) ਹੁਣ ਤੱਕ ਵੀ ਆਜ਼ਾਦੀ ਦੇ ਘੁਲਾਟੀਆਂ ਦੇ ਅਖੁੱਟ ਪ੍ਰੇਰਨਾ ਸ੍ਰੋਤ ਬਣੇ ਰਹੇ ਹਨ, ਭਾਵੇਂ ਇਨ੍ਹਾਂ ਪੱਤਰਾਂ ਉਤੇ ਵੀ ਕਈ ਪਾਬੰਦੀਆਂ ਸਮੇਂ-ਸਮੇਂ ਸਿਰ ਲਾਗੂ ਹੁੰਦੀਆਂ ਰਹੀਆਂ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਵਿਸ਼ਾਲ ਗਿਆਨ ਭੰਡਾਰ, ਮਧੁਰ ਤੇ ਪ੍ਰਭਾਵਸ਼ਾਲੀ ਸੁਭਾਸਨੀ ਸ਼ਕਤੀ ਦੇ ਮਾਲਕ ਸਨ। ਉਨ੍ਹਾਂ ਦੇ ਪ੍ਰਵਚਨਾਂ ਜੋ ਹੁਣ 'ਲਾਲ ਏਹਿ ਰਤਨ' ਦੇ ਨਾਮ ਹੇਠ ਪੁਸਤਕ ਰੂਪ ਵਿਚ ਸ੍ਰੀ ਜਗਜੀਤ ਸਿੰਘ ਜੀ ਦੇ ਉਦਮ ਸਦਕਾ ਪ੍ਰਕਾਸ਼ਤ ਹੋ ਚੁੱਕੇ ਹਨ, ਦਾ ਸਰਸਰੀ ਅਧਿਐਨ ਹੀ ਸਿੱਧ ਕਰ ਦਿੰਦਾ ਹੈ ਕਿ ਆਪ ਜੀ ਦੀ ਰਸਨਾ ਤੇ ਹਿਰਦੇ ਵਿਚ ਕਿੰਨੀ ਵੱਡੀ ਸਾਹਿਤਕ ਪ੍ਰੇਰਨਾ ਤੇ ਪ੍ਰਵਾਹ ਦੇ ਅਦੁੱਤੀ ਗੁਣ ਮੌਜੂਦ ਸਨ। ਸੋ ਜੇ ਪ੍ਰੇਰਨਾ ਦਾ ਸ੍ਰੋਤ ਇਤਨਾ ਮਹਾਨ

ਹੋਵੇ ਤਾਂ ਉਨ੍ਹਾਂ ਦੇ ਨਾਲ ਜੁੜੇ ਸਾਹਿਤਕਾਰ ਕਿਵੇਂ ਆਦਰਸ਼ ਲੇਖਕਾਂ ਦੀ ਉਚ ਕੋਟੀ ਦੀ ਪੱਧਰ ਤੋਂ ਨੀਵੇਂ ਹੋ ਸਕਦੇ ਹਨ।

ਇਸ ਕਾਲ ਦੇ ਪ੍ਰਮੁੱਖ ਵਾਰਤਕ ਸਾਹਿਤਕਾਰਾਂ ਵਿਚੋਂ ਸੰਤ ਇੰਦਰ ਸਿੰਘ ਚੱਕਰਵਰਤੀ, ਸੰਤ ਨਿਧਾਨ ਸਿੰਘ ਆਲਮ, ਸੰਤ ਤਰਨ ਸਿੰਘ ਵਹਿਮੀ ਅਤੇ ਸਰਦਾਰ ਨਾਹਰ ਸਿੰਘ ਹਨ। ਸੰਤ ਇੰਦਰ ਸਿੰਘ ਚੱਕਰਵਰਤੀ ਦੀ ਪ੍ਰੇਰਨਾ ਸਦਕਾ ਆਗਾਮੀ ਕਾਲ ਵਿਚ ਸ੍ਰੀ ਪ੍ਰੀਤਮ ਸਿੰਘ ਕਵੀ, ਪ੍ਰੀਤਮ ਸਿੰਘ ਪੰਛੀ, ਤਰਨ ਸਿੰਘ ਵਹਿਮੀ ਅਤੇ ਬਿਸ਼ਨ ਸਿੰਘ ਇਤਿਹਾਸਕਾਰ ਆਦਿ ਲੇਖਕਾਂ ਨੂੰ ਵੀ ਲਿਖਣ ਦੀ ਚੇਟਕ ਲੱਗੀ। ਸੰਤ ਇੰਦਰ ਸਿੰਘ ਚੱਕਰਵਰਤੀ ਕਈ ਸਾਲ 'ਸਤਿਜੁਗ' ਦੇ ਸੰਪਾਦਕ ਦੀ ਸੇਵਾ ਨਿਭਾਉਂਦੇ ਰਹੇ ਹਨ। ਉਨ੍ਹਾਂ ਦੀ ਸੰਪਾਦਨਾ ਵਿਚ ਸਤਿਜੁਗ ਦੇ ਜਿਹੜੇ ਵਿਸ਼ੇਸ਼ ਬਸੰਤ ਅੰਕ ਪ੍ਰਕਾਸ਼ਤ ਹੁੰਦੇ ਰਹੇ, ਉਨ੍ਹਾਂ ਵਿਚ ਪੰਜਾਬ ਦੇ ਪੰਜਾਬੀ ਲੇਖਕਾਂ ਤੇ ਪੱਤਰਕਾਰਾਂ ਤੋਂ ਬਿਨਾਂ ਹਿੰਦੀ ਜਗਤ ਦੇ ਵੀ ਪ੍ਰਮੁੱਖ ਲੇਖਕਾਂ ਦੀਆਂ ਰਚਨਾਵਾਂ ਪ੍ਰਕਾਸ਼ਤ ਹੁੰਦੀਆਂ ਰਹੀਆਂ ਹਨ। ਨਾਮਧਾਰੀ ਇਤਿਹਾਸ, ਸਮਾਜ, ਸਭਿਆਚਾਰ ਅਤੇ ਨਾਮਧਾਰੀ ਸਤਿਗੁਰੂ ਸਾਹਿਬਾਨ ਦੇ ਸਮੇਂ ਦੀ ਸਤਿਜੁਗ ਦੇ ਇਨ੍ਹਾਂ ਵਿਸ਼ੇਸ਼ ਅੰਕਾਂ ਵਿਚੋਂ ਭਰਪੂਰ ਜਾਣਕਾਰੀ ਮਿਲ ਜਾਂਦੀ ਹੈ। ਸਮੁੱਚੇ ਨਾਮਧਾਰੀ ਸਾਹਿਤ ਦੇ ਇਤਿਹਾਸ ਵਿਚ 'ਸਤਿਜੁਗ' ਸਪਤਾਹਿਕ ਪੱਤਰ ਦੀ ਵਿਸ਼ੇਸ਼ ਭੂਮਿਕਾ ਹੈ।

**ਸੰਤ ਨਿਧਾਨ ਸਿੰਘ ਆਲਿਮ** (1889-1956)

ਸੰਤ ਨਿਧਾਨ ਸਿੰਘ ਦੁਆਰਾ ਰਚੇ ਗਏ ਸਾਹਿਤ ਦਾ ਸਰਵੇਖਣ ਕਰਨ ਤੋਂ ਪਹਿਲਾਂ ਇਕ ਝਾਤ ਉਨ੍ਹਾਂ ਦੇ ਜੀਵਨ ਤੇ ਪਾਉਣੀ ਵੀ ਇਸ ਖੋਜ ਪ੍ਰਬੰਧ ਦੀ ਸਿਰਜਣਾ ਵਿਚ ਲਾਹੇਵੰਦ ਹੋਵੇਗੀ।

ਸੰਤ ਨਿਧਾਨ ਸਿੰਘ ਆਲਿਮ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨਿੰਨ ਸੇਵਕਾਂ ਵਿਚੋਂ ਇਕ ਸਨ। ਸੰਤਾਂ ਨੇ ਸਿਦਕਦਿਲੀ ਅਤੇ ਗੁਰੂ ਤੇ ਭਰੋਸਾ ਰੱਖ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਅਪਾਰ ਬਖਸ਼ਿਸ਼ਾਂ ਤੇ ਰਹਿਮਤਾਂ ਜੀਅ ਭਰ ਕੇ ਪ੍ਰਾਪਤ ਕੀਤੀਆਂ ਅਤੇ ਨਾਮਧਾਰੀ ਪੰਥ ਦੀ ਕੀਰਤੀ ਨੂੰ ਸਾਰੇ ਜਗਤ ਵਿਚ ਚਮਕਾਇਆ, ਉਹ ਸੱਚੇ ਗੁਰਸਿੱਖ ਤਾਂ ਸਨ ਹੀ, ਪਰੰਤੂ ਇਸ ਦੇ ਨਾਲ ਹੀ ਉਹ ਅੱਛੇ ਵਿਦਵਾਨ, ਸਾਹਿਤਕਾਰ ਵੀ ਸਨ, ਉਹਨਾਂ ਜਿਹਾ ਵਿਦਵਾਨ ਸਾਹਿਤਕਾਰ,

ਕੀਰਤਨੀਆਂ, ਪ੍ਰਚਾਰਕ ਅਤੇ ਦੇਸ਼ ਭਗਤ ਹਰ ਗ਼ਲੀ ਮੁਹੱਲੇ ਜਾਂ ਕਸਬੇ, ਸ਼ਹਿਰ ਵਿਚ ਪੈਦਾ ਨਹੀਂ ਹੁੰਦਾ। ਨਾਮਧਾਰੀਆਂ ਵਿਚ ਉਨ੍ਹਾਂ ਦੀ ਪਹਿਚਾਣ ਕਿਸੇ ਦੀ ਮੁਥਾਜ ਨਹੀਂ।

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਮਾਂ ਜੱਦੋ-ਜਹਿਦ ਅਤੇ ਸੰਘਰਸ਼ ਭਰਿਆ ਸੀ। ਆਜ਼ਾਦੀ ਪ੍ਰਾਪਤੀ ਦਾ ਸੰਗਰਾਮ ਜੋ ਸਤਿਗੁਰੂ ਰਾਮ ਸਿੰਘ ਜੀ ਨੇ ਸ਼ੁਰੂ ਕੀਤਾ ਸੀ, ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਪ੍ਰਚੰਡ ਰੂਪ ਵਿਚ ਸਾਹਮਣੇ ਆ ਗਿਆ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਨੂੰ ਹਿੰਦੋਸਤਾਨੀਆਂ ਨੇ ਪੂਰਨ ਰੂਪ ਵਿਚ ਅਪਣਾ ਲਿਆ ਸੀ ਅਤੇ ਸਤਿਗੁਰਾਂ ਤੋਂ ਪ੍ਰੇਰਨਾ ਲੈ ਕੇ ਹਿੰਦੋਸਤਾਨੀ, ਅੰਗਰੇਜ਼ ਦੇ ਖਿਲਾਫ ਉੱਠ ਖਲੋਤੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਨਾਮਧਾਰੀ ਜਗਤ ਨੂੰ ਦੋ ਮੋਰਚਿਆਂ ਤੇ ਜੱਦੋ-ਜਹਿਦ ਕਰਨੀ ਪੈ ਰਹੀ ਸੀ।

> "ਪਹਿਲਾ ਮੋਰਚਾ ਅੰਗਰੇਜ਼ ਸਰਕਾਰ ਵਿਰੁੱਧ ਸੀ ਅਤੇ ਦੂਜਾ ਮੋਰਚਾ ਆਪਣੇ ਦੇਸੀ ਭਰਾਵਾਂ ਸਿੰਘ ਸਭਾ ਦੇ ਸਿਧਾਂਤ ਦੇ ਧਾਰਨੀਆਂ ਵਿਰੁੱਧ ਲਗਾਇਆ ਸੀ ਜੋ ਨਾਮਧਾਰੀ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕਰ ਰਹੇ ਸਨ। ਇਸ ਤੋਂ ਬਿਨਾਂ ਇਕ ਹੋਰ ਤੀਜਾ ਮੋਰਚਾ ਨਾਮਧਾਰੀ ਇਤਿਹਾਸ ਤੇ ਸਾਹਿਤ ਦੀ ਸਾਂਭ ਸੰਭਾਲ ਦਾ ਸੀ, ਜਿਸ ਵੱਲ ਸਤਿਗੁਰੂ ਜੀ ਨੂੰ ਵਿਸ਼ੇਸ਼ ਧਿਆਨ ਦੇਣਾ ਪਿਆ ਸੀ। ਸਤਿਗੁਰਾਂ ਨੇ ਨਾਮਧਾਰੀ ਇਤਿਹਾਸ ਦੀ ਸਾਂਭ ਸੰਭਾਲ ਲਈ 1920 ਈ. ਵਿਚ 'ਸਤਿਜੁਗ' ਅਖ਼ਬਾਰ ਦੀ ਪ੍ਰਕਾਸ਼ਨਾ ਆਰੰਭ ਕੀਤੀ ਅਤੇ ਫਿਰ ਉਹਨਾਂ ਦੀ ਪ੍ਰੇਰਨਾ ਤੇ ਬਖਸ਼ਿਸ਼ ਸਦਕਾ ਅਨੇਕ ਕਵੀ, ਵਾਰਤਕ ਲਿਖਾਰੀ, ਜੱਥੇਦਾਰ ਅਤੇ ਸੰਪਾਦਕ ਪੈਦਾ ਹੋਏ ਜਿਨ੍ਹਾਂ ਵਿਚ ਸੰਤ ਨਿਧਾਨ ਸਿੰਘ 'ਆਲਿਮ' ਜੀ ਵੀ ਸਨ ਜੋ ਆਯੂ ਪ੍ਰਯੰਤ ਸਤਿਗੁਰਾਂ ਦੀ ਕਿਰਪਾ ਦੇ ਪਾਤਰ ਬਣੇ ਰਹੇ।[7]

ਸੰਤ ਨਿਧਾਨ ਸਿੰਘ ਜੀ ਦੇ ਮੁੱਢਲੇ ਜੀਵਨ ਬਾਰੇ ਸਾਨੂੰ ਬਹੁਤ ਘਟ ਗਿਆਨ ਪ੍ਰਾਪਤ ਹੁੰਦਾ ਹੈ। ਉਨ੍ਹਾਂ ਦੇ ਜੀਵਨ ਨਾਲ ਸਬੰਧਿਤ ਨਾਮਧਾਰੀ ਸਾਹਿਤ ਵਿਚ ਬਹੁਤ ਥੋੜਾ ਲਿਖਿਆ ਮਿਲਦਾ ਹੈ।

"ਸੰਤ ਨਿਧਾਨ ਸਿੰਘ ਜੀ ਦੇ ਸਪੁੱਤਰ ਤਰਲੋਚਨ ਸਿੰਘ ਟਿਕਾ ਜੀ ਅਨੁਸਾਰ ਉਨ੍ਹਾਂ ਦਾ ਜਨਮ 1889 ਈ. ਵਿਚ ਸ੍ਰ. ਸੋਹਣ ਸਿੰਘ ਜੀ ਦੇ ਘਰ ਬਰਮਾ ਵਿਖੇ ਹੋਇਆ।"[8]

ਸੰਤ ਨਿਧਾਨ ਸਿੰਘ ਜੀ ਨੇ ਆਪਣੇ ਜੀਵਨ ਕਾਲ ਵਿਚ ਅਨੇਕ ਪੁਸਤਕਾਂ, ਲੇਖਾਂ ਅਤੇ ਕਵਿਤਾਵਾਂ ਦੀ ਰਚਨਾ ਕੀਤੀ। ਪਰੰਤੂ ਉਨ੍ਹਾਂ ਦੁਆਰਾ ਰਚਿਆ ਗਿਆ ਸਾਰਾ ਸਾਹਿਤ ਪ੍ਰਾਪਤ ਨਹੀਂ। ਜੋ ਕੁਝ ਮੌਜੂਦ ਹੈ ਉਸ ਦਾ ਇਸ ਤਰ੍ਹਾਂ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ:-

**ਗੁਰੂ ਪਦ ਪ੍ਰਕਾਸ਼:**

ਸੰਤ ਨਿਧਾਨ ਸਿੰਘ ਆਲਿਮ ਜੀ ਦੇ ਬਹੁਤ ਸਾਰੇ ਲੇਖ "ਸਤਿਜੁਗ ਅਖ਼ਬਾਰ" ਵਿਚ ਪ੍ਰਕਾਸ਼ਤ ਹੁੰਦੇ ਰਹੇ ਜੋ ਬਾਅਦ ਵਿਚ 'ਗੁਰੂ ਪਦ ਪ੍ਰਕਾਸ਼' ਸਿਰਲੇਖ ਅਧੀਨ ਤਿੰਨ ਜਿਲਦਾਂ ਵਿਚ ਪ੍ਰਕਾਸ਼ਤ ਹੋਏ। 1998 ਈ. ਵਿਚ ਉਹ ਤਿੰਨ ਜਿਲਦਾਂ ਨੂੰ ਮੁੜ ਇਕੋ ਜਿਲਦ ਵਿਚ ਹਰਵਿੰਦਰ ਸਿੰਘ ਹੰਸਪਾਲ, ਪ੍ਰਧਾਨ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਵਲੋਂ ਪ੍ਰਕਾਸ਼ਤ ਕੀਤਾ ਗਿਆ ਹੈ।

'ਗੁਰੂ ਪਦ ਪ੍ਰਕਾਸ਼' ਕੁੱਲ 343 ਪੰਨਿਆਂ ਦਾ ਗ੍ਰੰਥ ਹੈ ਜਿਸਦਾ ਪਹਿਲਾ ਭਾਗ 134 ਪੰਨਿਆਂ ਤੱਕ ਹੈ ਦੂਸਰਾ ਭਾਗ 135 ਪੰਨੇ ਤੋਂ ਲੈ ਕੇ 204 ਪੰਨਿਆ ਤਕ ਹੈ, ਤੀਸਰਾ ਭਾਗ 205 ਪੰਨੇ ਤੋਂ ਲੈ ਕੇ 343 ਪੰਨੇ ਤੱਕ ਹੈ।

ਪਹਿਲੇ ਭਾਗ ਦੇ ਲੇਖਾਂ ਦੇ ਵਿਸ਼ਿਆਂ ਵਿਚ 'ਸਤਿਗੁਰ ਦੀ ਲੋੜ' 'ਦਸ਼ਮੇਸ਼ ਜੀ ਦੇ ਜੋਤੀ ਜੋਤ ਸਮਾਣ ਦਾ ਸੰਮਤ', 'ਨਾਮਧਾਰੀ ਪੰਥ', 'ਬਾਣੀ ਨੂੰ ਗੁਰਿਆਈ' ਆਦਿ ਸ਼ਾਮਲ ਹਨ। 'ਬਾਣੀ ਨੂੰ ਗੁਰਿਆਈ' ਸਿਰਲੇਖ ਅਧੀਨ ਉਹ ਲਿਖਦੇ ਹਨ:

(6) ਪ੍ਰਸ਼ਨ : "ਜੇ ਕਦੀ ਇਸ ਕਸਵੱਟੀ ਨੂੰ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਗੁਰੂ' ਹੋਣ ਯਾਂ ਨਾ ਹੋਣ ਦੀ ਪਰਖ ਕੀਤੀ ਜਾਏ ਤਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਜਿਸ ਨੂੰ ਆਲਿਮ ਜੀ 'ਧੁਰ ਦੀ ਬਾਣੀ' ਮੰਨਦੇ ਹਨ ਤੇ ਜੋ ਗੁਰੂ ਦੇ ਸ੍ਰੀ ਮੁਖ ਵਾਕ ਹਨ ਵਿਚ ਸਾਫ਼ ਸਾਫ਼ ਲਿਖਿਆ ਮਿਲਦਾ ਹੈ ਕਿ:

ਬਾਣੀ ਗੁਰੂ ਗੁਰੂ ਹੈ ਬਾਣੀ ਵਿੱਚ ਬਾਣੀ ਅੰਮ੍ਰਿਤ ਸਾਰੇ।
ਗੁਰੂ ਬਾਣੀ ਕਹੇ ਸੇਵਕ ਜਨ ਮਾਨੈ ਪ੍ਰਤੱਖ ਗੁਰ ਨਿਸਤਾਰੇ।

ਉੱਤਰ: 'ਸਮਾਚਾਰ' ਦੇ ਐਡੀਟਰ (ਸਰਦਾਰ ਸੇਵਾ ਸਿੰਘ) ਸਾਹਿਬ ਜਿਨ੍ਹਾਂ ਗੁਰਵਾਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਹੋਣ ਬਾਬਤ ਪ੍ਰਤੱਖ ਹੁਕਮ ਤੇ ਐਲਾਨ ਦਸਦੇ ਹਨ, ਉਹ ਸਗੋਂ ਬਾਣੀ ਉਚਾਰਨ ਵਾਲੇ ਦੇਹਧਾਰੀ ਗੁਰੂਆਂ ਦੀ ਤਾਰੀਫ ਕਰਨ ਵਾਲੇ (ਪ੍ਰਸੰਸਾ ਵਾਚਕ) ਵਾਕ ਹਨ। ਉਨ੍ਹਾਂ ਵਿਚ ਗੁਰੂ ਬਾਣੀ ਦੀ ਉਪਮਾ ਨੂੰ ਅਸੀਂ ਖੁਦ ਤਸਲੀਮ ਕਰਦੇ ਹਾਂ ਅਤੇ ਮਾਲੂਮ ਹੁੰਦਾ ਹੈ ਕਿ ਐਡੀਟਰ ਸਾਹਿਬ ਸਮਾਚਾਰ ਵੀ ਏਨ੍ਹਾਂ ਸ਼ਬਦਾਂ ਦੀ ਅਸਲੱਯਤ ਨੂੰ ਜਾਣਦੇ ਹਨ, ਵਰਨਾਂ ਉਹ ਆਪਣੀਆਂ ਸ਼ਹਾਦਤਾਂ ਨੂੰ ਪਰਦੇ ਵਿਚ ਰਖਣਾ ਕਦਾਚਿਤ ਉਚਿਤ ਨਾ ਸਮਝਦੇ। ਪਾਠਕ ਵੇਖਣਗੇ ਕਿ 'ਸਮਾਚਾਰ' ਵਿਚ ਜਿੱਥੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਸਾਬਿਤ ਕਰਨ ਲਈ ਗੁਰਬਾਣੀ ਦੇ ਪੂਰਵ ਉਕਤ ਹਵਾਲੇ ਦਿੱਤੇ ਹਨ, ਉਨ੍ਹਾਂ ਦੇ ਅਖੀਰ ਵਿਚ ਕਿਸੇ ਵਾਕ ਦੀ ਬਾਬਤ ਵੀ ਏਹ ਨਹੀਂ ਦਸਿਆ ਗਿਆ ਕਿ ਉਹ ਕਿਸ ਗੁਰੂ ਦਾ ਉਚਾਰਣ ਕੀਤਾ ਹੋਇਆ ਹੈ ਅਤੇ ਕਿਹੜੇ ਰਾਗ ਵਿਚ ਹੈ।

ਲੇਖ ਦੇ ਅਖ਼ੀਰ ਵਿਚ 'ਲੇਖ ਦਾ ਸਾਰ' ਇਸ ਪ੍ਰਕਾਰ ਦਿੱਤਾ ਗਿਆ ਹੈ:

1) 'ਗੁਰੂ' ਬਾਣੀ ਦਾ ਕਰਤਾ ਅਤੇ ਉਪਦੇਸ਼ਟਾ ਹੈ।

2) 'ਬਾਣੀ' ਗੁਰੂ ਦੀ ਉਪਜ, ਅਰਥਾਤ ਰਚੀ ਹੋਣ ਦੇ ਕਾਰਨ ਕਾਰਜ ਰੂਪ ਹੈ, ਅਰ ਕਾਰਜ ਹਮੇਸ਼ਾਂ ਕਾਰਣ ਨਾਲੋਂ ਵੱਖਰਾ, ਅਤੇ ਉਸ ਦੇ ਅਧੀਨ ਹੈ।

3) ਬਾਣੀ ਦਾ ਮਹੱਤ ਨਾ ਕੋਈ ਸਤਿਗੁਰੂ ਤੋਂ ਬਿਨਾਂ ਜਾਣ ਹੀ ਸਕਦਾ ਹੈ ਅਰ ਨਾ ਹੀ ਕਥਨ ਕਰ ਸਕਦਾ ਹੈ, ਏਸ ਲਈ ਸਿੱਖ ਨੂੰ 'ਬਾਣੀ' ਨਾਲੋਂ ਵਧੀਕ ਸਤਿਗੁਰ ਦੀ ਲੋੜ ਹੈ।

4) ਵੇਦਾਂ ਦਾ ਪਾਠ, ਗੁਰਬਾਣੀ ਦਾ ਪਾਠ ਤੀਰਥ, ਵਰਤ ਅਤੇ ਤਪ ਆਦਿ ਉਸ ਦੇ ਹੀ ਫਲੀ ਭੂਤ ਹੋ ਸਕਦੇ ਹਨ, ਜੋ ਗੁਰੂ ਨੂੰ ਮਿਲਕੇ ਨਾਮ ਨੂੰ ਮਨ ਵਿਚ ਵਸਾਂਦਾ ਹੈ।

5) ਗੁਰਬਾਣੀ ਇਕ ਅੰਮ੍ਰਿਤ ਹੈ ਜੋ ਕਿ ਰੂਹਾਨੀ ਜ਼ਿੰਦਗੀ ਵਾਸਤੇ ਉੱਨਤੀ ਕਾਰਕ ਪਦਾਰਥ ਹੈ, ਪ੍ਰੰਤੂ ਦੇਹਧਾਰੀ ਗੁਰੂ ਦੁਆਰਾ ਹੀ ਉਸ ਦੀ ਵਰਤੋਂ ਅਮਲ ਵਿਚ ਆ ਸਕਦੀ ਹੈ।

"ਤਾਂ ਤੇ ਮੈਂ ਗੁਰਬਾਣੀ ਆਧਾਰ ਹੈ ਗੁਰ ਬਾਣੀ ਰਹਾਉ ਦਾ ਏਹ ਮਤਲਬ ਕਦਾਚਿਤ ਨਹੀਂ ਹੋ ਸਕਦਾ ਕਿ 'ਬਾਣੀ' ਗੁਰੂ ਹੈ, ਸਗੋਂ

ਅਰਥ ਸਪੱਸ਼ਟ ਵਿਚ 'ਗੁਰੂ ਪ੍ਰਸੰਸਾ' ਦਾ ਬੋਧਕ ਹੈ। ਏਹੀ ਕਾਰਣ ਹੈ ਕਿ ਸਿੱਖ ਨੂੰ ਤੁਕ-ਤੁਕ ਵਿਚ ਗੁਰਬਾਣੀ ਦਾ ਤੱਤ ਸਮਝਣ ਵਾਸਤੇ ਗੁਰੂ ਸ਼ਰਣ ਗ੍ਰਹਿਣ ਕਰਨ ਦੀ ਆਗਯਾ ਕੀਤੀ ਗਈ ਹੈ।"[9]

ਗੁਰੂ ਪਦ ਪ੍ਰਕਾਸ਼ (ਭਾਗ ਪਹਿਲਾ) ਵਿਚ ਕਈ ਅਜਿਹੇ ਵਿਸ਼ਿਆਂ ਨੂੰ ਆਧਾਰ ਬਣਾਇਆ ਗਿਆ ਹੈ ਜੋ ਸਿੱਖ ਸਮਾਜ ਵਿਚ ਵੀ ਚਰਚਾ ਦਾ ਵਿਸ਼ਾ ਬਣੇ ਹਨ, ਖ਼ਾਸ ਕਰਕੇ ਦਸਮ ਪਾਤਸ਼ਾਹ ਜੀ ਦੇ ਜੀਵਨ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਗੁਰਿਆਈ ਦੇਣ ਦੇ ਮਸਲੇ ਸੰਤ ਨਿਧਾਨ ਸਿੰਘ ਜੀ ਨੇ ਬੜੇ ਤਰਕ ਅਤੇ ਦਲੀਲਾਂ ਦੇ ਆਧਾਰ ਤੇ ਪੇਸ਼ ਕੀਤੇ ਹਨ:

"ਗੁਰ ਅਵਤਾਰ ਦਾ ਔਣਾ ਬੰਦ" ਸਿਰਲੇਖ ਅਧੀਨ ਕੁਝ ਇਸ ਤਰ੍ਹਾਂ ਦੇ ਹੀ ਵਿਚਾਰ ਪੇਸ਼ ਕੀਤੇ ਮਿਲਦੇ ਹਨ ਜੋ ਇਥੇ ਪੇਸ਼ ਕਰਨੇ ਜ਼ਰੂਰੀ ਹਨ:

ੳ) "ਉਤਲੇ ਅੰਕ ਵਿਚ ਏਹ ਸਿੱਧ ਹੋ ਚੁੱਕਾ ਹੈ ਕਿ ਗੁਰੂ ਸ਼ਕਤੀ ਬਾਣੀ ਵਿਚ ਨਹੀਂ ਸਗੋਂ ਸਦਾ ਹੀ ਦੇਹਧਾਰੀ ਵਯਕਤੀਆਂ ਵਿਚ ਪ੍ਰਗਟ ਹੁੰਦੀ ਰਹੀ ਹੈ ਅਤੇ ਹੁੰਦੀ ਰਹੇਗੀ ਪਰ ਏਥੇ, ਅਸੀਂ ਇਕ ਮਿੰਟ ਲਈ ਸਿਧਾਂਤ ਨੂੰ ਲਹਿਦਾ ਕਰਕੇ 'ਸਮਾਚਾਰ' ਦੀ ਏਹੋ ਗੱਲ ਹੀ ਮੰਨ ਲੈਂਦੇ ਹਾਂ ਕਿ ਗੁਰੂ ਸ਼ਕਤੀ ਪਹਿਲੋ ਪਹਿਲ ਗੁਰੂ ਨਾਨਕ ਵਿਚ ਆਈ ਅਤੇ ਗੁਰੂ ਨਾਨਕ ਜੀ ਨੇ ਉਸ ਨੂੰ ਹੋਰ ਰੂਪ ਵਿਚ ਪਰਵਿਤ ਕਰਕੇ 'ਬਾਣੀ' ਗੁਰੂ ਦਾ ਸਿਧਾਂਤ ਥਾਪਿਆ। ਜੇ ਇਹ ਦਰੁਸਤ ਹੈ ਤਾਂ ਬਾਣੀ ਗੁਰੂ ਦੀ ਮੌਜੂਦਗੀ ਵਿਚ ਦੂਸਰੇ ਗੁਰੂ ਤੋਂ ਲੈ ਕੇ ਦਸਵੇਂ ਗੁਰੂ ਤਕ ਦੇਹਧਾਰੀ ਵਯਕਤੀਆਂ ਨੂੰ ਸਮਾਚਾਰ ਸਾਹਿਬ ਕਿਸ ਦਲੀਲ ਅਤੇ ਪ੍ਰਮਾਣ ਦੇ ਆਸਰੇ ਗੁਰੂ ਮੰਨਦੇ ਹਨ? ਜਦ ਆਪ ਖੁਦ ਮੰਨਦੇ ਹਨ ਕਿ ਗੁਰੂ ਸ਼ਕਤੀ ਪਹਿਲੋਂ ਦੇਹ ਰਹਿਤ ਸੀ, ਫੇਰ ਗੁਰੂ ਨਾਨਕ ਦੇਹ ਵਿਚ ਆਈ ਤੇ ਉਨ੍ਹਾਂ ਦੁਆਰਾ ਬਾਣੀ ਵਿਚ ਰੱਖੀ ਗਈ ਤਾਂ ਦੂਜੇ ਤੋਂ ਲੈ ਕੇ ਦਸਵੇਂ ਪਾਤਸ਼ਾਹ ਤਕ ਦਾ ਸਵਾਲ ਹੀ ਖਤਮ ਹੋ ਜਾਂਦਾ ਹੈ। ਪਰ ਆਪ ਲਿਖਦੇ ਹਨ ਕਿ ਦਸਵੇਂ ਪਾਤਸ਼ਾਹ ਨੇ, ਅਰਸ਼ਾਂ ਤੋਂ ਅਵਤਾਰ ਗੁਰੂ ਦਾ ਔਣਾ ਬੰਦ ਹੁੰਦਾ ਵੇਖ ਕੇ ਗੁਰਿਆਈ ਨੂੰ ਸ਼ਖਸੀ ਟਿਕਾਣੇ ਦੀ ਥਉ ਸੰਪ੍ਰਦਾਇ ਪੰਥ ਵਿਚ ਰੱਖ ਦਿੱਤਾ।"[10]

ਇਸੇ ਤਰ੍ਹਾਂ ਦੇ ਹੋਰ ਵਿਸ਼ਿਆਂ ਵਿਚ ਜਿਵੇਂ ਕਿ 'ਤਾਬਿਆ ਗੁਰੂ' 'ਪੰਜ ਪਿਆਰੇ ਗੁਰੂ', ਬਾਣੀ ਦੇ ਪਾਠ ਵਾਸਤੇ ਗੁਰੂ ਦੀ ਲੋੜ, ਆਦਿ ਹਨ।

"ਇਤਿਹਾਸਕ ਪੜਚੋਲ" (ਪ੍ਰਕਰਣ 3) ਸਿਰਲੇਖ ਅਧੀਨ ਸੌ ਸਾਖੀ, ਭਾਈ ਚੌਪਾ ਸਿੰਘ ਜੀ, ਭਾਈ ਪ੍ਰਹਿਲਾਦ ਸਿੰਘ ਜੀ, ਮਹਿਮਾ ਪ੍ਰਕਾਸ਼, ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼ ਆਦਿ ਵਿਸ਼ਿਆਂ ਨੂੰ ਲਿਆ ਗਿਆ ਹੈ।

ਦੋ ਤਖਤ (ਪ੍ਰਕਰਣ 4) ਸਿਰਲੇਖ ਅਧੀਨ, ਬਾਬੇ ਦਾ ਤਖਤ, ਸਤਿਗੁਰੂ ਰਾਮ ਸਿੰਘ ਜੀ, ਮੁਰਦੇ ਜਿੰਦਾ, ਨੁਕਤਾ ਨਿਗਾਹ ਆਦਿ ਵਿਸ਼ੇ ਹਨ।

ਦਸਮ ਪਾਤਸ਼ਾਹ ਦੇ ਪਿਛੋਂ (ਪ੍ਰਕਰਣ 5) ਸਿਰਲੇਖ ਅਧੀਨ ਗੁਰੂ ਬਾਲਕ ਸਿੰਘ ਜੀ ਦਾ ਜਨਮ, ਬਾਬਾ ਅਜਾਪਾਲ ਸਿੰਘ ਸਾਹਿਬ, ਮੁਕਦੀ ਗੱਲ ਏਹ, ਵਿਸ਼ੇ ਲਏ ਗਏ ਹਨ।

"ਭਾਈ ਸਾਹਿਬ ਦਾ ਬਿਆਨ" (ਪ੍ਰਕਰਣ 6) ਅਧੀਨ 'ਸਮਾਚਾਰ' ਦੇ ਸੰਪਾਦਕ ਨਾਲ ਨਾਮਧਾਰੀ ਸਮਾਜ ਦੇ ਸੰਤਾਂ ਵੱਲੋਂ ਕੀਤੇ ਗਏ ਪ੍ਰਸ਼ਨ ਉਤਰ ਪੇਸ਼ ਕੀਤੇ ਹਨ।

ਇਸ ਤਰ੍ਹਾਂ ਵਿਭਿੰਨ ਵਿਸ਼ਿਆਂ ਵਾਲੇ ਇਸ ਗ੍ਰੰਥ ਦੇ ਪਹਿਲੇ ਭਾਗ ਵਿਚ ਕੁੱਲ ਦਸ ਪ੍ਰਕਰਣ ਸ਼ਾਮਿਲ ਕੀਤੇ ਗਏ ਹਨ।

**ਗੁਰੂ ਪਦ ਪ੍ਰਕਾਸ਼ (ਭਾਗ ਦੂਜਾ):**

'ਗੁਰੂ ਪਦ ਪ੍ਰਕਾਸ਼' ਭਾਗ ਦੂਜਾ ਵਿਚ ਵੀ ਪਹਿਲੇ ਭਾਗ ਦੀ ਤਰ੍ਹਾਂ "ਖਾਲਸਾ ਸਮਾਚਾਰ" ਦੇ ਸੰਪਾਦਕ ਨਾਲ ਆਲਿਮ ਜੀ ਦੇ ਪ੍ਰਸ਼ਨ ਉਤਰ ਸ਼ਾਮਿਲ ਕੀਤੇ ਗਏ ਹਨ ਜਿਨ੍ਹਾਂ ਨੂੰ ਬਾਅਦ ਵਿਚ ਇਕੱਤਰ ਕਰਕੇ 'ਗੁਰੂ ਪਦ ਪ੍ਰਕਾਸ਼ ' ਦੇ ਨਾਂ ਹੇਠ ਛਪਵਾ ਦਿੱਤਾ ਗਿਆ। ਪੁਸਤਕ ਵਿਚ ਦਿੱਤੇ ਮੁੱਖ-ਬੰਧ ਵਿਚ ਲਿਖਿਆ ਹੈ:-

> "ਸੰਮਤ 1988 ਦੇ ਬਸੰਤ-ਅੰਕ ਵਿਚ ਮੇਰੇ ਮਿਤ੍ਰ ਸ੍ਰੀ ਆਲਿਮ ਜੀ ਦਾ ਲਿਖਿਆ ਲੇਖ "ਅਤਯੰਤ ਲੋੜੀਂਦਾ ਨਿਰਨਾ" ਨਾਮੀ ਪ੍ਰਕਾਸ਼ਤ ਕੀਤਾ ਸੀ। ਲੇਖ ਦਾ ਵਿਸ਼ਯ "ਦੇਹਧਾਰੀ ਗੁਰਗੱਦੀ ਦੀ

ਅਟੱਲਤਾ" ਸੀ। ਸ੍ਰੀਮਾਨ ਭਾਈ ਸੇਵਾ ਸਿੰਘ ਜੀ ਨੇ "ਖਾਲਸਾ ਸਮਾਚਾਰ" ਵਿਚ ਇਸ ਸੰਬੰਧੀ ਜਵਾਬੀ ਲੇਖ ਪ੍ਰਕਾਸ਼ਣੇ ਸ਼ੁਰੂ ਕੀਤੇ ਜਿਨ੍ਹਾਂ ਦਾ ਜਵਾਬ ਸ੍ਰੀ ਆਲਿਮ ਜੀ ਨਾਲੋ-ਨਾਲ 'ਸਤਿਜੁਗ' ਵਿਚ ਦਿੰਦੇ ਰਹੇ। ਓਹਨਾਂ ਸਾਰੇ ਲੇਖਾਂ ਨੂੰ ਮੈਨੇਜਰ 'ਸਤਿਜੁਗ' ਸ੍ਰੀ ਭੈਣੀ ਸਾਹਿਬ ਨੇ ਇਕੱਠੇ ਕਰਕੇ 'ਗੁਰੂ ਪਦ ਪ੍ਰਕਾਸ਼' ਦੇ ਨਾਮ ਹੇਠ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਤ ਕਰ ਦਿੱਤਾ। ਉਤ੍ਰ ਵਿਚ ਭਾਈ ਸੇਵਾ ਸਿੰਘ ਜੀ ਨੇ 10-10-1934 ਨੂੰ 'ਗੁਰੂ ਪਦ ਨਿਰਣਯ' ਨਾਮੀ ਟ੍ਰੈਕਟ ਪ੍ਰਕਾਸ਼ਤ ਕੀਤਾ ਜਿਸਦੇ ਉਤ੍ਰ ਵਿਚ ਸ੍ਰੀ ਆਲਿਮ ਜੀ ਵੱਲੋਂ "ਗੁਰੂ ਪਦ ਪ੍ਰਕਾਸ਼" ਦਾ ਦੂਜਾ ਹਿੱਸਾ ਪ੍ਰਕਾਸ਼ਤ ਕਰ ਰਹੇ ਹਾਂ।"[11]

ਉਪਰੋਕਤ ਸਤਰਾਂ ਗੁਰੂ ਪਦ ਪ੍ਰਕਾਸ਼ ਦੇ ਲੇਖਾਂ ਦੇ ਵਿਸ਼ਿਆਂ ਨੂੰ ਪ੍ਰਗਟਾਉਂਦੀਆਂ ਹਨ, ਇਸ ਦਾ ਆਰੰਭ ਹੀ "ਜਵਾਬ ਵਿਚ ਦੇਰ" ਸਿਰਲੇਖ ਹੇਠ ਦਰਜ ਲੇਖ ਤੋਂ ਕੀਤਾ ਗਿਆ ਹੈ। ਜਿਸ ਵਿਚ ਦੱਸਿਆ ਗਿਆ ਹੈ ਕਿ 'ਸਰਬ ਸੰਪ੍ਰਦਾਇ ਕਮੇਟੀ' ਦੇ ਕਹਿਣ ਤੇ 'ਗੁਰੂ ਪਦ ਪ੍ਰਕਾਸ਼' ਦੀ ਪ੍ਰਕਾਸ਼ਨਾ ਬੰਦ ਕੀਤੀ ਇਸ ਸ਼ਰਤ ਤੇ ਕਿ 'ਗੁਰੂ ਪਦ ਨਿਰਣਯ' (ਪ੍ਰਕਾਸ਼ਕ ਖਾਲਸਾ ਸਮਾਚਾਰ ਅੰਮ੍ਰਿਤਸਰ, ਸਾਲ 21 ਅੱਸੂ ਸੰਮਤ 1989) ਦੀ ਪ੍ਰਕਾਸ਼ਨਾ ਵੀ ਬੰਦ ਕੀਤੀ ਜਾਵੇ। ਗੁਰੂ ਪਦ ਪ੍ਰਕਾਸ਼ ਦੀ ਪ੍ਰਕਾਸ਼ਨਾ ਤਾਂ ਬੰਦ ਕਰ ਦਿੱਤੀ ਪਰ ਗੁਰੂ ਪਦ ਨਿਰਣਯ ਸੰਬੰਧੀ ਇਸ਼ਤਿਹਾਰਬਾਜ਼ੀ ਬੰਦ ਨਾ ਹੋਈ। ਨਤੀਜੇ ਵਜੋਂ ਨਾਮਧਾਰੀ ਸਮਾਜ ਅਤੇ ਸੰਤ ਆਲਿਮ ਜੀ ਵੱਲੋਂ ਮੁੜ ਤੋਂ ਲੇਖ ਪ੍ਰਕਾਸ਼ਤ ਹੋਣੇ ਸ਼ੁਰੂ ਹੋ ਗਏ।

ਇਸ ਤੋਂ ਬਾਅਦ "ਸ੍ਰੀ ਗੁਰੂ ਗਰੰਥ ਤੇ ਨਾਮਧਾਰੀ" ਸਿਰਲੇਖ ਹੇਠ ਨਾਮਧਾਰੀ ਸਮਾਜ ਵਿਚ ਗੁਰੂ ਗਰੰਥ ਸਾਹਿਬ ਦੀ ਮਹੱਤਤਾ ਬਾਰੇ ਲਿਖਿਆ ਗਿਆ ਹੈਃ-

"ਜਿਥੋਂ ਤੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ ਅਤੇ ਸਤਿਕਾਰ ਦਾ ਸੁਆਲ ਹੈ, ਨਾਮਧਾਰੀ ਪੰਥ ਨਾਲੋਂ ਕੋਈ ਸੰਪ੍ਰਦਾਇ ਬਹੁਤਾ ਨਹੀਂ

> ਕਰਦਾ। ਸ੍ਰੀ 108 ਹਜ਼ੂਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਜ ਵੀ ਗੁਰਬਾਣੀ ਦੇ ਸਤਿਕਾਰ ਵਿਚ ਕੋਈ ਟੋਟਾ ਨਹੀਂ ਬ੍ਰਦਾਸ਼ਤ ਕਰ ਸਕਦੇ ਕੋਈ ਨਾਮਧਾਰੀ ਅਸ਼ਨਾਨ ਕੀਤੇ ਬਿਨ੍ਹਾਂ ਦਰਬਾਰ ਸਾਹਿਬ ਦੀ ਤਾਬੇ ਨਹੀਂ ਬੈਠ ਸਕਦਾ। ਅਖੰਡ ਪਾਠ ਦੀ ਮਰਯਾਦਾ ਬੜੀ ਕਠਿਨ ਹੈ ਜਿੰਨੀ ਵਾਰ ਹਜੂਰ ਜਾਓ ਸਣਕੇਸੀਂ ਅਸ਼ਨਾਨ ਕਰਕੇ ਜਾਓ। ਏਹ ਸਤਿਗੁਰਾਂ ਦਾ ਤਾਕੀਦੀ ਹੁਕਮ ਹੈ। ਅਜੇਹਾ ਕਿਸੇ ਵਿਖਾਵੇ ਲਈ ਨਹੀਂ ਸਗੋਂ ਧਰਮ ਸਮਝ ਕੇ ਅਮੂਲਨ ਕੀਤਾ ਜਾਂਦਾ ਹੈ। ਨਾਮਧਾਰੀ ਪੰਥ ਆਪਣੀ ਕੋਈ ਵੀ ਮਰਯਾਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭੋਗ ਪਾਏ ਬਿਨਾਂ ਸੰਪੂਰਨ ਨਹੀਂ ਕਰਦਾ ਅਤੇ ਨਾ ਹੀ ਗੁਰੂ ਬਾਣੀ ਤੋਂ ਕਿਸੇ ਹੋਰ ਨੂੰ ਆਪਣੀ 'ਧਰਮ ਪੁਸਤਕ' ਅਤੇ ਇਸ਼ਟ ਮੰਨਦਾ ਹੈ। ਹਾਂ ਏਹ ਸੱਚ ਹੈ ਕਿ ਨਾਮਧਾਰੀ ਪੰਥ 'ਗ੍ਰੰਥ' ਨੂੰ 'ਗੁਰੂ' ਨਹੀਂ ਮੰਨਦਾ।"[12]

ਇਸ ਤੋਂ ਅਗਲੇ ਵਿਸ਼ਿਆਂ ਵਿਚ 'ਭਾਈ ਸਾਹਿਬ ਭਾਈ ਵੀਰ ਸਿੰਘ ਜੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਿੱਖੀ ਆਦਰਸ਼ ਅਤੇ ਉਸਦੇ ਦੋ ਰੁਕਨ, ਇਤਿਹਾਸਕ ਪੜਚੋਲ, ਨਾਮਧਾਰੀ ਸਾਹਿੱਤਯ, ਅੰਨਮਤੀ ਉਗਾਹੀਆਂ ਦੀ ਪੜਤਾਲ, ਗੁਰੂ ਪਦ ਦੀ ਖੁਸੂਸੀਯਤ, ਬਾਬੇ ਕੇ ਤੇ ਬਾਬਰ ਕੇ, ਨੰਦ ਲਾਲ ਬਾਬਤ, ਬਾਬਾ ਅਜਾਪਾਲ ਸਿੰਘ ਜੀ, ਪ੍ਰਿੰਸੀਪਲ, ਪ੍ਰੋਫੈਸਰ ਅਤੇ ਵਿਦਯਾਰਥੀ, ਗੁਪਤ ਗੁਰੂ ਅਤੇ ਪਿਤਾ ਜੀ, ਆਦਿ ਵਿਸ਼ਿਆਂ ਬਾਰੇ ਚਰਚਾ ਹੈ।

**ਗੁਰੂ ਪਦ ਪ੍ਰਕਾਸ਼ (ਭਾਗ ਤੀਸਰਾ):**

ਗੁਰੂ ਪਦ ਪ੍ਰਕਾਸ਼ (ਭਾਗ ਤੀਸਰਾ) ਦੇ ਆਰੰਭ ਵਿਚ ਲੇਖਕ ਵਲੋਂ ਜੋ 'ਨਿਵੇਦਨ' ਸਿਰਲੇਖ ਹੇਠ ਵਿਚਾਰ ਦਿੱਤੇ ਗਏ ਹਨ ਉਹ ਗੁਰੂ ਪਦ ਪ੍ਰਕਾਸ਼ ਨੂੰ ਸਮਝਣ ਲਈ ਕਾਫੀ ਹਨ ਅਤੇ ਇਸ ਦੇ ਵਿਸ਼ਿਆਂ ਤੇ ਵੀ ਡੂੰਘੀ ਜਾਣਕਾਰੀ ਦਿੰਦੇ ਹਨ :-

"ਗੁਰੂ ਪਦ ਪ੍ਰਕਾਸ਼" ਹਿੱਸਾ 2 ਦੇ ਜਵਾਬ ਵਿਚ "ਗੁਰੂ ਪਦ ਨਿਰਨਾ" ਹਿੱਸਾ 2 ਪ੍ਰਕਾਸ਼ਤ ਹੋਇਆ। ਪਾਠਕ ਦੋਹਾਂ ਪੁਸਤਕਾਂ ਨੂੰ ਆਹਮੋ ਸਾਹਮਣੇ ਰੱਖ ਕੇ ਇਸ ਨਤੀਜੇ ਤੇ ਪਹੁੰਚਣਗੇ ਕਿ ਸ੍ਰੀ

ਮਾਨ ਭਾਈ ਸੇਵਾ ਜੀ ਨੇ ਆਪਣੀ ਪੁਸਤਕ ਦੇ ਇਸ ਹਿੱਸੇ ਵਿਚ ਸਾਡੀ ਪੁਸਤਕ ਦੇ ਪ੍ਰਮਾਣਾਂ ਅਤੇ ਦਲੀਲਾਂ ਦਾ ਕੋਈ ਅਜਿਹਾ ਉਤ੍ਰ ਨਹੀਂ ਦਿੱਤਾ, ਜਿਸ ਤੇ ਕੋਈ ਨਿਰਪੱਖ ਸੱਜਣ ਉਨ੍ਹਾਂ ਨੂੰ ਮੁਬਾਰਕਬਾਦ ਦੇ ਸਕੇ ਸਾਡੇ ਏਹਨਾਂ ਦਾਹਵਿਆਂ ਦਾ ਆਪ ਅਜੇ ਤਕ ਖੰਡਨ ਨਹੀਂ ਕਰ ਸਕੇ ਕਿ : (1) ਦੇਹਧਾਰੀ ਗੁਰੂ ਤੋਂ ਬਿਨ੍ਹਾਂ ਮਨੁੱਖ ਦਾ ਉਧਾਰ ਨਹੀਂ ਹੋ ਸਕਦਾ। (2) ਗੁਰੂ ਬਾਣੀ ਅੰਕਿਤ 'ਗੁਰੂ' ਪਦ ਲੱਖਣ ਮਾਨਸ ਮੂਰਤ ਮਹਾਪੁਰਖ ਵਿਚ ਹੀ ਘਟ ਸਕਦੇ ਹਨ। (3) ਗੁਰਬਾਣੀ ਅੰਕਿਤ 'ਗੁਰੂ' ਪਦ ਦੇ ਲੱਖਣ ਕਿਸੇ ਪੁਸਤਕ ਨੁਮਾਯ ਗ੍ਰੰਥ ਤੇ ਨਹੀਂ ਘਟ ਸਕਦੇ, (4) ਦਸਮ ਪਾਤਸ਼ਾਹ ਸੰਮਤ 1765 ਬਿਕਰਮੀ ਨੂੰ ਨੰਦੇੜ (ਹਜ਼ੂਰ ਸਾਹਿਬ) ਵਿਖੇ ਜੋਤੀ ਜੋਤ ਨਹੀਂ ਸਮਾਏ, 5) ਹਜ਼ੂਰ ਸਾਹਿਬ ਤੋਂ ਗੁਪਤ ਹੋਣ ਦੇ ਸਮੇਂ ਉਹਨਾਂ ਕੋਲ ਗੁਰੂ ਗ੍ਰੰਥ ਸਾਹਿਬ ਦੀ ਕੋਈ ਬੀੜ ਨਹੀਂ ਸੀ, 6) ਦਸਮ ਪਾਤਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਨਹੀਂ ਦਿੱਤੀ, 7) ਆਗਯਾ ਭਈ ਅਕਾਲ ਕੀ ਤਬੀ ਚਲਾਇਓ ਪੰਥ' ਵਾਲੇ ਦੋਹਰੇ ਸ੍ਰੀ ਗੁਰੂ ਕਲਗੀਧਰ ਜੀ ਦੇ ਉਚਾਰਨ ਕੀਤੇ ਨਹੀਂ ਸਨ। 8) ਪੰਜ ਪਿਆਰੇ : ਗੁਰੂ ਜੀ ਦੇ ਪਿਆਰੇ ਸਿਖ ਸਨ ਪਰ ਗੁਰੂ ਨਹੀਂ ਸਨ, 9) ਗੁਰ ਬਾਲਕ ਸਿੰਘ ਜੀ ਅਤੇ ਸਤਿਗੁਰੂ ਰਾਮ ਸਿੰਘ ਜੀ ਨੂੰ 'ਗੁਰੂ' ਮੰਨਣ ਨਾਲ – 'ਗੁਰਬਾਣੀ' ਦੀ ਸ਼ਾਨ ਵਿਚ ਘਾਟਾ ਨਹੀਂ ਸਗੋਂ ਵਾਧਾ ਹੁੰਦਾ ਹੈ।"[13]

'ਗੁਰੂ ਪਦ ਪ੍ਰਕਾਸ਼' ਦੇ ਆਰੰਭ "ਪੂਰਬ ਪੱਖ" ਸਿਰਲੇਖ ਹੇਠ ਗੁਰੂ ਪਦ ਪ੍ਰਕਾਸ਼ ਦੇ ਪਹਿਲੇ ਦੋ ਹਿੱਸਿਆਂ ਵਿਚ ਜਿਨ੍ਹਾਂ ਗੱਲਾਂ ਤੇ ਚਰਚਾ ਕੀਤੀ ਗਈ ਹੈ, ਉਨ੍ਹਾਂ ਨੂੰ ਸੰਖੇਪ ਵਿਚ ਪੇਸ਼ ਕੀਤਾ ਗਿਆ ਹੈ।

"1. ਜਗਿਆਸੂ ਲਈ ਦੇਹਧਾਰੀ ਗੁਰੂ ਦੀ ਚਰਨ ਸ਼ਰਨ ਹੋਣਾ ਪਰਮ ਜ਼ਰੂਰੀ ਹੈ।

2. ਗੁਰੂ ਪਦ ਦਾ ਲੱਖਣ ਮਾਨਸ ਮੂਰਤ ਮਹਾਪੁਰਖ ਤੇ ਹੀ ਘਟ ਸਕਦਾ ਹੈ।

3. ਗੁਰੂ ਪਦ ਦਾ ਲੱਖਣ ਕਿਸੇ ਪੁਸਤਕ ਯਾ ਗ੍ਰੰਥ ਤੇ ਨਹੀਂ ਘਟ ਸਕਦਾ।

4. ਗੁਰੂ ਨਾਨਕ ਦੇਵ ਦੇ ਸਮੇਂ ਤੋਂ ਪਹਿਲੋਂ ਹੀ ਗੁਰਬਾਣੀ ਮੌਜੂਦ ਸੀ।

5. ਗੁਰੂ ਦੀ ਪੀੜ੍ਹੀ ਜੁਗੋ ਜੁਗ ਅਟਲ ਹੈ।

6. ਸ੍ਰੀ ਗੁਰੂ ਗੋਬਿੰਦ ਸਿੰਘ ਨੰਦੇੜ (ਹਜ਼ੂਰ ਸਾਹਿਬ) ਵਿਖੇ ਜੋਤੀ ਜੋਤ ਨਹੀਂ ਸਮਾਏ ਸਨ।

7. ਆਪਣੇ ਪਾਸ ਹਜ਼ੂਰ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਕੋਈ ਬੀੜ ਮੌਜੂਦ ਨਹੀਂ ਸੀ।

8. 'ਆਗਯਾ ਭਈ ਅਕਾਲ' ਵਾਲੇ ਦੋਹਰੇ ਗੁਰੂ ਜੀ ਦੀ ਕ੍ਰਿਤ ਨਹੀਂ ਹਨ।

9. ਪੰਥ ਗੁਰੂ ਨਹੀਂ, ਸਗੋਂ ਗੁਰੂ ਦੀ ਸਿਖੀ ਹੈ।

10. ਪੰਜ ਪਿਆਰੇ ਗੁਰੂ ਨਹੀਂ, ਹਾਂ, ਗੁਰੂ ਦੁਆਰਾ ਸਤਿਕਾਰੇ ਹੋਏ ਪੰਜ ਬੀਰ ਹਨ।"[14]

ਇਸ ਤੋਂ ਅੱਗੇ ਇਨ੍ਹਾਂ ਦੀ ਵਿਸਤ੍ਰਿਤ ਵਿਆਖਿਆ ਕੀਤੀ ਗਈ ਹੈ।

ਅਗਲੇ ਪੰਨਿਆਂ ਦੇ 'ਉੱਤ੍ਰ ਪੱਖ' ਵਿਚ 'ਗੁਰੂ ਪਦ ਨਿਰਣਯ' ਪੁਸਤਕ ਬਾਰੇ ਲਿਖਿਆ ਗਿਆ ਹੈ ਕਿ ਇਸ ਵਿਚ ਕਿਹੜੇ ਵਿਸ਼ੇ ਤੇ ਗੱਲਾਂ ਜਾਂ ਸਾਰ ਮੁੱਖ ਤੌਰ ਤੇ ਉੱਭਰ ਕੇ ਸਾਹਮਣੇ ਆਏ ਹਨ:

"1. ਗੁਰਬਾਣੀ ਗੁਰੂ ਹੈ।

2. ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮੌਣ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਥਾਪਿਆ।

3. ਪੰਥ ਨੂੰ ਸ੍ਰੀ ਗੁਰੂ ਗਰੰਥ ਦੀ ਤਾਬਿਆ ਗੁਰੂ ਥਾਪਿਆ।

4. ਪੰਜ ਪਿਆਰੇ ਗੁਰੂ ਥਾਪੇ।

5. ਦਸਮ ਪਾਤਸ਼ਾਹ ਤੋਂ ਪਿਛੋਂ ਕੋਈ ਸ਼ਖ਼ਸੀਅਤ ਗੁਰੂ ਨਹੀਂ ਹੋ ਸਕਦੀ।"[15]

ਇਸ ਤੋਂ ਬਾਅਦ ਇਨ੍ਹਾਂ ਮੁੱਖ ਸਿਰਲੇਖਾਂ ਦੀ ਖੁੱਲ੍ਹ ਕੇ ਵਿਆਖਿਆ ਕੀਤੀ ਗਈ ਹੈ।

ਇਸ ਤੋਂ ਅੱਗੇ ਜਿਨ੍ਹਾਂ ਵਿਸ਼ਿਆਂ ਨੂੰ ਅਧਾਰ ਬਣਾਇਆ ਗਿਆ ਹੈ। ਉਨ੍ਹਾਂ ਵਿਚ ਵਧੀਕ ਬਹਿਸ ਦਾ ਮਜ਼ਮੂਨ, ਭਾਈ ਸਾਹਿਬ ਦੇ ਰੁਕਨ, ਗੁਰਿਆਈ ਵਾਲੀ ਬੀੜ, ਪਰਤੱਖ ਗੁਰੂ, ਪੰਜ ਤਰ੍ਹਾਂ ਲਿਖਤਾਂ ਆਦਿ ਹਨ, ਜਿਨ੍ਹਾਂ ਦੇ ਅਧੀਨ ਭਾਈ ਨੰਦ ਲਾਲ, ਭਾਈ ਚਉਪਾ ਸਿੰਘ ਤੇ ਭਾਈ ਪ੍ਰਹਿਲਾਦ ਦੇ ਰਹਿਤਨਾਮਿਆਂ, ਭਾਈ ਕਾਨ੍ਹ ਸਿੰਘ ਨਾਭਾ, ਸਰਬਲੋਹ ਬਾਰੇ ਸੰਖੇਪ ਵਿਚ ਚਾਨਣਾ ਪਾਇਆ ਗਿਆ ਹੈ।

ਗੁਰੂ ਪਦ ਪ੍ਰਕਾਸ਼ ਦੇ ਅਖੀਰ ਵਿਚ:

"ਬਾਬਾ ਅਜਾਪਾਲ ਸਿੰਘ ਜੀ ਦੇ ਦਸਮ ਪਾਤਸ਼ਾਹ ਹੋਣ ਬਾਬਤ ਅਕਟ ਸਬੂਤ" ਸਿਰਲੇਖ ਹੇਠ ਸ੍ਰੀ ਗੋਬਿੰਦ ਸਿੰਘ ਜੀ ਦੇ ਜ਼ਖ਼ਮੀ ਹੋਣ ਬਾਰੇ ਲਿਖਿਆ ਹੈ।

ਪੁਸਤਕ ਦੇ ਆਖਰੀ ਪੰਨੇ ਤੇ "ਅੰਤ੍ਰਿਮ ਬੇਨਤੀ" ਹੇਠ ਖਾਲਸਾ ਸਮਾਚਾਰ ਦੇ ਸੰਪਾਦਕ ਅਤੇ ਸੰਤ ਜੀ ਵਲੋਂ ਇਸ ਬਹਿਸ ਨੂੰ ਬੰਦ ਕਰਨ ਦੀ ਬੇਨਤੀ ਇਸ ਪ੍ਰਕਾਰ ਕੀਤੀ ਗਈ ਹੈ।

"ਸ੍ਰੀ ਮਾਨ ਸ੍ਰਦਾਰ ਸੇਵਾ ਸਿੰਘ ਜੀ ਐਡੀਟਰ ਖਾਲਸਾ ਸਮਾਚਾਰ 6 ਮਾਘ 1990 ਈ. (ਸੰਮਤ 2046) ਦੇ ਖਾਲਸਾ ਸਮਾਚਾਰ ਵਿਚ ਬਹਿਸ ਨੂੰ ਸਮਾਪਤ ਕਰਨ ਲੱਗੇ ਲਿਖਦੇ ਹਨ, ਕਿ ਉਨ੍ਹਾਂ ਨੇ ਆਪਣੇ ਪੱਖ ਨੂੰ ਸਿੱਧ ਕਰ ਦਿੱਤਾ ਹੈ, ਪਰ ਅਸੀਂ ਨਹੀਂ ਸਿੱਧ ਕਰ ਸਕੇ। ਏਸ ਗੱਲ ਦਾ ਫੈਸਲਾ ਅਸੀਂ ਨਿਰਪੱਖ ਪਾਠਕਾਂ ਉਤੇ ਛੱਡਦੇ ਹੋਏ ਉਨ੍ਹਾਂ ਦੀ ਸੇਵਾ ਵਿਚ ਅਰਜ ਕਰਦੇ ਹਾਂ ਕਿ ਉਹ ਬਹਿਸ ਦੇ ਦੋਹਾਂ ਪਹਿਲੂਆਂ ਨੂੰ ਵਿਚਾਰ ਪੂਰਵਕ ਪੜ੍ਹਨ। ਗੁਰੂ ਪਦ ਪ੍ਰਕਾਸ਼ ਵੀ ਆਦਿ ਤੋਂ ਅੰਤ ਤੱਕ ਪੜ੍ਹਨ ਅਤੇ ਖਾਲਸਾ ਸਮਾਚਾਰ ਦੇ ਲੇਖਾਂ ਨੂੰ ਵੀ ਗਹੁ ਨਾਲ ਵਿਚਾਰਨ, ਉਪਰੰਤ ਉਹ ਜਿਸ ਨਤੀਜੇ ਤੇ ਪੁੱਜਣ ਇਮਾਨਦਾਰੀ ਨਾਲ ਉਸਨੂੰ ਪ੍ਰੈਸ ਦੁਆਰਾ ਯਾ ਆਪਣੇ ਕਿਸੇ ਦਿਲ ਪਸੰਦ ਤਰੀਕੇ ਨਾਲ ਪ੍ਰਗਟ ਕਰਨ ਤਾਂ ਕਿ ਅਸੀਂ ਦੋਵੇਂ ਧਿਰਾਂ ਹੀ ਆਪਣੇ ਮੂੰਹੋਂ ਮੀਆਂ ਮਿੱਠੂ ਬਣਨ ਦੀ ਖੇਚਲ ਤੋਂ ਬਚ ਰਹੀਏ।

ਦੂਜੀ ਗੱਲ ਜੋ ਅੰਤ ਵਿਚ ਸਮਾਚਾਰ ਦੇ ਐਡੀਟਰ ਸਾਹਿਬ ਨੇ ਲਿਖੀ ਹੈ ਕਿ ਦੋਹਾਂ ਧਿਰਾਂ ਦਾ ਸਾਰਾ ਮਸਾਲਾ ਸਾਹਮਣੇ ਆ ਚੁੱਕਾ ਹੈ, ਅਸੀਂ ਇਸ ਨਾਲ ਏਸ ਹੱਦ ਤਕ ਤਾਂ ਸਹਿਮਤ ਹੋ ਸਕਦੇ ਹਾਂ ਕਿ ਆਪਣੇ ਲਿਖੇ ਅਨੁਸਾਰ ਆਪਣਾ ਸਾਰਾ ਮਸਾਲਾ ਮੁੱਕ ਚੁੱਕਾ ਹੋਵੇਗਾ, ਪ੍ਰੰਤੂ ਏਸ ਗੱਲ ਨਾਲ ਸਾਡਾ ਇਤਫਾਕ ਨਹੀਂ ਹੈ, ਕਿ ਸਾਡੇ ਦਾਣੇ ਵੀ ਮੁੱਕ ਚੁੱਕੇ ਹਨ। ਸਜਨੋ! ਅਸਾਂ ਤਾਂ ਆਪਣੇ ਸਾਹਮਣੇ ਪ੍ਰਤੱਖ ਸਤਿਗੁਰੂ ਜੀ ਦੀ ਕ੍ਰਿਪਾ ਦੁਆਰਾ ਹੁਣ ਤਕ ਜੋ ਕੁਝ ਪ੍ਰਗਟ ਕੀਤਾ ਹੈ, ਉਹ ਸਮੁੰਦਰ ਵਿਚ ਬੂੰਦ ਅਤੇ ਖਲਵਾੜੇ ਵਿਚੋਂ ਇਕ ਮੁੱਠੀ ਬਰਾਬਰ ਹੈ। ਜੇ ਲੋੜ ਪਈ ਤਾਂ ਹੋਰ ਵੀ ਬਹੁਤ ਕੁਝ ਸਾਧ ਸੰਗਤ ਦੀ ਭੇਟਾ ਕੀਤਾ ਜਾ ਸਕੇਗਾ। ਦੂਸਰੇ ਏਹ ਗੱਲ ਯਾਦ ਰਹੇ ਕਿ ਇਸ ਪੁਸਤਕ ਵਿਚ ਜੋ ਕੁਝ ਵੀ ਲਿਖਿਆ ਗਿਆ ਹੈ, ਸੱਤਿ ਅਸੱਤਿ ਦੇ ਨਿਰਨੇ ਨੂੰ ਮੁੱਖ ਰੱਖ ਕੇ ਲਿਖਿਆ ਗਿਆ

ਹੈ ਨਾ ਕਿਸੇ ਹੱਠ ਯਾ ਪਖਪਾਤ ਨੂੰ ਸਾਹਮਣੇ ਰੱਖ ਕੇ, ਏਸ ਲਈ ਆਸ਼ਾ ਹੈ ਕਿ ਪਾਠਕ ਜਨ, ਇਸ ਨੂੰ ਚੰਗੀ ਤ੍ਰਾਂ ਵਿਚਾਰ ਕੇ ਬਹੁਤ ਸਾਰਾ ਲਾਭ ਪ੍ਰਾਪਤ ਕਰਨਗੇ ਅੰਤ ਵਿਚ ਮੈਂ ਸ੍ਰੀ ਮਾਨ ਸੰਤ ਬਲਵੰਤ ਸਿੰਘ ਜੀ ਐਡੀਟਰ 'ਸਤਿਜੁਗ' ਤੇ ਉਨ੍ਹਾਂ ਦੇ ਸਾਰੇ ਸਟਾਫ ਦਾ ਧਨਵਾਦ ਕਰਕੇ ਸਮਾਪਤ ਕਰਦਾ ਹਾਂ ਜਿਨ੍ਹਾਂ ਨੇ ਸਾਧ ਸੰਗਤ ਦੀ ਪ੍ਰਬਲ ਇੱਛਯਾ ਨੂੰ ਮੁਖ ਰਖਕੇ ਜਗਤ ਦੇ ਲਾਭ ਅਰਥ ਏਸ ਲੜੀਂਦੀ ਲੇਖਮਾਲਾ ਨੂੰ ਪੁਸਤਕ ਰੂਪ ਵਿਚ ਪ੍ਰਕਾਸ਼ਤ ਕਰਕੇ ਭਾਰੀ ਉਪਕਾਰ ਕੀਤਾ ਹੈ।

"ਸ੍ਰੀ ਮਾਨ ਪੰਥ ਭੂਸ਼ਨ ਸ੍ਰਦਾਰ ਸਾਹਿਬ ਸ੍ਰਦਾਰ ਆਤਮਾ ਸਿੰਘ ਜੀ ਸਪੁਤ੍ਰ ਰਾਏ ਬਹਾਦਰ ਸ੍ਰਦਾਰ ਬੂਟਾ ਸਿੰਘ ਸਾਹਿਬ (ਪ੍ਰਲੋਕ ਵਾਸੀ) ਰਾਵਲਪਿੰਡ ਦਾ ਏਹ ਉੱਦਮ ਵੀ ਸ਼ਲਾਘਾਯੋਗ ਅਤੇ ਪੈਰਵੀ ਕਰਨ ਯੋਗ ਹੈ, ਜਿਨ੍ਹਾਂ ਨੇ ਬੜੀ ਉਤਕੰਠਾ ਨਾਲ 1000 ਪੁਸਤਕ ਆਪਣੇ ਪੱਲਿਓਂ ਛਪਵਾ ਕੇ ਆਪਣੇ ਪੰਥਕ ਹਿਤ ਦਾ ਪ੍ਰਚਿਯ ਦਿੱਤਾ।"[16]

**ਸਿੱਖ ਧਰਮ ਤੇ ਮਾਸ** :

"ਸਿੱਖ ਧਰਮ ਤੇ ਮਾਸ" ਸੰਤ ਨਿਧਾਨ ਸਿੰਘ ਆਲਿਮ ਜੀ ਦੁਆਰਾ ਲਿਖੀ ਗਈ ਦੂਜੀ ਮਹੱਤਵਪੂਰਨ ਪੁਸਤਕ ਹੈ। ਇਸ ਪੁਸਤਕ ਵਿਚ ਵਿਦਵਾਨ ਲਿਖਾਰੀ ਨੇ ਸਿੱਖ ਧਰਮ ਦੇ ਧਾਰਮਕ ਤੇ ਇਤਿਹਾਸਕ ਗ੍ਰੰਥਾਂ ਦੇ ਹਵਾਲਿਆਂ ਨਾਲ ਸਿੱਧ ਕਰ ਦਿੱਤਾ ਹੈ ਕਿ ਸਿੱਖ ਧਰਮ ਵਿਚ ਸਿੱਖਾਂ ਨੂੰ ਮਾਸ ਖਾਣਾ ਵਿਵਰਜਿਤ ਹੈ ਚਾਹੇ ਉਹ ਝਟਕਾ ਹੋਵੇ ਜਾਂ ਕੁੱਠਾ। ਸਿੱਖ ਧਰਮ ਦੇ ਗ੍ਰੰਥਾਂ ਤੋਂ ਬਿਨਾਂ ਲਿਖਾਰੀ ਨੇ ਬੁੱਧ ਮੱਤ, ਜੈਨ ਮੱਤ ਇਸਲਾਮ ਅਤੇ ਹਿੰਦੂ ਗ੍ਰੰਥਾਂ ਦੇ ਹਵਾਲੇ ਦੇ ਕੇ ਸਿੱਧ ਕੀਤਾ ਕਿ ਮਾਸ ਇਨਸਾਨੀ ਭੋਜਨ ਨਹੀਂ ਹੈ।

ਇਹ ਪੁਸਤਕ ਆਪਣੇ 126 ਪੰਨਿਆਂ ਉਤੇ ਬਹੁਤ ਸਾਰੀ ਸਾਮੱਗਰੀ ਸਮੋਈ ਬੈਠੀ ਹੈ। ਇਸ ਦੀ ਪ੍ਰਕਾਸ਼ਨਾ 1984 ਈ. ਵਿਚ ਕੀਤੀ ਗਈ ਹੈ।

ਪੁਸਤਕ ਦਾ ਆਰੰਭ ਤੁਰੰਤ ਹੀ ਓਪਰੋਕਤ ਵਿਸ਼ੇ ਤੋਂ ਹੋ ਜਾਂਦਾ ਹੈ:

> "ਸਿੱਖ ਧਰਮ ਵਿਚ ਮਾਸ ਖਾਣ ਦੀ ਖੁੱਲ੍ਹ ਹੈ ਕਿ ਮਨਾਹੀ? ਇਸ ਵਿਸ਼ੇ ਬਾਰੇ ਕਾਫੀ ਮਤਭੇਦ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ

> ਮੰਨਣ ਵਾਲੀਆਂ ਉਦਾਸੀ, ਨਿਰਮਲੇ, ਨਾਮਧਾਰੀ, ਸਨਾਤਨੀ ਸਿੱਖ ਅਤੇ ਸੇਵਾ ਪੰਥੀ ਆਦਿ ਸੰਪ੍ਰਦਾਵਾਂ ਮਾਸਾਹਾਰ ਨੂੰ ਗੁਰੂ ਮੱਤ ਦੇ ਵਿਰੁੱਧ ਸਮਝਦੀਆਂ ਹੋਈਆਂ ਇਸ ਗੱਲ ਦੀਆਂ ਪਰਚਾਰਕ ਹਨ ਕਿ ਗੁਰੂ ਘਰ ਵਿਚ ਮਾਸ ਖਾਣ ਦੀ ਕੇਵਲ ਨਿਖੇਧੀ ਹੀ ਨਹੀਂ ਸਗੋਂ ਇਸ ਦਾ ਖਾਣਾ ਪਾਪ ਅਰ ਉਸਦਾ ਫਲ ਨਰਕ ਮੰਨਿਆ ਗਿਆ ਹੈ।"[17]

ਇਸੇ ਤਰ੍ਹਾਂ ਪੁਸਤਕ ਦੀ 'ਭੂਮਿਕਾ' ਵਿਚ ਕ੍ਰਿਪਾਲ ਸਿੰਘ ਨਾਰੰਗ (ਸਾਬਕਾ ਵਾਈਸ-ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ) ਲਿਖਦੇ ਹਨ:

> "ਇਸ ਪੱਖੋਂ ਮੈਂ ਇਕ ਉਦਾਹਰਣ ਪੇਸ਼ ਕਰਦਾ ਹਾਂ ਕਿ ਸੁੱਘੜ ਤੇ ਸੁਚੱਜਾ ਸੰਗੀਤਕਾਰ ਆਪਣੇ ਗਲੇ ਦੀ ਹਿਫਾਜਤ ਲਈ ਕਈ ਤਰ੍ਹਾਂ ਦੇ ਪਦਾਰਥਾਂ ਦਾ ਤਿਆਗ ਕਰ ਦਿੰਦਾ ਹੈ। ਉਸੇ ਤਰ੍ਹਾਂ ਆਪਣੀ ਆਤਮਾ ਦਾ ਪ੍ਰਮਾਤਮਾ ਨਾਲ ਮਿਲਾਪ ਕਰਨ ਦਾ ਸੱਚਾ ਅਨੁਰਾਗੀ ਆਪਣੀ ਖੁਰਾਕ ਵਿਚੋਂ ਅਮੱਖ ਜਾਂ ਅਭੱਖ ਭੋਜਨ, ਖਾਰਜ ਕਰ ਦਿੰਦਾ ਹੈ। ਉਸ ਨੂੰ ਨਾਮ ਦੀ ਕਮਾਈ ਜਾਂ ਸੁਰਤਿ ਸ਼ਬਦ ਦਾ ਅਭਿਆਸ ਕਰਨ ਵਿਚ ਸਫ਼ਲਤਾ ਪ੍ਰਾਪਤ ਕਰਨ ਲਈ ਇਕ ਸੰਸਾਰੀ ਬਿਰਤੀ ਵਾਲੇ ਪੁਰਸ਼ ਵਾਲੀ ਖੁਰਾਕ ਤੋਂ ਅਵੱਸ਼ ਹੀ ਪ੍ਰਹੇਜ ਕਰਨਾ ਪੈਂਦਾ ਹੈ। ਮਾਸ ਅਤੇ ਸ਼ਰਾਬ ਅੱਛੇ ਲਗਦੇ ਹੋਣਗੇ ਪਰ ਆਤਮਕ ਉੱਨਤੀ ਵਾਸਤੇ ਜ਼ਹਿਰ ਦਾ ਕੰਮ ਕਰਦੇ ਹਨ।"[18]

'ਸਿੱਖ ਧਰਮ ਤੇ ਮਾਸ' ਪੁਸਤਕ ਮੁੱਖ ਰੂਪ ਵਿਚ ਦੋ ਹਿੱਸਿਆਂ ਵਿਚ ਵੰਡੀ ਹੋਈ ਹੈ। ਪੁਸਤਕ ਦੇ ਪਹਿਲੇ ਭਾਗ ਵਿਚ ਪਸ਼ੂਆਂ ਦੀ ਮਨੁੱਖ ਦੇ ਦਰਬਾਰ ਵਿਚ ਇਕ ਦਰਦਨਾਕ ਅਪੀਲ ਕੀਤੀ ਮਿਲਦੀ ਹੈ। ਇਸ ਤੋਂ ਇਲਾਵਾ, ਗੁਰੂ ਨਾਨਕ ਮਿਸ਼ਨ ਤੇ ਮਾਸ, ਗੁਰਬਾਣੀ ਅਤੇ ਇਤਿਹਾਸਕ

ਪ੍ਰਮਾਣਾਂ ਦੇ ਚਾਨਣੇ ਵਿਚ ਇਸ ਵਿਸ਼ੇ ਤੇ ਵਿਚਾਰ, ਮਾਸ ਖਾਣ ਵਾਲੇ ਪ੍ਰਚਾਰਕਾਂ ਦੇ ਇਤਰਾਜ ਅਤੇ ਉਨ੍ਹਾਂ ਦੇ ਉੱਤਰ ਦਿੱਤੇ ਗਏ ਹਨ।

ਪੁਸਤਕ ਦੇ ਦੂਸਰੇ ਭਾਗ ਵਿਚ ਵੈਦਿਕ ਅਤੇ ਅਵੈਦਿਕ ਮਤਾਂ ਦੇ ਦ੍ਰਿਸ਼ਟੀਕੋਣ ਅਨੁਸਾਰ ਵਿਚਾਰ ਕਰਦਿਆਂ ਹੋਇਆਂ ਮਾਸ ਦਾ ਖਾਣਾ ਨਿਖੇਧੀ ਤੇ ਪਾਪ ਦੱਸਿਆ ਗਿਆ ਹੈ।

ਪੁਸਤਕ ਦੇ ਅਖੀਰਲੇ ਪੰਨਿਆਂ ਤੇ ਜਗਤ ਪ੍ਰਸਿੱਧ ਮਹਾਨਪੁਰਸ਼ਾਂ ਦੀ ਮਾਨਸਕ ਸ਼ਕਤੀ ਬਾਰੇ ਚਾਨਣਾ ਪਾਇਆ ਗਿਆ ਹੈ।

ਇਸ ਪੁਸਤਕ ਨੂੰ ਲਿਖਣ ਲਈ ਜਾਂ ਹਵਾਲਾ ਦੇਣ ਲਈ ਜਿਨ੍ਹਾਂ ਪੁਸਤਕਾਂ ਤੋਂ ਸਹਾਇਤਾ ਲਈ ਗਈ ਹੈ, ਉਨ੍ਹਾਂ ਦੀ ਸੂਚੀ ਵੀ ਪੁਸਤਕ ਦੇ ਆਰੰਭ ਵਿਚ ਦਿੱਤੀ ਗਈ ਹੈ। ਜਿਵੇਂ ਕਿ ਆਦਿ ਗ੍ਰੰਥ, ਦਸਮ ਗ੍ਰੰਥ, ਵਾਰਾਂ ਭਾਈ ਗੁਰਦਾਸ, ਨਾਨਕ ਪ੍ਰਕਾਸ਼, ਸੂਰਜ ਪ੍ਰਕਾਸ਼, ਜਨਮ ਸਾਖੀ ਭਾਈ ਬਾਲਾ, ਸ੍ਰੀ ਮਦ ਭਗਵਦ ਗੀਤਾ, ਮਹਾਂਭਾਰਤ, ਯਜੁਰਵੇਦ ਆਦਿ।

**ਨਾਮਧਾਰੀ ਸਿਧਾਂਤ ਪ੍ਰਦਰਸ਼ਨ** :

ਇਹ ਸੰਤਾਂ ਦੀ ਇਕ ਅਜਿਹੀ ਰਚਨਾ ਹੈ ਜਿਸ ਵਿਚ ਨਾਮਧਾਰੀ ਸਿਧਾਂਤਾਂ ਦਾ ਪ੍ਰਚਾਰ ਕੀਤਾ ਗਿਆ ਹੈ। ਇਸ ਪੁਸਤਕ ਦੀ ਪ੍ਰਕਾਸ਼ਨਾਂ ਸੰਤ ਨਿਧਾਨ ਸਿੰਘ ਆਲਿਮ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਟਿੱਕਾ ਤਿਰਲੋਚਨ ਸਿੰਘ ਜੀ ਵੱਲੋਂ ਕੀਤੀ ਗਈ ਹੈ। ਇਸ ਪੁਸਤਕ ਦਾ ਪ੍ਰਕਾਸ਼ਨ ਸਾਲ 1998 ਈਸਵੀ ਹੈ।

ਪੁਸਤਕ ਦੇ ਆਰੰਭ ਵਿਚ ਹੀ 'ਨਾਮ ਸਿਧਾਂਤ' ਸਿਰਲੇਖ ਅਧੀਨ 'ਨਾਮ' ਦੀ ਮਹੱਤਤਾ ਬਾਰੇ ਚਾਨਣਾ ਪਾਇਆ ਗਿਆ ਹੈ ਕਿ ਸਿੱਖ ਪੰਥ ਦਾ ਮੁੱਢਲਾ ਅਤੇ ਸਰਬ ਸ਼੍ਰੋਮਣੀ ਸਿਧਾਂਤ 'ਨਾਮ' ਹੈ। ਇਹ ਕਥਨ ਵੀ ਕੋਈ ਅਣਉਚਿਤ ਨਹੀਂ ਹੋਵੇਗਾ ਕਿ ਨਾਮ ਸ੍ਰਿਸ਼ਟੀ ਦੇ ਸਮੂਹ ਧਰਮਾਂ ਦੀ ਸਾਂਝੀ ਆਤਮਾ ਹੈ। ਸਿੱਖ ਧਰਮ ਦਾ ਤਾਂ ਇਹ ਪ੍ਰਵੇਸ਼ ਵੀ ਕਿਹਾ ਜਾ ਸਕਦਾ ਹੈ। ਹਰ ਮਨੁੱਖ ਨੂੰ ਸਿੱਖ ਬਣਨ ਵਾਸਤੇ ਸਭ ਤੋਂ ਪਹਿਲਾਂ ਨਾਮ ਧਾਰਨਾ ਜ਼ਰੂਰੀ ਹੈ। ਨਾਮ ਦੀ ਧਾਰਨਾ ਮਨੁੱਖ ਜਨਮ ਦੀ ਇਕ ਰੂਹਾਨੀ ਲੋੜ ਹੈ।

ਇਸੇ ਤਰ੍ਹਾਂ ਅਗਲੇ ਵਿਸ਼ਿਆਂ ਵਿਚ ਗੁਰਮੰਤ੍ਰ ਦੇਣ ਦਾ ਤਰੀਕਾ, ਮੰਤ੍ਰ ਪਦ ਨਾਮ ਦਾ ਫਲ, ਗੁਰਿਆਈ ਦਾ ਮਸਲਾ, ਮਾਸ ਨਿਸ਼ੇਧ, ਸਿੰਘ ਸਭਾ ਦਾ ਜਨਮ, ਮਾਸ ਖਾਣ ਦਾ ਫਲ, ਸੂਤਰ ਜਾਂ ਮਸਤੀ, ਆਂਡਿਆਂ ਦਾ ਸਵਾਲ ਆਦਿ ਨੂੰ ਅਧਾਰ ਬਣਾਇਆ ਗਿਆ ਹੈ।

ਇਸ ਪੁਸਤਕ ਬਾਰੇ ਕਿਰਪਾਲ ਸਿੰਘ ਕਸੇਲ ਲਿਖਦੇ ਹਨः-

> "ਪੁਸਤਕ ਪੜ੍ਹਨ ਤੋਂ ਇੰਝ ਪ੍ਰਤੀਤ ਹੁੰਦਾ ਹੈ ਕਿ ਇਹ ਕਲਾ-ਕਿਰਤ ਉਨ੍ਹਾਂ ਦੀ ਇਸ ਰਚਨਾ ਦਾ ਇਕ ਪ੍ਰਕਾਰ ਦਾ ਰੇਖਾ ਚਿੱਤਰ ਹੀ ਸੀ, ਜਿਸ ਨੂੰ ਉਨ੍ਹਾਂ ਨੇ ਹਾਲੀ ਹੋਰ ਵਿਸਥਾਰ ਦੇਣਾ ਸੀ ......... ਜੋ ਕੁਝ ਵੀ ਸਾਨੂੰ ਇਸ ਪੁਸਤਕ ਦੇ ਰੂਪ ਵਿਚ ਪ੍ਰਾਪਤ ਹੈ ਉਸ ਤੋਂ ਅਸੀਂ ਆਲਿਮ ਜੀ ਦੀ ਵਿਦਵਤਾ ਵਿਸ਼ਾਲ, ਗਿਆਨ, ਤਰਕਸ਼ੀਲ ਵਾਰਤਕ ਸ਼ੈਲੀ ਅਤੇ ਆਪਣੇ ਵਿਸ਼ੇ ਵਸਤੂ ਬਾਰੇ ਪੂਰਨ ਸਪੱਸ਼ਟਤਾ ਅਤੇ ਵੱਸੀਕਾਰ ਉਨ੍ਹਾਂ ਦੀ ਉਚੇਰੀ ਸਾਹਿਤਕ ਪ੍ਰਤਿਭਾ ਬਾਰੇ ਸਹਿਜੇ ਹੀ ਅਨੁਮਾਨ ਲਗਾ ਸਕਦੇ ਹਾਂ।"[19]

**ਜੁਗ ਪਲਟਾਊ ਸਤਿਗੁਰੂ :**

'ਜੁਗ ਪਲਟਾਊ ਸਤਿਗੁਰੂ ਸੰਤ ਨਿਧਾਨ ਸਿੰਘ ਜੀ 'ਆਲਿਮ' ਦੁਆਰਾ ਲਿਖੀ ਗਈ ਇਕ ਹੋਰ ਮਹੱਤਵਪੂਰਨ ਪੁਸਤਕ ਹੈ ਜਿਹੜੀ ਕਿ ਨਾਮਧਾਰੀ ਸਾਹਿਤਯ ਸਦਨ, ਸ੍ਰੀ ਜੀਵਨ ਨਗਰ (ਸਿਰਸਾ) ਵੱਲੋਂ ਪ੍ਰਕਾਸ਼ਤ ਕੀਤੀ ਗਈ ਹੈ।

ਪੁਸਤਕ ਸਾਹਿਤਕ, ਇਤਿਹਾਸਕ ਅਤੇ ਧਾਰਮਕ ਖੇਤਰ ਵਿਚ ਜ਼ਰੂਰ ਮਹੱਤਵਪੂਰਨ ਹੋ ਸਕਦੀ ਹੈ। ਪਰੰਤੂ ਇਸ ਪੁਸਤਕ ਦੀ ਇਹ ਵੱਡੀ ਕਮਜੋਰੀ ਹੈ ਕਿ ਨਾ ਹੀ ਤਾਂ ਇਸਦਾ ਪ੍ਰਕਾਸ਼ਨਾ ਸਾਲ ਦਿੱਤਾ ਗਿਆ ਹੈ ਤੇ ਨਾ ਹੀ ਕੋਈ ਵਿਸ਼ਾ ਸੂਚੀ। ਪੁਸਤਕ ਕਿੱਥੋਂ ਸ਼ੁਰੂ ਹੁੰਦੀ ਹੈ, ਕਿੱਥੇ ਖ਼ਤਮ ਹੁੰਦੀ ਹੈ, ਕੋਈ ਪਤਾ ਨਹੀਂ ਲੱਗਦਾ।

ਪੁਸਤਕ ਦੀ ਸ਼ੁਰੂਆਤ ਅੰਗਰੇਜ਼ੀ ਵਿਚ ਲਿਖੇ "Foreword" ਤੋਂ ਹੁੰਦੀ ਹੈ ਜੋ ਕਿ 1 ਜਨਵਰੀ 1947 ਨੂੰ ਸ੍. ਸਰਦੂਲ ਸਿੰਘ ਕਵੀਸ਼ਰ ਦੀ ਸਹੀ ਨਾਲ ਸਮਾਪਤ ਹੁੰਦਾ ਹੈ। ਇਸ ਤੋਂ ਪਹਿਲਾਂ 'ਆਲਿਮ' ਜੀ ਵਲੋਂ 'ਸਮਰਪਨ' ਜਿਲਦ ਦੇ ਦੂਜੇ ਪਾਸੇ ਹੀ ਲਿਖਿਆ ਹੈਃ-

"ਉਹਨਾਂ ਦੇਸ਼ ਭਗਤਾਂ ਗੁਰੂ ਸਿਖਾਂ ਅਤੇ ਸੰਤਾਂ ਮਹਾਤਮਾਂ ਦੇ ਨਾਮ ਜਿਨ੍ਹਾਂ ਨੂੰ ਆਪਣੇ ਧਰਮ ਕੌਮੀਅਤ ਅਤੇ ਦੇਸ਼ ਸੁਤੰਤਰਤਾ ਵਾਸਤੇ ਜਾਨਾਂ ਹੀ ਨਹੀਂ ਬਲਕਿ ਸ੍ਰਬੰਸ ਤਕ ਕੁਰਬਾਨ ਕਰ ਦੇਣ ਵਾਲੀਆਂ ਮਹਾਨ ਵਿਅਕਤੀਆਂ ਦੇ ਇਤਿਹਾਸਕ ਕਾਰਨਾਮੇ ਪੜ੍ਹਨ ਦਾ ਸ਼ੌਕ ਹੈ, ਅਤੇ ਜਿਨਾਂ ਦੀਆਂ ਅਖੀਆਂ ਉਸ ਇਨਕਲਾਬੀ ਸਤਿਗੁਰੂ ਦੇ ਦਰਸ਼ਨ ਲਈ ਉਤਾਵਲੀਆਂ ਹੋ ਰਹੀਆਂ ਹਨ।"[20]

ਦੂਸਰੀ ਘਾਟ ਜੋ ਉਚੇਚੇ ਤੌਰ ਤੇ ਰੜਕਦੀ ਹੈ ਉਹ ਹੈ ਵਿਆਕਰਣਿਕ ਪੱਖੋਂ ਗਲਤ ਵਾਕ ਬਣਤਰ ਤੇ ਸ਼ਬਦ ਸਿਰਜਣਾ ਵਿਚ ਕਮੀਆਂ, ਜਿਵੇਂ ਕਿ ਉਪਰੋਕਤ 'ਸਮਰਪਨ ਵਿਚ .... ਸਿੱਖਾਂ ਦੀ ਥਾਂ (ਸਿਖਾਂ) ਜਿੰਨ੍ਹਾਂ ਦੀ (ਜਿਨਾਂ) ਤੱਕ ਦੀ ਥਾਂ (ਤਕ) ਕਰ ਦੇਣ ਵਾਲੀਆਂ ਮਹਾਨ ਵਿਅਕਤੀਆਂ (ਵਾਲਿਆਂ ਦੀ ਜਗ੍ਹਾ (ਵਾਲੀਆਂ) ਅੱਖੀਆਂ ਦੀ ਬਜਾਏ (ਅਖੀਆਂ) ਆਦਿਕ, ਇਕ ਛੋਟੇ ਜਿਹੇ ਪੈਰ੍ਹੇ ਵਿਚ ਇੰਨੀਆਂ ਗਲਤੀਆਂ ਇਕ ਆਮ ਪੰਜਾਬੀ ਪਾਠਕ ਨੂੰ ਰੜਕਦੀਆਂ ਜ਼ਰੂਰ ਹਨ, ਸ਼ਾਇਦ ਪੁਰਾਤਨ ਪੰਜਾਬੀ ਦਾ ਇਹੀ ਅੰਦਾਜ਼ ਹੋਵੇ। ਸਾਡੇ ਖੋਜ-ਪ੍ਰਬੰਧ ਦਾ ਮਨੋਰਥ ਇਸ ਪੁਸਤਕ ਦੀ ਭਾਸ਼ਾ-ਸ਼ੈਲੀ ਤੋਂ ਹਟ ਕੇ ਜਾਂ ਆਲੋਚਨਾ ਦੇ ਖੇਤਰ ਤੋਂ ਬਾਹਰ ਜਾ ਕੇ ਇਸ ਪੁਸਤਕ ਦੀ ਨਾਮਧਾਰੀ ਸਮਾਜ ਜਾਂ ਸਾਹਿਤਕ ਜਗਤ ਵਿਚ ਮਹੱਤਤਾ ਬਾਰੇ ਚਾਨਣਾ ਪਾਉਣ ਤੱਕ ਸੀਮਤ ਹੈ।

ਇਸ ਤੋਂ ਬਾਅਦ 'ਸਰਦੂਲ ਸਿੰਘ ਕਵੀਸ਼ਰ' ਵੱਲੋਂ ਹੀ ਪੰਜਾਬੀ ਵਿਚ ਮੁੱਖ ਬੰਧ ਦਿੱਤਾ ਗਿਆ ਹੈ।

ਇਸ ਪੁਸਤਕ ਵਿਚ ਪਹਿਲੀ ਵਾਰ ਵੀ ਕੋਈ ਭੂਮਿਕਾ ਦਿੱਤੀ ਗਈ ਹੋਵੇਗੀ। ਹੱਥਲੀ ਪੁਸਤਕ ਜੋ ਦੂਜੀ ਵਾਰ ਛਪੀ ਹੈ, ਦੇ ਵਿਚ 'ਭੂਮਿਕਾ ਦੂਜੀ ਵੇਰ ਦੀ' ਮਹਾਰਾਜ ਬੀਰ ਸਿੰਘ ਵੱਲੋਂ ਲੰਮੇ ਚੌੜੇ ਵਰਣਨ ਵਿਚ ਲਿਖੀ ਗਈ ਹੈ ਜਿਸ ਵਿਚ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਵੱਲੋਂ ਭੈਣੀ ਸਾਹਿਬ ਵਿਚ ਪੁਲਿਸ ਚੌਕੀ ਉਠਵਾਏ ਜਾਣ ਦਾ ਜ਼ਿਕਰ ਕੀਤਾ ਗਿਆ ਹੈ।

ਭੂਮਿਕਾ ਦੇ ਅਗਲੇ ਪੰਨਿਆਂ ਵਿਚ ਆਲਿਮ ਜੀ ਵਲੋਂ 'ਅਰੰਭਕ ਗੱਲਬਾਤ' ਕੀਤੀ ਗਈ ਹੈ।

ਭੂਮਿਕਾ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਲਾਸਾਨੀ ਸ਼ਖਸੀਅਤ ਬਾਰੇ ਚਾਨਣਾ ਪਾਇਆ ਗਿਆ ਹੈ ਕਿ ਕਿਵੇਂ ਉਨ੍ਹਾਂ ਨੇ ਅੰਗਰੇਜ਼ੀ ਸਾਮਰਾਜ ਦਾ ਸਭ ਤੋਂ ਪਹਿਲਾਂ ਵਿਰੋਧ ਕੀਤਾ, ਨਾ-ਮਿਲਵਰਤਨ ਲਹਿਰ ਦਾ ਆਰੰਭ ਕੀਤਾ। ਆਪਣੇ ਆਪ ਨੂੰ ਦੇਸ਼ ਤੇ ਧਰਮ ਖ਼ਾਤਿਰ ਕੁਰਬਾਨ ਕਰਨ ਲਈ ਤਿਆਰ ਕੀਤਾ। ਦੇਸ਼ ਵਿਚ ਅੰਗਰੇਜ਼ਾਂ ਦੁਆਰਾ ਖੋਲ੍ਹੇ ਗਏ ਬੁਚੜਖਾਨਿਆਂ ਨੂੰ ਬੰਦ ਕਰਵਾਉਣ ਲਈ ਮੁਹਿੰਮ ਸਤਿਗੁਰੂ ਰਾਮ ਸਿੰਘ ਜੀ ਵਲੋਂ ਹੀ ਆਰੰਭੀ ਗਈ।

ਇਸ ਪੁਸਤਕ ਦਾ ਸਿਰਲੇਖ 'ਜੁਗ ਪਲਟਾਊ ਸਤਿਗੁਰੂ' ਕਾਫੀ ਹੱਦ ਤੱਕ ਢੁਕਵਾਂ ਹੈ ਕਿਉਂਕਿ ਇਸ ਪੁਸਤਕ ਵਿਚ ਦਰਸਾਇਆ ਗਿਆ ਹੈ ਕਿ ਕਿਵੇਂ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਹਨ੍ਹੇਰਗਰਦੀ ਵਾਲੇ ਜੁਗ ਨੂੰ ਪਲਟਾਉਣ ਅਤੇ ਬਦਲਣ ਦੀਆਂ ਕੋਸ਼ਿਸ਼ਾਂ ਹੀ ਨਹੀਂ ਕੀਤੀਆਂ ਗਈਆਂ ਸਗੋਂ ਉਸ ਦੇ ਨਾਲ-ਨਾਲ ਪ੍ਰਾਪਤੀਆਂ ਵੀ ਹਾਸਲ ਕੀਤੀਆਂ ਗਈਆਂ।

ਪੁਸਤਕ ਦਾ ਪਹਿਲਾ ਲੇਖ:

"ਪਿਛੇ ਵੱਲ ਝਾਤ" ਪੰਜਾਬ ਦੇ ਪਿਛੋਕੜ ਨੂੰ ਪੇਸ਼ ਕਰਦਾ ਹੈ ਜਿਸਦੀ ਸ਼ੁਰੂਆਤ ਕਾਵਿਕ ਢੰਗ ਨਾਲ ਕੀਤੀ ਗਈ ਹੈ ਆਲਿਮ ਜੀ ਦੀ ਵਿਦਵਤਾ ਦਾ ਪ੍ਰਮਾਣ ਵੀ ਹੈ:-

"ਪੰਜਾਬ ਵਿਚ ਪੰਜਾਬੀਆਂ ਦਾ ਆਪਣਾ ਰਾਜ ਸੀ, ਦੇਸ਼ ਖੁਸ਼ਹਾਲ ਤੇ ਮਾਲਾ-ਮਾਲ ਸੀ। ਲਾਹੌਰ ਦੇ ਸ਼ਾਹੀ ਕਿਲੇ ਤੇ ਪੰਜਾਬ ਦਾ ਸੁਤੰਤ੍ਰ ਝੰਡਾ ਝੂਲ ਰਿਹਾ ਸੀ, ਜਿਸ ਨੂੰ ਦੇਖ ਕੇ ਹਰ ਇਕ ਪੰਜਾਬੀ ਦੀ ਧੌਣ ਮਾਣ ਨਾਲ ਉਚੀ ਹੋ ਜਾਂਦੀ ਸੀ। ਪੰਜਾਬ ਦੇ ਸ਼ਾਹੀ ਤਖਤ ਤੇ ਪੰਜਾਬ ਦੀ ਸ਼ਾਨ ਮਹਾਰਾਜਾ ਰਣਜੀਤ ਸਿੰਘ ਸ਼ੋਭਨੀਕ ਸੀ, ਜਿਸ ਨੂੰ ਚੜ੍ਹਦੇ ਵਲ ਫਰੰਗੀ ਅਤੇ ਲਹਿੰਦੇ ਵਲ ਆਕੜਖਾਨ ਪਠਾਣ "ਪੰਜਾਬ ਦਾ ਸ਼ੇਰ" ਕਹਿਣ ਲਈ ਮਜਬੂਰ ਸਨ।"[21]

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਦਾ ਜੋ ਹਸ਼ਰ ਹੋਇਆ, ਉਹ ਵਿਸਥਾਰ ਵਿਚ ਪੇਸ਼ ਕੀਤਾ ਗਿਆ ਹੈ। ਪੰਜਾਬ ਦੀ ਤ੍ਰਾਸਦੀ ਦਾ ਕਾਰਨ ਇਹੋ ਰਿਹਾ ਕਿ ਮਹਾਰਾਜਾ

ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਕੋਲ ਕੋਈ ਮਹਾਨ ਆਗੂ ਨਾ ਰਿਹਾ। ਇਸੇ ਪ੍ਰਸਥਿਤੀ ਨੂੰ ਪੇਸ਼ ਕਰਦਾ ਲੇਖ ਹੈ "ਮਹਾਨ ਆਗੂ ਦੀ ਲੋੜ"

ਅਗਲਾ ਲੇਖ ਹੈ "ਸੰਖੇਪ ਜੀਵਨ" ਜਿਸ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਸੰਬੰਧੀ ਗਿਆਤ ਪਵਾਈ ਗਈ ਹੈ, ਉਨ੍ਹਾਂ ਦੇ ਜੀਵਨ ਕਾਲ ਸਮੇਂ ਭਾਰਤੀ ਸਮਾਜ ਖ਼ਾਸ ਕਰਕੇ ਪੰਜਾਬ ਦੀ ਸਮਾਜਕ ਤੇ ਧਾਰਮਕ ਦਸ਼ਾ ਬਾਖ਼ੂਬੀ ਪੇਸ਼ ਹੋਈ ਹੈ।

"ਸੰਤ ਖਾਲਸੇ ਦੀ ਰਚਨਾ", "ਨਾਮਧਾਰੀ ਅਸੂਲ" "ਕੂਕਾ ਲਹਿਰ", "ਸਰਕਾਰ ਦੀਆਂ ਨਜਰਾਂ ਵਿਚ", "ਇਸਤਰੀ ਜਾਤੀ ਲਈ ਅੰਮ੍ਰਿਤ ਅਧਿਕਾਰ" ਆਦਿ ਲੇਖਾਂ ਵਿਚ ਨਾਮਧਾਰੀ ਸਮਾਜ ਦੇ ਅਸੂਲ, ਪ੍ਰਾਪਤੀਆਂ ਅਤੇ ਦੇਸ਼ ਭਗਤੀ ਦੀ ਭਾਵਨਾ ਨੂੰ ਪੇਸ਼ ਕੀਤਾ ਗਿਆ ਹੈ।

"ਅੰਮ੍ਰਿਤਸਰੀ ਘਟਨਾ ਬਾਬਤ" ਲੰਮੇ ਚੌੜੇ ਵਿਸਥਾਰ ਵਿਚ ਚਰਚਾ ਕੀਤੀ ਗਈ ਹੈ। ਸਤਿਗੁਰੂ ਜੀ ਦੇ ਸੰਬੰਧ ਵਿਚ ਮੈਕਨਬ ਦੀ ਰਪੋਟ" ਵਿਚ ਅੰਗਰੇਜ਼ ਹਕੂਮਤ ਵੱਲੋਂ ਸਤਿਗੁਰੂ ਰਾਮ ਸਿੰਘ ਜੀ ਦੀਆਂ ਗਤੀਵਿਧੀਆਂ ਉਪਰ ਕਰੜੀ ਨਿਗਰਾਨੀ ਬਾਰੇ ਗਿਆਤ ਪਵਾਈ ਗਈ ਹੈ।

ਪੁਸਤਕ ਦੇ ਅਖੀਰ ਵਿਚ "ਮਾਤਾ ਜੀਵਨ ਕੌਰ ਜੀ ਦੇ ਲਾਲ" ਨਾਂ ਦੇ ਲੇਖ ਵਿਚ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਘਰ ਮਾਤਾ ਜੀਵਨ ਕੌਰ ਜੀ ਦੇ ਕੁੱਖੋਂ ਪੈਦਾ ਹੋਏ ਤਿੰਨ ਸਾਹਿਬ ਜਾਦਿਆਂ ਦੇ ਜੀਵਨ ਬਾਰੇ ਚਾਨਣਾ ਪਾਇਆ ਗਿਆ ਹੈ।

**ਸੰਤ ਇੰਦਰ ਸਿੰਘ ਚੱਕਰਵਰਤੀ** (1902-1970):- ਇਸ ਕਾਲ ਦੇ ਉਨ੍ਹਾਂ ਪ੍ਰਮੁੱਖ ਸਾਹਿਤਕਾਰਾਂ ਵਿਚੋਂ ਹਨ, ਜੋ ਨਾਮਧਾਰੀ ਸੰਪਰਦਾਇ ਨਾਲ ਪੱਕੀ ਤਰ੍ਹਾਂ ਜੁੜੇ ਹੋਏ ਹਨ। ਇਸ ਕਾਲ ਵਿਚ ਉਨ੍ਹਾਂ ਦੁਆਰਾ ਰਚੀਆਂ ਵਾਰਤਕ ਰਚਨਾਵਾਂ ਵਧੇਰੇ ਕਰਕੇ ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਹਨ। ਪਹਿਲਾ ਹੈ 'ਨਾਮਧਾਰੀ ਇਤਿਹਾਸ' (ਭਾਗ ਪਹਿਲਾ) ਜੋ ਕਿ ਸਤਿਗੁਰੂ ਬਾਲਕ ਸਿੰਘ ਜੀ ਦੇ ਜੀਵਨ ਸਮਾਚਾਰਾਂ ਨਾਲ ਸੰਬੰਧਿਤ ਹੈ। ਇਸ ਪੁਸਤਕ ਵਿਚ ਮੁਢਲੇ ਨਾਮਧਾਰੀ ਆਗੂ ਸਤਿਗੁਰੂ ਬਾਲਕ ਸਿੰਘ ਦੀਆਂ ਜੀਵਨ-ਘਟਨਾਵਾਂ ਦੇ ਵੇਰਵਿਆਂ ਦੁਆਰਾ ਨਾਮਧਾਰੀ ਸੰਪਰਦਾਇ ਦੇ ਇਤਿਹਾਸ ਦੀ ਉਸਾਰੀ ਕੀਤੀ ਗਈ ਹੈ। ਉਹਨਾਂ ਨੇ ਨਾਮਧਾਰੀ ਵਾਰਤਕ ਅਧੀਨ ਨਾਮਧਾਰੀ ਗੁਰੂਆਂ ਦਾ ਸੰਬੰਧ

ਸਿੱਖ ਗੁਰੂਆਂ ਨਾਲ ਜੋੜਿਆ ਹੈ। ਇਸ ਪ੍ਰਕਾਰਜ ਅਧੀਨ ਉਹਨਾਂ ਨੇ ਬਾਬਾ ਬਾਲਕ ਸਿੰਘ ਜੀ ਨੂੰ ਸਿੱਖਾਂ ਦੇ ਗਿਆਰਵੇਂ ਗੁਰੂ ਦੇ ਰੂਪ ਵਿਚ ਪੇਸ਼ ਕਰਕੇ ਬਾਬਾ ਰਾਮ ਸਿੰਘ ਨੂੰ ਸਿੱਖਾਂ ਦੇ ਬਾਰ੍ਹਵੇਂ ਗੁਰੂ ਵਜੋਂ ਪੇਸ਼ ਕਰਦਿਆਂ ਇਸ ਲੜੀ ਨੂੰ ਅੱਗੇ ਤੋਰਿਆ ਹੈ। ਨਾਮਧਾਰੀ ਇਤਿਹਾਸ ਨੂੰ ਪੇਸ਼ ਕਰਨ ਲੱਗਿਆਂ ਉਹ ਵੇਰਵਿਆਂ ਨੂੰ ਬੜੀ ਸੰਜੀਦਗੀ ਨਾਲ ਪੇਸ਼ ਕਰਦੇ ਹਨ ਜਿਵੇਂ ਕਿ:

"ਇਕ ਦਿਨ ਦੀ ਵਾਰਤਾ ਹੈ ਕਿ ਗੁਰੂ ਜੀ ਸੰਗਤ ਸਹਿਤ ਬੈਠੇ ਹਰਿ ਚਰਚਾ ਕਰ ਰਹੇ ਸਨ। ਸਿੱਖ ਦਰਸ਼ਨ ਕਰਕੇ ਅਤੇ ਉਪਦੇਸ਼ ਸੁਣ ਕੇ ਮਗਨ ਹੋ ਰਹੇ ਸਨ। ਇੱਕ ਸੁਨਯਾਰਾ ਸਿੱਖ ਜਿਸਦਾ ਨਾਮ ਭਾਈ ਮੁਖਾ ਕਰਕੇ ਪ੍ਰਸਿੱਧ ਸੀ: ਖੜਾ ਹੋ ਕੇ, ਗਲ ਪੱਲਾ ਪਾ, ਹੱਥ ਜੋੜ ਕੇ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ ਜੇ ਆਪ ਆਗਿਆ ਦੇਵੋ ਤਾਂ ਮੈਂ ਆਪਣੀ ਬਗੀਚੀ ਵਿੱਚ ਖੂਹੀ ਲਾ ਕੇ ਥਾਂਇ ਬਣਾ ਦੇਨਾਂ, ਜਿਥੇ ਆਪ ਅੱਗੇ ਵੀ ਕਦੀ-ਕਦੀ ਚਰਨ ਪਾ ਜਾਂਦੇ ਹੋ ਅਤੇ ਭਜਨ ਕਰਕੇ ਪਵਿੱਤਰ ਕਰਦੇ ਹੋ। ਕਿਉਂਕਿ ਫੇਰ ਆਪ ਜੀ ਨੂੰ ਦੀਵਾਨ ਲਾਣ ਅਤੇ ਭਜਨ ਕਰਨ ਦੀ ਸਹੂਲਤ ਹੋ ਜਾਵੇਗੀ। ਮਹਾਰਾਜ ਜੀ ਨੇ ਕਿਹਾ ਕਿ ਭਾਈ ਅਸਾਂ ਖੂਹੀ ਅਤੇ ਬਗੀਚੀ ਨੂੰ ਕੀ ਕਰਨਾ ਹੈ, ਸਾਨੂੰ ਏਥੇ ਹੀ ਮੌਜ ਹੈ। ਜਿਥੇ ਦੋ ਘੜੀਆਂ ਭਜਨ ਬੰਦਗੀ, ਸਤਿਸੰਗ ਕੀਤਾ ਅਤੇ ਮੁੜ ਘਰ ਨੂੰ ਚਲੇ ਗਏ।"[22]

ਇਸ ਤਰ੍ਹਾਂ ਗੁਰੂ ਜੀ ਦੁਆਰਾ, ਜਿਥੇ ਉਹ ਗਏ ਜਾਂ ਜਿਨ੍ਹਾਂ ਪੁਰਸ਼ਾਂ ਨਾਲ ਉਹਨਾਂ ਦਾ ਵੱਖ-ਵੱਖ ਸਮੇਂ ਮਿਲਾਪ ਹੋਇਆ, ਉਹਨਾਂ ਨਾਲ ਕੀਤੇ ਬਚਨੀ ਬਲਾਸ, ਉਹਨਾਂ ਨੂੰ ਦਿੱਤੇ ਉਪਦੇਸ਼ ਨੂੰ ਵੀ ਕਲਮਬੰਦ ਕੀਤਾ ਗਿਆ ਹੈ। "ਭਾਈ ਸੰਤ ਸਿੰਘ ਜੀ ਮਰਦਾਨ ਵਾਲਿਆਂ ਨੂੰ ਉਪਦੇਸ਼" ਵਿਸ਼ੇ ਅਧੀਨ ਉਹ ਲਿਖਦੇ ਹਨ:

"ਸ੍ਰੀ ਸਤਗੁਰੂ ਜੀ ਦਾ ਜਸ ਸੁਣ ਕੇ ਇੱਕ ਸਿੱਖ ਭਾਈ ਸੰਤ ਸਿੰਘ ਹੋਤੀ ਮਰਦਾਨ ਤੋਂ ਚਲ ਕੇ, ਦਰਸ਼ਨ ਨਮਿਤ ਹਜਰੋਂ ਪੁਜਾ। ਗੁਰੂ ਜੀ ਦਾ ਜਸ ਸੰਗਤਾਂ ਦੀ ਗਹਿਮਾਂ ਗਹਿਮ, ਅਤੇ ਕਥਾ ਕੀਰਤਨ ਦਾ ਪ੍ਰਵਾਹ ਚਲਦਾ ਦੇਖ, ਦਰਸ਼ਨ ਕਰਕੇ ਮੋਹਿਤ ਹੋ ਗਿਆ। ਭਜਨ ਪੁਛ ਕੇ ਸ੍ਰੀ ਗੁਰੂ ਜੀ ਦਾ ਸਿੱਖ ਬਣ ਗਿਆ। ਸ੍ਰੀ ਗੁਰੂ ਜੀ ਨੇ ਤਿਸਦੇ ਪ੍ਰਥਾ ਵਿਚ ਉਪਦੇਸ਼ ਦਿੱਤਾ ਹੈ ਕਿ ਹੇ ਭਾਈ ਧਰਮਸ਼ਾਲਾ ਬਣਾ ਕੇ ਤਿਸ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ। ਅੰਮ੍ਰਿਤ ਵੇਲੇ ਸਣਕੇਸ਼ੀ ਅਸ਼ਨਾਨ ਕਰਕੇ ਪਹਿਲਾਂ ਗੁਰੂ ਮੰਤ੍ਰ ਦਾ ਅਭਿਆਸ ਕਰਨਾ ਫੇਰ ਧਰਮਸ਼ਾਲਾ ਜਾ ਕੇ ਬਾਣੀ

ਪੜ੍ਹਨੀ। ਅਥਵਾ ਸਰਵਨ ਕਰਨੀ। ਦਿਨੇ ਰਾਤ ਆਪ ਵੀ ਕਿਰਤ ਵਿਚ ਤਤਪਰ ਰਹੋ ਪਰ ਸ੍ਰੀ ਗੁਰੂ ਜੀ ਦਾ ਏਹੋ ਵਾਕ ਸਦੀਵ ਯਾਦ ਰਖਨਾ ਕਿ:

"ਕਾਰਜ ਕਾਮ ਬਾਟ ਘਾਟ ਜਪੀਜੈ। ਰਸਨਾ ਰਾਮ ਰਸਾਇਨ ਪੀਜੈ "[23]

ਆਲਿਮ ਜੀ ਦੀ ਵਾਰਤਕ ਸ਼ੈਲੀ ਦਾ ਇਹ ਵਿਸ਼ੇਸ਼ ਗੁਣ ਹੈ ਕਿ ਉਸ ਵਿਚ ਸਰਲਤਾ ਅਤੇ ਸਪਸ਼ਟਤਾ ਦੇ ਗੁਣ ਸਹਿਜ ਰੂਪ ਵਿਚ ਹੀ ਵਿਦਮਾਨ ਹੋ ਜਾਂਦੇ ਹਨ। ਉਹ ਜਿਸ ਪ੍ਰਸੰਗ ਦੀ ਗੱਲ ਸ਼ੁਰੂ ਕਰਦੇ ਹਨ ਉਸ ਉਪਰ ਬਾਰੀਕ ਤੋਂ ਬਾਰੀਕ ਵਾਕਿਆ ਦੀ ਜਾਣਕਾਰੀ ਦੇ ਕੇ ਆਪਣੇ ਕਥਨਾਂ ਨੂੰ ਦ੍ਰਿੜ ਕਰਦੇ ਹਨ।

ਸ੍ਰੀ ਗੁਰੂ ਬਾਲਕ ਸਿੰਘ ਜੀ ਹਜਰੋਂ ਵਿਚ ਰੋਜ ਦੀਵਾਨ ਲਾਂਦੇ ਕੀਰਤਨ ਕਥਾ ਦਾ ਪ੍ਰਵਾਹ ਚਲਿਆ ਰਹਿੰਦਾ। ਦੂਰ-ਦੂਰ ਦੀਆਂ ਸੰਗਤਾਂ ਦਰਸ਼ਨ ਕਰਨ ਲਈ ਔਂਦੀਆਂ ਗੁਰੂ ਜੀ ਸਭ ਦੀ ਇਛਾ ਪੂਰਨ ਕਰਦੇ। ਇਸੇ ਉਮਾਹ ਅਤੇ ਪ੍ਰਵਾਹ ਵਿਚ ਮੱਘਰ ਦਾ ਮਹੀਨਾ ਚੜ੍ਹ ਆਇਆ। ਸਤਿਗੁਰੂ ਜੀ ਖੂਹੀ ਵਾਲੀ ਬਗੀਚੀ ਵਿਚ ਸੰਗਤਾਂ ਨੂੰ ਦਰਸ਼ਨ ਅਤੇ ਉਪਦੇਸ਼ ਅੰਮ੍ਰਿਤ ਨਾਲ ਨਿਹਾਲ ਕਰ ਰਹੇ ਹਨ। ਭਾਈ ਧਨੀ ਰਾਮ ਜੀ ਆਦਿਕ ਪ੍ਰੇਮੀ ਗੁਰੂ ਜੀ ਦੀ ਹਜੂਰੀ ਵਿਚ ਬੈਠੇ ਹੋਏ ਹਨ। ਗੁਰੂ ਜੀ ਬਚਨ ਕੀਤਾ ਕਿ ਭਾਈ ਧਨੀ ਰਾਮ ਜੀ ਸਾਡੇ ਇਕ ਫਿੰਮਣੀ ਜੇਹੀ ਨਿਕਲ ਆਈ। ਧਨੀ ਰਾਮ ਨੇ ਕਿਹਾ ਕਿ ਮਹਾਰਾਜ ਆਪ ਕਰਨ ਕਾਰਨ ਹੋ ਆਪ ਜੀ ਦਾ ਸਭ ਕੁਝ ਵਸ ਵਿਚ ਹੈ, ਜੋ ਚਾਹੋ ਸੋ ਕਰੋ।

ਇਸ ਪੁਸਤਕ ਦੇ ਸੰਬੰਧ ਵਿਚ ਕਿਹਾ ਜਾ ਸਕਦਾ ਹੈ ਕਿ ਨਾਮਧਾਰੀ ਵਾਰਤਕ ਵਿਚ ਇਸ ਪੁਸਤਕ ਦੀ ਆਪਣੀ ਮਹੱਤਤਾ ਹੈ ਜਿਸ ਵਿਚ ਕਿ ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਅਹਿਮ ਪ੍ਰਕਾਰ ਦੀ ਸਮੱਗਰੀ ਪ੍ਰਾਪਤ ਹੁੰਦੀ ਹੈ।

**ਤਰਨ ਸਿੰਘ ਵਹਿਮੀ** (1902-1978) :-

ਇਸ ਕਾਲ ਦੇ ਤੀਜੇ ਸ਼੍ਰੋਮਣੀ ਲੇਖਕ ਸੰਤ ਤਰਨ ਸਿੰਘ ਵਹਿਮੀ ਜੀ ਹਨ। ਉਹ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਵਰੋਸਾਏ ਹੋਏ ਅਤੇ ਉਨ੍ਹਾਂ ਦੇ ਨਿਕਟਵਰਤੀ ਵਿਚਰਨ ਵਾਲੇ ਲੇਖਕਾਂ ਵਿਚੋਂ ਸਨ। ਕਵਿਤਾ ਅਤੇ ਵਾਰਤਕ ਦੋਹਾਂ ਉੱਪਰ ਆਪ ਦਾ ਪੂਰਨ ਅਧਿਕਾਰ ਸੀ। ਆਪ ਜੀ ਦੀ ਨਾਮਧਾਰੀ ਮੱਤ ਅਤੇ ਸ੍ਰੀ ਪ੍ਰਤਾਪ ਸਿੰਘ ਜੀ ਦੇ ਜੀਵਨ ਸਮਾਚਾਰਾਂ ਬਾਰੇ ਖੋਜ ਤੇ ਇਕੱਤਰ ਕੀਤੇ

ਗਏ ਵੇਰਵੇ ਸਦਕਾ ਉਨ੍ਹਾਂ ਨੂੰ ਸਹਿਜੇ ਹੀ ਨਾਮਧਾਰੀ ਇਤਿਹਾਸ ਦੇ ਪ੍ਰਮੁੱਖ ਖੋਜੀ ਅਤੇ ਸਮਕਾਲੀ ਘਟਨਾਵਾਂ ਦਾ ਤਜ਼ਕਰਾ-ਨਵੀਸ ਜਾਂ ਸਮਕਾਲੀ ਸਾਖੀਕਾਰ ਮੰਨਿਆ ਜਾ ਸਕਦਾ ਹੈ।

ਆਪਣੀ ਪੁਸਤਕ 'ਜੱਸ ਜੀਵਨ' ਨੂੰ ਵੱਡੇ ਆਕਾਰ ਦੇ ਛੇ ਭਾਗਾਂ ਵਿਚ ਰਚ ਕੇ ਇਸ ਸ਼੍ਰੋਮਣੀ ਇਤਿਹਾਸਕਾਰ ਲੇਖਕ ਨੇ ਸ੍ਰੀ ਪ੍ਰਤਾਪ ਸਿੰਘ ਜੀ ਦੇ ਜੀਵਨ ਸਮਾਚਾਰਾਂ ਨੂੰ ਸਾਲਾਂ ਦੇ ਕ੍ਰਮ ਅਨੁਸਾਰ ਵਿਸਤ੍ਰਿਤ ਰੂਪ ਵਿਚ ਇਸ ਤਰ੍ਹਾਂ ਸਾਂਭ ਲਿਆ ਹੈ ਕਿ ਅੱਜ ਉਸ ਦੀ ਇਹ ਸ਼੍ਰੋਮਣੀ ਰਚਨਾ ਨਾਮਧਾਰੀ ਇਤਿਹਾਸ ਅਤੇ ਮੱਤ ਦੀ ਪ੍ਰਮਾਣਿਕ ਪੁਸਤਕ ਅਤੇ ਸੱਚ ਪੁਛੋ ਤਾਂ ਵੱਡੇ ਗਿਆਨ-ਕੋਸ਼ ਦਾ ਰੂਪ ਧਾਰਨ ਕਰ ਗਈ ਹੈ। ਇੰਝ ਵਹਿਮੀ ਜੀ ਨੇ 'ਜੱਸ ਜੀਵਨ' ਰਚ ਕੇ ਪੰਜਾਬੀ ਦੀ ਜਨਮਸਾਖੀ ਪਰੰਪਰਾ ਦਾ ਚੋਖਾ ਵਿਸਥਾਰ ਤੇ ਵਿਕਾਸ ਕਰ ਦਿੱਤਾ ਹੈ। ਇਸ ਪੁਸਤਕ ਵਿਚ ਆਪ ਨੇ ਉਸ ਗੁਰੂ ਇਤਿਹਾਸ ਦੀ ਲੜੀ ਨੂੰ ਅੱਗੇ ਤੋਰਿਆ ਹੈ ਜਿਸ ਨੂੰ ਭਾਈ ਸੰਤੋਖ ਸਿੰਘ ਬਾਹੋਵਾਲ ਨੇ ਆਰੰਭ ਕੀਤਾ ਸੀ। 1890 ਤੋਂ ਲੈ ਕੇ 1959 ਤੱਕ ਸ੍ਰੀ ਪ੍ਰਤਾਪ ਸਿੰਘ ਜੀ ਦੇ ਸਮੁੱਚੇ ਜੀਵਨ ਨੂੰ ਜਾਨਣ ਲਈ ਅਤੇ ਉਨ੍ਹਾਂ ਦੇ ਗੁਰੂਤ੍ਵ ਦੇ ਸਮੇਂ ਨਾਮਧਾਰੀ ਸਮਾਜ ਦੀ ਦੇਸ਼ ਪ੍ਰਤੀ ਕੀਤੀ ਗਈ ਘਾਲ ਅਤੇ ਪ੍ਰਾਪਤੀ ਨੂੰ ਇਸ ਪ੍ਰਮੁੱਖ ਰਚਨਾ ਵਿਚ ਸੰਕਲਿਤ ਕਰ ਦਿੱਤਾ ਹੈ ਅਤੇ 'ਨੰਦੇੜੋਂ ਬਾਦ ਦਸਮ ਗੁਰੂ ਦਰਸ਼ਨ', 'ਨੰਦੇੜੋਂ ਬਾਦ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ', ਪੁਸਤਕਾਂ ਵਿਚ ਵਹਿਮੀ ਜੀ ਨੇ ਨਾਮਧਾਰੀ ਗੁਰੂ ਪ੍ਰੰਪਰਾ ਦੀ ਇਤਿਹਾਸਕ ਖੋਜ ਤੇ ਪ੍ਰਮਾਣਿਕ ਹਵਾਲਿਆਂ ਦੁਆਰਾ ਪੁਸ਼ਟੀ ਕਰਨ ਦਾ ਜਤਨ ਕੀਤਾ ਹੈ।

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨੰਦੇੜੋਂ ਬਾਦ ਦਾ ਜੀਵਨ:**

ਇਹ ਪੁਸਤਕ ਪਹਿਲੀ ਵਾਰ 1963 ਵਿਚ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਜਿਲ੍ਹਾ ਲੁਧਿਆਣਾ ਵੱਲੋਂ ਪ੍ਰਕਾਸ਼ਤ ਕੀਤੀ ਗਈ। ਇਸ ਪੁਸਤਕ ਦਾ ਜਿਵੇਂ ਕਿ ਸਿਰਲੇਖ ਤੋਂ ਹੀ ਪਤਾ ਚੱਲ ਜਾਂਦਾ ਹੈ, ਵਿਸ਼ਾ ਵਸਤੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨੰਦੇੜੋਂ ਬਾਦ ਦੇ ਜੀਵਨ ਨਾਲ ਸੰਬੰਧਤ ਘਟਨਾਵਾਂ ਨੂੰ ਪੇਸ਼ ਕਰਨਾ ਹੈ। ਇਹ ਘਟਨਾਵਾਂ ਸੰਤ ਤਰਨ ਸਿੰਘ ਵਹਿਮੀ ਜੀ ਨੇ ਬੜੀ ਹੀ ਖੋਜ ਪੜਤਾਲ ਅਤੇ ਇਤਿਹਾਸ ਦਾ ਡੂੰਘਾ ਅਧਿਐਨ ਕਰਕੇ ਪੇਸ਼ ਕੀਤੀਆਂ ਹਨ।

ਇਸ ਪੁਸਤਕ ਨੂੰ ਤਰਸੇਮ ਸਿੰਘ ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੈ। ਜਿਨ੍ਹਾਂ ਨੇ ਇਸ ਪੁਸਤਕ ਦੀ ਸ਼ੈਲੀ ਬਾਰੇ ਲਿਖਿਆ ਹੈ:-

> "ਸ਼ੈਲੀ ਭਾਵੇਂ ਕੈਸੀ ਹੈ, ਦੁਹਰਾ ਵੀ ਕਾਫੀ ਹੈ ਤਰਤੀਬ ਵੀ ਦੇਣ ਵਾਲੀ ਹੈ ਪਰ ਇਹ ਸਾਰਾ ਕੁਝ ਹੁੰਦਿਆਂ ਹੋਇਆਂ ਵੀ ਇਸ ਪੁਸਤਕ ਵਿਚ ਬਹੁਤ ਹੀ ਖੋਜ ਸਮੱਗਰੀ ਭਰੀ ਹੋਈ ਹੈ।"[24]

ਹਾਂ ਉਪਰੋਕਤ ਕਥਨ ਇਸ ਪੁਸਤਕ ਉਪਰ ਇੰਨ-ਬਿੰਨ ਲਾਗੂ ਹੁੰਦੇ ਹਨ। ਸ਼ੈਲੀ ਬੜੀ ਸਾਧਾਰਨ ਕਿਸਮ ਦੀ ਵਰਤੀ ਗਈ ਹੈ। ਕਿਤੇ-ਕਿਤੇ ਹਿੰਦੀ ਦੇ ਸ਼ਬਦ ਵੀ ਬੇਝਿਜਕ ਵਰਤੇ ਗਏ ਹਨ। ਜਿਵੇਂ ਕਿ ਤਦ ਪਾਸ ਬੁਲਾ ਕੇ। ਉਰਦੂ ਭਾਸ਼ਾ ਦੇ ਸ਼ਬਦਾਂ ਦੀ ਤਾਂ ਬਹੁਤਾਤ ਹੈ ਜਿਵੇਂ: ਖਿਲਅਤ, ਹਸਤ, ਤਾਰੀਖ।

ਪੁਰਾਤਨ ਰਵਾਇਤ ਅਨੁਸਾਰ ਸੰਤ ਤਰਨ ਸਿੰਘ ਵਹਿਮੀ ਜੀ ਨੇ ਇਸ ਪੁਸਤਕ ਦੀ ਸ਼ੁਰੂਆਤ ਮੰਗਲਾਚਰਨ ਤੋਂ ਕੀਤੀ ਹੈ। ਇਹ ਮੰਗਲਾਚਰਨ ਆਮ ਰਵਾਇਤ ਦੀ ਤਰ੍ਹਾਂ ਕਾਵਿਕ ਰੂਪ ਵਿਚ ਹੈ:-

> "ਗੁਰੂ ਕਰਤਾਰ ਜੂ ਕੀ ਕਿਰਪਾ ਅਪਾਰ ਪਾਏ,
> ਲਿਖਤਾਂ ਅਧਾਰ, ਰਾਇ ਨਿਜ ਦੀ ਰਲਾਏ ਕੇ
> ਕੌਤਕ ਨਦੇੜੋਂ ਬਾਦ, ਜੇਤਕ ਗੁਪਤ ਯਾਦ
> ਜੰਗੇ ਇਮਦਾਦ, ਕਾਰ ਗੁਰਤਾ ਸੌਂਪਾਏ ਕੇ
> ੧੯੬੯ ਫਾਬੇ, ਨਾਭੇ ਅਬਚਲ ਨਗਰ,
> ਅੰਤਮ ਬਿਰਾਜੇ ਦੇਹ ਕਾਰ ਭੁਗਤਾਏ ਕੋ।
> ਅੰਗ ਇਤਿਹਾਸ ਖ਼ਾਸ ਖੋਜ ਲਿਖੇ ਤਰਨ ਸਿੰਘ,
> ਸਿਖਨ ਸੁਖੈਨਤਾ ਕੋ, ਹੀਐ ਹੁਲਸਾਏ ਕੇ"[25]

ਇਹ ਪੁਸਤਕ ਸੰਤ ਤਰਨ ਸਿੰਘ ਜੀ ਦੀ ਪਲੇਠੀ ਰਚਨਾ ਹੈ। ਇਸ ਤੋਂ ਬਾਅਦ ਉਨ੍ਹਾਂ ਦੀਆਂ ਹੋਰ ਅਨੇਕਾਂ ਪੁਸਤਕਾਂ ਪ੍ਰਕਾਸ਼ਤ ਹੋਈਆਂ ਜਿਨ੍ਹਾਂ ਵਿਚ ਨਦੇੜੋਂ ਬਾਦ ਦਸਮ ਗੁਰ ਦਰਸ਼ਨ, ਸਚਹੁ ਓਰੈ ਸਭ ਕੋ, ਪੰਜ ਨਿਰਨੇ, ਗੁਰ ਪ੍ਰਕਾਸ਼, ਇੱਛਾ ਪੂਰਕ, ਸੋਰਠ ਬੀਜਾ, ਸਾਫ਼ ਪਾਣੀ, ਅਖੀਆਂ ਤੇ ਪ੍ਰੇਮ ਅੱਖਰ, ਸੁਹੇਵਾ ਸਾਹਿਬ ਅਤੇ ਜੱਸ ਜੀਵਨ (ਭਾਗ 1 ਤੋਂ 6)।

ਸੰਤ ਤਰਨ ਸਿੰਘ ਵਹਿਮੀ ਜੀ ਨਾਮਧਾਰੀ ਸਮਾਜ ਵਿਚ ਉਚਾ ਰੁਤਬਾ ਰੱਖਣ ਵਾਲੇ ਸ਼ਖ਼ਸ ਹੋਏ ਹਨ। ਨਾਮਧਾਰੀ ਸਮਾਜ ਅਤੇ ਸਿੱਖ ਗੁਰੂ ਸਾਹਿਬਾਨ ਪ੍ਰਤੀ ਉਨ੍ਹਾਂ ਦੀ ਅਨਿਨ ਸ਼ਰਧਾ ਭਾਵਨਾ ਰਹੀ ਹੈ।

ਤਰਨ ਸਿੰਘ ਜੀ ਦੀ ਪੁਸਤਕ ਲੇਖਣਾ ਪ੍ਰਤੀ ਵਿਸ਼ੇਸ਼ ਗੱਲ ਇਹ ਹੈ ਕਿ ਉਹ ਨਿਰੀਆਂ ਪੁਰੀਆਂ ਸੁਣੀਆਂ ਸੁਣਾਈਆਂ ਗੱਲਾਂ ਨੂੰ ਪੁਸਤਕ ਦੀ ਅਧਾਰਸ਼ਿਲਾ ਨਹੀਂ ਬਣਨ ਦਿੰਦੇ ਬਲਕਿ ਉਹ ਪੂਰੀ ਖੋਜ ਪੜਤਾਲ ਤੋਂ ਕੰਮ ਲੈ ਕੇ ਆਪਣੀ ਗੱਲ ਤੋਰਦੇ ਹਨ। ਸੰਤ ਇੰਦਰ ਸਿੰਘ ਚੱਕਰਵਰਤੀ ਜੀ ਦੇ ਬੋਲ ਉਪਰੋਕਤ ਗੱਲਾਂ ਦਾ ਚੰਗੀ ਤਰ੍ਹਾਂ ਖੁਲਾਸਾ ਕਰ ਦਿੰਦੇ ਹਨ।

"ਸ੍ਰੀ ਤਰਨ ਸਿੰਘ ਜੀ ਵਹਿਮੀ ਨੂੰ ਮੈਂ ਨਾਮਧਾਰੀ ਪੰਥ ਦਾ 'ਰਾਸ਼ਟਰ ਕਵੀ' ਜਾਂ ਰਾਜ ਕਵੀ ਮੰਨਦਾ ਹਾਂ। ਉਨ੍ਹਾਂ ਦੇ ਦਿਲ ਵਿਚ ਨਾਮਧਾਰੀ ਪੰਥ ਲਈ ਅਗਾਧ ਸ਼ਰਧਾ, ਬੇ-ਮਾਹਾ ਪਿਆਰ ਤੇ ਮਹੱਬਤ ਹੈ। ਉਹ ਇੰਨੇ ਗਿਣੇ ਸ਼ਰਧਾਲੂ ਸਜਣਾਂ ਵਿਚੋਂ ਹਨ ਜੋ ਆਪਣੇ ਆਦਰਸ਼ ਤੋਂ ਸਰਬੰਸ ਕੁਰਬਾਨ ਕਰਦੇ ਹਨ। ਪੰਥ ਲਈ ਵੱਡੀ ਤੋਂ ਵੱਡੀ ਘਾਲ ਘਾਲਣ ਦੀ ਦਲੇਰੀ ਤੇ ਹਿੰਮਤ ਉਨ੍ਹਾਂ ਵਿਚ ਅਮੇਟਵੀ ਹੈ। ........ ਉਹ ਜਦ ਵੀ ਗੱਲ ਕਰਦੇ ਹਨ, ਤਦ ਪੰਥਕ ਇਤਿਹਾਸ, ਪੰਥਕ ਰਵਾਇਤੀ ਵਾਕਯਾਤ ਦੀ ਪੁਛ ਤੇ ਖੋਜ ਸੰਬੰਧੀ ਹੀ ਕਰਦੇ ਹਨ। ਇਸੇ ਖੋਜ ਨੇ ਸਚਮੁਚ ਹੀ ਉਹਨਾਂ ਨੂੰ ਵਹਿਮੀ ਬਣਾ ਦਿੱਤਾ ਹੈ।"[26]

ਇਸ ਪੁਸਤਕ ਦੇ ਖ਼ਾਸ ਵਿਸ਼ਿਆਂ ਵਿਚੋਂ ਕੁਝ ਲੇਖਾਂ ਦੇ ਸਿਰਲੇਖ ਇਸ ਪ੍ਰਕਾਰ ਹਨਃ

ਸ੍ਰੀ ਗੁਰੂ ਗੋਬਿੰਦ ਸਿੰਘ ਦਾ ਨਦੇੜ ਤੋਂ ਬਾਅਦ ਜੀਵਨ

ਗੁਰੂ ਜੀ ਦੇ ਜਖਮ ਸਿਊਣੇ।

ਇਤਿਹਾਸ ਦੇ ਅਣਲਿਖੇ ਪੱਤਰ

ਗਿਆਨੀ ਗਿਆਨ ਸਿੰਘ ਬਾਰੇ ਕੁਛ ਜਾਣਕਾਰੀ

ਚਮਕੌਰ ਦੀ ਗੜ੍ਹੀ ਵਿਚੋਂ ਨਿਕਲਣਾ

ਸ੍ਰੀ ਗੁਰੂ ਗੋਬਿੰਦ ਜੀ ਦਾ ਦੌਲਤ ਰਾਮ ਕਾਦਲ ਨਾਲ ਮੇਲ

ਆਦਿ

ਪੁਸਤਕ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਸੰਤ ਤਰਨ ਸਿੰਘ ਜੀ '੧ਓ' ਅਤੇ ਉਸਦੇ ਹੇਠਾਂ ਸ੍ਰੀ 'ਸਤਿਗੁਰੂ ਰਾਮ ਸਿੰਘ ਜੀ ਸਹਾਇ!' ਲਿਖਣਾ ਜ਼ਰੂਰੀ ਸਮਝਦੇ ਹਨ।

> "ਪਰ ਹੁਣ ਮੈਨੂੰ ਸਾਧ ਸੰਗਤ ਵਲੋਂ ਪ੍ਰੇਰਨਾ ਹੋਈ ਹੈ ਕਿਤੇ ਤਿੰਨਾਂ ਹੀ ਪੁਸਤਕਾਂ ਤੇ ਜੋ ਸਤਿਗੁਰੂ ਜੀ ਦਾ ਨਾਮ ਹੋਣਾ ਜ਼ਰੂਰੀ ਸੀ, ਨਾਂ ਹੋਣ ਦੀ ਕਮੀ ਹੈ। ਮੈਂ ਆਪਣਾ ਅੰਦਰਲਾ ਭਾਵ ਦਸਿਆ ਕਿ ਜਿਵੇਂ ਜੋਗੀ ਦੇ ਮਥੇ ਗੁਰੂ ਕਾ ਸਿਖ ਸੁਰਗ ਦੇ ਮਿਲਣ ਨੂੰ ਕੈਦ ਸਮਝ ਕੇ ਨ ਲਗਦਾ ਸੀ ਤਿਵੇਂ ਮੈਂ ਬੇ-ਅਦਬੀ ਹੋਣ ਦੇ ਭੈ ਤੋਂ ਨਾਮ ਨਹੀਂ ਲਿਖਿਆ, ਮੁਢ, ਭਾਵੇਂ ਸਤਿਗੁਰੂ ਜੀ ਦਾ ਹੀ ਮੱਤ ਤੇ ਜੱਸ ਲਿਖਿਆ ਹੈ, ਤਾਂ ਸਾਧ ਸੰਗਤ ਦਸਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੁਕਮ ਹੈ ਕਿ ਕੂਕੇ ਦੀ ਲਿਖੀ ਪੁਸਤਕ ਤੇ
> ੧ਓ...... ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ਲਿਖਿਆ ਹੋਣਾ ਜ਼ਰੂਰੀ ਹੈ।"[27]

ਇਕ ਚੰਗੇ ਖੋਜੀ ਤੇ ਵਿਦਵਾਨ ਦੀ ਤਰ੍ਹਾਂ ਸੰਤ ਤਰਨ ਸਿੰਘ ਜੀ ਨੇ ਆਪਣੀ ਗੱਲ ਸਾਬਤ ਕਰਨ ਲਈ ਵੱਖ-ਵੱਖ ਪੁਸਤਕਾਂ ਤੋਂ ਸਹਾਰਾ ਲਿਆ ਹੈ। ਇਸ ਸੰਬੰਧ ਵਿਚ ਕਿਸੇ ਵੀ ਖ਼ਾਸ ਸਮੱਗਰੀ ਨੂੰ ਪੇਸ਼ ਕਰਨ ਤੋਂ ਪਹਿਲਾਂ ਉਹ ਵੱਖ-ਵੱਖ ਵਿਦਵਾਨਾਂ ਦੀ ਰਾਇ ਤੇ ਜ਼ਰੂਰ ਅਮਲ ਕਰਦੇ ਹਨ।

"ਹੁਣ ਅਸਾਂ ਦਸਣਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨਾਲ ਜ਼ਖ਼ਮੀ ਹੋਣ ਵਾਲੀ ਵਾਰਤਾ ਕਿਵੇਂ ਵਰਤੀ ਤੇ ਕਿਉਂ ਵਰਤੀ?

ਇਸ ਸੰਬੰਧੀ 'ਜੀਵਨ ਕਥਾ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਕਰਤਾਰ ਸਿੰਘ ਜੀ ਐਮ. ਏ. ਖਾਲਸਾ ਕਾਲਜ ਅੰਮ੍ਰਿਤਸਰ, ਫਰਵਰੀ 1935 ਵਿਚ ਛਪੀ ਦੇ 419 ਸਫੇ ਤੋਂ ਸੱਚੀ ਵਾਰਤਾ ਦੇ ਸਿਰਲੇਖ ਤਲੇ ਲਿਖਣੇ ਹਨ। ਕਈ ਹੋਰ ਲੇਖਕਾਂ ਦੀਆਂ ਲਿਖਤਾਂ, ਝੂਠੀਆਂ ਹਨ, ਪਾਠਕਾਂ ਦੇ ਦਿਲ ਵਿਚ ਹੁਣ ਇਹ ਸਵਾਲ ਉਠੇਗਾ ਕਿ ਜੇ ਪ੍ਰਚਲਤ ਕਹਾਣੀਆਂ ਸਭ ਝੂਠੀਆਂ ਹਨ। ਤਾਂ ਅਸੀਂ ਸੱਚੀਆਂ ਕਿਸ ਨੂੰ ਮੰਨਦੇ ਹਾਂ।

ਅਸੀਂ ਪਹਿਲਾਂ ਬਿਆਨ ਕਰਾਂਗੇ ਕਿ ਸਾਰੀ ਗੱਲ ਵਾਕਿਆ ਕਿਕੁਰ ਹੋਈ ਫਿਰ ਦੱਸਾਂਗੇ ਕਿ ਇਸ ਬਿਆਨ ਨੂੰ ਸੱਚਿਆਂ ਸਮਝਣ ਦੇ ਹੱਕ ਵਿਚ ਕੀ ਦਲੀਲਾਂ ਹਨ।

"ਸਰਹਿੰਦ ਦੇ ਨਵਾਬ ਵਲੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਹੀਦ ਕਰਨ ਲਈ ਇਕ ਪਠਾਣ ਭੇਜਣਾ"

> ਇਕ ਹਸਤ ਲਿਖਤ ਪੁਸਤਕ 'ਚੱਤ੍ਰਯੁਗੀ' ਵਿਚ ਦੱਸਿਆ ਹੈ ਕਿ ਸਰਹਿੰਦ ਦੇ ਨਵਾਬ ਨੇ ਇਕ ਨੌਜਵਾਨ ਪਠਾਣ ਨੂੰ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਲਈ ਤਿਆਰ ਕੀਤਾ ਇਹ ਪਠਾਣ ਪਹਿਲਾਂ ਦਿੱਲੀ ਗਿਆ ਅਤੇ ਉਥੋਂ ਗੁਰੂ ਕੇ ਮਹਿਲਾਂ ਪਾਸੋਂ ਗੁਰੂ ਜੀ ਦੇ ਅਸਥਾਨ ਦਾ ਪਤਾ ਕੀਤਾ।"[28]

ਇਸ ਪੁਸਤਕ ਨੂੰ ਲਿਖਣ ਲਈ ਜਿਨ੍ਹਾਂ ਹੋਰ ਪੁਸਤਕਾਂ ਦਾ ਸਹਾਰਾ ਲਿਆ ਗਿਆ ਹੈ ਇਕ ਖੋਜੀ ਵਿਦਵਾਨ ਦੀ ਤਰ੍ਹਾਂ ਪੁਸਤਕ ਦੇ ਅੱਗੇ ਉਨ੍ਹਾਂ ਪੁਸਤਕਾਂ ਦੀ ਸੂਚੀ ਦਿੱਤੀ ਗਈ ਹੈ ਜਿਨ੍ਹਾਂ ਵਿਚ ਕੁਝ ਮੁੱਖ ਇਸ ਪ੍ਰਕਾਰ ਹਨ:

1. ਸ੍ਰੀ ਗੁਰੂ ਗ੍ਰੰਥ ਸਾਹਿਬ
2. ਸੂਰਜ ਪ੍ਰਕਾਸ਼- ਭਾਈ ਸੰਤੋਖ ਸਿੰਘ

3. ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ

4. ਸੋਲਾਂ ਕਲਾਂ - ਪ੍ਰੋ. ਪਿਆਰਾ ਸਿੰਘ ਜੀ ਪਦਮ

5. ਸਿੱਖ ਇਤਿਹਾਸ ਬਾਰੇ ਪ੍ਰੋ. ਗੰਡਾ ਸਿੰਘ ਜੀ ਐਮ. ਏ., ਬੰਦਾ ਬਹਾਦਰ ਕੌਣ ਸੀ, ਸ੍ਰੀ ਕਰਮ ਸਿੰਘ ਹਿਸਟੋਰੀਅਨ ਆਦਿ।

ਜਿਵੇਂ ਕਿ ਸਿਰਲੇਖ ਤੋਂ ਇਹ ਝਲਕ ਪੈਂਦੀ ਹੈ ਕਿ ਇਹ ਪੁਸਤਕ ਸਿਰਫ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨੰਦੇੜੋਂ ਬਾਅਦ ਦੇ ਜੀਵਨ ਨਾਲ ਸੰਬੰਧਿਤ ਹੈ ਪਰੰਤੂ ਇਸ ਵਿਚ ਉਹਨਾਂ ਤੋਂ ਇਲਾਵਾ ਕੁਝ ਹੋਰ ਵੀ ਜਾਣਕਾਰੀ ਮਿਲਦੀ ਹੈ ਜਿਵੇਂ ਕਿ 1857 ਦੇ ਗਦਰ ਵਿਚ ਪੰਜਾਬੀਆਂ ਦਾ ਰੋਲ, ਸ੍ਰੀ ਸੇਵਾ ਸਿੰਘ ਐਡੀਟਰ ਖਾਲਸਾ ਸਮਾਚਾਰ, ਖਾਲਸਾ ਟ੍ਰੈਕਟ ਸੁਸਾਇਟੀ ਬਾਰੇ ਟਿੱਪਣੀ, ਕੂਕਿਆਂ ਬਾਰੇ, ਸ੍ਰੀ ਇੰਦਰ ਸਿੰਘ ਚੱਕਰਵਰਤੀ, ਗਿਆਨੀ ਗਿਆਨ ਸਿੰਘ ਬਾਰੇ ਕੁਝ ਜਾਣਕਾਰੀ, ਮਾਈ ਸੇਢਾਂ ਦਾ ਪ੍ਰਸੰਗ, ਸੰਤ ਨਿਧਾਨ ਸਿੰਘ ਜੀ ਆਲਿਮ ਆਦਿ ਵਿਸ਼ਿਆਂ ਤੇ ਵੀ ਵਿਸਥਾਰ ਵਿਚ ਵਰਣਨ ਕੀਤਾ ਗਿਆ ਹੈ।

**ਜੱਸ ਜੀਵਨ (ਭਾਗ ਪਹਿਲਾ)**

ਸੰਤ ਤਰਨ ਸਿੰਘ ਵਹਿਮੀ ਜੀ ਦੁਆਰਾ ਰਚਿਤ "ਜੱਸ ਜੀਵਨ" ਛੇ ਭਾਗਾਂ ਵਿਚ ਰਚਿਆ ਗਿਆ ਨਾਮਧਾਰੀ ਸਮਾਜ ਦਾ ਮਹੱਤਵਪੂਰਨ ਧਾਰਮਕ ਸਾਹਿਤ ਹੈ। ਇਸ ਸਾਹਿਤ ਨੂੰ ਨਾਮਧਾਰੀ ਸਮਾਜ ਵਿਚ ਬੜੀ ਮਹੱਤਤਾ ਦਿੱਤੀ ਗਈ ਹੈ।

ਜੱਸ ਜੀਵਨ ਦੀ ਪ੍ਰਕਾਸ਼ਨਾ 1978 ਈ. ਵਿਚ ਪਹਿਲੀ ਵਾਰ ਹੋਈ ਹੈ।

ਪੁਸਤਕ ਦੇ ਆਰੰਭ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਤਸਵੀਰ ਦਿੱਤੀ ਗਈ ਹੈ। ਇਸ ਪੁਸਤਕ ਦੀ ਭੂਮਿਕਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿੱਜੀ ਸਕੱਤਰ ਸ੍ਰੀ ਤਰਸੇਮ ਸਿੰਘ ਜੀ ਦੁਆਰਾ ਲਿਖੀ ਗਈ ਹੈ। ਪੁਸਤਕ ਅਤੇ ਲਿਖਾਰੀ ਦੇ ਮਹੱਤਵ ਬਾਰੇ ਉਹ ਲਿਖਦੇ ਹਨ:

> "ਅੱਛੇ ਲਿਖਾਰੀ ਦੀ ਲਿਖਤ ਪਾਠਕਾਂ ਨੂੰ ਬਹੁਤ ਉਚੇ ਪੱਧਰ ਦਾ ਜੀਵਨ ਪ੍ਰਦਾਨ ਕਰਦੀ ਹੈ। ਹਰੀ ਜੱਸ ਲਿਖਣ ਨਾਲ ਇਹ ਹੱਥ

ਸੋਭਾ ਪਾਉਂਦੇ ਹਨ। ਇਹੋ ਜਿਹੀ ਲਿਖਤ ਲਿਖਣ ਲੱਗਿਆਂ ਆਪਣੇ ਅੰਦਰ ਭੀ ਜਿੰਨਾ ਚਿਰ ਲਿਖਦੇ ਹੋ ਦੈਵੀ ਗੁਣਾਂ ਦਾ ਸੰਚਾਰ ਹੋਈ ਜਾਂਦਾ ਹੈ। ਸਤਿਗੁਰੂ ਨਾਲ ਵੀ ਲਿਵ ਜੁੜਦੀ ਹੈ ਇਹੋ ਜਿਹੀ ਲੇਖਣੀ ਦੇ ਮਾਲਕ ਸਨ ਸੰਤ ਤਰਨ ਸਿੰਘ ਜੀ ਵਹਿਮੀ। ਪਰਮ ਸ਼ਰਧਾਲੂ, ਸਿਦਕੀ ਅਤੇ ਗੁਰੂ ਰੰਗ ਵਿਚ ਰੰਗੇ ਵਿਅਕਤੀ। ਇਨ੍ਹਾਂ ਨੇ ਜਿੱਥੇ ਬੈਠ ਜਾਣਾ ਖੁਸ਼ੀਆਂ ਦਾ ਖੇੜਾ ਚੌਗਿਰਦੇ ਘੁੰਮਣ ਲੱਗ ਜਾਣਾ ਇਨ੍ਹਾਂ ਨੇ ਆਪਣੇ ਪਿਆਰੇ ਪ੍ਰੀਤਮ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਜੱਸ ਕਰਨੇ ਸ਼ੁਰੂ ਕਰ ਦੇਣੇ ਆਪ ਵੀ ਉਨ੍ਹਾਂ ਦੇ ਪਿਆਰ ਵਿਚ ਰੰਗਿਆ ਜਾਣਾ ਅਤੇ ਸਰੋਤਿਆਂ ਵੀ ਰੰਗ ਵਿਚ ਵੈਰਾਗੀ ਹੋਣ ਤੇ ਖੁਸ਼ੀ ਵਿਚ ਅੱਖਾਂ ਰਾਹੀਂ ਮੀਂਹ ਵਰਸਾਉਣ ਲੱਗ ਜਾਣਾ।"[29]

'ਜੱਸ ਜੀਵਨ' ਨੂੰ ਨਾਮਧਾਰੀ ਜਗਤ ਵਿਚ ਇਕ ਹਵਾਲਾ ਪੁਸਤਕ ਦੇ ਰੂਪ ਵਿਚ ਵੀ ਥਾਂ ਪੁਰ ਥਾਂ ਵਰਤਿਆ ਜਾਂਦਾ ਹੈ। ਪੁਰਾਤਨ ਗਰੰਥਾਂ ਅਤੇ ਧਾਰਮਕ ਪੁਸਤਕਾਂ ਦੀ ਰਵਾਇਤ ਮੁਤਾਬਿਕ ਇਸ ਪੁਸਤਕ ਦਾ ਆਰੰਭ ਵੀ ਮੰਗਲਾਚਰਨ ਤੋਂ ਕੀਤਾ ਗਿਆ ਹੈ:-

"ਗੁਰ ਮੰਗਲ ਤੇ ਅਰਾਧਨਾ

ਰਾਗ ਗੂਜਰੀ ਵਾਰ ਮਹਲਾ 4 (ਪਉੜੀ ੧੩)

ਵਾਹੁ ਵਾਹੁ ਸਿਰਜਣਹਾਰ ਪਾਈਅਨੁ ਠਾਢਿ ਆਪਿ॥
ਜੀਅ ਜੰਤ ਮਿਹਰਵਾਨੁ ਤਿਸਕੋ ਸਦਾ ਜਾਪਿ॥
ਦਇਆਧਾਰੀ ਸਮਰਥਿ ਚੁਕੇ ਬਿਲ ਬਿਲਾਪ॥
ਨਠੇ ਤਾਪ ਵਖ ਰੋਗ ਪੂਰੇ ਗੁਰ ਪ੍ਰਤਾਪਿ॥
ਕੀਤੀਅਨ ਆਪਣੀ ਰਖ ਗਰੀਬ ਨਿਵਾਜਿ ਥਾਪਿ

ਆਪੇ ਲਇਅਨੁ ਛਡਾਇ ਬੰਧਨ ਸਗਲ ਕਾਪਿ।।

ਤਿਸਨ ਬੁਝੀ ਆਸ ਪੁੰਨੀ ਮਨ ਸੰਤੋਖਿ ਧ੍ਰਾਪਿ

ਵਡੀ ਹੂੰ ਵਡਾ ਅਪਾਰ ਖਸਮੁ ਜਿਸ ਲੇਪੁ ਨ ਪੁੰਨਿ ਪਾਪਿ।।

(ਆਦਿ ਗ੍ਰੰਥ ਸਾਹਿਬ)"[30]

ਇਸ ਤੋਂ ਅੱਗੇ ਗੁਰਬਾਣੀ ਵਿਚੋਂ ਅਨੇਕਾਂ ਸ਼ਬਦ ਦਿੱਤੇ ਗਏ ਹਨ। ਦਸਮ ਗਰੰਥ ਦੇ ਸ਼ਬਦ ਵੀ ਵਰਤੇ ਗਏ ਹਨ। ਬਚਿਤ੍ਰ ਨਾਟਕ ਵਿਚੋਂ ਕਾਫੀ ਸ਼ਬਦ ਦਿੱਤੇ ਗਏ ਹਨ।

ਅਗਲੇ ਪੰਨਿਆਂ ਤੇ ਗੁਰ ਪ੍ਰਕਾਸ਼, ਗੁਰਪੁਰਬ, ਗੁਰੂ ਬੰਸਾਵਲੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਤਿਗੁਰੂ ਜਗਜੀਤ ਸਿੰਘ ਜੀ ਤੱਕ ਦਿੱਤੀ ਗਈ ਹੈ। ਇਹ ਪ੍ਰਸੰਗ ਪੁਰਾਤਨ ਜਨਮ ਸਾਖੀ ਵਾਲੀ ਭਾਸ਼ਾ ਰੂਪ ਵਿਚ ਲਿਖਿਆ ਗਿਆ ਹੈ।

> "ਸ੍ਰੀ ਗੁਰੁ ਨਾਨਕ ਦੇਵ ਜੀ ਪ੍ਰਗਟੇ ਕਤਕ ਪੂਰਨਮਾਸ਼ੀ ਸੰਮਤ 1523 ਬਿਕਰਮੀ ਰਾਇ ਭੋਇ ਦੀ ਤਲਵੰਡੀ, ਪਿਤਾ ਕਾਲੂ ਚੰਦ ਬੇਦੀ ਖਤ੍ਰੀ, ਮਾਤਾ ਤ੍ਰਿਪਤਾ, ਭੈਣ ਨਾਨਕੀ, ਮਹਿਲ ਸੁਲਖਣੀ, ਸਪੁਤ੍ਰ ਬਾਬਾ ਸ੍ਰੀ ਚੰਦ ਜੀ ਤੇ ਲਖਮੀ ਦਾਸ ਜੀ।"[31]

ਇਸੇ ਤਰ੍ਹਾਂ ਦਸਾਂ ਗੁਰੂਆਂ ਦਾ ਲਗਭਗ ਤਿੰਨ ਜਾਂ ਚਾਰ ਸਤਰਾਂ ਵਿਚ ਜੀਵਨ ਬਿਉਰਾ ਦਿੱਤਾ ਗਿਆ ਹੈ। ਅੱਗੇ ਗੁਰੂ ਬਾਲਕ ਸਿੰਘ ਜੀ ਤੋਂ ਸਤਿਗੁਰੂ ਜਗਜੀਤ ਸਿੰਘ ਤੱਕ ਪੰਜ ਨਾਮਧਾਰੀ ਗੁਰੂਆਂ ਦਾ ਜੀਵਨ ਬਿਉਰਾ ਦਿੱਤਾ ਗਿਆ ਹੈ।

ਅੱਗੇ "ਇਤਿਹਾਸ ਦਾ ਅਰਥ" ਸਿਰਲੇਖ ਹੇਠਾਂ ਇਤਿਹਾਸ ਨੂੰ ਪਰਿਭਾਸ਼ਤ ਕਰਨ ਦਾ ਚੰਗਾ ਜਤਨ ਕੀਤਾ ਗਿਆ ਹੈ। ਮਹਾਨ ਕੋਸ਼ ਦਾ ਹਵਾਲਾ ਵੀ ਦਿੱਤਾ ਗਿਆ ਹੈ।

ਸਮਾਪਤਿ। ਸਮਾਪਤਿ। ਖਾਤਮਾ ਇਹੁ।

ਇਤਿ – ਹ – ਆਸ। ਐਸਾ ਹੋਇਆ। ਮਹਾਨਕੋਸ਼

ਇਨੀ –ਸਚਮੁਚ–ਹਾਸ। ਇਹ ਹੋਇਆ ਸੀ।

ਐਸੇ ਨਿਸਚੇ ਸੇ ਥਾ

(ਮਾਖਜੇ ਤਵਾਰੀਖ ਸਿੱਖਾਂ)

"ਜਗਤ ਦਾ ਇਤਿਹਾਸ ਇਹ ਹੈ ਕਿ ਇਨਸਾਨ ਜੰਮੇ, ਉਨ੍ਹਾਂ ਨੇ ਦੁੱਖ ਪਾਏ ਤੇ ਮਰ ਗਏ। ਜੇਬ, ਈਰਾਨ ਦੇ ਹਕੀਮ ਵੱਲੋਂ ਬਾਦਸ਼ਾਹ ਨੂੰ ਕਹਿਣਾ।"[32]

"ਇਤਿਹਾਸ ਕੀ ਹੈ? ਸੱਚ ਆਪਣੀ ਤਲਾਸ਼ ਵਿਚ ਦੌੜਿਆ ਫਿਰਦਾ ਹੈ ਤੇ ਇਸ ਦੀ ਆਪਣੀ ਢੂੰਡ ਦੀ ਹੀ ਭੱਜ ਦੌੜ ਇਸ ਦੁਨੀਆਂ ਦਾ ਇਤਿਹਾਸ ਹੈ।"[33]

ਇਸੇ ਤਰ੍ਹਾਂ ਹੋਰ ਅਨੇਕਾਂ ਵੱਖ-ਵੱਖ ਗ੍ਰੰਥਾਂ ਚੋਂ ਹਵਾਲੇ ਦੇ ਕੇ ਇਤਿਹਾਸ ਨੂੰ ਵਿਸਥਾਰ ਵਿਚ ਪਰਿਭਾਸ਼ਤ ਕੀਤਾ ਗਿਆ ਹੈ।

ਗੁਰੂ ਸਾਹਿਬਾਨ ਦੇ ਸ਼ਬਦਾਂ ਦੁਆਰਾ ਪੇਸ਼ ਮੰਗਲਾਚਰਨ ਤੋਂ ਬਾਅਦ ਸੰਤ ਤਰਨ ਸਿੰਘ ਜੀ ਨੇ ਆਪਣੇ ਵੱਲੋਂ ਵੀ ਮੰਗਲਾਚਰਨ ਦਿੱਤਾ ਹੈ ਜਿਸ ਦਾ ਸਿਰਲੇਖ ਉਨ੍ਹਾਂ ਨੇ 'ਮੰਗਲਾਚਰਨ ਮੇਰੇ ਵਲੋਂ' ਦਿੱਤਾ ਹੈ।

ਕਬਿਤ: ੧ੳੰ ਸੰਸਾਰ ਕੋ ਅਧਾਰ ਮਾਨ

ਸਕਤਿ ਵਿਤਾਰ ਨਮੋ ਮੰਗਲਾ ਚਰਨ ਕਰੋਂ।

ਨੰਨਾ ਗੁਰ ਨਾਨਕ ਕੋ ਮੰਮਾ ਰਾਮ ਸਿੰਘ ਗੁਰੋਂ

ਨਾਮ ਕਹੇ ਮੰਡਲੇ ਤਮਾਮ ਕੀ ਸਰਨ ਪਰੋਂ।

ਗੁਰ ਹਰੀ ਹਰਿ, ਹਰੀ ਪਰਤਾਪ ਜਾਪ ਕਰ,

ਮਾਗੋਂ ਵਰ ਆਪ ਬਿਨ ਪਰਾ ਨ ਧਰਨ ਧਰੋਂ

ਆਪ ਹੀ ਸੇ ਗਿਆਨ ਮਿਲਾ ਆਪ ਹੀ ਸੇ ਧਿਆਨ ਮਿਲਾ।

ਵਰ ਪ੍ਰਤਾਪੀ ਰਹੇ ਮਿਲਾਪ ਤੋ ਤਰਨ ਤਰੋਂ

ਦੋਹਰਾ: ਆਦ ਨੰਨਾ ਨਾਨਕ ਗੁਰ ਅੰਤ ਮੰਮਾ ਗੁਰ ਰਾਮ

ਬਨੇ ਨਾਮ ਕੁੰਡਲ ਕਟਾਹ ਮੰਡਲ ਮਾਹਿ ਤਮਾਮ।"[34]

ਅਗਲੇ ਲੇਖਾਂ ਵਿਚ ਅਨੇਕਾਂ ਕਿਸਮ ਦੇ ਵਿਸ਼ੇ ਲਏ ਗਏ ਹਨ ਜਿਵੇਂ ਕਿ ਜਗਤ ਮਾਤਾ, ਬਾਲ ਬਿਲਾਸ, ਸ਼ਰਧਾ ਵਿਚ ਸੁਆਦ ਅੰਮ੍ਰਿਤ ਛਕਣ ਬਾਰੇ ਅਰਦਾਸ, ਸੀਤਲਾ ਨਿਕਲੀ, ਗੁਰੂ ਗਰੰਥ ਸਾਹਿਬ ਦੇ ਪਾਠ ਆਦਿ 304 ਕਿਸਮ ਦੇ ਛੋਟੇ ਮੋਟੇ ਲੇਖ ਸ਼ਾਮਿਲ ਕੀਤੇ ਗਏ ਹਨ।

ਪੁਸਤਕ ਦੇ ਅਖੀਰ ਤੇ 'ਸੰਤ, ਸੂਬੇ ਅਤੇ ਸੇਵਾਦਾਰ' ਸਿਰਲੇਖ ਹੇਠ ਵੱਖ-ਵੱਖ ਇਲਾਕਿਆਂ ਦੇ ਸੂਬੇਦਾਰਾਂ ਆਦਿ ਦੇ ਨਾਮ ਦਿੱਤੇ ਗਏ ਹਨ:

"(1) ਸੂਬਾ ਫਤੇ ਸਿੰਘ ਜੀ ਮਾਂਗਾ ਜਿਲ੍ਹਾ ਲਾਹੌਰ, (2) ਜਗਤ ਸਿੰਘ ਜੀ ਖੰਭੂ ਵਾਲੀ ਜਿ: ਸਿਆਲਕੋਟ, (3) ਹਰਨਾਮ ਸਿੰਘ ਜੀ ਭੋਏਵਾਲੀ ਜਿਲਾ ਅੰਮ੍ਰਿਤਸਰ, (4) ਜਿੰਦਾ ਸ਼ਹੀਦ ਸੰਤ ਜਵੰਦ ਸਿੰਘ ਜੀ ਮਿੰਟਗੁਮਰੀ ਜਿਲੇ ਦੇ, (5) ਮਹਾਂ ਸਿੰਘ ਜੀ ਨੀਲਿਆਂ ਵਾਲੀ ਬਹਾਵਲਪੁਰ ਦੇ, (6) ਬਿਸ਼ਨ ਸਿੰਘ ਭਦੌੜ, ਪਟਿਆਲਾ, ਨਾਭਾ, ਸੰਗਰੂਰ ਦੇ, (7) ਚੰਨਣ ਸਿੰਘ ਮਹਿਮਾ ਵਾਲੀ ਫਰੀਦਕੋਟ ਦੇ, (8) ਮੀਂਹਾ ਸਿੰਘ ਜੀ ਗੁਰੁਸਰ ਵਾਲੇ ਮਾਲਵੇ ਦੇ, ਜਿਲਾ ਫੀਰੋਜ਼ਪੁਰ ਦੇ, (9) ਮਹਿਲ ਜੀ ਸੇਠ ਫਿਲੋਕੇ ਜਿ: ਗੁਜਰਾਂਵਾਲੇ ਦੇ (10) ਪੰਡਿਤ ਬਸੰਤ ਸਿੰਘ ਜੀ ਪਧਾਣੇ ਵਾਲੇ ਦੁਆਬੇ ਜਿ: ਜਲੰਧਰ ਦੇ (11) ਮਨਸ਼ਾ ਸਿੰਘ ਭਰਥਲਾ ਜਿਲਾ ਲੁਧਿਆਣਾ ਦੇ (12) ਵਰਿਆਮ ਸਿੰਘ ਜੀ ਮੌਲੀ ਵੈਦਵਾਂ ਜਿਲ੍ਹਾ ਅੰਬਾਲਾ ਦੇ (13) ਬੰਤਾ ਸਿੰਘ ਜੀ ਬੂੜੇ ਡਲੇ ਵਾਲੇ ਜਿ: ਸਰਗੋਧੇ ਦੇ ਆਦਿ।"[35]

ਜੱਸ ਜੀਵਨ ਨਿਰਾ ਪੁਰਾ ਧਾਰਮਕ ਗ੍ਰੰਥ ਹੀ ਨਹੀਂ ਬਲਕਿ ਅਪਣੇ ਸਮੇਂ ਦੀ ਪ੍ਰਸਿੱਧ ਵਾਰਤਕ ਰਚਨਾ ਦੇ ਨਾਲ-ਨਾਲ ਇਕ ਇਤਿਹਾਸਕ ਦਸਤਾਵੇਜ ਵਜੋਂ ਵੀ ਵਿਚਾਰਿਆ ਜਾ ਸਕਦਾ ਹੈ। ਇਸ ਕਾਲ ਦੀ ਵਾਰਤਕ ਵਿਚ ਧਾਰਮਕ ਵੇਰਵਿਆਂ ਦੇ ਨਾਲ-ਨਾਲ ਉਸ ਸਮੇਂ ਦੀਆਂ ਘਟਨਾਵਾਂ ਅਤੇ ਹੋਰਨਾਂ ਇਤਿਹਾਸਕ ਵਿਅਕਤੀਆਂ ਤੇ ਉਨ੍ਹਾਂ ਦੁਆਰਾ ਉਠਾਏ ਗਏ ਅੰਗਰੇਜ਼ ਵਿਰੋਧੀ ਉੱਦਮਾਂ ਨੂੰ ਵੀ ਕਈ ਥਾਵਾਂ 'ਤੇ ਵਾਰਤਕ ਦਾ ਆਧਾਰ ਬਣਾਇਆ ਗਿਆ ਹੈ। ਜਿਵੇਂ ਸੰਤ ਤਰਨ ਸਿੰਘ ਵਹਿਮੀ ਜੀ ਜੱਸ ਜੀਵਨ ਭਾਗ ਪਹਿਲਾ ਵਿਚ 'ਸਾਕਾ ਜਲ੍ਹਿਆਂ ਵਾਲਾ' ਸਿਰਲੇਖ ਅਧੀਨ ਲਿਖਦੇ ਹਨ:

"ਇਸੇ ਵੈਸਾਖੀ ਤੇ ਸ੍ਰੀ ਅੰਮ੍ਰਿਤਸਰ ਜਲ੍ਹਿਆਂ ਵਾਲੇ ਬਾਗ ਵਿਚ ਜਲਸਾ ਹਿੰਦੂ, ਸਿੱਖ ਤੇ ਮੁਸਲਮਾਨਾਂ ਦਾ ਸਭ ਦਾ ਸਾਂਝਾ ਭਾਰਤ ਵਲੋਂ ਅੰਗਰੇਜ਼ਾਂ ਦੇ ਵਿਰੁੱਧ ਹੋ ਰਿਹਾ ਸੀ। ਇਸ ਤੋਂ ਕੁਝ ਦਿਨ ਪਹਿਲਾਂ ਅੰਮ੍ਰਿਤਸਰ ਵਿਚ ਮੁਕੰਮਲ ਹੜਤਾਲ ਹੋਈ ਸੀ। ਏਸ ਰੋਸ ਦੀ ਕਿ ਅੰਗਰੇਜ਼ ਨੂੰ ਹਿੰਦੁਸਤਾਨੀਆਂ, ਜਰਮਨ ਜੰਗਾਂ ਵਿਚ ਬਹੁਤ ਮਦਦ ਦਿੱਤੀ ਹੈ ਉਸ ਦੇ ਇਵਜ਼ 'ਚ ਕੁਝ ਸਹੂਲਤਾਂ ਦੇਣ ਦੀ ਥਾਂ ਅੰਗਰੇਜ਼ਾਂ ਰੋਲਟ-ਐਕਟ-ਕਾਲਾ ਕਾਨੂੰਨ ਸਗੋਂ ਲਾਗੂ ਕਰ ਦਿੱਤਾ ਏ। ਜਿਨ੍ਹਾਂ ਆਗੂਆਂ ਸੈਫੁਦੀਨ ਕਿਚਲੂ ਤੇ ਡਾ. ਸਤਪਾਲ ਨੂੰ ਜਲਾਵਤਨ ਕੁਝ ਦਿਨ ਬਾਅਦ ਫੜ ਕੇ ਕਰ ਦਿੱਤਾ ਸੀ। ਇਸ ਰੋਸ ਬਾਬਤ ਤਕਰੀਰਾਂ ਜਲਸੇ ਵਿਚ ਹੋ ਰਹੀਆਂ ਸੀ। ਮੇਲਾ ਵੇਖਣ ਆਏ ਤੇ ਸੁਨਣ ਆਏ ਅਗਣਤਾਂ ਤੇ ਵੈਸਾਖੀ ਵਾਲੇ ਦਿਨ ਅੰਗਰੇਜ਼ ਜਰਨਲ ਡਾਇਰ ਪੰਜਾਬ ਨੇ ਗੋਲੀ ਚਲਾ ਮਾਰੇ ਬੱਚੇ, ਬੁੱਢੇ, ਤੀਵੀਆਂ, ਜਵਾਨ। ਦਬਾਣ ਲਈ ਕਿ ਇਹ ਡਰ ਜਾਣਗੇ।

ਹੋਇਆ ਇਸ ਦੇ ਉਲਟ ਕਿ ਸਭ ਭਾਰਤ ਵਿਚ ਜੋਸ਼ ਵੱਧ ਗਿਆ ਤੇ ਜੋ ਗਾਂਧੀ ਜਿਹੇ ਕਾਂਗਰਸੀ ਅਗੇ ਕੁਝ ਹੱਕ ਹੀ ਮੰਗਦੇ ਸੀ ਨੌਕਰੀਆਂ ਤੇ ਸੀਟਾਂ ਲਈ ਉਹ ਤੇ ਰਬਿੰਦਰਾ ਨਾਥ ਟੈਗੋਰ ਜਿਹੇ ਜੋ ਸਰਕਾਰ-ਭਗਤ ਸੀ ਸਭ ਗੋਰਿਆਂ ਦੇ ਖਿਲਾਫ ਆਜ਼ਾਦ ਹੋਣ ਲਈ ਇਸ ਜ਼ੁਲਮੀ ਰਾਜ ਤੋਂ ਲਾਚਾਰ ਹੋ ਤਿਆਰ ਹੋ ਪਏ।"[36]

ਇਸੇ ਪ੍ਰਸੰਗ ਨੂੰ ਅੱਗੇ ਤੋਰਦਿਆਂ ਉਹ 'ਸ਼ਹੀਦ ਊਧਮ ਸਿੰਘ ਸੁਨਾਮ' ਦੀ ਗੱਲ ਵੀ ਕਰਦੇ ਹਨ ਤਾਂ ਕਿ 'ਸਾਕਾ ਜਲ੍ਹਿਆਂ ਵਾਲਾ' ਕਾਂਡ ਪੂਰਾ ਹੋ ਸਕੇ:-

"ਊਧਮ ਸਿੰਘ ਕੰਬੋ ਜੋ ਸੁਨਾਮ ਦਾ ਜੰਮ ਤਦੋਂ ਅੰਮ੍ਰਿਤਸਰ ਪੜ੍ਹਦਾ ਸਭ ਇਹ ਹੱਤਿਆ ਕਾਂਡ ਸਕੂਲੋਂ ਆਇਆ ਵੇਖ ਚੁੱਕਾ ਸੀ। ਉਸ ਨੇਮ ਕੀਤਾ

ਇਸ ਦੇ ਜੁੰਮੇਵਾਰ ਨੂੰ ਮਾਰਾਂਗਾ ਇਸੇ ਤਰ੍ਹਾਂ ਗੋਲੀ ਨਾਲ। ਉਸ ਮਗਰ ਪੁਲਸ ਲਗੀ ਰਹੀ। ਉਹ ਅਮਰੀਕਾ ਗਿਆ, ਫੇਰ ਗਦਰੀਆਂ ਦੀ ਸੰਗਤ ਕੀਤੀ, ਲਾਹੌਰ ਆਇਆ ਫੜਿਆ ਗਿਆ ਤੇ ਜੱਜ ਸਾਹਮਣੇ ਉਸ ਸੱਚ ਬੋਲਿਆ "ਪਰ ਮੈਂ ਮਾਰਨ ਮਰਨ ਤੋਂ ਕਰਦਾ ਨਹੀਂ ਇਨਕਾਰ। ਬੇਸ਼ੱਕ ਮੈਥੋਂ ਖੋਹ ਲੈ ਤੁਸਾਂ ਰੀਵਾਲਵਰ ਚਾਰ। ਜਲ੍ਹਿਆਂਵਾਲੇ ਬਾਗ ਦਾ ਜ਼ਾਲਮ ਸ਼ੈਤਾਨ। ਕਿਸੇ ਸਮੇਂ ਵੀ ਉਸ ਦੀ ਮਾਫ ਨਾ ਕਰਸਾਂ ਜਾਨ।" ਚਾਰ ਸਾਲ ਕੈਦ ਕੱਟ ਲੰਡਨ ਪੁੱਜ ਤਾਂ ਮਾਰਚ 1940 ਈ. ਜਦ ਉਹ ਹਿੰਦੁਸਤਾਨ ਦੀ ਅਡਵਾਇਰ ਨਿੰਦਿਆ ਕਰ ਰਿਹਾ ਸੀ। ਰਾਮ ਮਹੰਮਦ ਸਿੰਘ ਨਾਮ ਰਖ ਉਥੇ ਪੁੱਜੇ ਊਧਮ ਸਿੰਘ ਨੇ ਉਸ ਨੂੰ ਗੋਲੀਆਂ ਮਾਰ, ਮਾਰ ਦਿੱਤਾ ਤੇ ਆਪ ਖੜਾ ਰਿਹਾ ਜੋ 13 ਜੂਨ ਨੂੰ ਫਾਂਸੀ ਲਗ 1940 ਈ. ਨੂੰ।

ਊਧਮ ਸਿੰਘ ਦੇ ਪਿਤਾ ਦਾ ਨਾਮ ਟਹਿਲ ਸਿੰਘ ਤੇ ਮਾਤਾ ਦਾ ਨੈਣੀ ਸੀ ਮੈਂ ਉਸ ਦਾ ਸਾਰਾ ਹਾਲ ਹੁਣੇ ਇਸ ਲਈ ਲਿਖ ਦਿੱਤਾ ਹੈ ਮਤ ਮੈਥੋਂ ਗਲਤੀ ਨਾਲ ਤਦੋਂ ਲਿਖਣੋ ਨਾ ਰਹਿ ਜਾਵੇ। ਮੈਂ ਉਚਰਾਂ ਸਮਾਂ ਲਿਖਣ ਵੇਲੇ ਆਪ ਹੀ ਚੜ੍ਹ ਜਾਵਾਂ ਇਸ ਗਲੋਂ ਕਈ ਸਮੇਂ ਮੈਂ ਪਹਿਲੇ ਹੀ ਤੋੜ ਤਕ ਲਿਖਦਾ ਹਾਂ ਗੁਰ ਸਿੱਖਾਂ ਤੇ ਬਚਨਾ ਵਿਚ ਭੀ।

ਇਹ ਊਧਮ ਸਿੰਘ ਜਲਿਆਂ ਵਾਲੇ, ਬਾਗ ਦੇ ਸਾਕੇ ਸਮੇਂ 20 ਵਰ੍ਹਿਆਂ ਦਾ ਸੀ ਤੇ 20 ਵਰ੍ਹੇ ਬਾਦ ਉਸਨੇ 1976 ਬਿਕਰਮੀ ਦੇ ਸਾਕੇ ਦਾ ਬਦਲਾ 1997 'ਚ ਲੰਡਨ ਜਾ ਲਿਆ ਸੀ।"[37]

**ਜੱਸ ਜੀਵਨ (ਭਾਗ ਦੂਜਾ):**

ਇਹ ਜੱਸ ਜੀਵਨ (ਦੂਸਰਾ ਭਾਗ) ਵਡ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੇ ਜੀਵਨ ਨਾਲ ਸੰਬੰਧਿਤ ਹੈ।

ਪਹਿਲੇ ਭਾਗ ਦੀ ਤਰ੍ਹਾਂ ਇਸ ਪੁਸਤਕ ਦਾ ਆਰੰਭ 'ਗੁਰ ਮੰਗਲ ਤੇ ਅਰਾਧਨਾ' ਨਾਲ ਕੀਤਾ ਗਿਆ ਹੈ।

ਬਿਲਾਵਲੁ ਮਹਲਾ 5

ਦਾਸ ਤੇਰੇ ਕੀ ਬੇਨਤੀ ਰਿਦ ਕਰਿ ਪਰਗਾਸੁ॥

ਤੁਮਰੀ ਕ੍ਰਿਪਾ ਤੇ ਪਾਰਬ੍ਰਹਮ ਦੋਖਨ ਕੋ ਨਾਸੁ॥੧॥

ਬਿਲਾਵਲੁ ਮਹਲਾ ੫॥ ਰਹਾਉ॥

ਹਮਰੇ ਪਿਤਾ ਠਾਕੁਰ ਪ੍ਰਭ ਸੁਆਮੀ ਹਰਿ ਦੇਹੁ ਮਤੀ ਜਸੁ ਕਰਾ॥

ਤੁਮਰੈ ਸੰਗਿ ਲਗੇ ਸੇ ਉਧਰੇ ਜਿਉ ਸੰਗਿ ਕਾਸਟ ਲੋਹ ਤਰਾ॥ ੨॥

ਅਰਾਧਨਾ ਤੋਂ ਬਾਅਦ "1978 ਸੰਮਤ ਦਾ ਇਸ ਜੱਸ ਜੀਵਨ ਦਾ ਆਰੰਭ" ਸਿਰਲੇਖ ਹੇਠ ਦੱਸਿਆ ਗਿਆ ਹੈ ਕਿ ਇਸ ਸੰਮਤ ਨੂੰ ਇਸ ਜੱਸ ਜੀਵਨ ਦਾ ਆਰੰਭ ਕੀਤਾ ਗਿਆ ਹੈ-

ਨਿਰਮਲ ਭਏ ਉਜਲ ਜਸੁ ਗਾਵਤ ਬਹੁਰਿ ਨ ਹੋਵਤ ਕਾਰੋ॥

ਚਰਨ ਕਮਲ ਸਿਉ ਡੋਰੀ ਰਾਚੀ ਭੇਟਿਉ ਪੁਰਖੁ ਅਪਾਰੋ॥

ਤੇਰੀ ਕੀਰਤਿ ਕਰਮ ਕਮਾਉ।

ਇਸ ਸਾਲ ਦੇ ਆਰੰਭ ਦਾ ਮੰਗਲ ਕਰ ਤੇ ਇਹਨਾਂ ਵਾਕਾਂ ਦਾ ਹੀ ਭਾਵ ਅੰਦਰ ਵਸਾ ਤੇ ਆਸਰਾ ਲੈ 1978 ਸਾਲ ਦਾ ਆਰੰਭ ਤੇ ਸਤਿਗੁਰੂ ਜੀ ਦਾ ਜੱਸ ਜੀਵਨ ਲਿਖਦਾ ਹਾਂ।"[38]

ਜੱਸ ਜੀਵਨ ਭਾਗ ਦੂਜਾ ਵਿਚ ਅਨੇਕਾਂ ਵੱਖ-ਵੱਖ ਕਿਸਮ ਦੇ 72 ਲੇਖ ਦਿੱਤੇ ਗਏ ਹਨ ਪਹਿਲਾ ਲੇਖ ਹੈ 'ਨਾਭੇ ਵਲੋਂ ਬੀੜ ਤੇ ਪਾਠ ਬੀੜ ਵਿਚ' ਨਾਭੇ ਦੇ ਰਾਜੇ ਵੱਲੋਂ ਸਤਿਗੁਰੂ ਜੀ ਨੂੰ ਦਿੱਤੀਆਂ ਗਈਆਂ ਭੇਟਾਵਾਂ ਦਾ ਜ਼ਿਕਰ ਕੀਤਾ ਗਿਆ ਹੈ:-

"ਸਤਿਗੁਰੂ ਜੀ ਪਾਸ ਮੁਕਤਸਰ ਭੀ ਕੁਝ ਨਾਭੇ ਦੇ ਰਾਜੇ ਵਲੋਂ ਸਰੀਰ ਪੁੱਜੇ ਬੀੜ ਮਠਾੜੂ ਤੇ ਕਾਰ ਇਕ ਭੇਟਾ ਕੀਤੀ। ਸਤਿਗੁਰੂ ਜੀ ਤੇ ਸਾਧ ਸੰਗਤ ਰਾਜੇ ਰਿਪੁਦਮਨ ਸਿੰਘ ਨਾਭੇ ਸੱਦੇ ਸੀ। ਏਦੂੰ ਪਹਿਲਾਂ ਭੇਟਾ ਕੁਝ ਵਸਤਾਂ ਤੇ ਬਸਤ੍ਰ ਮਾਇਆ ਕੀਤੇ ਸੀ ਤੇ ਸਤਿਗੁਰੂ ਜੀ ਪਾਸ ਅਰਜ ਕੀਤੀ ਸੀ,

ਮੈਂ ਭੈਣੀ ਸਾਹਿਬ ਭੀ ਕਿਸੇ ਮੇਲੇ ਤੇ ਕੁਝ ਸਰੀਰ ਭੇਜਣੇ ਚਾਹੁੰਦਾ ਹਾਂ ਤਾਂ ਸਤਿਗੁਰੂ ਜੀ ਕਿਹਾ ਸੀ, ਨਿਮਾਣੀ ਦੇ ਮੇਲੇ ਤੇ ਜਾਂ ਹੋਰ ਮੇਲੇ ਤੇ ਆਪ ਨੂੰ ਪਤਾ ਦੇਵਾਂਗੇ। ਇਸ ਹੋਲੇ ਤੇ ਇਹੋ ਕਿਹਾ ਸਤਿਗੁਰੂ ਜੀ ਭੈਣੀ ਸਾਹਿਬ ਮੇਲੇ ਤੇ ਨਹੀਂ ਆਉਣਾ। ਰਾਜੇ ਭਜਨ ਪੁਛਿਆ ਸੀ ਟਿਕੇ ਦੇ ਜਨਮ ਬਾਦ ਸਾਧਾਂ ਤੋਂ। ਟਿੱਕੇ ਦਾ ਜਨਮ 5 ਅੱਸੂ 1976 ਨੂੰ ਹੋਇਆ ਸੀ ਤੇ ਅੰਮ੍ਰਿਤ ਆਤਮਾ, ਮਾਈ ਹੁਕਮੀ ਵਰਿਆ੍ਹਵਲੀ ਸਮੇਤ ਸਾਧਾਂ ਜਾ ਛਕਾਇਆ ਸੀ। ਸਵਾ ਮਹੀਨੇ ਬਾਦ ਮਹਾਰਾਣੀ ਸਰੋਜਨੀ ਦੇਵੀ ਦੇ ਸੱਦੇ ਤੇ"[39]

ਇਸ ਤੋਂ ਅੱਗੇ ਇਕ ਲੇਖ ਵਿਚ 'ਤਰਨ ਤਾਰਨ ਅਕਾਲੀਆਂ ਤੇ ਨਾਮਧਾਰੀਆਂ ਵਿਚ ਲੜਾਈ' ਅਧੀਨ ਅਕਾਲੀਆਂ ਤੇ ਨਾਮਧਾਰੀਆਂ ਦੀ ਲੜਾਈ ਵਿਸਥਾਰ ਵਿਚ ਦੱਸਿਆ ਗਿਆ ਹੈ-

"1980 ਬਿ. ਹਾੜ ਦੀ ਚੌਦਾਂ ਵੀਰਵਾਰ ਤਰਨ-ਤਾਰਨ ਮੇਲੇ ਤੇ ਨਾਮਧਾਰੀ ਦਰਬਾਰ ਵਲੋਂ ਉਦਮ ਕਰ ਬਹੁਤ ਪ੍ਰਚਾਰ ਦੀ ਲੋੜ ਜਨਾ, ਗੁਰਦੁਆਰੇ ਨਾਮਧਾਰੀ 'ਚ ਲੰਗਰ ਆਰੰਭ ਪ੍ਰਕਰਮਾਂ 'ਚ ਦੀਵਾਨ ਲਾਇਆ। ਆਲਿਮ ਜੀ, ਚਕਰਵਰਤੀ ਜੀ, ਸੰਤ ਮੋਹਣ ਸਿੰਘ ਜੀ ਵਡਾਲੇ ਵਾਲੇ ਸਮੇਤ ਢੁਲਕਈ ਇੰਦਰ ਸਿੰਘ ਚੁਗਾਵੇਂ ਵਾਲੇ ਤੇ ਜਥੇਦਾਰ ਹੀਰਾ ਸਿੰਘ ਲਾਨਿਆਂ ਦਾ ਜੋ ਬਹੁਤ ਤੇਜ਼ ਸੁਭਾ ਦਾ ਸੀ, ਬਘੇਲ ਸਿੰਘ ਮੁਰਾਲ ਚੱਕ ਦਾ, ਸੁਰਜਨ ਸਿੰਘ ਵਲਟੋਹੇ ਦਾ ਸਾਜਾਂ ਵਾਲੇ ਬਾਬਾ ਸਿੰਘ ਵਰਨ, ....... ਆਏ ਹੋਏ ਸੀ, ਅਕਾਲੀਆਂ ਆ ਰੋਕਿਆ, ਲੋਕਾਂ ਤੇ ਕੂਕਿਆਂ ਕਿਹਾ, ਤੁਹਾਡਾ ਕੀ ਹਰਜ ਏ, ਉਹਨਾਂ ਕਿਹਾ ਇਹ ਆਏ ਲੋਕਾਂ ਨੂੰ ਆਪਣਾ ਤਮਾਸ਼ਾ ਵਿਖਾ ਭਰਮਾਂਦੇ ਹਨ ਤੇ ਬੀਬੀਆਂ ਨੂੰ ਧਕੇ ਵਜਦੇ ਹਨ।

ਮੋਹਣ ਸਿੰਘ ਜੀ ਦੇ ਜਥੇ ਦੇ ਸਾਧਾਂ ਤਕੜੇ ਹੋ ਕਿਹਾ, ਤੁਸੀਂ ਚਲੇ ਜਾਉ। ਅਕਾਲੀ ਸੇਵਾਦਾਰਾਂ ਵਿਚ ਰਲੇ ਸਰਕਾਰੀਆਂ ਸਿਖਾਂ ਕਿਹਾ ਇਥੇ ਸਾਡਾ ਕਬਜ਼ਾ ਹੈ ਤੇ ਹੋਰ ਅਕਾਲੀਆਂ ਨੂੰ ਜਾ ਭੜਕਾ ਦਿੱਤਾ।

ਅਕਾਲੀ ਅਗਿਣਤ ਜੁੜ ਨਾਮਧਾਰੀ ਧਰਮਸ਼ਾਲਾ 'ਚ ਹੀ ਮਾਰਨ ਆ ਪਏ, ਅੱਗੋਂ ਨਾਮਧਾਰੀਆਂ ਵੀ ਸਰਦਾ ਮੁਕਾਬਲਾ ਕੀਤਾ।"[40]

ਇਸ ਤਰ੍ਹਾਂ ਜੱਸ ਜੀਵਨ ਭਾਗ ਦੂਜਾ ਵਿਚ ਪਹਿਲੇ ਨਾਲੋਂ ਕੁਝ ਵੱਖਰੀ ਕਿਸਮ ਦੇ ਲੇਖ ਸ਼ਾਮਿਲ ਕੀਤੇ ਗਏ ਹਨ। ਭਾਸ਼ਾ ਕਾਵਿਕ ਕਿਸਮ ਦੀ ਹੈ। ਭਾਸ਼ਾ ਵਿਚ ਸਾਧ ਭਾਸ਼ਾ ਦੇ ਵਧੇਰੇ ਸ਼ਬਦ ਵਰਤੇ ਗਏ ਹਨ ਜਿਵੇਂ ਕਿ ਸਰੀਰ, ਭੂਸ਼ਨ, ਬਿਰਧ, ਗੁਰਮਾਰਗ, ਲੋਚਨ ਆਦਿ।

ਜੱਸ ਜੀਵਨ ਭਾਗ ਦੂਜਾ ਵਿਚ ਛੋਟੇ-ਛੋਟੇ ਵਿਸ਼ਿਆਂ ਨੂੰ ਕਹਾਣੀਆਂ ਦੀ ਤਰ੍ਹਾਂ ਪੇਸ਼ ਕੀਤਾ ਗਿਆ ਹੈ। ਜਿਵੇਂ ਕਿ 'ਘੁੰਡ' ਨਿਬੰਧ ਵਿਚ:

"ਤਿੰਨ ਦਿਨ ਬਹੁਤ ਕੀਰਤਨ ਹੋਇਆ ਲੰਗਰ ਵਰਤਿਆ, ਕੇਸਰ ਸਿੰਘ ਜੀ ਰਾਗੀ ਠੱਟਾ, ਜਿਲਾ ਅੰਮ੍ਰਿਤਸਰ, ਭਾਈ ਮੰਗਲ ਸਿੰਘ, ਭਾਈ ਪ੍ਰੇਮ ਸਿੰਘ ਜੀ ਸੂਰਮੇ ਸਮੇਤ ਕੀਰਤਨ ਕੀਤਾ ਸ਼ਹਿਰ ਦੀਆਂ ਮਾਈਆਂ ਬੀਬੀਆਂ ਬੀਬੀ ਲਈ ਬਹੁਤ ਬਸਤ੍ਰ ਦਿੱਤੇ ਪੂਰਨ ਗੁਰ ਮਰਯਾਦਾ ਅਨੁਸਾਰ ਹਵਨ ਹੋ ਵੇਦੀ ਵਿਚ ਨੰਗੇ ਮੂੰਹ ਲਾਵਾਂ ਪੜ੍ਹ ਆਨੰਦ ਹੋਇਆ, ਆਲਮ ਜੀ ਆਨੰਦ ਬਾਦ ਖੜ੍ਹ ਹੋ ਕੇ ਕਿਹਾ ਮੈਂ ਇਹ ਸਮੇਂ ਕੋਈ ਸਿਖਿਆ ਬੀਬੀ ਨੂੰ ਇਸ ਵਾਸਤੇ ਨਹੀਂ ਦਿੱਤੀ ਕਿ ਜੋ ਸਿਖਿਆ ਦੇਣੀ ਸੀ, ਇਸ ਸਮੇਂ ਤੋਂ ਪਹਿਲਾਂ ਜਨਮ ਤੋਂ ਅੱਜ ਤੱਕ ਬੀਬੀ ਨੂੰ ਦੇ ਦਿੱਤੀ ਹੋਈ ਹੈ। ਆਲਮ ਜੀ ਬੀਬੀ ਨੇ ਮਾਲਾ, ਗੜਵਾ, ਪਊਏ, ਪੋਥੀ, ਡੋਰੀ, ਆਸਣ ਆਦਿ ਹੀ ਦਾਤ ਦਿੱਤੀ। ਬੀਬੀ ਸਹੁਰੇ ਗਈ, ਬੀਬੀਆਂ ਕਿਹਾ ਘੁੰਡ ਕੱਢ। ਤੇਜ ਕੌਰ ਕਿਹਾ ਪਿਤਾ ਜੀ ਤੇ ਸਤਿਗੁਰੂ ਜੀ ਦਾ ਹੁਕਮ ਨਹੀਂ। ਆਲਮ ਜੀ ਕੁੜਮਾ ਨੂੰ ਭੀ ਕਹਿ ਦਿੱਤਾ ਸੀ, ਤੁਸਾਂ ਕੋਈ ਜਗਤ ਰੀਤ ਦਾ ਬਲ ਨਾ ਬੀਬੀ ਤੇ ਪਾਣਾ। ਉਨ੍ਹਾਂ ਭੀ ਜੋਰ ਨਾ ਦਿੱਤਾ। ਜੋ ਬਸਤ੍ਰ ਬੀਬੀ ਜੋਗ ਆਏ ਸੀ, ਬਾਦ ਸਹਿਜ ਨਾਲ ਸਮੇਂ ਸਮੇਂ ਆਲਮ ਜੀ ਦਿੱਤੇ ਸੀ। ਮੈਂ ਭੀ ਹਿੰਦੂ ਚਕੋਂ ਦੋਵੇਂ ਦਿਨ ਮੇਲੇ ਤੇ ਗਿਆ ਰਿਹਾ ਸਾਂ ਤੇ ਆਨੰਦ ਬਾਦ ਖੜੋ ਕਵਿਤਾ ਪੜ੍ਹੀ ਸੀ ਜੋ ਇਸ ਭਾਵ ਦੀ ਸੀ ਕਿ:

"ਮੰਨਿਆਂ ਨਹੀਂ ਮਨ ਮੇਰਾ, ਮਨ੍ਹਾਂ ਕਰ ਥਕਿਆ ਮੈਂ।
ਪੁਛੇ ਨਿਤ ਮੈਨੂੰ ਦਸ ਮਹਿਨਾਂ ਕੀ ਏ ਘੁੰਡ ਦਾ

ਕਿਸੇ ਗੁਰਪੀਰ ਤੋਂ ਇਹ ਸ਼ੁਰੂ ਹੋਇਆ ਕੱਢਣਾ ਹੈ।

ਜਾਂ ਕਿ ਜਾਰੀ ਕੀਤਾ ਹੈ ਰਵਾਜ ਕਿਸੇ ਘੁੰਡ ਦਾ।"[41]

ਇਸੇ ਤਰ੍ਹਾਂ "1992 ਸਾਲ ਦਾ ਆਰੰਭ" ਵਿਸ਼ੇ ਅਧੀਨ ਸਾਲ ਦੇ ਆਰੰਭ ਬਾਰੇ ਲਿਖਿਆ ਗਿਆ ਹੈ:

ੴ

"ਸ੍ਰੀ ਸਤਿਗੁਰ ਰਾਮ ਸਿੰਘ ਜੀ ਸਹਾਇ॥

ਗੂਜਰੀ ਮ: ਪ: ਤੂੰ ਦਾਤਾ ਜੀਅ ਸਭਨਾ ਕਾ ਬਸੋ ਮੇਰੇ ਮਨ ਮਾਹੀ॥

ਕਰ ਕਿਰਪਾ ਸਰਬ ਪ੍ਰਤਿਪਾਲਕ ਪ੍ਰਭੁ ਕਉ ਸਦਾ ਸਾਲਾਹੀ॥

.....................................

ਆਦਿ ਮਹਾਵਾਕਾਂ ਦਾ ਮੰਗਲ ਕਰ ਅਗਲੇ ਸਾਲ 1992 ਦਾ ਆਰੰਭ ਕਰਦਾ ਹਾਂ ਤੇ ਇਨ੍ਹਾਂ ਵਾਕਾਂ ਦਾ ਹੀ ਭਾਵ ਆਪਣੇ ਅੰਦਰ ਵਸਾ ਗੁਰੂ ਕਾ ਜੱਸ, ਗੁਰੂ ਕੀ ਕਥਾ ਮੈਂ ਲਿਖਣੀ ਆਰੰਭਦਾ ਹਾਂ ਤੇ ਸੁਣਨ ਵਾਲੇ ਭੀ ਇਹ ਭਾਵ ਅੰਦਰ ਵਸਾ ਆਪ ਨੂੰ ਧੰਨਤਾ ਜੋਗ ਬਣਾਉਣ ਤੇ ਇਸ ਵਿਚੋਂ ਪ੍ਰਸੰਗ ਪੜ੍ਹ ਲਿਖਣ ਵਾਲੇ ਭੀ ਆਪਣੀ ਕੁਲ ਦਾ ਭਲਾ ਕਰਨ।"[42]

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਿਆ ਹੈ ਕਿ ਪੁਸਤਕ ਲਿਖਣ ਦਾ ਸੰਮਤ ਕੋਈ ਬਹੁਤਾ ਪੁਰਾਣਾ ਨਹੀਂ ਪਰ ਫਿਰ ਵੀ ਇਹ ਭਾਸ਼ਾ ਰੂਪ ਤੋਂ ਕਾਫ਼ੀ ਪੁਰਾਣੀ ਜਾਪਦੀ ਹੈ। ਵਾਕ ਬਣਤਰ ਅਤੇ ਭਾਸ਼ਾ ਪੱਖੋਂ ਲਿਖਤ ਬਹੁਤੀ ਵਧੀਆ ਨਹੀਂ। ਇਸ ਬਾਰੇ ਸੰਤ ਤਰਨ ਸਿੰਘ ਜੀ ਨੇ ਆਪ ਹੀ ਲਿਖਿਆ ਹੈ:

"ਮੇਰੀ ਲਿਖਤ ਹੀ ਨਿਰੀ ਕੁਢੰਗੀ ਨਹੀਂ ਅੱਖਰ ਭੀ ਭੈੜੇ ਹੀ ਲਿਖਦਾ ਹਾਂ ਕਿਉਂਕਿ ਮੈਂ ਗੁਰਮੁਖੀ ਦੀ ਲਿਖਾਈ ਸਿੱਖੀ ਨਹੀਂ, ਲਿਖੀ ਹੈ ਤੇ ਲਿਖਣ ਭੀ ਮਨ ਦੇ ਵਹਿਣੋਂ ਹੀ ਪ੍ਰੇਮ ਵਸ ਹੋ ਲਗ ਪਿਆ ਹਾਂ। ਤੇ ਹੁਣ ਇਹ ਮੰਨਿਆ ਹੈ "ਜੋ ਪ੍ਰਭਿ ਦਿੱਤੀ ਦਾਤਿ ਸਾ

ਪੂਰਨ ਵਡਿਆਈ।" ਮੈਂ ਬਦਲ ਨਹੀਂ ਸਕਦਾ। ਉਮਰ 62 ਸਾਲ ਹੋ ਗਈ ਹੈ।"[43]

ਇਹ ਪੁਸਤਕ 463 ਪੰਨਿਆ ਦੀ ਹੈ। ਅਖੀਰਲੇ ਵਿਸ਼ੇ "ਨਿਕਟੀ ਹੋਇ ਦਿਖਾਵੈ" ਵਿਚ ਸਤਿਗੁਰੂ ਜੀ ਦੇ ਦੋ ਚਾਰ ਸ਼ਰਧਾਲੂਆਂ ਨੂੰ ਸੁਪਨੇ ਵਿਚ ਦਰਸ਼ਨ ਦੇਣ ਦਾ ਜ਼ਿਕਰ ਕੀਤਾ ਗਿਆ ਹੈ।

**ਜੱਸ ਜੀਵਨ (ਭਾਗ ਤੀਜਾ)**

ਜੱਸ ਜੀਵਨ ਭਾਗ ਤੀਸਰਾ ਤਰਨ ਸਿੰਘ ਵਹਿਮੀ ਰਚਿਤ ਅਨੇਕਾਂ ਵਿਸ਼ਿਆਂ ਭਰਪੂਰ ਪੁਸਤਕ ਹੈ। ਜਿਸਦਾ ਆਰੰਭ ਹੋਰਨਾ ਭਾਗਾਂ ਦੀ ਤਰ੍ਹਾਂ ਮੰਗਲਾਚਰਨ ਤੋਂ ਹੁੰਦਾ ਹੈ:

ਫੁਨੇਹ ਮਹਲਾ 5:

ਹਰਿ ਗੁਣ ਰਮਤ ਪਵਿਤ੍ਰ ਸਗਲ ਕੁਲ ਤਾਰਈ।।
ਹਰਿਹਾਂ ਸੁਨਤੇ ਭਏ ਪੁਨੀਤ ਪਾਰਬ੍ਰਹਮ ਬੀਚਾਰਈ।।

ਸਾਰੰਗ ਮਹਲਾ 5:

ਉਤਮ ਕਥਾ ਸੁਣੀਜੈ ਸ੍ਰਵਣੀ ਮਇਆ ਕਰਹੁ ਭਗਵਾਨ।।
ਆਵਤ ਜਾਤ ਦੋਊ ਪਖ ਪੂਰਨ ਪਾਈਐ ਸੁਖ ਬਿਸ੍ਰਾਮ।।

ਇਸ ਤੋਂ ਅੱਗੇ ਡੇਰੇ ਦੇ ਹਿਸਾਬ ਕਿਤਾਬ ਅਤੇ ਜਿਣਸਾਂ ਦੇ ਭਾਅ ਬਾਬਤ ਲਿਖਿਆ ਗਿਆ ਹੈ। ਇਸ ਸਭ ਕੁਝ ਨੂੰ ਪੇਸ਼ ਕਰਨ ਦਾ ਮਕਸਦ ਪਤਾ ਨਹੀਂ ਕੀ ਹੈ। ਹਾਂ ਉਸ ਸਮੇਂ ਦੇ ਆਰਥਕ ਜੀਵਨ ਬਾਰੇ ਜ਼ਰੂਰ ਜਾਣਕਾਰੀ ਮਿਲਦੀ ਹੈ:

"......... ਸਤਿਗੁਰੂ ਜੀ ਸੇਠ ਪ੍ਰੀਤਮ ਸਿੰਘ ਜੀ ਗੁਰੂ ਕੀ ਹੱਟੀ ਦੇ ਸੇਵਕ ਨੂੰ ਪੁੱਛਿਆ, ਸਾਨੂੰ ਇਕ ਮਹੀਨੇ ਦਾ ਖਰਚ ਹਵਨ ਤੇ ਸਾਧ ਸੰਗਤ ਉਸ ਸੇਵਾ ਤੇ ਲਗੀ ਤੇ ਕਿਤਨਾ ਆਉਂਦਾ ਹੈ ਦੱਸ। ਸੇਠ ਜੀ ਰੋਜ਼ ਦੇ ਹਿਸਾਬ ਵਾਲਾ ਰਜਿਸਟਰ ਲੈ ਹਾਜ਼ਰ ਹੋਏ ਤਾਂ ਸਤਿਗੁਰੂ ਜੀ ਕਿਹਾ, ਜੋ ਮਹੀਨਾ ਨਿਕਲੇ ਉਸਦਾ ਖਰਚ ਸੁਣਾ।

ਸੇਠ ਜੀ ਪੱਤ੍ਰੇ ਖੋਲ੍ਹੇ ਤੇ ਮੱਘਰ ਦਾ ਮਹੀਨਾ ਨਿਕਲਿਆ। ਪੜ੍ਹ ਸੁਣਾਇਆ ਜੋੜ ਬਾਰਾਂ ਮਣ ਪੱਕਾ ਘਿਉ। ਇਕ ਮਣ ਦੋ ਸੇਰ 10 ਛਟਾਂਕਾਂ ਬਦਾਮ। ਢਾਈ ਮਣ ਪੱਕੀ ਖੰਡ, ਦੁਧ ਅੱਠ ਮਣ, ਚੌਲ ਤਰੀਹ ਸੇਰ ਤੇਲ ਅਠਾਰਾਂ ਸੇਰ ਸਰੋਂ ਦਾ, ਸਾਬਣ 17 ਸੇਰ, ਸੁਰਦਾਈ 12 ਸੇਰ, ਕਾਲੀ ਮਰਚ 4 ਸੇਰ, ਡੱਬੀਆਂ ਚਾਰ ਦਰਜਨਾ, ਗਰੀ 10 ਸੇਰ, ਧੂਪ 15 ਸੇਰ, ਹਰੜਾਂ 8 ਛਟਾਂਕ, ਸੁੰਢ 8 ਛਟਾਂਕ, ਬਨਫਸ਼ਾਂ 8 ਛਟਾਂਕ, ਨਰੇਲ 30, ਚਾਹਟਾ ਡੇਢ ਸੇਰ/ਖੱਦਰ 15 ਗਜ਼, ਮਨੱਕਾ 1 ਸੇਰ, ਤੇਲ ਮਿੱਟੀ ਦਾ ਪੀਪਾ। ਊਨੀ ਆਸਣ ਪੰਜ, ਪੰਞੀ ਕਛਹਿਰੇ ਤੇ ਕਿਹਾ, ਮੈਂ ਇਸੇ ਤਰ੍ਹਾਂ ਹਰ ਮਹੀਨੇ ਦਾ ਜੋੜ ਵੱਡੇ ਲੰਗਰੋਂ ਵੱਖ ਇਵੇਂ ਕੀਤਾ ਹੋਇਆ ਹੈ।"[44]

ਇਸੇ ਤਰ੍ਹਾਂ ਅੱਗੇ ਜਿਣਸਾਂ ਦੇ ਭਾਅ ਦੱਸੇ ਗਏ ਹਨ। "1958 ਹੋਲਾ ਨਾਮਧਾਰੀ ਪੰਥ ਦਾ ਮਨ ਵੀ ਜਦ ਹੋਇਆ ਗੁਰੂ ਹਰੀ ਸਿੰਘ ਜੀ ਸਮੇਂ ਕਣਕ ੨111) ਦੀ ਮਣ ਪੱਕੀ ਮੱਕੀ, ੧) ਦੀ ਮਣ। ਕਪਾਹ 8 ) ਤੋਂ ਮਣ, ਗੁੜ ੧111) ਤੋਂ ਮਣ ਸਕਰ 2) ਤੋਂ ਮਣ ਸੀ ਘਿਉ। 11) ਸੇਰ ਤੇਲ ਮਿਠਾ 1) ਤੋਂ ਸੇਰ।"[45]

ਜੱਸ ਜੀਵਨ ਭਾਗ ਤੀਸਰਾ ਵਿਚ ਜਿੰਨ੍ਹਾਂ ਹੋਰ ਵਿਸ਼ਿਆਂ ਤੇ ਚਰਚਾ ਕੀਤੀ ਗਈ ਹੈ ਉਨ੍ਹਾਂ ਵਿਚ ਜਵਾਹਰ ਲਾਲ ਨਹਿਰੂ ਜੀ ਦਾ ਭੈਣੀ ਸਾਹਿਬ ਆਉਣਾ, ਤਲਹਾੜੇ ਜਿਲਾ ਸਿਆਲਕੋਟ ਵਿਚ ਹੋਲਾ, ਸੁਆਮੀ ਤਖਤ ਸਿੰਘ ਜੀ, ਪੰਜਾਬੀ ਪੜ੍ਹੋ। ਸ੍ਰ.ਤੇਜਾ ਸਿੰਘ, ਭਾਈ ਰਣਧੀਰ ਸਿੰਘ ਜੀ, ਪਠਾਣ ਦੀ ਸ਼ਰਧਾ, ਹਿੰਦੂ ਸਿੱਖ ਮਿਲਾਪ ਕਾਨਫ੍ਰੰਸ ਤੇ ਬਿਰਲੇ ਨੂੰ ਉੱਤਰ, 2002 ਬਿਕ੍ਰਮੀ ਦਾ ਆਰੰਭ।

ਇਸ ਭਾਗ ਨੇ ਆਪਣੇ ਆਪ ਵਿਚ ਬਹੁਤ ਸਾਰੀਆਂ ਸਿੱਖ ਇਤਿਹਾਸ ਅਤੇ ਨਾਮਧਾਰੀ ਸਮਾਜ ਦੀਆਂ ਘਟਨਾਵਾਂ ਨੂੰ ਸਮੋਇਆ ਹੋਇਆ ਹੈ।

**ਜੱਸ ਜੀਵਨ (ਭਾਗ ਚੌਥਾ):**

ਜੱਸ ਜੀਵਨ ਭਾਗ ਚੌਥਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਮਰਪਤ ਕੀਤਾ ਗਿਆ ਹੈ ਜੋ ਅਟਲ ਪ੍ਰਤਾਪੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਯਾਦ ਵਿਚ ਤਿਆਰ ਕੀਤਾ ਗਿਆ ਹੈ। ਪੁਸਤਕ ਦੇ ਪਹਿਲੇ ਪੰਨੇ ਤੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਪੁਸਤਕ ਦੇ ਪੰਨੇ ਦੇ ਅਕਾਰ ਦੀ ਤਸਵੀਰ ਦਿੱਤੀ ਗਈ ਹੈ।

ਪੁਸਤਕ ਦੇ ਅਰੰਭ 'ਦੋ ਸ਼ਬਦ' ਵਿਚ ਹਰਵਿੰਦਰ ਸਿੰਘ ਹੰਸਪਾਲ ਐਮ. ਪੀ., ਪ੍ਰਧਾਨ ਸਤਿਗੁਰੂ ਪਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ ਨਵੀਂ ਦਿੱਲੀ ਵਲੋਂ ਲਿਖੇ ਗਏ ਹਨ। ਜਿਸ ਵਿਚ ਉਨ੍ਹਾਂ ਲਿਖਿਆ ਹੈ:-

"ਸਰਵਗੁਣ ਸੰਪੰਨ ਸਤਿਗੁਰੂ ਪਰਤਾਪ ਸਿੰਘ ਜੀ ਨੇ ਅਪਾਰ ਕਿਰਪਾ ਕੀਤੀ ਅਤੇ ਮਨੁੱਖ ਮਾਤਰ ਦਾ ਲੋਕ ਪਰਲੋਕ ਸਵਾਰਨ ਲਈ ਸੁੱਚ-ਸੋਧ, ਨਾਮ-ਬਾਣੀ ਦਾ ਪ੍ਰਵਾਹ ਚਲਾ ਦਿੱਤਾ। ਆਪ ਨੇ ਦੇਸ਼ ਵਾਸੀਆਂ ਨੂੰ ਸੁਤੰਤਰਤਾ ਸੰਗਰਾਮ ਵਿਚ ਹਿੱਸਾ ਲੈਣ ਲਈ ਉਤਸ਼ਾਹਤ ਕੀਤਾ, ਧਰਮ ਜਾਤ ਅਤੇ ਫ਼ਿਰਕੇਦਾਰੀ ਤੋਂ ਉਪਰ ਉਠ ਕੇ "ਮਿਲਬ ਦੀ ਸੋਭਾ" ਦੀ ਮਹਾਨਤਾ ਦੱਸੀ। ਆਪ ਨੇ ਸ਼ਰਨ ਆਏ ਸਿੱਖਾਂ ਨੂੰ "ਨਦਰੀ ਨਦਰ ਨਿਹਾਲ ਕੀਤਾ" ਤਾਰੇ ਤਾਂ ਸ਼ਾਇਦ ਵਿਗਿਆਨਕ ਵਿਧੀਆਂ ਰਾਹੀਂ ਗਿਣੇ ਜਾ ਸਕਦੇ ਹਨ ਪਰ ਆਪ ਦੇ ਤਾਰੇ ਮਨੁੱਖ ਨਹੀਂ ਗਿਣੇ ਜਾ ਸਕਦੇ। ਸਤਿਗੁਰੂ ਜੀ ਦੇ ਵਰੋਸਾਏ ਜਿਸ ਸਿੱਖ ਨਾਲ ਬਚਨ ਕੀਤਾ ਜਾਏ, ਉਹ ਆਪਣੇ ਜੀਵਨ ਦੀਆਂ ਕੁਝ ਅਲੌਕਿਕ ਘਟਨਾਵਾਂ ਸੁਣਾ ਕੇ ਸਤਿਗੁਰੂ ਜੀ ਦੀ ਉਸ ਉਤੇ ਹੋਈ ਕਿਰਪਾ ਦੀ ਪੁਸ਼ਟੀ ਕਰਦਾ ਹੈ।

ਸਤਿਗੁਰੂ ਜੀ ਦੇ ਅਲੌਕਿਕ ਚਮਤਕਾਰਾਂ, ਇਤਿਹਾਸਕ ਘਟਨਾਵਾਂ, ਸਮਾਜ-ਸੁਧਾਰ ਅਤੇ ਰੂਹਾਨੀ ਅਮਲ ਨਾਲ ਸੰਬੰਧਤ ਸਮਗਰੀ ਨੂੰ ਸੰਤ ਤਰਨ ਸਿੰਘ ਜੀ ਵਹਿਮੀ ਨੇ ਅਣਥੱਕ ਮਿਹਨਤ ਨਾਲ ਇਕੱਤਰ ਕੀਤਾ ਹੈ। ਉਸ ਸਮੱਗਰੀ ਵਿਚੋਂ ਉਹਨਾਂ ਅਤੇ ਉਹਨਾਂ ਦੇ ਪਰਵਾਰ ਨੇ 'ਜੱਸ ਜੀਵਨ' ਦੇ ਤਿੰਨ ਹਿੱਸੇ ਪ੍ਰਕਾਸ਼ਤ ਕੀਤੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ

ਅਨੁਸਾਰ 'ਜੱਸ ਜੀਵਨ' (ਭਾਗ ਚੌਥਾ) ਪ੍ਰਕਾਸ਼ਤ ਕਰਨ ਦਾ ਸੁਭਾਗ, ਸਤਿਗੁਰੂ ਪਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ ਨੂੰ ਪ੍ਰਾਪਤ ਹੋਇਆ।"[46]

ਇਸ ਭਾਗ ਵਿਚ ਸੰਤ ਤਰਨ ਸਿੰਘ ਜੀ ਨੇ ਸਤਿਗੁਰੂ ਜੀ ਦੇ ਅਲੌਕਿਕ ਚਮਤਕਾਰਾਂ, ਇਤਿਹਾਸਕ ਘਟਨਾਵਾਂ, ਸਮਾਜ ਸੁਧਾਰ ਅਤੇ ਰੂਹਾਨੀ ਅਮਲ ਨਾਲ ਜੋ ਘਟਨਾਵਾਂ ਜੁੜੀਆਂ ਹੋਈਆਂ ਹਨ, ਨੂੰ ਬੜੇ ਸੁਚੱਜੇ ਢੰਗ ਨਾਲ ਇਕੱਤਰ ਕਰਕੇ ਪੇਸ਼ ਕੀਤਾ ਹੈ। ਇਸ ਭਾਗ ਵਿਚ ਵਿਸ਼ੇਸ਼ ਕਰਕੇ ਭਾਰਤ ਦੀ ਵੰਡ ਤੋਂ ਕੁਝ ਪਹਿਲਾਂ ਦੀਆਂ ਘਟਨਾਵਾਂ, ਵੰਡ ਸਮੇਂ ਉਜੜ ਕੇ ਆਏ ਭਾਰਤੀਆਂ ਦੇ ਮੁੜ ਵਸੇਵੇ ਅਤੇ ਸ੍ਰੀ ਜੀਵਨ ਨਗਰ ਦੇ ਇਲਾਕੇ ਨੂੰ ਵਸਾਉਣ ਲਈ ਸਤਿਗੁਰੂ ਪਰਤਾਪ ਸਿੰਘ ਜੀ ਦੀ ਰਹਿਨੁਮਾਈ ਹੇਠ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ ਦੀ ਦੇਖ ਰੇਖ ਹੇਠ ਨਾਮਧਾਰੀ ਸਿੱਖਾਂ ਲਈ ਕੀਤੇ ਗਏ ਪ੍ਰਬੰਧਾਂ ਨੂੰ ਉਚੇਚੇ ਵਿਸਥਾਰ ਨਾਲ ਕਲਮਬੱਧ ਕੀਤਾ ਗਿਆ ਹੈ। ਜੱਸ ਜੀਵਨ ਸਤਿਗੁਰੂ ਜੀ ਦੇ ਜੀਵਨ ਬਾਰੇ ਜਾਣਕਾਰੀਆਂ ਦਾ ਇਕ ਵੱਡਮੁੱਲਾ ਖਜਾਨਾ ਹੈ ਜਿਸ ਵਿਚ ਉਨ੍ਹਾਂ ਨੇ ਸੱਚੇ ਪਾਤਸ਼ਾਹ ਦੇ ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਨੂੰ ਬੜੇ ਕਲਾਮਈ ਢੰਗ ਨਾਲ ਪੇਸ਼ ਕੀਤਾ ਹੈ।

ਜੱਸ ਜੀਵਨ ਭਾਗ ਚੌਥਾ ਵਿਚ ਵਹਿਮੀ ਜੀ ਨੇ 104 ਵੱਖ-ਵੱਖ ਕਿਸਮਾਂ ਦੇ ਲੇਖ ਸ਼ਾਮਲ ਕੀਤੇ ਹਨ ਜਿਨ੍ਹਾਂ ਵਿਚ "ਗੁਰਮੁਖੀ ਅੱਖਰ ਪੜ੍ਹੋ", "ਜਵਾਹਰ ਲਾਲ ਨਹਿਰੂ", "ਨਾਮਧਾਰੀ ਦਰਬਾਰ ਦੀ ਇਕੱਤਰਤਾ", "ਆਹ ਲੈ", "ਆਜ਼ਾਦੀ ਤੇ ਬਰਬਾਦੀ", "ਬਾਬਾ ਜੀ ਦੇ ਬਚਨ", "ਧਰਮ ਦੀ ਖਾਤਰ", "ਓਹ ਸਤਿਗੁਰ ਹਨ", "ਕਾਣੀ ਵੰਡ" ਆਦਿ ਲੇਖ ਵਿਸ਼ੇਸ਼ ਤੌਰ ਤੇ ਧਿਆਨ ਖਿਚਦੇ ਹਨ।

ਪੁਸਤਕ ਦੇ ਆਰੰਭ ਵਿਚ "ਅੱਸੂ ਦਾ ਮੇਲਾ: ਸੰਮਤ 2002 ਬਿਕਰਮੀ" ਵਿਚ ਮੇਲੇ ਬਾਰੇ ਸੰਖੇਪ ਵਿਚ ਦੱਸਿਆ ਗਿਆ ਹੈ:

"ਤੀਹ ਅੱਸੂ ਪੰਜ ਅਨੰਦ ਹੋਏ ਅਤੇ ਸਤਿਗੁਰੂ ਜੀ ਬਚਨ ਕੀਤਾ
ਜਿਨ੍ਹਾਂ ਤੁਕਾਂ/ਸ਼ਬਦ ਨਹੀਂ ਲਏ ਉਨ੍ਹਾਂ ਦਾ ਭੀ ਭਲਾ ਮੰਗੋ।

ਇਕੱਤੀ ਅੱਸੂ 4800 ਭੋਗ ਪਏ ਅਤੇ ਪਹਿਲਾਂ ਪੰਜ ਜੋੜੀਆਂ ਦੇ ਅਨੰਦ ਹਵਨ ਦੁਆਲੇ ਹੋਏ ਤੇ ਬਾਦ ਛੇਵਾਂ ਅਨੰਦ ਮੁਜਬੀ ਜੋੜੇ ਦਾ ਹਵਨ ਦੁਆਲੇ ਹੋਇਆ।"[47]

"ਸੱਟ" ਵਿਸ਼ੇ ਅਧੀਨ ਉਨ੍ਹਾਂ ਨੇ 'ਹਵਨ' ਦੀ ਮਹਾਨਤਾ ਬਾਰੇ ਦੱਸਿਆ ਹੈ ਕਿ ਹਵਨ ਕਰਨਾ ਉੱਚੇ ਸੁੱਚੇ ਲੋਕਾਂ ਦਾ ਕੰਮ ਹੈ ਤੇ ਇਸ ਵਿਚ ਵਿਘਨ ਪਾਉਣਾ ਰਾਖਸ਼ ਬਿਰਤੀ ਦੇ ਲੋਕਾਂ ਦਾ ਕੰਮ ਹੈ।

"ਸਤਿਗੁਰੂ ਜੀ ਦੀਵਾਨ ਬਾਅਦ ਸੁਣਾਇਆ, ਸੁਣੋ ਹਵਨ ਕਰਨਾ ਦੇਵਤਿਆਂ ਦਾ ਕੰਮ ਹੈ ਤੇ ਬੁਝਾਉਣਾ ਜਾਂ ਵਿਘਣ ਪਾਉਣਾ ਦੈਂਤਾਂ ਦਾ ਕੰਮ ਹੈ। ਜੋ ਸਿੱਖ ਹਵਨ ਨੂੰ ਵਿਚ ਪੈਰ ਧਰ ਆ ਬੁਝਾਉਂਦੇ ਹਨ, ਉਹ ਉਨਾ ਧੋਖਾ ਖਾਂਦੇ ਹਨ।"[48]

"ਦੀਪਮਾਲਾ ਅੰਮ੍ਰਿਤਸਰ" ਵਿਚ ਲਿਖਿਆ ਹੈ ਅੰਮ੍ਰਿਤਸਰ ਵਿਖੇ ਸਤਿਗੁਰੂ ਜੀ ਤੋਂ ਅਕਾਲੀ ਵੋਟਾਂ ਮੰਗਣ ਆਏ, ਪਰ ਸਤਿਗੁਰੂ ਜੀ ਨੇ ਕਿਹਾ ਕਿ ਅਸੀਂ ਕਾਂਗਰਸੀਆਂ ਵੱਲ ਹਾਂ, ਅਕਾਲੀਆਂ ਨੇ ਕਿਹਾ ਕਿ ਤੁਸੀਂ ਵੀ ਸਿੱਖ ਹੋ ਤੇ ਅਸੀਂ ਵੀ ਫਿਰ ਸਤਿਗੁਰੂ ਜੀ ਨੇ ਕਿਹਾ ਕਿ ਤੁਸੀਂ ਅਕਾਲੀ ਵਾਅਦਾ ਕਰਕੇ ਮੁੱਕਰ ਜਾਂਦੇ ਹੋ ਤੇ ਸਾਡੇ ਵਿਰੁੱਧ ਪ੍ਰਚਾਰ ਵੀ ਕਰਦੇ ਹੋ। ਇਹ ਸੁਣ ਕੇ ਅਕਾਲੀ ਚਲੇ ਗਏ।

"ਜਵਾਹਰ ਲਾਲ ਨਹਿਰੂ" ਵਿਸ਼ੇ ਅਧੀਨ ਹਿੰਦੂ ਸਿੱਖਾਂ ਮੁਸਲਮਾਨਾਂ ਨੂੰ ਰਲ-ਮਿਲ ਰਹਿਣ ਦੀ ਸਿੱਖਿਆ ਦਿੱਤੀ ਹੈ। ਇਸ ਵਾਸਤੇ ਉਨ੍ਹਾਂ ਇਕ ਦ੍ਰਿਸ਼ਟਾਂਤ ਦੇ ਕੇ ਸਮਝਾਇਆ ਹੈ:

"ਸੰਤ ਰਤਨ ਸਿੰਘ ਜੀ ਦਸਦੇ ਹਨ, ਮੈਂ ਮੁੜਦੇ ਵੇਲੇ ਆਪਣੇ ਗੁਰਦੁਆਰੇ ਦੇ ਅੱਗੇ ਜਵਾਹਰ ਲਾਲ ਜੀ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਦੇਸੀ ਘਿਓ ਦੀ ਬਣੀ ਮਿਠਾਈ ਦਾ ਥਾਲ ਭਰ ਦਿੱਤਾ ਕਿਉਂਕਿ ਸਤਿਗੁਰੂ ਜੀ ਨੂੰ ਪਤਾ ਸੀ ਕਿ ਇਹ ਸਵੇਰ ਦੇ ਭੁੱਖੇ ਹੀ ਫਿਰਦੇ ਹਨ। ਦਾਣਾ ਮੰਡੀ ਵਿਚ ਕੁਝ ਦਿਨ ਪਹਿਲੋਂ ਜਵਾਹਰ ਲਾਲ ਜੀ ਬੋਲੇ ਸੀ ਤੇ ਉਨ੍ਹਾਂ ਨੂੰ ਹਿੰਦੂਆਂ ਦੱਸ ਦਿੱਤਾ ਸੀ

ਕਿ ਅਕਾਲੀ ਤੁਹਾਡਾ ਪੂਰਨਮਾਸ਼ੀ ਤੇ ਇਥੇ ਲੈਕਚਰ ਨਹੀਂ ਹੋਣ ਦੇਣਗੇ। ਨਹਿਰੂ ਜੀ ਜਤਨ ਵੀ ਕੀਤਾ ਸੀ ਪਰ ਅਕਾਲੀਆਂ ਨਹੀਂ ਮੰਨਿਆ ਸੀ, ਸਗੋਂ ਬਣੇ ਪੰਡਾਲ ਨੂੰ ਢੀਮਾਂ ਮਾਰ ਖਵਾਰ ਕਰ ਦਿੱਤਾ ਸੀ। ਡਿਚਕੋਟ ਬਾੜੀਆਂ ਵਾਲੇ ਸਮੁੰਦਰੀ ਜੜ੍ਹਾਂ ਵਾਲੇ ਭੀ ਸਟੇਜ ਸਾੜ ਉਜਾੜ ਦਿੱਤੀ ਸੀ। ਰਤਨ ਸਿੰਘ ਜੀ ਦੱਸਦੇ ਹਨ ਕਿ ਮੈਂ ਕੁਝ ਪ੍ਰਹੇਜ਼ ਕਰਾਂ ਕਿ ਅਬਦੁਲ ਗੁਫਾਰ ਖਾਂ ਹੱਥ ਨਾ ਲਾਉਣ ਥਾਲ ਨੂੰ ਪਰ ਜਵਾਹਰ ਲਾਲ ਜੀ ਕਿਹਾ, ਤੁਸੀਂ ਫੜਾਓ ਅਸੀਂ ਇਕੱਠਾ ਹੀ ਖਾਂਦੇ ਪੀਂਦੇ ਹਾਂ, ਸ਼ੰਕਾ ਨਹੀਂ ਕਰਦੇ ਸਤਿਗੁਰੂ ਜੀ, ਜਵਾਹਰ ਲਾਲ ਜੀ, ਕਿਚਲੂ, ਅਬਦੁਲ ਗਨੀ ਅੰਬਾਲੇ ਦਾ, ਭੀਮ ਸੈਨ ਤੇ ਸੁਦਰਸ਼ਨ ਨੂੰ ਵਿਦਾ ਕਰ ਆਪਣੇ ਦੀਵਾਨ ਵਿਚ ਆਇ ਕਿਹਾ ਸ਼ੌਕ ਤੇ ਪ੍ਰੀਤ ਐਸੀ ਚੀਜ਼ ਹੈ, ਵੇਖੋ ਹਿੰਦੂ ਤੇ ਮੁਸਲਮਾਨ ਰਲ ਖਾਂਦੇ ਹਨ ਤੇ ਭੁਖ ਤਰੇਹ ਦੀ ਪ੍ਰਵਾਹ ਨਹੀਂ ਕਰਦੇ।"[49]

**ਜੱਸ ਜੀਵਨ (ਭਾਗ ਪੰਜਵਾਂ):**

"ਜੱਸ ਜੀਵਨ (ਭਾਗ ਪੰਜਵਾਂ)" ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਬਿਰਤਾਂਤ ਨਾਲ ਸੰਬੰਧਿਤ ਹੈ। ਜਿਸ ਵਿਚ 367 ਛੋਟੇ ਅਤੇ ਵੱਡੇ ਲੇਖਾਂ ਨੂੰ ਆਧਾਰ ਬਣਾਇਆ ਗਿਆ ਹੈ। ਵਰਤਮਾਨ ਕਾਲ ਦੇ ਸਮਕਾਲੀ ਲੇਖਕਾਂ ਵਿਚੋਂ ਇਸ ਪੁਸਤਕ ਦੇ ਕਰਤਾ ਕਈ ਕਾਰਨਾਂ ਸਦਕਾ ਸਾਡੇ ਸਭਨਾਂ ਦੇ ਧੰਨਵਾਦ ਦੇ ਪਾਤਰ ਹਨ ਕਿਉਂਕਿ ਉਨ੍ਹਾਂ ਦੇ ਜਤਨਾਂ ਸਦਕਾ ਹੀ ਨਾਮਧਾਰੀ ਗੁਰੂ ਇਤਿਹਾਸ ਦਾ ਇਕ ਵਡਮੁੱਲਾ ਤੇ ਵਡੇਰਾ ਭਾਗ ਜੁ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਸਮਾਚਾਰਾਂ ਤੇ ਵੱਡ ਉਪਕਾਰਾਂ ਨਾਲ ਸੰਬੰਧਿਤ ਹੈ ਪ੍ਰਕਾਸ਼ਮਾਨ ਹੋ ਸਕਿਆ ਹੈ। ਇਸ ਰਚਨਾ ਦੀ ਵੱਡੀ ਵਿਸ਼ੇਸ਼ਤਾ ਇਸਦੇ ਵਿਸਤ੍ਰਿਤ ਵੇਰਵਿਆਂ ਤੇ ਸ਼ਰਧਾਵਾਨ ਤੇ ਹਜ਼ੂਰੀ ਲੇਖਕ ਦੀ ਬਹੁਮੁਖੀ ਤੇ ਸਿਦਕੀ ਸਿੰਘ ਵਾਲੇ ਆਦਰਸ਼ਵਾਦੀ ਦ੍ਰਿਸ਼ਟੀਕੋਣ ਦੀ ਦੇਣ ਹੈ, ਜਿਸ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਜੀਵਨ ਭਰ ਆਪ ਪ੍ਰੇਰਨਾ ਵੀ ਲਈ ਅਤੇ ਉਨ੍ਹਾਂ ਦੀ ਨਿਕਟਤਾ ਤੇ ਪ੍ਰੇਮ ਦੁਆਰਾ ਗਿਆਨ ਤੇ ਸਦਾਚਾਰ ਦਾ ਵਿਸ਼ਾਲ ਭੰਡਾਰ ਵੀ ਸੰਚਿਤ ਕੀਤਾ। ਉਸੇ ਅਦੁੱਤੀ ਵਸਤੂ ਸਮੱਗਰੀ ਨੂੰ ਜੱਸ ਜੀਵਨ ਵਿਚ ਸ਼ਾਮਿਲ ਕੀਤਾ ਗਿਆ ਹੈ।

ਇਸ ਗ੍ਰੰਥ ਦੀ ਮਹਾਨਤਾ ਬਾਰੇ ਪ੍ਰੋ. ਕਿਰਪਾਲ ਸਿੰਘ ਕਸੇਲ ਜੀ ਲਿਖਦੇ ਹਨ:

> "........ ਸਾਨੂੰ ਇਕ ਅਜਿਹਾ ਗਿਆਨ ਕੋਸ਼ ਪ੍ਰਦਾਨ ਕਰ ਦਿੱਤਾ ਹੈ ਜਿਸ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਸਮਾਚਾਰਾਂ ਦੇ ਵਿਸ਼ਾਲ ਆਕਾਰ ਦੇ ਅਨੇਕ ਪੱਖਾਂ ਤੇ ਬਹੁਪਰਤਾ ਦੇ ਰੂਪ ਵਿਚ ਉਨ੍ਹਾਂ ਦੇ ਚਰਨ ਕਮਲਾਂ ਦੇ ਰਹੱਸਯ ਦੀਆਂ ਅਦੁੱਤੀ ਰਮਜ਼ਾਂ ਨੂੰ ਸਮਝਿਆ ਜਾ ਸਕਦਾ ਹੈ ਅਤੇ ਸਿੱਖ ਇਤਿਹਾਸ ਦੇ ਰੂਪ ਵਿਚ ਗੁਰਮਤ ਵਿਚਾਰਧਾਰਾ ਦੀਆਂ ਨਵੇਕਲੀਆਂ ਤੇ ਨਿਆਰੀਆਂ ਰਮਜ਼ਾਂ ਹਨ, ਉਨ੍ਹਾਂ ਤੋਂ ਜਾਣੂ ਹੋਇਆ ਜਾ ਸਕਦਾ ਹੈ।

ਗੁਰਬਾਣੀ ਵਿਚ ਫੁਰਮਾਨ ਹੈ 'ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ' ਅਰਥਾਤ ਗੁਰੂ ਤੇ ਸਿਖ ਦੀ ਪਿਰਹੜੀ ਦੇ ਰਹੱਸਯ ਨੂੰ ਜਿਸਦਾ ਉਲੇਖ ਭਾਈ ਗੁਰਦਾਸ ਜੀ ਨੇ ਆਪਣੀ ਪ੍ਰਸਿਧ ਵਾਰ ਪੀਰ ਮੁਰੀਦਾ ਪਿਰਹੜੀ ਵਿਚ ਕੀਤਾ ਹੈ, ਗੁਰੂ ਦੀ ਬਖ਼ਸ਼ਿਸ਼ ਤੇ ਸਿੱਖ ਦੇ ਸਿਦਕ ਤੇ ਇਸ ਤੋਂ ਵਧੇਰੇ ਦੁਹਾਂ ਦੇ ਪਰਸਪਰ ਪ੍ਰੇਮ ਦੀ ਛੁਹ ਤੋਂ ਬਿਨਾਂ ਲਖ ਤੇ ਪੱਖ ਸਕਣਾ ਜੇ ਅਸੰਭਵ ਨਹੀਂ ਤਾਂ ਅਤਿ ਕਠਨ ਜ਼ਰੂਰ ਹੈ। ਇਹੋ ਜਿਹਾ ਰਹੱਸਮਈ ਰੰਗ ਇਸ ਪੁਸਤਕ ਦੇ ਪੰਨਿਆਂ ਨੂੰ ਪੜ੍ਹ ਕੇ ਮਾਣਿਆ ਜਾ ਸਕਦਾ ਹੈ।"[50]

ਇਹ ਰਚਨਾ ਆਪਣੇ ਕੇਂਦਰੀ ਬਿੰਦੂ, ਅਰਥਾਤ ਪੂਜਨੀਕ ਇਸ਼ਟ ਦੀ ਪਤਿਤਪਾਵਨ, ਸਖ਼ਸੀਅਤ ਦੇ ਦੁਆਲੇ ਹੀ ਪਰਕਰਮਾ ਕਰਦੀ ਹੈ ਸਗੋਂ ਇਹ ਪੁਰਾਤਨ ਸਿੱਖਾਂ ਤੋਂ ਲੈ ਕੇ ਵਰਤਮਾਨ ਸਮੇਂ ਦੇ ਅਨੇਕ ਪੱਖਾਂ ਤੇ ਕੋਨਾਂ ਨੂੰ ਸਾਡੇ ਸਾਹਮਣੇ ਪ੍ਰਸਤੁਤ ਕਰਦੀ ਹੈ। ਭਾਵੇਂ ਇਸ ਪੁਸਤਕ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਸੰਬੰਧਿਤ ਚਾਰ ਸਾਲਾਂ ਸੰਮਤ 2006 ਤੋਂ ਲੈ ਕੇ ਸੰਮਤ 2010 ਤਕ ਅਰਥਾਤ 1949 ਈ. ਤੋਂ ਲੈ ਕੇ 1953 ਈ. ਤੱਕ ਦੀਆਂ ਘਟਨਾਵਾਂ ਅੰਕਿਤ ਹਨ ਫਿਰ ਵੀ ਸ੍ਰੀ ਸਤਿਗੁਰੂ ਜੀ ਦੇ ਉੱਚ ਵਿਅਕਤਿਤਵ ਦਾ ਸਮੱਗਰ ਸਰੂਪ ਥਾਂ ਥਾਂ ਤੇ ਦ੍ਰਿਸ਼ਟੀਗੋਚਰ ਹੁੰਦਾ ਹੈ। ਅਧਿਆਤਮਕ ਤੌਰ ਤੇ ਤਾਂ ਧਰਮ ਕਰਮ ਦੇ ਰੱਖਿਅਕ ਅਤੇ ਮਹਾਨ ਸੰਚਾਲਕ ਤਾਂ ਹੈ ਹੀ ਪਰ ਇਸ ਉਪਰੰਤ ਮਨੁੱਖੀ ਦਰਦ, ਪ੍ਰੇਮ, ਸੇਵਾ, ਉਪਕਾਰ, ਸਹਿਣਸ਼ੀਲਤਾ, ਰਾਸ਼ਟਰ ਨਿਰਮਾਣ, ਜੀਵਨ ਦੇ

ਬਹੁਮੁਖੀ ਵਿਕਾਸ, ਕਲਾ, ਸਾਹਿਤ, ਸੰਸਕ੍ਰਿਤੀ, ਸੰਗੀਤ, ਤੇ ਰਾਜਨੀਤਕ ਪੱਖਾਂ ਵਿਚੋਂ ਕੋਈ ਵੀ ਅਜਿਹਾ ਨਹੀਂ ਹੈ ਜਿਸ ਬਾਰੇ ਉਹ ਸਪੱਸ਼ਟ ਤੇ ਗਤੀਸ਼ੀਲ ਦ੍ਰਿਸ਼ਟੀਕੋਣ ਨਾ ਰਖਦੇ ਹੋਣ। ਬਾਕੀ ਭਾਗਾਂ ਦੀ ਤਰ੍ਹਾਂ ਇਸ ਭਾਗ ਦਾ ਆਰੰਭ ਵੀ ਮੰਗਲਾਚਰਨ ਤੋਂ ਕੀਤਾ ਗਿਆ ਹੈ। - ਆਰੰਭ 'ਵਡ ਪਰਤਾਪੀ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦਾ ਜੱਸ ਜੀਵਨ' ਲਿਖਿਆ ਹੈਃ-

"ਮੰਗਲ"

"ਹੇ ਸਤਿਗੁਰੂ ਕੇ ਪਿਆਰਿਓ, ਗੁਰਮੁਖ, ਗੁਰਸਿੱਖ ਮੀਤ।
ਆਗੇ ਸੁਣੋ ਧਿਆਨ, ਦੇ ਗੁਰ ਕੀ, ਕਥਾ ਪੁਨੀਤ।
ਤਿੰਨ ਚੇਤ ਹੀ ਦਿਨ ਢਲੇ ਪਿਛਲੇ ਪਹਿਰ ਦੀਵਾਨ
ਬੀਚ ਹਵੇਲੀ-ਬੜੀ ਕੇ ਸਤਿਗੁਰ ਦਇਆ ਨਿਧਾਨ
ਏਕ ਸਿੱਖ ਕੋ ਕਾਰਨੇ ਪੜ੍ਹ ਕਰ ਉਸਕੇ ਸਾਥ
ਆਸ਼ਾ ਉਸਕੀ ਕਹਿ ਦਈ ਦੋਏ ਜੋੜ ਕਰ ਹਾਥ।"[51]

"ਇਮਤਿਹਾਨ ਦਾ ਪਰਚਾ" ਸਿਰਲੇਖ ਅਧੀਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਖ਼ਸੀਅਤ ਬਾਰੇ ਇਕ ਦੋ ਸਾਖੀਆਂ ਪੇਸ਼ ਕੀਤੀਆਂ ਹਨਃ-

> "ਸਤਿਗੁਰੂ ਪ੍ਰਤਾਪ ਸਿੰਘ ਜੀ ਸੱਚੇ ਪਾਤਸ਼ਾਹ ਜਗਮਲੋਰੇ ਵੱਡੀ ਹਵੇਲੀ ਵਿਚ ਤਿੰਨ ਚੇਤਰ ਦੀ ਪਿਛਲੇ ਪਹਿਰ ਦੇ ਦੀਵਾਨ ਦੀ ਸਮਾਪਤੀ ਸਮੇਂ ਸੰਤ ਰਲਾ ਸਿੰਘ ਜੀ ਦੇ ਸੇਵਕ (ਮਹਾਂ ਪੁਰਖ ਕਰਤਾਰ ਸਿੰਘ) ਸੁਖਮਨੀ ਦੇ ਨਾਲ ਖੜ੍ਹੋ ਹੱਥ ਜੋੜ ਅਰਜ ਕੀਤੀ ਰਾਮ ਦੀ ਰਜ਼ਾ ਉਸਦੀ ਕੀ ਮਰਜੀ ਏ ਤੇ ਕੌਣ ਜਾਣ ਸਕਦੈ। ਇਹੋ ਜਿਹੇ ਸਾਧਾਂ ਦੇ ਤੇ ਦਰਸ਼ਨ ਕੀਤਿਆਂ ਇਹੋ ਜਿਹੀਆਂ ਖਾਹਸ਼ਾਂ ਖਤਮ ਹੋ ਜਾਂਦੀਆਂ ਨੇ।"[52]

ਇਸੇ ਤਰ੍ਹਾਂ ਪ੍ਰਮੁੱਖ ਵਿਸ਼ਿਆਂ ਵਿਚ ਅਭੁੱਲ ਗੁਰੂ ਕਰਤਾਰ, ਵਹਿਮੀ ਨੂੰ ਵਰ, ਹਰਦੁਆਰ ਗੁਰਦੁਆਰੇ ਬਾਰੇ ਸੁਹੇਵੇ ਸਾਹਿਬ ਸਤਿਗੁਰੂ ਜੀ, ਮਸਤੀ ਦਾ ਆਲਮ, ਸੰਤ ਲਾਭ ਸਿੰਘ ਕੱਕਾ, ਸੰਤ ਸਿੰਘ ਦੀ ਲੋਈ, ਮਸਤਾਨਾ ਬੰਤਾ ਸਿੰਘ, ਰੱਬ ਨਿਵਾਜ਼, ਸੰਤ ਗੁਲਾਬ ਸਿੰਘ ਕੱਕੜ ਦੇ ਬਚਨ, ਜਪ ਪ੍ਰੋਗਰਾਮ ਦਾ ਭੋਗ, ਠਾਕਰਾਂ ਦੀ ਬੇਨਤੀ, ਜ਼ਿੰਦਾ ਸ਼ਹੀਦ ਕੌਣ, ਸਤਿਗੁਰੂ ਜੀ ਅਫਰੀਕਾ ਆਦਿ ਨੂੰ ਛੋਹਿਆ ਗਿਆ ਹੈ। ਅਖ਼ੀਰ ਵਿਚ ਇਸਦੀ ਸਮਾਪਤੀ ਬਾਰੇ ਲਿਖਿਆ ਗਿਆ ਹੈ:

"2010 ਸਮਾਪਤ ਹੋਇਆ।
ਤਰਨ ਸਿੰਘ ਹੈ ਖੁਸ਼ ਅਤਿ ਹੋਇਆ
ਜੋ ਇਹ ਦਾਤ ਹੈ ਮੈਨੂੰ ਦਿੱਤੀ
ਜਿਵੇਂ ਗੁਰਬਾਣੀ ਵਿਚ ਉਚਾਰ
ਗੁਰਮੁਖਿ ਸਚੋ ਸਚ ਲਿਖਹਿ ਬੀਚਾਰੁ।
ਮੈਂ ਲਿਖਦਾ ਹਾਂ ਦਿਲ ਵਿਚ ਧਾਰ
ਸਭ ਕੀਤਾ ਹੈ ਭੁਲਨ ਹਾਰ
ਮੈਂ ਇਸ ਲਈ ਹਾਂ ਭੂਲ ਵਿਚਕਾਰ
ਦੇਣਾ ਬਖਸ ਦਇਆ ਦਿਲ ਧਾਰ।"[53]

**ਜੱਸ ਜੀਵਨ (ਭਾਗ ਛੇਵਾਂ)**:

ਸੰਤ ਤਰਨ ਸਿੰਘ ਜੀ ਵਹਿਮੀ ਪੰਜਾਬੀ ਸਾਹਿਤ ਜਗਤ ਦੇ ਅਮਿਟ ਹਸਤਾਖਰ ਹਨ, ਜਿਹਨਾਂ ਦੀਆਂ ਕਿਰਤਾਂ ਦੀ ਖੁਸ਼ਬੋ ਨਾਮਧਾਰੀ ਪੰਥ ਤੋਂ ਬਾਹਰ ਸਮੁੱਚੇ ਪੰਜਾਬੀ ਜਗਤ ਵਿਚ ਫੈਲ ਚੁੱਕੀ ਹੈ। ਸ੍ਰੀ ਕਿਰਪਾਲ ਸਿੰਘ ਕਸੇਲ ਤਾਂ ਸੰਤ ਤਰਨ ਸਿੰਘ ਜੀ ਦੁਆਰਾ ਰਚੇ ਜੱਸ ਜੀਵਨ ਨੂੰ ਨਾਮਧਾਰੀ ਪੰਥ ਵਿਚ 'ਗਿਆਨ ਕੋਸ਼' ਕਹਿੰਦੇ ਹਨ। ਨਾਮਧਾਰੀ ਦਰਬਾਰ ਦੇ ਸਕੱਤਰ ਹਰਵਿੰਦਰ ਸਿੰਘ ਹੰਸਪਾਲ ਲਿਖਦੇ ਹਨ, "ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਸਾਖੀਆਂ ਤੇ ਤੱਥ ਸੰਭਾਲਣ ਵਾਲਿਆਂ ਸਮਕਾਲੀ ਲੇਖਕਾਂ ਵਿਚੋਂ ਸੰਤ ਤਰਨ ਸਿੰਘ ਵਹਿਮੀ ਸਿਰਮੌਰ ਹਨ।"[54]

ਜੱਸ ਜੀਵਨ ਭਾਗ ਛੇਵਾਂ ਵਿਚ ਤਿੰਨ ਵੱਡੇ ਵਿਸ਼ਿਆਂ ਨੂੰ ਛੋਹਿਆ ਗਿਆ ਹੈ। ਪਹਿਲੇ ਭਾਗ ਵਿਚ, ਸਤਿਗੁਰੂ ਜੀ ਨੇ ਦੇਸ਼ ਵੰਡ ਤੋਂ ਪਹਿਲਾਂ ਹੀ ਸ੍ਰੀ ਜੀਵਨ ਨਗਰ (ਜ਼ਿਲ੍ਹਾ ਸਿਰਸਾ) ਦੇ ਇਲਾਕੇ ਵਿਚ ਸਿੱਖਾਂ ਲਈ ਪਿੰਡ ਖਰੀਦ ਲਏ ਸਨ, ਸਿੱਖਾ ਦੇ ਇਥੇ ਵੱਸਣ ਨਾਲ ਨਾਮਧਾਰੀ ਸਿੱਖਾਂ ਦੀ ਇਕ ਰਿਆਸਤ ਬਣ ਗਈ ਸੀ, ਕੁਝ ਵਿਰੋਧੀ ਭਾਵਨਾ ਰੱਖਣ ਵਾਲੇ ਸਿੱਖਾਂ ਦਾ ਇਕ ਮੁੱਠ ਹੋ ਕੇ ਨਾ ਬਹਿਣਾ, ਆਦਿ ਗੱਲਾਂ ਨੂੰ ਵਿਸ਼ਿਆਂ ਦਾ ਆਧਾਰ ਬਣਾਇਆ ਗਿਆ ਹੈ। ਦੂਸਰੇ ਵਿਚ ਸਮੇਂ ਦੀ ਚਾਲ ਨੂੰ ਸਮਝਦਿਆਂ ਹੋਇਆਂ ਸਤਿਗੁਰੂ ਜੀ ਨੇ ਝੂਠੀ ਕਚਹਿਰੀ ਵਿਚ ਪੇਸ਼ ਨਾ ਹੋਣ ਦਾ ਸਿਰੜ ਨਿਭਾਉਣ ਅਤੇ ਆਉਣ ਵਾਲੇ ਸਮੇਂ ਵਿਚ ਪੰਥ ਦੀ ਵਾਗਡੋਰ ਸੰਭਾਲਣ, ਵੱਡੇ ਕਾਕੇ (ਸਤਿਗੁਰੂ ਜਗਜੀਤ ਸਿੰਘ) ਬਾਰੇ ਥਾਂ ਪੁਰ ਥਾਂ ਜੋ ਸਾਧ ਸੰਗਤ, ਸ਼ੰਕਾਵਾਦੀਆਂ ਆਦਿ ਨਾਲ ਬਚਨ ਕੀਤੇ ਆਦਿ ਵਿਸ਼ਿਆਂ ਦੀ ਚਰਚਾ ਕੀਤੀ ਗਈ ਹੈ। ਤੀਜੇ ਭਾਗ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਕਾਲ ਚਲਾਣੇ ਪਿਛੋਂ ਕਈ ਅਨਿਨ ਸੇਵਕਾਂ, ਪ੍ਰਚਾਰਕਾਂ, ਲੇਖਕਾਂ ਆਦਿ ਪ੍ਰਸਿੱਧ ਵਿਅਕਤੀਆਂ ਦੇ ਜੀਵਨ ਬਾਰੇ ਕਾਫੀ ਕੁਝ ਲਿਖਿਆ ਗਿਆ ਹੈ।

ਜੱਸ ਜੀਵਨ ਦੇ ਪਹਿਲੇ ਪੰਜਾਂ ਭਾਗਾਂ ਵਿਚ 1946 ਬਿਕ੍ਰਮੀ ਤੋਂ ਲੈ ਕੇ 2010 ਬਿਕਰਮੀ ਤੱਕ ਦੇ ਸਾਢੇ ਛੇ ਦਹਾਕਿਆਂ ਦਾ ਨਾਮਧਾਰੀ ਜਗਤ ਦਾ ਇਤਿਹਾਸਕ, ਸਮਾਜਕ, ਰਾਜਨੀਤਕ, ਆਰਥਕ ਅਤੇ ਅਧਿਆਤਮਕ ਸਰਵੇਖਣ ਕਰਨ ਵਾਲਿਆਂ ਲਈ ਬੇ-ਕੀਮਤੀ ਖਜ਼ਾਨਾ ਭਰਿਆ ਪਿਆ ਹੈ। ਮੁੱਖ ਤੌਰ ਤੇ ਭਾਵੇਂ ਇਸ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਦੇ ਵੰਨ ਸੁਵੰਨੇ ਪੱਖਾਂ ਨੂੰ ਜਨਮ ਸਾਖੀ ਸ਼ੈਲੀ ਵਿਚ ਸੂਤਰਬੱਧ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪਰ ਇਹ ਗ੍ਰੰਥ ਇਸ ਸਮੇਂ ਦੇ ਪੰਜਾਬ ਦੇ ਇਤਿਹਾਸ ਦੇ ਕਈ ਅਣਗੌਲੇ ਪੱਖਾਂ ਤੇ ਵੀ ਰੋਸ਼ਨੀ ਪਾਉਂਦਾ ਹੈ। ਨਾਮਧਾਰੀ ਪੰਥ ਵਿਚ ਸਮੇਂ ਸਮੇਂ ਸਿਰ ਜੋ ਇਕ ਤੋਂ ਵੱਧ ਝੁਕਾਅ ਜਾਂ ਵਿਚਾਰ ਵੱਖ ਵੱਖ ਮਸਲਿਆਂ ਬਾਰੇ ਪ੍ਰਗਟ ਹੁੰਦੇ ਰਹੇ ਹਨ ਉਹਨਾਂ ਦਾ ਵਰਣਨ ਵੀ ਸੰਤ ਜੀ ਦੀ ਲਿਖਤ ਵਿਚ ਹੈ।

ਨਾਮਧਾਰੀਆਂ ਦੇ ਪਿੰਡਾਂ, ਜਥੇਦਾਰਾਂ, ਪਰਚਾਰਕਾਂ, ਸੂਬਿਆਂ, ਸੰਤਾਂ, ਮਹੰਤਾਂ, ਅਤੇ ਹੋਰ ਪ੍ਰਬੰਧਕਾਂ ਦਾ ਭਰਵਾਂ ਵਰਣਨ ਗਾਹੇ ਬਗਾਹੇ ਇਸ ਗ੍ਰੰਥ ਦੀ ਅਮੀਰੀ ਨੂੰ ਵਧਾਉਂਦਾ ਹੈ। ਵੱਖੋ-ਵੱਖਰੇ

ਨਾਮਧਾਰੀ ਪਰਿਵਾਰਾਂ ਦੇ ਅਗੇਤਰ-ਪਿਛੇਤਰ ਇਸ ਦੀ ਸਭਿਆਚਾਰਕ ਮਹੱਤਤਾ ਨੂੰ ਪ੍ਰਗਟ ਕਰਦੇ ਹਨ।

ਜੱਸ ਜੀਵਨ ਵਿਚ ਸੰਤ ਤਰਨ ਸਿੰਘ ਵਹਿਮੀ ਜੀ ਨੇ ਅਥਾਹ ਸ਼ਰਧਾ ਨਾਲ ਆਪਣੇ ਇਸ਼ਟ ਦੀ ਅਰਾਧਨਾ ਕਰਦਿਆਂ ਗੁਰੂ ਦਾ ਜੱਸ ਹੀ ਲਿਖਿਆ ਹੈ। ਸਾਧਾਰਨ ਤੇ ਠੇਠ ਸ਼ਰਧਾ ਵਾਲੀ ਸ਼ੈਲੀ 'ਚ ਉਹਨਾਂ ਹਰ ਤੱਥ ਦੀ ਤਹਿ ਤਕ ਜਾ ਕੇ ਸਚਾਈ ਲਿਖੀ ਹੈ। ਪ੍ਰੋ. ਕਸੇਲ ਸਿੰਘ ਜੀ ਲਿਖਦੇ ਹਨ:

> "ਜੱਸ ਜੀਵਨ ਰਹੱਸਮਈ ਢੰਗ 'ਚ ਲਿਖਿਆ ਵੱਡ ਅਕਾਰੀ ਗ੍ਰੰਥ ਹੈ ਤੇ ਇਸ ਵਿਚ ਬਹੁਤ ਵੱਡੀ ਦੁਰਲੱਭ ਅਤੇ ਨਿੱਜੀ ਜਾਣਕਾਰੀ ਤੇ ਆਧਾਰਤ ਪੇਸ਼ ਕੀਤੀ ਗਈ ਪ੍ਰਮਾਣਿਕ ਸਮੱਗਰੀ ਹੈ।"[55]

ਸਮੁੱਚੀ ਕਿਰਤ ਨੂੰ ਲਿਖਾਰੀ ਨੇ ਲੋੜ ਅਨੁਸਾਰ ਗੁਰਬਾਣੀ ਦੀਆਂ ਤੁਕਾਂ ਨਾਲ ਪਰੋ ਕੇ ਪੇਸ਼ ਕੀਤਾ ਹੈ, ਹਰ ਸਾਲ ਦੀ ਸ਼ੁਰੂਆਤ ਮੰਗਲਾਚਰਨ ਲਿਖ ਕੇ ਆਰੰਭੀ ਹੈ ਤੇ ਇਸ ਤਰ੍ਹਾਂ ਲੱਗਦਾ ਹੈ ਕਿ ਲੇਖਕ ਦਾ ਗੁਰਬਾਣੀ ਪ੍ਰਤੀ ਗਿਆਨ ਵੀ ਭਰਪੂਰ ਹੈ। ਆਜ਼ਾਦੀ ਤੋਂ ਬਾਅਦ ਦੇ ਉਜਾੜੇ ਤੇ ਮੁੜ ਵਸੇਬੇ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਕੀਤੇ ਗਏ ਜਤਨਾਂ ਦਾ ਭਰਪੂਰ ਵਰਣਨ ਇਸ ਪੁਸਤਕ ਵਿਚ ਕੀਤਾ ਗਿਆ ਮਿਲਦਾ ਹੈ।

ਸਾਹਿਤ ਦੇ ਜਨਮ ਸਾਖੀ ਵਾਰਤਕ ਰੂਪ ਵਿਚ ਲਿਖਦਿਆਂ ਲਿਖਾਰੀ ਨੇ ਕਿਤੇ-ਕਿਤੇ ਨਾਟਕੀ ਢੰਗ ਨਾਲ ਵਾਰਤਾਲਾਪੀ ਅੰਸ਼ ਵੀ ਲਿਖੇ ਹਨ। ਨਿਪੁੰਨ ਤੇ ਰੌਚਕ ਵਾਕਾਂ ਰਾਹੀਂ ਕਾਵਿਕਤਾ ਵੀ ਭਰੀ ਹੈ ਜੋ ਰਵਾਨਗੀ ਵਾਲੀ ਹੈ।

ਪੰਜਾਬੀ ਸਾਹਿਤ ਦੇ ਇਤਿਹਾਸ ਦਾ ਪੁਨਰ ਮੁਲਾਂਕਣ ਕਰਦਿਆਂ ਡਾ. ਈਸ਼ਰ ਸਿੰਘ ਤਾਂਘ ਜੀ ਵੀ ਲਿਖਦੇ ਹਨ:

ਸੰਤ ਤਰਨ ਸਿੰਘ ਵਹਿਮੀ ਨੇ ਜੱਸ ਜੀਵਨ (6 ਜਿਲਦਾਂ ਵਿਚ) ਦੀ ਰਚਨਾ ਕਰਕੇ ਪੰਜਾਬੀ ਵਾਰਤਕ ਨੂੰ ਅਧਿਆਤਮਕ ਆਤਮ ਬਿਰਤੀ ਨਾਲ ਜੋੜੀ ਰੱਖਿਆ। ਆਤਮਕ ਆਦਰਸ਼ ਤੋਂ

ਪ੍ਰੇਰਿਤ ਹੋ ਕੇ ਲੇਖਕ ਨੇ ਸ਼ਰਧਾ-ਸਤਿਕਾਰ ਦੀ ਮੂਲ ਭਾਵਨਾ ਅਧੀਨ ਨਾਮਧਾਰੀ

ਸ਼ਖ਼ਸੀਅਤਾਂ ਦੀ ਅੰਤਰ ਚੇਤਨਾ ਨੂੰ ਇਤਿਹਾਸਕ ਵੇਰਵਿਆਂ ਵਾਂਗ ਉਸਾਰਿਆ ਹੈ। ਜਿਹੜਾ ਸਮਕਾਲੀ ਜੀਵਨ ਜਾਚ ਨਾਲ ਸਿੱਧਾ ਜੁੜਿਆ ਹੋਣ ਕਾਰਨ ਪ੍ਰੇਰਕ ਵੀ ਬਣਦਾ ਹੈ ਅਤੇ ਕਲਾਂਤਰ ਵਿਚ ਖੋਜ ਦਾ ਆਧਾਰ ਵੀ ਬਣਦਾ ਹੈ ਕਿਉਂਕਿ ਇਸ ਅੰਦਰ ਦਰਜ ਪ੍ਰਸੰਗਾਂ ਦੀ ਇਤਿਹਾਸਕ ਪ੍ਰਮਾਣਕਤਾ ਲਈ ਉਨ੍ਹਾਂ ਨੇ ਸਾਰੇ ਸਾਧਨ ਵਰਤੇ ਜਿਹੜੇ ਉਨ੍ਹਾਂ ਕੋਲ ਸਹਿਜ ਰੂਪ ਵਿਚ ਉਪਲਬਧ ਸਨ। ਮਿਸਾਲ ਵਜੋਂ 'ਜੱਸ ਜੀਵਨ' (ਭਾਗ ਪਹਿਲਾ) ਦੇ ਪ੍ਰਸੰਗ ਹਾਜ਼ਿਰ ਹਨ:

> "ਮੋਰ ਸਾਹਿਬ ਡਿਪਟੀ ਲਾਇਲਪੁਰ ਦਾ, ਇਹਨਾਂ ਨੂੰ ਲਾਇਲਪੁਰ ਤੇ ਹੋਰ ਥਾਈਂ ਲੈ ਜਾਂਦਾ, ਭਾੜਾ ਭਰ ਖੁਰਾਕ ਘਿਉ ਆਦਿ ਘਰ ਦੇ ਦੋ ਪੀਪੇ ਨਾਲ ਧਰ। ਰਗੜਾ ਸੁਨਹਿਰੇ ਵਿਚ ਸਰਦਾਈ ਦਾ ਇਹਨਾਂ ਦਾ 3 ਸੇਰ ਗਿਰੀਆਂ ਬਦਾਮਾਂ ਦੀਆਂ ਦਾ ਪੈਂਦਾ ਸੀ। ਪੰਜ ਮਣ ਦਾ ਡੋਲ ਜਲ ਦਾ ਚਰਖੜੀ ਨਾਲ ਖੂਹ 'ਚੋਂ ਖਿਚਣ ਵਾਲਾ ਸੀ। ਸਾਢੇ ਤਿੰਨ ਮਣ ਵਜਨ ਇਕ ਇਕ ਦਾ ਸੀ। ਦੋ ਵੇਲੇ ਪਿੰਡ ਰੱਸਾ ਖਿਚਦੇ। ਪੰਜ ਸ਼ਬਦ ਗੁਰਬਾਣੀ ਦੇ, ਉੱਚੀ ਅਵਾਜ, ਰਸੀਲੀ ਸੁਰ 'ਚ ਰਲ ਪੜ੍ਹਦੇ, ਤਿੰਨ ਤਿੰਨ ਕੋਹ ਤੇ ਅਵਾਜ਼ਾ ਸੁਣੀਂਦਾ ਸੀ। ਹਰ ਹੋਲੇ ਤੇ ਜਾਂਦੇ, ਜੇ ਕੋਈ ਹੋਰ ਖਿਚਦਾ ਤਾਂ ਭੀ ਲੈ ਜਾਂਦੇ। ਅੰਗਰੇਜ਼ ਜਵਾਨਾਂ ਨੂੰ ਭੀ ਖਿੱਚ ਲੈ ਜਾਂਦੇ ਭਾਵੇਂ ਉਹ ਬੂਟਾਂ ਸਣੇ ਹੀ ਖਿਚਦੇ। ਇਹਨਾਂ 'ਚੋਂ ਕਈਆਂ ਦੇ ਪੈਰਾਂ ਦੇ ਨੌਂਹ ਜਿਮੀਂ 'ਚ ਖੁਭਦਿਆਂ ਘਸ ਗਏ ਹੋਏ ਸੀ। ਸਰਕਾਰੋਂ ਇਹਨਾਂ ਨੂੰ ਇਕ ਇਕ ਮੁਰੱਬਾ ਇਨਾਮ ਭੀ ਮਿਲਿਆ ਹੋਇਆ ਸੀ। ਜਦ ਨੁਸ਼ਹਿਰੇ ਗੁਜਰਾਂਵਾਲੇ ਦੇ ਜ਼ਿਲ੍ਹੇ 'ਚ ਇਹਨਾਂ ਅੰਗਰੇਜ਼ ਖਿਚੇ ਤਾਂ ਜਿੰਨਿਆਂ ਦੇ ਨਾਮ ਲਿਖਾਏ, ਸਭ ਨੂੰ ਇਨਾਮ ਮਿਲੇ ਮੁਰੱਬੇ ਕਈਆਂ ਨਾ ਭੀ ਲਏ, ਕੀ ਪੁੱਟਣ ਦਾ ਵਖਤ ਕਰਨਾ ਹੈ, ਅਗੇ ਬਥੇਰੀ ਜ਼ਮੀਨ ਤੇ ਆਮਦਨ ਏ।"[56]

ਇਸੇ ਤਰ੍ਹਾਂ ਇਤਿਹਾਸਕ ਵੇਰਵਾ ਦੇਣ ਸਮੇਂ ਪੰਨੇ ਦੇ ਅਖੀਰ ਵਿਚ ਸੰਤ ਜੀ ਵੱਲੋਂ ਨੋਟ ਦਿੱਤੇ ਗਏ ਹਨ:

> "ਏਕ ਸਮੇਂ ਦਿੱਲੀ ਜਾਰਜ ਪੰਚਮ ਦੇ ਆਇਆਂ ਰੱਸਾ ਖਿੱਚਿਆ, ਦੋ ਦਿਨ ਬਦਲ ਬਦਲ ਗੋਰੇ ਹਾਕਮਾਂ ਲਾਏ। ਫੇਰ ਭੀ ਇਹ ਜਿਤੇ ਤਾਂ ਗੋਰਿਆਂ ਫੋਟੋਆਂ ਲਈਆਂ, ਵਲੈਤ ਗਈਆਂ, ਇਹ ਨਾਲ ਲਿਖਿਆ ਕਿ ਇਹ ਨਾਮਧਾਰੀ ਹਨ ਤੇ ਬਦਾਮ, ਘਿਉ ਹੀ ਖਾਂਦੇ ਹਨ ਤੇ ਸਮੇਂ ਦੇ ਲਾਸਾਨੀ ਜਵਾਨ ਹਨ।"[57]

"ਜੱਸ ਜੀਵਨ" ਵਾਰਤਕ ਦਾ ਇਕ ਅਜਿਹਾ ਨਮੂਨਾ ਹੈ ਜਿਹੜਾ ਨਾਮਧਾਰੀ ਪੰਥ ਦੇ ਫਲਸਫੇ-ਸਿਧਾਂਤ, ਵਿਚਾਰਧਾਰਾ, ਜੀਵਨ ਜਾਚ, ਚਿੰਤਨ-ਬਿਰਤੀ ਤੋਂ ਇਲਾਵਾ ਭਾਸ਼ਾ, ਸ਼ੈਲੀ ਅਤੇ ਅਭਿਵਿਅਕਤੀ ਪੱਖੋਂ ਪੰਜਾਬੀ ਵਾਰਤਕ ਵਿਚ ਵਿਲੱਖਣ ਹੋ ਨਿੱਬੜਦਾ ਹੈ ਕਿਉਂਕਿ ਇਸ ਵਿਚ ਸਾਖੀ ਵਾਰਤਾ, ਬਚਨ, ਸਾਹਿਤਕ ਗੁਣ, ਇਤਿਹਾਸਕ ਅਧਾਰ, ਸ਼ਰਧਾ, ਪ੍ਰੇਮ ਭਾਵਨਾ, ਭਾਸ਼ਾ ਦੀ ਸਹਿਜ ਸਾਦਗੀ ਅਤੇ ਮਹੱਤਵ ਦੀ ਪੂਰਤੀ ਬਹੁਤ ਕੁਝ ਇਕ ਥਾਂ ਇਕੱਠਾ ਹੋ ਗਿਆ। ਇਹ ਸਮੁੱਚੀ ਰਚਨਾ ਮਨੁੱਖ ਹਿਤੈਸ਼ੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦੀ ਹੈ ਅਤੇ ਸਮਾਜ ਨੂੰ ਪੰਜਾਬੀ ਵਿਰਾਸਤੀ ਸਿਹਤਮੰਦ ਮੁੱਲਾਂ ਨਾਲ ਜੋੜ ਕੇ ਸਭਿਆਚਾਰ ਨੂੰ ਸੰਭਾਲਣ ਦਾ ਜਤਨ ਵੀ ਕਰਦੀ ਹੈ। ਪੱਛਮੀ ਵਾਰਤਕ ਰੂਪਾਂ ਅਤੇ ਸ਼ੈਲੀਆਂ ਤੋਂ ਮੁਕਤ ਇਹ ਰਚਨਾ ਪੁਰਾਤਨ ਪੰਜਾਬੀ ਵਾਰਤਕ ਦਾ ਅਗਲਾ ਪੜਾਅ ਮੰਨਿਆ ਜਾ ਸਕਦਾ ਹੈ। ਇਹ ਵੱਡ ਅਕਾਰੀ ਗ੍ਰੰਥ ਸੱਤ ਦਹਾਕਿਆਂ ਦੇ ਨਾਮਧਾਰੀ ਇਤਿਹਾਸ ਦਾ ਸ਼ੀਸ਼ਾ ਹੈ।

**ਸ੍. ਨਾਹਰ ਸਿੰਘ**

**ਨਾਮਧਾਰੀ ਇਤਿਹਾਸ:**

ਸ. ਨਾਹਰ ਸਿੰਘ ਇਸ ਕਾਲ ਦੇ ਪ੍ਰਮੁੱਖ ਇਤਿਹਾਸ ਲੇਖਕ ਹਨ। ਜਿਨ੍ਹਾਂ ਨੇ ਨਾਮਧਾਰੀ ਇਤਿਹਾਸ (ਭਾਗ ਪਹਿਲਾ) ਰਚਿਆ ਜੋ ਕਿ 1857 ਤੋਂ ਲੈਕੇ 1872 ਤੱਕ ਦੇ ਮਲੇਰਕੋਟਲੇ ਦੇ

ਸ਼ਹੀਦੀ ਸਾਕੇ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੇ ਬਰਮਾ ਵਿਖੇ ਬੰਦੀ ਕੀਤੇ ਜਾਣ ਤੱਕ ਸੰਬੰਧਿਤ ਹੈ, ਪਰ ਸਤਿਗੁਰੂ ਰਾਮ ਸਿੰਘ ਤੋਂ ਪੂਰਬਲੇ ਸਮਾਚਾਰਾਂ ਨੂੰ ਵੀ ਇਤਿਹਾਸਕਾਰ ਨੇ ਅੰਕਿਤ ਕੀਤਾ ਹੈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਰਾਮ ਸਿੰਘ ਜੀ ਦੇ ਜਨਮ ਤੱਕ ਤੇ ਰਾਜਨੀਤਕ ਪੱਖਾਂ ਉਤੇ ਬੜੀ ਖੋਜ ਭਰਪੂਰ ਪੜਤਾਲ ਕੀਤੀ ਹੈ। 1872 ਤੱਕ ਦੇ ਇਤਿਹਾਸਕ ਸਮਾਚਾਰਾਂ ਨੂੰ ਪੂਰੀ ਖੋਜ ਉਪਰੰਤ ਕਲਮਬੱਧ ਕੀਤਾ ਹੈ। ਆਪ ਜੀ ਦੀ ਇਕ ਵੱਡੀ ਦੇਣ ਸਰਕਾਰੀ ਮਿਸਲਾਂ ਵਿਚ ਅੰਕਿਤ ਇਤਿਹਾਸਕ ਦਸਤਾਵੇਜ਼ਾਂ ਦੀ ਪ੍ਰਕਾਸ਼ਨਾ ਹੈ।

'ਨਾਨਕ ਪੰਥ ਔਰ ਸਿੱਖ ਧਰਮ ਕਾ ਪ੍ਰਚਾਰ' ਸਿਰਲੇਖ ਅਧੀਨ ਆਏ ਪ੍ਰਸੰਗ ਵਿਚ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਵਲੋਂ ਸ਼ੁਰੂ ਕੀਤੇ ਸਿੱਖ ਮੱਤ ਤੋਂ ਲੈ ਕੇ ਦਸਮ ਪਾਤਸ਼ਾਹ ਜੀ ਤੱਕ, ਇਸ ਮੱਤ ਵਿਚ ਪਾਏ ਯੋਗਦਾਨ ਬਾਰੇ ਚਰਚਾ ਕੀਤੀ ਹੈ। ਇਸ ਤੋਂ ਇਲਾਵਾ ਸਿੱਖ ਧਰਮ ਦੀ ਵਿਸ਼ੇਸ਼ਤਾ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਪਵਿਤਰਤਾ ਬਾਰੇ ਵਿਸਤ੍ਰਿਤ ਚਰਚਾ ਕੀਤੀ ਮਿਲਦੀ ਹੈ। ਹਰਿਮੰਦਰ ਸਾਹਿਬ ਬਾਰੇ ਉਹ ਲਿਖਦੇ ਹਨ:-

> "ਹਰਿਮੰਦਰ ਸਾਹਿਬ ਕੀ ਆਧਾਰਸ਼ਿਲਾ ਪਰਮਾਤਮਾ ਕੇ ਪਿਆਰੇ ਸੂਫੀ ਮੁਸਲਮਾਨ ਫਕੀਰ ਮੀਆਂ ਮੀਰ ਸੇ ਸੰਨ 1589 ਮੈਂ ਰਖਵਾਈ। ਇਸਕੀ ਚਾਰੋ-ਦਿਸ਼ਾਓਂ ਮੈਂ ਖੁਲ੍ਹੇ ਚਾਰ ਦੁਆਰ ਇਸ ਸਿਧਾਂਤ ਦੇ ਪ੍ਰਤੀਕ ਹੈਨ ਕਿ ਪਰਮਾਤਮਾ ਕਾ ਦੁਆਰ ਸੰਪੂਰਨ ਸੰਸਾਰ ਕੇ ਲੋਗੋਂ ਕੇ ਲੀਏ ਖੁੱਲ੍ਹਾ ਹੈ। ਹਰਿਮੰਦਰ ਸਾਹਿਬ ਏਕ ਐਸਾ ਮੰਦਰ ਹੈ ਜਿਸਮੇ ਹਰ ਦੇਸ਼ ਕਾ, ਹਰ ਜਾਤੀ ਕਾ ਤਥਾ ਹਰ ਧਰਮਾਵਿਲੰਭੀ ਵ ਹਰ ਸਿਧਾਂਤ ਕਾ ਅਨੁਯਾਈ, ਆਸਤਿਕ ਹੋ ਜਾਂ ਨਾਸਤਿਕ, ਮੂਰਤੀ ਪੂਜਕ ਹੋ ਜਾਂ ਮੂਰਤੀ ਭੰਜਕ, ਗੋ ਭਕਸ਼ਕ ਹੋ ਚਾਹੇ ਗੋ ਰਖਸ਼ਕ, ਸੁਕਰ ਭੋਜੀ ਹੋ ਜਾਂ ਉਸਸੇ ਘਿਰਣਾ ਕਰਨੇ ਵਾਲਾ ਇਸਮੇ ਆਕਰ ਦਰਸ਼ਨ ਕਰ ਸਕਤਾ ਹੈ ਔਰ ਗੁਰੂ ਕੀ ਬਾਣੀ ਸੁਣ ਸਕਤਾ ਹੈ। ਇਨਹੋਨੇ ਲਾਹੌਰ ਡੱਬੀ ਬਾਜ਼ਾਰ ਮੈਂ ਏਕ ਬਾਵਲੀ ਭੀ ਬਣਵਾਈ ਤਥਾ

> ਸੰਨ 1595 ਮੈਂ ਬਿਆਸ ਨਦੀ ਕੇ ਕਿਨਾਰੇ ਗੋਬਿੰਦਪੁਰ ਕੀ ਆਧਾਰਸ਼ਿਲਾ ਰੱਖੀ।"[58]

ਸਿੱਖ ਗੁਰੂਆਂ ਤੋਂ ਇਸ ਅਧਿਆਇ ਨੂੰ ਸ਼ੁਰੂ ਕਰਕੇ ਪੰਜਾਬ ਉਤੇ ਅੰਗਰੇਜ਼ਾਂ ਦੇ ਕਬਜ਼ੇ ਅਤੇ ਅੰਗਰੇਜ਼ਾਂ ਦੇ ਭਾਰਤ ਛੱਡ ਜਾਣ ਤੱਕ ਦੇ ਇਤਿਹਾਸਕ ਵੇਰਵਿਆਂ ਨੂੰ ਬੜੇ ਸੋਹਣੇ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਨਾਮਧਾਰੀ ਨੇਤਾ ਗੁਰੂ ਰਾਮ ਸਿੰਘ ਜੀ 'ਜੀਵਨ ਕੇ ਪਹਿਲੇ 40 ਵਰਸ਼' ਸਿਰਲੇਖ ਅਧੀਨ ਨਾਮਧਾਰੀ ਅੰਦੋਲਨ ਦੇ ਸੰਚਾਲਕ ਗੁਰੂ ਰਾਮ ਸਿੰਘ ਜੀ ਦੇ ਜਨਮ ਤੋਂ ਲੈ ਕੇ ਉਨ੍ਹਾਂ ਦੁਆਰਾ ਅਪਣਾਏ ਗਏ ਭਗਤੀ ਦੇ ਮਾਰਗ ਅਤੇ ਉਨ੍ਹਾਂ ਦੇ ਸਮਾਜਕ ਜੀਵਨ ਬਾਰੇ ਜਾਣਕਾਰੀ ਦਿੱਤੀ ਗਈ ਹੈ। ਅੱਗੇ 'ਨਾਮਧਾਰੀ ਅੰਦੋਲਨ ਕਾ ਵਿਕਾਸ' ਸਿਰਲੇਖ ਅਧੀਨ ਨਾਮਧਾਰੀ ਸਮਾਜ ਵਲੋਂ ਆਜ਼ਾਦੀ ਦੇ ਅੰਦੋਲਨ ਵਿਚ ਪਾਏ ਗਏ ਯੋਗਦਾਨ ਬਾਰੇ ਕੀਤਾ ਵਰਨਣ ਮਿਲਦਾ ਹੈ:

> "ਗੁਰੂ ਰਾਮ ਸਿੰਘ ਜੀ ਨੇ ਸੇਵਾ, ਪਰਉਪਕਾਰ, ਸਵੱਛ ਰਹਨੇ, ਸਤਯ ਕਹਨੇ ਤਥਾ ਨਿਰਮਲ ਕ੍ਰਮ ਕੀ ਉੱਚ ਸਿਖਿਆਏਂ ਦੀ। ਕੁਰੀਤੀਓਂ ਸੇ ਬਚਕਰ ਸਰਲ ਜੀਵਨ ਬਤੀਤ ਕਰਨੇ ਕਾ ਢੰਗ ਬਤਾਇਆ। ਆਪਕਾ ਜਹ ਦ੍ਰਿੜ ਨਿਸਚਯ ਥਾ ਕਿ ਕੋਈ ਭੀ ਦੇਸ਼ ਅਥਵਾ ਰਾਸ਼ਟਰ ਰਾਜਨੀਤਕ ਰੂਪ ਸੇ ਪਰਾਧੀਨ ਰਹਿ ਕਰ ਆਤਮਕ, ਸਮਾਜਕ ਤਥਾ ਆਰਥਕ ਉਨਤੀ ਨਹੀਂ ਕਰ ਸਕਤਾ। ਰਾਸ਼ਟਰੀਯ ਉਨਤੀ ਕੇ ਲਿਏ ਸਰਵਪ੍ਰਥਮ ਜਹ ਆਵੱਸ਼ਕ ਹੈ ਕਿ ਸਮਾਜ ਕਾ ਪ੍ਰਤੇਕ ਵਿਅਕਤੀ ਆਪਣੀ ਜੀਵਿਕਾ ਕਮਾਨੇ ਕੇ ਸਾਧਨੋ ਮੇਂ ਕਿਸੀ ਅਨਯ ਕਾ ਦਾਸ ਨਾ ਹੋ।"[59]

ਇਸੇ ਤਰ੍ਹਾਂ ਇਸ ਪੁਸਤਕ ਵਿਚ ਹੋਰ ਵਿਸ਼ੇ ਜਿਵੇਂ ਕਿ ਹਰਿਦੁਆਰ ਅਰਥ ਕੁੰਭੀ ਕੇ ਮੇਲੇ ਪਰ ਜਾਨਾ, ਨਜਰਬੰਦੀ ਤਥਾ ਪ੍ਰਤੀਬੰਧ ਕੇ ਚਾਰ ਵਰਸ਼, ਆਨੰਦਪੁਰ ਕਾ ਹੋਲਾ, ਅੰਮ੍ਰਿਤਸਰ ਕੀ ਦੀਵਾਲੀ, ਪੰਜਾਬ ਪਰ ਅੰਗਰੇਜ਼ ਸ਼ਾਸਕੋਂ ਕਾ ਅਧਿਕਾਰ, ਰਾਏਕੋਟ ਕੀ ਘਟਨਾ, ਗਿਆਨੀ ਰਤਨ

ਸਿੰਘ ਤਥਾ ਰਤਨ ਸਿੰਘ ਗਾਂਵ ਨਾਈਵਾਲਾ ਕੋ ਫਾਂਸੀਆਂ, ਵਿਦੇਸ਼ੀ ਸਰਕਾਰ ਕੋ ਨਾਮਧਾਰੀਓਂ ਕੀ ਔਰ ਸੇ ਆਸ਼ੰਕਾ, ਸ਼ਹੀਦੀ ਜਥੇ ਕਾ ਉਥਾਨ, ਭੈਣੀ ਮੈਂ ਮਾਘੀ ਕਾ ਮੇਲਾ, ਆਦਿ ਵਿਸ਼ਿਆਂ ਤੇ ਰੋਸ਼ਨੀ ਪਾਈ ਗਈ ਹੈ। ਪੁਸਤਕ ਦੇ ਅਖੀਰ ਵਿਚ 'ਸ਼ਹੀਦ ਹੂਏ ਨਾਮਧਾਰੀ ਸਿੰਹ' ਸਿਰਲੇਖ ਅਧੀਨ ਆਜ਼ਾਦੀ ਦੇ ਅੰਦੋਲਨ ਹਿੱਤ ਸ਼ਹੀਦ ਹੋਣ ਵਾਲੀ ਨਾਮਧਾਰੀ ਸਿੰਘਾਂ ਦੀ ਜਿਲ੍ਹੇਵਾਰ ਸੂਚੀ ਦਿੱਤੀ ਗਈ ਹੈ। ਜਿਵੇਂ ਕਿ:

"ਰਿਆਸਤ ਪਟਿਆਲਾ - ਸੰਖਿਆ 24

ਗਾਂਵ - ਸਕਰੋਦੀ ਕੇ ਸਰਦਾਰ ਹੀਰਾ ਸਿੰਹ ਗਰੇਵਾਲ, ਸਰਦਾਰ ਲਹਨਾਂ ਸਿੰਹ ਗਰੇਵਾਲ ਤਥਾ ਭਾਈ ਮਿੱਤੂ ਸਿੰਘ ਰਵੀਦਾਸੀਆ, ਗਾਵੇ ਰੜਕੇ ਅਤਰ ਸਿੰਹ, ਸਦਾ ਸਿੰਹ, ਹੀਰਾ ਸਿੰਹ, ਹਰਨਾਮ ਸਿੰਹ, ਗੁਰਦੱਤ ਸਿੰਹ, ਨਾਰਾਇਣ ਸਿੰਹ, ਤਥਾ ਬਿਸ਼ਨ ਸਿੰਹ .........।[60] ਆਦਿ ਦੇ ਨਾਮ ਦਿੱਤੇ ਗਏ ਹਨ।"

ਇਸ ਪੁਸਤਕ ਬਾਰੇ ਕਿਹਾ ਜਾ ਸਕਦਾ ਹੈ ਕਿ ਨਾਮਧਾਰੀ ਸਮਾਜ ਵਿਚ ਇਸ ਪੁਸਤਕ ਦਾ ਕੇਵਲ ਇਤਿਹਾਸਕ ਪੱਖੋਂ ਹੀ ਨਹੀਂ ਬਲਕਿ ਹਰ ਪੱਖ ਤੋਂ ਆਪਣਾ ਮਹੱਤਵ ਹੈ।

**(ੲ) 1959 ਤੋਂ ਹੁਣ ਤੱਕ:**

ਨਾਮਧਾਰੀ ਸਾਹਿਤ ਦਾ ਤੀਜਾ ਕਾਲ ਵਰਤਮਾਨ ਸਤਿਗੁਰੂ ਸ੍ਰੀ ਜਗਜੀਤ ਸਿੰਘ ਦੇ ਗੱਦੀ ਸੰਭਾਲਣ ਤੋਂ ਸ਼ੁਰੂ ਹੁੰਦਾ ਹੈ ਅਤੇ ਇਸ ਵਿਚ ਨਾਮਧਾਰੀ ਸਾਹਿਤ ਅਤੇ ਪੱਤਰਕਾਰਤਾ ਦਾ ਚਹੁੰਮੁਖੀ ਵਿਕਾਸ ਹੋਇਆ ਹੈ। ਸਤਿਗੁਰੂ ਜਗਜੀਤ ਸਿੰਘ ਨੇ ਪਿਛਲੇ ਚਾਲੀ ਸਾਲਾਂ ਵਿਚ ਸੰਗੀਤ, ਕਲਾ, ਸਾਹਿਤ ਦੀ ਸੰਭਾਲ, ਸੁਰੱਖਿਆ ਅਤੇ ਸਰਪ੍ਰਸਤੀ ਦੇ ਖੇਤਰ ਵਿਚ ਇਤਨਾ ਵੱਡਾ ਯੋਗਦਾਨ ਪਾਇਆ ਹੈ ਕਿ ਇਹ ਸਭ ਕੁਝ ਉਨ੍ਹਾਂ ਦੀ ਦੂਰਦਰਸ਼ਤਾ ਦੇ ਪ੍ਰਮਾਣ ਵਜੋਂ ਨਾਮਧਾਰੀ ਸਤਿਗੁਰੂ ਸਾਹਿਬਾਨ ਦੇ ਸਮੇਂ ਵਿਚ ਰਚੇ ਗਏ ਸਾਹਿਤ ਨੂੰ ਸੰਭਾਲਣ ਤੇ ਉਸ ਦੇ ਸੁੰਦਰ ਨਵ-ਪ੍ਰਕਾਸ਼ਨ ਨਾਲ ਸੰਬੰਧ ਰੱਖਦਾ ਹੈ। ਉਨ੍ਹਾਂ ਦੇ ਕਾਲ ਵਿਚ ਨਾਮਧਾਰੀ ਸਾਹਿਤ ਨਾਲ ਸੰਬੰਧਿਤ ਜੋ ਰਚਨਾਵਾਂ ਪ੍ਰਕਾਸ਼ਤ ਹੋਈਆਂ ਹਨ ਅਤੇ ਜਿੰਨੇ ਪ੍ਰਮੁੱਖ ਸਾਹਿਤਕਾਰ ਉਨ੍ਹਾਂ ਦੇ ਪ੍ਰੇਰਨਾਸ਼ੀਲ ਵਿਅਕਤਿਤਵ ਤੋਂ ਪ੍ਰਭਾਵਿਤ ਹੋ ਕੇ ਸਾਹਤਿਕ ਖੇਤਰ ਵਿਚ ਸਿਰਜਨਾ ਕਰਦੇ ਰਹੇ ਹਨ। ਉਨ੍ਹਾਂ ਦਾ ਨਾ ਕੇਵਲ ਇਕ ਮਹੱਤਵਪੂਰਨ

ਸੰਗ੍ਰਹਿ ਹੋਂਦ ਵਿਚ ਆਇਆ ਹੈ, ਸਗੋਂ ਇਸ ਦੌਰ ਦੀਆਂ ਪੁਸਤਕਾਂ ਵਿਚ ਵਹਿਮੀ ਜੀ ਨੇ ਨਾਮਧਾਰੀ ਗੁਰੂ-ਪਰੰਪਰਾ ਦੀ ਇਤਿਹਾਸਕ ਖੋਜ ਤੇ ਪ੍ਰਮਾਣਿਕ ਹਵਾਲਿਆਂ ਦੁਆਰਾ ਪੁਸ਼ਟੀ ਕਰਨ ਦਾ ਜਤਨ ਕੀਤਾ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇਸ਼-ਵਿਦੇਸ਼ ਵਿਚ ਜਿਹੜੇ ਪ੍ਰਵਚਨ ਤੇ ਉਪਦੇਸ਼ ਕਰਦੇ ਰਹੇ ਹਨ, ਉਨ੍ਹਾਂ ਨੂੰ ਸ੍ਰੀ ਜਗਜੀਤ ਸਿੰਘ ਨੇ ਸੁੰਦਰ ਸਰੂਪ ਵਿਚ ਪ੍ਰਕਾਸ਼ਤ ਕਰਵਾ ਦਿੱਤਾ ਹੈ, ਜਿਨ੍ਹਾਂ ਦੀਆਂ ਤਿੰਨ ਜਿਲਦਾਂ ਛਪ ਚੁੱਕੀਆਂ ਹਨ ਅਤੇ ਬਾਕੀ ਦੀਆਂ ਛਪਾਈ ਅਧੀਨ ਹਨ। ਇਨ੍ਹਾਂ ਪੁਸਤਕਾਂ ਦੇ ਨਾਂ 'ਲਾਲ ਏਹਿ ਰਤਨ' ਹਨ ਅਤੇ ਇਨ੍ਹਾਂ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਸਮਾਨ ਸ੍ਰੀ ਪ੍ਰਤਾਪ ਸਿੰਘ ਜੀ ਦੇ ਅਮੋਲਕ ਵਿਚਾਰਾਂ, ਪ੍ਰਵਚਨਾਂ ਤੇ ਉਪਦੇਸ਼ਾਂ ਨੂੰ ਸੰਕਲਿਤ ਕੀਤਾ ਗਿਆ ਹੈ। ਇਨ੍ਹਾਂ ਦੇ ਭਾਸ਼ਣੀ ਸਰੂਪ ਨੂੰ ਸਾਹਿਤਕ ਰੂਪ ਦੇਣ ਵਿਚ ਪ੍ਰਿੰ ਬੇਅੰਤ ਕੌਰ ਦਾ ਵੱਡਾ ਯੋਗਦਾਨ ਹੈ। ਇਹ ਰਚਨਾਵਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਧਿਆਤਮਕ, ਵਿਸ਼ਵ-ਵਿਆਪੀ, ਮਾਨਵੀ ਤੇ ਉਦਾਰਤਾ ਪੂਰਬਕ ਦ੍ਰਿਸ਼ਟੀਕੋਣ ਅਤੇ ਸਰਬ ਮਨੁੱਖਤਾ ਲਈ ਕਲਿਆਣਕਾਰੀ ਸੰਦੇਸ਼ ਦਾ ਬੋਧ ਕਰਵਾਉਂਦੀਆਂ ਹਨ। ਇਸ ਕਾਲ ਦੇ ਪ੍ਰਮੁੱਖ ਲੇਖਕਾਂ ਦਾ ਵੇਰਵਾ ਇਸ ਪ੍ਰਕਾਰ ਹੈ:

**ਮਾਸਟਰ ਨਿਹਾਲ ਸਿੰਘ:**

ਭਾਈ ਸੰਤੋਖ ਸਿੰਘ ਬਾਹੋਵਾਲ ਦੁਆਰਾ ਸ਼ੁਰੂ ਕੀਤੀ ਅਤੇ ਤਰਨ ਸਿੰਘ ਵਹਿਮੀ ਦੁਆਰਾ ਲੀਹ ਤੇ ਪਾਈ ਜਨਮ-ਸਾਖੀ ਪ੍ਰੰਪਰਾ ਨੂੰ ਵਿਸਥਾਰ ਦੇਣ ਵਾਲਾ ਲੇਖਕ ਹੈ ਮਾਸਟਰ ਨਿਹਾਲ ਸਿੰਘ। ਉਹ ਸਾਖੀ ਪਰੰਪਰਾ ਵਿਚ ਭਾਈ ਵੀਰ ਸਿੰਘ ਤੋਂ ਬਹੁਤ ਪ੍ਰਭਾਵਿਤ ਹੋਇਆ ਹੈ। ਉਸ ਦੇ ਲਿਖਣ ਢੰਗ ਵਿਚ ਤੀਖਣ ਭਾਵੁਕਤਾ ਤੇ ਸ਼ਰਧਾ ਯੁਕਤ ਭਾਵਨਾ ਵਿਦਮਾਨ ਹੈ ਪਰ ਅੱਖੀਂ ਡਿੱਠੇ ਸਮਾਚਾਰ ਤੇ ਨਿਕਟਵਰਤੀਆਂ ਤੋਂ ਸੁਣੇ ਬਿਰਤਾਂਤ ਉਸ ਦੀ ਰਚਨਾ ਦੇ ਪ੍ਰਮੁੱਖ ਅੰਗ ਬਣੇ ਹਨ। ਇਸ ਲਈ ਯਥਾਰਥਮੁਖਤਾ ਮਾਸਟਰ ਨਿਹਾਲ ਸਿੰਘ ਦੀਆਂ ਰਚਨਾਵਾਂ ਦਾ ਵਿਸ਼ੇਸ਼ ਗੁਣ ਹੈ। ਤਰਨ ਸਿੰਘ ਵਹਿਮੀ ਜੀ ਦੀ ਤੁਲਨਾ ਵਿਚ ਉਸਦੀ ਵਾਰਤਕ ਵਧੇਰੇ ਸਾਹਿਤਕ ਗੁਣਾਂ ਵਾਲੀ ਹੈ। 'ਚੋਜੀ ਪ੍ਰੀਤਮ' (ਛੇ ਭਾਗ), 'ਬੇਅੰਤ ਲੀਲ੍ਹਾ' (ਤਿੰਨ ਭਾਗ) ਉਸ ਦੀਆਂ ਵਿਸ਼ੇਸ਼ ਰਚਨਾਵਾਂ ਹਨ, ਜਿਨ੍ਹਾਂ

ਵਿਚ ਉਸ ਨੇ ਆਪਣੇ ਇਸ਼ਟ ਨਾਇਕਾਂ ਨਾਲ ਸੰਬੰਧਿਤ ਬਿਰਤਾਂਤ ਅਰਥਾਤ ਸਾਖੀਆਂ ਨੂੰ ਇਕ ਸਾਖੀਕਾਰ ਦੀ ਹੈਸੀਅਤ ਵਿਚ ਕਾਨੀਬੰਦ ਕਰਨ ਦਾ ਜਤਨ ਕੀਤਾ ਹੈ, 'ਕੂਕਿਆਂ ਦਾ ਪੰਥ ਨਿਰਾਲਾ', 'ਅਲੌਕਿਕ ਦਰਸ਼ਨ', 'ਰਤਨਮਾਲਾ', 'ਬਾਈਕਾਟ', 'ਸਤਿਗੁਰੂ ਸਾਖੀਆਂ', 'ਚਮਤਕਾਰੇ', 'ਮੌਜੀ ਠਾਕਰ', 'ਮਾਤਾਵਾਂ' ਅਤੇ 'ਦਾਨੇ-ਮਸਤਾਨੇ' ਆਦਿ ਮਾਸਟਰ ਜੀ ਦੀਆਂ ਹੋਰ ਵਰਣਨਯੋਗ ਰਚਨਾਵਾਂ ਹਨ।

**ਪ੍ਰੀਤਮ ਸਿੰਘ ਕਵੀ:**

ਜਨਮਸਾਖੀ ਪਰੰਪਰਾ ਦੇ ਵਿਸਥਾਰ ਵਿਚ ਜੋ ਸ੍ਰੀ ਪ੍ਰੀਤਮ ਸਿੰਘ ਕਵੀ ਦਾ ਯੋਗਦਾਨ ਹੈ, ਉਸ ਨਾਲ ਤਾਂ ਗੁਰਮਤਿ ਸਾਹਿਤ ਦੀ ਜਨਮ ਸਾਖੀ ਪਰੰਪਰਾ ਦੀ ਕਾਇਆ ਕਲਪ ਹੀ ਹੋ ਗਈ ਹੈ, ਜੋ 'ਬੀਤੇ ਦੀਆਂ ਪੈੜਾਂ' ਨੂੰ ਪੜ੍ਹ ਕੇ ਸਪੱਸ਼ਟ ਹੋ ਜਾਂਦਾ ਹੈ। ਇਸ ਪੁਸਤਕ ਦੇ 11 ਭਾਗ ਹੁਣ ਤਕ ਪ੍ਰਕਾਸ਼ਤ ਹੋ ਚੁੱਕੇ ਹਨ। ਇਹ ਰਚਨਾਵਾਂ ਯਥਾਰਥਮੁਖੀ ਹਨ, ਅਤੇ ਇਨ੍ਹਾਂ ਵਿਚ ਸਤਿਗੁਰੂ ਜਗਜੀਤ ਸਿੰਘ ਦੇ ਵਿਅਕਤਿਤਵ ਨੂੰ ਨਿਕਟਵਰਤੀ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਰੋਜ਼ਾਨਾ ਜੀਵਨ ਦੇ ਸਧਾਰਨ ਨਿੱਕੇ ਨਿੱਕੇ ਵੇਰਵੇ ਤੇ ਮੇਲ-ਮੁਲਾਕਾਤਾਂ ਦੇ ਵਿਸਥਾਰ, ਨਾਮਧਾਰੀ ਸੰਗਤ ਦੀ ਉਨ੍ਹਾਂ ਪ੍ਰਤੀ ਸ਼ਰਧਾ-ਭਾਵਨਾ ਅਤੇ ਉਨ੍ਹਾਂ ਦੀ ਉਦਾਰਤਾ, ਦੂਰਦਰਸ਼ਤਾ ਤੇ ਜੀਵਨ ਦੇ ਯਥਾਰਥ ਪ੍ਰਤੀ ਉਨ੍ਹਾਂ ਦੀ ਪਹੁੰਚ ਦਾ ਇਨ੍ਹਾਂ ਰਚਨਾਵਾਂ ਤੋਂ ਸੰਪੂਰਨ ਬੋਧ ਹੋ ਜਾਂਦਾ ਹੈ। ਇਹ ਸਾਖੀ-ਬਿਰਤਾਂਤ ਵੀ ਹਨ, ਰੋਜ਼ਨਾਮਚੇ ਵੀ ਅਤੇ ਸਤਿਗੁਰੂ ਜੀ ਦੇ ਬਚਨ ਤੇ ਉਪਦੇਸ਼ ਵੀ। ਕਈ ਥਾਵਾਂ ਤੇ ਤਾਂ ਇਹ ਰਚਨਾ ਸਫ਼ਰਨਾਮੇ ਦਾ ਰੂਪ ਵੀ ਧਾਰਨ ਕਰ ਲੈਂਦੀ ਹੈ ਅਤੇ ਨਾਮਧਾਰੀ ਸਮਾਜ ਤੇ ਸਤਿਗੁਰੂ ਜੀ ਦੇ ਜੀਵਨ ਦੇ ਬਹੁਮੁਖੀ ਸਮਾਜਕ ਪੱਖਾਂ ਨੂੰ ਵੀ ਉਜਾਗਰ ਕਰਦੀ ਹੈ। 'ਬੀਤੇ ਦੀਆਂ ਪੈੜਾਂ' ਦੇ ਛੇਵੇਂ ਭਾਗ ਵਿਚ ਕਵੀ ਜੀ ਇਕ ਸਫ਼ਰਨਾਮਾ ਲੇਖਕ ਦੇ ਤੌਰ ਤੇ ਵੀ ਉਜਾਗਰ ਹੋਏ ਹਨ। ਇਸੇ ਭਾਗ ਵਿਚ ਥਾਈਲੈਂਡ ਵਿਚ ਹੋਏ ਵਿਸ਼ਵ ਧਰਮ ਸੰਮੇਲਨ ਦਾ ਵਰਣਨ ਕੀਤਾ ਗਿਆ ਹੈ, ਜਿਸ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਮੁੱਖ ਮਹਿਮਾਨ ਸਨ। ਇਸ ਨੂੰ

ਬਿਆਨ ਕਰਨ ਵਿਚ ਕਵੀ ਜੀ ਦੀ ਗੱਦ-ਸ਼ੈਲੀ ਨੂੰ ਸਿਖਰਾਂ ਉਤੇ, ਨਿੱਖਰੀ ਹੋਈ, ਪਕੇਰੀ ਅਤੇ ਰਸਿਕਤਾ ਤੇ ਰੌਚਕਤਾ ਵਰਗੇ ਉਤਮ ਗੁਣਾਂ ਨਾਲ ਭਰਪੂਰ ਵੇਖਿਆ ਜਾ ਸਕਦਾ ਹੈ।

ਕਵੀ ਜੀ ਦੀਆਂ ਕੁਝ ਹੋਰ ਪੁਸਤਕਾਂ ਜਿਵੇਂ 'ਸ੍ਰੀ ਜੀਵਨ ਨਗਰ', 'ਸ੍ਰੀ ਭੈਣੀ ਸਾਹਿਬ' ਅਤੇ 'ਸ੍ਰੀ ਸਤਿਗੁਰੂ ਜਗਜੀਤ ਸਿੰਘ ਇਕ ਪਰਿਵਰਤਨ' ਆਦਿ ਵੀ ਵਿਸ਼ੇਸ਼ ਧਿਆਨ ਮੰਗਦੀਆਂ ਹਨ। ਇਨ੍ਹਾਂ ਸਾਰੀਆਂ ਰਚਨਾਵਾਂ ਵਿਚ ਉਨ੍ਹਾਂ ਦਾ ਦ੍ਰਿਸ਼ਟੀਕੋਣ ਪੂਰਨ ਤੌਰ ਤੇ ਯਥਾਰਥਵਾਦੀ, ਬਾਹਰਮੁਖੀ ਤੇ ਤਰਕਸ਼ੀਲ ਹੈ, ਭਾਵੇਂ ਸ਼ਰਧਾ ਦਾ ਰੰਗ ਵੀ ਬੜਾ ਵਿਆਪਕ ਹੈ। ਕਵੀ ਜੀ ਜਿੱਥੇ ਬਹੁਪੱਖੀ ਜੀਵਨ ਦੀਆਂ ਘਟਨਾਵਾਂ ਨੂੰ ਆਪਣੀ ਪਕੜ ਵਿਚ ਲੈਣ ਦੇ ਮਾਹਿਰ ਹਨ, ਉਥੇ ਉਨ੍ਹਾਂ ਦੀ ਗੱਦ-ਸ਼ੈਲੀ ਵਿਚ ਵੀ ਸਰਸਤਾ, ਵੰਨਗੀ ਤੇ ਕਲਾਤਮਕ ਜੁਗਤੀਆਂ ਦਾ ਸਹਿਜ ਪ੍ਰਯੋਗ ਕੀਤਾ ਗਿਆ ਮਿਲਦਾ ਹੈ।

**ਸੂਬਾ ਸੁਰਿੰਦਰ ਕੌਰ ਖਰਲ:**

ਨਾਮਧਾਰੀ ਜਗਤ ਦੀ ਇਕ ਹੋਰ ਸਾਹਿਤਕ ਵਿਭੂਤੀ ਸੂਬਾ ਸੁਰਿੰਦਰ ਕੌਰ ਖਰਲ ਹੈ, ਜਿਸਨੇ ਕਵਿਤਾ ਤੇ ਵਾਰਤਕ ਦੋਹਾਂ ਖੇਤਰਾਂ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਆਪ ਦੀ ਵਾਰਤਕ ਵਿਚ ਵੱਡੀ ਦੇਣ 'ਪ੍ਰਕਾਸ਼ ਪੁੰਜ' ਰਚਨਾ ਹੈ, ਜਿਸ ਵਿਚ ਵਰਤਮਾਨ ਸਤਿਗੁਰੂ ਜੀ ਦੇ ਜੀਵਨ ਦੇ ਅਨੇਕ ਪੱਖਾਂ, ਜੀਵਨ ਸਮਾਚਾਰਾਂ ਰਾਹੀਂ ਕੀਤੀਆਂ ਗਈਆਂ ਵਿਸ਼ੇਸ਼ ਸਾਧਨਾਵਾਂ, ਅਧਿਆਤਮਕ, ਪ੍ਰਾਪਤੀਆਂ ਅਤੇ ਜੀਵਨ ਦੇ ਨਿੱਕੇ-ਨਿੱਕੇ ਵੇਰਵਿਆਂ ਰਾਹੀਂ ਕਈ ਅਜਿਹੇ ਪਹਿਲੂਆਂ ਨੂੰ ਦਰਸਾਇਆ ਹੈ, ਜੋ ਆਮ ਪਾਠਕਾਂ ਲਈ ਅਗਿਆਤ ਸਨ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਹੀ ਪ੍ਰੇਰਨਾ ਰਾਹੀਂ ਆਪ ਦੁਆਰਾ ਕਈ ਹੋਰ ਵਾਰਤਕ ਰਚਨਾਵਾਂ ਮਸਲਨ 'ਰੂਹ ਪੰਜਾਬ ਦੀ' (ਜੀਵਨੀ ਮਹਾਰਾਣੀ ਜਿੰਦ ਕੌਰ), 'ਵੱਡ ਪ੍ਰਤਾਪੀ ਸਤਿਗੁਰੂ' (ਜੀਵਨੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ), 'ਮਹਾਂਬਲੀ ਰਣਜੀਤ ਸਿੰਘ' (ਜੀਵਨੀ ਮਹਾਰਾਜਾ ਰਣਜੀਤ ਸਿੰਘ), 'ਬਰਮਾ ਦੀ ਯਾਤਰਾ' ਅਤੇ 'ਅਫਰੀਕਾ ਦੀ ਯਾਤਰਾ' ਆਦਿ ਰਚੀਆਂ ਗਈਆਂ

ਹਨ, ਜੋ ਸਿੱਧੇ ਜਾਂ ਅਸਿੱਧੇ ਰੂਪ ਵਿਚ ਨਾਮਧਾਰੀ ਇਤਿਹਾਸ, ਰਹਿਤ-ਮਰਿਆਦਾ ਅਤੇ ਧਾਰਮਕ ਕ੍ਰਿਆਵਾਂ ਤੇ ਕਾਰਜਾਂ ਨਾਲ ਸੰਬੰਧਿਤ ਹਨ।

**ਮਹਾਰਾਜਾ ਬੀਰ ਸਿੰਘ** :

ਆਪ ਨੇ ਇਸ ਕਾਲ ਵਿਚ ਦੋ ਪੁਸਤਕਾਂ 'ਕਾਂਗਰਸ ਤੇ ਕੂਕੇ' ਅਤੇ 'ਗੁਰੂ ਗ੍ਰੰਥ ਵਿਚਾਰ' ਲਿਖੀਆਂ ਹਨ। ਇਨ੍ਹਾਂ ਵਿਚ ਸਮਕਾਲੀ ਪਰਕਰਮ ਵਿਚ ਵਾਪਰੀਆਂ ਘਟਨਾਵਾਂ ਅਤੇ ਸਿਧਾਂਤਕ ਰੂਪ ਵਿਚ ਨਾਮਧਾਰੀ ਮੱਤ ਦੀ ਬੌਧਿਕ ਤੇ ਨਿਆਇਪੂਰਬਕ ਢੰਗ ਨਾਲ ਵਿਆਖਿਆ ਕੀਤੀ ਗਈ ਹੈ। ਉਨ੍ਹਾਂ ਦਾ ਲਿਖਣ ਢੰਗ ਬੜਾ ਸਰਲ, ਸਪੱਸ਼ਟ ਤੇ ਹਰ ਇਕ ਦੀ ਸਮਝ ਵਿਚ ਆਉਣ ਵਾਲਾ ਕਲਾਮਈ ਛੋਹਾਂ ਨਾਲ ਭਰਪੂਰ ਹੈ।

**ਅਮਰ ਭਾਰਤੀ:**

ਅਮਰ ਭਾਰਤੀ ਜੀ ਪੰਜਾਬੀ ਦੇ ਸੁਪ੍ਰਸਿੱਧ ਲੇਖਕ, ਚਿੰਤਕ, ਇਕ ਸਫ਼ਲ ਅਨੁਵਾਦਕ ਅਤੇ ਡੂੰਘੇ ਵਿਚਾਰਵਾਨ ਹਨ। ਆਪ ਜੀ ਦੀ ਰਚਨਾ ਵਿਚ ਗੰਭੀਰਤਾ, ਸੁਘੜਤਾ ਅਤੇ ਯੁਕਤੀ ਪੂਰਵਕ ਤੇ ਤਰਕਸ਼ੀਲ ਢੰਗ ਨਾਲ ਗੱਲ ਨੂੰ ਸਿੱਧ ਕਰਨ ਦੀ ਸ਼ਕਤੀ ਮੌਜੂਦ ਹੈ। ਇਸ ਕਾਲ ਵਿਚ ਆਪ ਇਕ ਉਚ ਕੋਟੀ ਦੇ ਨਿਬੰਧਕਾਰ ਦੇ ਰੂਪ ਵਿਚ ਉੱਭਰੇ ਹਨ। 'ਦਸਮ ਗ੍ਰੰਥ ਵਿਚ ਕੁੰਡਲਿਨੀ ਤੱਤ', 'ਮੈਂ ਅਜੇ ਵਾਪਸ ਨਹੀਂ ਆਇਆ', 'ਅਲਹੁ ਬਰਸਹਿ ਮੇਹੁ', ਅਤੇ 'ਸਿੱਖ ਇਤਿਹਾਸ ਤੇ ਕੂਕੇ', ਆਪ ਜੀ ਦੀਆਂ ਪ੍ਰਸਿੱਧ ਪੁਸਤਕਾਂ ਹਨ। ਜਿਨ੍ਹਾਂ ਵਿਚ ਉਚ ਸਾਹਿਤਕ ਗੁਣ ਤਾਂ ਮਿਲਦੇ ਹੀ ਹਨ ਨਾਲ ਹੀ ਆਪ ਦੀ ਸਾਹਿਤਕ ਰੁਚੀ ਤੇ ਇਕ ਉਚ ਕੋਟੀ ਦੀ ਵਿਦਵਤਾ ਭਰਪੂਰ ਕਲਮ ਬਾਰੇ ਪਤਾ ਚਲਦਾ ਹੈ।

'ਸਿੱਖ ਇਤਿਹਾਸ ਤੇ ਕੂਕੇ' ਪੁਸਤਕ ਵਿਚ ਲੇਖਕ ਨੇ ਇਤਿਹਾਸ ਸੰਬੰਧੀ ਵਿਗਿਆਨਕ ਤੇ ਬਾਹਰ ਮੁਖੀ ਪਹੁੰਚ ਨੂੰ ਸਨਮੁੱਖ ਰੱਖ ਕੇ ਕੁਝ ਉਨ੍ਹਾਂ ਲੋਕਾਂ ਦੀਆਂ ਗੱਲਾਂ ਦਾ ਖੰਡਨ ਕੀਤਾ ਹੈ ਜੋ ਨਾਮਧਾਰੀ ਇਤਿਹਾਸ ਦੇ ਉਜਲੇ ਪੱਖ ਨੂੰ ਵੀ ਸੰਕੀਰਨ ਦ੍ਰਿਸ਼ਟੀ ਤੋਂ ਵਾਚਦੇ ਰਹੇ ਹਨ। ਮਸਲਨ ਸ. ਗੰਡਾ ਸਿੰਘ ਦੀ ਕਿਤਾਬ 'ਕੂਕਿਆਂ ਦੀ ਵਿਥਿਆ ਬਾਰੇ' ਉਹ ਲਿਖਦੇ ਹਨ:

"ਡਾ. ਗੰਡਾ ਸਿੰਘ ਜੀ ਇਨਾਮੀ, ਕਰਾਮੀ ਤੇ ਸਰਕਾਰੀ ਮੋਹਰ ਵਾਲੇ ਇਤਿਹਾਸਕਾਰ ਹਨ। ਇਸ ਲਈ ਉਨ੍ਹਾਂ ਦਾ ਇਹ ਜਨਮ ਸਿਧ ਅਧਿਕਾਰ ਬਣ ਜਾਂਦਾ ਹੈ ਕਿ ਉਹ ਜਿਵੇਂ ਚਾਹੁਣ ਇਤਿਹਾਸ ਦਾ ਮੂੰਹ ਵਿਗਾੜਨ ਸੰਵਾਰਨ ਅਤੇ ਅਕਾਲੀ ਲਹਿਰ, ਉਸ ਦੀਆਂ ਜਨਮਦਾਤੀਆਂ ਸਿੰਘ ਸਭਾ ਲਹਿਰ ਤੇ ਚੀਫ ਖਾਲਸਾ ਲਹਿਰ ਰਾਹੀਂ ਸਿੱਖ ਇਤਿਹਾਸ ਦੇ ਮੱਥੇ ਉਤੇ ਲਗਾਏ ਅੰਗਰੇਜ਼ ਭਗਤੀ ਦੇ ਕਲੰਕ ਨੂੰ ਛਪਾਉਣ ਦਾ ਜਤਨ ਕਰਨ। ਪਰ ਇਹ ਗੱਲ ਮੈਂ ਆਪ ਨੂੰ ਚੇਤੇ ਕਰਵਾਉਣੀ ਚਾਹੁੰਦਾ ਹਾਂ ਕਿ ਇਤਿਹਾਸ ਦੇ ਜਿਉਂਦੇ ਅੰਗਾਂ ਉਤੇ ਲਗਾਏ ਹੋਏ ਬਦ ਅਮਲੀ ਦੇ ਕਲੰਕ ਨੂੰ ਕਲਮ ਦੀ ਕਾਲੀ ਸਿਆਹੀ ਨਾਲ ਕਦੇ ਨਹੀਂ ਲੁਕਾਇਆ ਜਾ ਸਕਦਾ, ਖ਼ਾਸ ਕਰਕੇ ਅੱਜ ਦੇ ਰੌਸ਼ਨ ਜੁੱਗ ਵਿਚ ਜਦੋਂ ਇਤਿਹਾਸਕ ਖੋਜ ਦਾ ਆਧਾਰ ਅੰਧ ਵਿਸ਼ਵਾਸ ਤੋਂ ਬਦਲ ਕੇ ਵਿਗਿਆਨਕ ਬਣ ਗਿਆ ਹੈ, ਅੱਜ ਇਤਿਹਾਸ ਨੂੰ ਅਨੇਕਾਂ ਪਹਿਲੂਆਂ ਤੋਂ ਵੇਖਣ-ਜਾਚਣ ਦਾ ਇਕ ਅਖੰਡ ਸਿਲਸਿਲਾ ਸ਼ੁਰੂ ਹੋ ਚੁੱਕਾ ਹੈ ਤੇ ਇਸ ਵਿਚੋਂ ਉਸੇ ਤੱਤ ਨੂੰ ਹੀ ਸਥਾਈ ਰੂਪ ਮਿਲੇਗਾ ਜਿਹੜਾ ਇਤਿਹਾਸ ਦੀਆਂ ਸਾਰੀਆਂ ਘਸਵੱਟੀਆਂ ਤੇ ਪੂਰਾ ਉਤਰੇਗਾ।"[61]

**ਤਾਰਾ ਸਿੰਘ ਅਨਜਾਣ** (1944):

ਵਰਤਮਾਨ ਕਾਲ ਦੀ ਨਾਮਧਾਰੀ ਸਾਹਤਿਕ ਫੁਲਵਾੜੀ ਵਿਚੋਂ ਹੀ ਇਕ ਹੋਰ ਉੱਚਕੋਟੀ ਦੇ ਗੱਦ ਲੇਖਕ ਤਾਰਾ ਸਿੰਘ ਅਨਜਾਣ ਹਨ। ਉਹ ਜਿੱਥੇ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨਾਲ ਸੁਹਿਰਦ ਭਾਂਤ ਜੁੜੇ ਹੋਏ ਹਨ, ਉਥੇ ਨਾਮਧਾਰੀ ਆਦਰਸ਼ਾਂ ਦੀ ਪਾਲਣਾ ਵਿਚ ਵੀ ਬੜੇ ਸਿਦਕਵਾਨ ਸਾਹਿਤਕਾਰ ਹਨ। ਉਹ ਇਕ ਸਫ਼ਲ ਨਿਬੰਧਕਾਰ, ਜੀਵਨੀ ਲੇਖਕ ਅਤੇ ਮੌਲਿਕ ਪ੍ਰਤਿਭਾ ਦੇ ਸੁਆਮੀ ਹਨ। ਸਰਲ, ਸਪੱਸ਼ਟ ਤੇ ਠੇਠ ਲੋਕ-ਸ਼ਬਦਾਵਲੀ ਤੇ ਮੁਹਾਵਰੇ ਦੀ ਵਰਤੋਂ ਰਾਹੀਂ ਆਪ ਨੇ ਆਦਰਸ਼ ਰੂਪ ਦੀ ਗੱਦ ਰਚਨਾ ਕੀਤੀ ਹੈ। ਵਿਅਕਤੀਗਤ ਗੱਦ ਸ਼ੈਲੀ ਵਿਚ ਸੰਜਮ ਅਤੇ ਸੁਹਜ ਦੋਵੇਂ ਹੀ ਸੰਤੁਲਿਤ ਅਤੇ ਸਰਲ ਰੂਪ ਵਿਚ ਮਿਲਦੇ ਹਨ। ਅਨਜਾਣ ਜੀ ਨੇ ਭਾਸ਼ਾ ਦੀ ਸ਼ੁੱਧ, ਮੁਹਾਵਰੇਦਾਰ, ਠੇਠ ਤੇ ਟਕਸਾਲੀ ਵਰਤੋਂ ਕਰਕੇ ਵਿਲੱਖਣ ਪ੍ਰਾਪਤੀ ਦਾ ਸਬੂਤ ਦਿੱਤਾ ਹੈ।

'ਅੰਧੇਰੇ ਦੀਪਕੁ ਬਾਲੀਐ' ਅਤੇ 'ਅਸਾਂ ਕੀ ਖੱਟਿਆ' ਅਨਜਾਣ ਜੀ ਦੇ ਦੋ ਉਚ ਕੋਟੀ ਦੇ ਨਿਬੰਧ ਸੰਗ੍ਰਹਿ ਹਨ। ਇਨ੍ਹਾਂ ਵਿਚ ਪ੍ਰਮੁੱਖਤਾ ਭਾਵੇਂ ਧਾਰਮਕ ਤੇ ਨੈਤਿਕ ਵਿਸ਼ਿਆਂ ਦੀ ਹੈ ਪਰ ਆਪ ਨੇ ਇਨ੍ਹਾਂ ਵਿਚ ਅਨੇਕ ਪੱਖੀ ਗਿਆਨ ਅਤੇ ਆਪਣੇ ਵਿਸ਼ਾਲ ਅਨੁਭਵ ਨੂੰ ਸੁਨੱਖੀ ਗੱਦ ਸ਼ੈਲੀ ਦੀ ਵਰਤੋਂ ਦੁਆਰਾ ਇਸ ਤਰ੍ਹਾਂ ਸਮੋ ਦਿੱਤਾ ਹੈ ਕਿ ਇਨ੍ਹਾਂ ਨਿਬੰਧਾਂ ਦੇ ਵਿਸ਼ੇ-ਵਸਤੂ ਅਤੇ ਇਨ੍ਹਾਂ ਦੀ ਵਿਆਖਿਆ ਵਿਧੀ ਵਿਚੋਂ ਲੇਖਕ ਦਾ ਪ੍ਰੌੜ ਵਿਅਕਤਿਤਵ ਸਾਫ਼ ਝਲਕਦਾ ਦ੍ਰਿਸ਼ਟੀਗੋਚਰ ਹੁੰਦਾ ਹੈ। ਸਿੱਖ ਅਧਿਆਤਮਕ ਸੰਸਕ੍ਰਿਤੀ ਦੇ ਨਾਲ-ਨਾਲ ਵਿਸ਼ੇਸ਼ ਤੌਰ ਤੇ ਨਾਮਧਾਰੀ ਸਤਿਗੁਰੂ ਸਾਹਿਬਾਨ ਦੇ ਜੀਵਨ ਉਪਦੇਸ਼ਾਂ ਤੇ ਸੰਦੇਸ਼ਾਂ ਨੂੰ ਇਸ ਤਰ੍ਹਾਂ ਇਕਸੁਰ ਕਰ ਦਿੱਤਾ ਹੈ ਕਿ ਮਾਨੋ ਇਕ ਦੂਜੇ ਨੂੰ ਨਿਖੇੜਨਾ ਅਸੰਭਵ ਪ੍ਰਤੀਤ ਹੁੰਦਾ ਹੈ। ਸੁੰਦਰ ਪ੍ਰਕਿਰਤੀ ਚਿਤ੍ਰਣ, ਗੁਰਬਾਣੀ ਦੀ ਤਾਰਕਿਕ ਵਿਆਖਿਆ ਸਤਿਗੁਰੂ ਮਹਿਮਾ ਦੇ ਨਾਲ-ਨਾਲ ਆਦਰਸ਼ ਰਹਿਤ-ਬਹਿਤ ਅਤੇ ਆਦਰਸ਼ ਚਰਿੱਤਰ ਨਿਰਮਾਣ ਦੀ ਪ੍ਰੇਰਨਾ ਇਨ੍ਹਾਂ ਨਿਬੰਧਾਂ ਵਿਚੋਂ ਸੁਤੇ-ਸਿਧ ਹੀ ਮਿਲ ਜਾਂਦੀ ਹੈ।

'ਸਭਹਨ ਕੇ ਸਿਰਮੌਰ', 'ਸਾਹਿਬ ਗੁਣੀ ਗਹੀਰਾ' ਆਪ ਜੀ ਦੀਆਂ ਨਾਮਧਾਰੀ ਸਤਿਗੁਰੂ ਸਾਹਿਬਾਨ (ਸਤਿਗੁਰੂ ਰਾਮ ਸਿੰਘ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ) ਦੀਆਂ ਜੀਵਨੀਆਂ ਹਨ। 'ਸ਼ਹੀਦ ਬਾਬਾ ਲਹਿਣਾ ਸਿੰਘ' ਉਸ ਅਮਰ ਸ਼ਹੀਦ ਤੇ ਪੂਰਨ ਗੁਰਸਿੱਖ ਦੀ ਜੀਵਨ-ਗਾਥਾ ਹੈ, ਜਿਸ ਨੇ ਅੰਮ੍ਰਿਤਸਰ ਦੇ ਬੁੱਚੜਖਾਨੇ ਸਾਕੇ ਵਿਚ ਮਹੱਤਵੂਰਨ ਭੂਮਿਕਾ ਨੂੰ ਨਿਭਾਇਆ ਅਤੇ ਆਪਣੇ ਹੋਰ ਸਾਥੀਆਂ ਨਾਲ ਹੱਸ ਕੇ ਫਾਂਸੀ ਦੇ ਫੰਦੇ ਨੂੰ ਆਪਣੇ ਹੱਥੀਂ ਗਲ ਪਾ ਕੇ ਅਮਰ ਸ਼ਹੀਦ ਦੇ ਪਰਮਪਦ ਨੂੰ ਪ੍ਰਾਪਤ ਕੀਤਾ। ਇਨ੍ਹਾਂ ਜੀਵਨੀਆਂ ਵਿਚ ਅਨਜਾਣ ਜੀ ਦਾ ਲਿਖਣ ਢੰਗ ਪੂਰਨ ਤੌਰ ਤੇ ਯਥਾਰਥਮੁਖੀ ਤੇ ਇਤਿਹਾਸਕ ਤੱਥਾਂ ਤੇ ਆਧਾਰਿਤ ਹੈ। ਇਨ੍ਹਾਂ ਤੋਂ ਬਿਨਾਂ ਉਨ੍ਹਾਂ ਦੀਆਂ ਦੋ ਹੋਰ ਪੁਸਤਕਾਂ 'ਆਪਣੇ ਰੂ-ਬ-ਰੂ' ਅਤੇ 'ਸੇਵਕ ਸਚੇ ਸਾਹ ਕੇ' ਹਨ। ਨਾ ਕੇਵਲ ਨਾਮਧਾਰੀ ਸਾਹਿਤ ਵਿਚ ਸਗੋਂ ਪੰਜਾਬੀ ਦੇ ਸਮੁੱਚੇ ਗੱਦ ਸਾਹਿਤ ਵਿਚ ਤਾਰਾ ਸਿੰਘ ਅਨਜਾਣ ਦਾ ਯੋਗਦਾਨ ਮਹੱਤਵਪੂਰਨ, ਠੋਸ ਅਤੇ ਵੱਡਮੁੱਲਾ ਹੈ। ਉਨ੍ਹਾਂ ਦੀ ਵਿਅਕਤੀਗਤ ਸ਼ੈਲੀ ਸਚਮੁੱਚ ਅਨੁਸਰਨ ਕਰਨਯੋਗ ਹੈ ਅਤੇ ਕਈ ਗੱਦ ਲੇਖਕਾਂ ਲਈ ਮਾਰਗ ਦਰਸ਼ਕ ਵੀ ਸਿੱਧ ਹੋ ਸਕਦੀ ਹੈ।

**ਪ੍ਰਿੰ. ਬੇਅੰਤ ਕੌਰ:**

ਨਾਮਧਾਰੀ ਇਸਤ੍ਰੀ ਲੇਖਕਾਂ ਵਿਚੋਂ ਪ੍ਰਿੰ. ਬੇਅੰਤ ਕੌਰ ਦਾ ਜ਼ਿਕਰ ਵਿਸ਼ੇਸ਼ ਤੌਰ ਤੇ ਕੀਤਾ ਜਾ ਸਕਦਾ ਹੈ। ਆਪ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾਵਾਂ ਦੀ ਵਿਦਵਾਨ ਲੇਖਕ ਹਨ ਅਤੇ ਬ੍ਰਜ ਭਾਸ਼ਾ ਵਿਸ਼ੇਸ਼ ਕਰਕੇ ਦਸ਼ਮੇਸ਼ ਜੀ ਦੀ ਬਾਣੀ ਉਤੇ ਆਪ ਨੇ ਡੂੰਘਾ ਅਧਿਐਨ ਕੀਤਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਣਮੋਲ ਪ੍ਰਵਚਨ ਤੇ ਉਪਦੇਸ਼ ਜੋ 'ਲਾਲ ਏਹਿ ਰਤਨ' ਪੁਸਤਕਾਂ ਦੀ ਲੜੀ ਵਿਚ ਸੰਕਲਿਤ ਹਨ, ਆਪ ਜੀ ਦੀ ਅਣਥੱਕ ਮਿਹਨਤ ਅਤੇ ਲਗਨ ਦੁਆਰਾ ਸੁੰਦਰ ਤੇ ਢੁਕਵੇਂ ਰੂਪ ਵਿਚ ਪ੍ਰਕਾਸ਼ਤ ਹੋ ਸਕੇ ਹਨ। ਭਾਸ਼ਣ ਸ਼ੈਲੀ ਨੂੰ ਵਿਸਰਾਮ ਚਿੰਨ੍ਹਾਂ ਦੀ ਵਰਤੋਂ ਦੁਆਰਾ ਲਿਖਤੀ ਰੂਪ ਵਿਚ ਸੁਰੱਖਿਅਤ ਕਰਨਾ ਆਪ ਜੀ ਦੀ ਉਚਿਤ ਯੋਗਤਾ ਦਾ ਹੀ ਵਧੀਆ ਪ੍ਰਮਾਣ ਹੈ।

'ਦਰਸ ਪਿਆਸੀ' ਆਪ ਦੀ ਇਕ ਹੋਰ ਵਰਣਨਯੋਗ ਰਚਨਾ ਹੈ, ਜਿਸ ਵਿਚ 11 ਆਦਰਸ਼ ਨਾਰੀਆਂ, ਮਾਤਾਵਾਂ ਦੇ ਸੁੰਦਰ ਰੇਖਾ ਚਿੱਤਰ ਪ੍ਰਸਤੁਤ ਕੀਤੇ ਗਏ ਹਨ। ਇਨ੍ਹਾਂ ਵਿਚੋਂ ਕੁਝ ਸ੍ਰੀ ਰਾਮ ਚੰਦਰ ਅਤੇ ਕੁਝ ਸ੍ਰੀ ਕ੍ਰਿਸ਼ਨ ਜੀ ਦੇ ਪ੍ਰੇਮ ਰੰਗ ਵਿਚ ਰੰਗੀਆਂ ਹੋਈਆਂ ਹਨ। ਸਿੱਖ ਇਤਿਹਾਸ ਵਿਚੋਂ ਬੇਬੇ ਨਾਨਕੀ, ਮਾਤਾ ਭਾਨੀ ਅਤੇ ਮਾਤਾ ਜੀਵਨ ਕੌਰ ਦੇ ਆਦਰਸ਼ ਚਰਿੱਤਰ ਪੇਸ਼ ਕੀਤੇ ਗਏ ਹਨ। ਇਨ੍ਹਾਂ ਆਦਰਸ਼ ਨਾਰੀਆਂ ਵਿਚ ਸਚਮੁੱਚ ਨਾਰੀ-ਚਰਿੱਤਰ ਪੱਖੋਂ ਉੱਤਮਤਾ ਦੇ ਦਰਸ਼ਨ ਕੀਤੇ ਜਾ ਸਕਦੇ ਹਨ।

ਉਨ੍ਹਾਂ ਦੀਆਂ ਹੋਰ ਪੁਸਤਕਾਂ 'ਨਮੋ ਨਾਥ ਪੂਰੇ', 'ਸੂਬਾ ਗੰਡਾ ਸਿੰਘ', 'ਸਤਿਗੁਰੂ ਪ੍ਰਤਾਪ ਸਿੰਘ ਜੀ' ਅਤੇ 'ਹੋਲੇ ਮਹੱਲੇ' (ਘਟਨਾਵਾਂ) ਆਦਿ ਨਾਮਧਾਰੀ ਇਤਿਹਾਸ ਦੇ ਸਭਿਆਚਾਰ ਨੂੰ ਭਲੀ-ਭਾਂਤ ਉਜਾਗਰ ਕਰਦੀਆਂ ਹਨ।

ਉਪਰੋਕਤ ਤੋਂ ਇਲਾਵਾ ਇਸ ਕਾਲ ਵਿਚ ਨਾਮਧਾਰੀ ਵਾਰਤਕ ਲੇਖਕਾਂ ਵਿਚੋਂ ਕਈ ਹੋਰ ਸਾਹਿਤਕਾਰਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ।

ਸ੍ਰੀ ਕਰਮ ਸਿੰਘ ਪਟਵਾਰੀ ਰਚਿਤ 'ਗੁਰ ਇਤਿਹਾਸ ਜਾਣਕਾਰੀ' ਵਿਚ ਨਾਮਧਾਰੀ ਇਤਿਹਾਸ ਦਾ ਵੇਰਵੇ ਸਹਿਤ ਬਿਆਨ ਕੀਤਾ ਗਿਆ ਹੈ। ਇਕ ਦਰਸ਼ਨੀ ਪੁਸਤਕ 'ਮਹਾਂਨੂਰ

ਸਤਿਗੁਰੂ ਪ੍ਰਤਾਪ ਸਿੰਘ ਜੀ’ ਪ੍ਰਕਾਸ਼ਤ ਹੋਈ ਹੈ। ਜਿਸ ਵਿਚ ਪੰਜਾਹ ਤੋਂ ਵੀ ਵਧੀਕ ਭਿੰਨ ਭਿੰਨ ਲੇਖਕਾਂ ਤੇ ਵਿਦਵਾਨਾਂ ਦੇ ਵੱਡਮੁੱਲੇ ਲੇਖ ਸੰਕਲਿਤ ਕੀਤੇ ਗਏ ਹਨ। ਇਸ ਪੁਸਤਕ ਦੇ ਸੰਪਾਦਕ ਪ੍ਰੀਤਮ ਸਿੰਘ ਆਰਸੀ ਹਨ। ਸ. ਜਸਵਿੰਦਰ ਸਿੰਘ ਦੀ ਮੌਲਿਕ ਖੋਜ ਅਤੇ ਸੰਪਾਦਨਾ ਦੁਆਰਾ ਵੀ ਨਾਮਧਾਰੀ ਇਤਿਹਾਸ, ਧਾਰਮਕ ਤੇ ਸਭਿਆਚਾਰਕ ਰਵਾਇਤਾਂ ਨਾਲ ਸੰਬੰਧਿਤ ‘ਬੇਅੰਤ ਪਾਤਸ਼ਾਹ’ ਪੁਸਤਕ ਖ਼ਾਸ ਤੌਰ ਤੇ ਵਰਣਨਯੋਗ ਹੈ। ‘ਸਤਿਜੁਗ’ ਦੇ ਸਾਬਕਾ ਸੰਪਾਦਕ ਆਤਮਾ ਸਿੰਘ ਸਨਖਤਰਾ ਦੀ ਪੁਸਤਕ ‘ਮੇਰੀ ਜ਼ਿੰਦਗੀ ਦਾ ਸਫਰਨਾਮਾ’ ਆਪ ਦੀ ਸ੍ਵੈ-ਜੀਵਨੀ ਦਾ ਸੰਖੇਪ ਤੇ ਸੁੰਦਰ ਬਿਰਤਾਂਤ ਹੈ, ਜਿਸ ਵਿਚ ਸਤਿਗੁਰੂ ਪ੍ਰਤਾਪ ਸਿੰਘ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਨ੍ਹਾਂ ਪ੍ਰਤੀ ਉਦਾਰਤਾ ਤੇ ਪ੍ਰੇਮ ਦਾ ਸੁਹਿਰਦ ਵਰਣਨ ਕੀਤਾ ਗਿਆ ਹੈ। ਬਖ਼ਸ਼ੀਸ਼ ਸਿੰਘ ਸਿਆੜ ਦੀ ਪੁਸਤਕ ‘ਭੁੱਲੇ ਵਿਸਰੇ ਇਤਿਹਾਸ ਦੇ ਪੰਨੇ’ ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਕੁਝ ਵਿਸ਼ੇਸ਼ ਘਟਨਾਵਾਂ ਤੇ ਵਿਅਕਤੀਆਂ ਨਾਲ ਸੰਬੰਧਿਤ ਸਮਾਚਾਰਾਂ ਦਾ ਯਥਾਰਥਮੁਖੀ ਵਰਣਨ ਹੈ ਜੋ ਗੁੰਮਨਾਮੀ ਵਿਚ ਜਾ ਚੁੱਕੀਆਂ ਕੁਝ ਇਤਿਹਾਸਕ ਲੜੀਆਂ ਨੂੰ ਪ੍ਰਮੁੱਖ ਲੜੀ ਵਿਚ ਗੁੰਦਣ ਦਾ ਇਕ ਸਾਰਥਕ ਜਤਨ ਹੈ। ਅਜੀਤ ਸਿੰਘ ਲਾਇਲ ਦੀਆਂ ਦੋ ਪੁਸਤਕਾਂ – ‘ਆਜ਼ਾਦੀ ਸੰਘਰਸ਼ ਦਾ ਪਲੇਠਾ ਪੰਨਾ’ ਤੇ ‘ਧੰਨ ਸੇਵਕ ਸਫ਼ਲ ਓਹੁ ਆਇਆ ਜਿਨਿ ਨਾਨਕ ਖਸਮ ਪਛਾਤਾ’ ਅਤੇ ਬਿਸ਼ਨ ਸਿੰਘ ਇਤਿਹਾਸਕਾਰ ਦੀ ਪੁਸਤਕ ‘ਆਜ਼ਾਦੀ ਦੀ ਲਹਿਰ ਤੇ ਨਾਮਧਾਰੀ ਦੇਵੀਆਂ ਦਾ ਇਤਿਹਾਸ’ ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਵਰਣਨਯੋਗ ਰਚਨਾਵਾਂ ਹਨ। ਹਰਪਾਲ ਸਿੰਘ ਸੇਵਕ ਰਚਿਤ ‘ਸਰਬ ਕਲਾ ਸਮਰੱਥ ਸ੍ਰੀ ਸਤਿਗੁਰੂ ਜਗਜੀਤ ਸਿੰਘ’ ਨਾਂ ਦੀ ਲਘੂ ਪੁਸਤਕ ਹੈ, ਜੋ ਇਕ ਵਿਸ਼ੇਸ਼ ਲੇਖ ਦੇ ਆਕਾਰ ਦੀ ਰਚਨਾ ਹੈ। ਇਸ ਵਿਚ ਲੇਖਕ ਨੇ ਮਾਨੋ ਕੁੱਜੇ ਵਿਚ ਸਮੁੰਦਰ ਬੰਦ ਕਰ ਦਿੱਤਾ ਹੈ। ਸਤਿਗੁਰੂ ਜਗਜੀਤ ਸਿੰਘ ਦੇ ਨਿਕਟਵਰਤੀ ਹੋਣ ਦਾ ਨਿੱਜ ਅਨੁਭਵ ਇਸ ਰਚਨਾ ਦੇ ਅੱਖਰ-ਅੱਖਰ ਵਿਚ ਵਿਦਮਾਨ ਹੈ। ਲੇਖਕ ਦਾ ਲਿਖਣ ਢੰਗ ਵੀ ਸਰਲ, ਸਪੱਸ਼ਟ ਤੇ ਵਿਵੇਕਸ਼ੀਲ ਹੈ। ਸੱਚਮੁੱਚ ਇਸ ਰਚਨਾ ਤੋਂ ਇਸ ਲੇਖਕ ਦਾ ਉਜਲ ਭਵਿੱਖ ਪ੍ਰਤੱਖ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ।

ਉਪਰੋਕਤ ਨਾਮਧਾਰੀ ਲੇਖਕਾਂ ਤੋਂ ਇਲਾਵਾ ਕੁਝ ਹੋਰ ਲੇਖਕਾਂ ਨੇ ਵੀ ਨਾਮਧਾਰੀ ਸਾਹਿਤ ਸਿਰਜਣਾ ਵਿਚ ਆਪੋ-ਆਪਣਾ ਯੋਗਦਾਨ ਪਾਇਆ ਹੈ। ਖੋਜ ਪ੍ਰਬੰਧ ਦੀ ਸੀਮਾ ਨੂੰ ਦੇਖਦੇ ਹੋਏ

ਸਭਨਾ ਦਾ ਜ਼ਿਕਰ ਇਥੇ ਨਹੀਂ ਕੀਤਾ ਜਾ ਸਕਦਾ, ਉਨ੍ਹਾਂ ਲੇਖਕਾਂ ਵਿਚ ਜਗਦੀਸ਼ ਸਿੰਘ ਵਰਿਆਮ (ਸੰਪਾਦਕ ਵਰਿਆਮ) ਸਵਰਨ ਸਿੰਘ ਸਨੇਹੀ, ਸਵਰਨ ਸਿੰਘ ਵਿਰਕ, ਦਲੀਪ ਸਿੰਘ ਨਾਮਧਾਰੀ ਆਦਿ ਲੇਖਕਾਂ ਦੇ ਨਾਮ ਲਏ ਜਾ ਸਕਦੇ ਹਨ।

ਇਸ ਤਰ੍ਹਾਂ ਨਾਮਧਾਰੀ ਸਾਹਿਤ ਦੇ ਇਤਿਹਾਸ ਉਪਰ ਪੂਰਨ ਝਾਤ ਮਾਰਿਆਂ ਪਤਾ ਚਲਦਾ ਹੈ ਕਿ ਆਪਣੇ ਵਿਸ਼ੇਸ਼ ਵਸਤੂ, ਰੂਪ, ਆਕਾਰ ਅਤੇ ਮਿਆਰ ਦੀ ਦ੍ਰਿਸ਼ਟੀ ਤੋਂ ਪੰਜਾਬੀ ਸਾਹਿਤਕ ਜਗਤ ਦੇ ਸਮੁੱਚੇ ਇਤਿਹਾਸ ਵਿਚ ਇਸ ਸਾਹਿਤ ਦੇ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਸੱਚ ਤਾਂ ਇਹ ਹੈ ਕਿ ਇਹ ਸਾਹਿਤ ਨਾਮਧਾਰੀ ਧਰਮ-ਪ੍ਰਚਾਰ ਅਤੇ ਉਪਦੇਸ਼ਾਂ ਤੱਕ ਸੀਮਿਤ ਨਾ ਰਹਿ ਕੇ ਆਪਣੇ ਵਿਚ ਉੱਚ ਕੋਟੀ ਦੀ ਕਲਾਤਮਕਤਾ, ਸਿਰਜਨਾਤਮਕਤਾ ਅਤੇ ਵਿਸ਼ੇਸ਼ ਸਾਹਿਤਕ ਗੁਣਾਂ ਨੂੰ ਆਪਣੇ ਵਿਚ ਸਮੋਈ ਬੈਠਾ ਹੈ। ਇਸ ਸਾਹਿਤ ਦੀ ਪ੍ਰੇਰਨਾ ਸਾਰਥਕ, ਉਪਭੋਗੀ ਅਤੇ ਜੀਵਨ ਮਾਰਗ ਦਰਸ਼ਨ ਕਰਨ ਵਾਲੀ ਹੈ।

# ਹਵਾਲੇ ਅਤੇ ਟਿੱਪਣੀਆਂ


1. ਕਿਰਪਾਲ ਸਿੰਘ ਕਸੇਲ, ***ਅੰਤਰ ਰਾਸ਼ਟਰੀ ਸੈਮੀਨਾਰ, 8-9 ਮਈ, 2001***, ਪੰ. 02
2. ***ਹੁਕਮਨਾਮੇ*** (ਸ੍ਰੀ ਸਤਿਗੁਰੂ ਰਾਮ ਸਿੰਘ ਜੀ)
3. ਪ੍ਰੋ. ਕਿਰਪਾਲ ਸਿੰਘ ਕਸੇਲ, ***ਪੰਜਾਬੀ ਸਾਹਿਤ ਦਾ ਇਤਿਹਾਸ,*** ਪੰ. 562
4. ਜਸਵਿੰਦਰ ਸਿੰਘ (ਸੰਪਾ.), ***ਹੁਕਮਨਾਮੇ***, ਪੰ. 292
5. ਉਹੀ, ***ਸਤਿਗੁਰੂ ਬਿਲਾਸ*** -ਭਾਗ ਦੂਜਾ, ਪੰ. 220
6. ਉਹੀ, ***ਸਤਿਗੁਰੂ ਬਿਲਾਸ*** - ਭਾਗ ਪਹਿਲਾ, ਪੰ. 26
7. ਦਵਿੰਦਰ ਸਿੰਘ ਗਿੱਲ, ***ਸੰਤ ਨਿਧਾਨ ਸਿੰਘ ਆਲਮ (ਜੀਵਨ ਤੇ ਸਾਹਿਤ ਰਚਨਾ),*** ਪੰਜਾਬੀ ਬਾਗ, ਪਟਿਆਲਾ, 1998, ਪੰ. 7-8
8. ਗੁਰੂ ਪਦ ਪ੍ਰਕਾਸ਼ ਭਾਗ ਪਹਿਲਾ, ***ਪਿਤਾ ਜੀ ਦੀਆਂ ਸਿਖਿਆਦਾਇਕ ਯਾਦਾਂ, ਸਿਰਲੇਖ ਅਧੀਨ -ਟਿੱਕਾ ਤਰਲੋਚਨ ਸਿੰਘ ਵਲੋਂ,*** ਪੰ. ਮੁੱਢਲੇ ਪੰਨੇ
9. ***ਗੁਰ ਪਦ ਪ੍ਰਕਾਸ਼***, ਪੰ. 36
10. ਉਹੀ, ਪੰ. 44-45
11. ਉਹੀ, ਪੰ. 137
12. ਉਹੀ, ਪੰ. 138
13. ਉਹੀ, ਪੰ. 207
14. ਉਹੀ, ਪੰ. 208
15. ਉਹੀ, ਪੰ. 219
16. ਉਹੀ, ਪੰ.344

17. ਉਹੀ, ਪੰ. ਆਰੰਭ

18. ਉਹੀ, *ਸਿੱਖ ਧਰਮ ਤੇ ਮਾਸ ਪੁਸਤਕ ਦੀ ਭੂਮਿਕਾ*, ਪੰ. ਭੂਮਿਕਾ

19. ਕਿਰਪਾਲ ਸਿੰਘ ਕਸੇਲ, *ਨਾਮਧਾਰੀ ਸਿਧਾਂਤ ਪ੍ਰਦਰਸ਼ਨ*, ਪੰ. 8

20. ਨਿਧਾਨ ਸਿੰਘ ਆਲਿਮ, *ਜੁਗ ਪਲਟਾਊ ਸਤਿਗੁਰੂ,* ਆਰੰਭ ਵਿਚ

21. ਉਹੀ, ਪੰ. 1

22. ਸੰਤ ਇੰਦਰ ਸਿੰਘ ਚੱਕਰਵਰਤੀ, ਨਾਮਧਾਰੀ ਇਤਿਹਾਸ ਭਾਗ ਪਹਿਲਾ, ਪੰ. 56

23. ਉਹੀ, ਪੰ. 77

*24.* ਤਰਸੇਮ ਸਿੰਘ, *ਨੰਦੇੜੋਂ ਬਾਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ, ਪੁਸਤਕ ਪਰਿਚਯ ਵਿਚੋਂ*

25. ਸੰਤ ਤਰਨ ਸਿੰਘ ਵਹਿਮੀ, ਉਹੀ

26. ਸੰਤ ਇੰਦਰ ਸਿੰਘ ਚੱਕਰਵਰਤੀ, *ਨੰਦੇੜੋਂ ਬਾਦ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ*, ਪੀਠਕਾ ਵਿਚੋਂ

27. ਸੰਤ ਤਰਨ ਸਿੰਘ ਵਹਿਮੀ, ਉਹੀ, ਪੰ. 221

28. ਉਹੀ, ਪੰ. 6-7

29. ਜੱਸ ਜੀਵਨ ਭਾਗ ਪਹਿਲਾ, ਭੂਮਿਕਾ ੳ

30. ਸ੍ਰ. ਤਰਸੇਮ ਸਿੰਘ, *ਆਰੰਭ ਜੱਸ ਜੀਵਨ*

31. ਉਹੀ, ਪੰ. 11

32. ਉਹੀ, ਪੰ. 13

33. ਉਹੀ, ਪੰ. 13

34. ਉਹੀ, ਪੰ. 15

35. ਉਹੀ, ਪੰ. 287

36. ਸੰਤ ਤਰਨ ਸਿੰਘ ਵਹਿਮੀ, ***ਜੱਸ ਜੀਵਨ ਭਾਗ ਪਹਿਲਾ***, ਪੰ. 224

37. ਉਹੀ, ਪੰ. 224

38. ਉਹੀ, ਪੰ. 3

39. ਸੰਤ ਤਰਨ ਸਿੰਘ ਵਹਿਮੀ, ***ਜੱਸ ਜੀਵਨ ਭਾਗ ਪਹਿਲਾ***, ਪੰ. 3

40. ਉਹੀ, ਪੰ. 43-44

41. ਉਹੀ, ਪੰ. 286-287

42. ਉਹੀ, ਪੰ. 367

43. ਉਹੀ, ਪੰ. 367

44. ਉਹੀ, ਪੰ. 14

45. ਉਹੀ, ਪੰ. 15

46. ਉਹੀ, ਪੁਸਤਕ ਦੇ ਸ਼ਬਦ ਆਰੰਭ ਵਿਚ

47. ਉਹੀ, ਪੰ. 9

48. ਉਹੀ, ਪੰ. 14

49. ਜੱਸ ਜੀਵਨ, ਪੰ. 20

50. ਪ੍ਰੋ. ਕਿਰਪਾਲ ਸਿੰਘ ਕਸੇਲ, ***ਜੱਸ ਜੀਵਨ***, ਪੰ. 10

51. ਉਹੀ, ਪੰ. 23

52. ਉਹੀ, ਪੰ. 24

53. ਉਹੀ, ਪੰ. 375

54. ਤਰਸੇਮ ਸਿੰਘ ਨਾਮਧਾਰੀ, ***ਧਨੁ ਲੇਖਾਰੀ ਨਾਨਕਾ***, ਪੰ. 44

55. ਉਹੀ, ਪੰ. 45

56. ਸੰਤ ਤਰਨ ਸਿੰਘ ਵਹਿਮੀ, ***ਜੱਸ ਜੀਵਨ ਭਾਗ ਪਹਿਲਾ***, ਪੰ. 210

57. ਇਹ ਜਾਰਜ ਪੰਚਮ 1971 ਬਿਕ੍ਰਮੀ ਤੋਂ 1975 ਤਕ ਰਹੀ ਲੜਾਹੀ ਜਰਮਨ ਤੇ ਲੰਡਨ ਦੀ ਤੇ ਅਮਰੀਕਾ ਵਿਚ ਪੈ ਸੁਲਾਹ ਕਰਾਈ ਸੀ। ਇਹ 1914 ਈ. ਤੋਂ 1918 ਈ. ਤਕ ਦਿੱਲੀ ਆਇਆ ਸੀ। ਇਸੇ ਸਮੇਂ ਸਤਿਗੁਰੂ ਜੀ ਆਏ। ਜਿਲ੍ਹੇ ਨੂੰ ਕਿਹਾ ਸੀ ਸਾਡਾ ਸਿੱਖ ਕੋਈ ਨਹੀਂ ਜਾਏਗਾ ਲਾਮ 'ਚ। ਪਰ ਸਿੰਘ-ਸਭੀਆਂ ਗੁਰਦੁਆਰਿਆਂ ਤੇ ਫ਼ੌਜਾਂ ਵਿੱਚ ਪਾਠ ਕੀਤੇ, ਅਰਦਾਸੇ ਕੀਤੇ, ਤੇ ਗਾਇਆ ਸੀ

ਹੋਵੇ ਜੁਗ - ਜੁਗ ਰਾਜ ਸਵਾਇਆ, ***ਟੋਪੀ ਵਾਲੇ ਦਾ***, ਉਹੀ, ਪੰ. 211

58. ਸ੍. ਨਾਹਰ ਸਿੰਘ, ***ਨਾਮਧਾਰੀ ਇਤਿਹਾਸ*** (ਭਾਗ ਪਹਿਲਾ),ਪੰ. 12

59. ਉਹੀ, ਪੰ. 55

60. ਉਹੀ, ਪੰ. 203

61. ਅਮਰ ਭਾਰਤੀ, ***ਸਿੱਖ ਇਤਿਹਾਸ ਤੇ ਕੂਕੇ,*** ਪੰ. 21

## ਅਧਿਆਇ ਤੀਜਾ

# ਨਾਮਧਾਰੀ ਵਾਰਤਕ ਦੇ ਮੁੱਖ ਸਰੋਕਾਰ

ਸਾਹਿਤ ਨੂੰ ਜੀਵਨ ਦਾ ਪ੍ਰਤੀਬਿੰਬ ਆਖਿਆ ਜਾਂਦਾ ਹੈ। ਦੂਸਰੇ ਸ਼ਬਦਾਂ ਵਿਚ ਮਾਨਵੀ ਜੀਵਨ ਵਿੱਚ ਜੋ ਕੁਝ ਵਾਪਰਦਾ ਹੈ ਉਸਦੀ ਲਿਖਤੀ ਰੂਪ ਵਿਚ ਪੁਨਰ ਪੇਸ਼ਕਾਰੀ ਦਾ ਨਾਮ ਹੀ ਸਾਹਿਤ ਹੁੰਦਾ ਹੈ। ਕਿਹਾ ਜਾ ਸਕਦਾ ਹੈ ਕਿ ਸਾਹਿਤ ਸਿਰਜਣਾ ਵਿਚ ਕੁਝ ਕਲਪਨਾ ਦਾ ਅੰਸ਼ ਵੀ ਵਿਦਮਾਨ ਹੁੰਦਾ ਹੈ ਪਰ ਕਲਪਨਾ ਵੀ ਅਤੀਤ ਵਿਚ ਵਾਪਰੇ ਸੱਚ ਜਾਂ ਵਰਤਮਾਨ ਵਿਚ ਵਾਪਰ ਰਹੀ ਕਿਸੇ ਘਟਨਾ ਦੇ ਹੀ ਆਧਾਰ ਉੱਤੇ ਕੀਤੀ ਜਾ ਸਕਦੀ ਹੈ। ਕਿਸੇ ਇਕੱਲੇ-ਦੁਕੱਲੇ ਸਾਹਿਤਕਾਰ ਦੀਆਂ ਸਾਹਿਤਕ ਕਿਰਤਾਂ ਵਿਚ ਉਸਦੇ ਸਮਕਾਲੀਨ ਯੁੱਗ ਦੇ ਦਰਸ਼ਨ ਕਦਾਚਿਤ ਨਹੀਂ ਹੋ ਸਕਦੇ, ਉਹ ਭਾਵੇਂ ਸਾਹਿਤਕਾਰ ਕਿਸੇ ਵੀ ਪੱਧਰ ਦਾ ਹੋਵੇ, ਕਿਉਂਕਿ ਸਾਹਿਤਕਾਰ ਦੀ ਦ੍ਰਿਸ਼ਟੀ ਇਕ ਵਿਸ਼ੇਸ਼ ਪਰਿਮੰਡਲ ਦੀ ਸੀਮਾ ਨੂੰ ਪਾਰ ਕਰਨ ਤੋਂ ਅਸਮਰਥ ਹੁੰਦੀ ਹੈ। ਵਿਅਕਤੀਗਤ ਅਨੁਭਵ, ਵਿਦਿਅਕ ਮਿਆਰ, ਕਿੱਤਾ, ਸਮਾਜਕ ਪਦਵੀ, ਆਰਥਕ ਅਵਸਥਾ, ਰਾਜਸੀ ਨਿਖਾਰ, ਧਾਰਮਕ ਵਿਸ਼ਵਾਸ, ਸ਼੍ਰੇਣੀਗਤ ਚੇਤਨਾ ਅਤੇ ਪੂਰਨ ਸੰਸਕਾਰਾਂ ਵਿਚ ਭਿੰਨਤਾ ਦੇ ਕਾਰਨ ਸਾਰੇ ਹੀ ਸਾਹਿਤਕਾਰਾਂ ਦੀਆਂ ਲਿਖਤਾਂ ਵਿੱਚ ਭਿੰਨਤਾ ਦਾ ਹੋਣਾ ਵੀ ਲਾਜ਼ਮੀ ਹੁੰਦਾ ਹੈ। ਜਿਸ ਤਰ੍ਹਾਂ ਦੇ ਸਮਾਜ ਵਿਚ ਉਸਾਰ ਜਾਂ ਢਾਹੂ ਕਿਸਮ ਦੇ ਪਰਿਵਰਤਨ ਹੁੰਦੇ ਹਨ, ਉਸੇ ਤਰ੍ਹਾਂ ਦੇ ਪਰਿਵਰਤਨ ਸਾਹਿਤ ਵਿਚ ਵੀ ਆਪ ਮੁਹਾਰੇ ਰੂਪਮਾਨ ਹੋਣੇ ਸ਼ੁਰੂ ਹੋ ਜਾਂਦੇ ਹਨ।

ਅੰਗਰੇਜ਼ਾਂ ਦੀ ਗੁਲਾਮੀ ਤੋਂ ਭਾਰਤ ਨੂੰ ਮੁਕਤ ਕਰਾਉਣ ਦੇ ਅਨੇਕਾਂ ਅੰਦੋਲਨ ਸ਼ੁਰੂ ਹੋਏ। ਇਨ੍ਹਾਂ ਅੰਦੋਲਨਕਾਰੀਆਂ ਦੇ ਕੰਮ ਅਤੇ ਧਰਮ ਭਾਵੇਂ ਅਲੱਗ ਅਲੱਗ ਸਨ ਪਰ ਉਦੇਸ਼ ਇਨ੍ਹਾਂ ਸਭਨਾਂ ਦਾ ਸਾਂਝਾ ਸੀ 'ਆਜ਼ਾਦੀ'। ਭਾਵੇਂ ਅੰਦਰੋਂ-ਅੰਦਰ ਅੰਗਰੇਜ਼ ਵਿਰੋਧੀ ਵਿਦਰੋਹ ਅਠਾਰਵੀਂ ਸਦੀ ਦੇ ਅੱਧ ਵਿਚ ਹੀ ਸ਼ੁਰੂ ਹੋ ਗਿਆ ਸੀ ਪਰ ਅਸਲ ਵਿਦਰੋਹ ਨਾਮਧਾਰੀ ਲਹਿਰ ਦੇ ਮੋਢੀ ਬਾਬਾ ਰਾਮ ਸਿੰਘ ਤੋਂ ਸ਼ੁਰੂ ਹੁੰਦਾ ਹੈ।

"ਪੰਜਾਬ ਵਿਚ ਸੁਤੰਤਰਤਾ ਸੰਗਰਾਮ ਦਾ ਮੁੱਢ ਨਾਮਧਾਰੀ ਸਤਿਗੁਰੂ ਬਾਬਾ ਰਾਮ ਸਿੰਘ ਜੀ ਨੇ ਬੰਨ੍ਹਿਆ। 1857 ਦਾ ਗ਼ਦਰ ਫੇਲ ਹੁੰਦਾ ਦੇਖ ਕੇ ਉਨ੍ਹਾਂ ਅਨੁਭਵ ਕਰ ਲਿਆ ਕਿ ਹਥਿਆਰਬੰਦ ਜੱਦੋ ਜਹਿਦ ਦੀ ਬਜਾਇ ਲੋਕਾਂ ਨੂੰ ਆਤਮਿਕ ਤੌਰ ਤੇ ਤਿਆਰ ਕੀਤਾ ਜਾਵੇ। ਉਨ੍ਹਾਂ ਦੀ ਚਲਾਈ ਹੋਈ ਨਾ ਮਿਲਵਰਤਣ ਲਹਿਰ ਏਨੀ ਸਫ਼ਲ ਸੀ ਕਿ ਇਸ ਨੇ ਲੰਡਨੀ ਤਖਤ ਇਕ ਵਾਰ ਜੜ੍ਹਾਂ ਤੋਂ ਹਿਲਾ ਦਿੱਤਾ। ਬਦੇਸ਼ੀ ਹਾਕਮਾਂ ਨੂੰ ਬਾਬਾ ਰਾਮ ਸਿੰਘ ਹਥਿਆਰਬੰਦ ਫ਼ੌਜਾਂ ਨਾਲੋਂ ਵੀ ਵਧੇਰੇ ਖਤਰਨਾਕ ਜਾਪਿਆ।"[1]

ਬਾਬਾ ਰਾਮ ਸਿੰਘ ਜੀ ਦੀ ਚਲਾਈ ਹੋਈ ਇਸ ਲਹਿਰ ਨੂੰ 'ਕੂਕਾ ਲਹਿਰ' ਆਖਿਆ ਗਿਆ। ਇਸ ਲਹਿਰ ਦੀ ਨੀਂਹ 'ਨਾਮ' ਦੇ ਆਧਾਰ ਉਤੇ ਰੱਖੀ ਗਈ ਸੀ, ਇਸੇ ਲਈ ਇਸ ਨੂੰ ਨਾਮਧਾਰੀ ਨਾਉਂ ਨਾਲ ਵੀ ਜਾਣਿਆ ਗਿਆ। ਇਸ ਲਹਿਰ ਦਾ ਆਰੰਭ 1857 ਵਿਚ ਹੋ ਚੁੱਕਾ ਸੀ। ਇਸ ਲਹਿਰ ਨੂੰ ਐਸੇ ਤਰੀਕੇ ਨਾਲ ਚਲਾਇਆ ਗਿਆ ਕਿ ਅੰਗਰੇਜ਼ ਇਸ ਨੂੰ 1863 ਤੱਕ ਧਾਰਮਕ ਤੇ ਸਮਾਜਕ ਲਹਿਰ ਹੀ ਸਮਝਦੇ ਰਹੇ। "ਅੰਗਰੇਜ਼ਾਂ ਨੂੰ ਇਸ ਲਹਿਰ ਦੇ ਰਾਜਸੀ ਕਿਰਦਾਰ ਦਾ ਪਤਾ 1863 ਵਿਚ ਲੱਗਾ। ਜਦ ਬਾਬਾ ਰਾਮ ਸਿੰਘ ਨੇ ਜਿਲ੍ਹਾ ਸਿਆਲਕੋਟ ਦਾ ਦੌਰਾ ਕੀਤਾ ਤਾਂ ਜਿਲ੍ਹਾ ਸਿਆਲਕੋਟ ਦੇ ਡਿਪਟੀ ਕਮਿਸ਼ਨਰ ਨੇ 5 ਅਪ੍ਰੈਲ 1863 ਨੂੰ ਪੰਜਾਬ ਦੇ ਲਾਟ ਵੱਲ ਬਾਬੇ ਰਾਮ ਸਿੰਘ ਬਾਰੇ ਪਹਿਲੀ ਵਾਰ ਸਰਕਾਰੀ ਰਿਪੋਰਟ ਭੇਜੀ ਕਿ "ਰਾਮ ਸਿੰਘ ਨਾਮ ਦਾ ਇਕ ਸਿੰਘ ਜਿਸਦੀ ਉਮਰ ਲਗਭਗ 50 ਸਾਲ ਹੈ ਜਿਲਾ ਸਿਆਲਕੋਟ ਦਾ ਦੌਰਾ ਕਰ ਰਿਹਾ ਹੈ। ਉਸਦੇ ਨਾਲ 200 ਦੇ ਕਰੀਬ ਸਿੱਖ ਹਨ। ਇਸਤਰੀਆਂ ਦੀ ਭੀ ਖ਼ਾਸੀ ਗਿਣਤੀ ਉਸ ਦੇ ਨਾਲ ਹੈ। ਉਸਦੇ ਹਜ਼ਾਰਾਂ ਹੀ ਸੇਵਕ ਹਨ। ਉਹ ਆਪਣੇ ਨਾਲਦਿਆਂ ਨੂੰ ਬੰਦੂਕ ਦੀ ਥਾਂ ਸੋਟਿਆਂ ਨਾਲ ਕਵੈਦ ਕਰਾਉਂਦਾ ਹੈ ਤੇ ਕਿਸੇ ਦੁਨਿਆਵੀ ਹਾਕਮ ਦੀ ਈਨ ਨਹੀਂ ਮੰਨਦਾ।"[2]

ਕਿਸੇ ਵੀ ਮਹਾਨ ਸ਼ਖ਼ਸੀਅਤ ਜਾਂ ਲਹਿਰ ਦੇ ਪਿਛੋਕੜ ਨੂੰ ਸਮਝਿਆਂ ਬਗੈਰ ਉਸ ਲਹਿਰ ਦੇ ਚੱਲਣ ਦੇ ਹਾਲਤਾਂ ਨੂੰ ਸਮਝਣਾ ਮੁਸ਼ਕਲ ਹੋ ਜਾਂਦਾ ਹੈ। "ਪੰਜਾਬ ਦੀ ਸੁਤੰਤਰਤਾ ਚੇਲਿਆਂ ਵਾਲਾ ਜਿਲਾ ਗੁਜਰਸ ਦੀ 1849 ਦੀ ਸਿੱਖਾਂ ਤੇ ਅੰਗਰੇਜ਼ਾਂ ਦੀ ਆਖਰੀ ਜੰਗ ਵਿਚ ਸਾਰੇ ਸਿੱਖ ਸਰਦਾਰਾਂ

ਦੇ ਹਥਿਆਰ ਸੁੱਟ ਦੇਣ ਨਾਲ ਖਤਮ ਹੋ ਗਈ ਪੰਜਾਬ ਦੀ ਸ਼ਾਨ ਸਿੱਖ ਰਾਜ ਦੀ ਸ਼ਕਲ ਵਿਚ ਪੰਜਾਬੀਆਂ ਦਾ ਆਪਣਾ ਰਾਜ ਖਤਮ ਹੋ ਗਿਆ।"[3]

ਆਪਣਾ ਰਾਜ ਖੁਸ ਜਾਣ ਪਿਛੋਂ ਪੰਜਾਬੀ ਲੋਕ ਅੰਦਰੋ ਅੰਦਰੀ ਗੁਲਾਮੀ ਦੇ ਬੰਧਨ ਨੂੰ ਮਹਿਸੂਸ ਕਰ ਰਹੇ ਸਨ। ਕੁਝ ਸਰਦਾਰਾਂ ਦੀਆਂ ਜਗੀਰਾਂ ਤੇ ਕੁਝ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ। ਕਈਆਂ ਨੂੰ ਕੈਦ ਅਤੇ ਜਲਾਵਤਨ ਕੀਤਾ ਗਿਆ। ਇਹਨਾਂ ਸਾਰੀਆਂ ਖੱਜਲ ਖੁਆਰੀਆਂ ਕਾਰਨ ਜਿਹਨਾਂ ਵਿਚ ਥੋੜ੍ਹੀ ਬਹੁਤ ਸਮਝ, ਅਣਖ, ਵਿਚਾਰ ਤੇ ਆਚਾਰ ਬਾਕੀ ਸੀ, ਉਹਨਾਂ ਨੇ ਆਪਣੇ ਆਪਣੇ ਢੰਗ ਨਾਲ, ਕੌਮ ਦੀ ਹਾਲਤ ਤੇ ਵਿਚਾਰ ਕਰ ਕੇ ਕੁੜਨਾ ਅਤੇ ਕੋਈ ਨਾ ਕੋਈ ਰਾਹ ਕੱਢਣ ਵਾਸਤੇ ਸੋਚਣਾ ਸ਼ੁਰੂ ਕਰ ਦਿੱਤਾ। ਉਹਨਾਂ ਵਿਚੋਂ ਅਜਿਹੇ ਹੀ ਸੂਝਵਾਨ ਅਤੇ ਦੂਰ-ਅੰਦੇਸ਼ੀ ਦੇ ਮਾਲਕ ਸਨ ਬਾਬਾ ਰਾਮ ਸਿੰਘ। ਜਿਹਨਾਂ ਨੇ ਆਪਣੇ ਤਰੀਕੇ ਨਾਲ ਗੁਪਤ ਤੌਰ ਤੇ ਅੰਗਰੇਜ਼ਾਂ ਵਿਰੁੱਧ ਗੁਪਤ ਫ਼ੌਜੀ ਜਥੇਬੰਦੀ ਕਾਇਮ ਕਰਨੀ ਸ਼ੁਰੂ ਕਰ ਦਿੱਤੀ। ਉਹ ਹਥਿਆਰ ਸੁੱਟਣ ਦੇ ਵਿਰੁੱਧ ਸੀ। ਅੰਗਰੇਜ਼ਾਂ ਵਿਰੁੱਧ ਲਗਾਤਾਰ ਜੰਗ ਜਾਰੀ ਰੱਖਣਾ ਚਾਹੁੰਦਾ ਸੀ। ਉਸਨੇ ਆਪਣੇ ਕੰਮ ਵਿਚ ਰਤਾ ਜਿੰਨੀ ਢਿੱਲ ਨਾ ਆਉਣ ਦਿੱਤੀ ਤੇ ਆਖਰ ਆਪਣੇ ਮੰਤਵ ਅਨੁਸਾਰ ਕੰਮ ਕਰਦਾ ਕਰਦਾ ਕਿਸੇ ਮੁਖ਼ਬਰ ਦੇ ਇਤਲਾਹ ਦੇਣ ਤੇ ਗ੍ਰਿਫ਼ਤਾਰ ਹੋਇਆ ਤੇ ਜਲਾਵਤਨ ਕਰ ਦਿੱਤਾ ਗਿਆ। ਇਸ ਅਧਿਆਇ ਵਿਚ ਨਾਮਧਾਰੀ ਵਾਰਤਕ ਦੇ ਮੁੱਖ ਸਰੋਕਾਰਾਂ ਅਧੀਨ ਇਸ ਕਾਲ ਦੀ ਵਾਰਤਕ ਵਿਚ ਅਪਣਾਏ ਗਏ ਵਿਸ਼ਿਆਂ ਤੇ ਚਰਚਾ ਕੀਤੀ ਜਾਵੇਗੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਵਿਸ਼ਾਲ ਗਿਆਨ ਭੰਡਾਰ, ਮਧੁਰ ਤੇ ਪ੍ਰਭਾਵਸ਼ਾਲੀ ਸ਼ਕਤੀ ਦੇ ਮਾਲਕ ਸਨ। ਉਨ੍ਹਾਂ ਦੇ ਪ੍ਰਵਚਨਾਂ 'ਲਾਲ ਏਹਿ ਰਤਨ' ਦਾ ਸਰਸਰੀ ਅਧਿਐਨ ਹੀ ਉਨ੍ਹਾਂ ਦੀ ਸਾਹਿਤਕ ਲਗਨ ਬਾਰੇ ਗਿਆਤ ਪਵਾ ਦਿੰਦਾ ਹੈ। ਸੋ ਜੇਕਰ ਪ੍ਰੇਰਨਾ ਸ੍ਰੋਤ ਏਨਾਂ ਮਹਾਨ ਹੋਵੇ ਤਾਂ ਉਨ੍ਹਾਂ ਦੇ ਇਰਦ-ਗਿਰਦ ਜੁੜੇ ਲੇਖਕ ਕਿਵੇਂ ਸਾਹਿਤ ਸਿਰਜਨਾ ਤੋਂ ਪਿੱਛੇ ਰਹਿ ਸਕਦੇ ਸਨ। ਇਸ ਕਾਲ ਦੇ ਪ੍ਰਮੁੱਖ ਸਾਹਿਤਕਾਰਾਂ ਵਿਚੋਂ ਸੰਤ ਇੰਦਰ ਸਿੰਘ ਚੱਕਰਵਰਤੀ, ਸੰਤ ਨਿਧਾਨ ਸਿੰਘ ਆਲਮ, ਸੰਤ ਤਰਨ ਸਿੰਘ ਵਹਿਮੀ ਅਤੇ ਸਰਦਾਰ ਨਾਹਰ ਸਿੰਘ ਆਦਿ ਹਨ। ਇਨ੍ਹਾਂ ਨਾਲ ਹੀ ਕੁਝ ਹੋਰ

ਨਾਮਧਾਰੀ ਸਾਹਿਤਕਾਰ ਆਤਮਾ ਸਿੰਘ, ਅਵਤਾਰ ਸਿੰਘ ਆਜ਼ਾਦ ਅਤੇ ਤਰਲੋਕ ਸਿੰਘ ਤੂਫਾਨ ਆਦਿ ਕਈ ਗੈਰ ਨਾਮਧਾਰੀ ਲੇਖਕਾਂ ਦੇ ਨਾਮ ਵੀ ਲਏ ਜਾ ਸਕਦੇ ਹਨ। ਸੰਤ ਇੰਦਰ ਸਿੰਘ ਚੱਕਰਵਰਤੀ ਦੀ ਪ੍ਰੇਰਨਾ ਸਦਕਾ ਆਗਾਮੀ ਕਾਲ ਵਿਚ ਸ੍ਰੀ ਪ੍ਰੀਤਮ ਸਿੰਘ ਕਵੀ, ਪ੍ਰੀਤਮ ਸਿੰਘ ਪੰਛੀ ਅਤੇ ਬਿਸ਼ਨ ਸਿੰਘ ਇਤਿਹਾਸਕਾਰ ਆਦਿ ਲੇਖਕਾਂ ਨੂੰ ਵੀ ਲਿਖਣ ਦੀ ਚੇਟਕ ਲੱਗੀ। ਸੰਤ ਇੰਦਰ ਸਿੰਘ ਚੱਕਰਵਰਤੀ ਕਈ ਸਾਲ 'ਸਤਿਜੁਗ' ਦੇ ਸੰਪਾਦਕ ਦੀ ਸੇਵਾ ਨਿਭਾਉਂਦੇ ਰਹੇ ਹਨ। ਉਨ੍ਹਾਂ ਦੀ ਸੰਪਾਦਨਾ ਵਿਚ ਸਤਿਜੁਗ ਦੇ ਜਿਹੜੇ ਵਿਸ਼ੇਸ਼ ਅੰਕ ਪ੍ਰਕਾਸ਼ਤ ਹੁੰਦੇ ਰਹੇ, ਉਨ੍ਹਾਂ ਵਿਚ ਪੰਜਾਬ ਦੇ ਪੰਜਾਬੀ ਲੇਖਕਾਂ ਤੇ ਪੱਤਰਕਾਰਾਂ ਤੋਂ ਬਿਨਾਂ ਹਿੰਦੀ ਜਗਤ ਦੇ ਵੀ ਪ੍ਰਮੁੱਖ ਲੇਖਕਾਂ ਦੀਆਂ ਰਚਨਾਵਾਂ ਪ੍ਰਕਾਸ਼ਿਤ ਹੁੰਦੀਆਂ ਰਹੀਆਂ ਹਨ। ਨਾਮਧਾਰੀ ਇਤਿਹਾਸ, ਸਮਾਜ, ਸਭਿਆਚਾਰ ਅਤੇ ਨਾਮਧਾਰੀ ਸਤਿਗੁਰੂ ਸਹਿਬਾਨ ਸਮੇਂ ਦੀ ਸਤਿਜੁਗ ਦੇ ਇਨ੍ਹਾਂ ਅੰਕਾਂ ਵਿਚ ਭਰਪੂਰ ਜਾਣਕਾਰੀ ਮਿਲਦੀ ਹੈ। ਇਨ੍ਹਾਂ ਵਿਚ ਸਰਦਾਰ ਗੁਰਬਖ਼ਸ਼ ਸਿੰਘ ਪ੍ਰੀਤਲੜੀ, ਭਾਈ ਕਾਨ੍ਹ ਸਿੰਘ ਨਾਭਾ, ਸਰਦਾਰ ਸਰਦੂਲ ਸਿੰਘ ਕਵੀਸ਼ਰ, ਪ੍ਰਿੰਸੀਪਲ ਤੇਜਾ ਸਿੰਘ, ਭਾਈ ਜੋਧ ਸਿੰਘ, ਪ੍ਰਿੰਸੀਪਲ ਐਸ. ਐਸ. ਅਮੋਲ ਆਦਿ ਦੀਆਂ ਰਚਨਾਵਾਂ ਵੀ ਪ੍ਰਕਾਸ਼ਤ ਹੁੰਦੀਆਂ ਰਹੀਆਂ ਹਨ ਜਿਨ੍ਹਾਂ ਵਿਚ ਦੇਸ਼ ਵਿਚ ਚੱਲ ਰਹੇ ਆਜ਼ਾਦੀ ਦੇ ਅੰਦੋਲਨ ਅਤੇ ਨਾਮਧਾਰੀਆਂ ਦੇ ਕਾਰਨਾਮਿਆਂ ਨੂੰ ਮੁੱਖ ਵਿਸ਼ਿਆਂ ਵਜੋਂ ਪੇਸ਼ ਕੀਤਾ ਜਾਂਦਾ ਰਿਹਾ ਹੈ। ਇਹੀ ਨਹੀਂ ਇਸ ਕਾਲ ਦੀ ਵਾਰਤਕ ਵਿਚ ਅੰਗਰੇਜ਼ਾਂ ਵੱਲੋਂ ਕੀਤੇ ਜਾਂਦੇ ਅਨਿਆਂ, ਜ਼ਿਆਦਤੀਆਂ ਅਤੇ ਗਊ ਹੱਤਿਆ ਜਿਹੇ ਕਾਨੂੰਨਾਂ ਨੂੰ ਖੁੱਲ੍ਹ ਦੇਣ ਆਦਿ ਮਸਲੇ ਵੀ ਉਜਾਗਰ ਕੀਤੇ ਜਾਂਦੇ ਸਨ।

ਬਾਬਾ ਰਾਮ ਸਿੰਘ ਜੀ ਦੇ ਉਪਦੇਸ਼ਾਂ ਅਤੇ ਧਾਰਮਿਕ ਪ੍ਰਚਾਰ ਕਾਰਣ ਨਾਮਧਾਰੀ ਸੰਪਰਦਾਇ ਦਾ ਵਿਸਤਾਰ ਹੋਣ ਲੱਗ ਪਿਆ ਸੀ। ਇਨ੍ਹਾਂ ਦੇ ਵਧਦੇ ਹੋਏ ਪ੍ਰਭਾਵ ਨੂੰ ਵੇਖ ਕੇ ਅੰਗਰੇਜ਼ ਸਰਕਾਰ ਨੂੰ ਚਿੰਤਾ ਹੋਣ ਲੱਗ ਪਈ। ਇਸ ਲਈ ਉਸ ਸਮੇਂ ਪੰਜਾਬ ਦੇ ਗਵਰਨਰ ਦੇ ਹੁਕਮ ਅਨੁਸਾਰ ਪੁਲਿਸ ਨੇ ਕੂਕਿਆਂ ਦੀਆਂ ਕਾਰਵਾਈਆਂ ਤੇ ਕਰੜੀ ਨਿਗਰਾਨੀ ਰੱਖਣੀ ਸ਼ੁਰੂ ਕਰ ਦਿੱਤੀ।

"ਸੰਨ 1863 ਦੀ ਵਿਸਾਖੀ ਦੇ ਅਵਸਰ ਤੇ ਜਦੋਂ ਬਾਬਾ ਰਾਮ ਸਿੰਘ ਜੀ ਅੰਮ੍ਰਿਤਸਰ ਪਹੁੰਚੇ ਤਾਂ ਪੰਜਾਬ ਦੇ ਡਿਪਟੀ ਇੰਸਪੈਕਟਰ ਜਰਨਲ ਆਫ਼ ਪੁਲਿਸ ਅਤੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ। ਸਰਕਾਰ ਦੇ ਇਨ੍ਹਾਂ ਦੋਹਾਂ ਅਫ਼ਸਰਾਂ ਨੂੰ ਬਾਬਾ ਰਾਮ ਸਿੰਘ ਜੀ ਦਾ ਵਤੀਰਾ ਅਮਨ ਪਸੰਦੀ ਵਾਲਾ ਜਾਪਿਆ ਅਤੇ ਉਨ੍ਹਾਂ ਦੇ ਖ਼ਿਲਾਫ ਕੋਈ ਗੱਲ ਨਾ ਮਿਲੀ। ਇਸ ਲਈ ਬਾਬਾ ਜੀ ਤੇ ਕਿਸੇ ਕਿਸਮ ਦੀ ਪਾਬੰਦੀ ਲਾਉਣ ਦੀ ਜ਼ਰੂਰਤ ਮਹਿਸੂਸ ਨਾ ਕੀਤੀ ਗਈ। ਕੂਕਿਆਂ ਦੀ ਗਿਣਤੀ ਦਿਨੋਂ-ਦਿਨ ਵਧ ਰਹੀ ਸੀ। ਇਸ ਲਈ ਸਰਕਾਰ ਨੂੰ ਸ਼ੱਕ ਹੋ ਗਿਆ ਕਿ ਕੂਕੇ ਦੇਸ਼ ਵਿਚ ਕੋਈ ਰਾਜਸੀ ਰੌਲਾ-ਰੱਪਾ ਨਾ ਖੜਾ ਕਰ ਦੇਣ।"[4]

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਕੂਕਾ ਸੰਪਰਦਾਇ ਦਾ ਉਸ ਸਮੇਂ ਦੇ ਸਮਾਜ ਵਿਚ ਕਾਫ਼ੀ ਬੋਲ-ਬਾਲਾ ਸੀ। ਸਮਾਜ ਦੇ ਅਨੇਕਾਂ ਹਿੱਸਿਆਂ ਵਿਚ ਕੂਕਿਆਂ ਦਾ ਪ੍ਰਭਾਵ ਦਿਨ-ਪ੍ਰਤੀਦਿਨ ਵੱਧਦਾ ਜਾ ਰਿਹਾ ਸੀ। ਇਸ ਪ੍ਰਭਾਵ ਅਧੀਨ ਵੱਡੀ ਗਿਣਤੀ ਵਿਚ ਸਾਹਿਤ ਸਿਰਜਣਾ ਉਤੇ ਵੀ ਅਸਰ ਪਿਆ। ਸਾਡਾ ਸਰੋਕਾਰ ਇਥੇ ਨਾਮਧਾਰੀ ਵਾਰਤਕ ਨਾਲ ਹੈ। ਸੋ ਨਾਮਧਾਰੀ ਵਾਰਤਕ ਵਿਚ ਵਿਸ਼ੇਸ਼ ਪ੍ਰਾਪਤੀਆਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗੁਰੂਤਵ ਕਾਲ ਸਮੇਂ ਹੋਈਆਂ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਆਪਣਾ ਪਾਵਨ ਤੇ ਮਹਾਨ ਵਿਅਕਤਿਤਵ, ਦੂਰਦਰਸ਼ਤਾ, ਸਰਬ ਵਿਆਪੀ ਪ੍ਰੇਮ-ਪਾਸਾਰ, ਉਨ੍ਹਾਂ ਦੀ ਸਰਪ੍ਰਸਤੀ ਵਿਚ ਭਾਰਤੀ ਸੁਤੰਤਰਤਾ ਸੰਗਰਾਮ ਵਿਚ ਪਾਏ ਗਏ ਸ਼ਾਨਦਾਰ ਯੋਗਦਾਨ, ਬਹੁਪੱਖੀ ਸੂਖਮ ਦ੍ਰਿਸ਼ਟੀ ਅਤੇ ਅਮਲੀ ਰੂਪ ਵਿਚ ਕੀਤੇ ਤੇ ਨਿਭਾਏ ਗਏ ਸੁਨਹਿਰੀ ਅੱਖਰਾਂ ਵਿਚ ਲਿਖਣਯੋਗ ਕਰਤੱਵ ਇੰਨੇ ਅਪਾਰ ਤੇ ਬਹੁ-ਗਿਣਤੀ ਦੇ ਹਨ ਕਿ ਉਨ੍ਹਾਂ ਨੂੰ ਸੱਚਮੁੱਚ ਹੀ ਸਰਬ ਲੁਕਾਈ ਦਾ ਅਦੁੱਤੀ ਪ੍ਰੇਰਨਾ ਸ੍ਰੋਤ ਅਤੇ ਵਿਰਾਟ ਪ੍ਰਤਿਭਾ ਦਾ ਸੁਆਮੀ ਮੰਨਿਆ ਜਾ ਸਕਦਾ ਹੈ ਜਿਨ੍ਹਾਂ ਦੀ ਛਤਰ ਛਾਇਆ ਹੇਠ ਵੱਡੀ ਮਾਤਰਾ ਵਿਚ ਸਾਹਿਤ-ਸਿਰਜਨਾ ਵੱਲ ਧਿਆਨ ਦਿੱਤਾ ਗਿਆ ਹੈ।

"ਸਤਿਗੁਰੂ ਰਾਮ ਸਿੰਘ ਅਤੇ ਸਤਿਗੁਰੂ ਹਰੀ ਸਿੰਘ ਜੀ ਦੇ ਕਾਲ ਵਿਚ ਸੁਤੰਤਰਤਾ ਦਾ ਸੰਕਲਪ ਆਰੰਭ ਵਿਚ ਭਾਵੇਂ ਪੰਜਾਬ ਦੀ ਖੁਸ ਚੁੱਕੀ ਪ੍ਰਭੁਤਾ ਦੀ ਪੁਨਰ ਪ੍ਰਾਪਤੀ ਤੱਕ ਸੀਮਤ ਸੀ

ਭਾਵੇਂ ਇਸਦੀਆਂ ਜੜ੍ਹਾਂ ਬੜੀਆਂ ਡੂੰਘੀਆਂ ਭਵਿੱਖ ਨੂੰ ਰੌਸ਼ਨ ਕਰਨ ਵਾਲੀਆਂ ਸਨ ਪਰ 1885 ਵਿਚ ਭਾਰਤੀ ਰਾਸ਼ਟਰ ਕਾਂਗਰਸ ਦੀ ਸਥਾਪਤੀ ਅਤੇ ਇਸ ਤੋਂ ਪਿਛੋਂ 20ਵੀਂ ਸਦੀ ਦੇ ਸ਼ੁਰੂ ਵਿਚ ਚੱਲੀਆਂ ਰਾਸ਼ਟਰੀ ਲੋਕ ਲਹਿਰਾਂ ਦੇ ਫਲਸਰੂਪ ਨਾਮਧਾਰੀਆਂ ਦਾ ਸੁਤੰਤਰਤਾ ਸੰਗਰਾਮ ਰਾਸ਼ਟਰ ਵਿਆਪੀ ਧਾਰਾ ਨਾਲ ਪੂਰਨ ਤੌਰ ਤੇ ਇਕਸੁਰ ਹੋ ਗਿਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਹੁਪੱਖੀ ਅੰਤਰਦ੍ਰਿਸ਼ਟੀ ਤੇ ਦੂਰਦਰਸ਼ਤਾ ਨੇ ਨਾਮਧਾਰੀ ਮਤ ਅਤੇ ਲਹਿਰ ਨਾਲ ਜੁੜੇ ਸਾਹਿਤ ਨੂੰ ਵੀ ਨਵੀਂ ਵਿਆਪਕਤਾ, ਨਵੇਂ ਆਯਾਮ ਤੇ ਦਿਸਹੱਦੇ ਪ੍ਰਦਾਨ ਕੀਤੇ। ਸ੍ਰੀ ਸਤਿਗੁਰੂ ਜੀ ਦੁਆਰਾ 1920 ਵਿਚ ਜਾਰੀ ਕੀਤੇ ਗਏ ਸਪਤਾਹਿਕ ਪੱਤਰ 'ਸਤਿਜੁਗ' ਜੋ ਹੁਣ ਆਪਣੀ 80 ਸਾਲ ਦੀ ਆਯੂ ਨੂੰ ਹੰਢਾ ਚੁੱਕਾ ਹੈ ਅਤੇ 'ਕੂਕਾ' (ਕੂਕਾ ਰੋਜਾਨਾ ਅਖਬਾਰ ਕੁਝ ਸਮਾਂ ਹੀ ਚੱਲਿਆ) ਵੀ ਆਜ਼ਾਦੀ ਦੇ ਘਲਾਟੀਆਂ ਲਈ ਅਟੁੱਟ ਪ੍ਰੇਰਨਾ ਦੇ ਸ੍ਰੋਤ ਬਣੇ ਰਹੇ ਹਨ। ਭਾਵੇਂ ਇਨ੍ਹਾਂ ਪੱਤਰਾਂ ਉਤੇ ਵੀ ਕਈ ਪਾਬੰਦੀਆਂ ਸਮੇਂ-ਸਮੇਂ ਸਿਰ ਲਾਗੂ ਹੁੰਦੀਆਂ ਰਹੀਆਂ ਹਨ।[5]

**(ੳ) ਨਾਮਧਾਰੀ ਲਹਿਰ ਦੇ ਇਤਿਹਾਸ ਦੀ ਜਾਣਕਾਰੀ :**

ਸਾਹਿਤ ਅਤੇ ਇਤਿਹਾਸ ਵੱਖਰੇ-ਵੱਖਰੇ ਗਿਆਨ (ਸੰਜਮ) ਹਨ ਪਰ ਕਈ ਸਥਿਤੀਆਂ ਵਿਚ ਇਹ ਅੰਤਰ-ਸੰਬੰਧਿਤ ਹੁੰਦੇ ਹਨ। 'ਇਤਿਹਾਸ' ਸ਼ਬਦ ਦੇ ਸ਼ਾਬਦਿਕ ਅਰਥ ਹਨ: "ਇਸੇ ਤਰ੍ਹਾਂ ਹੀ ਹੋਇਆ ਸੀ" ਇਤਿਹਾਸ ਦਾ ਸੰਬੰਧ ਬੀਤ ਚੁੱਕੇ ਨਾਲ ਹੈ, ਅਰਥਾਤ ਇਤਿਹਾਸ ਬੀਤ ਚੁੱਕੇ ਤੱਥਾਂ ਦਾ ਲੜੀ ਮੂਲਕ ਅਤੇ ਸਿਲਸਿਲੇਵਾਰ ਸੰਗ੍ਰਹਿ ਹੈ। ਇਤਿਹਾਸ ਦੀ ਪ੍ਰਕਿਰਤੀ ਇਕਹਿਰੀ/ਇਕਾਲਕ ਹੈ। ਸਾਹਿਤ ਇਕ ਸ਼ਾਬਦਿਕ ਕਲਾ ਹੈ ਅਤੇ ਇਸ ਦੀ ਪ੍ਰਕਿਰਤੀ ਸਰਬਕਾਲੀ ਹੈ। ਇਤਿਹਾਸ ਦੇ ਮੁਕਾਬਲੇ ਸਾਹਿਤ ਰਚਨਾਵਾਂ ਨਿਰਾ ਬੀਤੇ ਸਮੇਂ ਦੇ ਤੱਥ ਹੀ ਨਹੀਂ ਹੁੰਦੀਆਂ, ਸਗੋਂ ਇਹ ਅਤੀਤ ਵਿਚ ਰਚੀਆਂ ਹੋਣ ਦੇ ਬਾਵਜੂਦ ਵਰਤਮਾਨ ਵਿਚ ਸਾਰਥਕਤਾ ਰੱਖਦੀਆਂ ਹਨ ਅਤੇ ਇਨ੍ਹਾਂ ਦੇ ਭਵਿੱਖਮੁਖੀ ਪਾਸਾਰ ਵੀ ਹੁੰਦੇ ਹਨ।

ਸਾਹਿਤ ਰਚਨਾਵਾਂ ਕਿਸੇ ਇਤਿਹਾਸਕ ਪੜਾਅ ਉਤੇ ਰਚੀਆਂ ਹੋਣ ਕਰਕੇ ਸਮੇਂ ਦੇ ਸਮਾਜਕ, ਰਾਜਨੀਤਿਕ ਹਾਲਾਤ ਤੋਂ ਪ੍ਰਭਾਵਿਤ ਹੁੰਦੀਆਂ ਹਨ, ਉਹ ਆਪਣੇ ਆਪ ਵਿਚ ਬੇਜੋੜ

ਸਾਹਿਤ ਵੰਨਗੀਆਂ ਵੀ ਹੁੰਦੀਆਂ ਹਨ ਅਤੇ ਸਾਹਿਤ ਪਰੰਪਰਾਵਾਂ ਦਾ ਅੰਗ ਵੀ ਹੁੰਦੀਆਂ ਹਨ। ਇਥੇ ਡਾ. ਕਰਮਜੀਤ ਸਿੰਘ ਦੇ ਵਿਚਾਰ ਜ਼ਰੂਰੀ ਭਾਸਦੇ ਹਨ:

> ਕਵਿਤਾ ਇਤਿਹਾਸ ਨਾਲੋਂ ਵਧੇਰੇ ਦਾਰਸ਼ਨਿਕ ਤੇ ਗੰਭੀਰ ਹੈ ਕਿਉਂਕਿ ਇਸ ਦਾ ਵਾਹ ਵਿਸ਼ੇਸ਼ ਨਾਲੋਂ ਵੱਧ ਸਰਵੱਤਰ ਨਾਲ ਰਹਿੰਦਾ ਹੈ।[6]

ਇਤਿਹਾਸਕ ਸਾਹਿਤ ਦੀ ਸਿਰਜਣਾ ਕਰਦੇ ਸਮੇਂ ਸਾਹਿਤਕਾਰ ਇਤਿਹਾਸਕ ਸਮੱਗਰੀ ਨੂੰ ਤਾਂ ਵਿਸ਼ਾ ਬਣਾਉਂਦਾ ਹੀ ਹੈ ਪਰ ਸਿਰਜਣਾਤਮਕਤਾ ਦਾ ਪੱਲਾ ਵੀ ਨਹੀਂ ਛੱਡਦਾ। ਉਹ ਵਾਰਤਕ ਸਾਹਿਤ ਦੇ ਮਾਧਿਅਮ ਰਾਹੀਂ ਇਤਿਹਾਸਕ ਤੱਥਾਂ ਦੀ ਕਲਾਮਈ ਪੇਸ਼ਕਾਰੀ ਕਰਦਾ ਹੈ। ਅਜਿਹੀ ਵਾਰਤਕ ਵਿਚ ਇਤਿਹਾਸਕ ਤੱਥਾਂ ਨੂੰ ਵਾਰਤਕ ਦੇ ਸੰਜਮ ਅਧੀਨ ਰੱਖ ਕੇ ਪੇਸ਼ ਕੀਤਾ ਜਾਂਦਾ ਹੈ। ਇਸ ਪ੍ਰਕਿਰਤੀ ਵਾਲੀ ਵਾਰਤਕ ਦੋ ਵੱਖਰੇ ਵੱਖਰੇ ਸੰਜਮਾਂ ਦੇ ਸੁਮੇਲ ਦਾ ਪਰਿਚੈ ਦਿੰਦੀ ਹੈ। ਇਹ ਨਾ ਨਿਰਾ ਇਤਿਹਾਸ ਹੁੰਦਾ ਹੈ ਤੇ ਨਾ ਨਿਰੀ ਵਾਰਤਕ। ਇਹ ਵਾਰਤਕ ਦੀ ਪ੍ਰਕਿਰਤੀ ਦੀ ਚੇਤਨਾ ਦੇ ਅੰਤਰਗਤ ਇਤਿਹਾਸਕ ਚੇਤਨਾ ਦੀ ਕਾਰਜਸ਼ੀਲਤਾ ਦਾ ਪ੍ਰਮਾਣ ਪੇਸ਼ ਕਰਦੀ ਹੈ।

ਖੋਜ ਪ੍ਰਬੰਧ ਦੇ ਇਸ ਅਧਿਆਇ ਦਾ ਸੰਬੰਧ ਨਾਮਧਾਰੀ ਲਹਿਰ ਦੀ ਵਾਰਤਕ ਦੇ ਮੁੱਖ ਸਰੋਕਾਰਾਂ ਅਧੀਨ ਇਸ ਕਾਲ ਦੀ ਵਾਰਤਕ ਵਿਚ ਪੇਸ਼ ਨਾਮਧਾਰੀ ਇਤਿਹਾਸ ਬਾਰੇ ਚਾਨਣਾ ਪਾਉਣਾ ਹੈ। ਨਾਮਧਾਰੀ ਲਹਿਰ ਦੀ ਵਾਰਤਕ ਦੇ ਅੰਤਰਗਤ ਸਿੱਖ-ਇਤਿਹਾਸ ਅਤੇ ਨਾਮਧਾਰੀ ਲਹਿਰ ਦੇ ਇਤਿਹਾਸ ਦੀਆਂ ਮਹੱਤਵਪੂਰਨ ਘਟਨਾਵਾਂ ਦਾ ਅਧਿਐਨ ਕਰਨਾ ਹੈ। ਇਸ ਵਾਰਤਕ ਦੇ ਅਧਿਐਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਨਾਮਧਾਰੀ ਲਹਿਰ ਦਾ ਇਤਿਹਾਸ ਅਤੇ ਸਿੱਖ ਇਤਿਹਾਸ ਇਸ ਵਾਰਤਕ ਦੇ ਪ੍ਰੇਰਕ ਹਨ। ਇਸੇ ਪ੍ਰੇਰਨਾ ਅਧੀਨ ਹੀ ਨਾਮਧਾਰੀ ਵਾਰਤਕਕਾਰ ਸਿੱਖ ਧਰਮ ਦੇ ਗੌਰਵਸ਼ਾਲੀ ਇਤਿਹਾਸ ਅਤੇ ਨਾਮਧਾਰੀ ਲਹਿਰ ਦੁਆਰਾ ਸਮਾਜਕ ਸੁਧਾਰ ਅਤੇ ਸਮਾਜਕ ਕਲਿਆਣ ਕਾਰਜਾਂ ਦਾ ਜਨ ਸਧਾਰਨ ਵਿਚ ਪ੍ਰਚਾਰ ਕਰਨਾ ਚਾਹੁੰਦੇ ਸਨ ਅਤੇ ਉਨ੍ਹਾਂ ਦੀ ਸਾਹਿਤ ਰਚਨਾ ਉਸ ਸਮਾਜ ਦੇ ਇਤਿਹਾਸ ਤੋਂ ਸਿੱਧੇ-ਅਸਿੱਧੇ ਰੂਪ ਵਿਚ ਪ੍ਰਭਾਵਿਤ ਹੁੰਦੀ ਹੈ। ਸਾਹਿਤਕਾਰ

ਸਮਾਜ ਦਾ ਹਿੱਸਾ ਹਨ। ਪੰਜਾਬੀ ਦਾ ਬਹੁਤ ਸਾਰਾ ਸਾਹਿਤ ਅਜਿਹਾ ਹੈ ਜਿਸ ਵਿਚ ਇਤਿਹਾਸ ਦਾ ਰੂਪਾਂਤਰਣ ਹੋਇਆ ਹੈ। ਨਾਮਧਾਰੀ ਵਾਰਤਕ ਇਕ ਖ਼ਾਸ ਪ੍ਰਯੋਜਨ ਅਧੀਨ ਸਿੱਖ ਇਤਿਹਾਸ ਅਤੇ ਨਾਮਧਾਰੀ ਲਹਿਰ ਦੇ ਇਤਿਹਾਸ ਦੀਆਂ ਮਹੱਤਵਪੂਰਨ ਘਟਨਾਵਾਂ ਦੀ ਪੇਸ਼ਕਾਰੀ ਕਰਦੀ ਹੈ ਤੇ ਇਸਦਾ ਪ੍ਰਯੋਜਨ ਨਾਮਧਾਰੀ ਪੈਰੋਕਾਰਾਂ/ਪਾਠਕਾਂ ਨੂੰ ਆਪਣੇ ਸਿੱਖ ਧਰਮ ਅਤੇ ਨਾਮਧਾਰੀ ਲਹਿਰ ਦੇ ਗੌਰਵਸ਼ਾਲੀ ਵਿਰਸੇ ਤੋਂ ਜਾਣੂ ਕਰਵਾਉਣਾ ਹੈ। ਨਾਮਧਾਰੀ ਲਹਿਰ ਦੀਆਂ ਬਹੁਗਿਣਤੀ ਵਾਰਤਕ ਰਚਨਾਵਾਂ ਇਤਿਹਾਸਕ ਘਟਨਾਵਾਂ ਨੂੰ ਆਪਣਾ ਵਿਸ਼ਾ-ਵਸਤੂ ਬਣਾਉਂਦੀਆਂ ਹਨ। ਇਨ੍ਹਾਂ ਵਿਚ ਉਲੇਖ ਕਰਨਯੋਗ ਰਚਨਾਵਾਂ ਇਨ੍ਹਾਂ ਲੇਖਕਾਂ ਦੀਆਂ ਹਨ: ਸੰਤ ਇੰਦਰ ਸਿੰਘ ਚੱਕਰਵਰਤੀ, ਸੰਤ ਨਿਧਾਨ ਸਿੰਘ ਆਲਮ, ਸੰਤ ਤਰਨ ਸਿੰਘ ਵਹਿਮੀ ਅਤੇ ਸਰਦਾਰ ਨਾਹਰ ਸਿੰਘ ਆਦਿ। ਕੁਝ ਗੈਰ ਨਾਮਧਾਰੀ ਲੇਖਕਾਂ ਵਿਚ ਆਤਮਾ ਸਿੰਘ ਸਨਖਤਰਾ, ਅਵਤਾਰ ਸਿੰਘ ਆਜ਼ਾਦ ਅਤੇ ਤਰਲੋਕ ਸਿੰਘ ਤੂਫਾਨ ਆਦਿ ਦੇ ਨਾਮ ਗਿਣੇ ਜਾ ਸਕਦੇ ਹਨ। ਸੰਤ ਇੰਦਰ ਸਿੰਘ ਚੱਕਰਵਰਤੀ ਦੀ ਪ੍ਰੇਰਨਾ ਸਦਕਾ ਆਗਾਮੀ ਕਾਲ ਵਿਚ ਸ੍ਰੀ ਪ੍ਰੀਤਮ ਸਿੰਘ ਕਵੀ, ਪ੍ਰੀਤਮ ਸਿੰਘ ਪੰਛੀ ਅਤੇ ਬਿਸ਼ਨ ਸਿੰਘ ਇਤਿਹਾਸਕਾਰ ਆਦਿ ਲੇਖਕਾਂ ਨੂੰ ਵੀ ਲਿਖਣ ਦੀ ਚੇਟਕ ਲੱਗੀ। ਨਾਮਧਾਰੀ ਇਤਿਹਾਸ ਸਮਾਜ, ਸਭਿਆਚਾਰ ਅਤੇ ਨਾਮਧਾਰੀ ਸਤਿਗੁਰੂ ਸਾਹਿਬਾਨ ਦੇ ਸਮੇਂ ਦੀ 'ਸਤਿਜੁਗ' ਦੇ ਵਿਸ਼ੇਸ਼ ਅੰਕਾਂ ਵਿਚੋਂ ਵੀ ਭਰਪੂਰ ਜਾਣਕਾਰੀ ਮਿਲ ਜਾਂਦੀ ਹੈ। ਇਨ੍ਹਾਂ ਵਿਚ ਪ੍ਰਿੰਸੀਪਲ ਤੇਜਾ ਸਿੰਘ, ਭਾਈ ਜੋਧ ਸਿੰਘ, ਪ੍ਰਿੰਸੀਪਲ ਐਸ. ਐਸ. ਅਮੋਲ ਆਦਿ ਦੀਆਂ ਰਚਨਾਵਾਂ ਪ੍ਰਕਾਸ਼ਤ ਹੁੰਦੀਆਂ ਰਹੀਆਂ ਹਨ। ਸਮੁੱਚੇ ਨਾਮਧਾਰੀ ਸਾਹਿਤ ਦੇ ਇਤਿਹਾਸ ਵਿਚ ਸਤਿਜੁਗ ਸਪਤਾਹਿਕ ਪੱਤਰ ਦੀ ਵਿਸ਼ੇਸ਼ ਭੂਮਿਕਾ ਹੈ।

ਨਾਮਧਾਰੀ ਲਹਿਰ ਦੀ ਵਾਰਤਕ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਇਸ ਵਾਰਤਕ ਵਿਚ ਸਿੱਖ ਇਤਿਹਾਸ ਦੀਆਂ ਮਹੱਤਵਪੂਰਨ ਘਟਨਾਵਾਂ ਦਾ ਵਾਰਤਕ ਰੂਪਾਂਤਰਣ ਕੀਤਾ ਗਿਆ ਹੈ। ਇਹ ਵਾਰਤਕ ਸਿੱਖ ਧਰਮ ਦੇ ਆਰੰਭ ਤੋਂ ਲੈ ਕੇ ਅਰਥਾਤ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਦੇ ਸਿੱਖ ਇਤਿਹਾਸ ਦੀਆਂ ਘਟਨਾਵਾਂ ਤੋਂ ਇਲਾਵਾ

ਨਾਮਧਾਰੀ ਗੁਰੂਆਂ ਦੇ ਵਿਅਕਤਿਤਵ ਨੂੰ ਆਪਣਾ ਵਿਸ਼ਾ-ਵਸਤੂ ਬਣਾਉਂਦੀ ਹੈ। ਇਸ ਦੇ ਨਾਲ ਹੀ ਕੁਝ ਸਮਾਜਕ-ਪ੍ਰਸੰਗਾਂ ਨੂੰ ਵੀ ਸ਼ਾਮਿਲ ਕਰਦੀ ਹੈ।

ਸੰਤ ਇੰਦਰ ਸਿੰਘ ਚੱਕਰਵਰਤੀ ਜੀ ਨੇ "ਨਾਮਧਾਰੀ ਇਤਿਹਾਸ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਜੀਵਨ" ਪੁਸਤਕ ਵਿਚ ਸਤਿਗੁਰੂ ਬਾਲਕ ਸਿੰਘ ਜੀ ਨੂੰ ਗਿਆਰਵੇਂ ਗੁਰੂ ਦੇ ਰੂਪ ਵਿਚ ਸਵੀਕਾਰ ਕਰਕੇ ਸਿੱਖ ਗੁਰੂਆਂ ਦੀ ਲੜੀ ਨੂੰ ਅੱਗੇ ਤੋਰਿਆ ਹੈ। ਨਾਮਧਾਰੀ ਲੇਖਕਾਂ ਨੇ ਨਾਮਧਾਰੀ ਲਹਿਰ ਦੇ ਬਾਨੀ ਗੁਰੂ ਰਾਮ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਵੇਰਵਿਆਂ ਨੂੰ ਪੂਰੇ ਇਤਿਹਾਸਕ ਤੱਥਾਂ ਸਹਿਤ ਕਲਮਬੱਧ ਕੀਤਾ ਹੈ। ਇਹ ਕਹਿਣ ਵਿਚ ਕੋਈ ਅਤਿਕਥਨੀ ਨਹੀਂ ਹੈ ਕਿ ਨਾਮਧਾਰੀ ਵਾਰਤਕ ਦਾ ਜਨਮ ਹੀ ਇਸ ਕਰਕੇ ਹੋਇਆ। ਨਾਮਧਾਰੀ ਸਿੱਖ ਆਪਣੇ ਗੁਰੂ ਰਾਮ ਸਿੰਘ ਜੀ ਦੀਆਂ ਜੀਵਨ ਘਟਨਾਵਾਂ ਤੋਂ ਬਹੁਤ ਪ੍ਰਭਾਵਿਤ ਸਨ ਅਤੇ ਉਨ੍ਹਾਂ ਨੇ ਆਪਣੀ ਸ਼ਰਧਾ ਅਤੇ ਸਿਫ਼ਤ ਸਲਾਹ ਦਾ ਪ੍ਰਗਟਾਵਾ ਵਾਰਤਕ ਦੇ ਮਾਧਿਅਮ ਰਾਹੀਂ ਕੀਤਾ ਹੈ। ਨਾਮਧਾਰੀ ਵਾਰਤਕ ਵਿਚੋਂ ਇਤਿਹਾਸਕ ਵਾਰਤਕ ਦੀ ਸੱਭ ਤੋਂ ਉੱਤਮ ਵੰਨਗੀ ਸੰਤ ਇੰਦਰ ਸਿੰਘ ਚੱਕਰਵਰਤੀ ਜੀ ਦੀ ਉਪਰੋਕਤ ਪੁਸਤਕ ਵਿਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਉਨ੍ਹਾਂ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਬਾਲਕ ਸਿੰਘ ਨੂੰ ਨਵਾਂ ਗੁਰੂ ਥਾਪਿਆ। "ਸਾਹਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਮੁਖਥੀਂ ਫੁਰਮਾਯਾ - ਮੇਰੇ ਪਯਾਰੇ ਪੀ੍ਤਵਾਨ ਮੈਂ ਉਹੀ ਹਾਂ ਜਿਸਦੀ ਤੂੰ ਅਜੇ ਤੀਕ ਅਰਾਧਨਾ ਕਰਦਾ ਆਇਆ ਹੈਂ ਮੈਂ ਓਹੀ ਹਾਂ ਜਿਸਦਾ ਵਰਣਨ ਤੈਂ ਕਰ ਦਿੱਤਾ ਹੈ। ਠੀਕ ਮੇਰਾ ਹੀ ਨਾਂਉਂ (ਗੁਰੂ) ਗੋਬਿੰਦ ਸਿੰਘ ਹੈ। ਸਾਡਾ ਅੱਜ ਤੀਕ ਏਸਤ੍ਰਾਂ ਵਿਚਰਨਾ ਇਕ ਗੁਪਤ ਭੇਦ ਸੀ ਜਿਸਦੇ ਪ੍ਰਗਟ ਕਰਨ ਦੀ ਕੋਈ ਲੋੜ ਨਹੀਂ ਅਤੇ ਨਾ ਹੀ ਏਹ ਪੁਛਨਾਂ ਚਾਹੀਦਾ ਹੀ ਹੈ। ਸਾਰਾਂਸ਼ ਏਹ ਹੈ ਕਿ ਪੰਥ ਦੇ ਉਧਾਰ ਅਤੇ ਸੇਵਕਾਂ ਦੀ ਮੁਕਤੀ ਨਮਿਤ ਹੁਣ ਤੀਕ ਗੁਪਤ ਹੋਇ ਵਰਤੇ ਹਾਂ। ਸੋ ਆਓ ਅਜ ਆਪ ਨੂੰ ਗੁਰੂ ਮੰਤਰ ਅਤੇ ਗੁਰਿਆਈ ਦੀ ਸੌਂਪਣਾ ਕਰਕੇ ਆਪਣੇ ਪੂਰਵਿਕ (ਪਿਛੇ ਕਥਨ ਕੀਤੇ) ਵਾਕਾਂ ਅਤੇ ਪ੍ਰਤੱਗਯਾ ਨੂੰ ਪੂਰਨ ਕਰੀਏ। ਏਸਦੇ ਨਾਲ ਹੀ ਅਸੀਂ ਏਹ ਭੀ ਸੂਚਿਤ ਕਰ ਦੇਣਾ ਚਾਂਹਦੇ ਹਾਂ ਕਿ ਆਪ ਨੂੰ ਗੁਰ-ਮੰਤ੍ਰ ਅਤੇ ਗੁਰਿਆਈ ਦੀ ਸੌਂਪਣਾ ਕਰਕੇ ਬਹੁਤ ਸ਼ੀਘਰ ਅਸੀਂ ਭੈਣੀ ਗ੍ਰਾਮ ਵਿਚ

ਬਾਬੇ ਜਸਾ ਸਿੰਘ ਰਾਮਗੜ੍ਹੀਏ ਦੇ ਘਰ ਅਵਤਾਰ ਧਾਰਨ ਕਰਾਂਗੇ ਅਤੇ ਓਸੇ ਚੋਲੇ ਵਿਚ ਅਸੀਂ ਆਪਣਾ ਨਾਉਂ ਰਾਮ ਸਿੰਘ ਰਖਾ ਕੇ ਆਪ ਜੀ ਦੇ ਦਰਸ਼ਨ ਕਰਕੇ ਆਪ ਦੇ ਪਾਸੋਂ ਗੁਰਤਾ ਲਵਾਂਗੇ।[7]

ਨਾਮਧਾਰੀ ਵਾਰਤਕ ਗੁਰੂ ਰਾਮ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਵਿਭਿੰਨ ਵੇਰਵਿਆਂ ਨੂੰ ਬੜੇ ਵਿਸਤਾਰ ਸਹਿਤ ਪੇਸ਼ ਕਰਦੀ ਹੈ। ਇਸ ਵਾਰਤਕ ਵਿਚ ਗੁਰੂ ਰਾਮ ਸਿੰਘ ਜੀ ਦੇ ਜਨਮ ਅਤੇ ਮੁੱਢਲੇ ਜੀਵਨ ਤੋਂ ਲੈ ਕੇ ਉਨ੍ਹਾਂ ਨੂੰ ਜਲਾਵਤਨ ਕੀਤੇ ਜਾਣ ਤੱਕ ਦੀਆਂ ਘਟਨਾਵਾਂ ਨੂੰ ਸਿਲਸਿਲੇਵਾਰ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਦੀ ਸਮਾਜਕ ਧਾਰਮਕ ਤੇ ਰਾਜਸੀ ਜ਼ਿੰਦਗੀ ਦੇ ਅਨੇਕਾਂ ਤੱਥਾਂ ਨੂੰ ਇਸ ਪ੍ਰਕਾਰ ਦੀ ਵਾਰਤਕ ਵਿਚ ਸ਼ਾਮਲ ਕੀਤਾ ਗਿਆ ਹੈ। ਨਾਮਧਾਰੀ ਲਹਿਰ ਦੇ ਇਤਿਹਾਸ ਅਨੁਸਾਰ ਗੁਰੂ ਰਾਮ ਸਿੰਘ ਵੀਹ ਬਾਈ ਸਾਲ ਦੀ ਉਮਰ ਵਿਚ ਆਪਣੇ ਭਣਵਈਏ ਕਾਬਲ ਸਿੰਘ ਨਾਲ ਨੌਨਿਹਾਲ ਰੈਜਮੈਂਟ ਵਿਚ ਭਰਤੀ ਹੋਏ ਸਨ। ਜਿੱਥੇ ਨੌਕਰੀ ਦੇ ਦੌਰਾਨ ਹੀ ਇਕ ਦਿਨ ਪਿਸ਼ਾਵਰ ਜਾਂਦਿਆਂ ਉਨ੍ਹਾਂ ਦਾ ਮੇਲ ਹਜ਼ਰੋਂ ਨਿਵਾਸੀ ਬਾਬਾ ਬਾਲਕ ਸਿੰਘ ਨਾਲ ਹੋਇਆ। ਜਿਨ੍ਹਾਂ ਦੇ ਉਪਦੇਸ਼ ਨਾਲ ਆਪ ਨੇ ਆਪਣਾ ਜੀਵਨ ਸਿੱਖੀ ਸਿਧਾਂਤਾਂ ਨੂੰ ਪੁਨਰ-ਸੁਰਜੀਤ ਕਰਨ ਦੇ ਉਦੇਸ਼ ਨੂੰ ਸਮਰਪਤ ਕਰ ਦਿੱਤਾ। ਇਸੇ ਉਦੇਸ਼ ਅਧੀਨ ਉਨ੍ਹਾਂ ਨੇ ਸੰਤ ਖਾਲਸੇ ਦੀ ਸਿਰਜਣਾ ਕੀਤੀ। ਨਾਮਧਾਰੀ ਵਾਰਤਕ ਦਾ ਅਧਿਐਨ ਕਰਦਿਆਂ ਗੁਰੂ ਰਾਮ ਸਿੰਘ ਦੁਆਰਾ ਸੰਤ ਖਾਲਸੇ ਦੀ ਸਿਰਜਣਾ ਦੀ ਇਤਿਹਾਸਕ ਘਟਨਾ ਦਾ ਵੀ ਵਿਸਤ੍ਰਿਤ ਵਰਣਨ ਕੀਤਾ ਗਿਆ ਦ੍ਰਿਸ਼ਟੀਗੋਚਰ ਹੁੰਦਾ ਹੈ।

ਨਾਮਧਾਰੀ ਇਤਿਹਾਸ ਦੀਆਂ ਮਹੱਤਵਪੂਰਨ ਘਟਨਾਵਾਂ ਦੀ ਪੇਸ਼ਕਾਰੀ ਕਰਦਿਆਂ ਇਸ ਦੇ ਪਿਛੋਕੜ ਵਿਚ ਵਾਪਰੀਆਂ ਇਤਿਹਾਸਕ ਘਟਨਾਵਾਂ ਨੂੰ ਵੀ ਵਾਰਤਕ ਦਾ ਵਿਸ਼ਾ ਬਣਾਇਆ ਹੈ। ਇਸ ਤੋਂ ਇਲਾਵਾ ਨਾਮਧਾਰੀ ਵਾਰਤਕ ਵਿਚ ਗੁਰੂ ਰਾਮ ਸਿੰਘ ਜੀ ਦੁਆਰਾ ਆਪਣਾ ਵੱਖਰਾ ਸ਼ਾਸ਼ਨ-ਪ੍ਰਬੰਧ ਸਥਾਪਿਤ ਕਰਨ ਦੇ ਇਤਿਹਾਸਕ ਮਹੱਤਵ ਵਾਲੇ ਕਾਰਜ ਦਾ ਵੀ ਪ੍ਰਸ਼ੰਸਾਤਮਕ ਵਰਨਣ ਹੋਇਆ ਮਿਲਦਾ ਹੈ।

“ਸਤਿਗੁਰੂ ਜੀ ਇਕ ਮੁਸਲਮਾਨ ਭਜੇ ਜਾਂਦੇ ਨੂੰ ਮੋਢੇ ਤੋਂ ਫੜ ਕਿਹਾ, ਕੋਈ ਇਹਨਾਂ ਨੂੰ ਲੜਨੋ ਹਟਾਂਦਾ ਕਿਉਂ ਨਹੀਂ। ਉਹ ਮੁਸਲਮਾਨ ਮੋਢੇ ਵਾਲੀ ਚਾਦਰ ਸੁਟ ਇਹ ਕਹਿ ਭਜ ਗਿਆ ਕਿ ਤੂੰ ਭੀ ਤੇ ਉਹਨਾਂ ਦੇ ਨਾਲ ਦਾ ਜਾਪਨੈ ਜੋ ਅਗੇ ਪਏ ਮਾਰਦੇ ਨੇ। ਪਲਟਨੀ ਸਿੰਘਾਂ ਭੀ ਬਾਬੂਆਂ ਨੂੰ ਦਸਿਆ ਸੀ ਇਹਨਾਂ ਨੂੰ ਦਿਲੀਉਂ ਲੈ ਦੇਖ ਰਹੇ ਸਾਂ ਇਹ ਉਪਾਧੀ ਹਰ ਟੇਸ਼ਨ ਤੇ ਕਰਦੇ ਰਹੇ ਹਨ।

ਅਕਾਲੀਆਂ ਨੇ ਕਸੂਰ ਵਿਚ ਅਗਲੇ ਰੋਜ਼ ਸਭ ਤੋਂ ਉਮਰ ਦੇ ਛੋਟੇ ਬਘੇਲ ਸਿੰਘ ਨੂੰ ਕਾਰ ਤੇ ਖੜਾ ਕਰ ਸਾਰੇ ਕਸੂਰ ਸ਼ਹਿਰ ਵਿਚ ਜਲੂਸ ਕੱਢਿਆ ਤੇ ਲੋਕਾਂ ਨੂੰ ਦੱਸਿਆ। ਇਹ ਉਹਨਾਂ ਸਿੰਘਾਂ ਵਿਚੋਂ ਚਾਰ ਕੂਕੇ ਸੀ ਜਿਨ੍ਹਾਂ ਮਲੇਰਕੋਟਲੇ ਫ਼ੌਜ ਨੂੰ ਤੇ ਮੁਖਲਈ ਧਾੜ ਨੂੰ ਮਾਰਕੇ ਭਜਾਇਆ ਸੀ। ਇਤਿਹਾਸ ਵਿਚ ਜੋ ਲਿਖਿਆ ਹੈ-

“ਕੋਟਲੇ ਕੇ ਤੁਰਕਾਨੀ ਔ ਪਠਾਨੀ ਫ਼ੌਜ ਸਭ,

ਸਿੰਘਨ ਸੇ ਲਰੀ ਇਨ੍ਹੇ ਮਾਰ ਕੈ ਹਟਾਈਆ।

ਇਹਨਾਂ ਸਿੰਘਾਂ ਨੇ ਸਚ ਕਰ ਦਿਖਾਇਆ ਹੈ ਨਹੀਂ ਤੇ ਉਹਨਾਂ ਪਠਾਣਾਂ ਕਹਿਣਾ ਸੀ। ਪੰਜਾਬ ਵਿਚ ਕੋਈ ਕੌਮ ਅਣਖੀ ਤੇ ਬਲਵਾਨ ਨਹੀਂ ਰਹਿ ਗਈ।[8]

ਨਾਮਧਾਰੀ ਲਹਿਰ ਦੀ ਵਾਰਤਕ ਵਿਚ ਦਸਮ ਗੁਰੂ ਜੀ ਦੁਆਰਾ ਆਦਿ ਗ੍ਰੰਥ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਦੀ ਉਪਾਧੀ ਦੇ ਕੇ ਗੁਰੂ ਥਾਪਣਾ, ਤੇ ਫਿਰ ਗੁਰਿਆਈ ਵਾਲੀ ਬੀੜ ਸੰਬੰਧੀ ਪਏ ਭਰਮ-ਭੁਲੇਖਿਆਂ ਤੇ ਵਿਸਤ੍ਰਿਤ ਚਰਚਾ ਕੀਤੀ ਮਿਲਦੀ ਹੈ:-

ਅਸੀਂ ਦਿਖਾ ਚੁਕੇ ਹਾਂ ਕਿ ‘ਗੁਰੂ ਪਦ ਨਿਰਨਾਂ’ ਭਾਗ ੧ ਵਿਚ ਭਾਈ ਸਾਹਿਬ ਜੀ ਗੁਰਿਆਈ ਵਾਲੀ ਬੀੜ ਸਾਬਿਤ ਕਰਨ ਵਿਚ ਅਸਫ਼ਲ ਰਹੇ ਹਨ ਅਤੇ ਉਹ ਇਹ ਕਹਿ ਕੇ ਉਸ ਬੀੜ ਦੀ ਅਣਹੋਂਦ ਦਾ ਇਕਬਾਲ ਕਰ ਚੁੱਕੇ ਹਨ ਕਿ “ਜੇਹੜੀ ਬੀੜ ਨੂੰ ਦਸਮ ਪਾਤਸ਼ਾਹ ਨੇ ਗੁਰਿਆਈ ਦੀ ਗੱਦੀ ਦਿੱਤੀ ਉਸ ਨੂੰ ਬਾਕੀ ਬੀੜਾਂ ਨਾਲੋਂ ਵੱਖਰਾ ਕਰਕੇ ਨਾ ਰਖਣਾ ਤੇ ਵਿਸ਼ੇਸ਼ਤਾ ਨਾ ਦੇਣਾ ਇਕ ਬੜੀ ਭਾਰੀ ਬੁੱਧੀਮਤਾ ਦੀ ਗੱਲ ਸੀ। (ਗੁ: ਪਾ. ਨਿ. ਭਾ. , ਪੰਨਾ 97-98)।

ਇਸ ਬਾਬਤ ਗੁਰੂ ਪਦ ਪ੍ਰਕਾਸ਼ ਭਾਗ 2 ਦੇ ਪੰਨਾ 80-81 ਵਿਚ ਅਸਾਂ ਲਿਖਿਆ ਸੀ ਕਿ "ਨਿਆਇ ਦੀ ਗੱਲ ਤਾਂ ਏਹ ਸੀ ਕਿ ਜੇਹੜੀ ਬੀੜ ਦੇ ਅਗੇ ਕਲਗੀਧਰ ਜੀ ਨੇ ਪੰਜ ਪੈਸੇ ਤੇ ਨਰਯੇਲ ਰਖ ਕੇ ਮਥਾ ਟੇਕਿਆ ਉਸ ਦੇ ਗੁਰੂ ਹੋਣ ਦਾ ਐਲਾਨ ਕੀਤਾ ਅਤੇ ਲਗਪਗ ਢਾਈ ਸਦੀਆਂ ਤਕ ਚਲਦੇ ਰਹੇ ਦੇਹਧਾਰੀ ਗੁਰੂ ਵਾਲੇ ਸਿਲਸਿਲੇ ਵਿਚ ਇਕ ਇਨਕਲਾਬੀ ਤਰਮੀਮ ਕਰਕੇ ਗੁਰੂ ਪਦ ਦੇ ਗੁਰਬਾਣੀ ਅੰਕਿਤ ਲਖਣਾ ਨੂੰ ਵੀ ਇਕ ਤ੍ਰਾਂ ਨਾਲ ਮਨਸੂਖ ਕਰ ਦਿੱਤਾ, ਉਹ ਬੀੜ ਸਾਰੇ ਜਗਤ ਦੇ ਸਾਹਮਣੇ ਪੇਸ਼ ਕੀਤੀ ਜਾਂਦੀ ਤਾਂ ਕਿ ਸੰਗਤਾਂ ਬੜੇ ਚਾ ਤੇ ਉਤਸ਼ਾਹ ਨਾਲ ਉਸਦਾ ਦਰਸ਼ਨ ਕਰਦੀਆਂ। ਯਾਂ ਉਹ ਬੀੜ ਹਜ਼ੂਰ ਸਾਹਿਬ ਵਿਖੇ ਹੀ ਸੁਰੱਖਿਅਤ ਰਖੀ ਜਾਂਦੀ ਤੇ ਯਾ 'ਸ੍ਰੀ ਅਕਾਲ ਤਖ਼ਤ ਸਾਹਿਬ' ਤੇ ਬਿਰਾਜਮਾਨ ਕਰਾਈ ਜਾਂਦੀ।[੭]

ਨਾਮਧਾਰੀ ਵਾਰਤਕ ਵਿਚ ਸਿੱਖ ਗੁਰੂ ਸਾਹਿਬਾਨ ਨਾਲ ਸੰਬੰਧਿਤ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਦੀ ਪੇਸ਼ਕਾਰੀ ਵੀ ਕੀਤੀ ਗਈ ਹੈ। ਇਹਨਾਂ ਵਿਚੋਂ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਦੇ ਜੀਵਨ ਸਮਾਚਾਰਾਂ ਨੂੰ ਬੜੇ ਵਿਸਤ੍ਰਿਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਹੀ ਨਹੀਂ ਤਰਨ ਸਿੰਘ ਵਹਿਮੀ ਜੀ ਨੇ "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਦੇੜੋਂ ਬਾਦ ਦਾ ਜੀਵਨ" ਪੁਸਤਕ ਵਿੱਚ ਗੁਰੂ ਗੋਬਿੰਦ ਸਿੰਘ ਦੇ ਬਾਰੇ ਬਹੁਤ ਹੀ ਵਿਸਤਾਰ ਵਿਚ ਚਾਨਣਾ ਪਾਇਆ ਹੈ। ਇਸ ਪੁਸਤਕ ਵਿਚ 30 ਵਿਸ਼ਿਆਂ ਨੂੰ ਲਿਆ ਗਿਆ ਹੈ ਜਿਨ੍ਹਾਂ ਵਿਚ ਪ੍ਰਮੁੱਖ ਤੌਰ ਤੇ "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਦੇੜ ਤੋਂ ਬਾਅਦ ਜੀਵਨ, ਗੁਰੂ ਜੀ ਦੇ ਜ਼ਖ਼ਮ ਸਿਊਣੇ, ਗੁਰੂ ਗੋਬਿੰਦ ਸਿੰਘ ਜੀ ਨਰ ਨਾਟਕ ਕਿਉਂ ਕੀਤਾ, ਇਤਿਹਾਸ ਦੇ ਅਣਲਿਖੇ ਪੱਤਰ, ਗੁਰੂ ਗੋਬਿੰਦ ਸਿੰਘ ਜੀ ਦਾ ਗੁਰੂ ਬਾਲਕ ਸਿੰਘ ਨਾਲ ਮਿਲਾਪ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦੌਲਤ ਰਾਮ ਕਾ ਦਲ ਨਾਲ ਮੇਲ, ਆਦਿਕ ਵਿਸ਼ਿਆਂ ਤੇ ਚਰਚਾ ਕੀਤੀ ਮਿਲਦੀ ਹੈ। ਵਾਰਤਕ ਦੀ ਸ਼ੈਲੀ ਬੜੀ ਸਰਲ ਤੇ ਸਪਸ਼ਟ ਹੈ। ਮਿਸਾਲ ਵਜੋਂ:

"ਇਹ ਗੱਲ ਸੂਰਜ ਵਾਂਗ ਰੌਸ਼ਨ, ਦੋ ਤੇ ਦੋ ਚਾਰ ਵਾਗ ਸੱਚ ਹੈ, ਜਿਹਾ ਕਿ ਮੈਂ ਆਪਣੀ ਪਹਿਲੀ ਛਪੀ ਪੁਸਤਕ (ਪੰਜ ਨਿਰਨੇ) ਵਿਚ ਸਾਬਤ ਕੀਤਾ ਹੈ, ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਦੇੜ ਜੋਤੀ ਜੋਤ ਨਹੀਂ ਸਮਾਏ।

ਫਿਰ ਸਵਾਲ ਪੈਦਾ ਹੁੰਦਾ ਹੈ ਕਿ ਉਹ ਰਹੇ ਕਿਥੇ ਤੇ ਕਿਉਂ ਰਹੇ? ਇਸ ਸਵਾਲ ਦਾ ਹੱਲ ਪ੍ਰੋਫੈਸਰ ਕਰਤਾਰ ਸਿੰਘ ਐਮ. ਏ. ਨੇ ਜੀਵਨ ਕਥਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਚ ਦੱਸਿਆ ਕਿ ਉਹ ਸਾਰੀਆਂ ਇਤਿਹਾਸਕ ਕਹਾਣੀਆਂ ਕਾਲਪਨਿਕ ਤੇ ਮਿਥਿਹਾਸਕ ਹਨ ਕਿ ਸ੍ਰੀ ਗੁਰੂ ਜੀ ਨੂੰ ਪਠਾਣ ਪੁੱਤਰ ਨੇ ਪਾਸ਼ਾ ਖੇਲਦਿਆਂ ਜਖਮੀ ਕੀਤਾ ਸੀ। ਸਗੋਂ ਸਚਾਈ ਭਰੀ ਗੱਲ ਭਾਈ ਵੀਰ ਸਿੰਘ ਸਾਹਬ ਜੀ ਦੀ ਪ੍ਰਾਪਤ ਕੀਤੀ ਹਸਤ ਲਿਖਤ ਵਿਚੋਂ ਮਿਲੀ ਹੈ, ਕਿ ਵਜੀਦ ਖਾਂ ਸੂਬਾ ਸਰਹੰਦ ਨੇ ਮੁਸਲਮਾਨ ਪਠਾਨ ਇਸੇ ਕੰਮ ਲਈ ਨੀਯਤ ਕੀਤੇ ਸਨ, ਕਿ ਉਹ ਮੌਕਾ ਪਾਂਦੇ ਹੀ ਗੁਰੂ ਜੀ ਨੂੰ ਸ਼ਹੀਦ ਕਰ ਦੇਣ। ਕਿਉਂਕਿ ਉਸ ਕੋਲ ਸੋਆਂ ਆ ਰਹੀਆਂ ਸਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਬਾਦਸ਼ਾਹ ਬਹਾਦਰ ਸ਼ਾਹ ਦਿੱਲੀ ਦਾ ਮੇਲ ਮਿਲਾਪ ਹੋ ਗਿਆ ਹੈ। ਗੁਰੂ ਜੀ ਨੇ ਲੜਾਈ ਵਿਚ ਮਦਦ ਕਰਕੇ ਉਸ ਨੂੰ ਫਤਹ ਦਵਾਈ ਹੈ। ਹੋ ਸਕਦਾ ਹੈ ਕਿ ਜਹਾਂਗੀਰ ਵਾਂਗ ਜਿਵੇਂ ਉਸਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਵਾਲਿਆਂ ਤੋਂ ਵੀ ਬਦਲਾ ਲੈਣ ਲਈ ਉਨ੍ਹਾਂ ਨੂੰ ਸ੍ਰੀ ਗੁਰੂ ਹਰਿ ਗੋਬਿੰਦ ਪਾਤਸ਼ਾਹੀ 6ਵੀਂ ਜੀ ਨੂੰ ਸੰਭਾਲ ਦਿੱਤੇ ਸੀ ਤੇ ਓਹਨਾਂ ਨੇ ਚੰਦੂ ਸਵਾਹੀ ਦੇ ਨੱਕ ਨਕੇਲ ਪਾ ਕੇ ਲਾਹੌਰ ਦੇ ਬਜਾਰਾਂ ਵਿਚ ਘੁਮਾ ਕੇ ਬਹੁਤ ਦੁਰਦਸ਼ਾ ਕਰਕੇ ਮਾਰਿਆ ਸੀ।"[10]

ਨਾਮਧਾਰੀ ਵਾਰਤਕ ਦੇ ਅਧਿਐਨ ਤੋਂ ਇਹ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਇਸ ਵਾਰਤਕ ਨੇ ਪੁਰਾਤਨ ਸਿੱਖ ਇਤਿਹਾਸਕ ਘਟਨਾਵਾਂ ਨੂੰ ਵੀ ਆਪਣਾ ਵਿਸ਼ਾ ਬਣਾਇਆ ਹੈ। ਇਹ ਵਾਰਤਕ ਮਹਾਰਾਜਾ ਰਣਜੀਤ ਸਿੰਘ ਤੇ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਅਤੇ ਸਿੱਖ ਰਾਜ ਦੇ ਪਤਨ ਨਾਲ ਸੰਬੰਧਿਤ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਦੀ ਕਲਾਤਮਕ ਪੇਸ਼ਕਾਰੀ ਹੈ। ਮਿਸਾਲ ਵਜੋਂ ਤਰਨ ਸਿੰਘ ਵਹਿਮੀ ਜੀ ਨੇ ਆਪਣੀ ਪੁਸਤਕ 'ਜੱਸ ਜੀਵਨ' ਵਿਚ ਸਿੱਖ ਰਾਜ ਦੀਆਂ ਇਤਿਹਾਸਕ ਮਹੱਤਵ ਵਾਲੀਆਂ ਘਟਨਾਵਾਂ ਨੂੰ ਕਲਮਬੰਦ ਕੀਤਾ ਹੈ। ਨਾਮਧਾਰੀ ਵਾਰਤਕ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਆਪਣੀ ਬਹਾਦਰੀ ਅਤੇ ਕੂਟਨੀਤੀ ਨਾਲ ਸਾਰੀਆਂ ਮਿਸਲਾਂ ਨੂੰ ਮਿਲਾ ਕੇ, ਪੰਜਾਬ ਵਿਚ ਆਪਣਾ ਰਾਜ-ਪ੍ਰਬੰਧ ਸਥਾਪਤ ਕਰਨ, ਲਾਹੌਰ ਉਤੇ ਜਿੱਤ ਪ੍ਰਾਪਤ ਕਰਨ, ਪੰਜਾਬ ਵਿਚ ਧਰਮ ਨਿਰਪੱਖ ਰਾਜ-ਪ੍ਰਬੰਧ ਚਲਾਉਣ ਆਦਿ ਘਟਨਾਵਾਂ ਨੂੰ ਵਿਸਤ੍ਰਿਤ

ਢੰਗ ਨਾਲ ਪੇਸ਼ ਕੀਤਾ ਗਿਆ ਹੈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਰਾਜ ਪਰਿਵਾਰ ਵਿਚ ਹੋਈ ਬੁਰਛਾਗਰਦੀ, ਮਹਾਰਾਜਾ ਦਲੀਪ ਸਿੰਘ ਕੋਲੋਂ ਇੰਗਲੈਂਡ ਦੀ ਮਹਾਰਾਣੀ ਨੂੰ ਕੋਹਿਨੂਰ ਹੀਰਾ ਭੇਟਾ ਕਰਵਾਉਣ ਆਦਿ ਇਤਿਹਾਸਕ ਵਰਤਾਰਿਆਂ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਇਸ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਦੌਰਾਨ ਵਾਪਰੀਆਂ ਇਤਿਹਾਸਕ ਘਟਨਾਵਾਂ ਨੂੰ ਵੀ ਪੇਸ਼ ਕੀਤਾ ਗਿਆ ਹੈ। ਇਸ ਸੰਦਰਭ ਵਿਚ ਅੰਗਰੇਜ਼ਾਂ ਦੁਆਰਾ ਸਿੱਖਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨ ਲਈ ਅੰਗਰੇਜ਼ਾਂ ਵੱਲੋਂ ਸਿੱਖਾਂ ਦੇ ਧਾਰਮਕ ਸਥਾਨਾਂ ਦੀ ਕੀਤੀ ਜਾਂਦੀ ਬੇਅਦਬੀ, ਧੱਕਾ ਆਦਿ ਇਤਿਹਾਸਕ ਘਟਨਾਵਾ ਨੂੰ ਵੀ ਸਹੀ ਮਾਅਨਿਆਂ ਵਿਚ ਪੇਸ਼ ਕੀਤਾ ਗਿਆ ਮਿਲਦਾ ਹੈ।

"ਦਿੱਲੀ ਰਕਾਬ ਗੰਜ ਗੁਰਦੁਆਰੇ ਦੀ ਕੰਧ, ਵਾਇਸਰਾਏ ਅੰਗਰੇਜ਼ ਦੀ ਕੋਠੀ ਨੂੰ ਸੜਕ ਸਿੱਧੀ ਕਰਨ ਲਈ, ਅੰਗਰੇਜ਼ਾਂ ਢਾਹੀ। ਸਿੱਖਾਂ ਰੋਸ ਕੀਤਾ। ਕੁਝ ਨਾ ਕਿਸੇ ਪ੍ਰਵਾਹ ਕੀਤੀ। ਤਾਂ ਜੋਸ਼ 'ਚ ਬੋਲਣ ਵਾਲੇ ਭੀ ਕਈ ਸਿੰਘ ਉਠੇ। ਜਿਨ੍ਹਾਂ ਵਿਚ ਸੰਤ ਮੰਗਲ ਸਿੰਘ ਜੀ ਭੀ ਸਨ। ਅੰਮ੍ਰਿਤਸਰ, ਸਿੰਘ ਸਭੀਆਂ ਸਭ ਸਿੱਖਾਂ ਨੂੰ ਸੱਦਾ ਦੇ ਇਕੱਠ ਕੀਤਾ। ਨਾਮਧਾਰੀ ਭੀ ਬਹੁਤ ਪੁੱਜੇ। ਕੋਈ ਕਿਸੇ ਸਿਰੇ ਗੱਲ ਨਾ ਲਗਦੀ ਜਾਣ ਸੰਤ ਜਵੰਦ ਸਿੰਘ ਜੀ ਜਿੰਦਾ ਸ਼ਹੀਦ ਖਿਆਲੇ ਵਾਲਿਆਂ ਕਿਹਾ; ਜੁਬਾਨੀ ਗੱਲਾਂ ਦੀ ਲੋੜ ਨਹੀਂ, ਕੁਰਬਾਨੀ ਦੀ ਲੋੜ ਏ। ਆਓ ਮੇਰੇ ਨਾਲ ਟੁਰੋ, ਗੁਰੂ ਅਰਥ ਲੱਗੀਏ। ਸੰਤ ਮੰਗਲ ਸਿੰਘ ਜੀ ਕਿਹਾ, ਤੁਸਾਂ ਜਵਾਨੀ ਵੇਲੇ ਬਹੁਤ ਐਸੇ ਕੰਮ ਕੀਤੇ ਹਨ, ਹੁਣ ਬਿਰਧ ਹੋ ਤੁਸੀਂ ਬੈਠੋ। ਮੈਂ ਆਪ ਦੇ ਥਾਂ ਜਾਂਦਾ ਹਾਂ। ਇਹ ਸੁਣ ਰਣਧੀਰ ਸਿੰਘ (ਪੰਚ ਖਾਲਸੀਆ) ਨਾਰੰਗਵਾਲ ਦਾ ਭੀ ਨਾਲ ਤਿਆਰ ਹੋਇਆ। ਦਿੱਲੀ ਜਾ ਪਹਿਲੇ ਜ਼ੋਰਦਾਰ ਬੋਲ, ਫੇਰ ਰਕਾਬ ਗੰਜ ਦੀ ਨੀਂਹ ਉਵੇਂ ਜਾ ਰੱਖੀ। ਸਿੱਖ ਪੰਥ ਵਿਚ ਭੀ ਰੋਸ ਤੇ ਜੋਸ਼ ਵਧਿਆ ਵੇਖ, ਸੁਣ ਗੋਰੇ ਵਲਾ ਗਏ ਕਿਉਂਕਿ ਸਰਦੂਲ ਸਿੰਘ ਕਵੀਸ਼ਰ ਭੀ ਅੰਮ੍ਰਿਤਸਰ ਜੱਥਾ ਲੈ ਏਧਰ ਔਣ ਦਾ ਐਲਾਨ ਕਰ ਦਿੱਤਾ ਸੀ। ਇਹਨਾਂ ਦੀ ਕੁਰਬਾਨੀ ਦੇਖ ਸੰਤ ਮੰਗਲ ਸਿੰਘ ਜੀ ਤੇ ਰਣਧੀਰ ਸਿੰਘ ਜੀ ਨੂੰ ਕੈਦ ਹੋਈ ਥੋੜ੍ਹਾ ਚਿਰ। ਫੇਰ ਹਦੂਦ ਬੰਦੀ ਤੇ ਬੋਲਣ ਤੇ ਰੋਕ ਲਾਈ ਸਰਕਾਰ।[11]

(ਅ) **ਨਾਮਧਾਰੀ ਲਹਿਰ ਦਾ ਪ੍ਰਚਾਰ:**

ਸਤਿਗੁਰੂ ਰਾਮ ਸਿੰਘ ਜੀ ਉਨੀਂਵੀਂ ਸਦੀ ਦੇ ਮਹਾਨ ਧਾਰਮਕ ਨੇਤਾ ਤੇ ਜੁਗ ਪਲਟਾਊ ਮਹਾਂਪੁਰਸ਼ ਹੋਏ ਹਨ। ਆਪਣੇ ਯਤਨਾਂ ਸਦਕਾ ਪੰਜਾਬ ਜਾਂ ਭਾਰਤ ਵਿਚ ਹੀ ਨਹੀਂ ਸਮੂਹ ਜਗਤ ਦੇ ਇਤਿਹਾਸ ਵਿਚ ਜੋ ਸ਼ਕਤੀਸ਼ਾਲੀ ਜੀਵਨ ਆਦਰਸ਼ ਇਸ ਮਹਾਨ ਵਿਅਕਤੀ ਨੇ ਸਥਾਪਤ ਕੀਤਾ ਅਤੇ ਸੁਤੰਤਰਤਾ ਸੰਗਰਾਮ ਨੇ ਜੋ ਅਗਵਾਈ ਇਸ ਜੁਗ ਪੁਰਸ਼ ਤੋਂ ਪ੍ਰਾਪਤ ਕੀਤੀ, ਉਹ ਵਰਤਮਾਨ ਕਾਲ ਦੇ ਸੰਸਾਰ ਦੇ ਇਤਿਹਾਸਕ ਵਿਰਸੇ ਵਿਚ ਬਹੁਤ ਹੀ ਗਤੀਸ਼ੀਲ ਤੇ ਸੰਚਾਲਕ ਸਿੱਧ ਹੋਈ ਹੈ। ਇਸ ਬਾਰੇ ਵੀ ਬਹੁਤ ਘੱਟ ਲੋਕਾਂ ਨੂੰ ਗਿਆਨ ਹੈ ਕਿ ਭਾਰਤ ਵਿਚ ਰਾਜਨੀਤਕ ਤੌਰ ਤੇ ਸ਼ਕਤੀ ਦਾ ਜੋ ਅਹਿੰਸਾਵਾਦੀ ਮਾਰਗ ਅਪਣਾਇਆ ਗਿਆ, ਉਸ ਸੰਬੰਧੀ ਸਤਿਆ ਗ੍ਰਹਿ ਤੇ ਨਾ ਮਿਲਵਰਤਣ ਲਹਿਰ ਦਾ ਬੀਜ ਬਿੰਦੂ ਉਸੇ ਮਹਾਂਪੁਰਸ਼ ਦੀ ਦੇਣ ਹੈ। ਜਿਸਨੇ ਉਨੀਵੀਂ ਸਦੀ ਦੇ ਦੂਜੇ ਅੱਧ ਦੀ ਸਾਮਰਾਜੀ ਗੁਲਾਮੀ ਦੀ ਕਾਲੀ ਬੋਲੀ ਰਾਤ ਵਿਚ ਪ੍ਰਕਾਸ਼ਮਾਨ ਜੀਵਨ ਲਕਸ਼ਾਂ ਦੀ ਨਵੀਂ ਜੋਤ ਜਗਾ ਕੇ ਲੋਕਾਂ ਨੂੰ ਪੁਨਰ ਜਾਗ੍ਰਤ ਕੀਤਾ।

ਗੁਰੂ ਰਾਮ ਸਿੰਘ ਜੀ ਦੀ ਤੇਜਸਵੀ ਸਖ਼ਸੀਅਤ ਦੇ ਦੋ ਪੱਖ ਸੰਸਾਰ ਨੂੰ ਹੁਣ ਤੱਕ ਦ੍ਰਿਸ਼ਟੀਗੋਚਰ ਹੋਏ ਹਨ - ਇਕ ਨਿਰੋਲ ਧਾਰਮਕ ਤੇ ਦੂਜਾ ਨਿਰੋਲ ਰਾਜਸੀ। ਭਾਵੇਂ ਸਤਿਗੁਰੂ ਰਾਮ ਸਿੰਘ ਜੀ ਨੇ ਸਮੂਹ ਸਿੱਖ ਜਗਤ ਦਾ ਨਵ-ਨਿਰਮਾਣ ਕੀਤਾ, ਪਰ ਉਨ੍ਹਾਂ ਦੇ ਸੰਪਰਦਾਇ ਤੇ ਉਨ੍ਹਾਂ ਪ੍ਰਤਿ ਅਪਣਾਏ ਗਏ ਧਾਰਮਕ ਪ੍ਰਤਿਦਵੰਧਤਾ ਕਾਰਨ ਉਨ੍ਹਾਂ ਦੀ ਸਖ਼ਸੀਅਤ ਦਾ ਧਾਰਮਕ ਸਰੂਪ ਵੀ ਪੂਰੀ ਤਰ੍ਹਾਂ ਸਾਹਮਣੇ ਨਹੀਂ ਆ ਸਕਿਆ। ਉਨ੍ਹਾਂ ਦੇ ਅਨੁਆਈ ਨਾਮਧਾਰੀ ਜਾਂ ਕੂਕੇ ਸ਼ਰਧਾ ਗੁੱਧੀ ਤੱਕ ਵੀ ਤੇ ਅਨੁਭੂਤੀ ਰਾਹੀਂ ਉਨ੍ਹਾਂ ਦੇ ਮਹਾਂ ਪ੍ਰਤਾਪ ਦਾ ਰਹੱਸਵਾਦੀ ਆਨੰਦ ਤਾਂ ਮਾਣ ਸਕੇ ਹਨ ਪਰ ਹਾਲੀ ਉਨ੍ਹਾਂ ਦੇ ਜਤਨ ਇਸ ਪਾਵਨ ਤੇ ਮਹਾਨ ਆਤਮਾ ਦੀ ਸਿੱਖ ਜਗਤ ਨੂੰ ਦੇਣ ਦਾ ਸੰਪੂਰਨ ਚਿਤ੍ਰ ਸਾਹਮਣੇ ਨਹੀਂ ਲਿਆ ਸਕੇ। ਦੂਜੇ ਬੰਨੇ ਦੇਹਧਾਰੀ ਗੁਰੂ ਦੀ ਥਾਂ 'ਸ਼ਬਦ ਗੁਰੂ' ਦਾ ਸੰਕਲਪ ਗੁਰਮਤਿ ਦੇ ਆਸ਼ੇ ਅਧੀਨ ਸਿੱਖ, ਨਾਮਧਾਰੀਆਂ ਦੇ ਅਜਿਹੇ ਸੰਕਲਪਾਂ ਨੂੰ ਕੋਈ ਮਹਾਨਤਾ ਨਹੀਂ ਦਿੰਦੇ ਸਨ। ਤੀਜੀ ਸ਼੍ਰੇਣੀ ਵਿਚ ਵੀ ਭਾਰਤ ਦੀ ਸੁਤੰਤਰਤਾ ਦੇ ਇਤਿਹਾਸ ਲਿਖਣ ਵਾਲੇ ਉਹ

ਲੇਖਕ ਹਨ ਜਿਨ੍ਹਾਂ ਦਾ ਦ੍ਰਿਸ਼ਟੀਕੋਣ ਹਾਲੀ ਅੰਤਰਮੁਖੀ ਤੇ ਸੀਮਤ ਹੈ। ਇਸ ਕਾਰਨ ਉਹ ਇਤਿਹਾਸਕ ਤੱਥਾਂ ਦੀ ਪੁਣ-ਛਾਣ ਤੋਂ ਬਿਨਾਂ ਹੀ ਅੰਗਰੇਜ਼ ਸਰਕਾਰ ਦੀਆਂ ਰਿਪੋਰਟਾਂ ਤੇ ਕੂਕਾ ਲਹਿਰ ਦੇ ਤੱਤਕਾਲੀਨ ਪ੍ਰਸੰਗਾਂ ਤੇ ਪ੍ਰਾਪਤੀ ਦੇ ਆਧਾਰ ਤੇ ਹੀ ਇਸ ਮਹਾਨ ਕਾਰਜ ਦਾ ਮੁਲਾਂਕਣ ਕਰਨਾ ਚਾਹੁੰਦੇ ਹਨ। "ਅਜਿਹੀਆਂ ਕ੍ਰਾਂਤੀਕਾਰੀ ਲਹਿਰਾਂ ਵਿਚ ਤਤਕਾਲੀਨ ਪ੍ਰਾਪਤੀ ਕੋਈ ਬਹੁਤਾ ਅਰਥ ਨਹੀਂ ਰੱਖਦੀ ਸਗੋਂ ਉਨ੍ਹਾਂ ਦਾ ਗਤੀਸ਼ੀਲ ਆਪਾ ਤੇ ਕਿਰਦਾਰ ਅਤੇ ਉਨ੍ਹਾਂ ਦਾ ਵਿਆਪਕ ਪ੍ਰਭਾਵ ਤੇ ਪ੍ਰੇਰਨਾ ਦੇ ਰੂਪ ਵਿਚ ਅਟੁੱਟ ਸ੍ਰੋਤ ਬਣ ਜਾਣਾ ਵਧੇਰੇ ਮਹੱਤਵਪੂਰਨ ਹੈ। ਇਨ੍ਹਾਂ ਪੱਖਾਂ ਤੋਂ ਵੇਖਿਆਂ ਨਾਮਧਾਰੀ ਲਹਿਰ ਦੇ ਬਾਨੀ ਦੀ ਦੇਣ ਬਹੁਤ ਹੀ ਵੱਡਮੁੱਲੀ ਤੇ ਇਤਿਹਾਸਕ ਮਹੱਤਤਾ ਰੱਖਣ ਵਾਲੀ ਹੈ।"[12]

ਆਮ ਤੌਰ ਤੇ ਇਨਕਲਾਬਾਂ ਦੇ ਬਾਨੀਆਂ, ਸੁਤੰਤਰਤਾ ਸੰਗਰਾਮੀਆਂ ਤੇ ਸਮਾਜ ਦੇ ਪੱਥ ਪ੍ਰਦਰਸ਼ਕਾਂ ਨੂੰ ਜੁੱਗ ਪੁਰਸ਼ ਕਹਿ ਕੇ ਸਨਮਾਨਿਆ ਜਾਂਦਾ ਹੈ, ਪਰ ਸਤਿਗੁਰੂ ਰਾਮ ਸਿੰਘ ਵਰਗੇ ਵਿਅਕਤੀ ਲਈ ਇਹ ਸ਼ਬਦ ਸੀਮਤ ਅਰਥਾਂ ਵਾਲਾ ਹੋ ਕੇ ਰਹਿ ਜਾਂਦਾ ਹੈ। ਉਹ ਸਮੁੱਚੇ ਅਰਥਾਂ ਵਿਚ ਪਰਮ ਪੁਰਖ ਦਾ ਉਹ ਅਕਾਲੀ ਸਰੂਪ ਹਨ ਜਿਨ੍ਹਾਂ ਨੂੰ ਕਾਲ ਜਾਂ ਦੇਸ਼ ਦੀ ਪਕੜ ਵਿਚ ਬੰਨ੍ਹਿਆ ਨਹੀਂ ਜਾ ਸਕਦਾ, ਕਿਉਂਕਿ ਪਰਿਵਰਤਨ ਤੇ ਆਤਮਕ ਜਾਗਿਰਤੀ ਦਾ ਭੰਡਾਰ ਅਜਿਹੇ ਮਹਾਂਪੁਰਸ਼ ਸੰਸਾਰ ਨੂੰ ਵਰਤਾਉਂਦੇ ਹਨ। ਉਹ ਭੰਡਾਰ ਏਨਾਂ ਅਖੁੱਟ ਤੇ ਅਮਿੱਟ ਹੁੰਦਾ ਹੈ ਕਿ ਕਈ ਵਾਰ ਜੁੱਗ ਦੀ ਸੀਮਾ ਵੀ ਉਸ ਲਈ ਸੌੜੀ ਪ੍ਰਤੀਤ ਹੁੰਦੀ ਹੈ। ਫਿਰ ਅਜਿਹੇ ਵਿਅਕਤੀਆਂ ਦੀ ਸ਼ਖ਼ਸ਼ੀਅਤ ਐਨੀ ਫੈਲਰਵੀਂ ਵਿਰਾਟ ਤੇ ਬਹੁਪੱਖੀ ਹੁੰਦੀ ਹੈ ਕਿ ਉਨ੍ਹਾਂ ਨੂੰ ਧਰਮ, ਸਮਾਜ, ਇਨਕਲਾਬ ਤੇ ਸੰਸਕ੍ਰਿਤੀ ਆਦਿ ਸੰਕਲਪਾਂ ਦੇ ਕਈ ਪੱਖਾਂ ਨਾਲ ਇਕੋ ਸਮੇਂ ਜੋੜਿਆ ਜਾ ਸਕਦਾ ਹੈ। ਉਹ ਧਾਰਮਕ ਆਗੂ ਵੀ ਦਿਸਦੇ ਹਨ ਤੇ ਸਮਾਜ ਸੁਧਾਰਕ ਵੀ, ਰਾਜਸੀ ਸੰਗਰਾਮਾਂ ਦੇ ਮੋਹਰੀ ਦੇ ਨਾਲ-ਨਾਲ ਆਰਥਕ ਤੇ ਸਦਾਚਾਰਕ ਨੀਤੀ ਦੇ ਮਾਰਗ ਦਰਸ਼ਕ ਵੀ। ਇਉਂ ਇੱਕੋ ਮਹਾਨ ਸ਼ਖ਼ਸ਼ੀਅਤ ਦੇ ਜੀਵਨ ਦੀਆਂ ਰੌਸ਼ਨਮਈ ਕਿਰਨਾਂ ਸਮਾਜ ਨੂੰ ਪ੍ਰਕਾਸ਼ਮਾਨ ਕਰ ਦਿੰਦੀਆਂ ਹਨ ਤੇ ਉਨ੍ਹਾਂ ਨੂੰ ਇਕ ਵਿਅਕਤੀ ਮੰਨਣ ਦੀ ਥਾਂ ਕਿਸੇ ਮਹਾਂ ਸੱਤਾ ਦਾ ਪ੍ਰਤੀਕ ਹੀ ਕਿਹਾ ਜਾ ਸਕਦਾ ਹੈ।

ਸ਼ਾਇਦ ਇਨ੍ਹਾਂ ਅਰਥਾਂ ਵਿਚ ਹੀ ਅਸੀਂ ਸੰਸਾਰ ਦੇ ਪ੍ਰਸਿੱਧ ਧਾਰਮਕ ਆਗੂਆਂ ਹਜਰਤ ਈਸਾ, ਹਜਰਤ ਮੁਹੰਮਦ ਤੇ ਗੁਰੂ ਨਾਨਕ ਆਦਿ ਨੂੰ ਅਕਾਲ ਪੁਰਖ ਦੀ ਮਹਾਨ ਜੋਤ ਦਾ ਜਗਤ ਪਸਾਰਾ ਦੱਸਦੇ ਹਾਂ।

ਤਾਰਾ ਸਿੰਘ ਅਨਜਾਣ ਜੀ ਇਸ ਸਥਿਤੀ ਬਾਰੇ ਇਸ ਤਰ੍ਹਾਂ ਲਿਖਦੇ ਹਨ:

"ਜਦ ਵੀ ਕਿਸੇ ਨੇ ਕਿਸੇ ਦੂਸਰੇ ਦੇਸ਼ ਤੇ ਰਾਜ ਕੀਤਾ ਤਾਂ ਉਥੋਂ ਦੀ ਜਨਤਾ ਦੇ ਧਾਰਮਕ ਅਕੀਦਿਆਂ ਨੂੰ ਬਦਲਣ ਲਈ ਪੂਰਾ ਟਿੱਲ ਲਾਇਆ ਹੈ। ਭਾਰਤ ਦਾ ਪਿਛੋਕੜ ਵੀ ਏਸੇ ਤਰ੍ਹਾਂ ਦਾ ਸੀ। ਅਸ਼ੋਕ ਨੇ ਬੁੱਧ ਧਰਮ ਦਾ ਤੇ ਮੁਸਲਮਾਨਾਂ ਨੇ ਇਸਲਾਮ ਦਾ ਪ੍ਰਚਾਰ ਕੀਤਾ। ਮੁਗਲ ਸ਼ਾਸਕਾਂ ਦੀ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਲਈ ਕੀਤੀ ਜਬਰਦਸਤੀ ਵੀ ਇਤਿਹਾਸ ਦੇ ਵਰਕਿਆਂ ਤੋਂ ਮਿਟਾਈ ਨਹੀਂ ਜਾ ਸਕਦੀ। ਅੰਗਰੇਜ਼ ਚਤੁਰ ਚਲਾਕ ਹਾਕਮ ਸੀ ਜੋ ਸੱਤ ਸਮੁੰਦਰ ਪਾਰ ਕਰਕੇ ਭਾਰਤ ਉਤੇ ਰਾਜ ਕਰ ਰਿਹਾ ਸੀ। ਉਸਨੇ ਵੀ ਏਥੇ ਰਾਜ ਪ੍ਰਬੰਧ ਨਾਲ ਧਰਮ ਪ੍ਰਚਾਰ ਸ਼ੁਰੂ ਕੀਤਾ। ਪਾਦਰੀਆਂ ਨੂੰ ਲੋਭ ਦੇ ਕੇ, ਸਬਜ ਬਾਗ ਵਿਖਾ ਕੇ ਵੀ, ਕੈਦੀਆਂ ਤੱਕ ਨੂੰ ਈਸਾਈ ਬਣਾਉਣ ਦੀ ਖੁੱਲ੍ਹੀ ਛੁੱਟੀ ਸੀ। ਉਹ ਆਪਣੇ ਮਿਸ਼ਨ ਵਿਚ ਕਾਮਯਾਬ ਵੀ ਸਨ। ਹਿੰਦੂ, ਸਿੱਖ ਤੇ ਮੁਸਲਮਾਨ, ਇਸਾਈਅਤ ਨੂੰ ਅਪਨਾ ਰਹੇ ਸਨ। ਬਰਤਾਨਵੀ ਰਾਜ ਦੇ ਵਫਾਦਾਰ ਤੇ ਹਮਦਰਦ ਲੋਕਾਂ ਦਾ ਇਕ ਸਮੂਹ ਹੋਂਦ ਵਿਚ ਆ ਰਿਹਾ ਸੀ।"[13]

ਸੋ ਸਮੇਂ ਦੀ ਲੋੜ ਮੁਤਾਬਕ ਹਿੰਦੁਸਤਾਨੀਆਂ ਨੂੰ ਇਹ ਮਹਿਸੂਸ ਹੋਣ ਲੱਗ ਪਿਆ ਸੀ ਕਿ ਜੇ ਈਸਾਈ ਧਰਮ ਪ੍ਰਚਾਰ ਦੇ ਪ੍ਰਤੀ ਕੋਈ ਉਪਰਾਲਾ ਨਾ ਕੀਤਾ ਗਿਆ ਤਾਂ ਸਾਰਾ ਹਿੰਦੁਸਤਾਨ ਈਸਾਈ ਬਣ ਜਾਵੇਗਾ ਪਰੰਤੂ ਇਹ ਤਾਂ ਹੀ ਸੰਭਵ ਹੋ ਸਕਦਾ ਸੀ ਜੇ ਲੋਕ ਆਪੋ-ਆਪਣੇ ਧਰਮ ਪ੍ਰਤੀ ਦ੍ਰਿੜ ਹੋ ਜਾਣ ਉਹ ਆਪਣੀ ਮਾਨ ਮਰਿਆਦਾ, ਸਭਿਆਚਾਰ, ਵਿਰਸੇ ਤੇ ਪਰੰਪਰਾ ਵੱਲ ਧਿਆਨ ਦੇਣ, ਤੇ ਉਸ ਨੂੰ ਅਪਨਾਉਣ। ਆਪਣੀ ਰਹਿਣੀ-ਬਹਿਣੀ ਅਤੇ ਧਰਮ ਕਰਮ ਪ੍ਰਤੀ ਆਸਥਾ ਰੱਖਣ ਕਰਕੇ ਹੀ ਉਹ ਆਪਣੇ ਦੇਸ਼ ਤੇ ਕੌਮ ਪ੍ਰਤੀ ਵੀ ਨਿਸ਼ਠਾਵਾਨ ਹੋਣਗੇ ਤਾਂ ਹੀ ਉਹ ਵਿਦੇਸ਼ੀ ਰਾਜ ਵਿਰੁੱਧ ਆਜ਼ਾਦੀ ਦੀ ਲੜਾਈ ਲਈ ਕਮਰਕੱਸੇ ਕੱਸਣਗੇ।

ਅਸਲ ਵਿਚ ਬਾਬਾ ਰਾਮ ਸਿੰਘ ਦੀ ਨੀਤੀ ਦਾ ਧੁਰਾ ਇਹ ਸੀ ਕਿ ਪੰਜਾਬ ਵਿਚ ਲੋਕਾਂ ਦੇ ਆਚਰਨ ਵਿਚ ਭਿੰਨ-ਭਿੰਨ ਪੱਖਾਂ ਤੋਂ ਆਏ ਪਤਨ ਨੂੰ ਸੁਧਾਰਨ ਉਪਰੰਤ ਪੰਜਾਬੀਆਂ ਦੀ ਲੋਕ ਸ਼ਕਤੀ ਨੂੰ ਸੁਤੰਤਰਤਾ ਪ੍ਰਾਪਤੀ ਵੱਲ ਲਾਇਆ ਜਾ ਸਕੇ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਉਸ ਵੇਲੇ ਦੇ ਸਮਾਜ ਵਿਚ ਉਹ ਕਿਹੜੀਆਂ ਕੁਰੀਤੀਆਂ ਸ਼ਾਮਿਲ ਹੋ ਗਈਆਂ ਸਨ ਕਿ ਜਿਨ੍ਹਾਂ ਨੂੰ ਦੂਰ ਕਰਨ ਲਈ ਬਾਬਾ ਰਾਮ ਸਿੰਘ ਆਜ਼ਾਦੀ ਹਿੱਤ ਸੰਘਰਸ਼ ਲਈ ਆਪਣੀ ਮੁਹਿੰਮ ਵਿੱਢਣਾ ਚਾਹੁੰਦੇ ਸਨ।

ਸੰਨ 1860 ਤੱਕ ਗੁਰੂ ਰਾਮ ਸਿੰਘ ਜੀ ਦਾ ਕੀਤਾ ਪ੍ਰਚਾਰ ਬਹੁਤ ਹੀ ਅਸਰਦਾਰ ਸੀ ਜਿੱਥੇ ਵੀ ਪ੍ਰਚਾਰਕ ਜਾਂਦੇ, ਲੋਕਾਂ ਦੇ ਸਾਹਮਣੇ ਗੁਰਮਤਿ ਗੁਰਬਾਣੀ, ਭਾਰਤੀ ਪਰੰਪਰਾ, ਰਹਿਤ ਮਰਿਆਦਾ ਤੇ ਦੇਸ਼ ਭਗਤੀ ਦਾ ਪ੍ਰਚਾਰ ਕਰਦੇ। ਪ੍ਰਚਾਰਕਾਂ, ਜੱਥੇਦਾਰਾਂ ਤੇ ਰਾਗੀਆਂ ਦੇ ਆਪਣੇ ਉਚੇ-ਸੁੱਚੇ ਜੀਵਨ ਦਾ ਲੋਕਾਂ ਤੇ ਭਰਪੂਰ ਅਸਰ ਹੁੰਦਾ ਸੀ। ਲੋਕ ਫੋਕੇ ਵਹਿਮਾਂ-ਭਰਮਾਂ ਨੂੰ ਛੱਡ ਕੇ ਨਾਮਧਾਰੀ ਬਣੀ ਜਾਂਦੇ। ਇਹ ਕਾਫਲਾ ਗੁਣਾਤਮਕ ਪੱਖ ਤੋਂ ਗਿਣਾਤਮਕ ਪੱਖ ਤੋਂ ਵੱਧਦਾ ਗਿਆ।"[14]

ਲੋਕ ਮੜ੍ਹੀਆਂ ਮਸਾਣਾਂ ਤੋਂ ਬੜੇ ਡਰਦੇ ਸਨ। ਉਹਨਾਂ ਨੂੰ ਭਰਮ ਸੀ ਕਿ ਜੇ ਇਨ੍ਹਾਂ ਨੂੰ ਢਾਹ ਦਿਆਂਗੇ ਜਾਂ ਪੂਜਾ ਨਾ ਕਰਾਂਗੇ ਤਾਂ ਸਾਨੂੰ ਕੁਝ ਚੰਬੜ ਜਾਏਗਾ, ਜੋ ਸਾਡਾ ਜੀਣਾ ਮੁਹਾਲ ਕਰ ਦੇਵੇਗਾ। ਸਤਿਗੁਰਾਂ ਲੋਕਾਂ ਦਾ ਭਰਮ ਤੋੜਿਆ। ਇਸ ਭਰਮ ਨੂੰ ਜੜ੍ਹਾਂ ਤੋਂ ਖਤਮ ਕਰਨ ਲਈ ਆਪ ਜਿੱਥੇ ਵੀ ਜਾਂਦੇ ਮੜ੍ਹੀਆਂ-ਮਸਾਣਾਂ, ਮਾਈ ਦਾ ਥਾਂ, ਗੁੱਗਾ ਪੀਰ ਦੀ ਕਬਰ ਆਦਿ ਢਾਹ ਦਿੰਦੇ ਸਨ। ਦੇਖਦੇ-ਦੇਖਦੇ ਸਿੱਖ ਵੀ ਦਲੇਰ ਹੋ ਗਏ - ਪ੍ਰਚਾਰਕਾਂ ਨੇ ਵੀ ਇਸ ਤਰ੍ਹਾਂ ਦਾ ਪ੍ਰਚਾਰ ਕਰਨਾ ਆਰੰਭ ਕਰ ਦਿੱਤਾ-

ਪਹਿਲਾਂ ਮਾਰੋ ਪੀਰ ਬੰਨੇ ਫਿਰ ਲਉ ਸੁਲਤਾਨਾ।
ਮੜ੍ਹੀ ਮਸਾਣੀ ਢਾਹ ਕੇ ਕਰ ਦਿਓ ਮਦਾਨਾ।
ਸੁੰਨਤ ਕੋਈ ਨਾ ਕਰ ਸਕੇ ਕੰਬਣ ਤੁਰਕਾਨਾ।
ਉਨਤ ਸਭੀ ਮੁਹੰਮਦੀ ਖਪਜਾਏ ਜਹਾਨਾ।

ਭੈਣੀ ਸਤਿਗੁਰ ਜਾਗਿਆ ਹੋਰ ਝੂਠ ਜਹਾਨਾ।

ਨਾਮਧਾਰੀ ਲਹਿਰ ਦੇ ਸਿਧਾਂਤ ਈਸ਼ਵਰ ਦੇ ਨਾਂ ਦਾ ਜਾਪ ਕਰਨ ਅਤੇ ਕਿਰਤ ਕਮਾਈ ਕਰਕੇ ਸੱਚਾ ਅਤੇ ਸੁੱਚਾ ਜੀਵਨ ਬਤੀਤ ਕਰਨ ਤੇ ਆਧਾਰਿਤ ਹਨ। ਬਾਬਾ ਰਾਮ ਸਿੰਘ ਜੀ ਦਾ ਵਿਚਾਰ ਸੀ ਕਿ ਮਨੁੱਖ ਵਾਹਿਗੁਰੂ ਦੀ ਭਗਤੀ ਕਰਕੇ ਹੀ ਦੁੱਖਾਂ ਤੋਂ ਛੁਟਕਾਰਾ ਪਾ ਸਕਦਾ ਹੈ। ਇਸ ਲਈ ਉਨ੍ਹਾਂ ਨੇ ਲੋਕਾਂ ਨੂੰ ਪਰਮਾਤਮਾ ਤੇ ਵਿਸ਼ਵਾਸ ਰੱਖ ਕੇ ਚੰਗੇ ਕਰਮ ਕਰਨ ਲਈ ਉਪਦੇਸ਼ ਦਿੱਤਾ। ਨਾਮਧਾਰੀ ਜਾਤ-ਪਾਤ ਦੇ ਭੇਦ ਭਾਵ, ਕਰਮ-ਕਾਂਡ, ਭੂਤ-ਪ੍ਰੇਤਾਂ, ਮੜ੍ਹੀਆਂ-ਮਸਾਣਾਂ ਆਦਿ ਤੇ ਵਿਸ਼ਵਾਸ ਨਹੀਂ ਰੱਖਦੇ। ਇਨ੍ਹਾਂ ਨੇ ਨਾਮਧਾਰੀਆਂ ਨੂੰ ਸਾਦਾ ਜੀਵਨ ਬਤੀਤ ਕਰਨ ਅਤੇ ਅਨੁਸ਼ਾਸਨ ਵਿਚ ਰਹਿਣ ਲਈ ਸ਼ਰਤਾਂ ਰੱਖੀਆਂ ਸਨ ਅਤੇ ਇਹ ਸ਼ਰਤਾਂ ਹੀ ਇਸ ਲਹਿਰ ਦੇ ਮੁੱਢਲੇ ਸਿਧਾਂਤ ਬਣ ਗਏ।

ਸੰਤ ਨਿਧਾਨ ਸਿੰਘ ਆਲਿਮ ਦੁਆਰਾ ਰਚਿਤ ਪੁਸਤਕ 'ਨਾਮਧਾਰੀ ਸਿਧਾਂਤ ਪ੍ਰਦਰਸ਼ਨ' ਇਕ ਅਜਿਹੀ ਰਚਨਾ ਹੈ ਜਿਸ ਵਿਚ ਨਾਮਧਾਰੀ ਸਿਧਾਂਤਾਂ ਦਾ ਪ੍ਰਚਾਰ ਕੀਤਾ ਗਿਆ ਹੈ। ਇਸ ਪੁਸਤਕ ਨੂੰ ਹੁਣ ਆਲਿਮ ਦੇ ਸਪੁੱਤਰ ਟਿੱਕਾ ਤਰਲੋਚਨ ਸਿੰਘ ਜੀ ਨੇ ਪ੍ਰਕਾਸ਼ਤ ਕਰਵਾਇਆ ਹੈ। ਇਸ ਪੁਸਤਕ ਵਿਚ ਉਨ੍ਹਾਂ ਨੇ 41 ਵਿਸ਼ਿਆਂ ਨੂੰ ਆਧਾਰ ਬਣਾ ਕੇ ਉਨ੍ਹਾਂ ਉਪਰ ਸੰਖੇਪਮਈ ਝਾਤ ਪਵਾਈ ਹੈ। ਇਨ੍ਹਾਂ ਵਿਸ਼ਿਆਂ ਵਿਚੋਂ ਸਿੱਧੇ ਅਤੇ ਅਸਿੱਧੇ ਤੌਰ ਤੇ ਨਾਮਧਾਰੀ ਲਹਿਰ ਦੇ ਪ੍ਰਚਾਰ ਦੀ ਝਲਕ ਵੀ ਰੂਪਮਾਨ ਹੁੰਦੀ ਹੈ ਜਿਵੇਂ ਕਿ 'ਗੁਰਮੰਤ੍ਰ ਦੇਣ ਦਾ ਤਰੀਕਾ' ਸਿਰਲੇਖ ਅਧੀਨ ਉਹ ਲਿਖਦੇ ਹਨ:

"ਮੰਤ੍ਰ ਸ਼ਬਦ ਅਤਿ ਵਿਆਪਤੀ ਦੋਸ਼ ਕਰਕੇ ਯੁਕਤ ਹੈ। ਦੇਵੀ, ਦੇਵਤਿਆਂ, ਠੂਹਿਆਂ, ਸੱਪਾਂ ਅਤੇ ਕੰਨ ਖਜੂਰਿਆਂ ਆਦਿ ਦੇ ਉਤੇ ਵੀ ਇਹ ਲਾਗੂ ਹੁੰਦਾ ਹੈ, ਪਰ ਗੁਰਮੰਤ੍ਰ ਅਕਾਲ ਪੁਰਖ ਦਾ ਮੰਤ੍ਰ ਹੋਣ ਕਰਕੇ, ਸਰਵੋਪਰੀ ਹੈਸੀਅਤ ਦਾ ਮਾਲਿਕ ਹੈ। ਦਸਵੇਂ ਪਾਤਸ਼ਾਹ ਨੇ ਕਿਹਾ ਹੈ - ਨਮੋਮੰਤ੍ਰ ਮੰਤ੍ਰੇ' (ਅਕਾਲ ਉਸਤਤਿ) ਨਾਮਯਾ ਗੁਰਮੰਤ੍ਰ ਦੇਣ ਦੀ ਮਰਯਾਦਾ ਜੋ ਪਰੰਪਰਾ ਤੋਂ ਇਹ ਚਲੀ ਆਈ ਹੈ, ਕਿ ਗੁਰ ਮੰਤ੍ਰ ਅਭਿਲਾਖੀ ਪੁਰਸ਼ ਸੰਤਾਂ ਸਤਿਗੁਰਾਂ ਦੇ ਚਰਨਾਂ ਵਿਚ ਪੁੱਜ ਕੇ ਉਨ੍ਹਾਂ ਤੋਂ ਨਾਮ ਦੀ

ਜਾਚਨਾ ਕਰਦਾ ਹੈ ਤਾਂ ਮਹਾਂਪੁਰਖ ਉਸ ਦੇ ਸਿਰਾਂ ਤੇ ਹੱਥ ਧਰ ਕੇ ਕੰਨਾਂ ਵਿਚ ਨਾਮ ਦਸ ਦਿੰਦੇ ਹਨ।”[15]

ਸਿੱਖਾਂ ਵਿਚ ਮਾਸ ਖਾਣ ਜਾਂ ਨਾ ਖਾਣ ਬਾਰੇ ਕਾਫੀ ਲੰਮੇ ਅਰਸੇ ਤੋਂ ਵਿਚਾਰ ਵਟਾਂਦਰਾ ਹੁੰਦਾ ਆ ਰਿਹਾ ਹੈ। ਕੁਝ ਸੰਸਥਾਵਾਂ ਮਾਸ-ਮੀਟ ਖਾਣ ਤੋਂ ਵਰਜਦੀਆਂ ਹਨ ਜਦ ਕਿ ਕੁਝ ਇਸ ਦਾ ਵਿਰੋਧ ਨਹੀਂ ਕਰਦੀਆਂ। ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਿੱਖਾਂ ਨੂੰ ਮਾਸ-ਮੀਟ ਆਦਿ ਖਾਣ ਤੋਂ ਵਰਜਿਤ ਕੀਤਾ ਗਿਆ ਹੈ। ਉਨ੍ਹਾਂ ਅਨੁਸਾਰ ਮਨੁੱਖ ਨੂੰ ਕਿਸੇ ਵੀ ਜੀਵ ਦੀ ਹੱਤਿਆ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਸੰਤ ਨਿਧਾਨ ਸਿੰਘ ਆਲਿਮ ਜੀ ਦੁਆਰਾ ਵੀ ਇਸ ਸੰਬੰਧੀ ਕਾਫੀ ਕੁਝ ਲਿਖਿਆ ਮਿਲਦਾ ਹੈ। ‘ਮਾਸ ਨਿਸ਼ੇਧ’ ਵਿਸ਼ੇ ਅਧੀਨ ਉਹ ਲਿਖਦੇ ਹਨ:

“ਨਾਮਧਾਰੀ ਸਿੱਖਾਂ ਦਾ ਤੀਜਾ ਸਿਧਾਂਤ ‘ਅਹਿੰਸਾ’ ਦੇ ਅਸੂਲ ’ਤੇ ਨਿਰਭਰ ਹੈ। ਨਾਮਧਾਰੀ ਪੰਥ ਦੇ ਝੰਡੇ ਹੇਠ ਆਉਣ ਵਾਲੇ ਵਿਅਕਤੀ ਨੂੰ ਇਸ ਗੱਲ ਦਾ ਪ੍ਰਣ ਕਰਨਾ ਪੈਂਦਾ ਹੈ ਕਿ ਉਹ ਕਿਸੇ ਤਰ੍ਹਾਂ ਦਾ ਮਾਸ ਕਦੇ ਵੀ ਨਹੀਂ ਖਾਏਗਾ। ਉਸਦਾ ਆਹਾਰ ਸ਼ੁੱਧ, ਸਤੋਗਣੀ ਅਤੇ ਵੈਸ਼ਨਵ ਹੋਵੇਗਾ। ਨਾਮਧਾਰੀ ਪੰਥ ਨੂੰ ਅੱਜ ਇਸ ਗੱਲ ਦਾ ਯੋਗ ਮਾਨ ਹੈ ਕਿ ਉਸਦੇ ਇਸ ਸਿਧਾਂਤ ਨੂੰ ਆਲਮਗੀਰ ਸ਼ੋਹਰਤ (Universal Reputation) ਹਾਸਿਲ ਹੋ ਗਈ ਹੈ। ਉਸਦਾ ਇਹ ਸਿਧਾਂਤ ਅੱਜ ‘ਜੀਵੋ ਤੇ ਜੀਉਣ ਦੇਵੋ’ (Live and Let Live) ਦੇ ਰੂਪ ਵਿਚ ਸ੍ਰੀ ਯੁਤ ਪੰਡਿਤ ਨਹਿਰੂ ਪ੍ਰਧਾਨ ਮੰਤਰੀ ਭਾਰਤ ਯੂਨੀਅਨ ਦੇ ਪੰਚਸ਼ਿਲਾ ਦੀ ਪਹਿਲੀ ਕੜੀ ਸਾਬਿਤ ਹੋ ਰਿਹਾ ਹੈ ਨਿਰਸੰਦੇਹ ਮਾਨਵੀ ਧਰਮ ਦਾ ਇਹ ਸ਼੍ਰੋਮਣੀ ਸਿਧਾਂਤ ਸੰਸਾਰ ਭਰ ਵਿਚ ਅਮਨ ਤੇ ਸ਼ਾਂਤੀ ਦਾ ਜਾਮਨ ਸਿੱਧ ਹੋ ਸਕਦਾ ਹੈ। ਅੱਜ ਇਸਦੇ ਮੁੱਖ ਪ੍ਰਚਾਰਕ ਪੰਡਿਤ ਨਹਿਰੂ ਜੀ ਦੇ ਪ੍ਰਿਸ਼ਰਮ ਨਾਲ ਇਕ ਦੋ ਛੋਟੇ-ਛੋਟੇ ਦੇਸ਼ਾ ਤੋਂ ਬਿਨਾਂ ਸਾਰਾ ਏਸ਼ੀਆ ਅਤੇ ਬਾਕੀ ਦੁਨੀਆਂ ਦਾ ਬਹੁਤ ਤਕੜਾ ਹਿੱਸਾ ਭਾਰਤ ਦੇ ਇਸ ਸੁਨਹਿਰੀ ਅਸੂਲ ਅੱਗੇ ਆਦਰ ਨਾਲ ਸਿਰ ਝੁਕਾ ਰਹੇ ਹਨ।”[16]

ਜਿਸ ਤਰ੍ਹਾਂ ‘ਸੂਫੀ’ ਪ੍ਰਮਾਤਮਾ ਦੀ ਭਗਤੀ ਸਮੇਂ ਅਜਿਹਾ ਮੰਤਰ ਮੁਗਧ ਹੋ ਜਾਂਦੇ ਹਨ ਕਿ ਉਹਨਾਂ ਨੂੰ ਸੰਸਾਰ ਦੀ ਸੁੱਧ-ਬੁੱਧ ਭੁੱਲ ਜਾਂਦੀ ਹੈ ਤੇ ਉਹ ਪ੍ਰਮਾਤਮਾ ਦੇ ਵਿਯੋਗ ਵਿਚ ਐਨੇ ਮਸਤ

ਹੋ ਜਾਂਦੇ ਹਨ ਕਿ ਉੱਚੀ-ਉੱਚੀ ਕੂਕਾਂ ਮਾਰਨ ਲੱਗ ਪੈਂਦੇ ਹਨ। ਨਾਮਧਾਰੀ ਵੀ ਉਸੇ ਤਰ੍ਹਾਂ ਆਪਣੇ ਆਪ ਨੂੰ ਇਕ 'ਸੂਤਰ' ਵਿਸ਼ੇਸ਼ ਵਿਚ ਬੰਨ੍ਹ ਕੇ ਰੱਖਣ ਦਾ ਖਿਆਲ ਕਰਦੇ ਹਨ ਤਾਂ ਕਿ ਉਹ ਆਪਣੇ ਰਾਹ ਤੋਂ ਭਟਕ ਕੇ ਕਿਤੇ ਹੋਰ ਪਾਸੇ ਧਿਆਨ ਨਾ ਲਾ ਬੈਠਣ। ਸੂਤਰ ਕੇਵਲ ਨਾਮਧਾਰੀਆਂ ਨੂੰ ਹੀ ਨਹੀਂ ਹੁੰਦਾ ਬਲਕਿ ਇਸਦਾ ਘੱਟ ਜਾਂ ਵੱਧ ਅਸਰ ਹਰ ਉਸ ਸੰਪ੍ਰਦਾਇ ਵਿਚ ਮੌਜੂਦ ਹੈ, ਜੋ ਭਗਤੀ ਪ੍ਰਧਾਨ ਅਤੇ ਪ੍ਰੇਮ ਸੱਤਾ ਦੀ ਕਾਇਲ ਹੈ। ਪ੍ਰੇਮ ਰਸ ਤਾਂ ਅਲੌਕਿਕ ਹੈ। ਅਸੀਂ ਦੇਖਦੇ ਹਾਂ ਕਿ ਜਿਹੜੇ ਲੋਕ ਝੂਠੇ ਵਿਸ਼ਿਆਂ ਦੇ ਰਸਾਂ ਵਿਚ ਲਿਪਤ ਹਨ, ਉਨ੍ਹਾਂ ਨੂੰ ਵੀ ਸੂਤਰ ਹੁੰਦਾ ਹੈ ਅਤੇ ਉਹ ਵੀ ਇਨ੍ਹਾਂ ਵਿਸ਼ਿਆਂ ਦੇ ਅਸਰ ਹੇਠ ਆ ਕੇ ਹੱਸਣ, ਖੇਡਣ, ਨੱਚਣ, ਕੁੱਦਣ, ਰੋਣ, ਪਿੱਟਣ ਆਦਿ ਚੇਸ਼ਟਾਵਾਂ ਕਰਿਆ ਕਰਦੇ ਹਨ। ਇਸ ਲਈ ਜਦ ਹੋਛੇ ਅਤੇ ਫੋਕੇ ਰਸਾਂ ਦਾ ਅਸਰ ਮਨੁੱਖਾਂ ਅਤੇ ਪਸ਼ੂ-ਪੰਛੀਆਂ ਤਕ ਨੂੰ ਮਸਤਾਨਿਆ ਕਰ ਦਿੰਦਾ ਹੈ, ਤਾਂ ਸੱਚੇ ਅਤੇ ਕਲਿਆਣਕਾਰੀ ਰਸ ਦੇ ਪ੍ਰਭਾਵ ਤੋਂ ਜਗਿਆਸੂ ਕਿਵੇਂ ਬਚ ਸਕਦੇ ਹਨ। ਜਿਨ੍ਹਾਂ ਮਹਾਤਮਾ ਨੂੰ ਇਹ ਸਾਰ ਰਸ ਪ੍ਰਾਪਤ ਹੋਏ ਉਹ ਕਿਸ ਤਰ੍ਹਾਂ ਖੀਵੇ ਨਾ ਹੋਣ। ਇਸ ਸੰਬੰਧ ਵਿਚ ਆਲਿਮ ਜੀ ਦੇ ਕਥਨ ਉਲੇਖਨੀਯ ਹਨ:

"ਨਾਮਧਾਰੀ ਦੀਵਾਨਾ ਵਿਚ ਮਸਤਾਨੇ ਸਿੱਖਾਂ ਦੇ ਮਸਤ ਹੋ ਜਾਣ ਨੂੰ ਨਾਮਧਾਰੀ ਸੰਕੇਤ ਅਨੁਸਾਰ ਸੂਤਰ ਆਖਦੇ ਹਨ। ਅਸਲ ਵਿਚ ਨਾਮਧਾਰੀਆਂ ਦਾ ਸੂਤਰ ਤੇ ਸੂਫ਼ੀਆਂ ਦਾ ਵਜਦ ਇਕੋ ਹੀ ਚੀਜ਼ ਹਨ। ਆਮ ਬੋਲ-ਚਾਲ ਵਿਚ ਇਸ ਨੂੰ 'ਮਸਤੀ' ਆਖਦੇ ਹਨ। ਮਸਤ ਆਦਮੀ ਵਲ-ਛਲ, ਕਪਟ ਅਤੇ ਫਰੇਬ ਤੋਂ ਖ਼ਾਲੀ ਹੋਣ ਦੇ ਕਾਰਨ ਸਿਧਾਂਤਕ ਹੁੰਦਾ ਹੈ ਅਤੇ ਸਿਧਾਈ ਵਾਸਤੇ 'ਸੂਤਰ' ਸ਼ਬਦ ਦੀ ਵਰਤੋਂ ਡਾਢੀ ਹੀ ਸਾਰਥਕ ਕਹੀ ਜਾ ਸਕਦੀ ਹੈ। 'ਸੂਤਰ' ਪਦ ਪੰਜਾਬੀ ਵਿਚ ਧਾਗੇ ਦਾ ਵਾਚਕ ਵੀ ਹੈ। ਮਿਸਤਰੀ ਲੋਕ ਜਿਸ ਲੱਕੜੀ ਨੂੰ ਸਿੱਧੀ ਕਰਕੇ ਕਾਰ-ਆਮਦ ਕਰਨਾ ਚਾਹੁਣ ਉਸ ਤੇ ਜਿਸ ਧਾਗੇ ਨਾਲ ਨਿਸ਼ਾਨ ਲਾਇਆ ਜਾਏ, ਉਸਦਾ ਨਾਉਂ ਵੀ 'ਸੂਤਰ' ਹੈ ਜਿਵੇਂ ਸੂਤਰ ਵਿੰਗ ਕੱਢ ਕੇ ਲੱਕੜੀ ਨੂੰ ਸਿੱਧੀ ਕਰ ਦਿੰਦਾ ਹੈ - ਤਿਵੇਂ ਹੀ ਸੂਤਰੀ ਸਿੱਖ ਵਲ-ਛਲ ਅਤੇ ਕਪਟ ਦੇ ਵਿੰਗਾਂ ਤੋਂ ਰਹਿਤ ਹੋ ਕੇ ਆਤਮਕ ਪਦ ਨੂੰ ਪ੍ਰਾਪਤ ਕਰਨ ਦਾ ਅਧਿਕਾਰੀ ਹੋ ਜਾਂਦਾ ਹੈ। ਜਿਸ ਤਰ੍ਹਾਂ ਸੂਤਰ ਦੀ ਤਾਰ ਪਾਟਿਆਂ ਨੂੰ ਸੀਉਂਦੀ ਹੈ, ਤੇ ਟੁੱਟਿਆਂ ਨੂੰ ਗੰਢਦੀ ਹੈ, ਏਸੇ ਤਰ੍ਹਾਂ

ਪਰਮਾਰਥ ਵਿਚ 'ਸੂਤਰ' ਵੀ ਰੱਬ ਨਾਲੋਂ ਟੁੱਟਿਆਂ ਨੂੰ ਉਸ ਨਾਲ ਗੰਢਣ ਅਤੇ ਜਗਿਆਸੂਆਂ ਨੂੰ ਪ੍ਰਮੇਸ਼ਰ ਦੇ ਚਰਨਾਂ ਨਾਲ ਜੋੜਨ ਵਾਸਤੇ ਉਪਯੋਗੀ ਸਮਝਣਾ ਚਾਹੀਦਾ ਹੈ।"[17]

'ਜੁਗ ਪਲਟਾਊ ਸਤਿਗੁਰੂ' ਪੁਸਤਕ ਵਿਚ ਸੰਤ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਕੀਤੇ ਅਜਿਹੇ ਪ੍ਰਚਾਰ ਦੀ ਤਰਜਮਾਨੀ ਕਰਦੀਆਂ ਸਾਖੀਆਂ ਪੇਸ਼ ਕੀਤੀਆਂ ਹਨ ਜਿਨ੍ਹਾਂ ਤੋਂ ਸੱਚ-ਮੁੱਚ ਹੀ ਜਾਪਦਾ ਹੈ ਕਿ ਗੁਰੂ ਜੀ ਨੇ ਅਸਲ ਵਿਚ ਜੁਗ ਨੂੰ ਪਲਟਾਉਣ ਵਾਲਾ ਹੀ ਕੰਮ ਕੀਤਾ ਹੈ। ਇਹ ਪੁਸਤਕ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਹੈ, ਜਿਸ ਨੂੰ ਪਹਿਲੀ ਵਾਰ ਨਾਮਧਾਰੀ ਸਭਾ, ਸੂਬਾ ਦਿੱਲੀ ਨੇ 1947 ਈ. ਵਿਚ ਪ੍ਰਕਾਸ਼ਤ ਕੀਤਾ ਸੀ। ਇਹ ਪੁਸਤਕ ਦੁਬਾਰਾ ਅੱਜ ਤੱਕ ਪ੍ਰਕਾਸ਼ਤ ਨਹੀਂ ਹੋਈ। ਨਾਮਧਾਰੀ ਦਰਬਾਰ ਨੇ ਪਹਿਲੀ ਵਾਰ ਸਰਕਾਰੀ ਕਾਗ਼ਜਾਤ ਨੂੰ ਵਾਚ ਕੇ ਸਤਿਗੁਰਾਂ ਦੇ ਇਤਿਹਾਸ ਨੂੰ ਲਿਖਿਆ ਹੈ।

"ਜਦ ਸ੍ਰੀ ਸਤਿਗੁਰੂ ਜੀ ਰਾਏਪੁਰ ਵਿਖੇ ਸਨ ਤਾਂ ਆਪ ਜੀ ਦੇ ਚਰਨਾਂ ਵਿਚ ਇਕ ਅਮਲੀ ਹਾਜਰ ਹੋਇਆ। ਬੇਨਤੀ ਕੀਤੀ - 'ਮਹਾਰਾਜ! ਮੈਨੂੰ ਸੇਰ ਪੋਸਤ, ਅਧ ਸੇਰ ਸੁਖਾ ਅਤੇ ਅੱਧੀ ਛਟਾਂਕ ਅਫੀਮ ਦੇ ਲੋੜ ਹੈ' ਸਤਿਗੁਰੂ ਜੀ ਨੇ ਕਿਹਾ - "ਭਾਈ! ਸਾਡੇ ਕੋਲ ਤਾਂ ਇਕ ਨਾਮ ਦਾ ਹੀ ਅਮਲ ਹੈ ਜੇ ਲੋੜ ਹੈ ਤਾਂ ਜਾਹ ਇਸ਼ਨਾਨ ਕਰ ਆ। ਜਦ ਉਹ ਇਸ਼ਨਾਨ ਕਰਕੇ ਆਇਆ ਤਾਂ ਸਤਿਗੁਰਾਂ ਨੇ ਕੰਨ ਵਿਚ ਅਜਿਹੀ ਫੂਕ ਮਾਰੀ, ਕਿ ਉਹ ਮਸਤਾਨਾ ਹੋ ਗਿਆ। ਘਰ ਜਾ ਕੇ ਪੋਸਤ ਵਾਲਾ ਕੂੰਡਾ ਭੰਨ ਦਿੱਤਾ ਤੇ ਡੰਡਾ ਸਾੜ ਦਿੱਤਾ। ਉਪ੍ਰੰਤ ਖੰਡੇ ਦਾ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ। ਹਜ਼ੂਰ ਨੇ ਇਸ ਦਾ ਨਾਂਉਂ ਧੌਂਕਲ ਸਿੰਘ ਰਖਿਆ, ਜੋ ਗੁਰੂ ਕਾ ਬੜਾ ਸਿਦਕੀ ਸਿਖ, ਬੀਰਤਾ ਅਤੇ ਧੀਰਤਾ ਦਾ ਪੁਤਲਾ ਪ੍ਰਸਿੱਧ ਹੋਇਆ।"[18]

ਇਸੇ ਲੜੀ ਨੂੰ ਅੱਗੇ ਤੋਰਦਿਆਂ ਉਨ੍ਹਾਂ ਨੇ ਸਤਿਗੁਰਾਂ ਜੀ ਦੇ ਪ੍ਰਚਾਰ ਤੋਂ ਛੁੱਟ ਨਾਮਧਾਰੀ ਗੁਰੂਆਂ ਦੇ ਇਤਿਹਾਸ ਦੀ ਗੱਲ ਵੀ ਕੀਤੀ ਹੈ ਜਿਸ ਵਿਚ ਉਨ੍ਹਾਂ ਨੇ ਨਾਮਧਾਰੀ ਇਤਿਹਾਸ ਦੀਆਂ ਮਹੱਤਵਪੂਰਨ ਘਟਨਾਵਾਂ ਦੀ ਪੇਸ਼ਕਾਰੀ ਕਰਦੇ ਹੋਏ ਇਸਦੇ ਪਿਛੋਕੜ ਵਿਚ ਵਾਪਰੀਆਂ

ਇਤਿਹਾਸਕ ਘਟਨਾਵਾਂ ਨੂੰ ਵੀ ਕਲਮਬੱਧ ਕੀਤਾ ਹੈ। ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਗੁਰੂ ਬਾਲਕ ਸਿੰਘ ਜੀ ਨਾਲ ਮੇਲ ਆਦਿ ਪ੍ਰਸੰਗਾਂ ਨੂੰ ਆਧਾਰ ਬਣਾਇਆ ਗਿਆ ਹੈ।

"ਨਾਮਧਾਰੀ ਪੰਥ ਦਾ ਇਹ ਅਕੀਦਾ ਹੈ ਕਿ ਸ੍ਰੀ ਗੁਰੂ ਬਾਲਕ ਸਿੰਘ ਜੀ ਹਜਰੋਂ ਸਾਹਿਬ ਵਾਲਿਆਂ ਨੂੰ ਗੁਰਿਆਈ ਅਰਪਣ ਕਰਕੇ ਆਪਣੇ ਜਾ-ਨਸ਼ੀਨ ਮੁਕੱਰਰ ਕੀਤਾ। ਏਸ ਲਈ ਸ੍ਰੀ ਬਾਬਾ ਬਾਲਕ ਸਿੰਘ ਜੀ ਨੂੰ ਗਯਾਰਵੇਂ ਸਤਿਗੁਰੂ ਸਮਝਣਾ ਚਾਹੀਦਾ ਹੈ। ਦੂਸਰੇ ਖਯਾਲ ਦੇ ਸਿੱਖ ਆਪਣੇ ਅਕੀਦੇ ਅਨੁਸਾਰ ਨਾਮਧਾਰੀ ਪੰਥ ਦੇ ਏਸ ਨਿਸ਼ਚੇ ਦੇ ਵਿਰੁੱਧ ਦੋ ਇਤਰਾਜ਼ ਪੇਸ਼ ਕਰਦੇ ਹਨ। ਪਹਿਲਾ ਏਹ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਣ ਦੇ ਸਮੇਂ ਗੁਰਯਾਈ ਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੇ ਦਿੱਤੀ ਏਸ ਲਈ ਦਸਾਂ ਪਾਤਸ਼ਾਹੀਆਂ ਤੋਂ ਅੱਗੇ ਗਯਾਰਵੀਂ ਪਾਤਸ਼ਾਹੀ ਸਿਵਾਏ ਗੁਰੂ ਗਰੰਥ ਸਾਹਿਬ ਦੇ ਮੰਨੀ ਹੀ ਨਹੀਂ ਜਾ ਸਕਦੀ।"[19]

ਨਾਮਧਾਰੀ ਦੇਹਧਾਰੀ ਗੁਰੂ ਵਿਚ ਵਿਸ਼ਵਾਸ ਰੱਖਦੇ ਹਨ ਉਨ੍ਹਾਂ ਅਨੁਸਾਰ ਮਨੁੱਖ ਦੇ ਜੀਵਨ ਵਿਚ ਦੇਹਧਾਰੀ ਗੁਰੂ ਦਾ ਹੋਣਾ ਜ਼ਰੂਰੀ ਹੈ। ਦੇਹਧਾਰੀ ਤੋਂ ਬਿਨਾਂ ਜੀਵਨ ਸਫ਼ਲਾ ਨਹੀਂ ਹੋ ਸਕਦਾ। ਇਸ ਸੰਬੰਧ ਵਿਚ ਨਾਮਧਾਰੀਆਂ ਦਾ ਸਿੱਖ ਸੰਸਥਾਵਾਂ ਖ਼ਾਸ ਕਰਕੇ ਉਸ ਸਮੇਂ ਪ੍ਰਕਾਸ਼ਤ ਹੁੰਦੇ 'ਖਾਲਸਾ ਸਮਾਚਾਰ' ਅਖ਼ਬਾਰ ਦੇ ਐਡੀਟਰ ਸ੍. ਸੇਵਾ ਸਿੰਘ ਨਾਲ ਟਕਰਾ ਹੁੰਦਾ ਰਿਹਾ ਹੈ। ਗੁਰੂ ਪਦ ਪ੍ਰਕਾਸ਼ ਵਿਚ ਸੰਤ ਜੀ ਵੱਲੋਂ ਉਨ੍ਹਾਂ ਨਾਲ ਕੀਤੇ ਬਚਨਾਂ-ਬਿਲਾਸਾਂ ਨੂੰ ਪੇਸ਼ ਕੀਤਾ ਗਿਆ ਹੈਃ

"ਬਾਣੀ ਦੇ ਅਦਬ ਅਰ ਸਤਕਾਰ ਦੀ ਜਾਚ ਤਾਂ ਗੁਰੂ ਬਿਨਾਂ ਆ ਹੀ ਨਹੀਂ ਸਕਦੀ। ਸਗੋਂ ਪਾਠ ਦੀ ਸੁਧਾਈ ਵਾਸਤੇ ਵੀ ਗੁਰੂ ਦੀ ਅਤੀ ਲੋੜ ਹੈ। ਗੁਰ ਪ੍ਰਤਾਪ ਸੂਰਰ ਦੀ ਰੁਤ 3 ਅੱਸੂ 34 ਵਿਚ ਗੁਰ ਇਤਿਹਾਸ ਏਸ ਗੱਲ ਦੀ ਪੁਸ਼ਟੀ ਕਰਦਾ ਹੈ। ਲਿਖਿਆ ਹੈ ਕਿ ਸਿੱਖ ਨੇ ਜੋ ਦਸਮ ਪਾਤਸ਼ਾਹ ਦੇ ਹਜ਼ੂਰ ਓਅੰਕਾਰ ਬਾਣੀ ਦਾ ਪਾਠ ਕਰ ਰਿਹਾ ਸੀ ਇਕ ਤੁਕ ਵਿਚ ਕੈ ਦੀ ਥਾਂ ਕੇ ਪਾਠ ਕੀਤਾ ਗੁਰੂ ਜੀ ਨੇ ਸਿੱਖ ਨੂੰ ਹੁਕਮ ਦੇ ਕੇ ਉਸ ਦੇ ਸੋਟਾ ਮਰਵਾਇਆ। ਸਿੱਖਾਂ ਦੇ ਪੁਛਣ ਪਰ ਗੁਰੂ ਜੀ ਨੇ ਉਤ੍ਰ ਦਿੱਤਾ ਕਿ ਇਸ ਸਿੱਖ ਨੇ ਬਾਣੀ ਦੀ ਇਕ ਲਗ ਗਲਤ ਪੜੀ ਹੈ, ਜਿਸ ਨਾਲ ਅਰਥ ਦਾ ਅਨਰਥ ਹੋ ਗਿਆ ਹੈ। .......... ਸੋ ਸਿੱਧ ਹੈ ਕਿ ਦੇਹਧਾਰੀ ਗੁਰੂ ਦੀ ਸਹਾਇਤਾ ਤੋਂ ਬਿਨਾਂ

ਬਾਣੀ ਹੀ ਸ਼ੁੱਧ ਨਹੀਂ ਪੜ੍ਹੀ ਜਾ ਸਕਦੀ ਤਾਂ ਦੱਸੋ ਬਾਣੀ ਦੇ ਗੂੜ੍ਹ ਰਹੱਸਯ ਅਤੇ ਅਸਲੀ ਅਦਬ ਦਾ ਪਤਾ ਕਿਵੇਂ ਲੱਗ ਸਕਦਾ ਹੈ? ਭਾਵੇਂ ਕੋਈ ਕਿੰਨਾ ਅਸ਼ੁਧ ਪਾਠ ਕਰੇ, ਬਾਣੀ ਨੇ ਤਾਂ ਹਟਕਣਾਂ ਹੀ ਨਹੀਂ ਗੁਰੂ ਜੀ ਹਨ ਜੋ ਸਾਰੇ ਭੇਦ ਦਰਸਾ ਕੇ ਸਿੱਖਾਂ ਨੂੰ ਸਿੱਧੇ ਰਸਤੇ ਪਾਣ ਦੀ ਸ਼ਕਤੀ ਰਖਦੇ ਹਨ।"[20]

ਨਾਮਧਾਰੀ ਗੁਰੂ ਰਾਮ ਸਿੰਘ ਨੇ ਸਿੱਖ ਸਮਾਜ ਦੀ ਪੁਨਰ ਸਥਾਪਨਾ ਦਾ ਉਦੇਸ਼ ਸਿੱਧ ਕਰਨ ਲਈ ਸਮਾਜ ਵਿਚ ਫੈਲੀਆਂ ਹੋਈਆਂ ਬੁਰਾਈਆਂ ਦਾ ਵਿਰੋਧ ਕਰਦਿਆਂ ਉਨ੍ਹਾਂ ਨੂੰ ਖਤਮ ਕਰਨ ਦਾ ਉਪਦੇਸ਼ ਦਿੱਤਾ। ਅਸਲ ਵਿਚ ਨਾਮਧਾਰੀ ਗੁਰੂ ਉਸ ਆਦਰਸ਼ ਸਮਾਜ ਦੀ ਸਥਾਪਨਾ ਕਰਨ ਦੇ ਮਕਸਦ ਤੋਂ ਪ੍ਰੇਰਿਤ ਸਨ ਜੋ ਹਰ ਤਰ੍ਹਾਂ ਦੀਆਂ ਬੁਰਾਈਆਂ ਤੋਂ ਰਹਿਤ ਹੋਵੇ। ਉਹ ਇਸ ਸਮਾਜ ਵਿਚ ਆਪਸੀ ਮਿਲਵਰਤਣ ਦੀ ਭਾਵਨਾ, ਭਾਈਚਾਰਕ ਸਾਂਝ, ਇਸਤਰੀ-ਮਰਦ ਦਾ ਬਰਾਬਰ ਸਤਿਕਾਰ, ਹੱਥੀਂ ਕਿਰਤ ਕਰਨ, ਲੋੜਵੰਦਾਂ ਦੀ ਸਹਾਇਤਾ ਕਰਨ, ਇਕ ਪਰਮਾਤਮਾ ਵਿਚ ਵਿਸ਼ਵਾਸ ਰੱਖਣ, ਕਾਮ, ਕ੍ਰੋਧ, ਲੋਭ,ਮੋਹ, ਹੰਕਾਰ ਅਤੇ ਝੂਠ ਵਰਗੀਆਂ ਅਲਾਮਤਾਂ ਤੋਂ ਦੂਰ ਰਹਿਣ ਵਾਲਾ ਜੀਵਨ ਵਿਹਾਰ ਅਪਣਾਇਆ ਹੋਇਆ ਦੇਖਣਾ ਚਾਹੁੰਦੇ ਸਨ। ਇਸ ਤਰ੍ਹਾਂ ਦੇ ਆਦਰਸ਼ ਸਮਾਜ ਦਾ ਨਕਸ਼ਾ ਹੋਰ ਵੀ ਨਾਮਧਾਰੀ ਲੇਖਕਾਂ ਦੀ ਵਾਰਤਕ ਵਿਚ ਉਲੀਕਿਆ ਹੋਇਆ ਮਿਲਦਾ ਹੈ। ਨਾਮਧਾਰੀ ਗੁਰੂ ਨੇ ਸਮਾਜਕ ਬੁਰਾਈਆਂ ਦਾ ਜਿਸ ਤਰ੍ਹਾਂ ਵਿਰੋਧ ਕੀਤਾ ਅਤੇ ਇਨ੍ਹਾਂ ਬੁਰਾਈਆਂ ਨੂੰ ਦੂਰ ਕਰਨ ਲਈ ਜੋ ਉਪਰਾਲੇ ਕੀਤੇ, ਉਨ੍ਹਾਂ ਦੀ ਅਭਿਵਿਅਕਤੀ ਨਾਮਧਾਰੀ ਵਾਰਤਕ ਵਿਚ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਹੋਈ ਹੈ। ਨਾਮਧਾਰੀ ਵਾਰਤਕ ਅਨੁਸਾਰ ਜਿਹੜਾ ਵਿਅਕਤੀ ਵੀ ਨਾਮਧਾਰੀ ਗੁਰੂ ਦੇ ਸੰਪਰਕ ਵਿਚ ਆਉਂਦਾ ਹੈ, ਉਹ ਉਸ ਨੂੰ ਮਾਸ, ਸ਼ਰਾਬ ਅਤੇ ਹੋਰ ਅਨੈਤਿਕ ਆਚਰਣ ਤਿਆਗਣ ਦਾ ਹੁਕਮ ਦਿੰਦੇ। ਇਸ ਤਰ੍ਹਾਂ ਦੇ ਜਤਨਾ ਦੇ ਫਲਸਰੂਪ ਅਤੇ ਨਾਮਧਾਰੀ ਪੈਰੋਕਾਰਾਂ ਦੇ ਵਿਹਾਰਕ ਅਮਲ ਸਦਕਾ ਗੁਰੂ ਜੀ ਦੁਆਰਾ ਜਿਸ ਆਦਰਸ਼ ਸਮਾਜ ਦੀ ਕਲਪਨਾ ਕੀਤੀ ਗਈ ਅਤੇ ਇਸਦੀ ਸਥਾਪਨਾ ਲਈ ਜੋ ਉਪਰਾਲੇ ਕੀਤੇ ਗਏ, ਉਸ ਆਦਰਸ਼ ਸਮਾਜ ਨੂੰ ਸੰਤ ਨਿਧਾਨ ਸਿੰਘ ਆਲਿਮ ਜੀ ਨੇ ਬਾਖੂਬੀ ਨਾਲ ਪੇਸ਼ ਕੀਤਾ ਹੈ:

"ਓਧਰ ਤਾਂ ਖ਼ਾਲਸਾ ਨਾਮ ਦਾਨ ਇਸ਼ਨਾਨ ਬਾਣੀ ਪਾਠ ਸ਼ੁੱਭ ਵਿਚਾਰ, ਸ਼ੁੱਧ ਆਹਾਰ, ਸਦਾਚਾਰ ਅਤੇ ਪ੍ਰਸਪਰ ਪਿਆਰ ਨੂੰ ਅਸਤੀਫਾ ਦੇ ਕੇ ਆਪਣੇ ਰੰਗ ਵਿਚ ਮਗਨ ਸੀ, ਤੇ ਇਧਰ ਹਜ਼ਰੋਂ ਵਿਚ ਪੂਰਵੋਕਤ ਪੇਸ਼ੀਨਗੋਈ ਅਨੁਸਾਰ ਰੱਬੀ ਜੋਤ ਸ੍ਰੀ ਸਤਿਗੁਰੂ ਬਾਬਾ ਬਾਲਕ ਸਿੰਘ ਜੀ ਦੇ ਰੂਪ ਵਿਚ ਪ੍ਰਗਟ ਹੋ ਕੇ ਮਾਸ-ਸ਼ਰਾਬ ਦੇ ਤਿਆਗੀ ਸੰਤ ਖਾਲਸਾ ਜੀ ਦਾ ਪ੍ਰਕਾਸ਼ ਕਰ ਰਹੀ ਸੀ। ਸ੍ਰੀ ਗੁਰੂ ਬਾਲਕ ਸਿੰਘ ਜੀ ਬਾਰਵੇਂ ਪਾਤਸ਼ਾਹ ਆਪਣੀ ਕਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸੌਂਪ ਕੇ ਆਪ ਸਰੀਰ ਦਾ ਓਹਲਾ ਕਰ ਗਏ। ਸ੍ਰੀ ਸਤਿਗੁਰੂ ਰਾਮ ਜੀ ਨੇ ਆਪਣੇ ਤੇਜ ਬਲ ਅਤੇ ਅਲੌਕਿਕ ਪ੍ਰਕਰਮ ਨਾਲ ਸਿੱਖੀ ਦੀ ਸੜਦੀ ਹੋਈ ਫੁਲਵਾੜੀ ਨੂੰ ਨਵੇਂ ਸਿਰੇ ਪ੍ਰਫੁਲਤ ਕੀਤਾ। ਆਪ ਨੇ ਮਾਸ, ਸ਼ਰਾਬ, ਚੋਰੀ, ਯਾਰੀ ਅਤੇ ਫੁਟ ਆਦਿ ਦੇ ਵਿਰੁੱਧ ਏਨੀ ਜਬਰਦਸਤ ਲਹਿਰ ਚਲਾਈ ਕਿ ਥੋੜ੍ਹੇ ਹੀ ਸਮੇਂ ਵਿਚ ਸਿੱਖੀ ਦੇ ਕਲਜੁਗੀ ਖੇਤਰ ਵਿਚ ਸਤਿਗੁਰੂ ਦਾ ਪ੍ਰਕਾਸ਼ ਡਲਕਾਂ ਮਾਰਨ ਲਗ ਪਿਆ।"[21]

ਨਾਮਧਾਰੀ ਲਹਿਰ ਦੀ ਵਾਰਤਕ ਦਾ ਅਧਿਐਨ ਕਰਦਿਆਂ ਇਹ ਤੱਥ ਵੀ ਉਘੜ ਕੇ ਸਾਹਮਣੇ ਆਉਂਦਾ ਹੈ ਕਿ ਨਾਮਧਾਰੀ ਸਤਿਗੁਰੂ ਨੇ ਉਨਾਂ ਮਨੁੱਖਾਂ ਦਾ ਜੀਵਨ ਸੁਧਾਰਿਆ ਜੋ ਸਮਾਜ ਵਿਚ ਇਕ ਕਿਸਮ ਦਾ ਬੋਝ ਹੀ ਸੀ, ਅਜਿਹੇ ਦੁਸ਼ਟਾਂ ਨੂੰ ਉਨ੍ਹਾਂ ਨੇ ਗਲ ਨਾਲ ਲਾ ਕੇ ਉਨ੍ਹਾਂ ਨੂੰ ਸਿੱਧੇ ਰਾਹ ਪਾਇਆ ਤੇ ਅੰਮ੍ਰਿਤ ਛਕਾ ਕੇ ਉਹਨਾਂ ਦੇ ਜਨਮ ਨੂੰ ਸਫ਼ਲਾ ਕੀਤਾ।

"ਭਾਈ ਸਾਹਿਬ ਭਾਈ ਕਾਹਨ ਸਿੰਘ ਨਾਭਾ ਜੀ ਦੇ ਅੰਦਰ ਸਤਿਗੁਰੂ ਰਾਮ ਸਿੰਘ ਦੇ ਬਚਨਾਂ ਨੂੰ ਹੀ ਅੰਮ੍ਰਿਤ (ਪ੍ਰਿਆ ਬਚਨ ਤਿਹਾਰੇ) ਸਮਝਨ ਵਾਲੀ ਸ਼ਰਧਾ ਸੀ ਕਿ ਸਤਿਗੁਰੂ ਜੀ ਦੇ ਬਚਨ ਅੰਮ੍ਰਿਤ ਨਾਲ ਹੀ ਮੁਰਦਾ ਰੂਹਾਂ ਜਿੰਦਾ ਹੋ ਜਾਂਦੀਆਂ ਸਨ ਜੋ ਸਕਤ ਖੰਡੇ ਦਾ ਅੰਮ੍ਰਿਤ ਤਿਆਰ ਕਰ ਸਤਿਗੁਰੂ ਰਾਮ ਸਿੰਘ ਜੀ ਛਕਾਇਆ ਸੀ, ਉਸ ਤੋਂ ਵਿਲੱਖਣ ਸ਼ਕਤ ਬੰਦਨਾ ਅੰਮ੍ਰਿਤ ਵਿਚ ਸੀ ਜੋ ਮੁਰਦਾ ਰੂਹਾਂ ਜਿੰਦਾ ਕਰਦੀ ਸੀ।"[22]

ਸਿੱਖ ਰਾਜ ਦੇ ਅੰਤ ਪਿਛੋਂ ਜਦੋਂ ਉਹ ਭੈਣੀ ਵਾਪਸ ਆ ਕੇ ਖੇਤੀ ਤੇ ਦੁਕਾਨਦਾਰੀ ਦਾ ਕੰਮ ਕਰਨ ਲਗੇ ਤਾਂ ਨਿਸ਼ਚੇ ਹੀ ਕੌਮੀ ਮਹਾਂ ਦੁਖਾਂਤ ਦਾ ਮਿਸ਼ਨ ਉਨ੍ਹਾਂ ਦੇ ਸਾਹਮਣੇ ਆਉਂਦਾ ਸੀ। ਜਿਉਂ ਜਿਉਂ ਉਹ ਨਾਮ-ਬਾਣੀ ਦੇ ਰੰਗ ਵਿਚ ਡੂੰਘੇ ਜਾਣ ਲੱਗੇ ਤਾਂ ਕੋਈ ਅਗੰਮੀ ਪ੍ਰੇਰਨਾ ਉਨ੍ਹਾਂ ਨੂੰ ਕਿਸੇ

ਵੱਡੇ ਕੌਮੀ ਕਾਰਜ ਲਈ ਕਰਤੱਵ ਪਾਲਣ ਲਈ ਮਜ਼ਬੂਰ ਕਰਨ ਲੱਗੀ। ਇਹ ਪ੍ਰੇਰਨਾ ਸੀ ਧਰਮ ਪ੍ਰਚਾਰ ਦੀ। ਇਸ ਬਾਰੇ ਨਾਹਰ ਸਿੰਘ ਆਪਣੀ ਪੁਸਤਕ 'ਨਾਮਧਾਰੀ ਇਤਿਹਾਸ' ਵਿਚ ਲਿਖਦੇ ਹਨ:

"ਵਿਸਾਖ ਸੰਮਤ 1918 ਨੂੰ ਅੱਧ ਕੁੰਭੀ ਦਾ ਮੇਲਾ ਅਤੇ ਗੰਗਾ ਇਸ਼ਨਾਨ ਸੀ। ਸਤਿਗੁਰੂ ਰਾਮ ਸਿੰਘ ਜੀ ਵੀ ਮੇਲਾ ਦੇਖਣ ਅਤੇ ਪ੍ਰਚਾਰ ਕਰਨ ਲਈ ਹਰਿਦੁਆਰ ਵਿਖੇ ਪੰਜ ਰੁਪਏ ਦਾ ਕੜਾਹ ਪ੍ਰਸਾਦਿ ਤਿਆਰ ਕਰਵਾ ਕੇ ਚੱਲ ਪਏ। ਬਾਬਾ ਜਵਾਹਰ ਸਿੰਘ, ਕਾਨ੍ਹ ਸਿੰਘ, ਸੁੱਧ ਸਿੰਘ, ਗੋਪਾਲ ਸਿੰਘ, ਸਾਹਿਬ ਸਿੰਘ, ਚੈਨ ਸਿੰਘ, ਗੁਜਰਾਂਵਾਲੀਆ, ਉਸਦੀ ਭੈਣ, ਸ਼ੋਭਾ ਸਿੰਘ, ਦਸੌਂਧਾ ਸਿੰਘ, ਮਾਈ ਦੌਲੀ, ਤਾਊ ਸ਼ੁੱਧ ਸਿੰਘ, ਪਧਰੀ ਦੀ ਮਾਈ ਸਾਹਬੋ, ਉਭੇਨਿਆਂ ਵਾਲਾ ਮਹਿਤਾਬ ਸਿੰਘ ਅਤੇ ਹੋਰ ਬਹੁਤ ਸਾਰੀ ਸੰਗਤ ਉਨ੍ਹਾਂ ਦੇ ਨਾਲ ਭੈਣੀ ਸਾਹਿਬ ਤੋਂ ਚੱਲੀ ਇਨ੍ਹਾਂ ਤੋਂ ਇਲਾਵਾ ਸ਼ੁਧ ਸਿੰਘ ਰਾਗੀ ਜੱਥਾ ਭਾਈ ਲਾਭ ਸਿੰਘ ਰਾਗੀ ਦਾ ਜੱਥਾ ਅਤੇ ਜੀਤੂ ਰਬਾਬੀ ਦਾ ਜੱਥਾ ਵੀ ਨਾਲ ਸਨ।"[23]

ਭਾਵੇਂ ਸ਼ੁਰੂ-ਸ਼ੁਰੂ ਵਿਚ ਬਾਬਾ ਰਾਮ ਸਿੰਘ ਜੀ ਦੇ ਪ੍ਰਚਾਰ ਦਾ ਖੇਤਰ ਜਿਲ੍ਹਾ ਲੁਧਿਆਣਾ ਤੱਕ ਹੀ ਸੀਮਤ ਸੀ ਪਰ ਆਪ ਜੀ ਦੇ ਕੀਰਤਨ ਅਤੇ ਉਪਦੇਸ਼ਾਂ ਨਾਲ ਆਪ ਦੇ ਭਗਤਾਂ ਦੀ ਗਿਣਤੀ ਵਧਣੀ ਸ਼ੁਰੂ ਹੋ ਗਈ ਅਤੇ ਲੋਕੀਂ ਆਪ ਜੀ ਦੇ ਉਪਦੇਸ਼ ਸੁਣਨ ਲਈ ਪਿੰਡ ਭੈਣੀ ਵਿਚ ਆਉਣ ਲਗ ਪਏ। ਬਾਬਾ ਰਾਮ ਸਿੰਘ ਜੀ ਕਦੇ-ਕਦੇ ਬਾਹਰਲੇ ਪਿੰਡਾਂ ਵਿਚ ਜਾ ਕੇ ਆਪਣਾ ਦੀਵਾਨ ਕਰਨ ਲਗ ਪਏ। ਇੰਝ ਆਪ ਜੀ ਦੀ ਪ੍ਰਸਿੱਧੀ ਦੂਰ ਤੱਕ ਫੈਲਣ ਲਗ ਪਈ। ਸੰਨ 1863 ਵਿਚ ਵਿਸਾਖੀ ਦੇ ਅਵਸਰ ਤੇ ਬਾਬਾ ਜੀ ਅੰਮ੍ਰਿਤਸਰ ਗਏ ਅਤੇ ਉਥੇ ਆਪਣੇ ਉਪਦੇਸ਼ ਦਾ ਪ੍ਰਚਾਰ ਕੀਤਾ, ਜਿਸ ਨਾਲ ਬਹੁਤ ਸਾਰੇ ਲੋਕ ਆਪ ਦੇ ਸ਼ਰਧਾਲੂ ਬਣ ਗਏ। ਆਪ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਨ ਲਈ ਹੋਲੇ ਮਹੱਲੇ ਦੇ ਅਵਸਰ ਤੇ ਆਨੰਦਪੁਰ ਸਾਹਿਬ ਵੀ ਗਏ ਅਤੇ ਬੜੇ ਭਾਰੀ ਦੀਵਾਨ ਲਾ ਕੇ ਆਪਣੇ ਸ਼ਰਧਾਲੂਆਂ ਨੂੰ ਈਸ਼ਵਰ ਦੀ ਭਗਤੀ ਵਿਚ ਲੀਨ ਹੋਣ ਦੀ ਪ੍ਰੇਰਨਾ ਦਿੱਤੀ। ਆਪ ਦੀਵਾਲੀ ਦੇ ਮੌਕੇ ਤੇ ਅੰਮ੍ਰਿਤਸਰ ਵੀ ਗਏ ਅਤੇ ਵਾਹਿਗੁਰੂ ਦੇ ਨਾਮ ਦਾ ਪ੍ਰਚਾਰ ਕੀਤਾ। ਹੌਲੀ ਹੌਲੀ ਨਾਮਧਾਰੀ ਸੰਪਰਦਾਇ ਸਾਰੇ ਪੰਜਾਬ ਅਤੇ ਭਾਰਤ ਦੇ ਕੁਝ ਦੂਸਰੇ ਭਾਗਾਂ ਵਿਚ ਵੀ ਫੈਲ ਗਿਆ।

ਸੰਨ 1871 ਦੇ ਅੰਤ ਤਕ 4 ਲੱਖ 30 ਹਜ਼ਾਰ ਤੋਂ ਵੀ ਜ਼ਿਆਦਾ ਲੋਕਾਂ ਨੇ ਇਸ ਸੰਪਰਦਾਇ ਨੂੰ ਅਪਣਾ ਲਿਆ ਸੀ।

ਬਾਬਾ ਰਾਮ ਸਿੰਘ ਜੀ ਨੇ ਨਾਮਧਾਰੀ ਸੰਪਰਦਾਇ ਦੇ ਵਿਸਤਾਰ ਅਤੇ ਪ੍ਰਚਾਰ ਹਿੱਤ ਇਸਦੇ ਸੰਗਠਨ ਨੂੰ ਮਜ਼ਬੂਤ ਬਣਾਉਣ ਲਈ ਪੰਜਾਬ ਦੇ ਵੱਖ ਵੱਖ ਭਾਗਾਂ ਵਿਚ ਆਪਣੇ ਪ੍ਰਚਾਰਕਾਂ ਦੀ ਨਿਯੁਕਤੀ ਕੀਤੀ ਹੋਈ ਸੀ। ਉਨ੍ਹਾਂ ਨੂੰ ਸੂਬੇ ਕਿਹਾ ਜਾਂਦਾ ਸੀ ਅਤੇ ਇਨ੍ਹਾਂ ਦੀ ਗਿਣਤੀ 22 ਸੀ।

ਇਨ੍ਹਾਂ ਸੂਬਿਆਂ ਵਿਚ ਸਰਦਾਰ ਰਤਨ ਸਿੰਘ ਦੀ ਧੀ ਬੀਬੀ ਹੁਕਮੀ ਵੀ ਸੀ, ਜਿਸ ਨੇ ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਦੇ ਇਲਾਕੇ ਵਿਚ ਨਾਮਧਾਰੀ ਸੰਪ੍ਰਦਾਇ ਦਾ ਪ੍ਰਚਾਰ ਬੜੀ ਯੋਗਤਾ ਨਾਲ ਕੀਤਾ। ਹਰ ਇਕ ਸੂਬੇ ਦਾ ਇਲਾਕਾ ਨਿਸਚਿਤ ਕੀਤਾ ਹੋਇਆ ਸੀ ਅਤੇ ਉਹ ਆਪਣੇ ਇਲਾਕੇ ਵਿਚ ਆਪਣੇ ਸੰਪਰਦਾਇ ਦੇ ਵਿਚਾਰਾਂ ਦਾ ਪ੍ਰਚਾਰ ਕਰਦੇ ਨਾਮਧਾਰੀ ਲਹਿਰ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਵੀ ਕਾਰਜ ਕਰਦਾ ਸੀ। ਕੁਝ ਸੂਬਿਆਂ ਨੂੰ ਭੈਣੀ ਦਰਬਾਰ ਦਾ ਪ੍ਰਬੰਧ ਕਰਨ ਅਤੇ ਤਾਲ-ਮੇਲ ਬਣਾਏ ਰੱਖਣ ਦਾ ਕੰਮ ਸੌਂਪਿਆ ਗਿਆ ਸੀ। ਇਨ੍ਹਾਂ ਤੋਂ ਇਲਾਵਾ ਬਾਕੀ ਸਾਰੇ ਸੂਬਿਆਂ ਨੂੰ ਵੱਖਰੇ-ਵੱਖਰੇ ਇਲਾਕਿਆਂ ਵਿਚ ਪ੍ਰਚਾਰ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਇਨ੍ਹਾਂ ਵਿਚੋਂ ਕੁਝ ਸੂਬਿਆਂ ਦੀ ਸ਼ਖ਼ਸੀਅਤ ਬਹੁਤ ਪ੍ਰਭਾਵਸ਼ਾਲੀ ਸੀ ਅਤੇ ਉਹ ਆਪਣੇ ਆਪਣੇ ਇਲਾਕੇ ਵਿਚ ਬਾਬਾ ਰਾਮ ਸਿੰਘ ਦੇ ਹੁਕਮ ਅਨੁਸਾਰ ਬੜੀ ਸਫ਼ਲਤਾ ਨਾਲ ਕਾਰਜ ਕਰ ਰਹੇ ਸਨ। ਪੰਜਾਬ ਤੋਂ ਬਾਹਰ ਨਾਮਧਾਰੀ ਸੰਪਰਦਾਇ ਦਾ ਪ੍ਰਚਾਰ ਕਰਨ ਲਈ ਵੀ ਕੁਝ ਸੂਬਿਆਂ ਦੀ ਨਿਯੁਕਤੀ ਕੀਤੀ ਗਈ ਸੀ। ਸੂਬਾ ਸਿੰਘ ਤੇ ਬਿਸ਼ਨ ਸਿੰਘ ਨੂੰ ਕਾਬਲ ਵਿਚ, ਸੂਬਾ ਕਾਹਨ ਸਿੰਘ ਨੂੰ ਬਨਾਰਸ ਵਿਚ, ਸੂਬਾ ਨਿਹੰਗ ਸਿੰਘ ਨੂੰ ਨਿਪਾਲ ਵਿਚ, ਸੂਬਾ ਨਰਾਇਣ ਸਿੰਘ ਨੂੰ ਗਵਾਲੀਅਰ ਅਤੇ ਸੂਬਾ ਹੀਰਾ ਸਿੰਘ ਨੂੰ ਕਸ਼ਮੀਰ ਵਿਚ ਨਾਮਧਾਰੀ ਲਹਿਰ ਦਾ ਪ੍ਰਸਾਰ ਕਰਨ ਲਈ ਨਿਯੁਕਤ ਕੀਤਾ ਗਿਆ ਸੀ। ਬਾਬਾ ਰਾਮ ਸਿੰਘ ਨੇ ਆਪਣੇ ਸੰਪਰਦਾਇ ਦੇ ਪ੍ਰਚਾਰ ਲਈ ਇਕ ਜੋਗ ਅਤੇ ਸ਼ਕਤੀਸ਼ਾਲੀ ਸੰਗਠਨ ਸਥਾਪਿਤ ਕੀਤਾ ਸੀ। ਸੂਬਿਆਂ ਦੀ ਸਹਾਇਤਾ ਲਈ ਨਾਇਬ ਸੂਬੇ ਅਤੇ ਉਨ੍ਹਾਂ ਦੇ ਥੱਲੇ ਜੱਥੇਦਾਰਾਂ ਦੀ ਨਿਯੁਕਤੀ ਕੀਤੀ ਗਈ ਸੀ। ਕੂਕਾ ਸੰਗਠਨ ਵਿਚ ਸਭ ਤੋਂ ਹੇਠਲੀ ਪਰ ਮਹੱਤਵਪੂਰਨ ਕੜੀ

ਸਥਾਨਕ ਸੰਗਤ ਸੀ। ਨਾਇਬ ਸੂਬਿਆਂ ਅਤੇ ਜਥੇਦਾਰਾਂ ਨੂੰ ਛੋਟੇ ਕਾਰਜ ਖੇਤਰ ਦੀ ਜ਼ਿੰਮੇਵਾਰੀ ਸੌਂਪੀ ਜਾਂਦੀ ਸੀ ਅਤੇ ਉਹ ਆਪਣੇ ਆਪਣੇ ਇਲਾਕੇ ਵਿਚ ਧਾਰਮਕ ਪ੍ਰਚਾਰ ਦੇ ਕਾਰਜਾਂ ਦੀ ਦੇਖ-ਰੇਖ ਕਰਦੇ ਸਨ। ਸਥਾਨਕ ਸੰਗਤਾਂ ਨੇ ਕੂਕਾ ਸੰਗਠਨ ਲਈ ਇਕ ਸ਼ਕਤੀਸ਼ਾਲੀ ਆਧਾਰ ਦਾ ਕੰਮ ਕੀਤਾ। ਸੂਬਿਆਂ ਦੀ ਨਿਯੁਕਤੀ ਨਾਮਧਾਰੀ ਸੰਗਠਨ ਦੇ ਵਿਕਾਸ ਲਈ ਉਠਾਇਆ ਗਿਆ ਇਕ ਮਹੱਤਵਪੂਰਨ ਕਦਮ ਸੀ।

**(ੲ) ਸਮਾਜਕ ਅਤੇ ਸਭਿਆਚਾਰਕ ਸਰੋਕਾਰ :**

ਨਾਮਧਾਰੀ ਵਾਰਤਕ ਮਨੋਰਥ ਅਤੇ ਪ੍ਰਚਾਰਮੁਖੀ ਵਾਰਤਕ ਹੈ। ਇਹ ਵਾਰਤਕ ਨਾਮਧਾਰੀ ਲਹਿਰ ਦੇ ਸਮਾਜ-ਸਭਿਆਚਾਰਕ ਪੱਖ ਦੀ ਅਭਿਵਿਅਕਤੀ ਵੀ ਹੈ, ਪਰ ਇਸ ਅਭਿਵਿਅਕਤੀ ਦੀ ਸੁਰ ਪ੍ਰਚਾਰ ਮੁਖੀ ਹੈ। ਪਹਿਲੇ ਨਾਮਧਾਰੀ ਗੁਰੂ ਰਾਮ ਸਿੰਘ ਅਤੇ ਮਗਰਲੇ ਨਾਮਧਾਰੀ ਗੁਰੂਆਂ ਨੇ ਇਕ ਆਦਰਸ਼ ਸਮਾਜ ਦੀ ਰੂਪ ਰੇਖਾ ਉਲੀਕੀ ਸੀ। ਉਸ ਆਦਰਸ਼ ਨੂੰ ਵਿਹਾਰਕ ਰੂਪ ਦੇਣ ਲਈ ਤਤਕਾਲੀਨ ਸਮਾਜ ਵਿਚ ਫੈਲੀਆਂ ਹੋਈਆਂ ਬੁਰਾਈਆਂ ਨੂੰ ਦੂਰ ਕਰਨਾ ਜ਼ਰੂਰੀ ਸੀ। ਇਸ ਦੇ ਲਈ ਨਾਮਧਾਰੀ ਗੁਰੂਆਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਨੇ ਅਮਲੀ ਰੂਪ ਵਿਚ ਵੀ ਉਪਰਾਲੇ ਕੀਤੇ ਅਤੇ ਨਾਮਧਾਰੀ ਵਾਰਤਕਕਾਰਾਂ ਨੇ ਵੀ ਸਮਾਜਕ ਸੁਧਾਰਾਂ ਦੇ ਵੱਖ ਵੱਖ ਰੂਪਾਂ ਨੂੰ ਆਪਣੀ ਵਾਰਤਕ ਦਾ ਵਿਸ਼ਾ ਬਣਾ ਕੇ ਇਨ੍ਹਾਂ ਦਾ ਪ੍ਰਚਾਰ ਕੀਤਾ। ਅਜਿਹੀ ਨਾਮਧਾਰੀ ਵਾਰਤਕ ਸਮਾਜਕ-ਸਭਿਆਚਾਰਕ ਤੌਰ ਤੇ ਸਥਾਪਤ ਹੋ ਚੁੱਕੀ ਵੱਖਰੀ ਪਹਿਚਾਣ ਬਣ ਗਈ ਹੈ। ਖੋਜ ਪ੍ਰਬੰਧ ਦਾ ਇਹ ਤੀਸਰੇ ਅਧਿਆਇ ਦਾ (ੲ) ਭਾਗ ਨਾਮਧਾਰੀ ਵਾਰਤਕ ਦੇ ਸਮਾਜਕ ਤੇ ਸਭਿਆਚਾਰਕ ਸਰੋਕਾਰਾਂ ਦੇ ਅਧਿਐਨ ਨਾਲ ਸੰਬੰਧਿਤ ਹੈ।

ਸਾਹਿਤ ਦਾ ਸਮਾਜ ਨਾਲ ਦੂਹਰਾ ਰਿਸ਼ਤਾ ਹੁੰਦਾ ਹੈ, ਅਰਥਾਤ ਸਾਹਿਤ ਤੇ ਸਮਾਜ ਦੋਵੇਂ ਅੰਤਰ-ਸੰਬੰਧਿਤ ਹਨ। ਇਹ ਇੱਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ ਤੇ ਇਕ ਦੂਜੇ ਤੋਂ ਪ੍ਰਭਾਵਿਤ ਵੀ ਹੁੰਦੇ ਹਨ। ਇਥੇ ਇਹ ਗੱਲ ਵੀ ਧਿਆਨ ਦੇਣ ਯੋਗ ਹੈ ਕਿ ਸਾਹਿਤ ਤੇ ਸਮਾਜ ਦੇ ਆਪਸੀ ਸੰਬੰਧਾਂ ਨੂੰ ਸੀਮਤ ਅਰਥਾਂ ਰਾਹੀਂ ਨਹੀਂ ਵਾਚਣਾ ਚਾਹੀਦਾ। ਸਾਹਿਤ ਦਾ ਘੇਰਾ ਬਹੁਤ ਵਿਸ਼ਾਲ ਹੈ। ਇਹ

ਸਮਾਜ ਵਿਚ ਪੈਦਾ ਹੋ ਕੇ ਵੀ ਉਸ ਤੋਂ ਪਾਰ ਜਾਣ ਦੀ ਸਮਰੱਥਾ ਰੱਖਦਾ ਹੈ। ਸਾਹਿਤ ਆਪਣੇ ਆਪ ਵਿਚ ਵੀ ਇਕ ਸਮਾਜਕ ਸੰਸਥਾ ਹੈ, ਹਰਿਭਜਨ ਸਿੰਘ ਜੀ ਦੇ ਕਥਨ ਇਸ ਪੱਖ ਤੋਂ ਵਿਚਾਰਨਯੋਗ ਹਨ।

> ਸਾਹਿਤ ਸੰਸਥਾ ਭਾਵੇਂ ਸਮਾਜਕ ਸੰਸਥਾ ਉਪਰ ਆਧਾਰਿਤ ਨਾ ਵੀ ਹੋਵੇ, ਤਾਂ ਵੀ ਉਹ ਆਪ ਇਕ ਪ੍ਰਕਾਰ ਦੀ ਸਮਾਜਕ ਸੰਸਥਾ ਹੈ।[24]

ਨਾਮਧਾਰੀ ਲਹਿਰ ਦੀ ਵਾਰਤਕ ਦਾ ਅਧਿਐਨ ਤੇ ਵਿਸ਼ਲੇਸ਼ਣ ਕਰਦਿਆਂ ਇਹ ਸਪਸ਼ਟ ਹੁੰਦਾ ਹੈ ਕਿ ਨਾਮਧਾਰੀ ਗੁਰੂਆਂ, ਖ਼ਾਸ ਕਰਕੇ ਗੁਰੂ ਰਾਮ ਸਿੰਘ ਦੁਆਰਾ ਕੀਤੇ ਗਏ ਸਮਾਜਕ ਸੁਧਾਰ ਇਸ ਵਾਰਤਕ ਦਾ ਮੁੱਖ ਵਿਸ਼ਾ ਬਣੇ ਹਨ। ਗੁਰੂ ਰਾਮ ਸਿੰਘ ਨੇ ਜਿਸ ਆਦਰਸ਼ ਸਮਾਜ ਦੀ ਸਥਾਪਨਾ ਕਰਨ ਵਾਸਤੇ ਵਿਹਾਰਕ ਉੱਦਮ ਕੀਤੇ ਸਨ, ਉਸ ਸਮਾਜਕ ਆਦਰਸ਼ ਦਾ ਮੁਹਾਂਦਰਾ ਇਸ ਵਾਰਤਕ ਵਿਚ ਉਲੀਕਿਆ ਗਿਆ ਹੈ। ਗੁਰੂ ਰਾਮ ਸਿੰਘ ਦੁਆਰਾ ਕੀਤੇ ਗਏ ਸਮਾਜਕ ਪਰਿਵਰਤਨ ਦੇ ਜਤਨਾਂ ਅਤੇ ਸਥਾਪਤ ਕੀਤੇ ਗਏ ਸਮਾਜਕ ਮੁੱਲਾਂ ਦਾ ਵਰਨਣ ਵੀ ਇਸ ਵਾਰਤਕ ਵਿਚ ਮਿਲਦਾ ਹੈ। ਇਹ ਵਾਰਤਕ ਅਜਿਹੇ ਸਮਾਜਕ ਪਰਿਵਰਤਨਾਂ ਲਈ ਉਪਦੇਸ਼ ਤੇ ਪ੍ਰੇਰਨਾ ਦੇਣ ਦਾ, ਨਿਸ਼ਚਿਤ ਸਮਾਜਕ ਮੁੱਲ ਦ੍ਰਿੜਾਉਣ ਦਾ ਸਰੋਕਾਰ ਵੀ ਰੱਖਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਿੱਖ ਧਰਮ ਦੀ ਨੀਂਹ ਰੱਖਣ ਨਾਲ ਸਿੱਖ ਸਮਾਜ ਦੀ ਸਥਾਪਨਾ ਹੋਈ। ਉਨ੍ਹਾਂ ਦੁਆਰਾ ਸਥਾਪਤ ਕੀਤਾ ਗਿਆ ਇਹ ਸਮਾਜ ਨਿਰੰਤਰ ਆਪਣਾ ਵਿਕਾਸ ਕਰਦਾ ਗਿਆ, ਇਸ ਦੇ ਅੰਤਰਗਤ ਹੀ ਸਿੱਖ ਰਾਜ ਦੀ ਸਥਾਪਨਾ ਹੋਈ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਦੇ ਉੱਥਲ-ਪੁੱਥਲ ਭਰੇ ਸਮੇਂ ਵਿਚ ਸਿੱਖ ਸਮਾਜ ਵਿਚ ਬਹੁਤ ਸਾਰੀਆਂ ਕੁਰੀਤੀਆਂ ਤੇ ਕਮਜ਼ੋਰੀਆਂ ਸ਼ਾਮਿਲ ਹੋ ਗਈਆਂ ਸਨ। ਸਿੱਖ ਗੁਰੂ ਸਾਹਿਬਾਨ ਨੇ ਇੱਕ ਵਿਲੱਖਣ ਸਮਾਜ ਦੀ ਸਿਰਜਨਾ ਕੀਤੀ ਸੀ, ਜਿਸ ਵਿਚ ਉਸਦੀ ਸੁੱਚੀ ਜੀਵਨ ਜਾਚ ਅਤੇ ਉੱਚੀਆਂ ਸਮਾਜਕ ਕਦਰਾਂ-ਕੀਮਤਾਂ ਨੂੰ ਪ੍ਰਮੁੱਖਤਾ ਪ੍ਰਾਪਤ ਸੀ। ਸਰਬੱਤ ਦੇ ਭਲੇ ਦੇ ਆਦਰਸ਼ ਤੋਂ ਪ੍ਰੇਰਿਤ ਇਹ ਸਮਾਜ, ਸਮਾਜਕ ਤੇ ਆਚਰਣਕ-ਬੁਰਾਈਆਂ ਤੋਂ ਕੋਹਾਂ ਦੂਰ ਸੀ ਪਰ ਸਮੇਂ ਦੀ ਤਬਦੀਲੀ ਨਾਲ

ਇਸ ਵਿਚੋਂ ਇਹ ਵਿਲੱਖਣ ਗੁਣ ਘਟਦੇ ਗਏ। ਨਾਮਧਾਰੀ ਲਹਿਰ ਦਾ ਇਕ ਉਦੇਸ਼ ਸਿੱਖ ਸਮਾਜ ਦੇ ਇਸ ਘਟ ਚੁੱਕੇ ਗੌਰਵ ਦੀ ਪੁਨਰ-ਸੁਰਜੀਤੀ ਕਰਨਾ ਵੀ ਸੀ।

ਨਾਮਧਾਰੀ ਲਹਿਰ ਦੀ ਵਾਰਤਕ ਦੇ ਅਧਿਐਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਗੁਰੂ ਰਾਮ ਸਿੰਘ ਨੇ ਜਿੱਥੇ ਸਿੱਖ ਸਮਾਜ ਨੂੰ ਧਾਰਮਕ ਅਗਵਾਈ ਦਿੱਤੀ ਉਥੇ ਉਹ ਆਪਣੇ ਸਮੇਂ ਦੇ ਮਹਾਨ ਸਮਾਜ-ਸੁਧਾਰਕ ਸਨ। ਜਿਨ੍ਹਾਂ ਨੇ ਸਮੇਂ ਸਮੇਂ ਤੇ ਆਪਣੇ ਸਮੇਂ ਦੇ ਸਮਾਜ ਵਿੱਚ ਪ੍ਰਚੱਲਿਤ ਅਨੇਕਾਂ ਬੁਰਾਈਆਂ ਦਾ ਖਾਤਮਾ ਕੀਤਾ, ਜਿਨ੍ਹਾਂ ਦੀ ਅੱਗੇ ਚਰਚਾ ਕੀਤੀ ਗਈ ਹੈ। ਉਨ੍ਹਾਂ ਨੇ ਇਕ ਉੱਚੇ-ਸੁੱਚੇ ਤੇ ਸਭਿਅਕ ਸਮਾਜ ਦੀ ਸਿਰਜਣਾ ਕਰਨ ਲਈ ਲੋਕਾਂ ਵਿਚ ਆਪਸੀ ਭਾਈਚਾਰਕ ਸਾਂਝ ਤੇ ਮਿਲਵਰਤਣ ਦੀ ਭਾਵਨਾ ਅਤੇ ਇਕ ਦੂਸਰੇ ਦੇ ਦੁੱਖ ਵਿਚ ਸ਼ਰੀਕ ਹੋਣ ਦਾ ਜ਼ਜਬਾ ਪੈਦਾ ਕਰਨ ਦਾ ਜਤਨ ਕੀਤਾ। ਇਸਦੇ ਲਈ ਉਨ੍ਹਾਂ ਨੇ ਲੋਕਾਂ ਨੂੰ ਆਪਣੀਆਂ ਬੁਨਿਆਦੀ ਜ਼ਰੂਰਤਾਂ ਈਮਾਨਦਾਰੀ ਦੀ ਕਿਰਤ ਕਮਾਈ ਨਾਲ ਪੂਰੀਆਂ ਕਰਨ ਦਾ ਉਪਦੇਸ਼ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਲੋਕਾਂ ਨੂੰ ਅੰਧ ਵਿਸ਼ਵਾਸ, ਫੋਕੇ ਕਰਮ-ਕਾਂਡ, ਜਾਤ-ਪਾਤ ਅਤੇ ਹੋਰ ਸਮਾਜਕ ਬੁਰਾਈਆਂ ਤੋਂ ਮੁਕਤ ਕਰਨ ਲਈ ਵੀ ਉਪਰਾਲੇ ਕੀਤੇ। ਕੁਝ ਰਹਿਤ ਮਰਿਆਦਾ ਦੇ ਅਸੂਲ ਵੀ ਸਥਾਪਤ ਕੀਤੇ।

ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਬਣਨ ਦੇ ਇੱਛੁਕ ਹਰ ਵਿਅਕਤੀ ਲਈ ਅੰਮ੍ਰਿਤ ਛਕਣਾ ਜ਼ਰੂਰੀ ਕਰਾਰ ਦਿੱਤਾ। ਕੂਕਿਆਂ ਦਾ ਨਿਤਨੇਮ ਅਜਿਹਾ ਬਣਾ ਦਿੱਤਾ ਗਿਆ ਜਿਸ ਨਾਲ ਉਨ੍ਹਾਂ ਦੀ ਸਮਾਜਕ ਰਹਿਣੀ-ਬਹਿਣੀ ਵਿਚ ਵੀ ਕਾਫ਼ੀ ਅੰਤਰ ਆ ਗਿਆ। ਅਜਿਹੇ ਬਹੁਤ ਸਾਰੇ ਸਾਹਿਤ ਦੀ ਸਿਰਜਣਾ ਵੀ ਹੋਣ ਲੱਗੀ ਜਿਸ ਨਾਲ ਸਮਾਜ ਦੇ ਸਮਾਜਕ ਤੇ ਸਭਿਆਚਾਰਕ ਜੀਵਨ ਉਪਰ ਕਾਫੀ ਅਸਰ ਪਿਆ, ਖ਼ਾਸ ਕਰਕੇ ਸੰਤ ਇੰਦਰ ਸਿੰਘ ਚੱਕਰਵਰਤੀ, ਸੰਤ ਨਿਧਾਨ ਸਿੰਘ ਆਲਮ, ਸੰਤ ਤਰਨ ਸਿੰਘ ਵਹਿਮੀ, ਸ੍ਰੀ ਅਮਰ ਭਾਰਤੀ ਅਤੇ ਸਰਦਾਰ ਨਾਹਰ ਸਿੰਘ, ਆਤਮਾ ਸਿੰਘ ਸਨਖਤਰਾ, ਅਵਤਾਰ ਸਿੰਘ ਆਜ਼ਾਦ, ਪ੍ਰੀਤਮ ਸਿੰਘ ਕਵੀ, ਪ੍ਰੀਤਮ ਸਿੰਘ ਪੰਛੀ, ਬਿਸ਼ਨ ਸਿੰਘ ਇਤਿਹਾਸਕਾਰ ਆਦਿ ਲੇਖਕਾਂ ਨੇ ਇਸ ਪਾਸੇ ਵਿਸ਼ੇਸ਼ ਤੌਰ ਤੇ ਆਪਣਾ ਆਪਣਾ ਯੋਗਦਾਨ ਪਾਇਆ।

ਨਾਮਧਾਰੀਆਂ ਦੇ ਸਮਾਜਕ ਜੀਵਨ ਵਿਚ ਕੁਝ ਨਿਯਮ ਵੀ ਬਣਾਏ ਗਏ ਜਿਵੇਂ ਕਿ ਸਵਾ ਪਹਿਰ ਦੇ ਤੜਕੇ ਜਾਗਣਾ, ਜੰਗਲ ਮੈਦਾਨ ਜਾ ਕੇ ਦਾਤਨ ਕਰਕੇ ਖੂਹ ਜਾਂ ਨਦੀ ਤੇ ਜਲ ਨਾਲ ਸਣੇ ਕੇਸੀਂ ਇਸ਼ਨਾਨ ਕਰਨਾ, ਪਦਮ ਆਸਣ ਬੈਠ ਕੇ ਮਾਲਾ ਫੇਰਨੀ ਤੇ ਭਜਨ ਕਰਨਾ, ਜਪ, ਜਾਪ ਦੋਹਾਂ ਨੇ ਸ਼ਬਦ ਹਜ਼ਾਰਿਆਂ ਦਾ ਪਾਠ ਕਰਨਾ, ਸੂਰਜ ਦੀ ਟਿਕੀ ਨਾਲ ਚੰਡੀ ਦੀ ਵਾਰ ਦਾ ਭੋਗ ਪਾਉਣਾ, ਉਗਰਦੰਤੀ ਦਾ ਪਾਠ ਕਰਨਾ, ਸਵੇਰੇ ਆਸਾ ਦੀ ਵਾਰ ਦਾ ਕੀਰਤਨ ਕਰਨਾ ਤੇ ਦਿਨੇ ਕਾਰ ਵਿਹਾਰ ਕਰਦਿਆਂ ਵੀ ਨਾਮ ਸਿਮਰਨ ਕਰਦੇ ਰਹਿਣਾ ਸੀ। ਕੂਕਿਆਂ ਨੂੰ ਕਿਸੇ ਪੀਰ ਫਕੀਰ, ਗੁੱਗੇ, ਭੈਰੋ, ਮਾਤਾ ਦੇਵੀ, ਠਾਕਰ ਦੁਆਰੇ ਨੂੰ ਪੂਜਣ ਦੀ ਮਨਾਹੀ ਕੀਤੀ ਗਈ।

ਨਾਮਧਾਰੀ ਪਹਿਰਾਵਾ ਵੀ ਨਵੇਕਲਾ ਸੀ, ਵਸਤਰ ਸਫੈਦ ਹੀ ਪਹਿਨਣੇ ਹੁੰਦੇ ਸਨ, ਸਿਰ ਤੇ ਸਿੱਧੀ ਦਸਤਾਰ, ਗਲ ਕਤਰਾਂ ਕੱਠੀਆਂ ਵਾਲਾ ਕੁੜਤਾ, ਤੇੜ ਬਹੀਆਂ ਵਾਲਾ ਕਛਹਿਰਾ ਤੇ ਚੂੜੀਦਾਰ ਪਜਾਮਾ, ਗਲ ਉਨ ਦੀ ਮਾਲਾ, ਪੰਜ ਕਕਾਰ ਆਦਿ।

ਧਰਮ ਸਦਾ ਸਮਾਜ ਨੂੰ ਸੇਧ ਦਿੰਦਾ ਹੈ। ਇਹ ਮਨੁੱਖ ਨੂੰ ਮੰਦੇ ਕੰਮ ਕਰਨੋ ਵਰਜਦਾ ਹੈ। ਪੁੰਨ-ਪਾਪ ਦੇ ਫਲਸਰੂਪ ਮਨੁੱਖ ਨਰਕ ਜਾਂ ਸਵਰਗ ਭੋਗਦਾ ਹੈ। ਇਸ ਡਰ ਕਰਕੇ ਮਨੁੱਖ ਕਈ ਮੰਦੇ ਕੰਮਾਂ ਤੋਂ ਬਚਿਆ ਰਹਿੰਦਾ ਹੈ। ਸਮਾਜ ਵੀ ਚੰਗਾ ਬਣਿਆ ਰਹਿੰਦਾ ਹੈ। ਇਹ ਤਾਂ ਹੀ ਹੁੰਦਾ ਹੈ ਜਦ ਮਨੁੱਖ ਕਿਸੇ ਪਹੁੰਚੇ ਵਿਅਕਤੀ ਨੂੰ ਆਪਣਾ ਗੁਰੂ ਮੰਨਦਾ ਹੈ। ਉਸਦੀ ਮੱਤ ਅਨੁਸਾਰ ਚਲਦਾ ਹੈ। ਜਦ ਮਨੁੱਖ ਗੁਰਮਤਿ ਛੱਡ ਕੇ ਮਦਮ, ਅਪਨਾ ਲੈਂਦਾ ਹੈ ਤਾਂ ਸਿਰ ਤੇ ਨਹੀਂ ਕੁੰਡਾ ਹਾਥੀ ਫਿਰੇ ਲੁੰਡਾ ਅਨੁਸਾਰ, ਉਹ ਆਪਹੁਦਰਾ ਹੋ ਜਾਂਦਾ ਹੈ। ਉਸ ਅੰਦਰ ਕਈ ਸਮਾਜਕ ਬੁਰਾਈਆਂ ਪਨਪਦੀਆਂ, ਜਨਮਦੀਆਂ ਤੇ ਵਧਦੀਆਂ ਫੁਲਦੀਆਂ ਹਨ।

ਸਤਿਗੁਰੂ ਰਾਮ ਸਿੰਘ ਦੇ ਸਮੇਂ ਸਮਾਜ ਵਿੱਚ ਅਨੇਕਾਂ ਬੁਰਾਈਆਂ ਸ਼ਾਮਲ ਹੋ ਚੁੱਕੀਆਂ ਸਨ ਖ਼ਾਸ ਕਰਕੇ ਇਸਤਰੀ ਜਾਤੀ ਦੇ ਪ੍ਰਤੀ ਤਾਂ ਸਮਾਜ ਵਿਚ ਵੱਡੀਆਂ ਬੁਰਾਈਆਂ ਵਿਕਸਤ ਹੋ ਚੁੱਕੀਆਂ ਸਨ। ਸਮਾਜ ਵਿਚ ਔਰਤ ਸਭ ਤੋਂ ਮਜ਼ਲੂਮ ਹੁੰਦੀ ਸੀ। ਉਸ ਤੇ ਸਦਾ ਜ਼ੁਲਮ ਹੁੰਦੇ ਰਹੇ, ਜਿਹੜੇ ਸਹੀ ਮਾਅਨਿਆਂ ਵਿਚ ਤਾਂ ਅਜੇ ਵੀ ਖ਼ਤਮ ਨਹੀਂ ਹੋਏ। ਉਨ੍ਹਾਂ ਦਾ ਜੰਮਦੀ ਕੁੜੀ ਨੂੰ

ਮਾਰਨਾ ਭਾਰਤ ਵਿਚ ਆਮ ਹੋ ਗਿਆ ਸੀ। ਉਸ ਨੂੰ ਮਾਰ ਕੇ ਨਾ ਕਿਸੇ ਦਾ ਜੀਅ ਖੁਸਦਾ ਨਾ ਹੀ ਕਿਸੇ ਦੀਆਂ ਆਂਦਰਾ ਨੂੰ ਧੂਹ ਪੈਂਦੀ। ਗੁਰੂ ਰਾਮ ਸਿੰਘ ਜੀ ਦਾ ਹੁਕਮ ਸੀ ਕਿ ਜੀਵ ਹੱਤਿਆ ਨਹੀਂ ਕਰਨੀ। ਏਥੋਂ ਤੱਕ ਕਿ ਕੀੜੀ ਅਤੇ ਸੱਪ ਨੂੰ ਵੀ ਨਹੀਂ ਮਾਰਨਾ। ਕੁੜੀਆਂ ਨੂੰ ਮਾਰਨਾ ਤਾਂ ਵੱਡਾ ਗੁਨਾਹ ਤੇ ਪਾਪ ਸੀ। ਸੋ ਸਤਿਗੁਰਾਂ ਨੇ ਕੁੜੀਆਂ ਮਾਰਨ ਦੀ ਉਚੇਚੇ ਤੌਰ ਤੇ ਮਨਾਹੀ ਕੀਤੀ ਕਿਉਂਕਿ ਔਰਤ ਨੂੰ ਜੀਣ ਦਾ ਹੱਕ ਕਿਸੇ ਤਰ੍ਹਾਂ ਵੀ ਮਰਦ ਨਾਲੋਂ ਘੱਟ ਨਹੀਂ।

ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀ ਜਾਤੀ ਦੇ ਸੁਧਾਰ ਲਈ ਬਹੁਤ ਸਾਰੇ ਸਿਧਾਂਤ ਘੜ ਕੇ ਉਹਨਾਂ ਨੂੰ ਅਮਲੀ ਜਾਮਾ ਪਹਿਨਾ ਕੇ, ਉਸ ਨੂੰ ਪੈਰ ਦੀ ਜੁੱਤੀ ਤੋਂ ਮਨੁੱਖ ਦੀ ਬਰਾਬਰੀ ਦਾ ਦਰਜਾ ਦੁਆਇਆ। ਇਸਤਰੀਆਂ ਨੂੰ ਸਿੱਖੀ ਰਹਿਤ ਮਰਿਆਦਾ ਕਦੀ ਕਿਸੇ ਨਹੀਂ ਸੀ ਦੱਸੀ। ਸਤਿਗੁਰੂ ਜੀ ਜੇਠ ਦੀ ਪੂਰਨਮਾਸੀ ਮੰਗਲਵਾਰ 1920 ਬਿਕਰਮੀ ਵਿਚ ਸਿਆੜ ਦੌਰੇ ਤੇ ਗਏ। ਆਸਾ ਦੀ ਵਾਰ ਦੇ ਕੀਰਤਨ ਉਪਰੰਤ ਅੰਮ੍ਰਿਤ ਤਿਆਰ ਕਰਵਾਇਆ। ਏਥੇ ਆਪਣੇ ਇਸਤਰੀਆਂ ਨੂੰ ਅੰਮ੍ਰਿਤ ਛਕਾਉਣ ਦੀ ਪਹਿਲ ਕੀਤੀ।"

ਸਿਆੜ ਵਿਚ ਅੰਮ੍ਰਿਤ ਛਕਣ ਵਾਲੀਆਂ ਇਸਤਰੀਆਂ ਵਿਚੋਂ ਖੇਮ ਕੌਰ, ਰਾਮ ਕੌਰ ਤੇ ਸਤਿਗੁਰਾਂ ਦੇ ਪਹਿਲੇ ਮਾਤਾ ਜੱਸਾਂ ਜੀ ਸਨ। ਉਨ੍ਹਾਂ ਨੂੰ ਕਛਹਿਰੇ ਪਾਉਣ, ਗੁੱਤਾਂ ਪਰਾਂਦੇ, ਜੂੜੇ ਖੋਲਣ, ਸਣਕੇਸੀਂ ਇਸ਼ਨਾਨ ਕਰਨ, ਪੰਜ ਕਰਾਰ ਦੇ ਧਾਰਨੀ ਹੋਣ ਤੇ ਨਾਮ ਸਿਮਰਨ ਕਰਨ ਦਾ ਉਪਦੇਸ਼ ਦਿੱਤਾ ਗਿਆ। ਆਪ ਨੇ ਸਫੈਦ ਬਸਤਰ ਪਹਿਨਣ, ਪਰਦੇ ਲਈ ਤੇੜ ਘਗਰੀ ਦੀ ਥਾਂ ਸੁੱਥਣ ਪਾਉਣ ਦੀ ਨਸੀਹਤ ਦਿੱਤੀ। ਆਪ ਨੇ ਰੰਗ-ਬਰੰਗੇ ਕਪੜੇ ਪਾਉਣ, ਕੰਨ ਵਿੰਨਣੇ, ਮੁਕਾਣੇ ਜਾ ਕੇ ਵੈਣ ਪਾਉਣ ਤੇ ਪਿੱਟ ਸਿਆਪਾ ਕਰਨ ਦੀ ਮਨਾਹੀ ਕੀਤੀ। ਆਪ ਨੇ ਕਿਹਾ ਕਿ ਮਨੁੱਖ ਦੀ ਜਨਮਦਾਤੀ ਔਰਤ ਹੈ। ਬੱਚੇ ਦਾ ਉਹ ਪਹਿਲਾ ਗੁਰੂ ਹੈ। ਉਸ ਦੇ ਕੰਮ, ਚਰਿੱਤਰ ਅਤੇ ਉਪਦੇਸ਼ ਦਾ ਸੰਤਾਨ ਤੇ ਸਭ ਤੋਂ ਵਧ ਅਸਰ ਹੁੰਦਾ ਹੈ। ਜਿਸ ਕੌਮ ਦੀ ਔਰਤ ਦੱਬੀ ਕੁਚਲੀ ਤੇ ਮਜਲੂਮ ਰਹੇਗੀ ਉਸਦਾ ਭਵਿੱਖ ਉਜਲਾ ਨਹੀਂ ਹੋ ਸਕਦਾ। ਇਹ ਸੋਚ ਕੇ ਹੀ ਸਤਿਗੁਰਾਂ ਅੰਮ੍ਰਿਤ ਛਕਾ ਕੇ ਇਸਤਰੀ ਜਾਤੀ ਨੂੰ ਸੰਗਤ ਤੇ ਪੰਗਤ ਵਿਚ ਪੁਰਸ਼ ਦੇ ਬਰਾਬਰ ਦਰਜਾ ਦਿੱਤਾ। ਔਰਤ ਨੂੰ ਮਰਦ ਦੇ ਬਰਾਬਰ

ਦਰਜਾ ਦੇਣ ਵਾਲੇ ਪਹਿਲੇ ਰਾਹਨੁਮਾ ਗੁਰੂ ਰਾਮ ਸਿੰਘ ਜੀ ਹੀ ਹੋਏ ਹਨ। ਸਿੱਖ ਪੰਥ ਵਿਚ ਉਸ ਸਮੇਂ ਤਕ ਗੁਰੂ ਸਾਹਿਬ ਵਿਚ ਵੀ ਮਾਈਆਂ ਨੂੰ ਅੰਮ੍ਰਿਤ ਛਕਾਉਣ ਦੀ ਮਰਿਆਦਾ ਨਹੀਂ ਸੀ। ਨਿਹੰਗ ਸਿੰਘ, ਬੁੱਢਾ ਤੇ ਧਰਨ ਵਾਲੇ ਅਜੇ ਵੀ ਔਰਤਾਂ ਨੂੰ ਅੰਮ੍ਰਿਤ ਨਹੀਂ ਛਕਾਉਂਦੇ। ਇਸਤਰੀ ਜਾਤੀ ਨੂੰ ਅੰਮ੍ਰਿਤ ਛਕਾਉਣ ਦਾ ਵਿਰੋਧ ਉਸ ਸਮੇਂ ਦੇ ਸਿੱਖਾਂ ਨੇ ਕੀਤਾ ਪਰ ਆਪ ਕਿਸੇ ਦੀ ਪਰਵਾਹ ਨਾ ਕਰਦੇ ਹੋਏ ਆਪਣੇ ਫੈਸਲਿਆਂ ਤੇ ਦ੍ਰਿੜ ਰਹੇ।

ਉਪਰੋਕਤ ਸਮਾਜਿਕ ਕੁਰੀਤੀਆਂ ਤੋਂ ਇਲਾਵਾ, ਹੋਰ ਵੀ ਅਨੇਕਾਂ ਕੁਰੀਤੀਆਂ ਸਮਾਜ ਵਿਚ ਪ੍ਰਚੱਲਤ ਸਨ ਜਿਵੇਂ ਨਸ਼ਿਆਂ ਦਾ ਸੇਵਨ, ਦਾਜ, ਕੁੜੀਆਂ ਦਾ ਵੱਟਾ ਕਰਨਾ ਆਦਿ। ਸ੍ਰੀ ਰਾਮ ਸਿੰਘ ਜੀ ਇਕ ਆਦਰਸ਼ਕ ਸਮਾਜ ਦੀ ਸਿਰਜਨਾ ਕਰਨਾ ਚਾਹੁੰਦੇ ਸਨ। ਇਸੇ ਕਰਕੇ ਆਪ ਨੇ ਕੂਕਿਆਂ ਨੂੰ ਚਰਿੱਤਰ ਨਿਰਮਾਣ ਕਰਨ ਵਾਲੇ ਅਸੂਲਾਂ ਦੀ ਪਾਲਣਾ ਕਰਨ ਦਾ ਆਦੇਸ਼ ਦਿੱਤਾ। ਆਪ ਨੇ ਕਿਸੇ ਨਾਲ ਧੱਕਾ ਕਰਨ, ਚੋਰੀ ਜਾਂ ਠੱਗੀ ਕਰਨ ਦੀ ਸਖ਼ਤ ਮਨਾਹੀ ਕੀਤੀ। ਆਪ ਦਾ ਹੁਕਮ ਸੀ ਕਿ ਬਿਗਾਨੀ ਧੀ ਜੇ ਲੱਭ ਵੀ ਪਵੇ ਤਾਂ ਵੀ ਸਵੀਕਾਰ ਨਹੀਂ ਕਰਨੀ। ਉਧਾਰ ਲੈ ਕੇ ਕਿਸੇ ਦਾ ਪੈਸਾ ਨਹੀਂ ਮਾਰਨਾ। ਵਿਆਜ਼ ਵੀ ਨਹੀਂ ਲੈਣਾ। ਦਸਾਂ ਨਹੁੰਆਂ ਦੀ ਕਿਰਤ ਕਰਨੀ ਤੇ ਹੱਕ ਹਲਾਲ ਦੀ ਕਮਾਈ ਖਾਣੀ। ਇਸ ਤਰ੍ਹਾਂ ਆਪ ਨੇ ਨਾਮਧਾਰੀਆਂ ਦੀ ਸੁਚੱਜੀ ਜੀਵਨ ਜਾਚ, ਉੱਚੀ ਸੁੱਚੀ ਰਹਿਣੀ-ਬਹਿਣੀ, ਸਹੀ ਗੁਰ ਮਰਿਆਦਾ ਨੂੰ ਲੋੜੀਂਦੇ ਸਮਾਜ ਸੁਧਾਰ ਨਾਲ ਜੋੜ ਕੇ ਇੱਕ ਇਨਕਲਾਬ ਦਾ ਮੁੱਢ ਬੱਧਾ। ਇਕ ਨਵੇਂ ਸਮਾਜ ਦਾ ਨਿਰਮਾਣ ਹੋਇਆ। ਲੋਕਾਂ ਵਿਚ ਨਵੀਂ ਚੇਤਨਾ ਅਤੇ ਜਾਗਰਤੀ ਆਈ। ਨਾਮਧਾਰੀ ਵਾਰਤਕ ਦਾ ਵਿਸ਼ਾ ਅਜਿਹੇ ਸਮਾਜ ਸੁਧਾਰ ਵੱਲ ਝੁਕਣ ਲੱਗਾ। ਫਲਸਰੂਪ ਸਮਾਜ ਵਿਚ ਵੱਡੇ ਪਰਿਵਰਤਨ ਹੋਏ।

ਵਿਆਹ ਦੀ ਰਸਮ ਅਜੇ ਪੁਰਾਣੀ ਹੀ ਚੱਲੀ ਆਉਂਦੀ ਸੀ, ਮੁੰਡੇ-ਕੁੜੀ ਦੇ ਮਾਪੇ ਕਠਪੁਤਲੀ ਸਨ, ਨਾਈ ਸਾਕ ਕਰ ਆਉਂਦਾ, ਪੰਡਤ ਸਾਹਾ ਦਿੰਦਾ। ਵਿਆਹ ਪੁਰਾਤਨ ਰੀਤੀ-ਰਿਵਾਜਾਂ ਅਨੁਸਾਰ ਕਰ ਦਿੱਤਾ ਜਾਂਦਾ। ਨਾਮਧਾਰੀ ਸਿੱਖਾਂ ਨੇ ਸਤਿਗੁਰਾਂ ਨੂੰ ਵਿਆਹ ਦੀ ਰਸਮ ਬਦਲਣ ਲਈ ਬੇਨਤੀ ਕੀਤੀ। ਆਪ ਪਹਿਲਾਂ ਹੀ ਇਸ ਬਾਰੇ ਸੋਚ ਚੁੱਕੇ ਸਨ। ਅੰਮ੍ਰਿਤਸਰ

ਵਿਸਾਖੀ ਵਾਲੇ ਦਿਨ ਇਕ ਨਿਰਨਾ ਹੋ ਗਿਆ ਕਿ ਸ਼ਾਦੀ ਦੀ ਰਸਮ ਛੇਤੀ ਬਦਲੀ ਜਾਏਗੀ। ਆਪ ਨੇ ਸ੍ਰੀ ਭੈਣੀ ਸਾਹਿਬ ਤੋਂ ਦੌਰਾ ਸ਼ੁਰੂ ਕੀਤਾ। ਰਸਤੇ ਵਿਚ ਸਿਆੜ ਪਿੰਡ ਵਿਚ ਮਾਈਆਂ ਨੂੰ ਅੰਮ੍ਰਿਤ ਛਕਾਉਣ ਦੀ ਮਰਿਆਦਾ ਤੋਰੀ ਸੀ। ਧੂੜ ਕੋਟ ਗਏ ਤਾਂ ਜੋਗਾ ਸਿੰਘ ਨੇ ਆਪਣੇ ਪਿੰਡ ਧੂੜਕੋਟ ਆਨੰਦ ਮਰਿਆਦਾ ਸ਼ੁਰੂ ਕਰਨ ਲਈ ਬੇਨਤੀ ਕੀਤੀ। ਉਸ ਦਾ ਪਿੰਡ ਛੋਟਾ ਸੀ। ਜੋਗਾ ਸਿੰਘ ਦਾ ਆਪਣਾ ਪ੍ਰਭਾਵ ਵੀ ਪਿੰਡ ਵਿਚ ਬਹੁਤ ਜ਼ਿਆਦਾ ਨਹੀਂ ਸੀ। ਨਵੀਂ ਰੀਤ ਸ਼ੁਰੂ ਹੋਣ ਸਮੇਂ ਬ੍ਰਾਹਮਣਾਂ ਦੇ ਝਗੜਾ ਕਰਨ ਦੀ ਵੀ ਉਮੀਦ ਸੀ ਕਿਉਂਕਿ ਇਸ ਮਰਿਆਦਾ ਨਾਲ ਉਨ੍ਹਾਂ ਦੀ ਉਪਜੀਵਿਕਾ ਜੁੜੀ ਹੋਈ ਸੀ। ਸੋ ਸਾਰਾ ਕੁਝ ਵਿਚਾਰ ਕੇ ਕਿਸੇ ਹੋਰ ਥਾਂ ਇਹ ਕਾਰਜ ਆਰੰਭ ਕਰਨਾ ਉਚਿਤ ਸਮਝਿਆ ਗਿਆ। ਖੋਟੇ ਜਿਲਾ ਫਿਰੋਜਪੁਰ ਦੇ ਸਮੁੰਦ ਸਿੰਘ ਨੇ ਸਤਿਗੁਰਾਂ ਨੂੰ ਉਨ੍ਹਾਂ ਦੇ ਪਿੰਡ ਮੇਲਾ ਕਰਕੇ ਨਵੀਂ ਮਰਿਆਦਾ ਦਾ ਮੁੱਢ ਬੰਨ੍ਹਣ ਲਈ ਬੇਨਤੀ ਕੀਤੀ। ਉਸ ਇਲਾਕੇ ਵਿਚ ਕੂਕਿਆਂ ਦੇ ਬਹੁਤ ਘਰ ਸਨ, ਕਈ ਘਰ ਸਰਦੇ, ਪੁੱਜਦੇ ਵੀ ਸਨ। ਇਲਾਕੇ ਵਿਚ ਉਨ੍ਹਾਂ ਦਾ ਪ੍ਰਭਾਵ ਕਾਫ਼ੀ ਸੀ। ਚੰਗਾ ਅਸਰ ਰਸੂਖ ਹੋਣ ਕਰਕੇ ਕੋਈ ਡਰ ਦੀ ਸੰਭਾਵਨਾ ਨਹੀਂ ਸੀ।

ਸੋ 2 ਅਤੇ 3 ਜੂਨ 1863 ਨੂੰ ਆਪ ਫਿਰੋਜਪੁਰ ਪਹੁੰਚ ਗਏ। ਇਸ ਇਲਾਕੇ ਵਿਚ 15 ਦਿਨ ਪ੍ਰਚਾਰ ਦੌਰੇ ਕੀਤੇ। 2 ਜੂਨ ਨੂੰ ਆਪ ਖੋਟੀਂ ਪਹੁੰਚੇ। ਨਵੀਂ ਆਨੰਦ ਮਰਿਆਦਾ ਦਾ ਆਰੰਭ ਹੋਣਾ ਲੋਕਾਂ ਲਈ ਇਕ ਅਚੰਭੇ ਵਾਲੀ ਗੱਲ ਸੀ। ਉਹ ਸਮਝਦੇ ਸਨ ਕਿ ਜਿਸ ਵੈਦਿਕ ਰੀਤੀ ਨਾਲ ਪਿਛਲੇ ਗੁਰੂ ਸਾਹਿਬਾਨ ਦੇ ਵੀ ਵਿਆਹ ਹੋਏ ਸਨ ਉਸ ਤੋਂ ਬਿਨਾਂ ਕੋਈ ਹੋਰ ਮਰਿਆਦਾ ਹੋ ਹੀ ਨਹੀਂ ਸਕਦੀ। ਨਵੀਂ ਮਰਿਆਦਾ ਨਾਲ ਹੋ ਰਹੇ ਵਿਆਹ ਨੂੰ ਵੇਖਣ ਲਈ ਲੋਕ ਵਹੀਰਾਂ ਘੱਤ ਕੇ ਆਏ। ਸੋ 2 ਜੂਨ ਨੂੰ ਤਾਂ ਸ਼ਬਦ ਕੀਰਤਨ ਹੁੰਦੇ ਰਹੇ। 3 ਜੂਨ 1863 ਨੂੰ ਅੰਮ੍ਰਿਤ ਵੇਲੇ ਪੰਡਾਲ ਵਿਚ ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਕੀਤਾ ਗਿਆ, ਵੇਦੀ ਗੱਡੀ ਗਈ, ਹਵਨ ਕੀਤਾ ਗਿਆ, ਤੇ ਜੋੜਿਆਂ ਨੂੰ ਸਣੇ ਕੇਸੀਂ ਇਸ਼ਨਾਨ ਕਰਵਾ ਕੇ ਵੇਦੀ ਵਿਚ ਬਿਠਾਇਆ ਗਿਆ। ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਗਿਆ। ਕਮਰ ਕੱਸ ਲੁਆ ਕੇ, ਕੰਨ ਵਿਚ ਗੁਰ ਮੰਤਰ ਦਿੱਤਾ ਗਿਆ, ਸ੍ਰੀ ਆਦਿ ਗ੍ਰੰਥ ਸਾਹਿਬ ਵਿਚੋਂ ਇਕ-ਇਕ ਕਰਕੇ ਚਾਰ ਲਾਵਾਂ ਪੜੀਆਂ

ਗਈਆਂ। ਹਰ ਲਾਂਵ ਪੜ੍ਹਨ ਦੇ ਨਾਲ ਹੀ ਸਭ ਵਿਆਹੇ ਜਾ ਰਹੇ ਜੋੜਿਆਂ ਨੇ ਹਵਨ ਕੁੰਡ ਦੁਆਲੇ ਸੱਜਿਓਂ ਖੱਬੇ ਫੇਰਾ ਲਾਇਆ। ਚਹੁੰ ਫੇਰਿਆਂ ਤੋਂ ਬਾਅਦ ਆਨੰਦ ਕਾਰਜ ਦੀ ਰਸਮ ਸੰਪੂਰਨ ਹੋਈ। ਆਨੰਦ ਸਾਹਿਬ ਦਾ ਕੀਰਤਨ ਕਰਨ ਬਾਅਦ ਅਰਦਾਸ ਪਿਛੋਂ ਕੜਾਹ ਪ੍ਰਸਾਦ ਵਰਤਾਇਆ ਗਿਆ। ਇਸ ਤਰ੍ਹਾਂ ਸਾਰਾ ਕਾਰਜ ਨਵੀਂ ਰਹਿਤ ਮਰਿਆਦਾ ਅਨੁਸਾਰ ਸੰਪੰਨ ਹੋ ਗਿਆ।

3 ਜੂਨ 1863 ਈ. ਬੁੱਧਵਾਰ ਦਾ ਦਿਨ ਸਿੱਖ ਇਤਿਹਾਸ ਵਿਚ ਪਹਿਲਾ ਦਿਨ ਸੀ ਜਦ ਵੈਦਿਕ ਰੀਤੀ ਨੂੰ ਤਿਆਗ ਕੇ ਗੁਰ ਮਰਿਆਦਾ ਨਾਲ ਆਨੰਦ ਕਾਰਜ ਕੀਤੇ ਗਏ। ਏਸੇ ਮਰਿਆਦਾ ਨੂੰ ਆਧਾਰ ਬਣਾ ਕੇ ਹੀ 22 ਅਕਤੂਬਰ 1909 ਈ. ਨੂੰ ਆਨੰਦ ਮਰਿਆਦਾ ਐਕਟ ਪਾਸ ਹੋਇਆ। ਬਾਅਦ ਵਿਚ ਵੱਖ ਵੱਖ ਸਿੱਖ ਫਿਰਕਿਆਂ ਨੇ ਇਸ ਵਿਚ ਮਰਜੀ ਅਨੁਸਾਰ ਤਬਦੀਲੀ ਕਰ ਲਈ।[26]

ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀ ਜਾਤੀ ਦੇ ਸੁਧਾਰ ਲਈ ਹੋਰ ਵੀ ਅਨੇਕਾਂ ਉਪਰਾਲੇ ਕੀਤੇ। ਇਸਤਰੀ ਜਾਤੀ ਜੋ ਸਮਾਜ ਦੀ ਅੱਧੀ ਵਸੋਂ ਹੈ, ਨੂੰ ਸਦੀਆਂ ਤੋਂ ਸਮਾਜ ਦੀ ਮਰਦ-ਪ੍ਰਧਾਨ ਵਿਵਸਥਾ ਦੇ ਅੰਦਰ ਗੁਲਾਮੀ ਦਾ ਜੀਵਨ ਜੀਅ ਰਹੀ ਅਤੇ ਜਨਮ ਲੈਣ ਤੋਂ ਲੈ ਕੇ ਮਰਨ ਤੱਕ ਅਤਿਆਚਾਰ ਸਹਿ ਰਹੀ ਦੇਖ ਕੇ ਉਨ੍ਹਾਂ ਨੇ ਉਸ ਦੇ ਵਿਕਾਸ ਲਈ ਜਤਨ ਆਰੰਭੇ। ਜੀਵਨ ਦੇ ਹਰ ਪੜਾਅ ਤੇ ਸਰੀਰਕ, ਮਾਨਸਕ ਤੇ ਬੌਧਿਕ ਸ਼ੋਸ਼ਣ ਦੀ ਸ਼ਿਕਾਰ ਹੋ ਰਹੀ ਇਸਤਰੀ ਜਾਤੀ ਦੀ ਸਮਾਜਕ ਸਥਿਤੀ ਨੂੰ ਸੁਧਾਰਨ ਲਈ ਨਾਮਧਾਰੀ ਗੁਰੂ ਨੇ ਕੁੱਝ ਆਧਾਰ ਸੰਕਲਪ ਤਿਆਰ ਕੀਤੇ ਅਤੇ ਸੰਕਲਪਾਂ ਦਾ ਪ੍ਰਚਾਰ ਆਪਣੇ ਪੈਰੋਕਾਰਾਂ ਵਿਚ ਕੀਤਾ। ਮੂਲ ਆਧਾਰ ਇਹ ਸਨ:

(ੳ) ਕੁੜੀਆਂ ਨੂੰ ਜੰਮਦਿਆਂ ਮਾਰਿਆ ਨਾ ਜਾਵੇ।

(ਅ) ਕੁੜੀਆਂ ਨੂੰ ਸਿੱਖਿਆ ਦਿੱਤੀ ਜਾਵੇ।

(ੲ) ਕੁੜੀਆਂ ਵੇਚੀਆ ਨਾ ਜਾਣ।

(ਸ) ਕੁੜੀਆਂ ਦਾ ਵੱਟਾ ਨਾ ਕੀਤਾ ਜਾਵੇ।

(ਹ) ਵਿਧਵਾਵਾਂ ਦੇ ਪੁਨਰ ਵਿਆਹ ਕੀਤੇ ਜਾਣ।

(ਕ) ਔਰਤ ਨੂੰ ਘਰ ਵਿਚ ਮਰਦ ਦੇ ਬਰਾਬਰ ਅਧਿਕਾਰ ਦਿੱਤੇ ਜਾਣ।

ਇਸਤਰੀ ਜਾਤੀ ਦੀ ਸਮਾਜਕ ਸਥਿਤੀ ਵਿਚ ਸੁਧਾਰ ਲਿਆਉਣ ਲਈ ਗੁਰੂ ਰਾਮ ਸਿੰਘ ਨੇ ਇਹ ਜੋ ਆਧਾਰ ਸੰਕਲਪ ਤਿਆਰ ਕੀਤੇ ਸਨ ਉਨ੍ਹਾਂ ਉਪਰ ਖ਼ੁਦ ਅਮਲ ਕਰਦਿਆਂ ਉਨ੍ਹਾਂ ਨੇ ਇਸਤਰੀ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ।

ਨਾਮਧਾਰੀ ਵਾਰਤਕ ਦੇ ਅਧਿਐਨ ਤੋਂ ਇਹ ਤੱਥ ਵੀ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਗੁਰੂ ਰਾਮ ਸਿੰਘ ਨੇ ਇਸਤਰੀਆਂ ਨੂੰ ਅੰਮ੍ਰਿਤ ਛਕਾਉਣ ਦੇ ਨਾਲ-ਨਾਲ ਉਨ੍ਹਾਂ ਦੀ ਸਮਾਜਕ ਸਥਿਤੀ ਨੂੰ ਸੁਧਾਰਨ ਲਈ ਵੀ ਕੋਈ ਕਸਰ ਬਾਕੀ ਨਾ ਛੱਡੀ। ਉਨ੍ਹਾਂ ਨੇ ਲੜਕੀਆਂ ਦੇ ਵਿਆਹ ਬਿਨਾਂ ਦਾਜ-ਦਹੇਜ ਦੇ ਕਰਨ ਦੀ ਅਤੇ ਅੰਤਰ-ਜਾਤੀ ਵਿਆਹ ਕਰਨ ਦੀ ਪਰੰਪਰਾ ਵੀ ਕਾਇਮ ਕੀਤੀ। ਉਨ੍ਹਾਂ ਨੇ ਆਪਣੇ ਸਮਕਾਲੀ ਸਮਾਜ ਵਿਚ ਪ੍ਰਚਲਿਤ ਵਿਆਹ ਪ੍ਰਥਾ ਵਿਚ ਬਹੁਤ ਸਾਰੀਆਂ ਬੁਰਾਈਆਂ ਦੇਖੀਆਂ ਅਤੇ ਇਨ੍ਹਾਂ ਨੂੰ ਦੂਰ ਕਰਨ ਲਈ ਉਪਰਾਲੇ ਕੀਤੇ। ਇਨ੍ਹਾਂ ਬੁਰਾਈਆਂ ਵਿਚੋਂ ਦਾਜ ਦੀ ਪ੍ਰਥਾ ਉਨ੍ਹਾਂ ਦੇ ਸਮਕਾਲੀ ਸਮਾਜ ਵਿਚ ਇਕ ਲਾਹਨਤ ਦਾ ਰੂਪ ਧਾਰਨ ਕਰ ਚੁੱਕੀ ਸੀ, ਜਿਸ ਦੇ ਫਲਸਰੂਪ ਕਈ ਗਰੀਬ ਪਰਿਵਾਰ ਆਪਣੀਆਂ ਲੜਕੀਆਂ ਨੂੰ ਜੰਮਦਿਆਂ ਹੀ ਮਾਰ ਦਿੰਦੇ ਸਨ। ਵਿਆਹੀਆਂ ਲੜਕੀਆਂ ਨਾਲ ਉਨ੍ਹਾਂ ਦੇ ਸਹੁਰੇ ਘਰ ਵਿਚ ਅੱਤਿਆਚਾਰ ਵਾਲਾ ਵਿਵਹਾਰ ਕੀਤਾ ਜਾਂਦਾ ਸੀ। ਇਨ੍ਹਾਂ ਕੁਝ ਕਾਰਨਾਂ ਕਰਕੇ ਆਰਥਕ ਪੱਖੋਂ ਖ਼ੁਸ਼ਹਾਲ ਪਰਿਵਾਰ ਵੀ ਆਪਣੀਆਂ ਧੀਆਂ ਨੂੰ ਜੰਮਦਿਆਂ ਹੀ ਮਾਰ ਦਿੰਦੇ ਸਨ। ਇਸ ਪ੍ਰਕਾਰ ਉਸ ਸਮੇਂ ਦੇ ਸਮਾਜ ਵਿਚ ਔਰਤ ਦੀ ਕੋਈ ਆਪਣੀ ਸੁਤੰਤਰ ਹੋਂਦ ਨਹੀਂ ਸੀ। ਉਹ ਇਕ ਵਸਤੂ ਬਣ ਕੇ ਰਹਿ ਗਈ ਸੀ ਜਿਸ ਨੂੰ ਵੇਚਿਆ ਤੇ ਵੱਟਿਆ ਜਾ ਸਕਦਾ ਸੀ। ਇਸਤਰੀ ਜਾਤੀ ਦੀ ਸਥਿਤੀ ਨਾਲ ਸੰਬੰਧਿਤ ਇਨ੍ਹਾਂ ਸਮਾਜਕ ਬੁਰਾਈਆਂ ਦਾ ਗੁਰੂ ਰਾਮ ਸਿੰਘ ਜੀ ਨੇ ਸਖ਼ਤ ਸ਼ਬਦਾਂ ਵਿਚ ਵਿਰੋਧ ਕੀਤਾ ਅਤੇ ਆਪਣੇ ਪੈਰੋਕਾਰਾਂ ਨੂੰ ਇਸਤਰੀ ਜਾਤੀ ਦੇ ਸੁਧਾਰ ਲਈ ਵਿਹਾਰਕ ਕਦਮ ਚੁੱਕਣ ਵੱਲ ਪ੍ਰੇਰਿਆ। ਉਨ੍ਹਾਂ ਨੇ ਆਪਣੀ ਜਲਾਵਤਨੀ ਦੌਰਾਨ ਨਾਮਧਾਰੀ ਸੰਗਤ ਨੂੰ ਜਿਹੜੇ ਹੁਕਮਨਾਮੇ ਲਿਖ ਕੇ ਭੇਜੇ ਉਨ੍ਹਾ ਵਿਚ ਵੀ ਇਨ੍ਹਾਂ ਸਮਾਜਕ ਬੁਰਾਈਆਂ ਨੂੰ ਖਤਮ ਕਰਨ ਉਤੇ ਜ਼ੋਰ ਦਿੱਤਾ ਗਿਆ ਹੈ।

ਨਾਮਧਾਰੀ ਲਹਿਰ ਦੀ ਵਾਰਤਕ ਦੇ ਅਧਿਐਨ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਨਾਮਧਾਰੀ ਵਾਰਤਕ ਲੇਖਕ ਆਪਣੀ ਰਚਨਾ ਵਿਚ ਪੰਜਾਬੀ ਸਭਿਆਚਾਰ ਅਤੇ ਇਸ ਦੇ ਅੰਤਰਗਤ ਨਾਮਧਾਰੀ ਸਭਿਆਚਾਰ ਦੀ ਪੇਸ਼ਕਾਰੀ ਇਕ ਵਿਸ਼ੇਸ਼ ਦ੍ਰਿਸ਼ਟੀ ਤੋਂ ਕਰਦੇ ਹਨ। ਨਾਮਧਾਰੀ ਸਤਿਗੁਰੂ ਜੀ ਨੇ ਜਿਸ ਜੀਵਨ-ਜਾਚ ਨੂੰ ਅਪਨਾਉਣ ਉਤੇ ਜ਼ੋਰ ਦਿੱਤਾ ਸੀ ਉਸ ਦੀ ਅਭਿਵਿਅਕਤੀ ਇਸ ਵਾਰਤਕ ਵਿਚ ਹੋਈ ਹੈ। ਇਸ ਦੇ ਨਾਲ ਹੀ ਪੰਜਾਬੀ ਸਭਿਆਚਾਰ ਦੇ ਜੋ ਨਿਖੜਵੇਂ ਅਤੇ ਵਿਲੱਖਣ ਗੁਣ-ਲੱਛਣ ਹਨ, ਉਨ੍ਹਾਂ ਨੂੰ ਇਸ ਵਾਰਤਕ ਦੀਆਂ ਵਿਭਿੰਨ ਵਿਧੀਆਂ ਰਾਹੀਂ ਉਜਾਗਰ ਕੀਤਾ ਗਿਆ ਹੈ।

ਸਾਹਿਤ ਅਤੇ ਸਭਿਆਚਾਰ ਵਿਚਾਲੇ ਅਨਿੱਖੜ ਸੰਬੰਧ ਹਨ। ਹਰ ਸਮਾਜ ਦੇ ਸਾਹਿਤ ਵਿਚ ਉਸ ਦੇ ਸਭਿਆਚਾਰ ਦਾ ਪ੍ਰਗਟਾਵਾ ਚੇਤਨ ਜਾਂ ਅਚੇਤਨ ਤੌਰ 'ਤੇ ਹੁੰਦਾ ਹੈ। ਇਸ ਤਰ੍ਹਾਂ ਸੰਬੰਧਿਤ ਸਭਿਆਚਾਰ ਦੀ ਪਰੰਪਰਾ ਨੂੰ ਸਮਝਣ, ਜਾਣਨ ਤੇ ਮੁਲੰਕ੍ਰਿਤ ਕਰਨ ਲਈ ਸਾਹਿਤ ਦਾ ਅਧਿਐਨ ਵੀ ਕਾਫੀ ਹੱਦ ਤੱਕ ਸਹਾਇਕ ਹੁੰਦਾ ਹੈ। ਸਭਿਆਚਾਰ ਮਨੁੱਖ ਦੇ ਸਮੁੱਚੇ ਜੀਵਨ ਵਿਹਾਰ ਨਾਲ ਸੰਬੰਧ ਰੱਖਦਾ ਹੈ ਜਿਸ ਕਰਕੇ ਇਸਦਾ ਘੇਰਾ ਬਹੁਤ ਵਿਸ਼ਾਲ ਹੈ। ਸਾਹਿਤ ਸਭਿਆਚਾਰ ਦੇ ਇਕ ਅੰਗ ਵਜੋਂ ਸਮਾਜ ਵਿਚ ਆਪਣੀ ਭੂਮਿਕਾ ਨਿਭਾਉਂਦਾ ਹੈ। ਇਸ ਸੰਬੰਧ ਵਿਚ ਜੀਤ ਸਿੰਘ ਜੋਸ਼ੀ ਦੇ ਵਿਚਾਰ ਵਿਚਾਰਨਯੋਗ ਹਨ। "ਸਾਹਿਤ ਨਾ ਕੇਵਲ ਸਭਿਆਚਾਰ ਦਾ ਇਕ ਅੰਗ ਮਾਤਰ ਹੀ ਹੈ; ਸਗੋਂ ਇਸ ਦੇ ਸੰਚਾਰ ਧਰਮ ਦੀ ਪੂਰਤੀ ਕਰਦਾ, ਇਸ ਨੂੰ ਸੰਭਾਲਣ ਦਾ ਕਾਰਜ ਵੀ ਕਰਦਾ ਹੈ।"[27]

ਇਸ ਤੋਂ ਸਪਸ਼ਟ ਹੈ ਕਿ ਸਾਹਿਤ ਸਭਿਆਚਾਰ ਦਾ ਇਕ ਪ੍ਰਮੁੱਖ ਸੰਚਾਰ ਮਾਧਿਅਮ ਹੈ, ਜੋ ਸਭਿਆਚਾਰ ਦੇ ਤੱਥਾਂ ਨੂੰ ਸੰਭਾਲਣ ਅਤੇ ਉਨ੍ਹਾਂ ਨੂੰ ਸੰਚਾਰਿਤ ਕਰਨ ਦੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸਾਹਿਤ ਅਤੇ ਸਭਿਆਚਾਰ ਦੋਹਾਂ ਦੇ ਸੰਬੰਧਾਂ ਵਿਚ ਕੋਈ ਸੀਮਾ ਰੇਖਾ ਨਹੀਂ ਖਿੱਚੀ ਜਾ ਸਕਦੀ। ਇਨ੍ਹਾਂ ਦੋਹਾਂ ਵਿਚ ਬੜਾ ਡੂੰਘਾ ਪਰ ਦਵੰਦਾਤਮਕ ਸੰਬੰਧ ਹੈ। ਇਹ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਵੀ ਹਨ ਅਤੇ ਇਕ ਦੂਜੇ ਤੋਂ ਪ੍ਰਭਾਵਿਤ ਹੁੰਦੇ ਵੀ ਹਨ।

ਪੰਜਾਬੀ ਸਭਿਆਚਾਰ ਅਤੇ ਨਾਮਧਾਰੀ ਸਭਿਆਚਾਰ ਵਿਚਕਾਰ ਮੁੱਖ ਸਭਿਆਚਾਰ ਅਤੇ ਉਪ ਸਭਿਆਚਾਰ ਵਾਲਾ ਸੰਬੰਧ ਹੈ। ਪੰਜਾਬੀ ਸਭਿਆਚਾਰ ਮੁੱਖ ਇਕਾਈ ਹੈ ਤੇ ਨਾਮਧਾਰੀ ਸਮਾਜ ਉਸ ਦੇ ਉਪ-ਸਭਿਆਚਾਰ ਦੇ ਤੌਰ ਤੇ ਸਥਾਪਤ ਹੁੰਦਾ ਹੈ।

"ਕੋਈ ਵੀ ਮਨੁੱਖੀ ਜਨ-ਸਮੂਹ ਜਾਂ ਸਮਾਜ ਇਕਸਾਰ ਬਣਤਰ ਵਾਲਾ ਨਹੀਂ ਹੁੰਦਾ, ਉਸ ਵਿਚ ਕਿੱਤੇ, ਰੁਤਬੇ, ਜਮਾਤ, ਧਰਮ, ਇਲਾਕੇ, ਵਿੱਦਿਆ, ਭਾਸ਼ਾਈ ਫ਼ਰਕਾਂ ਆਦਿ ਦੇ ਆਧਾਰ ਉਤੇ ਅੱਗੋ ਉਪ-ਸਮੂਹ ਬਣੇ ਹੁੰਦੇ ਹਨ। ਇਹ ਉਪ ਸਮੂਹ ਆਪਣੇ ਵੱਡੇ ਜਨ-ਸਮੂਹ ਨਾਲ ਜਾਂ ਸਮਾਜ ਨਾਲ ਵਧੇਰੇ ਸਾਂਝ ਰੱਖਦੇ ਹੋਏ ਵੀ ਕੁਝ ਵਿਲੱਖਣ ਤੱਤ ਰੱਖਦੇ ਹਨ।"[28]

ਨਾਮਧਾਰੀ ਸਭਿਆਚਾਰ ਪੰਜਾਬੀ ਸਭਿਆਚਾਰ ਨਾਲ ਸਾਂਝ ਰੱਖਣ ਦੇ ਬਾਵਜੂਦ ਧਾਰਮਕ ਅਤੇ ਸਮਾਜਕ ਤੌਰ ਤੇ ਵਿਲੱਖਣ ਹੈ।

ਨਾਮਧਾਰੀ ਵਾਰਤਕ ਦਾ ਸਭਿਆਚਾਰਕ ਦ੍ਰਿਸ਼ਟੀ ਤੋਂ ਅਧਿਐਨ ਕਰਦਿਆਂ ਸਪਸ਼ਟ ਹੁੰਦਾ ਹੈ ਕਿ ਇਸ ਦਾ ਮੁੱਖ ਮਨੋਰਥ ਲੋਕਾਂ ਵਿਚ ਆਪਣੇ ਸਮਾਜਕ ਸਭਿਆਚਾਰਕ ਵਿਰਸੇ ਪ੍ਰਤਿ ਸਤਿਕਾਰ ਪੈਦਾ ਕਰਨਾ ਅਤੇ ਲੋਕਾਂ ਦੀਆਂ ਦੇਸ਼-ਪ੍ਰੇਮ ਦੀਆਂ ਭਾਵਨਾਵਾਂ ਨੂੰ ਉਭਾਰ ਕੇ ਗੁਲਾਮੀ ਵਿਰੁੱਧ ਚੇਤੰਨਤਾ ਪੈਦਾ ਕਰਨਾ ਸੀ। ਇਸ ਵਾਰਤਕ ਵਿਚ ਦੇਸ਼ ਪਿਆਰ ਤੋਂ ਪ੍ਰੇਰਿਤ ਰਾਸ਼ਟਰੀ ਚੇਤਨਾ ਨੂੰ ਬੜੇ ਜ਼ੋਰਦਾਰ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਵਾਰਤਕ ਦੇ ਪਾਤਰ ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਾਉਣ ਲਈ ਦੇਸ਼ ਤੋਂ ਕੁਰਬਾਨ ਹੋਣ ਦਾ ਪ੍ਰਬਲ ਜਜਬਾ ਰੱਖਦੇ ਹਨ। ਪੰਜਾਬੀ ਸਭਿਆਚਾਰ ਵਿਚ "ਬਾਰ ਪਰਾਇਐ ਬੈਸਣਾ ਸਾਈ ਮੁਝੇ ਨ ਦੇਹਿ" ਵਾਲਾ ਰਵੱਈਆ ਪੰਜਾਬੀ ਸਭਿਆਚਾਰ ਦਾ ਇਕ ਪ੍ਰਮੁੱਖ ਪਛਾਣ ਚਿੰਨ੍ਹ ਬਣਿਆ ਹੈ। ਪੰਜਾਬੀ ਲੋਕ ਗੁਲਾਮੀ ਦੇ ਜੀਵਨ ਨਾਲੋਂ ਆਜ਼ਾਦੀ ਲਈ ਮਰ ਜਾਣਾ ਬਿਹਤਰ ਸਮਝਦੇ ਹਨ। ਉਨ੍ਹਾਂ ਦੇ ਸੁਭਾਅ ਦੀ ਇਸੇ ਵਿਸ਼ੇਸ਼ਤਾ ਦੀ ਪੇਸ਼ਕਾਰੀ ਨਾਮਧਾਰੀ ਵਾਰਤਕ ਵਿਚ ਵੀ ਬੜੇ ਪ੍ਰਭਾਵਸ਼ਾਲੀ ਰੂਪ ਵਿਚ ਹੋਈ ਹੈ। ਇਸ ਸੰਕਲਪ ਉਤੇ ਵਿਹਾਰਕ ਅਮਲ ਕਰਦਿਆਂ ਨਾਮਧਾਰੀ ਗੁਰੂ ਰਾਮ ਸਿੰਘ ਆਪਣੀਆਂ ਅੰਗਰੇਜ਼ ਵਿਰੋਧੀ ਨੀਤੀਆਂ ਅਤੇ ਅਮਲਾਂ ਕਾਰਨ ਜਲਾਵਤਨ ਹੋਏ ਅਤੇ ਉਨ੍ਹਾਂ ਦੇ ਪੈਰੋਕਾਰਾਂ ਨੂੰ ਸ਼ਹੀਦ ਕਰ ਦਿੱਤਾ

ਗਿਆ। ਨਾਮਧਾਰੀ ਗੁਰੂ ਨੇ ਅੰਗਰੇਜ਼ ਸਰਕਾਰ ਦੀਆਂ ਦਮਨਕਾਰੀ ਨੀਤੀਆਂ ਦੇ ਬਾਵਜੂਦ ਉਸ ਵਿਰੁੱਧ ਆਪਣੀ ਲੜਾਈ ਜਾਰੀ ਰੱਖੀ। ਨਾਮਧਾਰੀ ਗੁਰੂ ਅਤੇ ਨਾਮਧਾਰੀ ਪੈਰੋਕਾਰਾਂ ਦੀ ਇਸ ਆਜ਼ਾਦ ਤਬੀਅਤ ਨੂੰ ਵੀ ਇਸ ਵਾਰਤਕ ਵਿਚ ਰੂਪਮਾਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਇਸ ਵਾਰਤਕ ਵਿਚ ਅਜਿਹੇ ਸ਼ਹੀਦਾਂ ਦੇ ਨਾਮਾਂ ਤੇ ਲੱਗਣ ਵਾਲੇ ਸ਼ਹੀਦੀ ਮੇਲਿਆਂ ਦਾ ਜ਼ਿਕਰ ਵੀ ਕੀਤਾ ਗਿਆ ਮਿਲਦਾ ਹੈ। ਸੰਤ ਤਰਨ ਸਿੰਘ ਜੀ ਵਹਿਮੀ ਲਿਖਦੇ ਹਨ:

"ਮੁਠੱਡਿਆਂ ਦਾ ਇਹ ਮੇਲਾ ਸ਼ਹੀਦਾਂ ਮਲੇਰ ਕੋਟਲੇ ਵਾਲਿਆਂ ਨਮਿਤ ਲਿਖਦਿਆਂ ਸੰਤ ਕਾਲਾ ਸਿੰਘ ਜੀ ਦੇ ਲਿਖੇ 'ਚੋਂ ਮੈਂ ਕੁਝ ਮਦਦ ਲਈ ਹੈ। ਸੰਤ ਜੀ ਨੇ ਗੁਰੂ ਹਰੀ ਸਿੰਘ ਜੀ ਤੱਕ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਤਕ ਦਾ ਭੀ ਕੁਝ ਹਾਲ ਲਿਖਿਆ ਹੈ:

"ਪੰਜ, ਛੇ, ਸੱਤ ਮਾਘ ਮੇਲਾ ਸੀ। ਪਹਿਲੇ ਦੋ ਦਿਨ ਤੋਂ ਸਭ ਹਿੰਦੂ, ਮੁਸਲਮਾਨ ਤੇ ਸਿੱਖ ਨੇੜੇ-ਤੇੜੇ ਦੇ ਦੇਸ਼ ਭਗਤ ਫਲੌਰ ਪੁੱਜੇ ਹੋਏ ਸਨ। ਸਤਿਗੁਰੂ ਜੀ ਦਾ ਫਲੌਰੋਂ ਲੈ ਮੁਠੱਡਿਆਂ ਤਕ ਜਲੂਸ ਕੱਢ, ਜੈਕਾਰਿਆਂ, ਬੰਦੇ ਮਾਤਰਮ ਤੇ ਅੱਲਾ-ਹੂ ਅਕਬਰ ਦੇ ਅਵਾਜਿਆਂ 'ਚ ਸੁਆਗਤ ਕੀਤਾ ਗਿਆ, ਕਿਉਂਕਿ ਸਤਿਗੁਰੂ ਜੀ ਹੀ ਇਸ ਸ਼ਹੀਦੀ ਮੇਲੇ ਦੇ ਪ੍ਰਧਾਨ ਸੀ। ਮੁਠੱਡੀਂ ਪੁੱਜ ਸਤਿਗੁਰੂ ਜੀ ਵੱਲੋਂ ਐਡਰੈਸ ਵਿਚ ਨਾਮਧਾਰੀ ਇਤਿਹਾਸ ਦੇ ਖਾਸ ਕਾਰਨਾਮੇ ਤੇ ਔਖੀਆਂ ਬੀਤੀਆਂ ਦੱਸੀਆਂ ਗਈਆਂ ਤੇ ਸਭ ਆਏ ਨੂੰ ਆਪਣੇ ਗੋਰੇ ਨਾਲ ਤਦੋਂ ਤੋਂ ਹੁਣ ਤੱਕ ਦੇ ਵਰਤਾਉ ਤੇ ਅਸੂਲ ਨਾ-ਮਿਲਵਰਤਣ ਦੇ ਦਸੇ ਗਏ ਸੀ।"[29]

ਇਹੀ ਨਹੀਂ ਨਾਮਧਾਰੀ ਵਾਰਤਕ ਵਿਚ ਉਨ੍ਹਾਂ ਦੇ ਗੁਰੂਆਂ ਦੁਆਰਾ ਕੁੱਟ-ਕੁੱਟ ਕੇ ਭਰੇ ਗਏ ਜਜਬੇ ਨੂੰ ਵੀ ਪ੍ਰਸਤੁਤ ਕੀਤਾ ਮਿਲਦਾ ਹੈ। ਨਾਮਧਾਰੀ ਗੁਰੂਆਂ ਅਨੁਸਾਰ ਉਹੀ ਕੌਮ ਤਰੱਕੀ ਕਰ ਸਕਦੀ ਹੈ ਜਿਸਦਾ ਸਭਿਆਚਾਰਕ ਵਿਰਸਾ ਅਮੀਰ ਅਤੇ ਆਜ਼ਾਦ ਹੋਵੇ। ਜੋ ਕੌਮ ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜੀ ਹੋਵੇਗੀ ਉਸ ਦਾ ਸਭਿਆਚਾਰਕ ਪਤਨ ਨਿਸ਼ਚਿਤ ਹੈ। ਇਸੇ ਕਰਕੇ ਗੁਰੂ ਜੀ ਨੇ ਭਾਰਤੀਆਂ ਨੂੰ ਆਪਣੇ ਸਭਿਆਚਾਰਕ ਵਿਰਸੇ ਵੱਲ ਖ਼ਾਸ ਧਿਆਨ ਦੇਣ ਤੇ ਜ਼ੋਰ ਦਿੱਤਾ। ਗੁਰੂ ਰਾਮ ਸਿੰਘ ਨੇ ਦੇਖਿਆ ਕਿ ਅੰਗਰੇਜ਼ ਸਰਕਾਰ ਭਾਰਤ ਉਤੇ ਰਾਜਨੀਤਕ ਪੱਧਰ ਤੇ ਤਾਂ ਕਾਬਜ਼ ਹੈ

ਹੀ, ਇਸ ਦੇ ਨਾਲ ਹੀ ਉਹ ਭਾਰਤ ਦਾ ਆਰਥਕ ਸ਼ੋਸ਼ਣ ਵੀ ਕਰ ਰਹੀ ਹੈ। ਅੰਗਰੇਜ਼ਾਂ ਨੇ ਭਾਰਤ ਨੂੰ ਆਪਣਾ ਮਾਲ ਵੇਚਣ ਦੀ ਮੰਡੀ ਬਣਾਇਆ ਹੈ ਜਿਸ ਦੇ ਫਲਸਰੂਪ ਭਾਰਤ ਵਿਚ ਵਿਦੇਸ਼ੀ ਵਸਤਾਂ ਦੀ ਭਰਮਾਰ ਹੈ। ਇਸ ਨਾਲ ਭਾਰਤੀਆਂ ਨੂੰ ਦੋਹਰਾ ਨੁਕਸਾਨ ਹੋ ਰਿਹਾ ਹੈ। ਇਕ ਇਹ ਕਿ ਭਾਰਤ ਦਾ ਕਾਰੀਗਰ ਬੇਰੁਜ਼ਗਾਰ ਹੋ ਰਿਹਾ ਹੈ ਅਤੇ ਦੂਜਾ ਇਹ ਕਿ ਭਾਰਤੀ ਸਮਾਜ ਉਤੇ ਅੰਗਰੇਜ਼ੀ ਸਭਿਆਚਾਰ ਆਪਣੀ ਛਾਪ ਲਾਈ ਜਾ ਰਿਹਾ ਹੈ ਅਤੇ ਭਾਰਤ ਦਾ ਵਿਰਸਾ ਖਤਮ ਹੋ ਰਿਹਾ ਹੈ। ਪੰਜਾਬੀ ਅਤੇ ਭਾਰਤੀ ਸਭਿਆਚਾਰ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਨਾਮਧਾਰੀ ਗੁਰੂ ਨੇ ਅੰਗਰੇਜ਼ੀ ਮਿੱਲਾਂ ਦੁਆਰਾ ਬਣੇ ਕੱਪੜੇ ਨੂੰ ਤਿਆਗਣ ਤੇ ਜ਼ੋਰ ਦਿੱਤਾ ਅਤੇ ਆਪਣੇ ਦੇਸ਼ ਵਿਚ ਹੱਥ ਦੇ ਬਣੇ ਖੱਦਰ ਦੇ ਚਿੱਟੇ ਕੱਪੜੇ ਪਹਿਨਣ ਦੀ ਰੀਤ ਚਲਾ ਕੇ ਸਮਾਜ ਨੂੰ ਇਕ ਨਵੀਂ ਪਰੰਪਰਾ ਵਿਚ ਬੰਨ੍ਹਣ ਦਾ ਜਤਨ ਕੀਤਾ।

ਨਾਮਧਾਰੀ ਗੁਰੂ ਰਾਮ ਸਿੰਘ ਨੇ ਆਪਣੇ ਪੈਰੋਕਾਰਾਂ ਨੂੰ ਅੰਗਰੇਜ਼ੀ ਮਾਲ ਦਾ ਪੂਰਨ ਤੌਰ ਤੇ ਬਾਈਕਾਟ ਕਰਨ ਦਾ ਹੁਕਮ ਦਿੱਤਾ। ਉਨ੍ਹਾਂ ਨੇ ਅੰਗਰੇਜ਼ ਸਰਕਾਰ ਦੁਆਰਾ ਭਾਰਤੀਆਂ ਦੇ ਆਰਥਕ ਸ਼ੋਸ਼ਣ ਨੂੰ ਖ਼ਤਮ ਕਰਨ ਲਈ ਅੰਗਰੇਜ਼ੀ ਕੰਪਨੀਆਂ ਦੁਆਰਾ ਤਿਆਰ ਕੀਤੀ ਹਰ ਵਸਤੂ ਨੂੰ ਤਿਆਗਣ ਲਈ ਕਿਹਾ। ਉਨ੍ਹਾਂ ਦਾ ਮਤ ਸੀ ਕਿ ਸਵਦੇਸ਼ੀ ਵਸਤੂਆਂ ਨੂੰ ਅਪਣਾਉਣ ਨਾਲ ਭਾਰਤੀਆਂ ਨੂੰ ਦੋਹਰਾ ਲਾਭ ਹੋਵੇਗਾ। ਪਹਿਲਾ ਇਹ ਕਿ ਭਾਰਤੀ ਲੋਕਾਂ ਨੂੰ ਆਰਥਕ ਲਾਭ ਹੋਵੇਗਾ ਅਤੇ ਦੂਸਰਾ ਇਹ ਕਿ ਭਾਰਤ ਦੇ ਸਭਿਆਚਾਰਕ ਵਿਰਸੇ ਦੀ ਸੰਭਾਲ ਹੋਵੇਗੀ। ਗੁਰੂ ਜੀ ਨੇ ਵਿਦੇਸ਼ੀ ਵਸਤਰਾਂ ਅਤੇ ਵਸਤੂਆਂ ਦੇ ਨਾਲ ਨਾਲ ਅੰਗਰੇਜ਼ ਸਰਕਾਰ ਦੁਆਰਾ ਸਥਾਪਤ ਸਕੂਲਾਂ, ਕਾਲਜਾਂ, ਅਦਾਲਤਾਂ, ਡਾਕਘਰਾਂ, ਸੜਕਾਂ, ਰੇਲ ਗੱਡੀਆਂ ਅਤੇ ਨਹਿਰਾਂ ਦਾ ਬਾਈਕਾਟ ਕਰਨ ਦਾ ਅਮਲ ਵੀ ਆਰੰਭਿਆ। ਉਨ੍ਹਾਂ ਦੀ ਇਹ ਧਾਰਨਾ ਸੀ ਕਿ ਅੰਗਰੇਜ਼ ਸਰਕਾਰ ਨੇ ਸਕੂਲ ਅਤੇ ਕਾਲਜ ਭਾਰਤੀ ਲੋਕਾਂ ਨੂੰ ਮਾਨਸਕ ਤੌਰ 'ਤੇ ਗੁਲਾਮ ਕਰਨ ਲਈ ਖੋਲੇ ਹਨ ਤਾਂ ਕਿ ਉਹ ਕਲਰਕ ਪੈਦਾ ਕਰ ਸਕਣ ਅਤੇ ਜਿਹੜੇ ਬੱਚੇ ਅੰਗਰੇਜ਼ੀ ਮਿਸ਼ਨ ਸਕੂਲਾਂ ਵਿਚ ਪੜ੍ਹ ਰਹੇ ਹਨ, ਉਹ ਆਪਣੇ ਭਾਰਤੀ ਸਭਿਆਚਾਰ ਤੋਂ ਪੂਰੀ ਤਰ੍ਹਾਂ ਟੁੱਟ ਰਹੇ ਹਨ। ਭਾਰਤ ਦਾ ਸਭਿਆਚਾਰਕ ਵਿਰਸਾ ਬੜਾ

ਅਮੀਰ ਹੈ ਅਤੇ ਇਹ ਆਉਣ ਵਾਲੀ ਪੀੜ੍ਹੀ ਦੇ ਜਤਨਾ ਸਦਕਾ ਹੀ ਅਮੀਰ ਰਹਿ ਸਕੇਗਾ। ਇਸ ਕਰਕੇ ਉਨ੍ਹਾਂ ਨੇ ਆਪਣੇ ਸਭਿਆਚਾਰ ਨਾਲ ਜੁੜੇ ਰਹਿਣ ਦੀ ਲੋੜ ਉਤੇ ਜ਼ੋਰ ਦਿੱਤਾ ਹੈ। ਨਾਮਧਾਰੀ ਗੁਰੂ ਦੀ ਨਾ-ਮਿਲਵਰਤਨ ਦੀ ਨੀਤੀ ਸੰਬੰਧੀ ਤਰਨ ਸਿੰਘ ਜੀ ਵਹਿਮੀ 'ਜੱਸ ਜੀਵਨ' ਵਿਚ 'ਈਸਾਈ ਫਿਰ ਸਿੱਖ' ਸਿਰਲੇਖ ਅਧੀਨ ਲਿਖਦੇ ਹਨ:

"ਸੰਤ ਜੀ ਜਮਾਨਤ ਤੇ ਆਪਣੇ ਨਾਨਕੇ ਘਰਜਾਖ ਗੁਜਰਾਂਵਾਲੇ ਕੋਲ ਰਹਿੰਦੇ ਤੇ ਸਿੰਘ ਸਭੀਆਂ ਦੇ ਯਤੀਮਖਾਨੇ ਜਾ ਮੁੰਡਿਆਂ ਤੇ ਉਨ੍ਹਾਂ ਦੇ ਪੜ੍ਹਨ ਵਾਲਿਆਂ ਵਿਚ ਕੂਕਪੁਣੇ ਦਾ ਪ੍ਰਚਾਰ ਕਰਦੇ। ਅੰਗਰੇਜ਼ ਏਨੀ ਦਿਨੀ ਲਬ ਪਾ, ਲੋਕਾਂ ਨੂੰ ਈਸਾਈ ਬਣਾਂਦੇ ਸੀ। ਹਰ ਸ਼ਹਿਰ, ਪਿੰਡ ਵਿਚ ਆਪਣੇ ਮਿਸ਼ਨ ਵੱਲੋਂ ਮੇਮਾਂ ਤੇ ਪਾਦਰੀ ਫੇਰ ਪੁਸਤਕਾਂ ਮੁਫਤ ਆਪਣੇ ਮਤ ਦੀਆਂ ਵੰਡਦੇ ਸੀ। ਸੰਤ ਜੀ ਨਾਲ ਇਕ ਅੰਗਰੇਜ਼ ਪਾਦਰੀ ਦੇ ਗੋਸਟ ਹੋਈ। ਉਸ ਸੰਤ ਜੀ ਦਾ ਸਾਰਾ ਹਾਲ ਸੁਣ, ਸੰਤ ਜੀ ਨੂੰ ਈਸਾਈ ਬਨਾਣਾ ਚਾਹਿਆ, ਚਾਰ ਇਲਮ ਪੜ੍ਹਿਆ ਤੇ ਚੰਗਾ ਬੁਲਾਰਾ ਜਾਣ। ਸੰਤ ਜੀ ਹਦੂਦ ਬੰਦੀ ਤੇ ਜੁਬਾਨਬੰਦੀ, ਆਪਣੇ ਤੋਂ ਹਟਾਣੀ ਲੋੜਦੇ ਸੀ। ਜ਼ੁਬਾਨੀ ਵਾਇਦੇ ਹੋਏ। ਉਸ ਪਾਦਰੀ ਜਤਨ ਕਰ, ਸੰਤ ਜੀ ਨੂੰ ਚੂਹੜਕਾਣੇ ਮੰਡੀ ਆਪਣੇ ਨਾਲ ਲੈ ਆਂਦਾ। ਈਸਾਈ ਮਤ ਦੀਆਂ ਪੁਸਤਕਾਂ, ਪੜ੍ਹਨ ਤੇ ਪ੍ਰਚਾਰਨ ਲਈ ਦਿੱਤੀਆਂ। ਜਿਚੁਰ ਸੰਤ ਜੀ ਤੋਂ ਸਭ ਪਾਬੰਦੀਆਂ ਨ ਟੁਟੀਆਂ। ਉਚਰ ਈਸਾਈ ਮਤ ਦਾ ਉਪਦੇਸ਼ ਕੁਝ ਦਿਨ ਕੀਤਾ ਤੇ ਉਸ ਦੀਆਂ ਧੀਆਂ ਨਾਲ ਜਬਾਨੀ ਹੱਸ ਖੇਡ ਭੀ ਛੱਡਦੇ। ਪਾਦਰੀ ਸਮਝਦਾ ਇਹ ਈਸਾਈ ਹੋ ਗਿਆ ਹੈ। ਪਾਬੰਦੀਆਂ ਹਟੀਆਂ ਤਾਂ ਸੰਤ ਜੀ ਅੰਗਰੇਜ਼ਾਂ ਤੇ ਈਸਾਈ ਮਤ ਦੇ ਖਿਲਾਫ ਬੋਲਣ ਲਗ ਪਏ ਜਾਣ ਕੇ ਪਾਦਰੀ ਨਾਲ ਵਿਗਾੜ ਪਾ, ਛੁੱਟੀ ਪਾ, ਫਿਰ ਅੰਮ੍ਰਿਤ ਛਕ, ਕੂਕੇ ਪੰਥ ਦਾ ਪ੍ਰਚਾਰ ਕਰਨ ਲੱਗੇ।

ਬਾਅਦ ਵਿਚ ਸੰਤ ਜੀ, ਮਹਾਤਮਾ ਗਾਂਧੀ, ਮਦਨ ਮੋਹਨ ਮਾਲਵੀ ਤੇ ਲਾਲਾ ਲਾਜਪਤ ਰਾਏ ਨਾਲ ਮਿਲ, ਅੰਗਰੇਜ਼ ਦੇ ਵਿਰੁੱਧ ਪ੍ਰਚਾਰ ਕੀਤਾ। ਨਾਮਧਾਰੀ ਪੰਥ ਦਾ ਉਪਦੇਸ਼, ਦੇਸ਼ ਆਜ਼ਾਦੀ ਦਾ ਕਰਦੇ। ਇਹ ਸੱਚ ਸਾਹਵੇਂ ਸੁਨਾਣਾ, ਐਸਾ ਜਾਣਦੇ ਸੀ, ਭਾਵੇਂ ਲੋਕਾਂ ਨੂੰ ਗਾਲਾਂ ਭੀ ਕਢਣ ਤਾਂ ਸੁਖਾਂਦੀਆਂ ਸੀ। ਮਹਾਰਾਜ ਗੁਰਦਿਆਲ ਸਿੰਘ ਜੀ ਨਾਲ ਮਿਲ, ਸਤਿਜੁਗ ਅਖਬਾਰ

ਲਾਹੌਰੋਂ ਜਾਰੀ ਕੀਤੀ। ਸੰਤ ਨਿਧਾਨ ਸਿੰਘ ਜੀ ਆਲਿਮ ਜਹੇ ਸਾਥੀ ਬਣਾ, ਬਹੁਤ ਨਾਮਧਾਰੀ ਪੰਥ ਦੇ ਵਾਧੇ ਦੇ ਕੰਮ ਕੀਤੇ। ਸੋ ਸਮੇਂ ਸਮੇਂ ਸਿਰ ਅੱਗੇ ਲਿਖਾਂਗਾ।"[30]

ਨਾਮਧਾਰੀ ਗੁਰੂ ਨੇ ਨਾ-ਮਿਲਵਰਤਣ ਦੀ ਨੀਤੀ ਅਧੀਨ ਅੰਗਰੇਜ਼ ਸਰਕਾਰ ਦੁਆਰਾ ਸਥਾਪਤ ਸਕੂਲਾਂ ਕਾਲਜਾਂ ਦਾ ਬਾਈਕਾਟ ਕਰਕੇ ਆਪਣੀ ਮਾਤ ਭਾਸ਼ਾ ਦਾ ਗੌਰਵ ਸਥਾਪਤ ਕਰਨ ਲਈ ਵੀ ਜਤਨ ਕੀਤੇ ਸਨ। ਉਨ੍ਹਾਂ ਅਨੁਸਾਰ ਅੰਰਗੇਜ਼ ਸਰਕਾਰ ਸਿੱਖਿਆ ਦੇ ਨਾਂ ਤੇ ਆਪਣੀ ਬੋਲੀ, ਸਭਿਆਚਾਰ ਅਤੇ ਧਰਮ ਦਾ ਪ੍ਰਚਾਰ ਕਰ ਰਹੀ ਹੈ, ਜਿਸ ਕਾਰਨ ਭਾਰਤੀ ਜਨਤਾ ਦਿਮਾਗੀ ਤੌਰ ਤੇ ਅੰਗਰੇਜ਼ਾਂ ਦੀ ਗੁਲਾਮ ਹੋ ਰਹੀ ਹੈ। ਭਾਰਤੀਆਂ ਦੇ ਮਾਨਸਿਕ ਤੌਰ ਤੇ ਅੰਗਰੇਜ਼ਾਂ ਦੇ ਗੁਲਾਮ ਹੋਣ ਦੀ ਸਥਿਤੀ ਵਿਚ ਭਾਰਤ ਦੇ ਸਭਿਆਚਾਰ, ਭਾਸ਼ਾ ਅਤੇ ਧਰਮ ਦੇ ਪਤਨ ਦਾ ਸੰਕਟ ਖੜਾ ਹੋਣਾ ਨਿਸ਼ਚਿਤ ਹੈ। ਭਾਰਤੀਆਂ ਦੇ ਸਭਿਆਚਾਰਕ ਅਤੇ ਧਾਰਮਕ ਪਤਨ ਨੂੰ ਰੋਕਣ ਲਈ ਗੁਰੂ ਜੀ ਨੇ ਉਨ੍ਹਾਂ ਨੂੰ ਵਿਦੇਸ਼ੀ ਵਿਦਿਆ ਪ੍ਰਣਾਲੀ ਦਾ ਬਾਈਕਾਟ ਕਰਨ ਦਾ ਸਨੇਹਾ ਦਿੱਤਾ, ਇਥੋਂ ਤੱਕ ਕਿ ਵਿਦੇਸ਼ੀ ਅਦਾਲਤਾਂ ਦਾ ਬਾਈਕਾਟ ਕਰਨ ਤੱਕ ਦੀਆਂ ਪ੍ਰਥਾਵਾਂ ਹੀ ਨਹੀਂ ਤੋਰੀਆਂ ਬਲਕਿ ਅਮਲ ਵਿਚ ਵੀ ਲਿਆਂਦੀਆਂ।

"ਇਕ ਓਮੀ ਕੁਸੰਗੀ ਨੇ ਕੋਠੀ ਸਤਿਗੁਰੂ ਜੀ ਅੱਗੇ ਅਰਜ਼ ਕੀਤੀ, ਮੇਰਾ ਕਿਸੇ ਨਾਲ ਝਗੜਾ ਹੈ ਸੋ ਭੀ ਮੁਕਾਓ, ਇਤਨੇ ਸਿੱਖਾਂ ਦੇ ਇਥੇ ਨਿਬੇੜਦੇ ਹੋ। ਤਾਂ ਉਤਰ ਦਿੱਤੋ ਨੇ, ਮੇਰਾ ਕੂਕਿਆਂ ਤੇ ਦਾਵਾ ਹੈ, ਦੂਜੇ ਲੋਕ ਹਾਕਮਾਂ ਨੂੰ ਜਾ ਦੱਸਣਗੇ। ਮੇਰੇ ਨਿਆਂ ਤੋਂ ਨੱਸਣਗੇ। ਮੈਂ ਇਸੇ ਲਈ ਕਿਸੇ ਕੁਸੰਗੀ ਨਾਲ ਜੀਓ ਹੋ ਗੱਲ ਹੀ ਨਹੀਂ ਕਰਦਾ ਤੇ ਕਿਹਾ, ਇਹ ਕਚਹਿਰੀਆਂ ਭਾਵੇਂ ਆਪਣੇ ਦੇਸ਼ ਦੀਆਂ ਨੇ, ਮੈਂ ਚੰਗਾ ਨਹੀਂ ਜਾਣਦਾ ਮਨੋਂ, ਕਿਉਂਕਿ ਉਹਨਾਂ ਵਿਚ ਰਿਸ਼ਵਤ, ਸਿਫਾਰਸ, ਕੁਟੰਬ ਪਾਲਣਾ ਤੇ ਝੂਠ ਵਰਤਦੈ ਮੇਰਾ ਅੰਗਰੇਜ਼ ਦੀ ਅਦਾਲਤ ਵਾਂਗੂੰ ਹੀ ਸਰਕਾਰੀ ਕਚਹਿਰੀ ਤੇ ਨਿਹਚੈ। ਕਿਉਂਕਿ ਇਥੇ ਸਭ ਉਹੋ ਅੰਗਰੇਜ਼ੀ ਕਾਨੂੰਨ ਵਰਤਦੈ। ਪੁਰਾਤਨ ਭਾਰਤੀ ਨਿਆਂ ਦਾ ਤੇ ਇਹਨਾਂ ਵਿਚ ਨਾ ਭੀ ਨਹੀਂ। ਸੋ ਜਦ ਧਰਮ ਨਿਆਂ ਤੇ ਰਾਮ ਰਾਜ ਹੋਇਆ ਫੇਰ ਜਿਥੇ ਕੋਈ ਕਹੇ ਅਦਾਲਤ ਕਾਰਾਂਗਾ ਤੇ ਜਾਵਾਂਗੇ ਭੀ।[31]

ਧਰਮ ਅਤੇ ਸਭਿਆਚਾਰ ਦਾ ਬਹੁਤ ਗਹਿਰਾ ਸੰਬੰਧ ਹੈ। ਧਾਰਮਿਕਤਾ ਦੇ ਮਾਧਿਅਮ ਰਾਹੀਂ ਮਨੁੱਖ ਵਿਚ ਸਵੈ-ਵਿਸ਼ਵਾਸ, ਨਿੱਡਰਤਾ, ਬਹਾਦਰੀ ਅਤੇ ਲੋਕ ਸੇਵਾ ਵਰਗੇ ਗੁਣਾਂ ਦਾ ਸੰਚਾਰ ਹੁੰਦਾ ਹੈ। ਧਰਮ ਮਨੁੱਖ ਨੂੰ ਸਰਬੱਤ ਦੇ ਭਲੇ ਦੀ ਜੀਵਨ ਜਾਚ ਸਿਖਾਉਣ ਦੇ ਨਾਲ-ਨਾਲ ਆਜ਼ਾਦੀ ਨਾਲ ਜੀਊਣਾ ਵੀ ਦੱਸਦਾ ਹੈ। ਇਨ੍ਹਾਂ ਸ਼ੁਭ ਅਮਲਾਂ ਦੇ ਨਾਲ ਨਾਲ ਨਾਮਧਾਰੀ ਵਾਰਤਕ ਕੌਮੀ ਏਕਤਾ ਦੀ ਭਾਵਨਾ ਨਾਲ ਭਰਪੂਰ ਪਾਤਰ ਸਿਰਜਦੀ ਹੈ। ਇਨ੍ਹਾਂ ਦਾ ਜੀਵਨ ਉਦੇਸ਼ ਵਿਅਕਤੀਗਤ ਇਛਾਵਾਂ ਦੀ ਪੂਰਤੀ ਦੀ ਥਾਂ ਸਵਰਾਜ ਪ੍ਰਾਪਤੀ ਹੈ। ਨਾਮਧਾਰੀ ਵਾਰਤਕ ਅਨੁਸਾਰ ਸਵਰਾਜ ਦੀ ਪ੍ਰਾਪਤੀ ਅੰਗਰੇਜ਼ੀ ਹਕੂਮਤ ਦੀ ਤਾਕਤ ਨੂੰ ਖਤਮ ਕਰਕੇ ਹੀ ਹੋ ਸਕਦੀ ਸੀ ਅਤੇ ਸਵਰਾਜ ਪ੍ਰਾਪਤ ਤੋਂ ਬਾਅਦ ਹੀ ਭਾਰਤੀ ਅਤੇ ਪੰਜਾਬੀ ਸਭਿਆਚਾਰ ਵਿਕਾਸ ਕਰ ਸਕਦਾ ਹੈ। ਨਾਮਧਾਰੀ ਪੈਰੋਕਾਰਾਂ ਨੇ ਭਾਈਚਾਰਕ ਏਕਤਾ ਨੂੰ ਪ੍ਰਫੁੱਲਤ ਕਰਨ ਲਈ ਕਈ ਉਪਰਾਲੇ ਕੀਤੇ। ਉਨ੍ਹਾਂ ਦਾ ਸੰਘਰਸ਼ ਕਿਸੇ ਇਕ ਜਾਤ ਜਾਂ ਜਮਾਤ ਦੇ ਵਿਰੁੱਧ ਨਹੀਂ ਸਗੋਂ ਇਨਸਾਨ ਵਿਰੋਧੀ ਤਾਕਤਾਂ ਦੇ ਵਿਰੁੱਧ ਸੀ। ਏਹੋ ਇਨਸਾਨ ਵਿਰੋਧੀ ਤਾਕਤਾਂ ਕੌਮੀ ਏਕਤਾ, ਭਾਈਚਾਰਕ ਏਕਤਾ ਅਤੇ ਭਾਰਤੀ ਸਮਾਜ ਅਤੇ ਸਭਿਆਚਾਰ ਦੀ ਪ੍ਰਗਤੀ ਦੇ ਰਸਤੇ ਵਿਚ ਪ੍ਰਮੁੱਖ ਰੁਕਾਵਟਾਂ ਸਨ।

**(ਸ) ਬਰਤਾਨਵੀ ਬਸਤੀਵਾਦ** :

ਨਾਮਧਾਰੀ ਵਾਰਤਕ ਗਿਣਾਤਮਕ ਤੇ ਗੁਣਾਤਮਕ ਪੱਖੋਂ ਆਪਣੀ ਵਿਸ਼ੇਸ਼ਤਾ ਰੱਖਣ ਦੇ ਨਾਲ ਨਾਲ ਆਪਣੇ ਵਿਚ ਬਰਤਾਨਵੀ ਬਸਤੀਵਾਦ/ਸਾਮਰਾਜਵਾਦ ਪ੍ਰਤੀ ਆਪਣੀ ਦ੍ਰਿਸ਼ਟੀ ਨੂੰ ਵੀ ਬਣਾਈ ਰੱਖਦੀ ਹੈ। ਨਾਮਧਾਰੀ ਲਹਿਰ ਦੀ ਵਾਰਤਕ ਦਾ ਅਧਿਐਨ ਕਰਦਿਆਂ ਇਹ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਨਾਮਧਾਰੀ ਲਹਿਰ ਦੇ ਆਰੰਭ ਤੋਂ ਛੇਤੀ ਪਿਛੋਂ ਹੀ ਇਸ ਗਲਪ ਦਾ ਉਦਭਵ ਹੋ ਗਿਆ ਸੀ। ਨਾਮਧਾਰੀ ਲਹਿਰ ਦੀ ਪਰੰਪਰਾ ਦੇ ਉਦਭਵ ਤੇ ਵਿਕਾਸ ਦੇ ਪਿੱਛੇ ਵਿਸ਼ੇਸ਼ ਪ੍ਰਕਾਰ ਦੀਆਂ ਪਰਿਸਥਿਤੀਆਂ ਕਾਰਜਸ਼ੀਲ ਰਹੀਆਂ ਹਨ। ਜਿਨ੍ਹਾਂ ਦਾ ਸੰਬੰਧ ਨਾਮਧਾਰੀ ਲਹਿਰ ਦੇ ਇਤਿਹਾਸ ਦੇ ਨਾਲ ਨਾਲ ਬਰਤਾਨਵੀ ਬਸਤੀਵਾਦ/ਸਾਮਰਾਜਵਾਦ ਪ੍ਰਤੀ ਦ੍ਰਿਸ਼ਟੀ ਨੂੰ ਉਜਾਗਰ ਕਰਨ ਨਾਲ ਵੀ ਹੈ। ਸਭ ਤੋਂ ਪਹਿਲਾਂ ਅਸੀਂ ਉਨ੍ਹਾਂ ਸਥਿਤੀਆਂ ਦਾ ਤੱਥ-ਮੂਲਕ ਵਿਸ਼ਲੇਸ਼ਣ

ਕਰਨਾ ਲੋਚਦੇ ਹਾਂ ਜੋ ਨਾਮਧਾਰੀ ਵਾਰਤਕ ਦੇ ਸਰੋਕਾਰ ਬਰਤਾਨਵੀ ਬਸਤੀਵਾਦ ਦਾ ਪ੍ਰੇਰਨਾ ਸ੍ਰੋਤ ਬਣੀਆਂ।

ਵਿਸ਼ਵ ਇਤਿਹਾਸ ਦੇ ਅਧਿਐਨ ਤੋਂ ਪ੍ਰਮਾਣ ਮਿਲਦੇ ਹਨ ਕਿ ਕਿਸੇ ਵੀ ਦੇਸ਼ ਕਾਲ ਵਿਚ ਪ੍ਰਚਲਿਤ ਹੋਣ ਵਾਲੀ ਕੋਈ ਵੀ ਲਹਿਰ ਅਚਨਚੇਤੀ ਤੇ ਤਤਫਟ ਹੋਂਦ ਵਿਚ ਨਹੀਂ ਆ ਜਾਂਦੀ, ਸਗੋਂ ਉਸਦੇ ਉਦਭਵ ਪਿੱਛੇ ਵਿਸ਼ੇਸ਼ ਕਾਰਨ ਹੁੰਦੇ ਹਨ। ਨਾਮਧਾਰੀ ਲਹਿਰ ਦੇ ਉਦਭਵ ਪਿੱਛੇ ਇਹ ਦੋਵੇਂ ਕਾਰਜਸ਼ੀਲ ਰਹੇ ਹਨ। ਨਾਮਧਾਰੀ ਲਹਿਰ ਦੇ ਉਦਭਵ ਦਾ ਮੁੱਖ ਪ੍ਰੇਰਕ ਖ਼ਾਲਸਾ ਰਾਜ ਦਾ ਪਤਨ ਸੀ। ਇਸ ਦੇ ਨਾਲ ਹੀ ਪੰਜਾਬੀਆਂ ਦਾ ਸਮਾਜਕ, ਧਾਰਮਕ ਅਤੇ ਨੈਤਿਕ ਪਤਨ ਵੀ ਨਾਮਧਾਰੀ ਲਹਿਰ ਦੀ ਉਤਪਤੀ ਦਾ ਮਹੱਤਵਪੂਰਨ ਸਰੋਤ ਬਣਿਆ।

ਮੁਗਲ ਸਾਮਰਾਜ ਦੇ ਪਤਨ ਤੋਂ ਬਾਅਦ ਪੰਜਾਬ ਵਿਚ ਸਿੱਖ ਮਿਸਲਾਂ ਦੀ ਸਥਾਪਨਾ ਹੋਈ ਅਤੇ ਸ਼ੁਕਰਚੱਕੀਆ ਮਿਸਲ ਦੇ ਸਰਦਾਰ ਮਹਾਂ ਸਿੰਘ ਦੇ ਪੁੱਤਰ ਰਣਜੀਤ ਸਿੰਘ ਨੇ ਸਾਰੀਆਂ ਮਿਸਲਾਂ ਨੂੰ ਮਿਲਾ ਕੇ ਖਾਲਸਾ ਰਾਜ ਦੀ ਸਥਾਪਨਾ ਕੀਤੀ। ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਉਤੇ ਪੰਜਾਹ ਸਾਲ ਰਾਜ ਕੀਤਾ। ਉਨ੍ਹਾਂ ਦੁਆਰਾ ਸਥਾਪਤ ਕੀਤਾ ਗਿਆ ਖਾਲਸਾ ਰਾਜ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤਾਂ ਦਾ ਅਨੁਸਾਰੀ ਸੀ, ਜਿਸ ਵਿਚ ਸਾਰੇ ਧਰਮਾਂ ਅਤੇ ਕੌਮਾਂ ਦੇ ਨਾਗਰਿਕਾਂ ਨੂੰ ਬਰਾਬਰ ਸਥਾਨ ਤੇ ਸਨਮਾਨ ਦਿੱਤਾ ਜਾਂਦਾ ਸੀ। ਇਸੇ ਸਮੇਂ ਤੱਕ ਅੰਗਰੇਜ਼ੀ ਸਾਮਰਾਜ ਪੰਜਾਬ ਨੂੰ ਛੱਡ ਕੇ ਪੂਰੇ ਭਾਰਤ ਵਿਚ ਆਪਣੀਆਂ ਜੜ੍ਹਾਂ ਪਸਾਰ ਚੁੱਕਾ ਸੀ। ਈਸਾਈ ਮਿਸ਼ਨਰੀ ਈਸਾਈ ਧਰਮ ਦਾ ਪ੍ਰਚਾਰ ਕਰਨ ਲਈ ਪੰਜਾਬ ਵਿਚ ਵੀ ਪਹੁੰਚ ਚੁੱਕੇ ਸਨ ਅਤੇ ਅੰਗਰੇਜ਼ ਧਰਮ ਦੀ ਆੜ ਵਿਚ ਪੰਜਾਬ ਵਿੱਚ ਆਪਣੇ ਕਦਮ ਮਜ਼ਬੂਤ ਕਰਨਾ ਚਾਹੁੰਦੇ ਸਨ।

ਨਾਮਧਾਰੀ ਗੁਰੂ ਰਾਮ ਸਿੰਘ ਜੀ ਮਹਾਰਾਜਾ ਰਣਜੀਤ ਸਿੰਘ ਦੀ ਖਾਲਸਾ ਸੈਨਾ ਕੰਵਰ ਨੌਨਿਹਾਲ ਸਿੰਘ ਰੈਜਮੈਂਟ ਵਿਚ ਸੈਨਿਕ ਸਨ, ਜਿਥੇ ਉਹ ਮਸਤਾਨਾ ਰਾਮ ਸਿੰਘ ਦੇ ਨਾਮ ਨਾਲ ਜਾਣੇ ਜਾਂਦੇ ਸਨ। ਉਨ੍ਹਾਂ ਦੇ ਮਨ ਵਿਚ ਮਹਾਰਾਜਾ ਦੀ ਮੌਤ ਤੋਂ ਬਾਅਦ ਰਾਜਗੱਦੀ ਹਥਿਆਉਣ ਵਾਸਤੇ ਲੜੀਵਾਰ ਕਤਲਾਂ, ਸਿੱਖਾਂ ਤੇ ਅੰਗਰੇਜ਼ਾਂ ਵਿਚਕਾਰ ਮੁਦਕੀ ਅਤੇ ਸਭਰਾਵਾਂ ਦੀਆਂ

ਲੜਾਈਆਂ ਵਿਚ ਹੋਈ ਸਿੱਖ ਕੌਮ ਦੀ ਹਾਰ ਅਤੇ 1849 ਈ. ਵਿਚ ਅੰਗਰੇਜ਼ਾਂ ਦਾ ਪੰਜਾਬ ਉਤੇ ਕਬਜ਼ਾ ਆਦਿ ਦੀਆਂ ਘਟਨਾਵਾਂ ਨੇ ਡੂੰਘਾ ਅਸਰ ਪਾਇਆ। ਉਨ੍ਹਾਂ ਨੇ ਖਾਲਸਾ ਰਾਜ ਦੇ ਪਤਨ ਦੇ ਕਾਰਨਾਂ ਨੂੰ ਬਹੁਤ ਨੇੜਿਓਂ ਵੇਖਿਆ ਤੇ ਜਾਣਿਆ। ਉਨ੍ਹਾਂ ਨੇ ਇਹ ਅਨੁਭਵ ਕੀਤਾ ਕਿ ਸਿੱਖ/ਖਾਲਸਾ ਰਾਜ ਦੇ ਪਤਨ ਦਾ ਮੁੱਖ ਕਾਰਨ ਇਹ ਸੀ ਕਿ ਖਾਲਸਾ ਕੌਮ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਥਾਪਤ ਸਿੱਖੀ ਮਰਿਆਦਾ ਦੇ ਸਿਧਾਂਤਾਂ ਨੂੰ ਭੁਲਾ ਕੇ ਕਈ ਕੁਰੀਤੀਆਂ ਦਾ ਸ਼ਿਕਾਰ ਹੋ ਗਈ ਸੀ। ਸਿੱਖ ਕੌਮ ਸਮਾਜਕ, ਧਾਰਮਕ ਅਤੇ ਨੈਤਿਕ ਪਤਨ ਦੀ ਸ਼ਿਕਾਰ ਹੋ ਰਹੀ ਸੀ। ਇਹ ਪਤਨ ਵੀ ਨਾਮਧਾਰੀ ਲਹਿਰ ਦੇ ਉਦਭਵ ਦਾ ਪ੍ਰੇਰਕ ਬਣਿਆ। ਇਸ ਲਹਿਰ ਦੇ ਉਦਭਵ ਬਾਰੇ ਇੰਦਰ ਸਿੰਘ ਚੱਕਰਵਰਤੀ ਦੇ ਨਿਮਨ ਲਿਖਤ ਸ਼ਬਦਾਂ ਤੋਂ ਸਪਸ਼ਟ ਹੋ ਜਾਂਦਾ ਹੈ:

"ਇਕ ਦਿਨ ਸਵੇਰੇ ਉਠ ਕੇ ਜਦੋਂ ਗੁਰੂ ਬਾਲਕ ਸਿੰਘ ਜੀ ਸਰਵਾਲੇ ਤੋਂ ਛੋਈ ਨੂੰ ਜਾ ਰਹੇ ਸਨ। ਰਸਤੇ ਵਿਚ ਜਿਥੇ ਹਰੋ ਨਦੀ ਅਤੇ ਦਰਿਆ ਸਿੰਧ ਦਾ ਸੰਗਮ (ਮਿਲਾਪ) ਹੁੰਦਾ ਹੈ, ਏਹ ਅਸਥਾਨ ਬੜਾ ਮਨੋਹਰ ਅਤੇ ਰਮਣੀਕ ਹੈ, ਸੌਹੇਂ ਛੋਈ ਦੇ ਪਹਾੜ ਦਾ ਵਚਿਤ੍ਰ ਨਜ਼ਾਰਾ ਹੈ, ਕੁਦਰਤ ਦੇ ਰਸੀਆਂ ਲਈ ਏਹ ਇਕ ਅਦਭੁਤ ਹੈ। ਬਦੋਸ਼ਬਦੀ ਚਿਤ-ਬ੍ਰਿਤੀ ਸਥਿਤ ਹੋ ਕੇ ਅਕਾਗਰ ਹੋ ਭਜਨ ਵਿਚ ਲੀਨ ਹੋ ਜਾਂਦੀ ਹੈ। ਸੁਬਾਹ ਦਾ ਚੌਥਾ ਪਹਿਰ ਸੁਰਤ ਵਾਲੇ ਗੁਰੂ ਬਾਲਕ ਸਿੰਘ ਜੀ, ਜਦੋਂ ਏਸ ਦਰਿਆ ਤੇ ਹਾਂ ਜੀ:- 'ਤਿਨਾਂ ਦਰੀਆਵਾਂ ਸਿਉ ਦੋਸਤੀ।" ਰਖਣ ਵਾਲੇ ਗੁਰੂ ਬਾਲਕ ਸਿੰਘ ਜਦ ਏਥੇ ਅਪੜੇ ਤਾਂ ਝਟ ਬਿਰਤੀ ਸਤਿਗੁਰਾਂ ਚਰਨਾਂ ਨਾਲ ਜਾ ਜੁੜੀ। ਚੌਂਕੜਾ ਮਾਰ ਬੈਠੇ। ਇਤਨੇ ਵਿਚ ਆਪ ਕੀ ਵੇਖਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੰਜਾਂ ਸਿੰਘਾਂ ਸਮੇਤ ਘੋੜੇ ਤੇ ਸਵਾਰ ਹੋਏ ਸੌਹੇ ਆਨ ਖਲੋਤੇ ਹਨ। ਬਾਬਾ ਜੀ ਨੇ ਝਟ ਉਠ ਵਾਗ ਫੜ ਲਈ। ਨਦਰੀ ਨਦਰ ਨਿਹਾਲ ਕਰਨ ਵਾਲੇ ਚੋਜੀ ਦਸਮੇਸ਼ ਪਾਤਸ਼ਾਹ ਹਸੂੰ ਹਸੂੰ ਕਰਦੇ ਘੋੜੇ ਤੋਂ ਉਤਰ ਆਸਨ ਤੇ ਬਰਾਜਮਾਨ ਹੋ ਗਏ।"[32]

ਖਾਲਸਾ ਸੈਨਾ ਦੀ ਨੌਕਰੀ ਦੇ ਦੌਰਾਨ ਨਾਮਧਾਰੀ ਗੁਰੂ ਰਾਮ ਸਿੰਘ ਦਾ ਮੇਲ ਹਜਰੋਂ ਨਿਵਾਸੀ ਮਹਾਂਪੁਰਖ ਬਾਬਾ ਬਾਲਕ ਸਿੰਘ ਨਾਲ ਹੋਇਆ। ਜਿਨ੍ਹਾਂ ਨੂੰ ਨਾਮਧਾਰੀ ਲਹਿਰ ਦੇ ਇਤਿਹਾਸ ਵਿਚ

ਸਤਿਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਉਨ੍ਹਾਂ ਦਾ ਗੱਦੀ ਨਸ਼ੀਨ ਮੰਨਿਆ ਗਿਆ ਹੈ। ਗੁਰੂ ਰਾਮ ਸਿੰਘ ਨੂੰ ਉਨ੍ਹਾਂ ਨੇ ਅੰਗਰੇਜ਼ ਹਕੂਮਤ ਦੇ ਖਿਲਾਫ ਸਤਿਆ ਗ੍ਰਹਿ ਆਰੰਭ ਕਰਨ ਅਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਥਾਪਿਤ ਸਿੱਖੀ ਮਰਿਆਦਾ ਨੂੰ ਬਰਕਰਾਰ ਰੱਖਣ ਦੀ ਪ੍ਰੇਰਨਾ ਦਿੱਤੀ।

1857 ਈ. ਵਿਚ ਭਾਰਤੀਆਂ ਨੇ ਅੰਗਰੇਜ਼ੀ ਸਾਮਰਾਜ ਵਿਰੁੱਧ ਪਹਿਲੀ ਲੜਾਈ ਲੜੀ ਸੀ। ਇਹ ਲੜਾਈ ਕੁਝ ਕਾਰਨਾਂ ਕਰਕੇ ਅਸਫ਼ਲ ਰਹੀ ਸੀ। ਪਰੰਤੂ ਇਸ ਨਾਲ ਅੰਗਰੇਜ਼ੀ ਹਕੂਮਤ ਵਿਰੁੱਧ ਜਥੇਬੰਦ ਬਗਾਵਤ ਦਾ ਮੁੱਢ ਬੱਝ ਗਿਆ। ਸਿੱਖਾਂ ਨੇ ਇਸ ਲੜਾਈ ਵਿਚ ਭਾਗ ਨਹੀਂ ਸੀ ਲਿਆ। ਉਹ ਅਜੇ 1849 ਈ. ਵਿਚ ਹੋਈ ਸਿੰਘਾਂ ਤੇ ਅੰਗਰੇਜ਼ਾਂ ਦੀ ਜੰਗ ਵਿਚ ਖਾਧੀ ਹਾਰ ਨੂੰ ਭੁਲਾ ਨਹੀਂ ਸਨ ਸਕੇ। ਇਸ ਸਮੇਂ ਦੌਰਾਨ ਹੀ ਭਾਵ 1857 ਈ. ਦੀ ਵਿਸਾਖੀ ਨੂੰ ਨਾਮਧਾਰੀ ਗੁਰੂ ਰਾਮ ਸਿੰਘ ਨੇ ਭੈਣੀ ਸਾਹਿਬ (ਲੁਧਿਆਣਾ) ਵਿਚ ਸੰਤ ਖਾਲਸਾ ਦੀ ਸਿਰਜਨਾ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਦੀ ਵਿਸਾਖੀ ਵਾਲੇ ਦਿਨ ਸੰਤ ਖਾਲਸੇ ਦੀ ਸਿਰਜਨਾ ਕਰਨ ਸਮੇਂ ਜਿਹੜੇ ਅਸੂਲ ਅਤੇ ਮਰਿਆਦਾਵਾਂ ਸਿੱਖ ਪੰਥ ਲਈ ਨਿਸ਼ਚਿਤ ਕੀਤੀਆਂ ਸਨ, ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਸਮਾਜ ਨੇ ਉਨ੍ਹਾਂ ਅਸੂਲਾਂ ਅਤੇ ਮਰਿਆਦਾਵਾਂ ਦਾ ਪਾਲਣ ਕਰਨਾ ਛੱਡ ਦਿੱਤਾ, ਜਿਸ ਦੇ ਫਲਸਰੂਪ ਸਮਾਜ ਵਿਚ ਸਮਾਜਕ, ਧਾਰਮਕ ਅਤੇ ਨੈਤਿਕ ਪਤਨ ਵਧਦਾ ਜਾ ਰਿਹਾ ਸੀ। ਸਿੱਖ ਸਮਾਜ ਦੇ ਇਸ ਪਤਨ ਨੂੰ ਰੋਕਣ ਦੇ ਮਕਸਦ ਨਾਲ ਹੀ ਨਾਮਧਾਰੀ ਗੁਰੂ ਰਾਮ ਸਿੰਘ ਨੇ ਸੰਤ ਖਾਲਸਾ ਦੀ ਸਾਜਨਾ ਕੀਤੀ। ਇਸ ਇਤਿਹਾਸਕ ਘਟਨਾ ਨੂੰ ਨਾਮਧਾਰੀ ਇਤਿਹਾਸ ਵਿਚ 'ਸਿੱਖ ਪੁਨਰ ਸੁਰਜੀਤੀ' ਜਾਂ 'ਸਿੱਖ ਪੁਨਰ ਸਥਾਪਨਾ' ਦਾ ਨਾਮ ਦਿੱਤਾ ਗਿਆ ਹੈ। ਉਸ ਸਮੇਂ ਕੇਵਲ ਨਾਮਧਾਰੀਆਂ ਦਾ ਨਾਮ ਹੀ ਲਿਆ ਜਾ ਸਕਦਾ ਸੀ ਜਿਨ੍ਹਾਂ ਨੇ ਸਿੱਖੀ ਨੂੰ ਉਸਦੇ ਅਮਲਾਂ ਵਿਚ ਸੰਭਾਲ ਕੇ ਰੱਖਿਆ ਸੀ। ਸੰਤ ਤਰਨ ਸਿੰਘ ਵਹਿਮੀ ਜੀ ਲਿਖਦੇ ਹਨ:

" .... ਸਵੇਰ ਦੇ, ਤੇ ਪਿਛਲੇ ਪਹਿਰ ਦੇ ਦੀਵਾਨ ਤੋਂ ਬਾਅਦ ਕਥਾ ਦੇ ਵਿਚ ਇਹ ਨਿਰਮਲੇ ਸਾਧੂ ਤੇ ਮਹੰਤ ਵਿਦਵਾਨ ਸਤਿਗੁਰੂ ਜੀ ਨਾਲ ਹਵਨ ਸੁਚ ਮਰਯਾਦਾ ਅਖੰਡ ਪਾਠ ਤੇ ਆਨੰਦ ਮਰਯਾਦਾ ਤੇ ਵਾਰਤਾਲਾਪ ਭੀ ਕਰਦੇ ਤੇ ਸਤਿਗੁਰੂ ਜੀ ਕਹੇ ਤੇ ਮੰਨ ਹੀ ਸੀਸ ਨਿਵਾ ਬੈਠਦੇ।

ਬੋਲਦੇ ਬੁਲਾਉਂਦੇ। ਦੋਵਾਂ ਮੰਡਲੀਆਂ ਵਾਲੇ। ਸਤਿਗੁਰੂ ਜੀ ਕਹਿੰਦੇ, ਗੁਰੂ ਘਰ ਦੀ ਵਿੱਦਿਆ ਹੀ ਸਾਰੀ ਨਿਰਮਲੇ ਮਹਾਤਮਾ ਸਾਂਭ ਰੱਖੀ ਹੈ। ਤੇ ਇਹ ਮਹੰਤ ਜੀ ਤੇ ਹੋਰ ਸਾਧੂ ਲਾਭ ਸਿੰਘ ਜੀ ਤੇ ਮਹੰਤ ਲਛਮਣ ਦਾਸ ਜੀ ਦਸਮ ਜੀ ਦੇ ਲਿਖੇ ਗਰਿੰਡ ਨਾਮੇ ਦੀਆਂ ਤੁਕਾਂ:

ਕਲਿਜੁਗਮੇ ਸਤਿਜੁਗ ਵਰਤਾਊਂ, ਤਬੇ 12ਵਾਂ ਬੱਧ ਕਹਾਊਂ।

ਰਾਮ ਸਿੰਘ ਹੋਇ ਮੇਰੋ ਨਾਮਾ, ਬਾਣੀ ਸੁਤ ਭੈਣੀ ਨੋ ਧਾਮਾ।

ਆਦਿ ਸੁਣਾ ਕਹਿੰਦੇ, ਸ੍ਰੀ ਗੁਰੂ ਨਾਨਕ ਦੇਵ ਜੀ ਤੇ ਦਸਮ ਜੀ ਤਕ ਦੀ ਗੁਰਗੱਦੀ ਦੀ ਸਾਖਿਆਤ ਰਸਮ ਤੇ ਪਰੰਪਰਾ ਗੁਰਬਾਣੀ ਨਾਲ ਮਿਲਦੀ ਨਾਮਧਾਰੀਆਂ ਸਾਂਭ ਰੱਖੀ ਹੋਈ ਹੈ। ਜਿਸ ਤੋਂ ਬੀਤਿਆ ਸਮਾਂ ਮੂਰਤੀਮਾਨ ਹੋਇਆ ਹੈ ਪ੍ਰਤੱਖ ਦਿਸਦਾ ਹੈ ਕਿ ਗੁਰੂ ਜੀ ਦੇ ਦੀਵਾਨ ਤੇ ਦਰਸ਼ਨ ਦੀ ਐਸੀ ਸੋਭਾ 'ਅਜੈ ਚਵਰ ਸਿਰ ਢਲੈ", ਵਾਲੀ ਸ਼ਬ ਸੀ ਜੋ ਅਬ ਭੀ "ਸਦ ਪੀੜੀ ਗੁਰੂ ਚਲੰਦੀ' ਵਾਲੀ ਹੈ ...[33]

ਨਾਮਧਾਰੀ ਗੁਰੂਆਂ ਨੇ ਸਿੱਖ ਸਾਹਿਬਾਨਾ ਵੱਲੋਂ ਵਰੋਸਾਏ ਮਾਰਗ ਨੂੰ ਅਪਨਾਉਣ ਉਤੇ ਬਲ ਦਿੱਤਾ, ਜਿਸ ਨੂੰ ਸਮਾਜ ਤਿਆਗਦਾ ਜਾਂ ਭੁੱਲਦਾ ਜਾ ਰਿਹਾ ਸੀ। ਗੁਰੂ ਰਾਮ ਸਿੰਘ ਦੁਆਰਾ ਸਿੱਖੀ ਮਰਿਆਦਾ ਦੀ ਪੁਨਰ-ਸਥਾਪਤੀ ਬਾਰੇ ਨਾਮਧਾਰੀ ਵਾਰਤਕ ਵਿਚ ਅਨੇਕਾਂ ਅਜਿਹੇ ਉਲੇਖ ਮਿਲਦੇ ਹਨ ਜੋ ਸਮਾਜ ਵੱਲੋਂ ਜਾਂ ਖ਼ਾਸ ਕਰਕੇ ਅੰਗਰੇਜ਼ਾਂ ਵੱਲੋਂ ਸਿੱਖ ਧਰਮ ਉਤੇ ਕੀਤੇ ਜਾ ਰਹੇ ਬਦ-ਇਖਲਾਕੀ ਦੇ ਹਮਲਿਆਂ ਪ੍ਰਤੀ ਜਾਗਰੂਕ ਕਰਨ ਵਾਲੇ ਸਨ। ਅੰਗਰੇਜ਼ਾਂ ਦੀ ਇਹ ਨੀਤੀ ਰਹੀ ਹੈ ਕਿ ਉਨ੍ਹਾਂ ਨੇ ਹਿੰਦੂ ਸਿੱਖਾਂ ਤੇ ਮੁਸਲਮਾਨਾਂ ਵਿਚ ਆਪਸੀ ਵੰਡੀਆਂ ਪਾ ਕੇ ਆਪਣੇ ਮਨਸੂਬੇ ਪੂਰੇ ਕਰਨੇ ਚਾਹੇ ਹਨ। "ਕਿਹੋ ਨੇ, ਅੰਗਰੇਜ਼ਾਂ ਦੀ ਚਾਲ ਨੇ ਤਾਂ ਚੰਦ ਚਾੜ੍ਹ ਦਿੱਤਾ ਏ ਕਿ ਦਸਮ ਗ੍ਰੰਥ ਨਾ ਪੜ੍ਹੋ। ਸਿੰਘ ਨਹੀਂ ਸੋਚਦੇ ਕਿ ਦਸਮ ਗ੍ਰੰਥ ਪੜ੍ਹੇ ਬਿਨਾਂ ਬੀਰ ਰਸ ਪ੍ਰਾਪਤ ਹੀ ਨਹੀਂ ਹੁੰਦਾ। ਜੇ ਦਸਮ ਗ੍ਰੰਥ ਪੜ੍ਹਦੇ ਹੀ ਨਹੀਂ। ਉਨ੍ਹਾਂ ਨੂੰ ਉਸ ਦੀ ਸਾਰ ਹੀ ਕੀ ਏ। ਜੋ ਆਖਦੇ ਹਨ, ਉਸ ਵਿਚ ਕਵੀਆਂ ਦੀ ਬਾਣੀ ਏ। ਆਦਿ ਵਿਚ ਕੇਹੜੀ ਥੋੜ੍ਹੀ ਏ। ਪਰ ਜੋ ਗੁਰੂ ਜੀ ਪ੍ਰਵਾਨੇ ਕੀਤੀ ਹੈ ਸਾਨੂੰ ਸੋ ਪ੍ਰਵਾਨ ਹੀ ਕਰਨੋ ਸੋਭਦੀ ਏ। ਉਸ ਦੀ ਛਾਣ-ਬੀਣ ਆਦਿ ਵਿਚ ਤੇ ਕੁਝ ਹੈ ਕਿ ਇਹ ਫਲਾਣੇ ਦੀ ਬਾਣੀ ਹੈ। ਪਰ ਦਸਮ ਜੀ ਨੇ ਅਭੇਦ ਇਸੇ ਲਈ ਰੱਖੀ ਹੈ ਕਿ ਮੱਤ ਕੋਈ ਕਵ੍ਹੇ ਇਹ ਫਲਾਣੇ ਦੀ ਬਾਣੀ ਹੈ।

ਸਭ ਉਨ੍ਹਾਂ ਆਪਣੀ ਹੀ ਜਾਣ ਇਕੋ ਅਸਥਾਨ ਨਾਮ ਤਲੇ ਰਖੀ ਹੈ। ਸਾਨੂੰ ਕੀ ਹੱਕ ਹੈ ਅਸੀਂ ਵੰਡ ਕਰੀਏ। ਪਰ ਅੰਗਰੇਜ਼ ਆਖੇ ਸਿੰਘ ਸਭਾ ਬਣੀ ਸਭ ਤੇ ਝੁਰਲੂ ਫੇਰ ਦਿੱਤਾ ਏ। ਆਪਣੀ ਮੱਤ ਕਰਦੇ ਹਨ।"[34]

ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਲਹਿਰ ਦੀਆਂ ਨੀਹਾਂ ਹੋਰ ਮਜ਼ਬੂਤ ਕਰਨ ਲਈ ਇਸਤਰੀ ਜਾਤੀ ਦੇ ਹੱਕ ਵਿਚ ਵੀ ਆਪਣਾ ਨਾਅਰਾ ਬੁਲੰਦ ਕੀਤਾ। ਉਨ੍ਹਾਂ ਨੇ 1863 ਈ. ਵਿਚ ਪਿੰਡ ਸਿਆਹੜ ਵਿਚ ਮਰਦਾਂ ਦੇ ਨਾਲ-ਨਾਲ 24 ਇਸਤਰੀਆਂ ਨੂੰ ਵੀ ਅੰਮ੍ਰਿਤ ਛਕਾਇਆ। ਉਨ੍ਹਾਂ ਨੇ ਇਸਤਰੀਆਂ ਨਾਲ ਸੰਬੰਧਿਤ ਸਮਾਜਕ ਬੁਰਾਈਆਂ ਦਾ ਡੱਟ ਕੇ ਵਿਰੋਧ ਕੀਤਾ ਅਤੇ ਆਪਣੇ ਪੈਰੋਕਾਰਾਂ ਨੂੰ ਜੰਮਦੀਆਂ ਕੁੜੀਆਂ ਨੂੰ ਮਾਰਨ, ਕੁੜੀਆਂ ਦਾ ਵੱਟਾ ਕਰਨ ਅਤੇ ਕੁੜੀਆਂ ਨੂੰ ਵੇਚਣ ਵਰਗੀਆਂ ਸਮਾਜਕ ਬੁਰਾਈਆਂ ਨੂੰ ਤਿਆਗਣ ਦਾ ਉਪਦੇਸ਼ ਦਿੱਤਾ। ਇਸਤਰੀ ਨੂੰ ਇਕ ਇਨਸਾਨ ਦਾ ਦਰਜਾ ਦਿੰਦੇ ਹੋਏ ਉਨ੍ਹਾਂ ਨੇ ਉਸ ਦੀਆਂ ਮਾਨਸਕ, ਭਾਵਨਾਤਮਕ ਅਤੇ ਸਰੀਰਕ ਜ਼ਰੂਰਤਾਂ ਨੂੰ ਮਰਦ ਦੀਆਂ ਜ਼ਰੂਰਤਾਂ ਵਾਂਗ ਹੀ ਮਹੱਤਵ ਦਿੱਤਾ। ਇਸ ਅਨੁਸਾਰ ਉਨ੍ਹਾਂ ਨੇ ਵਿਧਵਾ ਔਰਤਾਂ ਦਾ ਪੁਨਰ ਵਿਆਹ ਕਰਵਾਉਣ, ਕੁੜੀਆਂ ਨੂੰ ਮੁੰਡਿਆਂ ਦੇ ਬਰਾਬਰ ਵਿਦਿਆ ਦੇਣ ਅਤੇ ਉਨ੍ਹਾਂ ਦੇ ਸੁਭਾਵਿਕ ਵਿਕਾਸ ਲਈ ਹਰ ਪ੍ਰਕਾਰ ਦੇ ਮੌਕੇ ਮੁਹੱਈਆ ਕਰਵਾਉਣ ਉਤੇ ਜ਼ੋਰ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਇਸਤਰੀ ਦੀ ਸਮਾਜਕ ਹਾਲਤ ਸੁਧਾਰਨ ਲਈ ਬਿਨਾ ਦਾਜ ਦਹੇਜ ਦੇ ਅੰਤਰਜਾਤੀ ਵਿਆਹ ਕਰਵਾਉਣ ਦੀ ਪ੍ਰਥਾ ਦਾ ਆਰੰਭ ਵੀ ਕੀਤਾ।

ਇਨ੍ਹਾਂ ਸਮਾਜਕ ਤੇ ਆਚਰਣਕ ਸੁਧਾਰਾਂ ਰਾਹੀਂ ਲੋਕਾਂ ਵਿਚ ਮਨੋਬਲ ਭਰ ਕੇ ਲੋਕ ਸ਼ਕਤੀ ਨੂੰ ਜਾਗਰਿਤ ਕਰਨ ਪਿਛੋਂ ਗੁਰੂ ਰਾਮ ਸਿੰਘ ਦਾ ਮੁੱਖ ਉਦੇਸ਼ ਅੰਗਰੇਜ਼ੀ ਸਾਮਰਾਜ ਨਾਲ ਸਿੱਧੇ ਤੌਰ ਤੇ ਟੱਕਰ ਲੈਣ ਦਾ ਸੀ। ਇਸ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਨੇ ਅੰਗਰੇਜ਼ੀ ਸਰਕਾਰ ਦਾ ਪੂਰਨ ਤੌਰ ਤੇ ਬਾਈਕਾਟ ਕੀਤਾ। ਇਸ ਬਾਈਕਾਟ ਸੰਬੰਧੀ ਐਨਸਾਈਕਲੋਪੀਡੀਆ ਬ੍ਰਿਟੈਨਿਕਾ ਵਿਚ ਨਿਮਨ ਲਿਖਤ ਟਿੱਪਣੀ ਅੰਕਿਤ ਮਿਲਦੀ ਹੈ:

(ਗੁਰੂ) ਰਾਮ ਸਿੰਘ ਸਿੱਖ ਫਿਲਾਸਫਰ ਤੇ ਸੁਧਾਰਕ ਅਤੇ ਅੰਗਰੇਜ਼ੀ ਵਪਾਰਕ ਮਾਲ ਅਤੇ ਨੌਕਰੀਆਂ ਪ੍ਰਤੀ ਨਾ ਮਿਲਵਰਤਨ ਤੇ ਬਾਈਕਾਟ ਨੂੰ ਰਾਜਨੀਤਿਕ ਸ਼ਕਤੀ ਦਾ ਹਥਿਆਰ ਬਣਾ ਕੇ ਵਰਤਣ ਵਾਲਾ ਪਹਿਲਾ ਭਾਰਤੀ ਸੀ।[35] (Guru) Ram Singh, Sikh Philosopher and

Reportor and the first Indian to use non-cooperation and boycott of the British Merchandise and services as a Political Weapon. - Encyclopaedia Britanica.

ਇਸ ਬਾਈਕਾਟ ਵਿਚ ਉਨ੍ਹਾਂ ਅੰਗਰੇਜ਼ੀ ਸਰਕਾਰ ਦੁਆਰਾ ਸਥਾਪਤ ਸਕੂਲਾਂ ਦਾ ਤਿਆਗ ਕਰਕੇ ਬੱਚਿਆਂ ਨੂੰ ਮਾਤ ਭਾਸ਼ਾ ਵਿਚ ਸਿੱਖਿਆ ਦੇਣ ਦਾ ਆਦੇਸ਼ ਦਿੱਤਾ, ਉਨ੍ਹਾਂ ਨੇ ਅੰਗਰੇਜ਼ ਸਰਕਾਰ ਦੇ ਨਿਆਂ-ਪ੍ਰਬੰਧ, ਅਰਥਾਤ ਅਦਾਲਤਾਂ ਨੂੰ ਨਿਆਂਇਕ ਨਾ ਮੰਨਦੇ ਹੋਏ ਇਸ ਦੇ ਬਦਲੇ ਸਮਾਜ ਦੇ ਛੋਟੇ-ਮੋਟੇ ਝਗੜਿਆਂ ਦਾ ਨਿਪਟਾਰਾ ਪਿੰਡ ਪੱਧਰ ਤੇ ਕਰਨ ਦਾ ਪ੍ਰਬੰਧ ਕੀਤਾ ਅਤੇ ਆਪਣੇ ਪੈਰੋਕਾਰਾਂ ਨੂੰ ਹੁਕਮ ਦਿੱਤਾ ਕਿ ਅੰਗਰੇਜ਼ ਸਰਕਾਰ ਦੀਆਂ ਅਦਾਲਤਾਂ ਵਿਚ ਨਹੀਂ ਜਾਣਾ ਕਿਉਂਕਿ ਉਹ ਤੁਹਾਡੇ ਨਾਲ ਨਿਆਂ ਨਹੀਂ ਕਰਨਗੇ। ਉਹ ਵਿਦੇਸ਼ੀ ਹਨ, ਤੁਹਾਡੇ ਆਪਣੇ ਨਹੀਂ। ਇਸ ਤਰ੍ਹਾਂ ਉਨ੍ਹਾਂ ਨੇ ਆਪਣਾ ਕਾਨੂੰਨ ਪ੍ਰਬੰਧ ਕਾਇਮ ਕੀਤਾ। ਅਦਾਲਤਾਂ ਦੇ ਬਾਈਕਾਟ ਦੇ ਨਾਲ-ਨਾਲ ਅੰਗਰੇਜ਼ ਸਰਕਾਰ ਦੇ ਡਾਕ-ਪ੍ਰਬੰਧ ਦਾ ਵੀ ਵਿਰੋਧ ਕਰਦੇ ਹੋਏ ਉਨ੍ਹਾਂ ਨੇ ਆਪਣੇ ਪੈਰੋਕਾਰਾਂ ਦੀ ਡਿਊਟੀ ਲਾਈ ਕਿ ਉਹ ਡਾਕ ਨੂੰ ਪਿੰਡ-ਪਿੰਡ ਜਾ ਕੇ ਵੰਡਣ। ਇਨ੍ਹਾਂ ਪੈਰੋਕਾਰਾਂ ਨੂੰ ਹਰਕਾਰੇ ਕਿਹਾ ਜਾਂਦਾ ਸੀ। ਇਸ ਦੇ ਨਾਲ ਹੀ ਗੁਰੂ ਰਾਮ ਸਿੰਘ ਨੇ ਅੰਗਰੇਜ਼ ਸਰਕਾਰ ਦੀਆਂ ਨੌਕਰੀਆਂ, ਸੜਕਾਂ, ਨਹਿਰਾਂ ਅਤੇ ਕੱਪੜਿਆਂ ਦਾ ਤਿਆਗ ਕੀਤਾ ਅਤੇ ਸਵਦੇਸ਼ੀ ਵਸਤਾਂ ਨੂੰ ਅਪਣਾਇਆ। ਉਨ੍ਹਾਂ ਦਾ ਮਤ ਸੀ ਕਿ ਸਾਨੂੰ ਅੰਰਗੇਜ਼ੀ ਸਰਕਾਰ ਦੀਆਂ ਸਹੂਲਤਾਂ ਨਹੀਂ ਸਗੋਂ ਆਪਣੇ ਦੇਸ਼ ਤੇ ਆਪ ਰਾਜ ਕਰਨ ਦਾ ਹੱਕ ਚਾਹੀਦਾ ਹੈ। ਨਾਮਧਾਰੀ ਗੁਰੂ ਨੇ ਜੋ ਅੰਗਰੇਜ਼ੀ ਸਰਕਾਰ ਦੇ ਬਾਈਕਾਟ ਦੀ ਲਹਿਰ ਚਲਾਈ, ਉਸ ਨੂੰ ਹੀ ਮਗਰੋਂ ਮਹਾਤਮਾ ਗਾਂਧੀ ਨੇ ਨਾ ਮਿਲਵਰਤਣ ਦੀ ਲਹਿਰ ਦੇ ਰੂਪ ਵਿਚ ਅਪਣਾ ਕੇ ਸੁਤੰਤਰਤਾ ਪ੍ਰਾਪਤੀ ਦੇ ਉਦੇਸ਼ ਵਿਚ ਕਾਮਯਾਬੀ ਹਾਸਲ ਕੀਤੀ ਸੀ। ਇਸ ਪਰਿਪੇਖ ਵਿਚ ਡਾ. ਰਾਜਿੰਦਰ ਪ੍ਰਸ਼ਾਦ ਜੀ ਦੇ ਕਥਨ ਕਾਫੀ ਮਹੱਤਤਾ ਵਾਲੇ ਹਨ:

"ਗੁਰੂ ਰਾਮ ਸਿੰਘ ਜੀ ਸੁਤੰਤਰਤਾ ਨੂੰ ਵੀ ਧਰਮ ਦਾ ਅੰਗ ਸਮਝਦੇ ਸਨ। ਸਾਡੇ ਦੇਸ਼ ਵਿਚ ਮਹਾਤਮਾ ਗਾਂਧੀ ਨੇ ਜੋ ਅਸਹਿਯੋਗ ਐਨੇ ਜ਼ੋਰ ਨਾਲ ਚਲਾਇਆ ਹੈ, ਉਸ ਦਾ ਪ੍ਰਯਤਨ ਗੁਰੂ ਰਾਮ ਸਿੰਘ ਨੇ ਪੰਜਾਹ ਸਾਲ ਪਹਿਲਾਂ ਹੀ ਨਾਮਧਾਰੀਆਂ ਵਿਚ ਕਰਨਾ ਸ਼ੁਰੂ ਕਰ ਦਿੱਤਾ ਸੀ।"[36]

ਅੰਗਰੇਜ਼ੀ ਸਰਕਾਰ ਨੇ ਨਾਮਧਾਰੀ ਗੁਰੂ ਰਾਮ ਸਿੰਘ ਦੀਆਂ ਰਾਜਨੀਤਿਕ ਤੇ ਸਮਾਜਕ ਗਤੀਵਿਧੀਆਂ ਨੂੰ ਵੇਖਦੇ ਹੋਏ 1863 ਈ. ਵਿਚ ਉਨ੍ਹਾਂ ਨੂੰ ਭੈਣੀ ਸਾਹਿਬ ਵਿਚ ਨਜ਼ਰ ਬੰਦ ਕਰ ਦਿੱਤਾ ਅਤੇ ਉਨ੍ਹਾਂ ਦੀਆਂ ਧਾਰਮਕ, ਸਮਾਜਕ ਤੇ ਰਾਜਨੀਤਕ ਸਰਗਰਮੀਆਂ ਉਤੇ ਪਾਬੰਦੀ ਲਗਾ ਦਿੱਤੀ ਗਈ। ਇਸ ਦੇ ਫਲਸਰੂਪ ਉਨ੍ਹਾਂ ਨੇ ਜੋ ਅੰਗਰੇਜ਼ੀ ਸਰਕਾਰ ਵਿਰੁੱਧ ਨਾ-ਮਿਲਵਰਤਣ ਦਾ ਅੰਦੋਲਨ ਸ਼ੁਰੂ ਕੀਤਾ ਸੀ ਉਸ ਦੀ ਚਾਲ ਮੱਠੀ ਪੈਣ ਲੱਗੀ। ਇਸ ਅੰਦੋਲਨ ਦੀ ਜੋਸ਼ੀਲੀ ਗਤੀ ਨੂੰ ਬਰਕਰਾਰ ਰੱਖਣ ਲਈ ਉਨ੍ਹਾਂ ਨੇ ਪੰਜਾਬ ਪੱਧਰ ਉੱਪਰ ਬਾਈ ਸੂਬੇ ਨਿਯੁਕਤ ਕੀਤੇ। ਪੰਜਾਬ ਵਿਚ ਸੂਬਾ ਪ੍ਰਬੰਧ ਸਥਾਪਤ ਕਰਨ ਨਾਲ ਪੰਜਾਬ ਵਿਚ ਇਕ ਤਰ੍ਹਾਂ ਨਾਲ ਨਾਮਧਾਰੀਆਂ ਦਾ ਵੱਖਰਾ ਸ਼ਾਸਨ ਪ੍ਰਬੰਧ ਕਾਇਮ ਹੋ ਗਿਆ ਸੀ ਜੋ ਅੰਗਰੇਜ਼ੀ ਸਾਮਰਾਜ ਦੇ ਸ਼ਾਸਨ ਪ੍ਰਬੰਧ ਦਾ ਸਿੱਧੇ ਤੌਰ ਤੇ ਵਿਰੋਧ ਕਰਦਾ ਸੀ। ਇਹ ਇਕ ਸਮਾਨਾਂਤਰ ਸਾਸ਼ਨ ਪ੍ਰਣਾਲੀ ਕਾਇਮ ਕਰਨ ਵਰਗਾ ਜਤਨ ਸੀ। ਇਸ ਤਰ੍ਹਾਂ ਸੂਬਾ ਪ੍ਰਬੰਧ ਸਥਾਪਤ ਕਰਨ ਤੋਂ ਬਾਅਦ ਇਸ ਲਹਿਰ ਨਾਲ ਜੁੜਨ ਵਾਲੇ ਲੋਕਾਂ ਦੀ ਗਿਣਤੀ ਦਿਨੋ-ਦਿਨ ਵਧਣ ਲਗ ਪਈ ਸੀ। ਇਸ ਤਰ੍ਹਾਂ ਦੀਆਂ ਸਰਗਰਮੀਆਂ ਅੰਗਰੇਜ਼ ਸਰਕਾਰ ਲਈ ਚਿੰਤਾ ਦਾ ਵਿਸ਼ਾ ਬਣ ਗਈਆਂ ਸਨ। ਉਸ ਸਮੇਂ ਦੇ ਸਰਕਾਰੀ ਦਸਤਾਵੇਜਾਂ ਦੇ ਅਧਿਐਨ ਤੋਂ ਬਾਅਦ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਅੰਗਰੇਜ਼ ਅਧਿਕਾਰੀ ਨਾਮਧਾਰੀ ਲਹਿਰ ਦੇ ਪੈਰੋਕਾਰਾਂ ਨੂੰ ਅੰਰਗੇਜ਼ ਸਰਕਾਰ ਦਾ ਸਭ ਤੋਂ ਵੱਡਾ ਦੁਸ਼ਮਣ ਮੰਨਦੇ ਸਨ। ਉਨ੍ਹਾਂ ਨੂੰ ਡਰ ਸੀ ਕਿ ਇਹ ਲੋਕ ਬਾਈਕਾਟ ਅਤੇ ਨਾ ਮਿਲਵਰਤਣ ਅੰਦੋਲਨ ਚਲਾ ਕੇ ਅੰਗਰੇਜ਼ੀ ਸਰਕਾਰ ਦੀ ਵਿਰੋਧਤਾ ਤਾਂ ਕਰਦੇ ਹੀ ਹਨ ਨਾਲ ਸੂਬਾ ਪ੍ਰਬੰਧ ਸਥਾਪਤ ਕਰਕੇ ਆਪਣਾ ਸ਼ਕਤੀਸ਼ਾਲੀ ਰਾਜ ਵੀ ਕਾਇਮ ਵੀ ਕਰ ਸਕਦੇ ਹਨ। ਨਾਮਧਾਰੀਆਂ ਦੇ ਸੂਬਾ ਪ੍ਰਬੰਧ ਬਾਰੇ ਸੰਤ ਨਿਧਾਨ ਸਿੰਘ ਆਲਿਮ ਜੀ ਦੇ ਕਥਨ ਵਿਚਾਰਨਯੋਗ ਹਨ:

"ਪੰਜਾਬ ਦੇ ਇਸ ਤੇਜਸਵੀ ਸਿੱਖ ਨੇ ਜੋ ਖਾਲਸਾ ਰਾਜ ਦੇ ਸਮੇਂ ਫ਼ੌਜੀ ਨੌਕਰੀ ਕਰ ਚੁੱਕਾ ਸੀ, ਅੰਗਰੇਜ਼ ਦੇ ਮੁਕਾਬਲੇ 'ਤੇ ਇਕ ਨਵੀਂ ਲਹਿਰ ਚਲਾ ਕੇ ਬਾਬੇ ਦਾ ਤਖਤ ਨਵੇਂ ਸਿਰੇ ਬਹਾਲ ਕਰ ਦਿੱਤਾ ਹੈ। ਉਹ 'ਕੂਕਾ' ਲਹਿਰ ਸੀ ਜੋ ਬੜੇ ਸੰਯੁਕਤ ਢੰਗ ਨਾਲ ਜਥੇਬੰਦ ਕੀਤੀ ਗਈ ਸੀ। ਹਰ ਜਿਲ੍ਹੇ ਵਿਚ ਇਕ ਅਫਸਰ ਨਿਯੁਕਤ ਕੀਤਾ ਗਿਆ, ਜਿਸ ਨੂੰ ਸੂਬਾ (ਗਵਰਨਰ) ਕਹਿ ਕੇ ਪੁਕਾਰਿਆ ਜਾਂਦਾ ਸੀ। ਹਰ ਤਸੀਲ ਵਿਚ 'ਤਸੀਲ ਜੱਥੇਦਾਰ', ਹਰ ਥਾਣੇ ਵਿਚ 'ਥਾਣਾ ਜੱਥੇਦਾਰ'

ਤੇ ਹਰ ਪਿੰਡ ਵਿਚ 'ਪੇਂਡੂ ਜੱਥੇਦਾਰ' ਕਾਇਮ ਕੀਤੇ ਗਏ ਸਨ। ਸਰਕਾਰੀ ਅਦਾਲਤਾਂ, ਸਕੂਲਾਂ, ਨੌਕਰੀਆਂ, ਵਿਦੇਸ਼ੀ ਬਸਤਰਾਂ, ਤਾਰ ਘਰਾਂ ਅਤੇ ਡਾਕਖਾਨਿਆਂ ਤਕ ਦਾ ਬਾਈਕਾਟ ਕੀਤਾ ਗਿਆ। ਆਪਣੀਆਂ ਹੀ ਪੰਚਾਇਤਾਂ, ਆਪਣੇ ਹੀ ਹਾਕਮ, ਆਪਣੇ ਆਸ਼ਰਮ ਅਤੇ ਆਪਣਾ ਹੀ ਡਾਕ ਮਹਿਕਮਾ ਜੱਥੇਬੰਦ ਕੀਤਾ ਗਿਆ। 1857 ਈ. ਦੀ ਵਿਸਾਖੀ ਤੋਂ ਲੈ ਕੇ 1863 ਈ. ਤੱਕ ਇਹ ਲਹਿਰ ਜੱਥੇਬੰਦ ਹੋ ਕੇ ਚੰਗੀ ਤਰ੍ਹਾਂ ਨਿੱਗਰ ਹੋ ਚੁੱਕੀ ਸੀ। ਅੰਗਰੇਜ਼ ਇਸ ਨੂੰ ਇਕ ਧਾਰਮਕ ਯਾ ਸਮਾਜਕ ਲਹਿਰ ਤੋਂ ਵਧੀਕ ਨਹੀਂ ਸੀ ਸਮਝਦਾ। 1863 ਈ. ਤੋਂ 1872 ਈ. ਦੇ ਆਰੰਭ ਤਕ ਬਰਤਾਨਵੀ ਸਰਕਾਰ ਨਾਲ ਇਸਦੀ ਉਹ ਟੱਕਰ ਹੋਈ ਕਿ ਪਾਰਲੀਮੈਂਟ ਇੰਗਲੈਂਡ ਦੀਆਂ ਕੰਧਾਂ ਇਸਦੇ ਰਾਜਨੀਤਕ ਭੂਚਾਲ ਨਾਲ ਕੰਬ ਉੱਠੀਆਂ। ਸੱਤਯਾਗ੍ਰਹ ਤੇ ਨਾ ਮਿਲਵਰਤਣ ਦੇ ਆਦਰਸ਼ ਜੋ 1920 ਵਿਚ ਮਹਾਤਮਾ ਗਾਂਧੀ ਨੇ ਕਾਂਗਰਸ ਨੂੰ ਦਿੱਤੇ 'ਕੂਕਾ ਲਹਿਰ' ਦੇ ਸੰਚਾਲਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕਾਂਗਰਸ ਦੇ ਜਨਮ ਤੋਂ ਕਈ ਸਾਲ ਪਹਿਲਾਂ ਹੀ ਪ੍ਰਚਲਤ ਕਰ ਦਿੱਤੇ ਸਨ, ਜਿਨ੍ਹਾਂ ਨੂੰ ਲੱਖਾਂ ਹੀ ਨਾਮਧਾਰੀ ਸਿੱਖਾਂ ਨੇ ਅਮਲੀ ਤੌਰ ਤੇ ਗ੍ਰਹਿਣ ਕਰ ਲਿਆ ਸੀ। ਅੰਗਰੇਜ਼ ਹਕੂਮਤ ਨੂੰ ਇਹ ਨਿਸ਼ਚਾ ਹੋ ਗਿਆ ਸੀ ਕਿ ਲੱਖਾਂ ਹੀ ਸਿੱਖਾਂ ਦੀ ਸ਼੍ਰਧਾ ਅਤੇ ਵਿਸ਼ਵਾਸ ਦਾ ਕੇਂਦਰ ਹੁਣ ਗੁਰੂ ਰਾਮ ਸਿੰਘ ਕੂਕਾ ਹੈ। ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗਰੇਜ਼ ਚਿੜ ਕੇ ਕੂਕਾ ਆਖਦਾ ਸੀ ਜਿਸਦਾ ਭਾਵ ਇਹ ਸੀ ਕਿ 1857 ਈ. ਤੋਂ ਬਾਅਦ ਉਸ ਨੇ ਆਪਣੀ ਦਮਨ ਨੀਤੀ ਨਾਲ ਹੋਰ ਤਾਂ ਸਭ ਸੁਸਾਇਟੀਆਂ ਤੇ ਵਿਅਕਤੀਆਂ ਦੀਆਂ ਜ਼ਬਾਨਾਂ ਬੰਦ ਕਰ ਦਿੱਤੀਆਂ ਸਨ, ਜਿਸ ਕਰਕੇ ਕੋਈ ਵੀ ਸਮਾਜ ਯਾਂ ਉਸਦਾ ਕੋਈ ਮੈਂਬਰ ਅੰਗਰੇਜ਼ ਦੇ ਵਿਰੁੱਧ ਇਕ ਸ਼ਬਦ ਵੀ ਕਹਿਣਾ ਮੌਤ ਦੇ ਵਰੰਟਾਂ ਤੇ ਦਸਤਖਤ ਕਰਨ ਦੇ ਤੁਲ ਸਮਝਦਾ ਸੀ, ਪਰ ਗੁਰੂ ਰਾਮ ਸਿੰਘ ਅਤੇ ਉਸਦੇ ਸਿੱਖਾਂ ਨੇ ਦੇਸ਼ ਸੁਤੰਤਰਤਾ ਵਾਸਤੇ ਨਵੇਂ ਸਿਰੇ ਜੂਝਣਾ ਸ਼ੁਰੂ ਕਰ ਦਿੱਤਾ।"[37]

## ਹਵਾਲੇ ਅਤੇ ਟਿੱਪਣੀਆਂ


1. ਕੁਲਵੰਤ ਸਿੰਘ, ***ਜਾਗ੍ਰਤੀ***, ਅਗਸਤ-2004, ਪੰ. 3
2. ਰਾਮ ਸਿੰਘ ਮਜੀਠਾ, ***ਹਿੰਦੁਸਤਾਨ ਦੀ ਅਜ਼ਾਦੀ ਦੀ ਲੜਾਈ ਵਿਚ ਪੰਜਾਬ (ਭਾਗ ਪਹਿਲਾ)***, ਪੰ. 51-52
3. ਉਹੀ, ਪੰ. 50
4. ***ਭਾਰਤੀ ਆਜ਼ਾਦੀ ਦਾ ਅੰਦੋਲਨ***, ਪੰ. 46
5. ਕਿਰਪਾਲ ਸਿੰਘ ਕਸੇਲ, ***ਅੰਤਰ-ਰਾਸ਼ਟਰੀ ਸੈਮੀਨਾਰ - ਨਾਮਧਾਰੀ ਲਹਿਰ, ਇਤਿਹਾਸ, ਸਾਹਿਤ ਅਤੇ ਯੋਗਦਾਨ, 8-9, ਮਈ 2001***, ਪੰ. 17
6. ਡਾ. ਕਰਮਜੀਤ ਸਿੰਘ, ***ਆਧੁਨਿਕ ਪੰਜਾਬੀ ਕਾਵਿ -ਧਾਰਨਾ ਦੇ ਵਿਚਾਰਧਾਰਾਈ ਆਧਾਰ,*** ਪੰ. 14
7. ਸੰਤ ਇੰਦਰ ਸਿੰਘ ਚੱਕਰਵਰਤੀ, ***ਨਾਮਧਾਰੀ ਇਤਿਹਾਸ (੧) ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਜੀਵਨ***, ਪੰ. 15-16
8. ਤਰਨ ਸਿੰਘ ਵਹਿਮੀ, ***ਜੱਸ ਜੀਵਨ (ਭਾਗ -2),*** ਪੰ. 101
9. ਸੰਤ ਨਿਧਾਨ ਸਿੰਘ ਆਲਮ, ***ਗੁਰੂ ਪਦ ਪ੍ਰਕਾਸ਼ (ਭਾਗ ਤੀਸਰਾ),*** ਪੰ. 250
10. ਤਰਨ ਸਿੰਘ ਵਹਿਮੀ***, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਦੇੜੋਂ ਬਾਦ ਦਾ ਜੀਵਨ***, ਪੰ. 1-2
11. ਉਹੀ, ***ਜੱਸ ਜੀਵਨ ਭਾਗ ਪਹਿਲਾ***, ਪੰ. 179-180
12. ਕਿਰਪਾਲ ਸਿੰਘ ਕਸੇਲ, ***ਵਰਿਆਮ*** ਬਸੰਤ ਵਿਸ਼ੇਸ਼ ਅੰਕ-1992, ਪੰ. 25
13. ਤਾਰਾ ਸਿੰਘ ਅਨਜਾਣ, ***ਸਭਹਨ ਕੇ ਸਿਰਮੌਰ***, ਪੰ. 33
14. ਉਹੀ, ਪੰ. 46

15. ਸੰਤ ਨਿਧਾਨ ਸਿੰਘ ਆਲਮ, ***ਨਾਮਧਾਰੀ ਸਿਧਾਂਤ ਪ੍ਰਦਰਸ਼ਨ***, ਪੰ. 20

16. ਉਹੀ, ਪੰ. 41

17. ਉਹੀ, ***ਨਾਮਧਾਰੀ ਸਿਧਾਂਤ ਪ੍ਰਦਰਸ਼ਨ***, ਪੰ. 69

18. ਉਹੀ, ***ਜੁਗ ਪਲਟਾਊ ਸਤਿਗੁਰੂ,*** ਪੰ. 65-66

19. ਉਹੀ, ***ਗੁਰੂ ਪਦ ਪ੍ਰਕਾਸ਼*** (ਭਾਗ ਪਹਿਲਾ) ਪੰ. 16

20. ਉਹੀ, ***ਗੁਰੂ ਪਦ-ਪ੍ਰਕਾਸ਼*** (ਭਾਗ ਪਹਿਲਾ), ਪੰ. 49

21. ਉਹੀ, ***ਸਿੱਖ ਧਰਮ ਤੇ ਮਾਸ,*** ਹਿੱਸਾ 1, ਪੰ. 69

22. ਤਰਨ ਸਿੰਘ ਵਹਿਮੀ, ***ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਦੇੜੋਂ ਬਾਦ ਦਾ ਜੀਵਨ***, ਪੰ. 110

23. ਨਾਹਰ ਸਿੰਘ,***ਨਾਮਧਾਰੀ ਇਤਿਹਾਸ,*** ਪੰ. 62

24. ਹਰਭਜਨ ਸਿੰਘ, ***ਸਾਹਿਤ ਸ਼ਾਸਤਰ***, ਪੰ. 125

25. ਤਾਰਾ ਸਿੰਘ ਅਨਜਾਣ, ***ਸਭਹਨ ਕੇ ਸਿਰਮੌਰ,*** ਪੰ. 56

26. ਉਹੀ, ਪੰ. 59

27. ਗੁਰਬਖਸ਼ ਸਿੰਘ ਫਰੈਂਕ, ***ਸਭਿਆਚਾਰ ਅਤੇ ਪੰਜਾਬੀ ਸਭਿਆਚਾਰ***, ਪੰ. 145

28. ਉਹੀ, ਪੰ. 12-13

29. ਸੰਤ ਤਰਨ ਸਿੰਘ ਵਹਿਮੀ, ***ਜੱਸ ਜੀਵਨ ਭਾਗ ਪਹਿਲਾ***, ਪੰ. 275

30. ਉਹੀ, ਪੰ. 180

31. ਉਹੀ***, ਜੱਸ ਜੀਵਨ ਭਾਗ ਪੰਜਵਾਂ***, ਪੰ. 60-61

32. ਸੰਤ ਇੰਦਰ ਸਿੰਘ ਚੱਕਰਵਰਤੀ, ***ਨਾਮਧਾਰੀ ਇਤਿਹਾਸ ਭਾਗ ਪਹਿਲਾ***, ਪੰ. 13-14

33. ਸੰਤ ਤਰਨ ਸਿੰਘ ਵਹਿਮੀ, ***ਜੱਸ ਜੀਵਨ ਭਾਗ ਤੀਜਾ***, ਪੰ. 189

34. ਉਹੀ, ਪੰ. 241

35. (GURU) Ram Singh, Sikh Philosoipher and Reformer and the first indian to use non-cooperatio and boycott of the British Merchandise and services as a Political weapon .
Encyclopaedia Britanica, Vol. 8, p. 12

36. ***ਸਤਿਜੁਗ*** ਬਸੰਤ ਅੰਕ, 1992, ਪੰ. 86

37. ਸੰਤ ਨਿਧਾਨ ਸਿੰਘ ਆਲਮ, ***ਨਾਮਧਾਰੀ ਸਿਧਾਂਤ ਪ੍ਰਦਰਸ਼ਨ***, ਪੰ. 37

### ਅਧਿਆਇ ਚੌਥਾ

# ਨਾਮਧਾਰੀ ਵਾਰਤਕ ਦੇ ਪ੍ਰਮੁੱਖ ਰੂਪਾਕਾਰ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਆਰੰਭ ਕੀਤਾ ਗਿਆ 12 ਅਪਰੈਲ 1857 ਨੂੰ ਨਾਮਧਾਰੀ ਮਤ ਗੁਰੂ ਨਾਨਕ ਦੇਵ ਜੀ ਵੱਲੋਂ ਸਥਾਪਿਤ ਗੁਰਮਤਿ ਧਾਰਾ ਦਾ ਹੀ ਕੀਤਾ ਗਿਆ ਯੁੱਗ ਅਨੁਕੂਲ ਉਥਾਨ ਤੇ ਵਿਸਥਾਰ ਸੀ। ਇਸ ਮਤ ਨਾਲ ਨਾਮਧਾਰੀ, ਸੰਤ ਖਾਲਸਾ ਅਤੇ ਕੂਕਾ ਸ਼ਬਦਾਂ ਦਾ ਵੀ ਅਗੇਤਰ ਰੂਪ ਵਿਚ ਪ੍ਰਯੋਗ ਕੀਤਾ ਜਾਂਦਾ ਹੈ। ਇਹ ਸਾਰੇ ਸ਼ਾਬਦਿਕ ਸੰਕਲਪ ਨਾਮਧਾਰੀ, ਸੰਤ ਖਾਲਸਾ ਅਤੇ ਕੂਕਾ ਸਮਾਨਾਰਥਕ ਹੀ ਮੰਨੇ ਜਾਂਦੇ ਹਨ। ਇਸ ਲਈ ਨਾਮਧਾਰੀ ਇਤਿਹਾਸ ਤੇ ਸਾਹਿਤ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਦੇ ਸੰਦਰਭ ਵਿਚ ਇਨ੍ਹਾਂ ਸ਼ਬਦਾਂ ਦਾ ਹੀ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ। ਨਾਮਧਾਰੀ ਅਰਦਾਸ ਵਿਚ ਸ਼ਬਦ ਸੰਤ ਖਾਲਸਾ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ ਸੰਤ ਖਾਲਸੇ ਦਾ ਪ੍ਰਕਾਸ਼ ਕਰੋ ਪਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਮਤ ਵਿਚ ਨਾਮ ਦੇ ਸਿਮਰਨ ਨੂੰ ਜੋ ਵਿਸ਼ੇਸ਼ਤਾ ਪ੍ਰਦਾਨ ਕੀਤੀ ਉਸ ਅਨੁਸਾਰ ਸੰਤ ਖਾਲਸੇ ਨੂੰ ਆਧਾਰ ਬਣਾ ਕੇ ਜੀਵਨ ਬਤੀਤ ਕਰਨ ਦੇ ਫਲਸਰੂਪ 'ਨਾਮਧਾਰੀ' ਸ਼ਬਦ ਦੀ ਵਰਤੋਂ ਪ੍ਰਚਲਿਤ ਹੋਈ। ਨਾਮ ਰੰਗ ਵਿਚ ਰੰਗੇ ਨਾਮ ਬਾਣੀ ਨਾਲ ਇਕਸੁਰ ਹੋਏ ਅਤੇ ਆਪਣੇ ਸਤਿਗੁਰੂ ਸਾਹਿਬਾਨ ਦੇ ਦਰਸ਼ਨ ਕਰਕੇ ਸਿੰਘ ਨਿਹਾਲ ਹੋ ਕੇ ਮਸਤਾਨੇ ਹੋ ਜਾਂਦੇ ਸਨ ਤੇ ਉਚੀ ਉਚੀ ਪ੍ਰੇਮ ਦੀਆਂ ਦਰਦ ਵਿੰਨ੍ਹੀਆਂ ਕੂਕਾਂ ਮਾਰਨ ਲੱਗ ਪੈਂਦੇ ਸਨ। ਇਸੇ ਲਈ ਕੂਕਾ ਸ਼ਬਦ ਪ੍ਰਚੱਲਿਤ ਹੋ ਗਿਆ। ਜਿਸਦੀ ਸਤਿਗੁਰੂ ਦੁਆਰਾ ਵਿਸ਼ੇਸ਼ ਬਾਣੇ ਦੇ ਸਰੂਪ ਕਾਰਨ ਕੂਕਿਆਂ ਜਾਂ ਨਾਮਧਾਰੀ ਦੀ ਵੱਖਰੀ ਪਹਿਚਾਣ ਹੋ ਗਈ। ਸਿੱਖੀ ਦੀ ਸਨਾਤਨ ਗੁਰੂ ਮਰਿਆਦਾ ਜੋ 18ਵੀਂ ਸਦੀ ਦੇ ਅੰਤ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਵਿਚ ਗੁਰੂ ਸਿੱਖਾਂ ਵਿਚੋਂ ਅਲੋਪ ਹੁੰਦੀ ਜਾ ਰਹੀ ਸੀ, ਦੀ ਪੁਨਰ ਸੁਰਜੀਤੀ ਅਤੇ 29 ਮਾਰਚ 1849 ਪਿਛੋਂ ਖਾਲਸਾ ਰਾਜ ਦੇ ਖੁਸ ਜਾਣ ਨਾਲ ਅੰਗਰੇਜ਼ੀ ਸਾਮਰਾਜ ਦੀ ਗੁਲਾਮੀ ਦੀ ਕਾਲੀ ਰਾਤ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜੋ ਸੁਤੰਤਰਤਾ ਦੀ ਜੋਤ

ਜਗਾਈ ਉਸ ਦੇ ਫਲਸਰੂਪ ਕੂਕਾ ਲਹਿਰ ਨੇ ਸੁਤੰਤਰਤਾ ਦੀ ਪ੍ਰਾਪਤੀ ਲਈ ਜਿਹੜਾ ਸੰਗਰਾਮ ਰਚਿਆ ਅਤੇ ਜੋ ਅਦੁੱਤੀ ਬਲੀਦਾਨ ਦਿੱਤੇ ਉਸ ਸਦਕਾ ਨਾਮਧਾਰੀ ਇਤਿਹਾਸ ਕੇਵਲ ਭਾਰਤ ਵਿਚ ਹੀ ਨਹੀਂ ਸਗੋਂ ਵਿਸ਼ਵ ਦੇ ਸੁਤੰਤਰਤਾ ਦੇ ਇਤਿਹਾਸ ਵਿਚ ਨਿਵੇਕਲੀ ਸ਼ਾਨ ਰੱਖਦਾ ਹੈ, ਕਿਉਂਕਿ ਵਿਦੇਸ਼ੀ ਸਾਮਰਾਜੀ ਸਰਕਾਰ ਨੇ ਇਸ ਮੱਤ ਉਤੇ ਕਰੜੀਆਂ ਪਾਬੰਦੀਆਂ ਲਾਈਆਂ ਅਤੇ ਚੌਕਸੀ ਵਰਤੀ। ਇਸ ਲਈ ਨਾਮਧਾਰੀ ਮੱਤ ਦੇ ਇਤਿਹਾਸ ਅਤੇ ਇਸ ਨਾਲ ਸੰਬੰਧਿਤ ਸਾਹਿਤ ਦੇ ਬਹੁਤ ਸਾਰੇ ਸੁਨਿਹਰੇ ਪੰਨੇ ਹਾਲੇ ਤੱਕ ਵੀ ਪੂਰੀ ਤਰ੍ਹਾਂ ਪ੍ਰਕਾਸ਼ ਵਿਚ ਨਹੀਂ ਆ ਸਕੇ। ਨਾਮਧਾਰੀ ਮੱਤ ਅਤੇ ਕੂਕਾ ਲਹਿਰ ਨਾਲ ਸੰਬੰਧਿਤ ਇਤਿਹਾਸ, ਸਾਹਿਤ ਅਤੇ ਹੋਰ ਵਿਭਿੰਨ ਰੂਪਾਂ ਬਾਰੇ ਸਤਿਗੁਰੂ ਪ੍ਰਤਾਪ ਸਿੰਘ ਅਤੇ ਵਰਤਮਾਨ ਸਤਿਗੁਰੂ ਸ੍ਰੀ ਜਗਜੀਤ ਸਿੰਘ ਮਹਾਰਾਜ ਦੀ ਪ੍ਰੇਰਨਾ ਸਦਕਾ ਕੀਤੀ ਗਈ ਸਾਰਥਕ ਖੋਜ ਦੇ ਫਲਸਰੂਪ ਨਾਮਧਾਰੀ ਮੱਤ ਦੇ ਇਤਿਹਾਸ ਦਾ ਪੁਨਰ ਨਿਰੀਖਣ-ਵਿਸ਼ਲੇਸ਼ਣ ਤੇ ਪੁਨਰ ਮੁਲਾਂਕਣ ਜ਼ਰੂਰੀ ਹੋ ਗਿਆ ਹੈ। ਇਹ ਸਾਹਿਤ ਗਿਣਾਤਮਕ ਤੇ ਗੁਣਾਤਮਕ ਦੋਹਾਂ ਪੱਖਾਂ ਤੋਂ ਹੀ ਬੜਾ ਅਮੀਰ ਤੇ ਮਹਾਨ ਹੈ।

ਇਸ ਅਧਿਆਇ ਵਿਚ ਨਾਮਧਾਰੀ ਵਾਰਤਕ ਦੇ ਜੋ ਪ੍ਰਮੁੱਖ ਰੂਪਾਕਾਰ ਹਨ, ਉਨ੍ਹਾਂ ਬਾਰੇ ਚਰਚਾ ਕੀਤੀ ਗਈ ਹੈ।

**(ੳ) ਇਤਿਹਾਸ ਲੇਖਣ : ਵਿਭਿੰਨ ਰੂਪਾਕਾਰ**

**ਸੰਤ ਨਿਧਾਨ ਸਿੰਘ ਆਲਿਮ** (1889-1956):

ਸੰਤ ਨਿਧਾਨ ਸਿੰਘ ਆਲਿਮ ਜੀ ਦੀਆਂ ਰਚਨਾਵਾਂ ਵਿਚ 'ਗੁਰੂ ਪਦ ਪ੍ਰਕਾਸ਼ (ਦੋ ਭਾਗ), 'ਨਾਮਧਾਰੀ ਸਿਧਾਂਤ ਪ੍ਰਦਰਸ਼ਨ', 'ਸਿੱਖ ਧਰਮ ਤੇ ਮਾਸ', ਅਤੇ 'ਜੁਗ ਪਲਟਾਊ ਸਤਿਗੁਰੂ' ਆਦਿ ਹਨ।

ਸੰਤ ਨਿਧਾਨ ਸਿੰਘ ਜੀ ਪ੍ਰਮੁੱਖ ਕੀਰਤਨਕਾਰ ਤੋਂ ਬਿਨਾਂ ਨਾਮਧਾਰੀ ਪ੍ਰਚਾਰਕ ਸੁਤੰਤਰਤਾ ਸੰਗਰਾਮੀ ਤੇ ਇਤਿਹਾਸ ਖੋਜੀ ਵੀ ਸਨ।

'ਜੁਗ ਪਲਟਾਊ ਸਤਿਗੁਰੂ' ਪੁਸਤਕ ਵਿਚ ਉਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਬਿਰਤਾਂਤ, ਕੂਕਾ ਲਹਿਰ ਦੇ ਹੋਂਦ ਵਿਚ ਆਉਣ ਅਤੇ ਇਸ ਕਾਲ ਦੀਆਂ ਪ੍ਰਮੁੱਖ ਇਤਿਹਾਸਕ ਘਟਨਾਵਾਂ ਦੇ ਵੇਰਵੇ ਦਿੱਤੇ ਗਏ ਹਨ। ਵਿਸ਼ੇਸ਼ ਕਰਕੇ ਤਤਕਾਲੀਨ ਅੰਗਰੇਜ਼ ਸਰਕਾਰ ਦੀ ਪੰਜਾਬ ਵਿਚ ਬੁੱਚੜਖਾਨੇ ਖੋਲਣ ਦੀ ਕੁਟਿਲ ਨੀਤੀ ਜੋ ਪਿਛੋਂ ਜਾ ਕੇ ਨਾਮਧਾਰੀ 'ਕੂਕਾ ਲਹਿਰ' ਲਈ ਇਕ ਚੁਣੌਤੀ ਦਾ ਕਾਰਨ ਬਣੀ, ਬਾਰੇ ਵਿਸਥਾਰ ਪੂਰਵਕ ਵੇਰਵੇ ਬੜੀ ਮਿਹਨਤ ਨਾਲ ਅਤੇ ਸਰਕਾਰੀ ਮਿਸਲਾਂ ਦੀ ਖੋਜ ਪੜਤਾਲ ਉਪਰੰਤ ਲਿਖੇ ਗਏ ਹਨ।

'ਜੁਗ ਪਲਟਾਊ ਸਤਿਗੁਰੂ' ਪੁਸਤਕ ਅੰਗਰੇਜ਼ਾਂ ਦੇ ਵਕਤ ਦੀਆਂ ਲਿਖਤਾਂ 'ਤੇ ਆਧਾਰਿਤ ਹੈ। ਇਸ ਪੁਸਤਕ ਵਿਚ ਵਿਸ਼ੇਸ਼ ਕਰਕੇ ਡਾਕ-ਵਿਭਾਗ ਦੇ ਦਫ਼ਤਰਾਂ ਵਿਚੋਂ ਅਨੇਕਾਂ ਪ੍ਰਕਾਰ ਦੇ ਰਿਕਾਰਡ ਬਰਾਮਦ ਕਰਕੇ ਦਰਜ ਕੀਤੇ ਗਏ ਹਨ। ਜਿਨ੍ਹਾਂ ਨੂੰ ਪ੍ਰਾਪਤ ਕਰਨਾ ਇਕ ਅਤਿ ਕਠਿਨ ਕੰਮ ਸੀ। ਅੰਗਰੇਜ਼ਾਂ ਦੀਆਂ ਲਿਖਤਾਂ ਦੇ ਨਮੂਨੇ ਵੀ ਇਕੱਠੇ ਕੀਤੇ ਗਏ ਹਨ। ਪੁਸਤਕ ਦੀ ਭੂਮਿਕਾ ਵਿਚ ਮਹਾਰਾਜਾ ਬੀਰ ਸਿੰਘ ਲਿਖਦੇ ਹਨ:

> "ਇਹ ਪੁਸਤਕ ਪਾਠਕਾਂ ਲਈ ਇਤਿਹਾਸਕ ਪੱਖ ਤੋਂ ਆਪਣਾ ਵਿਸ਼ੇਸ਼ ਸਥਾਨ ਰੱਖਦੀ ਹੈ। ਹਰ ਨਾਮਧਾਰੀ ਲਈ ਇਹ ਅਨਮੋਲ ਖਜ਼ਾਨਾ ਹੈ। ਹਰ ਘਰ ਵਿਚ ਇਹ ਸੰਭਾਲ ਕੇ ਰੱਖਣੀ ਅਤੇ ਪੜ੍ਹਨੀ ਸਭ ਨਾਮਧਾਰੀਆਂ ਦਾ ਜ਼ਰੂਰੀ ਕਰਤੱਵ ਹੋਣਾ ਚਾਹੀਦਾ ਹੈ।"[1]

ਪੁਸਤਕ ਵਿਚ ਮੁੱਖ ਤੌਰ ਤੇ ਵੱਖ-ਵੱਖ ਵਸੀਲਿਆਂ ਰਾਹੀਂ ਪ੍ਰਾਪਤ ਕੀਤੀਆਂ ਰਿਪੋਰਟਾਂ ਨੂੰ ਥਾਂ-ਥਾਂ ਤੇ ਪੇਸ਼ ਕਰਕੇ ਇਸ ਪੁਸਤਕ ਨੂੰ ਇਕ ਇਤਿਹਾਸਕ ਪੁਸਤਕ ਬਣਾਉਣ ਦਾ ਹਰ ਹੀਲਾ ਵਰਤਿਆ ਗਿਆ ਹੈ।

> "ਸਾਰੀਆਂ ਰਪੋਟਾਂ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਕੂਕਿਆਂ ਦੀ ਗਿਣਤੀ ਇਸ ਵੇਲੇ ਵਾਧੇ ਵਿਚ ਹੈ। ਕੈਪਟਨ ਹੈਰਸ ਨੇ ਇਤਲਾਹ ਦਿੱਤੀ ਹੈ ਕਿ ਅੰਬਾਲੇ ਵਿਚ ਸੰਨ 1866 ਈ. ਤੋਂ ਪਹਿਲਾਂ ਥੋੜੇ

ਜੇਹੇ ਕੂਕੇ ਸਨ, ਪ੍ਰੰਤੂ ਬਾਦ ਵਿਚ ਇਸ ਨਵੇਂ ਪੰਥ ਦੇ ਅਸੂਲਾਂ ਨੇ ਅੰਬਾਲੇ ਅਰ ਲਧੋਕੇ ਦੇ ਪਰਗਨਿਆਂ ਵਿਚ ਵਿਸ਼ਵਾਸ ਪ੍ਰਾਪਤ ਕਰ ਲਿਆ ਹੈ। ਹੁਣ ਪਤਾ ਲਗਾ ਹੈ ਕਿ 15 ਪਿੰਡ ਕੂਕਿਆਂ ਨਾਲ ਉਕੇ ਪੁੱਕੇ ਸਬੰਧਿਤ ਹੋ ਚੁੱਕੇ ਹਨ। ਏਨਾਂ ਪਿੰਡਾਂ ਦੀ ਵਸੋਂ ਦਾ ਅਨੁਮਾਨ 4000 ਲਾਇਆ ਗਿਆ ਹੈ। ਜੋ ਖ਼ਾਸ ਕਰਕੇ ਰਮਦਾਸੀਆਂ, ਤ੍ਰਖਾਣਾਂ, ਲੁਹਾਰਾਂ ਅਤੇ ਜੱਟਾਂ ਜੈਸੀਆਂ ਨੀਵੀਆਂ ਸ਼੍ਰੇਣੀਆਂ ਤੇ ਨਿਰਭਰ ਹੈਨ। ਪ੍ਰਤੀਤ ਹੁੰਦਾ ਏ ਕਿ ਸੁੱਧ ਸਿੰਘ ਤੇ ਕਾਹਨ ਸਿੰਘ ਦੋ ਸੂਬੇ ਅੰਬਾਲੇ ਦੇ ਜ਼ਿਲੇ ਵਾਸਤੇ ਨੀਯਤ ਕੀਤੇ ਹੋਏ ਹਨ। ਪਰ ਜਦੋਂ ਕੈਪਟਨ ਹੈਰਸ ਨੇ ਲਿਖਿਆ ਸੀ ਏਥੇ ਕੋਈ ਸੂਬਾ ਨਿਯੁਕਤ ਨਹੀਂ ਸੀ। ਜ਼ਿਲਿਆਂ ਵਿਚ ਹੋਣ ਵਾਲੇ ਦੀਵਾਨ ਛੋਟੇ ਹੁੰਦੇ ਸਨ ਪਰ ਸ਼੍ਰਧਾਲੂਆਂ ਦਾ ਉਤਸ਼ਾਹ ਕੁਛ ਘਰ ਘਾਟ ਰਹਿਤ ਮਸਤਾਨਿਆ ਦੇ ਕਾਰਨ ਸਰਜੀਤ ਰਹਿੰਦਾ ਸੀ। 7 ਕੂਕੇ ਪੁਲਸ ਵਿਚ ਸਨ। ਇਸ ਪੰਥ ਬਾਬਤ ਇਸ ਜਿਲ੍ਹੇ ਵਿਚੋਂ ਜਿਨਾਂ ਪਤਵੰਤਿਆਂ ਅਤੇ ਰਸੂਖ ਵਾਲੇ ਬੰਦਿਆਂ ਦਾ ਨੁਕਤਾ ਨਿਗਾਹ ਪੁਛਿਆ ਗਿਆ, ਉਨ੍ਹਾਂ ਨੇ ਕਿਹਾ ਅਜੇ ਇਹ ਨਿਰੋਲ ਧਾਰਮਕ ਹੈ।”[2]

ਇਸੇ ਤਰ੍ਹਾਂ ਅਜਿਹੀਆਂ ਇਤਿਹਾਸਕ ਘਟਨਾਵਾਂ ਦੇ ਨਾਲ-ਨਾਲ ਹੋਰ ਘਟਨਾਵਾਂ ਪ੍ਰਤੀ ਵੀ ਵਿਸਤ੍ਰਿਤ ਚਰਚਾ ਕੀਤੀ ਮਿਲਦੀ ਹੈ।

“ਅੰਮ੍ਰਿਤਸਰ ਦੀ ਬੁੱਚੜਮਾਰੂ ਘਟਨਾ ਤੋਂ 20-25 ਦਿਨਾ ਪਿਛੋਂ ਕੂਕੇ ਸਿੰਘਾਂ ਦਾ ਇਕ ਜਥਾ ਭੈਣੀ ਸਾਹਿਬ ਨੂੰ ਜਾਂਦਾ ਹੋਇਆ ਇਸ ਗੁਰਦਵਾਰੇ ਥਾਣੀ ਲੰਘਿਆ। ਉਨ੍ਹਾਂ ਨੇ ਗੁਰਦਵਾਰੇ ਦੇ ਆਸ ਪਾਸ ਕੁਛ ਹੱਡੀਆਂ ਤੇ ਮਾਸ ਦੀਆਂ ਬੋਟੀਆਂ ਵੇਖ ਕੇ ਪੁਜਾਰੀਆਂ ਨੂੰ ਪੁੱਛਿਆ ਤਾਂ ਉਨ੍ਹਾਂ ਨੇ

ਬੜੇ ਦਰਦ ਭਰੇ ਸ਼ਬਦਾਂ ਵਿਚ ਦੱਸਿਆ ਕਿ ਔਹ ਤੱਕੋ! ਗੁਰਦਵਾਰਾ ਸਾਹਿਬ ਤੋਂ ਥੋੜ੍ਹੇ ਫਾਸਲੇ ਤੇ ਹੀ ਬੁੱਚੜਾਂ ਦੀਆਂ ਝੁੱਗੀਆਂ ਹਨ, ਜਿੱਥੇ ਹਰ ਰੋਜ਼ ਦਿਨ ਦੀਵੀਂ ਗਊਆਂ ਦਾ ਘਾਤ ਹੁੰਦਾ ਹੈ, ਜਿਸ ਨੂੰ ਵੇਖ ਕੇ ਸਾਡੇ ਦਿਲ ਬਹੁਤ ਦੁਖੀ ਹੁੰਦੇ ਹਨ। ਇੱਲਾਂ ਤੇ ਗਿਰਝਾਂ ਗਊ ਮਾਸ ਦੀਆਂ ਬੋਟੀਆਂ ਲਿਆ ਕੇ ਗੁਰਦਵਾਰੇ ਦੇ ਲਾਗੇ ਸੁਟ ਜਾਂਦੀਆਂ ਹਨ ਜਿਨ੍ਹਾਂ ਦੇ ਕਾਰਨ ਗੁਰੂ ਧਾਮ ਦੀ ਡਾਢੀ ਬਿਅਦਬੀ ਹੋ ਰਹੀ ਹੈ। ਸਾਡੇ ਖਿਆਲ ਵਿਚ ਇਹ ਸਾਡੇ ਮੰਦੇ ਕਰਮਾਂ ਦਾ ਫਲ ਹੈ। ਭਾਈ ਸਾਹਿਬ! ਸਚ ਪੁਛੋਂ, ਤਾਂ ਸਾਡੇ ਜੀਉਣ ਦਾ ਹੁਣ ਕੋਈ ਹੱਜ ਨਹੀਂ ਹੈ। ਪੁਜਾਰੀ ਸਿੰਘਾਂ ਦੀ ਵਿਥਿਆ ਸੁਣ ਕੇ ਕੂਕੇ ਬੀਰਾਂ ਦੀਆਂ ਅੱਖਾਂ ਵਿਚ ਲਹੂ ਦੇ ਅੱਥਰੂ ਭਰ ਆਏ। ਉਸ ਵੇਲੇ ਉਨ੍ਹਾਂ ਨੇ ਕੇਵਲ ਏਨਾ ਹੀ ਕਿਹਾ ਕਿ – "ਅੱਛਾ! ਗੁਰੂ ਭਲੀ ਕਰੇਗਾ। ਏਦੂੰ ਪਿਛੋਂ ਉਹ ਏਥੋਂ ਚੱਲ ਕੇ ਤਾਜਪੁਰ ਨਾਨੀ ਇਕ ਨੇੜੇ ਦੇ ਪਿੰਡ ਜਾ ਰਹੇ। ਰਾਤ ਉੱਥੇ ਕੱਟੀ ਅਤੇ ਆਪਸ ਵਿਚ ਫੈਸਲਾ ਕਰ ਲਿਆ ਕਿ ਗਊਆਂ ਦੀ ਰੱਖਿਆ ਅਤੇ ਗੁਰਦਵਾਰੇ ਦੀ ਪਵਿੱਤ੍ਰਤਾ ਨੂੰ ਮੁੜ ਸਥਿਰ ਕਰਨ ਦੇ ਪ੍ਰਯੋਜਨ ਨਾਲ ਬੁੱਚੜਾਂ ਦਾ ਸਫਾਇਆ ਕੀਤਾ ਜਾਵੇ।"[3]

ਨਾਮਧਾਰੀਆਂ ਨੇ ਜਦੋਂ-ਜਦੋਂ ਇਹ ਮਹਿਸੂਸ ਕੀਤਾ ਕਿ ਅੰਗਰੇਜ਼ ਉਨ੍ਹਾਂ ਦੀ ਵਿਅਕਤੀਗਤ ਜ਼ਿੰਦਗੀ ਅਤੇ ਧਰਮ ਵਿਚ ਦਖ਼ਲ ਅੰਦਾਜ਼ੀ ਕਰ ਰਹੇ ਹਨ ਤਾਂ ਉਨ੍ਹਾਂ ਨੇ ਉਨ੍ਹਾਂ ਦੀਆਂ ਅਜਿਹੀਆਂ ਕਾਰਵਾਈਆਂ ਦਾ ਡਟ ਕੇ ਵਿਰੋਧ ਹੀ ਨਹੀਂ ਕੀਤਾ ਸਗੋਂ ਉਨ੍ਹਾਂ ਨੇ ਆਪਣੇ ਆਪ ਨੂੰ ਹੋਰ ਪੱਕਿਆਂ ਕਰਨ ਲਈ ਆਪਣੇ ਗੁਰੂਆਂ ਦੁਆਰਾ ਵਰੋਸਾਏ ਰਸਤੇ ਉਤੇ ਚੱਲਣ ਲਈ ਆਦਰਸ਼ਾਂ ਦਾ ਪਾਲਣ ਕੀਤਾ। ਉਹਨਾਂ ਨੇ ਆਪਣੀ ਰਹਿਣੀ-ਬਹਿਣੀ ਦੁਆਰਾ ਇਹ ਸਿੱਧ ਕਰ ਦਿਖਾਇਆ ਕਿ ਕੂਕੇ ਆਦਰਸ਼ਕ ਤੇ ਆਚਰਣਕ ਉੱਤਮਤਾ ਵਿਚ ਕਿੰਨਾ ਵਿਸ਼ਵਾਸ ਕਰਦੇ ਹਨ।

"ਕੂਕਾ ਪੰਥ ਪੱਕੇ ਮਹਾਤਮਾ ਦਾ ਪੰਥ ਹੈ। ਉਨ੍ਹਾਂ ਦੀ ਸਿੱਖਿਆ ਦਾ ਸਿਧਾਂਤ ਈਸ਼ੂਰ ਭਗਤੀ ਹੈ। ਉਹ ਉਚ ਸਦਾਚਾਰ ਦੇ ਮਾਲਿਕ ਹਨ। ਉਨ੍ਹਾਂ ਵਿਚ ਵਿਧਵਾ ਵਿਆਹ ਦੀ ਪਾਬੰਦੀ ਨਹੀਂ ਹੈ। ਉਨ੍ਹਾਂ ਵਿਚ ਲੜਕੀਆਂ ਅਤੇ ਭੈਣ ਦੇ ਬਦਲੇ ਵਿਚ ਰੁਪੈ ਲੈਣ ਦੀ ਉਕਾ ਹੀ ਮਨਾਹੀ ਹੈ। ਉਹ ਸਦਾਚਾਰਕ ਜੀਵਨ ਦੀ ਤਾਕੀਦ ਕਰਦੇ ਹਨ। ਉਹ ਨਸ਼ੀਲੀਆਂ ਸ਼ੈਆਂ ਤੋਂ ਪ੍ਰਹੇਜ਼ ਕਰਦੇ ਹਨ। ਇਸ

ਪੰਥ ਦੀ ਨਿਸ਼ਾਨੀ ਉੱਨ ਦੀ ਮਾਲਾ ਸਿੱਧੀ ਪੱਗ ਤੇ ਇਕ ਲਾਠੀ ਹੈ। ਰਾਮ ਸਿੰਘ ਸ਼ਾਨਦਾਰ ਦਿਮਾਗੀ ਕਾਬਲੀਅਤ ਦਾ ਮਾਲਿਕ ਹੈ। ਉਸ ਨੇ ਹੌਲੀ ਹੌਲੀ ਆਪਣੇ ਸਿੱਖਾਂ ਅੰਦਰ ਨੇਕੀ ਅਤੇ ਪ੍ਰਹੇਜਗਾਰੀ ਦੇ ਕਾਰਨ ਪ੍ਰਸਿੱਧੀ ਪ੍ਰਾਪਤ ਕਰ ਲਈ ਹੈ। ਉਸ ਦੇ ਚੇਲਿਆਂ ਦੀ ਗਿਣਤੀ ਬਹੁਤ ਵਧ ਗਈ ਹੈ ਅਤੇ ਨਾਲ ਹੀ ਉਸ ਦਾ ਅਸਰ। ਰਾਮ ਸਿੰਘ ਅਤੇ ਉਸ ਦੇ ਚੇਲੇ ਕੇਵਲ ਧਾਰਮਿਕ ਹੀ ਨਹੀਂ ਹਨ ਸਗੋਂ ਧਾਰਮਿਕ ਸੁਧਾਰਕ ਸਦਾਚਾਰੀ ਉਪਦੇਸ਼ਕ ਅਤੇ ਗੁਰੂ ਹੋਣ ਦੇ ਲਿਬਾਸ ਵਿਚ ਉਨ੍ਹਾਂ ਨੇ ਰਾਜਨੀਤੀ ਦੇ ਡੂੰਘੇ ਮਨਸੂਬਿਆਂ ਨੂੰ ਆਸਰਾ ਦਿੱਤਾ।" [4]

ਨਾਮਧਾਰੀ ਗੁਰੂਆਂ ਦੇ ਇਤਿਹਾਸ ਬਾਰੇ ਚਰਚਾ ਕਰਨ ਤੋਂ ਇਲਾਵਾ ਇਸ ਸਾਹਿਤ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਜਿਸ ਬੀੜ ਬਾਰੇ ਸਿੱਖ ਇਤਿਹਾਸ ਵਿਚ ਕਿਹਾ ਜਾਂਦਾ ਹੈ ਕਿ ਇਸ ਨੂੰ ਮਾਨਤਾ ਦਿੱਤੀ ਹੈ। ਉਸ ਪ੍ਰਤੀ ਵੀ ਕਾਫੀ ਕੁਝ ਲਿਖਿਆ ਪ੍ਰਾਪਤ ਹੁੰਦਾ ਹੈ:

"ਗੁਰਿਆਈ ਵਾਲੀ ਬੀੜ"

ਸਿੱਖ ਇਤਿਹਾਸ ਦੇ ਚਾਨਣੇ ਹੇਠ ਇਹ ਗੱਲ ਸੂਰਜਵਤ ਰੋਸ਼ਨ ਹੋ ਜਾਂਦੀ ਹੈ ਕਿ ਸ੍ਰੀ ਹਜ਼ੂਰ ਸਾਹਿਬ ਵਿਖੇ ਸ੍ਰੀ ਗੁਰੂ ਕਲਗੀਧਰ ਜੀ ਪਾਸ ਸ੍ਰੀ ਗੁਰੂ ਗਰੰਥ ਸਾਹਿਬ ਦੀ ਕੋਈ ਬੀੜ ਵੀ ਨਹੀਂ ਸੀ। ਕਿਉਂਕਿ-

(1) ਇਤਿਹਾਸ ਦੀ ਕਿਸੇ ਪੋਥੀ ਵਿਚ ਅਜੇਹਾ ਇਕ ਪ੍ਰਮਾਣ ਵੀ ਨਹੀਂ ਮਿਲਦਾ, ਜਿਸ ਤੋਂ ਇਹ ਸਿਧ ਹੋ ਸਕੇ ਕਿ ਗੁਰੂ ਜੀ ਦੱਖਣ ਨੂੰ ਜਾਣ ਲਗੇ ਕੋਈ ਬੀੜ ਨਾਲ ਲੈ ਗਏ ਸਨ।

(2) ਖਾਲਸਾ ਟ੍ਰੈਕਟ ਸੁਸਾਇਟੀ ਸਿੰਘ ਸਭਾ ਦੀ ਇਕ ਪ੍ਰਕਾਸ਼ਣ ਸੰਸਥਾ ਹੈ, ਜਿਸ ਦੀ ਸਥਾਪਨਾ ਸ੍ਰੀ ਮਾਨ ਭਾਈ ਵੀਰ ਸਿੰਘ ਸਾਹਿਬ ਦੇ ਪਿਤਾ ਡਾਕਟਰ ਚਰਨ ਸਿੰਘ ਜੀ ਦੀ ਰਚਨਾ ਹੈ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ (ਆਦਿ) ਦੀਆਂ ਬੀੜਾਂ ਦਾ ਖੋਜ ਪੂਰਤ ਨਿਰਨਾ ਪ੍ਰਕਾਸਿਆ ਗਿਆ ਹੈ। ਪ੍ਰੰਤੂ ਪਾਠਕ ਹੈਰਾਨ ਹੋਣਗੇ, ਕਿ ਉਸ ਵਿਚ ਵੀ ਕੋਈ ਬੀੜ ਅਜੇਹੀ ਨਹੀਂ ਦਿਖਾਈ ਗਈ, ਕਿ ਜਿਸ ਨੂੰ ਸ੍ਰੀ ਕਲਗੀਧਰ ਜੀ ਆਪਣੇ ਨਾਲ ਦੱਖਣ ਨੂੰ ਲੈ ਗਏ ਅਤੇ ਹਜ਼ੂਰ ਸਾਹਿਬ ਵਿਖੇ ਗੁਰਿਆਈ ਅਰਪਣ ਕੀਤੀ, ਅਥਵਾ ਕੋਈ ਬੀੜ ਅਜੇਹੀ ਨਹੀਂ ਦੱਸੀ ਗਈ, ਜੋ ਯਾਂ ਤਾਂ ਗੁਰੂ

ਜੀ ਦੇ ਹਜ਼ੂਰ ਸਾਹਿਬ ਪੁਜਣ ਤੋਂ ਪਹਿਲਾਂ ਹੀ ਓਥੇ ਮੌਜੂਦ ਹੋਵੇ, ਯਾ ਗੁਰੂ ਜੀ ਨੇ ਗੁਰਿਆਈ ਦੇਣ ਖਾਤਿਰ ਨਵੀਂ ਰਚ ਲਈ ਹੋਵੇ।

(3) ਸ੍ਰੀ ਹਜ਼ੂਰ ਸਾਹਿਬ, ਅਕਾਲ ਤਖਤ ਯਾ ਹੋਰ ਕਿਸੇ ਗਰਧਾਮ ਅਥਵਾ ਸਥਾਨ ਤੇ ਉਹ ਬੀੜ ਅਜ ਤਕ ਨਾ ਹੀ ਦੇਖੀ ਅਰ ਨਾ ਹੀ ਦਿਖਾਈ ਗਈ ਹੈ ਜਿਸ ਨੂੰ ਗੁਰੂ ਜੀ ਨੇ ਗੁਰਿਆਈ ਦਿੱਤੀ। ..........."[5]

**ਸੰਤ ਇੰਦਰ ਸਿੰਘ** (1901–1971)

ਸੰਤ ਇੰਦਰ ਸਿੰਘ ਜੀ ਦੀ ਲਗਭਗ ਹਰ ਰਚਨਾ ਚਾਹੇ ਉਹ ਵਾਰਤਕ ਵਿਚ ਹੋਵੇ ਜਾਂ ਕਵਿਤਾ ਵਿਚ ਇਤਿਹਾਸਕ ਵੇਰਵਿਆਂ ਨਾਲ ਭਰਪੂਰ ਹੁੰਦੀ ਹੈ। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਉਨ੍ਹਾਂ ਦੀ ਹਰ ਇਕ ਰਚਨਾ ਦਾ ਆਧਾਰ ਸਿੱਖ ਇਤਿਹਾਸ ਹੁੰਦਾ ਹੈ। ਉਨ੍ਹਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਦੀ ਪ੍ਰੇਰਨਾ ਨਾਲ ਨਾਮਧਾਰੀ ਇਤਿਹਾਸ ਨੂੰ ਲਿਖਣਾ ਸ਼ੁਰੂ ਕੀਤਾ ਸੀ ਅਤੇ ਸਤਿਜੁਗ ਅਖ਼ਬਾਰ ਦੇ ਬਸੰਤ ਅੰਕਾਂ ਵਿਚ ਉਨ੍ਹਾਂ ਦੇ ਇਤਿਹਾਸ ਨਾਲ ਸੰਬੰਧਿਤ ਲੇਖ ਛਪਦੇ ਸਨ। ਉਨ੍ਹਾਂ ਨੇ 1934 ਈ. ਵਿੱਚ ਪੁਸਤਕ 'ਨਾਮਧਾਰੀ ਇਤਿਹਾਸ' (ਭਾਗ ਪਹਿਲਾ) ਤਿਆਰ ਕਰਕੇ 'ਸਤਿਜੁਗ' ਅਖਬਾਰ ਸ੍ਰੀ ਭੈਣੀ ਸਾਹਿਬ ਵਲੋਂ ਪ੍ਰਕਾਸ਼ਤ ਕਰਵਾਈ ਸੀ, ਜਿਸ ਵਿਚ ਪਹਿਲੀ ਵਾਰ ਉਨ੍ਹਾਂ ਨੇ ਇਤਿਹਾਸ ਦੀ ਖੋਜ ਕਰਕੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਜੀਵਨ ਨੂੰ ਅੰਕਿਤ ਕੀਤਾ ਸੀ।

"ਸੰਤ ਇੰਦਰ ਸਿੰਘ ਚੱਕਰਵਰਤੀ (1901–1971)। ਇਸ ਕਾਲ ਦੇ ਉਨ੍ਹਾਂ ਪ੍ਰਮੁੱਖ ਸਾਹਿਤਕਾਰਾਂ ਵਿਚੋਂ ਹਨ ਜੋ ਨਾਮਧਾਰੀ ਸੰਪਰਦਾਇ ਨਾਲ ਪੱਕੀ ਤਰ੍ਹਾਂ ਜੁੜੇ ਹੋਏ ਹਨ। ਉਹ ਸਰਬਾਂਗੀ ਲੇਖਕ ਸਨ ਅਤੇ ਕਵਿਤਾ, ਵਾਰਤਕ, ਗਲਪ, ਨਾਟਕ ਆਦਿ ਖੇਤਰਾਂ ਤੋਂ ਬਿਨਾਂ ਉਨ੍ਹਾਂ ਨੇ ਪੰਜਾਬੀ ਕੋਸ਼ਕਾਰੀ ਨੂੰ ਵੀ ਵਿਸ਼ੇਸ਼ ਦੇਣ ਦਿੱਤੀ ਹੈ। ਭਾਸ਼ਾ ਵਿਭਾਗ ਵੱਲੋਂ 'ਹਿੰਦੀ-ਪੰਜਾਬੀ ਕੋਸ਼' ਅਤੇ 'ਪੁਆਧੀ ਕੋਸ਼' ਨੂੰ ਸਿਰੇ ਚਾੜ੍ਹਨ ਵਿਚ ਉਨ੍ਹਾਂ ਦਾ ਯੋਗਦਾਨ ਵਿਸ਼ੇਸ਼ ਹੈ। ਨਾਮਧਾਰੀ ਪ੍ਰਿਸ਼ਟ ਭੂਮੀ ਨਾਲ ਜੁੜੀਆਂ ਉਨ੍ਹਾਂ ਦੀਆਂ ਪੁਸਤਕਾਂ 'ਮਾਲਵਿੰਦਰ' ਮਹਾਂਕਾਵਿ, ਤਿੰਨ ਨਾਵਲ (ਬੀਤ

ਰਾਗ, ਅੜਬੰਗੀ ਅਤੇ ਜੈ) ਜੋ 'ਪਹਿਲਾਂ ਮਰਣ ਕਬੂਲ' ਨਾਂ ਦੀ ਪੁਸਤਕ ਵਿਚ ਸੰਕਲਿਤ ਹਨ। ਨਾਟਕ 'ਸ਼ਾਹੀ ਕੈਦੀ' ਅਤੇ ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਪੁਸਤਕਾਂ 'ਨਾਮਧਾਰੀ ਇਤਿਹਾਸ' (ਭਾਗ ਪਹਿਲਾ) ਜੋ ਸ੍ਰੀ ਸਤਿਗੁਰੂ ਬਾਲਕ ਸਿੰਘ ਦੇ ਜੀਵਨ ਸਮਾਚਾਰਾਂ ਬਾਰੇ ਹੈ ਅਤੇ 'ਅਟੱਲ ਪ੍ਰਤਾਪੀ' ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸੰਖੇਪ ਜੀਵਨ ਅਤੇ ਕਾਰਨਾਮਿਆਂ ਦਾ ਬਿਉਰਾ ਹੈ, ਵਿਸ਼ੇਸ਼ ਤੌਰ ਤੇ ਵਰਣਨਯੋਗ ਪੁਸਤਕਾਂ ਹਨ। "[6]

ਪੰਜਾਬ ਦੇ ਪੱਛਮੀ ਭਾਗ ਅਰਥਾਤ ਪੋਠੋਹਾਰ, ਜਿਲਾ ਅਟਕ ਵਿਖੇ ਇਕ ਸਰਵਾਲਾ ਨਾਮ ਗ੍ਰਾਮ ਹੈ ਜਿਸ ਵਿਚ ਬੱਤਰੇ ਜ਼ਾਤੀ ਦੇ ਅਰੋੜੇ ਸਿੱਖ ਬਾਬਾ ਦਯਾਲ ਸਿੰਘ ਜੀ ਨਿਵਾਸ ਕਰਦੇ ਸਨ। ਉਹਨਾਂ ਦੇ ਘਰ ਮਾਤਾ ਭਾਗਭਰੀ ਜੀ ਦੀ ਪਵਿਤਰ ਕੁੱਖ ਦੁਆਰਾ ਫੱਗਣ ਸੁਦੀ 15 (ਪੂਰਨਮਾਸੀ) ਸੰਮਤ 1841 ਬਿਕਰਮੀ ਨੂੰ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਅਵਤਾਰ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਏਹਨਾਂ ਵਾਕਾਂ ਨੂੰ ਸਫ਼ਲ ਕਰਨ ਲਈ ਹੋਯਾ, ਜੋ ਆਪ ਜੀ ਨੇ ਆਲਿਮ ਸਿੰਘ ਜੀ ਦੇ ਪੁੱਛਣ ਤੇ ਉਚਾਰਣ ਕੀਤੇ ਸਨਃ-

"ਆਲਿਮ ਸਿੰਘ ਬੰਦ ਕਰ ਦੋਇ।
ਕਿਹਾ ਕਿ ਦਰਸਨ ਭੀ ਤੁਮ ਹੋਇ।"

ਦੋਹਿਰਾਃ ਕਹਿਓ ਗੁਰੂ ਹਮ ਭੀ ਰਖਹਿ ਹਿਰਦੇ ਭਾਵਨੀ ਸੋਇ।
ਸ੍ਰੀ ਅੰਮ੍ਰਿਤਸਰ ਪਹੁੰਚ ਬੇ, ਰਾਮ ਸਰੋਵਰ ਜੋਇ।
ਬੇਰ ਗਿਆਰਵੀ ਹਮ ਚਲ ਆਵਹਿ।
ਤਿਸਕੇ ਕੋਇਕ ਹਮ ਲਖ ਪਾਵਹਿ।
ਪੰਥ ਖਾਲਸਾ ਖੇਤੀ ਮੇਰੀ
ਕਰੋਂ ਸੰਭਾਲਨ ਮੈਂ ਤਿਸ ਬੇਰੀ।

(ਸ੍ਰੀ ਗੁਰ ਪ੍ਰਤਾਪ ਸੂਰਜ ਰੁਤ 5ਵੀਂ ਅਸੂ 38 ਜਨਮ ਸਮੇਂ ਮਾਤਾ ਜੀ ਨੂੰ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦਾ ਦੀਦਾਰ ਹੋਇਆ। ਜੇਹਾ ਕਿ ਜਗਤ ਦੀ ਮਰਯਾਦਾ ਹੈ ਮਾਤਾ-ਪਿਤਾ ਨੂੰ

ਵਧਾਈਆਂ ਮਿਲਨ ਲੱਗੀਆਂ ਕਿਸੇ ਨੂੰ ਕੀ ਪਤਾ ਸੀ, ਅਤੇ ਕੌਨ ਜਾਨਦਾ ਸੀ ਇਹ ਬਾਲਕ ਜੋ ਬਾਬਾ ਦਯਾਲ ਸਿੰਘ ਜੀ ਦੇ ਘਰ ਬਾਲਕ ਰੂਪ ਹੋ ਕੇ ਪ੍ਰਕਾਸ਼ਮਾਨ ਹੋਯਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਹੋਏ ਖਾਲਸੇ ਦੀ ਰਖਯਾ ਲਈ ਵਾੜ ਸਿੱਧ ਹੋਵੇਗਾ .....।"[7]

ਨਾਮਧਾਰੀ ਇਤਿਹਾਸ (ਭਾਗ ਪਹਿਲਾ) ਪੁਸਤਕ ਵਿਚ ਸੰਤ ਇੰਦਰ ਸਿੰਘ ਜੀ ਚੱਕ੍ਰਵਰਤੀ ਜੀ ਨੇ ਗੁਰੂ ਬਾਲਕ ਸਿੰਘ ਜੀ ਦੀ ਅਦੁੱਤੀ ਸਖ਼ਸ਼ੀਅਤ ਬਾਰੇ ਚਾਨਣਾ ਪਾਉਂਦਿਆਂ ਉਨ੍ਹਾਂ ਦਾ ਕਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਮੇਲ ਅਤੇ ਕਦੇ ਹੋਰ ਮਹਾਨ ਸਖ਼ਸ਼ੀਅਤਾਂ ਤੋਂ ਇਲਾਵਾ "ਅਕਾਲ ਪੁਰਖ ਦਾ ਦਰਸ਼ਨ ਅਤੇ ਨਾਮ ਪ੍ਰਚਾਰ ਲਈ ਹੁਕਮ" ਸਿਰਲੇਖ ਅਧੀਨ ਅਕਾਲ ਪੁਰਖ ਨਾਲ ਮਿਲਾਪ ਵੀ ਪੇਸ਼ ਕੀਤਾ ਮਿਲਦਾ ਹੈ:

"ਇਕ ਦਿਨ ਸ੍ਰੀ ਸਤਿਗੁਰੂ ਜੀ ਸਮਾਧੀ ਲਾਈ ਬੈਠੇ ਸਨ। ਨਿਰਗੁਣ ਬ੍ਰਹਮ (ਅਕਾਲ ਪੁਰਖ) ਦੀ ਉਪਾਸ਼ਨਾ ਵਿਚ ਅਜੇਹੇ ਲੀਨ ਹੋਏ ਕਿ ਆਪਾ ਭਾਵ ਵਿਸਰਕੇ ਤਦ ਰੂਪ ਵਿਚ ਲੀਨ ਹੁੰਦੇ ਹੋਏ ਮਗਨ ਹੋ ਗਏ। ਭਗਤੀ ਦੇ ਵਸ ਭਗਵਾਨ ਦੀ ਸਨਾਤਨ ਨੇਤ ਹੈ ਆਪ ਜੀ ਦੀ ਕਰਮ ਨਿਸ਼ਠਾ ਅਤੇ ਨਿਸਵਾਰਥ ਭਗਤੀ ਦੇਖ ਕੇ ਅੰਤ੍ਰਯਾਮੀ ਚਤਰ ਭੁਜ ਰੂਪ ਹੋ ਸਾਖਯਾਤ ਆ ਦਰਸ਼ਨ ਦਿੱਤਾ। ਬਾਬਾ ਜੀ ਨੇ ਆਸਨ ਤੇ ਬਠਾ ਕੇ ਚਰਨ ਬੰਦਨਾ ਕੀਤੀ। ਨਿਰੰਕਾਰ ਹੁਕਮ ਕੀਤਾ ਕਿ – "ਅਸੀਂ ਤੁਹਾਨੂੰ ਜਗਤ ਦੇ ਉਧਾਰ ਅਤੇ ਸਿਖ ਰੂਪ ਮੁਰਝਾ ਚੁਕੀ ਫੁਲਵਾੜੀ ਨੂੰ ਸਰ ਸਬਜ ਅਤੇ ਸੁਰਜੀਤ ਕਰਨ ਲਈ ਭੇਜਿਆ ਹੈ। ਤੁਸੀਂ ਆਪ ਨਾਮ ਜਪੋ ਅਤੇ ਸੰਸਾਰ ਨੂੰ ਜਪਾਵੋ। ਹੁਨ ਪ੍ਰਗਟ ਹੋਵੋ। ਤੁਸੀਂ ਤੇ ਭਜਨ ਵਿਚ ਲੀਨ ਹੁੰਦੇ ਹੋਏ ਆਪ ਹੀ ਬਦੇਹ ਹੋ ਜਾਂਦੇ ਹੋ, ਸੰਗਤਾਂ ਦਾ ਕੀ ਹਾਲ। ਏਹਨਾਂ ਦਾ ਉਧਾਰ ਕੌਨ ਕਰੇਗਾ।"[8]

ਇਸੇ ਪੁਸਤਕ ਵਿਚ ਨਾਮਧਾਰੀ ਇਤਿਹਾਸ ਦੀ ਲੜੀ ਨੂੰ ਅੱਗੇ ਤੋਰਦਿਆਂ ਹੋਇਆਂ ਪੁਸਤਕ ਦੇ ਅਖੀਰ ਵਿਚ ਬਾਬਾ ਬੈਂਕਾ ਜੀ ਵੱਲੋਂ ਨਾਮਧਾਰੀ ਗੁਰੂਆਂ ਪ੍ਰਤੀ ਭਵਿੱਖ ਬਾਣੀ ਕੀਤੀ ਮਿਲਦੀ ਹੈ। ਇਹ ਪ੍ਰਸੰਗ 'ਸੰਤ ਨਿਧਾਨ ਸਿੰਘ ਜੀ ਆਲਿਮ' ਦੀ ਕਿਸੇ ਲਿਖਤ ਵਿਚੋਂ ਉਤਾਰਿਆ ਗਿਆ ਹੈ, ਸਿਰਲੇਖ ਦੇ ਹੇਠਾਂ ਅਤੇ ਬੰਦ ਦੇ ਅਖੀਰ ਵਿਚ ਆਲਿਮ ਜੀ ਦਾ ਨਾਂ ਦਿੱਤਾ ਗਿਆ ਹੈ:–

“ ....... ਇਕ ਦਿਨ ਜਦ ਆਪ ਬਹੁਤ ਹੀ ਰੰਗੇ ਹੋਏ ਸਨ, ਆਪ ਨੇ ਤਿੰਨ ਆਸਣ ਕੋਲੋ ਕੋਲ ਵਿਛਾ ਕੇ ਏਹ ਕਹਿਣਾ ਸ਼ੁਰੂ ਕਰ ਦਿੱਤਾ ਕਿ –

“ਆਓ ਬਾਬਾ ਬਾਲਕ ਸਿੰਘ ਜੀ ਬੈਠੋ, ਆਓ ਬਾਬਾ ਰਾਮ ਸਿੰਘ ਜੀ ਬੈਠੋ, ਆਓ ਬਾਬਾ ਬੁਧ ਸਿੰਘ ਜੀ ਬੈਠੋ!”

ਵੇਖਣ ਵਾਲੀਆਂ ਸੰਗਤਾਂ ਨੇ ਇਹ ਬਚਨ ਏਸੇ ਤਰ੍ਹਾਂ ਦ੍ਰਿਸ਼ਟੀ ਅਗੋਚਰ ਕਰ ਛੱਡਿਆ, ਜਿਸਤ੍ਹਾਂ ਕਿ ਕਮਲੇ ਲੋਕਾਂ ਦੀਆਂ ਗਲਾਂ ਸੁਣਨ ਵਲੋਂ ਬੇ-ਪ੍ਰਵਾਹੀ ਹੁੰਦੀ ਹੈ।

ਸਚੇ ਪਾਤਸ਼ਾਹ ਜੀ ਤੋਂ ਬਿਨਾਂ ਕਿਸੇ ਨੂੰ ਉਦੋਂ ਕੀ ਪਤਾ ਸੀ ਕਿ ਮਸਤਾਨਾ ਭਵਿਖਤ ਸੰਬੰਧੀ ਪੇਸ਼ੀਨਗੋਈ ਕਰ ਰਿਹਾ ਹੈ। ਫੇਰ ਇਕ ਵਾਰ ਨਹੀਂ, ਕਈ ਵਾਰ ਬਾਬਾ ਬੈਂਕਾ ਤਿੰਨ ਆਸਣ ਵਿਛਾ ਕੇ ਤਿੰਨਾ ਹੀ ਸਾਹਿਬਾਂ ਦੇ ਨਾਮ ਉਤੇ ਲਿਖੀ ਤਰਤੀਬ ਅਨੁਸਾਰ ਲੈ ਕੇ ਆਸਣਾਂ ਤੇ ਬੈਠ ਜਾਣ ਵਾਸਤੇ ਪੁਕਾਰਦਾ। ਏਹ ਗੱਲ ਉਦੋਂ ਦੀ ਹੈ ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਹਜਰੋਂ ਵਿਖੇ ਗਏ ਵੀ ਨਹੀਂ ਸਨ, ਅਤੇ ਉਨਾ ਬਾਬਤ ਕਿਸੇ ਨੂੰ ਕੁਛ ਪਤਾ ਵੀ ਨਹੀਂ ਸੀ। ਏਸ ਬਚਨ ਦਾ ਰਾਜ਼ ਓਦੋਂ ਖੁਲ੍ਹਿਆ ਜਦੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਹਜ਼ਰੋਂ ਵਿਖੇ ਸਤਿਗੁਰੂ ਬਾਲਕ ਸਿੰਘ ਜੀ ਨੇ ਗੁਰ ਗੱਦੀ ਅਰਪਨ ਕੀਤੀ ਅਤੇ ਪਤਾ ਲਗਾ ਕਿ ਬਾਬਾ ਬੁਧ ਸਿੰਘ ਜੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਛੋਟੇ ਭਾਈ ਦਾ ਨਾਮ ਹੈ, ਜੋ ਕਿ ਆਪ ਦੇ ਪ੍ਰਦੇਸ ਗਮਨ ਕਰਨ ਦੇ ਸਮੇਂ ਹੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਨਾਮ ਤੋਂ ਪ੍ਰਸਿੱਧ ਹੋਏ।”[9]

ਚੱਕਰਵਰਤੀ ਜੀ ਦੀ ਪ੍ਰਤਿਭਾ ਅਟੱਲ ਪ੍ਰਤਾਪੀ ਅਤੇ ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਕਈ ਪੱਖਾਂ ਨੂੰ ਉਜਾਗਰ ਕਰਦੀ ਹੈ। ਉਨ੍ਹਾਂ ਦੇ ਨਾਟਕ ‘ਸ਼ਾਹੀ ਕੈਦੀ’ ਦੇ ਨਾਇਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹਨ, ਜਿਨ੍ਹਾਂ ਦੇ 1872 ਤੋਂ ਪਿਛੋਂ ਜਲਾਵਤਨੀ ਦੇ ਸਮਾਚਾਰਾਂ ਨੂੰ ਇਸ ਨਾਟਕ ਵਿਚ ਪੇਸ਼ ਕੀਤਾ ਗਿਆ ਹੈ। ਆਪ ਦੀਆਂ ਉਪਰੋਕਤ ਰਚਨਾਵਾਂ ਕਾਰਨ ਸੰਤ ਇੰਦਰ ਸਿੰਘ ਚੱਕਰਵਰਤੀ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦਾ ਸ੍ਰੇਸ਼ਟ ਸਾਹਿਤਕਾਰ ਪ੍ਰਵਾਨ ਕੀਤਾ ਜਾ ਸਕਦਾ ਹੈ।

**ਸੰਤ ਤਰਨ ਸਿੰਘ ਵਹਿਮੀ** (1902-1978):

ਸੰਤ ਤਰਨ ਸਿੰਘ ਵਹਿਮੀ ਇਸ ਕਾਲ ਦੇ ਤੀਜੇ ਸ਼੍ਰੋਮਣੀ ਇਤਿਹਾਸ ਲੇਖਕ ਹਨ। ਉਹ ਪਿੰਡ ਹਿੰਦੂ ਚੱਕ ਜਿਲ੍ਹਾ ਗੁਜਰਾਂਵਾਲਾ ਦੇ ਜੰਮਪਲ ਸਨ ਅਤੇ ਪਿਛੋਂ ਸ੍ਰੀ ਜੀਵਨ ਨਗਰ ਦੇ ਇਲਾਕੇ ਪਿੰਡ ਬੁੱਢੀ ਮਾੜੀ ਵਿਚ ਨਿਵਾਸ ਰੱਖਦੇ ਰਹੇ। ਆਪ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਵਰੋਸਾਏ ਹੋਏ ਅਤੇ ਉਨ੍ਹਾਂ ਦੇ ਨਿਕਟਵਰਤੀ ਵਿਚਰਨ ਵਾਲੇ ਲੇਖਕਾਂ ਵਿਚੋਂ ਸਨ। ਕਵਿਤਾ ਅਤੇ ਵਾਰਤਕ ਦੋਹਾਂ ਉਤੇ ਹੀ ਉਨ੍ਹਾਂ ਦਾ ਪੂਰਨ ਅਧਿਕਾਰ ਸੀ। "ਨਦੇੜੋਂ ਬਾਦ ਦਸਮ ਗੁਰ ਦਰਸਨ" ਵਿਚ ਆਪ ਜੀ ਨੇ ਥਾਂ ਪਰ ਥਾਂ ਇਤਿਹਾਸਕ ਪ੍ਰਮਾਣਾਂ ਦੁਆਰਾ ਨਾਮਧਾਰੀ ਗੁਰ ਮਰਿਯਾਦਾ ਦੀ ਪੁਸ਼ਟੀ ਕੀਤੀ ਹੈ।

'ਜੱਸ ਜੀਵਨ' ਨੂੰ ਵੱਡੇ ਅਕਾਰ ਦੇ ਛੇ ਭਾਗਾਂ ਵਿਚ ਰਚ ਕੇ ਇਸ ਸ਼੍ਰੋਮਣੀ ਇਤਿਹਾਸਕਾਰ ਲੇਖਕ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੁੱਚੇ ਜੀਵਨ ਸਮਾਚਾਰਾਂ ਨੂੰ ਸਾਲਾਂ ਦੇ ਕ੍ਰਮ ਅਨੁਸਾਰ ਵਿਸਤ੍ਰਿਤ ਰੂਪ ਵਿਚ ਇਸ ਤਰ੍ਹਾਂ ਸਾਂਭ ਦਿੱਤਾ ਹੈ ਕਿ ਅੱਜ ਉਨ੍ਹਾਂ ਦੀ ਇਹ ਸ਼੍ਰੋਮਣੀ ਰਚਨਾ ਨਾਮਧਾਰੀ ਇਤਿਹਾਸ ਅਤੇ ਮੱਤ ਦੀ ਪ੍ਰਮਾਣਿਕ ਪੁਸਤਕ ਅਤੇ ਸੱਚ ਪੁੱਛੋ ਤਾਂ ਵੱਡੇ ਗਿਆਨ ਕੋਸ਼ ਦਾ ਹੀ ਇਕ ਰੂਪ ਹੈ।

ਇਸੇ ਤਰ੍ਹਾਂ ਵਹਿਮੀ ਜੀ ਨੇ 'ਜੱਸ ਜੀਵਨ' ਰਚ ਕੇ ਪੰਜਾਬੀ ਜਨਮਸਾਖੀ ਪਰੰਪਰਾ ਦਾ ਚੋਖਾ ਵਿਸਥਾਰ ਤੇ ਵਿਕਾਸ ਕਰ ਦਿੱਤਾ ਹੈ।

'ਨਦੇੜੋਂ ਬਾਦ ਦਸਮ ਗੁਰ ਦਰਸ਼ਨ', 'ਨਦੇੜੋਂ ਬਾਦ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ', ਆਦਿ ਪੁਸਤਕਾਂ ਵਿਚ ਵਹਿਮੀ ਜੀ ਨੇ ਨਾਮਧਾਰੀ ਗੁਰੂ ਪਰੰਪਰਾ ਦੀ ਪੁਸ਼ਟੀ ਇਤਿਹਾਸਕ ਖੋਜ ਤੇ ਪ੍ਰਮਾਣਿਕ ਹਵਾਲਿਆਂ ਦੁਆਰਾ ਕਰਨ ਦਾ ਜਤਨ ਕੀਤਾ ਹੈ ਪਰ 'ਜੱਸ ਜੀਵਨ' ਵਿਚ ਆਪ ਨੇ ਗੁਰੂ ਇਤਿਹਾਸ ਦੀ ਉਸ ਲੜੀ ਨੂੰ ਅੱਗੇ ਤੋਰਿਆ ਹੈ ਜਿਸ ਨੂੰ ਭਾਈ ਸੰਤੋਖ ਸਿੰਘ ਬਾਹੋਵਾਲ ਨੇ ਆਰੰਭ ਕੀਤਾ ਸੀ। 1890 ਤੋਂ ਲੈ ਕੇ 1959 ਤਕ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੁੱਚੇ

ਜੀਵਨ ਨੂੰ ਅਤੇ ਉਨ੍ਹਾਂ ਦੇ ਗੁਰੂਤ੍ਵ ਦੇ ਸਮੇਂ ਨਾਮਧਾਰੀ ਸਮਾਜ ਦੀ ਦੇਸ਼ ਪ੍ਰਤੀ ਕੀਤੀ ਗਈ ਘਾਲ ਅਤੇ ਪ੍ਰਾਪਤੀ ਨੂੰ ਇਸ ਪ੍ਰਮੁੱਖ ਰਚਨਾ ਵਿਚ ਸੰਕਲਿਤ ਕਰ ਦਿੱਤਾ ਹੈ।

ਤਰਨ ਸਿੰਘ ਵਹਿਮੀ ਜੀ ਨੇ 'ਜੱਸ ਜੀਵਨ' ਵਿਚ ਸਿੱਖ ਇਤਿਹਾਸ ਅਤੇ ਖ਼ਾਸ ਕਰਕੇ ਨਾਮਧਾਰੀ ਇਤਿਹਾਸ ਦੀਆਂ ਅਨੇਕਾਂ ਘਟਨਾਵਾਂ ਨੂੰ ਕਲਮ ਬੱਧ ਕਰਕੇ, ਇਤਿਹਾਸ ਦੇ ਖੇਤਰ ਵਿਚ ਚੋਖਾ ਵਾਧਾ ਕੀਤਾ ਹੈ –

"ਨਾਮਧਾਰੀ ਦਰਬਾਰ ਨੇ ਸਤਿਜੁਗ ਤੇ ਭੀ ਤੇ ਹੋਰ ਕਾਂਗਰਸੀ ਅਖਬਾਰਾਂ ਤੇ ਸਿਖ ਅਖਬਾਰਾਂ ਤੇ ਸੱਦਾ ਦੇ ਹੁਸ਼ਿਆਰਪੁਰ ਮੇਲਾ ਕੀਤਾ। ਮਹਾਰਾਜ ਗੁਰਦਿਆਲ ਸਿੰਘ ਜੀ, ਪੰਡਤ ਬਸੰਤ ਸਿੰਘ ਜੀ, ਸੰਤ ਮੰਗਲ ਸਿੰਘ ਜੀ ਤੇ ਸੰਤ ਨਿਧਾਨ ਸਿੰਘ ਜੀ ਆਲਿਮ, ਮਨਸ਼ਾ ਸਿੰਘ ਜੀ ਕੌਮੀ ਆਦਿ ਕਾਂਗਰਸ ਦੇ ਹਰ ਇਜਲਾਸ ਤੇ ਜਾਂਦੇ ਜਿਵੇਂ ਕਿ ਪਿਛਲੇ ਸਾਲ ਅੰਮ੍ਰਿਤਸਰ ਜਲ੍ਹਿਆਂ ਵਾਲੇ ਬਾਗ ਦੇ ਹੱਤਿਆ ਕਾਂਡ ਬਾਦ ਹੋਏ ਤੇ ਗਏ ਸੀ ਤਿਵੇਂ ਇਸ ਸਾਲ ਕਲਕੱਤੇ ਕਾਂਗਰਸ ਦੇ ਸਾਲਾਨਾ ਵਡੇ ਇਕੱਠ ਤੇ ਜਾ ਬੋਲੇ ਸੀ ਤੇ ਅੰਗਰੇਜ ਦੇ ਜ਼ੁਲਮੀ ਕਾਰੇ ਖੋਲ੍ਹੇ ਸੀ। ਤਿਵੇਂ ਹੀ ਹੁਸ਼ਆਰਪੁਰ ਸਭ ਦਰਬਾਰ ਦੇ ਮੈਂਬਰ ਪੁਜੇ ਤੇ ਕਾਂਗਰਸੀ ਦੇਸ਼-ਭਗਤ ਤੇ ਖਿਲਾਫਤ ਮੁਸਲਮਾਨ ਤੇ ਸਿੱਖ ਜੋ ਕਾਂਗਰਸ ਨਾਲ ਰਲ ਕੰਮ ਕਰਦੇ ਸੀ ਉਹ ਹੁਸ਼ਿਆਰਪੁਰ ਪੁਜੇ ਤੇ ਬਹੁਤ ਤੇਜ਼ ਅਸਰਦਾਰ ਤਕਰੀਰਾਂ ਕੀਤੀਆਂ।

ਮਲੇਰਕੋਟਲੇ ਵਾਲੇ ਸ਼ਹੀਦਾਂ ਦੇ ਨਮਿਤ ਮੇਲਾ ਤੇ ਕਾਨਫਰੰਸ 4-5-6 ਸਿਆਹੜ ਰਖ ਸਭ ਨੂੰ ਅਖਬਾਰਾਂ ਤੇ ਸਦੇ ਦਿਤੇ। ਮਹਾਰਾਜ ਗੁਰਦਿਆਲ ਸਿੰਘ ਜੀ, ਸੰਤ ਮੰਗਲ ਸਿੰਘ ਜੀ, ਪੰਡਤ ਬਸੰਤ ਸਿੰਘ ਜੀ, ਆਲਿਮ ਜੀ, ਅਣਖਾ ਸਿੰਘ ਜੀ ਤੇ ਨੰਦ ਸਿੰਘ ਨੰਬਰਦਾਰ ਸਿਆਹੜ ਦੇ ਇਸ ਸ਼ਹੀਦੀ ਮੇਲੇ ਤੇ ਕਾਨਫਰੰਸ ਦੇ ਆਗੂ ਸੀ। ਬਹੁਤ ਕਾਂਗਰਸੀ ਦੇਸ਼-ਭਗਤ ਤੇ ਸਿਖ ਦੇਸ਼-ਭਗਤ ਭੀ ਆਏ ਜੋ ਸਿੰਘ ਸਭੀਆਂ ਤੋਂ ਵਧ ਦੇਸ਼ ਸੇਵਾ ਤੇ ਮਤੇ ਚਲਦੇ ਸੀ। ਬਹੁਤ ਸ਼ਹੀਦਾਂ ਦੇ ਕਾਰਨਾਮਿਆਂ ਤੇ ਅੰਗਰੇਜ਼ਾਂ ਦੇ ਅਤਿਆਚਾਰਾਂ ਦੇ ਬਾਰੇ ਤਕਰੀਰਾਂ ਹੋਈਆਂ।"[10]

"ਇਸ ਵਿਚ ਸਰਕਾਰ ਦੀ ਮਰਜੀ ਜੋ ਸੀ ਕਿ ਭਾਰਤ ਦੇ ਸਭ ਮਜ਼ਬ ਇਕ ਹੋ, ਮਤ ਸਾਡੇ ਵਲ ਨ ਹੁੰਦੇ ਹੋਣ ਉਹ ਪੂਰੀ ਹੁੰਦੀ ਸੀ ਤੇ ਖ਼ਾਸ ਕਰ ਡਰ ਅੰਗਰੇਜ਼ ਨੂੰ ਸਿੱਖ ਕੌਮ ਤੋਂ ਸੀ, ਅਗੇ ਗ੍ਰੰਥ

ਗੁਰੂ ਵਾਲਾ ਮਤ ਤੌਰ ਸਿੱਖ ਪੰਥ ਵਿਚ ਮੰਦਾ ਬੀਜ ਬੀਜਿਆ ਤੇ ਹੁਣ ਗੁਰਦਆਰੇ ਖੁਹਾ ਆਪੋ 'ਚ ਮਰਵਾ ਤੇ ਹਮ ਹਿੰਦੂ ਨਹੀਂ ਕਿਹਾ, ਵਿਥ ਵਧਾਈ ਤੇ ਸਿਖ ਕੌਮ ਹੋਰ ਰੁਝੇਵੇਂ ਵਲ ਲਾਈ। ਚੂਹੜੀਆਂ, ਚਮਾਰੀਆਂ, ਮੁਸਲੀਆਂ ਭੀ ਸਿੰਘਾਂ ਘਰੀ ਏਸੇ ਨੀਤੀ ਤੇ ਚਲਾ ਪਵਾਈਆਂ ਸੀ ਤੇ ਉਚੇਚੇ ਹੁਣ ਹਰ ਥਾਂ ਲੰਗਰਾਂ ਵਿਚ ਚੂਹੜੇ, ਚਮਾਰ, ਕਾਲੀਆਂ ਪੱਗਾਂ, ਬਰਦੀਆਂ ਪਵਾ ਲਿਆਏ ਜਾਂਦੇ ਸੀ। ਜਿਸ ਕਰਕੇ ਹਿੰਦੂ ਤੇ ਆਮ ਹੋਰ ਸਿੱਖ ਗੁਰਦਆਰੀਂ ਵੜਨੋ ਰਹਿ ਗਏ ਸੀ। ਤੇ ਪ੍ਰਸ਼ਾਦ ਲੈਣ ਤੇ ਚਾੜਨੋ ਭੀ ਅੰਮ੍ਰਿਤਸਰ, ਦੁਰਗਿਆਣਾ ਭਾਵੇਂ ਅਗਦੀ ਦਾ ਅਰੰਭਿਆ ਸੀ, ਪਰ ਹਿੰਦੂ ਧਰਮੀਆਂ ਦਰਬਾਰ ਸਾਹਿਬ ਦੀ ਸ਼ਕਲ ਦਾ ਏਸੇ ਦੁਖੋਂ ਉਚੇਚਾ ਇਹਨੀ ਦਿਨੀਂ ਹੀ ਬਣਾਇਆ ਸੀ। ਅਕਾਲੀਆਂ ਪਰਕਰਮਾਂ ਵਿਚ ਅੰਮ੍ਰਿਤਸਰ ਤੇ ਨਨਕਾਣੇ ਕਾਲੇ ਰੰਗ ਦਾ ਪਾਣੀ ਪਵਾ ਕੜਾਹਾ ਭਰ ਧਰ ਰਖਿਆ ਸੀ ਜੋ ਕਿਹਾ ਨਾ ਕਾਲੀ ਕਰਦਾ ਸੀ, ਉਸ ਦੀ ਪੱਗ ਲਾਹ ਕਾਲੇ ਕੜਾਹੇ ਵਿਚ ਸੁਟ ਕਰ ਉਸ ਦੇ ਹੱਥ ਫੜਾਉਂਦੇ ਸੀ। ਕਈ ਫੇਰ ਨਾ ਲਾਹੁੰਦੇ ਸੀ ਕਈ ਫੇਰ ਨਾ ਆਉਂਦੇ ਸੀ।

ਇਸੇ ਦੁਖੋਂ ਆਲਿਮ ਜੀ ਤੇ ਸੰਤ ਮੰਗਲ ਸਿੰਘ ਜੀ ਕਾਲੀਆਂ ਪੱਗਾਂ ਭੀ ਕਈ ਰਾਵਲਪਿੰਡੀ ਦੇ ਹੋਲੇ ਤੇ ਸੜਵਾਈਆਂ ਸੀ।"[11]

ਇਤਿਹਾਸ ਗਵਾਹ ਹੈ ਕਿ ਅੰਗਰੇਜ਼ ਸਰਕਾਰ ਨੂੰ ਨਾਮਧਾਰੀ ਲਹਿਰ ਤੋਂ ਇਸ ਪ੍ਰਕਾਰ ਖ਼ਤਰਾ ਮਹਿਸੂਸ ਹੋਣ ਲੱਗਾ ਕਿ ਉਸ ਨੇ ਨਾਮਧਾਰੀ ਪੈਰੋਕਾਰਾਂ ਉਤੇ ਸਖ਼ਤ ਦਮਨ-ਚੱਕਰ ਚਲਾ ਦਿੱਤਾ। ਇਸ ਦਮਨ ਚੱਕਰ ਦੇ ਪਹਿਲੇ ਪੜਾਅ ਉਤੇ ਹੀ ਗੁਰੂ ਰਾਮ ਸਿੰਘ ਜੀ ਨੂੰ ਮਲੇਰਕੋਟਲੇ ਦੀ ਬੁੱਚੜ ਵੱਧ ਘਟਨਾ ਦਾ ਜਿੰਮੇਵਾਰ ਮੰਨਦੇ ਹੋਏ ਉਨ੍ਹਾਂ ਨੂੰ ਬਿਨਾਂ ਮੁਕੱਦਮਾ ਚਲਾਇਆਂ ਜਲਾਵਤਨ ਕਰ ਦਿੱਤਾ ਗਿਆ। ਇਹ ਤਾਂ ਗੱਲਾਂ ਸਨ ਅੰਗਰੇਜ਼ ਸਰਕਾਰ ਦੀਆਂ ਜਿਨ੍ਹਾਂ ਭਾਰਤੀ ਜਨਤਾ ਨਾਲ ਧੱਕਾ ਕੀਤਾ। ਪਰੰਤੂ ਇਥੋਂ ਦੀਆਂ ਸਥਾਨਕ ਰਾਜਸੀ ਪਾਰਟੀਆਂ ਵੀ ਆਪਣੇ ਸਵਾਰਥਾਂ ਹਿੱਤ ਜਨਤਾ ਨਾਲ ਵਧੀਆ ਦਰਪੇਸ਼ ਨਹੀਂ ਆਈਆਂ। "ਕਾਂਗਰਸ ਨਾਲ ਕੰਮ ਕਰਨ ਵਾਲੇ ਕੂਕਿਆਂ ਨੂੰ ਸਤਿਗੁਰੂ ਜੀ ਕਹਿੰਦੇ ਦੇਸ਼-ਆਜ਼ਾਦੀ ਦੀ ਸੇਵਾ ਤੇ ਸਾਡਾ ਧਰਮ ਹੈ ਪਰ ਜੋ ਮੇਲ-ਜੋਲ ਸਾਡੇ ਮੁਢਲੇ ਧਰਮ ਨੂੰ ਭ੍ਰਸ਼ਟ ਕਰਦਾ ਹੋਵੇ ਉਹ ਨਹੀਂ ਅਸਾਂ ਕਾਂਗਰਸ ਨਾਲ ਭੀ ਰਲ ਵਰਤਨਾ ਜਿਹਾ ਕਿ ਸਭ

ਨਾਲ ਰਲ ਖਾਣਾ ਉਤੋਂ ਤੇ ਅੰਦਰੋਂ ਵਿਥ ਉਵੇਂ ਵਰਤਣੀ, ਜਿਵੇਂ ਅਕਾਲੀਏ ਕਰਦੇ ਹਨ। ਕੁੜੀਆਂ ਤੇ ਲੈ ਘਰੀਂ ਪਾਂਦੇ ਹਨ ਤੇ ਮੁੰਡੇ ਚੂਹੜਿਆਂ ਤੇ ਮੁਸਲਮਾਨਾਂ ਦੇ ਨਹੀਂ ਆਪਣੇ ਵਲ ਢੁਕਾਂਦੇ ਤੇ ਜਿਵੇਂ ਹਿੰਦੂ ਕਾਂਗ੍ਰਸੀ ਨਾਲ ਤੇ ਸਭ ਦੇ ਖਾ ਲੈਂਦੇ ਹਨ ਤੇ ਧੀਆਂ ਨਹੀਂ ਸਭ ਨੂੰ ਦੇਂਦੇ। ਤਿਵੇਂ ਅਸਾਂ ਨਹੀਂ ਕਰਨਾ। ਅਸਾਂ ਦਰ ਆਏ ਸਭ ਦੀ ਸੇਵਾ ਕਰਨੀ ਹੈ ਤੇ ਸਾਥ ਕੰਮ ਕਰਨ ਦਾ ਦੇਸ਼ ਭਗਤੀ ਵਿਚ ਦੇਣਾ ਹੈ। ਅੰਗਰੇਜ਼ਾਂ ਦੀ ਚਾਲ ਤੇ ਮਾਰ ਤੋਂ ਭੀ ਨਾਮਧਾਰੀ ਪੰਥ ਨੂੰ ਬਚਾ, ਭਜਨ ਬਾਣੀ ਦੀ ਲਗਨ ਗੁਰੂ ਜੀ ਦੇ ਹੁਕਮ ਵਾਲੀ ਨਿਭਾਣੀ ਹੈ। ”[12]

**ਸਰਦਾਰ ਨਾਹਰ ਸਿੰਘ:**

ਸਰਦਾਰ ਨਾਹਰ ਸਿੰਘ ਨੇ 'ਨਾਮਧਾਰੀ ਇਤਿਹਾਸ' (ਭਾਗ ਪਹਿਲਾ) ਲਿਖ ਕੇ ਨਾਮਧਾਰੀ ਇਤਿਹਾਸ ਦੀ ਕੜੀ ਨੂੰ ਅੱਗੇ ਤੋਰਿਆ ਹੈ। ਇਸ ਪੁਸਤਕ ਵਿਚ ਨਾਮਧਾਰੀ ਇਤਿਹਾਸ ਦੇ ਪਹਿਲੇ ਭਾਗ ਜੋ 1857 ਅਰਥਾਤ ਸੰਤ ਖਾਲਸਾ ਦੇ ਜਨਮ ਕਾਲ ਤੋਂ ਲੈ ਕੇ 1872 ਦੇ ਮਲੇਰਕੋਟਲੇ ਦੇ ਸ਼ਹੀਦੀ ਸਾਕੇ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੇ ਬਰਮਾ ਵਿਚ ਬੰਦੀਵਾਨ ਕੀਤੇ ਜਾਣ ਤੱਕ ਨਾਲ ਸੰਬੰਧਿਤ ਹੈ, ਤੋਂ ਇਲਾਵਾ ਸ੍ਰੀ ਸਤਿਗੁਰੂ ਰਾਮ ਸਿੰਘ ਤੋਂ ਪੂਰਬਲੇ ਸਮਾਚਾਰਾਂ ਨੂੰ ਵੀ ਇਤਿਹਾਸਕਾਰ ਨੇ ਕਾਨੀ ਬੰਦ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਗਟ ਹੋਣ ਤੱਕ ਦੇ ਧਾਰਮਕ ਤੇ ਰਾਜਨੀਤਕ ਪੱਖਾਂ ਉਤੇ ਬੜੀ ਖੋਜ ਭਰਪੂਰ ਪੜਤਾਲ ਕੀਤੀ ਹੈ। 1872 ਤਕ ਦੇ ਇਤਿਹਾਸਕ ਸਮਾਚਾਰਾਂ ਨੂੰ ਪੂਰੀ ਛਾਣਬੀਣ ਪਿਛੋਂ ਕਲਮਬੱਧ ਕੀਤਾ ਹੈ। ਆਪ ਜੀ ਦੀ ਇਕ ਵੱਡੀ ਦੇਣ ਸਰਕਾਰੀ ਮਿਸਲਾਂ ਵਿਚ ਅੰਕਿਤ ਇਤਿਹਾਸਕ ਦਸਤਾਵੇਜਾਂ ਦਾ ਪ੍ਰਕਾਸ਼ਨ ਹੈ ਜੋ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਛਪੇ ਸਨ। ਮਿਸਾਲ ਵਜੋਂ:-

"ਨਾਮਧਾਰੀ ਇਤਿਹਾਸ ਉਦੋਂ ਤੱਕ ਪੂਰਨ ਨਹੀਂ ਹੋ ਸਕਦਾ ਜਦੋਂ ਤੱਕ ਸਰਕਾਰੀ ਦਫ਼ਤਰਾਂ ਵਿਚ ਪਈ ਸਮੱਗਰੀ ਅਤੇ ਨਾਮਧਾਰੀ ਲੇਖਕਾਂ ਦੇ ਲੇਖਾਂ ਨੂੰ ਸ਼ੁੱਧ ਇਤਿਹਾਸਕ ਨਜ਼ਰੀਏ ਤੋਂ ਪੜ੍ਹਿਆ ਅਤੇ ਖੋਜਿਆ ਨਹੀਂ ਜਾਂਦਾ। ਸਰਕਾਰੀ ਮਿਸਲਾਂ ਤੋਂ ਬਹੁਤ ਸਾਰੀ ਜਾਣਕਾਰੀ ਮਿਲਦੀ ਹੈ ਪ੍ਰੰਤੂ

ਇਨ੍ਹਾਂ ਮਿਸਲਾਂ ਦੇ ਅਧਾਰ ਤੇ ਸਹੀ ਇਤਿਹਾਸ ਨਹੀਂ ਸਿਰਜਿਆ ਜਾ ਸਕਦਾ। ਇਨ੍ਹਾਂ ਮਿਸਲਾਂ ਨੂੰ ਤਿਆਰ ਕਰਨ ਵਾਲੇ ਅੰਗਰੇਜ਼ ਸ਼ਾਸਕ ਨਾਮਧਾਰੀਆਂ ਦੀ ਸੰਪੂਰਨ ਸੰਸਥਾ ਨੂੰ ਹਕੂਮਤ ਦੇ ਵਿਰੁੱਧ ਵਿਦਰੋਹੀ ਸੰਪਰਦਾਇ ਸਮਝਦੇ ਸਨ। ਲੇਖਕ ਨੂੰ ਨਾਮਧਾਰੀਆਂ ਦੇ ਵਿਸ਼ੇ ਸੰਬੰਧੀ ਸਰਕਾਰੀ ਦਫਤਰਾਂ ਵਿਚ ਸੁਰੱਖਿਅਤ ਰੱਖੇ ਹੋਏ ਕਾਗਜ਼ਾਂ, ਮਿਸਲਾਂ ਆਦਿ ਨੂੰ ਪੜ੍ਹਨ ਅਤੇ ਦੇਖਣ ਦਾ ਮੌਕਾ ਮਿਲਿਆ ਹੈ। ਇਸ ਦੇ ਇਲਾਵਾ, ਲੇਖਕ ਨੂੰ ਨਾਮਧਾਰੀ ਲੇਖਕਾਂ ਦੀਆਂ ਪੁਸਤਕਾਂ ਵੀ ਮਿਲ ਗਈਆਂ ਸਨ। ਲੇਖਕ ਨੇ ਅਜੇ ਤੱਕ ਨਾਮਧਾਰੀਆਂ ਦੇ ਵਿਸ਼ੇ ਵਿਚ ਸਿੱਖ ਰਿਆਸਤਾਂ ਵਿਚ ਪਏ ਹੋਏ ਪੁਰਾਣੇ ਕਾਗਜ਼ ਅਤੇ ਮਿਸਲਾਂ ਨੂੰ ਨਹੀਂ ਦੇਖਿਆ।"[13]

**ਨਿਬੰਧ:**

ਭਾਸ਼ਾਵਾਂ ਦੇ ਸਾਹਿਤਕ ਵਿਕਾਸ ਦੇ ਇਤਿਹਾਸ ਤੋਂ ਪ੍ਰਤੱਖ ਹੁੰਦਾ ਹੈ ਕਿ ਕਾਵਿ ਰਚਨਾ ਤੋਂ ਆਰੰਭ ਹੋ ਕੇ ਕਥਾ-ਕਹਾਣੀਆਂ, ਗੋਸ਼ਟਾਂ, ਗਲਪ ਤੇ ਨਾਟਕ ਆਦਿ ਦੇ ਪੜਾਅ ਲੰਘ ਕੇ ਜਦ ਗਿਆਨ ਤਰਕ ਅਤੇ ਦਲੀਲ ਤਕ ਪਾਠਕ ਤੇ ਲੇਖਕ ਉਨਤੀ ਕਰ ਜਾਂਦੇ ਹਨ ਤਾਂ ਵਿਚਾਰਸ਼ੀਲ ਤੇ ਤਰਕਸ਼ੀਲ, ਸਿਆਣਪ ਭਰੀ ਵਾਰਤਕ ਰਚਨਾ ਦੇ ਇਕ ਰੂਪ "ਨਿਬੰਧ" ਦਾ ਜਨਮ ਹੁੰਦਾ ਹੈ। ਚਿੱਠੀ ਜਾਂ ਪਾਤੀ ਨੂੰ ਨਿਬੰਧ ਦਾ ਬੀਜ-ਰੂਪ ਆਖਿਆ ਜਾ ਸਕਦਾ ਹੈ। ਚਿੱਠੀ-ਪੱਤਰ ਆਪਣੀ ਗੱਲ, ਸਮੱਸਿਆ ਜਾਂ ਮੰਗ ਨੂੰ ਨਿੱਜੀ ਰੂਪ ਵਿਚ ਕਿਸੇ ਇਕ ਵਿਅਕਤੀ ਤੱਕ ਪਹੁੰਚਾਉਣ ਦਾ ਯਤਨ ਹੈ। ਇਹ ਲੱਛਣ ਨਿਬੰਧ ਵਿਚ ਭੀ ਹੈ।

> "ਨਿਬੰਧ ਲੇਖਕ ਭੀ ਆਪਣੇ ਦਿਲ ਦੀ ਗੱਲ ਕਹਿੰਦਾ ਤੇ ਚਿੱਠੀ ਵਾਂਗ ਇਉਂ ਹੀ ਲਿਖਦਾ ਹੈ ਜਿਵੇਂ ਉਹ ਨਿੱਜਤਵ (ਆਪਾ = ਦਿਲ ਦਿਮਾਗ, ਸੋਚ, ਤਜ਼ਰਬਾ) ਜਾਂ ਭੇਤ ਪਾਠਕ ਨਾਲ ਸਾਂਝਾ ਕਰ ਰਿਹਾ ਹੋਵੇ। ਪਰ ਨਿਬੰਧਕਾਰ ਦਾ ਖੇਤਰ ਬਹੁਤ ਵਿਆਪਕ ਤੇ ਵਿਸ਼ਾਲ ਹੈ। ਉਹ ਆਉਣ ਵਾਲੇ ਸਮੇਂ ਦੀ ਸਾਰ ਪਾਠਕਾਂ ਨੂੰ ਸੰਬੋਧਤ ਹੁੰਦਾ ਹੈ। ਉਹ ਸਮੇਂ ਤੇ ਸੰਖਿਆ ਦੇ ਦ੍ਰਿਸ਼ਟੀਕੋਣ ਤੋਂ ਸਰਵ

ਕਾਲੀ, ਸਰਵ-ਵਿਆਪਕ ਤੇ ਸਰਬੱਤ ਨੂੰ ਸੰਬੋਧਤ ਰਹਿੰਦਾ ਹੈ। ਇਸ ਲਈ ਉਹ ਸਰਬ-ਸਾਂਝੀਆਂ ਸਮੱਸਿਆਵਾਂ ਨੂੰ ਆਪਣੀ ਸੋਚ ਵਿਚਾਰ ਦਾ ਵਿਸ਼ਾ ਬਣਾਉਂਦਾ ਹੈ। ਇਉਂ ਉਸ ਨੂੰ ਪੜ੍ਹਦਿਆਂ ਪਾਠਕ ਨੂੰ ਵਧੀਕ ਸਮਾਂ ਇਉਂ ਹੀ ਪ੍ਰਤੀਤ ਹੁੰਦਾ ਹੈ ਕਿ ਇਹ ਤਾਂ ਮੇਰੇ ਹੀ ਮਨ ਦੀ ਬਾਤ ਹੈ, ਮੈਂ ਭੀ ਇਹੋ ਸੋਚਦਾ ਸਾਂ। ਫੇਰ ਜੇ ਲੇਖਕ ਆਪਣੇ ਨਿਬੰਧ ਵਿਚ ਕੋਈ ਸੇਧ ਜਾਂ ਸੁਝਾਉ ਭੀ ਦੇ ਜਾਵੇ ਤਾਂ ਉਸ ਦੀ ਲਿਖਤ ਅਮਰ, ਅਟਲ, ਸਾਂਭਣ ਤੇ ਯਾਦ ਰੱਖਣ ਯੋਗ ਬਣ ਜਾਂਦੀ ਹੈ। ”[14]

ਪੰਜਾਬੀ ਵਿਚ ਅਜਿਹੇ ਨਿਬੰਧਕਾਰਾਂ ਦੀ ਅਜੇ ਬਹੁਤ ਘਾਟ ਹੈ। ਪ੍ਰੋ. ਪੂਰਨ ਸਿੰਘ ਨੂੰ ਧਾਰਮਕ ਖੇਤਰ ਤੋਂ ਬਾਹਰ ਪੰਜਾਬੀ ਦਾ ਪਹਿਲਾ ਦਾਰਸ਼ਨਿਕ ਤੇ ਸਫ਼ਲ ਨਿਬੰਧਕਾਰ ਮੰਨਿਆ ਗਿਆ ਹੈ। ਉਸ ਤੋਂ ਬਾਅਦ ਦੇ ਨਿਬੰਧਕਾਰਾਂ ਵਿਚ ਪ੍ਰਿੰ. ਜੋਧ ਸਿੰਘ, ਡਾ. ਸ਼ੇਰ ਸਿੰਘ, ਡਾ. ਬਲਵੀਰ ਸਿੰਘ, ਪ੍ਰੋ. ਕਿਰਪਾਲ ਸਿੰਘ ਕਸੇਲ ਤੇ ਸ੍ਰ. ਕਪੂਰ ਸਿੰਘ ਆਈ. ਸੀ. ਐਸ. ਆਦਿ ਦੇ ਨਾਮ ਲਏ ਜਾ ਸਕਦੇ ਹਨ।

ਨਾਮਧਾਰੀ ਲਹਿਰ ਦੇ ਜਾਂ ਸਮਾਜ ਦੇ ਪ੍ਰਭਾਵ ਅਧੀਨ ਜੋ ਨਿਬੰਧ ਰਚੇ ਗਏ ਉਨ੍ਹਾਂ ਦੀ ਚਰਚਾ ਅੱਗੇ ਕਰ ਰਹੇ ਹਾਂ।

**(ਅ) ਨਿਬੰਧ ਸਾਹਿਤ:**

ਨਾਮਧਾਰੀ ਸਾਹਿਤ ਵਿਚ ਜਿੱਥੇ ਸਾਹਿਤ ਦੇ ਹੋਰ ਅਨੇਕਾਂ ਰੂਪ ਅਭਿਵਿਅਕਤ ਹੋਏ ਹਨ ਉਥੇ ਇਸ ਵੰਨਗੀ ਵਿਚ “ਨਾਮਧਾਰੀ ਸੰਪਰਦਾਇ” ਪ੍ਰਤੀ ਲਿਖੇ ਗਏ ਨਿਬੰਧ ਵੀ ਆਪਣਾ ਵਿਸ਼ੇਸ਼ ਮਹੱਤਵ ਰੱਖਦੇ ਹਨ। ਇਹ ਨਿਬੰਧ ਕੂਕਾ ਲਹਿਰ ਦੇ ਪ੍ਰਭਾਵ ਅਧੀਨ ਵੱਖ-ਵੱਖ ਬੁੱਧੀਜੀਵੀਆਂ ਵੱਲੋਂ ਰਚੇ ਗਏ ਹਨ। ਜਿਉਂ-ਜਿਉਂ ਕੂਕਾ ਲਹਿਰ ਆਪਣਾ ਅਸਤਿਤਵ ਵਧਾਉਂਦੀ ਗਈ ਤਿਉਂ ਤਿਉਂ ਸਾਹਿਤ ਦੇ ਖੇਤਰ ਵਿਚ ਵੀ ਉਸਦਾ ਮਹੱਤਵ ਵਧਣ ਲੱਗ ਪਿਆ। ਨਾਮਧਾਰੀ ਲਹਿਰ ਦੀ

ਮਹਾਨਤਾ ਨੂੰ ਆਪਣੇ ਲੇਖ "ਇਤਿਹਾਸ ਦਾ ਇਕ ਭੁਲਿਆ ਵਿਸਰਿਆ ਪੰਨਾ" ਵਿਚ ਪੰਡਿਤ ਸੁੰਦਰ ਲਾਲ ਪ੍ਰਸਿੱਧ ਸੁਤੰਤਰਤਾ ਸੈਲਾਨੀ ਇਸ ਪ੍ਰਕਾਰ ਪੇਸ਼ ਕਰਦੇ ਹਨ:-

> "ਇਕ ਮਸ਼ਹੂਰ ਅੰਗਰੇਜ਼ੀ ਕਹਾਵਤ ਹੈ - ਦੁਨੀਆਂ ਆਪਣੇ ਵੱਡੇ ਤੋਂ ਵੱਡੇ ਆਦਮੀਆਂ ਨੂੰ ਬਿਲਕੁਲ ਨਹੀਂ ਜਾਣਦੀ। ਜਿਵੇਂ ਸੈਂਕੜੇ ਅਤੇ ਹਜ਼ਾਰਾਂ ਸੁੰਦਰ ਤੋਂ ਸੁੰਦਰ ਫੁੱਲ ਸਿਰਫ਼ ਜੰਗਲ ਦੀਆਂ ਚਿੜੀਆਂ ਨੂੰ ਆਪਣਾ ਸੁਹੱਪਣ ਵਿਖਾ ਕੇ ਹਵਾ ਵਿਚ ਆਪਣੀ ਖੁਸ਼ਬੂ ਖਿਲਾਰ ਕੇ ਖਤਮ ਹੋ ਜਾਂਦੇ ਹਨ ਜਿਵੇਂ ਸੈਂਕੜੇ ਅਨਮੋਲ ਜਵਾਹਰ ਸਦਾ ਲਈ ਸਮੁੰਦਰ ਦੀ ਤਹਿ ਵਿਚ ਪਏ ਰਹਿੰਦੇ ਹਨ ਠੀਕ ਉਸੇ ਤਰ੍ਹਾਂ ਦੁਨੀਆਂ ਦੀਆਂ ਅਨੇਕ ਵੱਡੀਆਂ ਤੋਂ ਵੱਡੀਆਂ ਆਤਮਾਵਾਂ ਸਦਾ ਲਈ ਲੋਕਾਂ ਦੀਆਂ ਅੱਖਾਂ ਤੋਂ ਉਹਲੇ ਰਹਿੰਦੀਆਂ ਹਨ। ਇਸੇ ਤਰ੍ਹਾਂ ਇਤਿਹਾਸ ਦੇ ਅਨੇਕ ਮਾਅਰਕੇ ਦੇ ਪੰਨੇ ਸਦਾ ਲਈ ਦੁਨੀਆਂ ਦੀਆਂ ਅੱਖਾਂ ਤੋਂ ਉਹਲੇ ਰਹਿੰਦੇ ਹਨ। ਭਾਰਤ ਦੇ ਇਤਿਹਾਸ ਦੇ ਇਸ ਤਰ੍ਹਾਂ ਦੇ ਕੁਝ ਪੰਨੇ ਹਨ, ਮਹਾਨ ਨਾਮਧਾਰੀ ਲਹਿਰ ਦੇ, ਜਿਨ੍ਹਾਂ ਨੂੰ ਇਤਿਹਾਸਕਾਰਾਂ ਨੇ ਅਣਗੌਲਿਆਂ ਕੀਤੀ ਰੱਖਿਆ।"[15]

ਨਾਮਧਾਰੀ ਸਮਾਜ ਨੂੰ ਪੇਸ਼ ਕਰਨ ਲਈ ਰਚੇ ਗਏ ਨਿਬੰਧ ਇਸ ਵਿਸ਼ੇ ਵਿਚ ਆਪਣੀ ਵੱਖਰੀ ਮਹੱਤਤਾ ਰੱਖਦੇ ਹਨ। ਸੰਤ ਨਿਧਾਨ ਸਿੰਘ ਜੀ ਆਲਿਮ ਦੁਆਰਾ ਰਚਿਤ ਪੁਸਤਕ 'ਸਿੱਖ ਧਰਮ ਤੇ ਮਾਸ' ਵਿਚ ਅਜਿਹੇ ਨਿਬੰਧਾਂ ਦੀ ਪੇਸ਼ਕਾਰੀ ਮਿਲਦੀ ਹੈ:-

ਸਫ਼ਲ ਨਿਬੰਧ ਦੀ ਤਰ੍ਹਾਂ ਇਨ੍ਹਾਂ ਨਿਬੰਧਾਂ ਨੂੰ ਲਿਖਣ ਲੱਗਿਆਂ ਵੀ ਅਨੇਕਾਂ ਪੁਸਤਕਾਂ, ਗਰੰਥਾਂ, ਰਸਾਲਿਆਂ ਆਦਿ ਵਿਚੋਂ ਹਵਾਲੇ ਜਾਂ ਸਹਾਇਤਾ ਲਈ ਗਈ ਹੈ। ਪੁਸਤਕ ਦੇ ਆਰੰਭ

ਵਿਚ ਹੀ "ਪ੍ਰਮਾਣ ਅੰਕਿਤ ਪੁਸਤਕਾਂ' ਸਿਰਲੇਖ ਅਧੀਨ ਉਨ੍ਹਾਂ ਪੁਸਤਕਾਂ ਦੇ ਨਾਮ ਦਿੱਤੇ ਗਏ ਹਨ ਜਿਨ੍ਹਾਂ ਤੋਂ ਸਹਾਇਤਾ ਲਈ ਗਈ ਹੈ–

"ਸ੍ਰੀ ਆਦਿ ਗ੍ਰੰਥ ਸਾਹਿਬ ਅਤੇ ਸ੍ਰੀ ਗ੍ਰੰਥ ਸਾਹਿਬ ਦਸਮ ਤੋਂ ਬਿਨਾਂ ਜਿਨ੍ਹਾਂ ਗੁਰਮਤਿ ਅਤੇ ਅਨਮਤਾਂ ਦੀਆਂ ਪੁਸਤਕਾਂ ਵਿਚੋਂ ਇਸ ਪੁਸਤਕ ਦੇ ਲਿਖਣ ਵਿਚ ਪ੍ਰਮਾਣ ਅੰਕਿਤ ਸਹਾਇਤਾ ਲਈ ਗਈ ਹੈ, ਉਨ੍ਹਾਂ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ:

(3) ਵਾਰਾਂ ਭਾਈ ਗੁਰਦਾਸ (4) ਨਾਨਕ ਪ੍ਰਕਾਸ਼ (5) ਸੂਰਜ ਪ੍ਰਕਾਸ਼ (6) ਜਨਮਸਾਖੀ ਭਾਈ ਬਾਲਾ (7) ਗੁਰ ਬਿਲਾਸ ਪਾਤਸ਼ਾਹੀ 6 (8) ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਜੀ (9) ਤਵਾਰੀਖ ਗੁਰੂ ਖਾਲਸਾ ਗਿਆਨੀ ਗਿਆਨ ਸਿੰਘ ਜੀ (10) ਸ੍ਰੀ ਗੁਰੂ ਨਾਨਕ ਪ੍ਰਬੋਧ ਗਿ. ਦਿਤ ਸਿੰਘ ਜੀ ... ਆਦਿ।"[16]

ਇਹਨਾਂ ਨਿਬੰਧਾਂ ਦੀ ਪ੍ਰਮਾਣਿਕਤਾ ਬਾਰੇ ਪੁਸਤਕ ਦੀ ਭੂਮਿਕਾ ਵਿਚ ਸ੍ਰ. ਕ੍ਰਿਪਾਲ ਸਿੰਘ ਨਹਿਰਾ, ਸਾਬਕਾ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਜੀ ਦੇ ਵਿਚਾਰ ਵੀ ਰੱਖੇ ਜਾ ਸਕਦੇ ਹਨ:

"ਹਥਲੀ ਪੁਸਤਕ ਵਿਚ ਵਿਸ਼ੇ ਨੂੰ ਇਕ ਤਰਕਮਈ ਵਿਧੀ ਅਨੁਸਾਰ ਤੱਥਾਂ ਅਤੇ ਪ੍ਰਮਾਣਾਂ ਦੀ ਸਹਾਇਤਾ ਨਾਲ ਵਾਚਣ ਦਾ ਜੋ ਸੁਚੱਜਾ ਯਤਨ ਕੀਤਾ ਗਿਆ, ਉਸ ਲਈ ਮੈਂ ਇਸ ਦੇ ਕਰਤਾ ਨੂੰ ਵਧਾਈ ਦਿੰਦਾ ਹਾਂ।"[17]

ਇਨ੍ਹਾਂ ਨਿਬੰਧਾਂ ਵਿਚ ਅਨੇਕਾਂ ਵਿਸ਼ਿਆਂ ਨੂੰ ਆਧਾਰ ਬਣਾਇਆ ਗਿਆ ਹੈ ਪਰ ਜਿਵੇਂ ਕਿ ਪੁਸਤਕ ਦੇ ਨਾਂ ਤੋਂ ਹੀ ਸਪਸ਼ਟ ਹੈ, ਉਸ ਅਨੁਸਾਰ ਨਿਬੰਧਾਂ ਦਾ ਵਧੇਰੇ ਝੁਕਾਅ ਮਾਸ ਖਾਣ ਜਾਂ ਨਾ ਖਾਣ ਨਾਲ ਸੰਬੰਧਿਤ ਹੈ:–

**'ਗੁਰੂ ਨਾਨਕ ਮਿਸ਼ਨ ਤੇ ਮਾਸ'**

ਸਭ ਤੋਂ ਪਹਿਲੋਂ ਇਸ ਗਲ 'ਤੇ ਵਿਚਾਰ ਕਰਨਾ ਜ਼ਰੂਰੀ ਭਾਸਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦਾ ਕਾਰਨ ਸਾਡੇ ਵਿਚਾਰਣੀਯ ਵਿਸ਼ੇ ਤੇ ਕੀ ਚਾਨਣਾ ਪਾਉਂਦਾ ਹੈ?

ਗੁਰਬਾਣੀ, ਵਾਰਾਂ ਭਾਈ ਗੁਰਦਾਸ ਅਤੇ ਸਿਖ ਇਤਿਹਾਸ ਨੂੰ ਵਾਚਣ ਤੋਂ ਸਾਫ਼ ਪਤਾ ਲੱਗ ਜਾਂਦਾ ਹੈ ਕਿ ਮਾਸ ਖਾਣਾ ਉਨ੍ਹਾਂ ਬੁਰਾਈਆਂ ਵਿਚੋਂ ਇਕ ਖ਼ਾਸ ਬੁਰਾਈ ਸੀ, ਜਿਨ੍ਹਾਂ ਨੂੰ ਦੂਰ ਕਰਨ ਦਾ ਮਿਸ਼ਨ ਲੈ ਕੇ ਗੁਰੂ ਸਾਹਿਬ ਨੂੰ ਜਗਤ ਜਲੰਦੇ ਵਿਖੇ ਪ੍ਰਗਟ ਹੋਣ ਦੀ ਲੋੜ ਪਈ ਸੀ। ਦੀਨ ਦਿਆਲ ਜੀ ਨੇ ਖੋਲ੍ਹ ਕੇ ਦੱਸਿਆ ਹੈ ਕਿ - "ਕਲਿਜੁਗ ਦੇ ਲੋਕ ਕੁੱਤਿਆਂ ਵਰਗਾ ਮੂੰਹ ਰਖਦੇ ਹਨ, ਜਿਨ੍ਹਾਂ ਦਾ ਖਾਜਾ ਮੁਰਦਾਰ ਹੋ ਰਿਹਾ ਹੈ। ਕੁੱਤੇ ਦਾ ਕੰਮ ਹੈ ਮੁਰਦਾਰ ਖਾਣ ਸਮੇਂ ਹੋਰ ਕੁੱਤਿਆਂ ਨੂੰ ਭੌਂਕਣ ਤੇ ਵੱਢਣ ਪੈਣਾ। ਇਹੀ ਹਾਲ ਕਲਜੁਗੀ ਮਨੁੱਖਾਂ ਦਾ ਹੋ ਰਿਹਾ ਹੈ, ਕਿ ਬਿਗਾਨਾ ਹੱਕ ਹਜਮ ਕਰਨ ਲਈ ਆਪਸ ਵਿਚ ਇਕ ਦੂਜੇ ਨਾਲ ਲੜਦੇ ਅਤੇ ਕੂੜ-ਬੋਲ-ਬੋਲ ਭੌਂਕਦੇ ਹਨ। ਧਰਮ ਦਾ ਵਿਚਾਰ ਦੂਰ ਹੋ ਗਿਆ ਹੈ। ਜਿਊਂਦਿਆਂ ਦੀ ਪੱਤ ਨਹੀਂ ਰਹੀ ਤੇ ਮੋਇਆਂ ਪਿਛੋਂ ਅਪਜਸ ਹੁੰਦਾ ਹੈ। ਰੰਨਾਂ ਉਪਦੇਸ਼ ਕਰਨ ਲੱਗ ਪਈਆਂ ਹਨ ਤੇ ਪੁਰਖ ਸ਼ਿਕਾਰ ਖੇਡਣ ਵਿਚ ਪ੍ਰਵਿਰਤ ਹੋ ਗਏ ਹਨ। ਸੀਲ ਸੰਜਮ ਤੇ ਸੁਚ ਨੂੰ ਭੰਨ ਛਡਿਆ ਨੇ ਤੇ ਖਾਣ ਲਈ ਉਹ ਖਾਜਾ ਚੁਗਿਆ ਨੇ ਜਿਸ ਦੇ ਖਾਣ ਦਾ ਕੋਈ ਹੱਜ ਨਹੀਂ ਹੈ। .....।"[18]

**ਸਾਖੀ ਪਰੰਪਰਾ:-**

ਸਾਹਿਤ-ਚਿੰਤਕ ਅਤੇ ਸਾਹਿਤ-ਇਤਿਹਾਸ ਦ੍ਰਿਸ਼ਟੀ ਤੋਂ ਪੰਜਾਬੀ ਵਾਰਤਕ ਦਾ ਮੁਲਾਂਕਣ ਕਰੀਏ ਤਾਂ ਇਸ ਤੱਥ ਦੀ ਸੋਝੀ ਹੁੰਦੀ ਹੈ ਕਿ ਸਾਖੀ ਪਰੰਪਰਾ ਤੋਂ ਲੈ ਕੇ ਆਧੁਨਿਕ ਪੰਜਾਬੀ ਵਾਰਤਕ ਵੀ ਰਚਨਾਤਮਕ ਪੱਖੋਂ ਬੜੀ ਮੁੱਲਵਾਨ ਅਮੀਰ ਸਾਹਿਤਕ ਪਰੰਪਰਾ ਰਹੀ ਹੈ। ਵਿਭਿੰਨ ਵਾਰਤਕ-ਰੂਪਾਕਾਰਾਂ ਵਿਚ ਰਚੀ ਗਈ ਪੰਜਾਬੀ ਵਾਰਤਕ ਇਸ ਗੱਲ ਦਾ ਪ੍ਰਮਾਣ ਹੈ ਕਿ ਇਸ ਸਾਹਿਤ-ਪਰੰਪਰਾ ਵਿਚ ਧਰਮ, ਦਰਸ਼ਨ ਅਤੇ ਗਿਆਨ ਤੋਂ ਇਲਾਵਾ ਮਾਨਵੀ ਜ਼ਿੰਦਗੀ ਦੇ ਹਰ ਮਸਲੇ ਨੂੰ ਛੋਹਿਆ ਗਿਆ ਹੈ।

"ਸਾਹਿਤ ਦੇ ਇਤਿਹਾਸ ਦੀ ਦ੍ਰਿਸ਼ਟੀ ਤੋਂ ਅਸੀਂ ਇਹ ਜਾਣਦੇ ਹਾਂ ਕਿ ਪੰਜਾਬੀ ਵਾਰਤਕ ਦਾ ਜਨਮ ਪੰਜਾਬੀ ਕਵਿਤਾ ਤੋਂ ਕਾਫੀ ਅਰਸਾ ਬਾਅਦ ਵਿਚ ਹੋਇਆ ਹੈ। ਇਹ ਸਾਹਿਤਕ ਵਰਤਾਰਾ ਲਗਭਗ ਵਿਸ਼ਵ-ਵਿਆਪੀ ਹੈ ਕਿ ਹਰ ਜ਼ਬਾਨ ਵਿਚ ਪਹਿਲਾਂ ਕਵਿਤਾ ਦਾ ਪ੍ਰਗਟਾਵਾ ਹੋਇਆ ਹੈ

ਅਤੇ ਵਾਰਤਕ ਬਾਅਦ ਵਿਚ ਰਚੀ ਗਈ ਹੈ। ਪੰਜਾਬੀ ਜ਼ਬਾਨ ਵਿਚ ਵੀ ਇਹੀ ਵਾਪਰਿਆ ਹੈ। ਪੰਜਾਬੀ ਕਵਿਤਾ ਜਿੱਥੇ ਨਾਥ ਜੋਗੀਆਂ ਦੇ ਕਲਾਮ ਨਾਲ ਅੱਠਵੀਂ ਨੌਵੀਂ ਸਦੀ ਵਿਚ ਪ੍ਰਗਟ ਹੋ ਗਈ ਸੀ, ਉਥੇ ਪੰਜਾਬੀ ਵਾਰਤਕ ਸੋਲਵੀਂ ਸਦੀ ਵਿਚ ਸਾਹਮਣੇ ਆਈ ਹੈ। ਇਸ ਇਤਿਹਾਸਕ ਤੱਥ ਨੂੰ ਲਗਭਗ ਹਰ ਖੋਜੀ ਨੇ ਸਵੀਕਾਰ ਕੀਤਾ ਹੈ ਕਿ ਪੰਜਾਬੀ ਵਾਰਤਕ ਦਾ ਆਰੰਭ ਜਨਮਸਾਖੀ ਨਾਲ ਹੀ ਹੋਇਆ ਹੈ।"[19]

ਇਸ ਇਤਿਹਾਸਕ ਤੱਥ ਦੇ ਸਮਵਿੱਥ ਇਕ ਦੋ ਖੋਜੀ ਵਿਦਵਾਨਾਂ ਨੇ ਇਹ ਮੱਤ ਵੀ ਪ੍ਰਗਟਾਇਆ ਹੈ ਕਿ ਸਾਖੀ ਵਰਗੀ ਪ੍ਰੌੜ ਵਾਰਤਕ ਤੋਂ ਪਹਿਲਾਂ ਪੰਜਾਬੀ ਵਿਚ ਹੋਰ ਵੀ ਵਾਰਤਕ ਰਚੀ ਗਈ ਹੋਵੇਗੀ ਕਿਉਂਕਿ ਇਕਦਮ ਅਜਿਹੀ ਪ੍ਰੌੜ ਵਾਰਤਕ ਦਾ ਜਨਮ ਸਹਿਜ ਨਹੀਂ। ਇਨ੍ਹਾਂ ਖੋਜੀਆਂ ਵਿਚੋਂ ਡਾ. ਤਰਲੋਚਨ ਸਿੰਘ ਬੇਦੀ ਪ੍ਰਮੁੱਖ ਹੈ।

ਉਸ ਨੇ ਆਪਣੀ ਖੋਜ ਰਾਹੀਂ ਇਕ ਵਾਰਤਕ ਦੀ ਰਚਨਾ 'ਇਕਾਦਸ਼ੀ ਮਹਾਤਮ' ਨੂੰ ਬਾਰਵੀਂ ਤੇਰ੍ਹਵੀਂ ਸਦੀ ਦੀ ਰਚਨਾ ਮੰਨਿਆ ਹੈ। ਉਸ ਦਾ ਮੱਤ ਹੈ ਕਿ ਸਾਖੀ ਪਰੰਪਰਾ ਤੋਂ ਪਹਿਲਾਂ ਵੀ ਪੰਜਾਬੀ ਵਾਰਤਕ ਅਵੱਸ਼ ਰਚੀ ਗਈ ਹੋਵੇਗੀ, ਪਰ ਉਥਲ-ਪੁਥਲ ਕਾਰਣ ਉਹ ਰਚਨਾਵਾਂ ਸਾਡੇ ਤਕ ਨਹੀਂ ਪਹੁੰਚ ਸਕੀਆਂ। ਉਨ੍ਹਾਂ ਨੇ ਆਪਣੀ ਖੋਜ ਰਾਹੀਂ ਜਿਸ 'ਇਕਾਦਸ਼ੀ ਮਹਾਤਮ' ਦਾ ਪ੍ਰਮਾਣ ਦਿੱਤਾ ਹੈ, ਉਹ ਪੁਸਤਕ ਉਸ ਅਨੁਸਾਰ ਸਾਖੀ ਪਰੰਪਰਾ ਤੋਂ ਢੇਰ ਅਰਸਾ ਪਹਿਲਾਂ ਰਚੀ ਗਈ ਹੈ। ਆਪਣੇ ਖੋਜ ਗ੍ਰੰਥ 'ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ' ਵਿਚ ਉਸ ਨੇ ਇਹ ਤਰਕ ਦਿੱਤਾ ਹੈ ਕਿ 'ਇਕਾਦਸ਼ੀ ਮਹਾਤਮ' ਪੁਸਤਕ ਦੀ ਸਿਆਹੀ ਅਤੇ ਕਾਗਜ਼ ਸਿੱਧ ਕਰਦੇ ਹਨ ਕਿ ਇਹ ਰਚਨਾ ਤੇਰਵੀਂ ਸਦੀ ਦੀ ਹੈ। ਡਾ. ਤਰਲੋਚਨ ਸਿੰਘ ਬੇਦੀ ਦੇ ਇਸ ਪੱਖ ਨੂੰ ਅਜੇ ਸਵੀਕ੍ਰਿਤੀ ਨਹੀਂ ਮਿਲੀ। ਇਸ ਵਿਸ਼ੇ ਉੱਪਰ ਵਿਦਵਾਨਾਂ ਵਿਚਕਾਰ ਮੱਤਭੇਦ ਹਨ। ਡਾ. ਰਤਨ ਸਿੰਘ ਜੱਗੀ ਇਸ ਮਸਲੇ ਉਪਰ ਆਪਣਾ ਮੱਤ ਪ੍ਰਗਟਾਉਂਦੇ ਹੋਏ ਲਿਖਦੇ ਹਨ:-

"ਪੁਰਾਤਨ ਪੰਜਾਬੀ ਵਾਰਤਕ ਦੇ ਅਧਿਐਨ ਸਮੇਂ ਸਭ ਤੋਂ ਪਹਿਲੀ ਕਠਿਨਾਈ ਇਹ ਪੇਸ਼ ਆਉਂਦੀ ਹੈ ਕਿ ਪੰਜਾਬੀ ਵਾਰਤਕ ਦਾ ਉਦਭਵ ਕਦੋਂ ਹੋਇਆ? ਜਾਂ ਇਸ ਦੀ ਸਭ ਤੋਂ ਪਹਿਲੀ

ਰਚਨਾ ਕਿਹੜੀ ਹੈ? ਇਹ ਪ੍ਰਸ਼ਨ ਜਿਤਨਾ ਸਹਿਜ ਹੈ ਉਤਨਾ ਹੀ ਇਸ ਦਾ ਉਤਰ ਔਖਾ ਹੈ ਕਿਉਂਕਿ ਇਸ ਬਾਰੇ ਕੋਈ ਤੱਥਕ ਸਮੱਗਰੀ ਹੁਣ ਉਪਲਬਧ ਨਹੀਂ ਹੈ। ਕੁਝ ਵਿਦਵਾਨਾਂ, ਜਿਵੇਂ ਕਿ ਸ੍ਰੀ ਨਰਿੰਦਰ ਧੀਰ, ਸ. ਸਮਸ਼ੇਰ ਸਿੰਘ ਅਸ਼ੋਕ, ਸੰਤ ਇੰਦਰ ਸਿੰਘ ਚੱਕਰਵਰਤੀ ਅਤੇ ਡਾ. ਤਰਲੋਚਨ ਸਿੰਘ ਬੇਦੀ ਆਦਿ ਨੇ ਪੂਰਵ ਨਾਨਕ ਕਾਲ ਵਿਚ ਵਾਰਤਕ ਰਚਨਾਵਾਂ ਦੀ ਹੋਂਦ ਵੱਲ ਧਿਆਨ ਦਿਵਾਇਆ ਹੈ, ਪਰ ਇਨ੍ਹਾਂ ਵਿਦਵਾਨਾਂ ਵਲੋਂ ਜੋ ਤੱਤ ਪ੍ਰਸਤੁਤ ਕੀਤੇ ਗਏ ਹਨ, ਉਹ ਇਤਨੇ ਵਜ਼ਨੀ ਨਹੀਂ ਹਨ ਕਿ ਉਨ੍ਹਾਂ ਦੀਆਂ ਸਥਾਪਨਾਵਾਂ ਨੂੰ ਮੰਨ ਲਿਆ ਜਾਵੇ। ਪਰੰਤੂ ਜਨਮਸਾਖੀਆਂ ਦੀ ਵਾਰਤਕ ਦੇ ਠੁੱਕਦਾਰ ਰੂਪ ਨੂੰ ਵੇਖ ਕੇ ਇਸ ਦੇ ਪੂਰਵ ਰੂਪ ਦੀ ਹੋਂਦ ਬਾਰੇ ਸਹਿਜ ਹੀ ਕਲਪਨਾ ਕੀਤੀ ਜਾ ਸਕਦੀ ਹੈ, ਪਰ ਜਦ ਤੱਕ ਪੂਰਵ ਨਾਨਕ ਕਾਲ ਦੀ ਕੋਈ ਪ੍ਰਮਾਣਿਕ ਰਚਨਾ ਸਾਹਮਣੇ ਨਹੀਂ ਆਉਂਦੀ, ਤਦ ਤੱਕ ਇਸ ਪ੍ਰਸ਼ਨ ਦਾ ਉੱਤਰ ਮਿਲਣਾ ਸੰਭਵ ਨਹੀਂ।"[20]

ਡਾ. ਜੱਗੀ ਵਾਂਗ ਹੀ ਦੂਸਰੇ ਕਈ ਵਿਦਵਾਨਾਂ ਦੀ ਇਹੀ ਰਾਇ ਹੈ ਕਿ ਜਿੰਨੀ ਦੇਰ ਤੱਕ ਸਾਖੀ ਤੋਂ ਪਹਿਲਾਂ ਪੂਰਵ ਨਾਨਕ ਕਾਲ ਵਿਚਲੀ ਵਾਰਤਕ ਰਚਨਾ ਦੀ ਪ੍ਰਮਾਣਕ ਪੁਸ਼ਟੀ ਨਹੀਂ ਹੁੰਦੀ, ਉਨੀ ਦੇਰ ਤੱਕ ਪੰਜਾਬੀ ਵਾਰਤਕ ਦਾ ਜਨਮ ਸਾਖੀ ਸਾਹਿਤ ਤੋਂ ਹੀ ਮੰਨਿਆ ਜਾਣਾ ਚਾਹੀਦਾ ਹੈ। ਡਾ. ਪਿਆਰ ਸਿੰਘ ਦੀ ਇਹ ਧਾਰਨਾ ਬੜੀ ਪ੍ਰਾਸੰਗਿਕ ਹੈ ਕਿ ਜਨਮ ਸਾਖੀ ਤੋਂ ਪਹਿਲਾ ਸਾਖੀ ਹੋਂਦ ਵਿਚ ਆਈ ਹੈ। ਪੁਰਾਤਨ ਜਨਮ ਸਾਖੀ, ਜਿਸ ਨੂੰ ਵਿਦਵਾਨ ਸਭ ਤੋਂ ਪਹਿਲੀ ਜਨਮਸਾਖੀ ਮੰਨਦੇ ਹਨ, ਉਹ ਅਸਲ ਵਿਚ ਵਿਭਿੰਨ ਪ੍ਰਚੱਲਤ ਸਾਖੀਆਂ ਦਾ ਇਕੱਤਰ ਕੀਤਾ ਸੰਗ੍ਰਹਿ ਹੈ। ਵਿਦਵਾਨਾਂ ਦਾ ਇਹ ਮੱਤ ਹੈ ਕਿ ਗੁਰੂ ਨਾਨਕ ਸਾਹਿਬ ਦੇ ਸਮਕਾਲ ਵਿਚ ਹੀ ਸ਼ਰਧਾਲੂਆਂ ਨੇ ਸ਼ਰਧਾ ਭਾਵਨਾ ਵੱਸ ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਤ ਕੁਝ ਸਾਖੀਆਂ ਘੜ ਲਈਆਂ ਜੋ ਆਮ ਸ਼ਰਧਾਲੂਆਂ ਵਿਚਕਾਰ ਬੜੀਆਂ ਪਿਆਰ ਨਾਲ ਪੜ੍ਹੀਆਂ ਸੁਣੀਆਂ ਜਾਂਦੀਆਂ ਸਨ। ਇਹ ਸਾਖੀਆਂ ਹੀ ਪ੍ਰਮਾਣਕ ਪੰਜਾਬੀ ਵਾਰਤਕ ਦਾ ਆਰੰਭ ਮੰਨੀਆਂ ਗਈਆਂ ਹਨ। ਜਨਮ ਸਾਖੀ ਦੀ ਹੋਂਦ ਬਾਰੇ ਇਹ ਮੰਨਿਆ ਗਿਆ ਹੈ ਕਿ ਇਨ੍ਹਾਂ ਸਾਖੀਆਂ ਨੂੰ ਕਿਸੇ ਸ਼ਰਧਾਲੂ ਨੇ ਜਦੋਂ ਗੁਰੂ ਸਾਹਿਬ ਦੇ ਜੀਵਨ ਕਾਲ ਦੇ ਲਕੀਰੀ ਪਾਸਾਰ ਉਪਰ ਆਧਾਰਿਤ ਇਕੱਠਿਆਂ ਕਰ ਦਿੱਤਾ ਤਾਂ

ਜਨਮ ਸਾਖੀ ਹੋਂਦ ਵਿਚ ਆਈ ਹੈ। ਜੋ ਕਿ ਬਾਅਦ ਵਿਚ ਵਾਰਤਕ ਦਾ ਬੜਾ ਅਮੀਰ ਰੂਪਾਕਾਰ ਬਣੀਆਂ। ਧਿਆਨਯੋਗ ਨੁਕਤਾ ਇਹ ਹੈ ਕਿ ਪੁਸਤਕ ਰੂਪ ਵਿਚ ਜਨਮ ਸਾਖੀ ਤੋਂ ਪਹਿਲਾਂ ਸਾਖੀ ਹੋਂਦ ਵਿਚ ਆ ਚੁੱਕੀ ਸੀ ਅਤੇ ਇਹੀ ਸਾਖੀ ਸਾਹਿਤ ਵਿਗਸਕੇ ਜਨਮ ਸਾਖੀ ਦੇ ਰੂਪ ਵਿਚ ਪ੍ਰਗਟ ਹੋਇਆ। ਸਾਖੀਆਂ ਦਾ ਮੂਲ ਉਦੇਸ਼ ਗੁਰੂ ਨਾਨਕ ਦੇਵ ਜੀ ਦੀ ਦਿੱਯਤਾ/ਉਚਤਾ ਨੂੰ ਪ੍ਰਗਟਾ ਕੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਦਿਆਂ ਦੂਸਰੇ ਸਮੂਹਾਂ ਅੰਦਰ ਗੁਰੂ ਪ੍ਰਤਿ ਪ੍ਰੇਰਨਾ ਪੈਦਾ ਕਰਨਾ ਸੀ। ਨਿਰਸੰਦੇਹ ਪੰਜਾਬੀ ਵਾਰਤਕ ਦਾ ਮੁੱਢਲਾ ਰੂਪ ਸਾਖੀ ਰਾਹੀਂ ਹੀ ਹੋਂਦ ਵਿਚ ਆਇਆ ਹੈ। "ਪੁਰਾਤਨ ਜਨਮ ਸਾਖੀ" ਜਿਸ ਨੂੰ ਸਭ ਤੋਂ ਪਹਿਲੀ ਅਤੇ ਪੁਰਾਤਨ ਮੰਨਿਆ ਗਿਆ ਹੈ ਉਹ ਅਸਲ ਵਿਚ ਇਨ੍ਹਾਂ ਸਾਖੀਆਂ ਦਾ ਹੀ ਇਕੱਤਰਿਤ ਸੰਗ੍ਰਹਿ ਹੈ ਜਿਸ ਨੂੰ ਕਿਸੇ ਸ਼ਰਧਾਲੂ ਸੰਤ/ਫਕੀਰ ਨੇ ਸਿਆਣਪ ਨਾਲ ਜੀਵਨ-ਬਿਰਤਾਂਤ ਅਨੁਸਾਰ ਲਿਖਤ ਵਿਚ ਲਿਆਂਦਾ ਹੈ। ਪੰਜਾਬੀ ਵਾਰਤਕ ਦੇ ਉਦਭਵ ਬਾਰੇ ਪ੍ਰੋਫੈਸਰ ਪੂਰਨ ਸਿੰਘ ਦੇ ਇਹ ਵਿਚਾਰ ਬੜੇ ਅਰਥ ਭਰਪੂਰ ਹਨ ਕਿ:

> "ਪੰਜਾਬੀ ਦਾ ਸਾਹਿਤ ਗੁਰੂ ਨਾਨਕ ਦੇਵ ਜੀ ਦੇ ਮੰਦਰਾਂ ਦੇ ਆਲੇ-ਦੁਆਲੇ ਬ੍ਰਿਛਾਂ ਦੀਆਂ ਛਾਵਾਂ ਵਿਚ ਪਲਿਆ। ਨਸਰ (ਵਾਰਤਕ) ਉਨ੍ਹਾਂ ਲੋਕਾਂ ਨੇ ਪਹਿਲੀ ਵਾਰ ਲਿਖੀ ਜਿਨ੍ਹਾਂ ਦੇ ਹੋਠ ਗੁਰੂ ਸਾਹਿਬ ਦੇ ਪਿਆਰ ਅੰਮ੍ਰਿਤ ਨਾਲ ਸਿੰਚ ਗੁਲਾਬਾਂ ਦੀਆਂ ਪੱਤੀਆਂ ਵਾਂਗ ਸਿਫ਼ਤ ਸਮੀਰ ਨਾਲ ਹਿੱਲਦੇ ਸਨ।"[21]

ਉਪਰੋਕਤ ਟੂਕ ਦਾ ਪ੍ਰਮਾਣਕ ਪ੍ਰਸੰਗ ਇਹ ਹੈ ਕਿ ਪਹਿਲੀ ਵਾਰਤਕ ਉਨ੍ਹਾਂ ਲੋਕਾਂ ਨੇ ਲਿਖੀ ਜਿਹੜੇ ਗੁਰੂ ਨਾਨਕ ਦੇ ਨਾਮ ਲੇਵਾ ਸਨ ਭਾਵ ਕਿ ਪੰਜਾਬੀ ਵਾਰਤਕ ਦਾ ਉਦੈ ਸਾਖੀ ਅਤੇ ਜਨਮ-ਸਾਖੀ ਸਾਹਿਤ ਨਾਲ ਹੁੰਦਾ ਹੈ। ਇਹ ਤੱਥ ਵੀ ਸਪੱਸ਼ਟ ਹੈ ਕਿ ਮੱਧਕਾਲ ਪੰਜਾਬੀ ਵਾਰਤਕ ਦਾ ਵੱਡਾ ਹਿੱਸਾ ਜਨਮ ਸਾਖੀ ਸਾਹਿਤ ਦੇ ਰੂਪ ਵਿਚ ਮਿਲਦਾ ਹੈ। ਇਸ ਤੋਂ ਵਧੇਰੇ ਵੇਰਵਾ ਇਹ ਹੈ ਕਿ ਮਧਕਾਲੀ ਪੰਜਾਬੀ ਵਾਰਤਕ ਦੇ ਆਰ-ਪਾਰ ਗੁਰੂ ਸਾਹਿਬਾਨ ਦੀ ਜੀਵਨ ਜੋਤ ਧੁਰੇ ਵਾਂਗ ਕਾਰਜਸ਼ੀਲ ਰਹੀ ਹੈ। ਸਾਹਿਤ ਦੇ ਵਿਦਿਆਰਥੀ ਨੂੰ ਇਹ ਤੱਥ ਪੂਰੀ ਤਰ੍ਹਾਂ ਸਪੱਸ਼ਟ ਹੋਣਾ ਚਾਹੀਦਾ

ਹੈ ਕਿ ਪੰਜਾਬੀ ਵਾਰਤਕ ਦਾ ਜਨਮ "ਸਾਖੀ ਸਾਹਿਤ" ਨਾਲ ਹੁੰਦਾ ਹੈ ਅਤੇ ਮੁੱਢਲੀ ਪੰਜਾਬੀ ਵਾਰਤਕ ਦਾ ਰਚਨਾ ਕਾਲ 16ਵੀਂ ਸਦੀ ਦਾ ਅੰਤਲਾ ਹਿੱਸਾ ਮੰਨਿਆ ਜਾ ਸਕਦਾ ਹੈ।

> "ਪੰਜਾਬੀ ਵਾਰਤਕ ਦੇ ਉਦਭਵ ਅਤੇ ਵਿਕਾਸ ਨੂੰ ਸਾਹਿਤ ਇਤਿਹਾਸ ਦੀ ਦ੍ਰਿਸ਼ਟੀ ਤੋਂ ਸਮਝਣਾ ਹੋਵੇ ਤਾਂ ਇਸ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲਾ ਹਿੱਸਾ 16ਵੀਂ ਸਦੀ ਤੋਂ ਲੈ ਕੇ 1850 ਤੱਕ ਦਾ ਹੈ ਜਿਸ ਨੂੰ ਅਸੀਂ ਮੱਧਕਾਲੀ ਪੰਜਾਬੀ ਵਾਰਤਕ ਦਾ ਨਾਂ ਦੇ ਸਕਦੇ ਹਾਂ। ਦੂਜਾ ਹਿੱਸਾ 1850 ਤੋਂ 1900 ਤੱਕ ਦਾ ਹੈ ਜਿਸ ਨੂੰ ਅਸੀਂ ਅਧੁਨਿਕ ਪਰਿਵਰਤਨ ਕਾਲ ਦੀ ਵਾਰਤਕ ਮੰਨ ਸਕਦੇ ਹਾਂ ਅਤੇ ਤੀਸਰਾ ਹਿੱਸਾ 1900 ਤੋਂ ਲੈ ਕੇ ਵਰਤਮਾਨ ਤੱਕ ਦਾ ਹੈ ਜਿਸ ਨੂੰ ਆਧੁਨਿਕ ਪੰਜਾਬੀ ਵਾਰਤਕ ਕਿਹਾ ਜਾ ਸਕਦਾ ਹੈ। ਸਾਹਿਤ-ਇਤਿਹਾਸ ਦੀ ਦ੍ਰਿਸ਼ਟੀ ਅਤੇ ਸਾਹਿਤ ਚਿੰਤਨ ਪੱਖੋਂ ਇਹ ਤਿੰਨ ਪੜਾਅ ਬੜੇ ਸਪੱਸ਼ਟ ਹਨ। "[22]

ਨਾਮਧਾਰੀ ਸੰਪਰਦਾਇ ਦੀ ਸਾਖੀ ਵੀ ਆਧੁਨਿਕ ਪਰਿਵਰਤਨ ਕਾਲ ਸਮੇਂ ਭਾਵ ਵਾਰਤਕ ਦੇ ਦੂਜੇ ਪੜਾਅ ਵਿਚ ਹੋਂਦ ਵਿਚ ਆਈ।

**ਸਾਖੀ ਸਾਹਿਤ** :

ਨਾਮਧਾਰੀ ਸਮਾਜ ਵਿਚ ਵਿਚਰਨ ਵਾਲੇ ਅਨੇਕਾਂ ਬੁੱਧੀਜੀਵੀਆਂ ਵੱਲੋਂ ਵੱਖ-ਵੱਖ ਸਮੇਂ ਵੱਖ-ਵੱਖ ਪ੍ਰਕਾਰ ਦੇ ਸਾਹਿਤ ਦੀ ਸਿਰਜਣਾ ਕੀਤੀ ਗਈ। ਸਾਹਿਤ ਸਿਰਜਣਾ ਦਾ ਇਹ ਸਫ਼ਰ ਖ਼ਾਸ ਕਰਕੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਹੋਇਆ। ਜਸਵਿੰਦਰ ਸਿੰਘ ਲਿਖਦੇ ਹਨ:

> "ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ ਸਾਹਿਤਕਾਰੀ ਵੱਲ ਵੀ ਧਿਆਨ ਦਿੱਤਾ ਗਿਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਸਿਧਾਂਤ ਦੀ ਲੜਾਈ ਦੇ ਜੋਧਿਆਂ ਦੇ ਨਾਮ, ਸੰਤ ਇੰਦਰ ਸਿੰਘ ਚਕ੍ਰਵਰਤੀ ਅਤੇ ਸੰਤ ਨਿਧਾਨ ਸਿੰਘ ਆਲਿਮ। ਇਹਨਾਂ ਦੇ ਹੁੰਦੇ ਇਤਿਹਾਸ ਦੇ ਮੁਸੱਦਕਾ ਪੱਖ ਵਲ ਗਹਿਰਾਈ

ਨਾਲ ਜਾਣ ਵਾਸਤੇ ਸ੍ਰ. ਨਾਹਰ ਸਿੰਘ ਐਮ. ਏ.-ਨੰਗਲ ਨੂੰ ਤਲਾਸ਼ ਲਿਆ ਗਿਆ ਅਤੇ ਸਗਰਗਵਾਸੀ ਬਾਬੂ ਕਰਤਾਰ ਸਿੰਘ ਇੰਦਰਪੁਰੀ ਦੇ ਸਹਿਯੋਗ ਨਾਲ ਨਾਹਰ ਸਿੰਘ ਹੁਰਾਂ ਨਾਮਧਾਰੀ ਇਤਿਹਾਸ ਹਿੱਸਾ ਪਹਿਲਾ ਲਿਖਿਆ।"[23]

ਸਤਿਗੁਰੂ ਜਗਜੀਤ ਸਿੰਘ ਜੀ ਦੀ ਗੱਦੀ ਨਸ਼ੀਨੀ ਸਮੇਂ 'ਸਤਿਜੁਗ' ਦੇ ਵਿਸ਼ੇਸ਼ ਅੰਕਾਂ ਤੋਂ ਇਲਾਵਾ ਗੁਰੂ ਪਦ ਪ੍ਰਕਾਸ਼ ਹਿੱਸੇ 3, ਸਤਿਗੁਰੂ ਬਿਲਾਸ ਸੰਤ ਧਿਆਨ ਸਿੰਘ, ਸ੍ਰ. ਹਰਨਾਮ ਸਿੰਘ ਬਗਲੀ ਅਤੇ ਸਤਿਗੁਰੂ ਬਾਲਕ ਸਿੰਘ ਜੀ ਦੀ ਜੀਵਨੀ ਹੀ ਪ੍ਰਮੁੱਖ ਪੁਸਤਕਾਂ ਸਨ। ਲੇਖਕ ਵਰਗ ਦੀ ਸੰਤੁਸ਼ਟਤਾ ਭਾਵੇਂ ਨਾ ਤਸੱਲੀ ਵਿਚ ਰਹੀ ਹੋਵੇ ਪਰ ਪਹਿਲਾਂ ਦੇ ਮੁਕਾਬਲੇ ਸਾਹਿਤ ਦੇ ਖੇਤਰ ਵੱਲ ਵੀ ਜਿੰਮੇਵਾਰ ਧਿਆਨ ਦਿੱਤਾ ਗਿਆ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਹੀ ਸਿੱਖ ਸਾਹਿਤ ਦੇ ਪਰੰਪਰਾਗਤ ਰੂਪ ਜਨਮਸਾਖੀ ਦੇ ਰੂਪ ਵਿਚ ਵੀ ਕਾਫੀ ਕੁਝ ਨਵਾਂ ਵਾਧਾ ਹੋਇਆ ਹੈ। ਇਸ ਸੰਬੰਧ ਵਿਚ ਸੰਤ ਤਰਨ ਸਿੰਘ ਵਹਿਮੀ ਜੀ ਦਾ ਯੋਗਦਾਨ ਬੜਾ ਵੱਡਮੁੱਲਾ ਹੈ। ਇਸ ਇਤਿਹਾਸਕਾਰ ਅਤੇ ਨਾਮਧਾਰੀ ਲੇਖਕ ਨੇ "ਜੱਸ ਜੀਵਨ" ਛੇ ਭਾਗਾਂ ਦੀ ਰਚਨਾ ਕਰਕੇ ਨਾਮਧਾਰੀ ਗੁਰੂ ਇਤਿਹਾਸ ਅਤੇ ਵਿਸ਼ੇਸ਼ ਕਰਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਸਮਾਚਾਰਾਂ ਨੂੰ ਸਾਲਾਂ ਦੇ ਕ੍ਰਮ ਅਨੁਸਾਰ ਵੇਰਵੇ ਸਹਿਤ ਆਪਣੀ ਕਲਮੀ ਘਾਲਣਾ ਦੁਆਰਾ ਅੰਕਿਤ ਕਰ ਦਿੱਤਾ ਹੈ। 'ਜੱਸ ਜੀਵਨ' ਜਿੱਥੇ ਨਾਮਧਾਰੀ ਸੰਪਰਦਾਇ ਅਤੇ ਵਿਸ਼ੇਸ਼ ਕਰਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਸਮਾਚਾਰਾਂ ਨੂੰ ਸੁਰੱਖਿਅਤ ਰੱਖਣ ਦਾ ਸਫ਼ਲ ਯਤਨ ਸੀ ਉਥੇ ਤਰਨ ਸਿੰਘ ਵਹਿਮੀ ਦੀ ਵਾਰਤਕ ਵਿਚ ਸਰਲਤਾ, ਸਪੱਸ਼ਟਤਾ, ਸਰਸਤਾ ਅਤੇ ਸ਼ਰਧਾ ਵੀ ਸਪੱਸ਼ਟ ਮਿਲਦੀ ਹੈ।

**ਕਹੁ ਧੰਨ ਸਤਿਗੁਰੂ ਰਾਮ ਸਿੰਘ!**

ਸੰਤਾ ਸਿੰਘ ਖਾਬਲਾਂ ਦਾ ਕਰੀ ਵਾਲੇ ਰਹਿੰਦਾ ਬਿਮਾਰ ਪਿਆ ਤੜਫੇ। ਕਵ੍ਹੇ ਮੈਨੂੰ ਜਮਾਂ ਦੀ ਮਾਰ ਪੈਂਦੀ ਹੈ। ਜੇ ਸਾਧ ਕਹਿਣ ਭਜਨ ਕਰ, ਤਾਂ ਕਹੇ, ਨਹੀਂ ਹੁੰਦਾ। ਅੰਤ ਨੇੜੇ ਆਇਆ ਤੇ ਤੰਗੀ ਵਿਚ ਪਿਆ ਜਾਣ ਉਸ ਦੇ ਘਰੋਂ ਜੋਗਿੰਦਰ ਕੌਰ ਕਿਹਾ, ਤੂੰ ਧੰਨ ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ ਕਹੁ। ਸੰਤਾ ਸਿੰਘ ਕਹੇ, ਨਹੀਂ ਕਿਹਾ ਜਾਂਦਾ। ਜਮਾਂ ਦੇ ਬਰਛੇ ਸੇਲੇ ਪੈਂਦੇ ਹਨ ਤਾਂ ਤੜਫਦਾ

ਹਾਂ। ਜੋਗਿੰਦਰ ਕੌਰ ਦੁਖੀ ਹੋਈ ਉਸ ਦੇ ਗਲ ਦਾ ਕਪੜਾ ਫੜ ਕਿਹਾ, ਮੇਰੇ ਮਗਰ ਕਹੁ ਧੰਨ ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ! ਸੰਤਾ ਸਿੰਘ ਨੇ ਧੰਨ ਸਤਿਗੁਰੂ ਰਾਮ ਸਿੰਘ ਜੀ ਅਕਾਲਪੁਰਖ ਕਿਹਾ ਤੇ ਰੋਣੋਂ, ਤੜਫਣੋਂ ਚੁਪ ਕਰ ਗਿਆ॥ (ਸੁਖ ਹੋਇਆ ਮਾਰ ਪੈਂਦੀ ਰੁਕੀ ਜਮਾਂ ਦੀ) ਕਿਹੋ ਸੁ ਹੁਣ ਮੈਨੂੰ ਸੁਖ ਹੋ ਗਿਆ ਹੈ ਤੇ ਨਾਮ ਵੰਨੇ ਚਿਤ ਜੁੜ ਗਿਆ ਹੈ। ਮੈਨੂੰ ਕੋਈ ਬੁਲਾਵੇ ਨ। ਥੋੜੇ ਚਿਰ ਬਾਅਦ ਭਜਨ ਕਰਦਾ ਹੀ ਚੜ ਗਿਆ। ਵੱਡੇ ਬਾਬਾ ਜੀ 14 ਵੈਸਾਖ ਇਸ ਦੇ ਨਮਿਤ ਭੋਗ ਪਵਾਏ ਤੇ ਦਰਸ਼ਨ ਦਿੱਤੇ। ਸਭ ਵਾਰਤਾ ਉਸ ਦੇ ਦੁਖੀ ਸੁਖੀ ਹੋਣ ਦੀ ਸੁਣ ਕਿਹੋ ਨੇ, "ਉਚਰਤ ਰਾਮ ਭੈ ਪਾਰ ਉਤਾਰੈ ਤੇ ਰਾਮ ਨਾਮ ਉਰ ਮੈਂ ਗਹਿਉ ਜਾ ਕੇ ਸਮ ਨਹੀਂ ਕੋਇ। ਇਹ ਸਿਮਰਤ ਸੰਕਟ ਮਿਟੈ। ਗੁਰਵਾਕ ਤੇ ਪ੍ਰਤੀਤ ਲੋੜੀ ਦੀਏ। ਦੁਖ ਨਹੀਂ ਰਾਮ ਦਾ ਨਾਮ ਲਿਆ ਰਹਿੰਦਾ। ਆਪਣੀ ਜਮੀਨ ਤੇ ਜੁਗਿੰਦਰ ਕੌਰ ਪੁਤਰ ਚੰਨਣ ਸਿੰਘ ਨੂੰ ਸੰਤਾ ਸਿੰਘ ਦੇ ਸਿੱਦਕ ਤੇ ਪਾਲਦੀ ਹੈ। ਹੁਣ ਕਰੀਵਾਲੇ ਹੀ। "[24]

"ਸਤਿਗੁਰੂ ਜੀ ਜੀਵਨ ਨਗਰ ਦਰਸ਼ਨ ਦਿੱਤੇ। ਕੁਝ ਸਿੱਖਾਂ ਕਿਹਾ, ਘਸੀਟਾ ਸਿੰਘ ਦੇ ਬਿਆਨ ਉਸ ਲਾਭ ਸਿੰਘ ਦੀ ਦਿੱਤੀ ਅਰਜੀ – ਜੋ ਉਸ ਖਤ੍ਰੀ ਦੀ ਦਿਤੀ ਹੈ – ਨਾਲ ਨੱਥੀ ਹੋਣ ਕਰਕੇ ਕੋਈ ਖਤਰਾ ਨਹੀਂ, ਸਤਿਗੁਰੂ ਜੀ ਉੱਤਰ ਦਿੱਤਾ, ਅਫਸਰਾਂ ਕਿਹਾ, ਉਹ ਅਰਜ਼ੀ ਦਫ਼ਤਰ ਦਾਖਲ ਹੋ ਗਈ ਹੈ। ਹੁਣ ਐਸੀ ਕੋਈ ਲੋੜ ਨਹੀਂ। ਸੰਤ ਨਗਰ ਘਸੀਟਾ ਸਿੰਘ ਤੇ ਲਾਭ ਸਿੰਘ ਦੀ ਪਾਰਟੀ ਅੱਡ ਬੈਠਦੀ ਤੇ ਸੂਬਾ ਵਰਿਆਮ ਸਿੰਘ ਜੀ ਤੇ ਭਗਤ ਸਿੰਘ ਕੰਧਾਰਾ ਸਿੰਘ ਦੀ ਅਡ ਬੈਠਦੀ। ਹੋਲਿਓਂ ਹੋ ਸਤਿਗੁਰੂ ਜੀ ਆਉਂਦਿਆਂ ਹੀ ਪੰਚੈਤ ਸੰਤ ਨਗਰ ਦੀ ਤੋੜ ਦਿੱਤੀ ਤੇ ਕਿਹਾ, ਮਤ ਪਰ੍ਹੇ ਜੋੜੋ। ਇਸ ਸਮੇਂ ਨਿੰਦਾ ਦਾ ਕਾਰਨ ਹੀ ਹੁੰਦਾ ਹੈ ਜੋ ਹੁੰਦਾ ਹੈ।

ਇਕ ਸਿੱਖ ਅਰਜ਼ ਕੀਤੀ ਆਪਣੇ ਅੰਦਰ ਕਰਵਾਲਿਆ ਸਿੱਖਾਂ ਤੇ ਸਰਕਾਰ ਦੇ ਮੰਦੇ ਦੀ ਭਾਵਨਾ ਆਉਂਦੀ ਹੋਵੇਗੀ। ਤਾਂ ਉੱਤਰ ਦਿੱਤੋ ਨੇ ਕਰੀਵਾਲੀਏ ਸਭ ਅੰਤ ਨੂੰ ਤਾਂ ਸਿੱਖ ਹੀ ਹਨ, ਕਿਥੇ ਜਾਣਾ ਨੇ ਕੁਝ ਚਿਰ ਕੁਸੰਗਤ ਦਾ ਅਸਰ ਹਾਲੇ ਹੈ ਉਹਨਾਂ ਤੇ, ਤੇ ਕਾਂਗਰਸ ਰਾਜ ਤੇ ਭੀ ਮੈਨੂੰ ਤਰਸ ਆਉਂਦੈ। ਮੈਂ ਅਰਜ ਕਰਦਾ ਹਾਂ ਕਰ ਤੇ ਅੱਗੇ ਕਿ ਇਹਨਾਂ ਦੀ ਬੁੱਧ ਸੁਧ ਹੋਵੇ, ਮੈਂ ਕਿਸੇ ਦਾ ਮੰਦਾ ਚਿਤਵ ਆਪਣਾ ਮਨ ਦੁਖੀ ਤੇ ਕਾਲਾ ਕਿਉਂ ਕਰਾਂ। ਸਾਰੰਗ ਰਾਗ ਵਿਚ ਪੰਜਵੇਂ ਗਰਾ

ਲਿਖਿਆ ਹੈ "ਕਿਆਏ ਭੂਪਤਿ ਬਪੁਰੇ ਕਹੀਅਹਿ ਕਹੁ ਇਹ ਕਿਸਨੋ ਮਾਰਹਿ" ਤੇ ਗੁਰਵਾਕ ਹੈ "ਅਭੂਲੁ ਨ ਭੂਲੈ ਲਿਖਿਓ ਨ ਚਲਾਵੈ।" ਅਰਥਾਤ ਕੋਈ ਕਿਸੇ ਦਾ ਕਰੇਤ ਦੇ ਹੁਕਮ ਬਿਨਾ ਵਿਗਾੜ ਸਵਾਰ ਨਹੀਂ ਸਕਦਾ ਇਸ ਲਈ ਵਿਚਾਰਵਾਨ ਨੂੰ ਮਨੋਂ ਨੇਕ ਨੀਯਤ ਤੇ ਕੁਦਰਤ ਦੇ ਅਟੱਲ ਨੇਮ ਤੇ ਰਹਿ ਆਪਣਾ ਮਨ ਅਡੋਲ ਰਖਣਾ ਚਾਹੀਦੈ। ਤੇ ਸਭ ਦੇ ਭਲੇ ਦੀ ਅਰਜ਼ ਕਰਨੀ ਲੋੜੀਦੀ ਏ। ਇਹ ਸਤਿਗੁਰੂ ਜੀ ਦਾ ਹੁਕਮ ਹੈ।"[25]

ਤਰਨ ਸਿੰਘ ਵਹਿਮੀ ਰਚਿਤ ਉਪਰੋਕਤ ਗ੍ਰੰਥਾਂ ਦੀ ਚਰਚਾ ਅਸੀਂ ਪਹਿਲਾਂ ਹੀ ਕਰ ਚੁੱਕੇ ਹਾਂ ਪਰ ਜਨਮਸਾਖੀਆਂ ਦੀ ਵਿਧਾ ਵਿਚ ਨਵੇਂ ਪਰਿਵਰਤਨ ਲਿਆਉਣ ਤੇ ਕਈ ਪੱਖਾਂ ਤੋਂ ਵਾਧਾ ਕਰਨ ਵਿਚ ਸੰਤ ਤਰਨ ਸਿੰਘ ਵਹਿਮੀ ਨੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ।

**ਜੀਵਨੀ:**

ਆਧੁਨਿਕ ਯੁੱਗ ਦੀ ਸਭ ਤੋਂ ਵੱਡੀ ਦੇਣ ਗਦ ਸਾਹਿਤ ਹੈ। ਪਰੰਪਰਾਵਾਦੀ ਯੁੱਗ ਦੇ ਅੱਠ ਨੌਂ ਸੌ ਸਾਲਾਂ ਦੇ ਇਤਿਹਾਸ ਵਿਚ ਕੁਝ ਕੁ ਗਦ ਰਚਨਾਵਾਂ ਲਿਖੀਆਂ ਗਈਆਂ। ਉਹ ਵੀ ਅਜਿਹੀਆਂ ਜਿਹੜੀਆਂ ਸ਼ੈਲੀ, ਬਿਰਤੀ ਰੂਪ ਆਦਿ ਦੀ ਦ੍ਰਿਸ਼ਟੀ ਨਾਲ ਪੂੰਜੀਵਾਦੀ ਯੁੱਗ ਦੀਆਂ ਲੋੜਾਂ ਨੂੰ ਪੂਰਾ ਕਰਨ ਵਿਚ ਅਸਮਰਥ ਸਨ। ਪੂੰਜੀਵਾਦ ਨਾਲ ਛਾਪੇਖਾਨੇ ਦੀ ਈਜਾਤ ਹੋਈ ਅਤੇ ਨਾਲ ਹੀ ਪਤਰ-ਪਤਰਕਾਵਾਂ ਅਤੇ ਪੁਸਤਕਾਂ ਟ੍ਰੈਕਟਾਂ ਦੇ ਪ੍ਰਕਾਸ਼ਨ ਦਾ ਨਵਾਂ ਦੌਰ ਆਰੰਭ ਹੋ ਗਿਆ। ਸਿਖਿਆ ਵਿਭਾਗ ਪੰਜਾਬੀ ਟੈਕਸਟ ਬੁਕ ਕਮੇਟੀ ਅਤੇ ਪੰਜਾਬ ਯੂਨੀਵਰਸਿਟੀ ਦੀ ਸਥਾਪਨਾ ਨਾਲ ਨਵੇਂ ਵਿਦਿਅਕ ਪ੍ਰਬੰਧ ਦੀਆਂ ਲੋੜਾਂ ਪੂਰੀਆਂ ਕਰਨ ਦੀ ਲੋੜ ਮਹਿਸੂਸ ਹੋਈ।

"ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਦਾ ਮੁਕਾਬਲਾ ਕਰਨ ਅਤੇ ਆਪਣੇ ਧਰਮ ਦੀ ਰਖਿਆ ਲਈ ਗਦ ਰਾਹੀਂ ਪ੍ਰਚਾਰ ਕੀਤਾ ਜਾਣਾ ਆਰੰਭ ਹੋਇਆ। ਅੰਗਰੇਜ਼ਾਂ ਨੂੰ ਪੰਜਾਬੀ ਕਲਚਰ, ਇਤਿਹਾਸ, ਭਾਸ਼ਾ ਆਦਿ ਤੋਂ ਜਾਣੂ ਕਰਾਉਣ ਲਈ ਗਦ ਪੁਸਤਕਾਂ ਰਚੀਆਂ ਗਈਆਂ। ਇਹ ਸਾਰੇ ਜਤਨ ਮੁਢਲੇ ਦੌਰ ਦੇ ਸਨ, ਜਿਸ ਵਿਚ ਪਤਰਕਾਰਿਤਾ, ਪਾਠ-ਪੁਸਤਕਾਂ ਦੀ ਰਚਨਾ, ਸਿੱਖ ਇਤਿਹਾਸ ਅਤੇ ਗੁਰਬਾਣੀ ਨਾਲ ਸੰਬੰਧਿਤ ਸਾਹਿਤ, ਧਾਰਮਕ ਤੇ ਸਮਾਜਕ ਸੁਧਾਰ ਦੀਆਂ

ਪੁਸਤਕਾਂ, ਪੰਜਾਬੀ ਭਾਸ਼ਾ ਤੇ ਉਪਭਾਸ਼ਾਵਾਂ ਨਾਲ ਸੰਬੰਧਿਤ ਗਦ, ਸਭਿਆਚਾਰ ਅਤੇ ਇਤਿਹਾਸ ਸੰਬੰਧੀ ਪੁਸਤਕਾਂ ਲਿਖੀਆਂ ਗਈਆਂ।"[26]

ਸਮਕਾਲੀ, ਸੱਸਿਆਵਾਂ, ਲੋੜਾਂ ਅਤੇ ਸੂਝ-ਬੂਝ ਦੀ ਅਭਿਵਿਅਕਤੀ ਗਦ-ਸਾਹਿਤ ਰਾਹੀਂ ਆਰੰਭ ਹੋਈ। ਪੰਰਪਰਾਵਾਦੀ ਕਾਲ ਦੀ ਵਾਰਤਕ ਨਾਲੋਂ ਇਸ ਦਾ ਸੁਭਾਅ ਨਿਖੜਵਾਂ ਹੈ। ਹੁਣ ਗਦ ਸਾਹਿਤ ਬ੍ਰਿਜੀ ਨਾਲੋਂ ਟੁੱਟ ਕੇ ਮੁੜ ਲੋਕ ਭਾਸ਼ਾ, ਪੰਜਾਬੀ ਨਾਲ ਜੁੜਨਾ ਆਰੰਭ ਹੋ ਗਿਆ। ਸੰਪਾਦਕੀ ਅਤੇ ਟ੍ਰੈਕਟਾਂ ਦੀ ਸ਼ਕਲ ਵਿਚ ਲੇਖ, ਇਤਿਹਾਸ, ਜੀਵਨੀਆਂ, ਧਰਮ ਅਤੇ ਸਮਾਜ ਨਾਲ ਸੰਬੰਧਿਤ ਰਚਨਾਵਾਂ, ਪੱਤਰਕਾਰੀ, ਨਾਟਕ, ਕੋਸ਼ਕਾਰੀ, ਅਨੁਵਾਦ ਪਾਠ ਪੁਸਤਕਾਂ ਦੇ ਸੰਗ੍ਰਹਿ (ਸੰਪਾਦਕ) ਇਸ ਸਮੇਂ ਦੀ ਵਾਰਤਕ ਦੇ ਰੂਪ ਅਤੇ ਵਿਸ਼ੇ ਰਹੇ ਹਨ।

ਜਿਉਂ ਹੀ ਬਰਤਾਨਵੀ ਸਾਮਰਾਜ ਦੇ ਵਿਰੁੱਧ ਪੰਜਾਬ ਵਿਚ ਵੱਖ-ਵੱਖ ਲਹਿਰਾਂ ਜਿਵੇਂ ਕਿ ਨਾਮਧਾਰੀ ਲਹਿਰ, ਸਿੰਘ ਸਭਾ ਲਹਿਰ, ਆਰੀਆ ਸਮਾਜ, ਆਦਿ ਦੀ ਸਥਾਪਤੀ ਹੋਈ ਤਿਉਂ ਤਿਉਂ ਪੰਜਾਬੀ ਸਾਹਿਤ ਦੀ ਸਿਰਜਣਾ ਹੋਣੀ ਵੀ ਆਰੰਭ ਹੋ ਗਈ।

ਪੰਜਾਬੀ ਵਾਰਤਕ ਦਾ ਖੇਤਰ ਦਿਨੋ-ਦਿਨ ਵਿਸ਼ਾਲ ਹੁੰਦਾ ਚਲਿਆ ਗਿਆ। ਅੰਗਰੇਜ਼ਾਂ ਲਈ ਪੰਜਾਬੀ ਇਤਿਹਾਸ, ਸਭਿਆਚਾਰ ਅਤੇ ਵੱਖ-ਵੱਖ ਖੇਤਰਾਂ ਦੀਆਂ ਬੋਲੀਆਂ ਦਾ ਗਿਆਨ ਦੇਣ ਵਾਲੀਆਂ ਪੁਸਤਕਾਂ ਦੀ ਲੋੜ ਮਹਿਸੂਸ ਹੋਈ ਤਾਂ "ਸ਼ਰਧਾ ਰਾਮ ਫਿਲੌਰੀ" (1807-1881) ਨੇ ਇਸ ਲੋੜ ਨੂੰ ਪੂਰਾ ਕਰਨ ਲਈ "ਪੰਜਾਬੀ ਬਾਤ-ਚੀਤ" ਲਿਖੀ ਜੋ ਕਿ ਪੰਜਾਬੀ ਰੀਤਾਂ-ਰਸਮਾਂ, ਖੇਡਾਂ, ਤਿਉਹਾਰਾਂ, ਸਭਿਆਚਾਰ ਅਤੇ ਖੇਤਰੀ ਭਾਸ਼ਾਵਾਂ ਦਾ ਅਤੀ ਸੁੰਦਰ ਨਮੂਨਾ ਹੈ। ਭਾਸ਼ਾ ਅਤੇ ਉਪਭਾਸ਼ਾ ਦੇ ਨਜ਼ਰੀਏ ਨਾਲ ਅਜਿਹੀ ਗਦ-ਪੁਸਤਕ ਅਦੁੱਤੀ ਮਿਸਾਲ ਹੈ। "ਸਿੱਖਾਂ ਦੇ ਰਾਜ ਦੀ ਵਿਥਿਆ" ਵਿਚ ਸਿੱਖ ਗੁਰੂਆਂ ਦੇ ਸੰਖੇਪ ਇਤਿਹਾਸ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਥਾਪਤੀ ਅਤੇ ਮਗਰੋਂ ਅੰਗਰੇਜ਼ੀ ਰਾਜ ਆਰੰਭ ਹੋ ਜਾਣ ਤੱਕ ਦਾ ਕ੍ਰਮਵਾਰ ਇਤਿਹਾਸ ਹੈ। ਇਹ ਦੋਵੇਂ ਪੁਸਤਕਾਂ ਅੰਗਰੇਜ਼ਾਂ ਦੀ ਪ੍ਰੇਰਣਾ ਨਾਲ ਲਿਖੀਆਂ ਗਈਆਂ ਹੋਣ ਕਾਰਨ ਪੱਖਪਾਤੀ ਤਾਂ

ਹਨ ਪਰ ਭਾਸ਼ਾਈ ਦ੍ਰਿਸ਼ਟੀ ਨਾਲ ਬਹੁਮੁੱਲੀਆਂ ਹਨ। ਇਸੇ ਸਮੇਂ ਲੁਧਿਆਣਾ ਮਿਸ਼ਨ ਨੇ ਬਾਈਬਲ ਦਾ ਪੰਜਾਬੀ ਅਨੁਵਾਦ ਵੀ ਛਾਪਿਆ।

ਮੁੱਢਲੀਆਂ ਕੋਸ਼ਿਸ਼ਾਂ ਵਿਚ ਬ੍ਰਿਜੀ ਵਾਰਤਕ ਦਾ ਅਸਰ ਵੀ ਕਈ ਲੇਖਕਾਂ ਤੇ ਰਿਹਾ। ਇਹ ਉਹ ਸਮਾਂ ਹੈ ਜਦੋਂ ਪੰਜਾਬ ਦੇ ਹਿੰਦੂ-ਸਿੱਖ ਵਿਦਵਾਨ ਬ੍ਰਿਜੀ ਭਾਸ਼ਾ ਦੇ ਪ੍ਰਭਾਵ ਤੋਂ ਹੌਲੀ-ਹੌਲੀ ਮੁਕਤ ਹੋ ਕੇ ਮਾਂ-ਬੋਲੀ ਦੀ ਸ਼ਰਨ ਵਿਚ ਆ ਰਹੇ ਸਨ। ਬ੍ਰਿਜੀ ਪ੍ਰਧਾਨ ਲੇਖਕਾਂ ਵਿਚੋਂ ਪੰਡਤ ਤਾਰਾ ਸਿੰਘ ਨਰੋਤਮ, ਸੰਤ ਸਿੰਘ ਆਦਿ ਹਨ। ਇਨ੍ਹਾਂ ਲੇਖਕਾਂ ਉਤੇ ਪਰੰਪਰਾਵਾਦੀ ਯੁੱਗ ਦੀ ਵਾਰਤਕ ਸ਼ੈਲੀ ਦੀ ਛਾਪ ਹੈ। ਇਹੀ ਕਾਰਣ ਹੈ ਕਿ ਇਨ੍ਹਾਂ ਦੀਆਂ ਰਚਨਾਵਾਂ ਦਾ ਪੰਜਾਬੀ ਵਾਰਤਕ ਵਿਚ ਵਿਸ਼ੇਸ਼ ਮਹੱਤਵ ਨਹੀਂ। ਇਸ ਯੁੱਗ ਦੀ ਵਾਰਤਕ ਬ੍ਰਿਜੀ ਪ੍ਰਭਾਵ ਅਤੇ ਉਰਦੂ ਫਾਰਸੀ ਦੇ ਦਬਾਓ ਤੋਂ ਮੁਕਤ ਹੋ ਕੇ ਪੰਜਾਬੀ ਸੁਭਾਅ ਨੂੰ ਸਵੀਕਾਰ ਕਰ ਕੇ ਹੀ ਵਿਕਾਸ ਕਰ ਸਕਦੀ ਸੀ। ਅਜਿਹਾ ਕਰਨ ਦੇ ਲਈ ਵਾਤਾਵਰਨ ਵੀ ਸੀ ਅਤੇ ਉਤਸ਼ਾਹ ਵੀ। ਇਸੇ ਲਈ ਬਹੁਪੱਖੀ ਵਿਸ਼ਿਆਂ ਅਤੇ ਉਨ੍ਹਾਂ ਅਨੁਰੂਪ ਗੁਣਾਂ ਵਾਲੀ ਵਾਰਤਕ ਲਿਖੀ ਜਾਣ ਲੱਗ ਪਈ ਸੀ। ਸਰਲਤਾ-ਸਪੱਸ਼ਟਤਾ ਤੋਂ ਲੈ ਕੇ ਬੌਧਿਕਤਾ ਤਕ, ਹਾਸੇ ਮਜ਼ਾਕ ਤੋਂ ਲੈ ਕੇ ਡੂੰਘੇ ਵਿਅੰਗ ਤਕ, ਸ਼ਰਧਾ-ਆਦਰਸ਼ ਤੋਂ ਲੈ ਕੇ ਤਰਕਸ਼ੀਲਤਾ ਤਕ ਹਰ ਤਰ੍ਹਾਂ ਦਾ ਗੁਣ ਇਸ ਸਮੇਂ ਦੀ ਵਾਰਤਕ ਵਿਚ ਵੇਖਿਆ ਜਾ ਸਕਦਾ ਹੈ। ਇਸ ਵਾਰਤਕ ਵਿਚ ਉਪਦੇਸ਼ ਵੀ ਹੈ ਅਤੇ ਸੁਹਜ-ਸੁਆਦ ਨਾਲ ਵੀ ਇਹ ਭਰਪੂਰ ਹੈ। ਭਾਵੁਕਤਾ ਵੀ ਇਸ ਵਾਰਤਕ ਦਾ ਵਿਸ਼ੇਸ਼ ਅੰਗ ਹੈ। ਸਮਾਜ ਸੁਧਾਰ ਨੂੰ ਪ੍ਰਮੁੱਖ ਰੱਖ ਕੇ ਲਿਖੀ ਗਈ ਇਸ ਵਾਰਤਕ ਉੱਪਰ ਸੁਧਾਰਵਾਦੀ ਅੰਸ਼ਾਂ ਦੀ ਪ੍ਰਧਾਨਤਾ ਹੈ। ਇਸ ਸਮੇਂ ਦੀ ਵਾਰਤਕ ਵਿਚ ਕਥਾ-ਕਹਾਣੀ, ਲੇਖ, ਨਾਟਕੀ ਵਾਰਤਾਲਾਪ ਦੇ ਬੀਜ ਮੌਲਣ ਲਗ ਪਏ ਸਨ। ਜਿਹੜੇ, ਮਗਰੋਂ ਜਾ ਕੇ ਵਾਰਤਕ ਦੇ ਵੱਖ-ਵੱਖ ਰੂਪਾਂ ਵਿਚ ਵਿਕਸਿਤ ਹੋ ਗਏ।

ਇਸ ਸਮੇਂ ਦੀ ਵਾਰਤਕ ਸਮਾਜ-ਸੁਧਾਰਕ, ਧਰਮ-ਸੁਧਾਰਕ, ਪ੍ਰਚਾਰਕ ਅਤੇ ਆਦਰਸ਼ਵਾਦੀ ਰਹਿਣ ਦੇ ਕਈ ਕਾਰਣ ਸਨ:

1. ਅੰਗਰੇਜ਼ਾਂ ਰਾਹੀਂ ਧਰਮ ਦੇ ਪ੍ਰਚਾਰ ਕਾਰਨ ਈਸਾਈ ਮਤ ਵਲ ਵਧ ਰਹੇ ਝੁਕਾਉ ਦਾ ਮੁਕਾਬਲਾ ਕਰਨ ਲਈ।
2. ਪੰਜਾਬ ਵਿਚ ਹਿੰਦੂ, ਸਿੱਖ ਅਤੇ ਮੁਸਲਮਾਨ, ਤਿੰਨ ਧਰਮ ਵਸਦੇ ਸਨ ਇਨ੍ਹਾਂ ਨੇ ਆਪਣੇ ਆਪਣੇ ਧਰਮਾਂ ਵਿਚ ਆ ਚੁੱਕੀਆਂ ਕੁਰੀਤੀਆਂ ਵੱਲ ਧਿਆਨ ਦੁਆ ਕੇ ਇਨ੍ਹਾਂ ਤੋਂ ਬਚਣ ਲਈ ਪ੍ਰਚਾਰ ਕਰਨ ਦੀ ਲੋੜ ਸਮਝੀ।
3. ਗੁਲਾਮ ਕੌਮਾਂ ਦੀ ਬਿਰਤੀ ਅਨੁਸਾਰ ਰਾਜਨੀਤਕ ਖੇਤਰ ਤੋਂ ਲਾਂਭੇ ਰਹਿ ਕੇ ਧਰਮ/ਨੈਤਿਕਤਾ ਦੇ ਖੇਤਰ ਵਿਚ ਆਗੂ ਬਣਨ ਦੀ ਲਾਲਸਾ ਕਾਰਨ।
4. ਨਿਘਰੀ ਹੋਈ ਅਵਸਥਾ ਦਾ ਵਰਤਮਾਨ ਵਿਚ ਕੋਈ ਹੱਲ ਨਾ ਲੱਭ ਸਕਣ ਦੀ ਅਸਮਰੱਥਤਾ ਕਾਰਨ, ਭੂਤਕਾਲ ਦੇ ਸੁਨਹਿਰੇ ਅਤੇ ਆਦਰਸ਼ ਜੀਵਨ ਵੱਲ ਦੌੜਣ ਦੀ ਰੁਚੀ।

ਵਿਸ਼ੇ-ਪੱਖ ਦੇ ਨਾਲ-ਨਾਲ ਇਸ ਯੁੱਗ ਦੀ ਵਾਰਤਕ ਸ਼ੈਲੀ ਵੀ ਪ੍ਰੰਪਰਾਮਈ ਵਾਰਤਕ ਨਾਲੋਂ ਨਿਖੜੀ ਹੋਈ ਸੀ। ਉਸ ਦਾ ਮੁਹਾਂਦਰਾ ਨਿਖਰਨ ਲੱਗ ਪਿਆ ਸੀ। ਕੁਝ ਵਾਰਤਕ ਨਮੂਨਿਆਂ ਰਾਹੀਂ ਤਤਕਾਲੀਨ ਵਾਰਤਕ ਸ਼ੈਲੀ ਦਾ ਅਨੁਮਾਨ ਲਾਇਆ ਜਾ ਸਕਦਾ ਹੈ।

ਈਸਾਈ ਧਰਮ ਪ੍ਰਚਾਰਕਾਂ ਦੁਆਰਾ ਵਰਤੀ ਗਈ ਭਾਸ਼ਾ:

> "......... ਕਿ ਤੁਸੀਂ ਇਸ ਜਗਤ ਵਿਚ ਜਾ ਕੇ ਹਰੇਕ ਮਨੁੱਖ ਨੂੰ ਮੰਗਲ ਸਮਾਚਾਰ ਸੁਝਾਓ ਅਤੇ ਜੋ ਮੇਰੇ ਪੁਰ ਪਤੀਜੇਗਾ, ਸੋ ਅਨੰਤ ਜੀਉਣ ਪਾਵੇਗਾ ਪਰ ਜੋ ਮੇਰੇ ਪੁਰ ਨ ਪਤੀਜੇਗ, ਤਿਸ ਪੁਰ ਸਜ਼ਾਵਾਂ ਹੁਕਮ ਦਿੱਤਾ ਜਾਵੇਗਾ। (1867 ਦੀ ਲਿਖੀ ਵਾਰਤਕ ਚੋਂ)
>
> ਤਕ ਯੂਸਫ਼ ਨੇ ਨੀਂਦ ਤੋਂ ਜਾਗ ਕੇ, ਜਿਹ ਪ੍ਰਭੂ ਦੇ ਦੂਤ ਨੇ ਤਿਸ ਨੂੰ ਆਖਿਆ ਸੀ, ਤਿਹਾ ਹੀ ਕੀਤਾ ਅਤੇ ਆਪਣੀ

ਇਸਤਰੀ ਨੂੰ ਆਪਣੇ ਘਰ ਲਿਆਇਆ ... (1868 ਦੀ ਲੁਧਿਆਣਾ ਮਿਸ਼ਨ ਦੀ ਅੰਜੀਲ ਵਿਚੋਂ)।"[27]

ਨਾਮਧਾਰੀ ਸਤਿਗੁਰੂ ਰਾਮ ਸਿੰਘ ਦੀ ਵਾਰਤਕ ਦਾ ਨਮੂਨਾ :

> "ਅਸਾਂ ਰੂਸ ਨਾਥ ਵਲ ਇਕ ਸੂਬਾ ਭੇਜਿਆ ਹੈ, ਉਸ ਦੀ ਜੁਬਾਨੀ ਬਾਤ ਸਮਝ ਲੈਣੀ। ਗੁਰਬਚਨ ਸਿੰਘ ਸੂਬੇ ਦਾ ਨਾਂ ਹੈ ........ ਤੁਸਾਂ ਨੂੰ ਹੁਕਮ ਬਾਬੇ ਨਾਨਕ ਸਾਹਿਬ ਜੀ ਦਾ, ਜੋ ਸਾਡੀ ਰਛਿਆ ਕਰੋ। ਤ੍ਰੈ ਲਖ ਪੰਦਰਾਂ ਸਿੱਖ ਤੁਹਾਡੀ ਹਮਰਾਹ ਵਾਸਤੇ ਤਿਆਰ ਹੈਨ ....। (1876 ਵਿਚ ਰੂਸ ਦੇ ਜ਼ਾਰ ਨਾਲ ਭੇਜੇ ਦਸਤੀ ਖਤ ਵਿਚੋਂ, ਜਿਸ ਦੀ ਫੋਟੋ ਕਾਪੀ ਰੂਸ ਦੇ ਇਕ ਰਸਾਲੇ ਵਿਚ 1957 ਵਿਚ ਛਪੀ।"[28]

ਉਪਰਲੀ ਵਿਚਾਰ ਚਰਚਾ ਤੋਂ ਸਪੱਸ਼ਟ ਹੈ ਕਿ ਪੰਜਾਬੀ ਵਾਰਤਕ ਉਨੀਵੀਂ ਸਦੀ ਦੇ ਦੂਜੇ ਅੱਧ ਵਿਚ ਹੀ ਆਪਣੇ ਠੇਠ ਰੂਪ ਵਿਚ ਵਰਤੀ ਜਾਣ ਲਗ ਪਈ ਸੀ ਅਤੇ ਪਰੰਪਰਾਵਾਦੀ ਯੁੱਗ ਦੀ ਵਾਰਤਕ ਨਾਲੋਂ ਨਿਖੜ ਕੇ ਨਵੀਂ ਲੀਹ ਪਾ ਚੁਕੀ ਸੀ।

ਵਾਰਤਕ ਦੇ ਆਤਮਕ-ਅਧਿਆਤਮਕ ਵਿਸ਼ਿਆਂ ਦੀ ਪਕੜ ਆਧੁਨਿਕ ਕਾਲ ਦੇ ਨਾਲ-ਨਾਲ ਤੁਰਦੀ ਚਲੀ ਆ ਰਹੀ ਹੈ। ਮਨੁੱਖ ਦੀ ਆਤਮਕ ਜਿਗਿਆਸਾ, ਭੌਤਿਕ-ਦਵੰਦ ਤੇ ਦੌੜ ਸਮੇਂ ਵੀ ਕਦੇ ਖਤਮ ਨਹੀਂ ਹੁੰਦੀ। ਇਸ ਦੀਆਂ ਜੜ੍ਹਾਂ ਸੋਚ ਅਤੇ ਵਿਹਾਰ ਦੇ ਉਨ੍ਹਾਂ ਮੁੱਲਾਂ ਅੰਦਰ ਕਾਰਜਸ਼ੀਲ ਰਹਿੰਦੀਆਂ ਹਨ, ਜਿਹੜੇ ਦੁਨਿਆਵੀ ਝੰਜਟਾਂ ਤੇ ਰੁਝੇਵਿਆਂ ਦੇ ਨਾਲ ਸਬਰ-ਸੰਤੋਖ, ਸ਼ਰਧਾ ਅਤੇ ਵਿਸ਼ਵਾਸ ਦੀ ਸਿਰਜਨਾ ਕਰਦੇ ਹਨ। ਵਾਰਤਕ ਦੀ ਇਹ ਚੇਤਨਾ, ਨਿਬੰਧ/ਜੀਵਨੀ ਆਦਿ ਰੂਪਾਂ ਵਿਚ ਚਲ ਕੇ ਨਿਰੰਤਰ ਤੁਰਦੀ ਚਲੀ ਆ ਰਹੀ ਹੈ। ਆਧੁਨਿਕ ਕਾਲ ਵਿਚ ਭਾਵੇਂ ਵਾਰਤਕ ਦੇ ਪੂਰਬ-ਪੱਛਮ, ਦੋਹਾਂ ਤੋਂ ਪ੍ਰਾਪਤ ਅਨੇਕ ਰੂਪ ਨਾਲੋ-ਨਾਲ ਤੁਰਦੇ ਚਲੇ ਆ ਰਹੇ ਹਨ, ਪਰ ਆਮ ਤੌਰ ਤੇ ਸਾਹਿਤ ਦੇ ਲੇਖਕਾਂ ਦੀ ਰੁਚੀ-ਬਿਰਤੀ ਪੱਛਮੀ ਰੂਪਾਂ ਦੇ ਨਾਲ ਮੋਹ-ਭਿੱਜੀ ਬਣੀ ਜਾਪਦੀ ਹੈ, ਜਦੋਂ ਕਿ ਵਾਰਤਕ ਦੇ ਪੂਰਬੀ ਵਿਸ਼ੇਸ਼ ਕਰਕੇ ਭਾਰਤੀ/ਪੰਜਾਬੀ ਰੂਪਾਂ - ਸਾਖੀ, ਹੁਕਮਨਾਮੇ, ਵਿਆਖਿਆਨ, ਟੀਕਾ, ਪ੍ਰਵਚਨ, ਉਪਦੇਸ਼ ਵੀ ਪੂਰੀ ਸ਼ਿੱਦਤ ਨਾਲ

ਰਚੇ-ਚਲੇ ਆਉਣ ਦੀ ਪ੍ਰਥਾ ਖ਼ਤਮ ਨਹੀਂ ਹੋਈ। ਸਗੋਂ ਵਿਕਸਤ/ਪ੍ਰਪੱਕ ਹੋ ਕੇ ਅਨੇਕ ਵਾਰਤਕ ਰੂਪਾਂ ਦਾ ਸੁੰਦਰ ਸੁਮੇਲ ਵੀ ਬਣਦੀ ਚਲੀ ਜਾ ਰਹੀ ਹੈ। ਗੁਰਬਾਣੀ ਦੀ ਵਿਆਖਿਆ, ਟੀਕੇ, ਸ਼ਬਦਾਰਥ ਦੀ ਰਚਨਾ ਕਰਨ ਵਾਲੇ ਵਿਦਵਾਨਾਂ ਵਿਚੋਂ ਭਾਈ ਸਾਹਿਬ ਸਿੰਘ ਦੀ ਘਾਲ ਕਮਾਈ ਨੂੰ ਕੌਣ ਭੁੱਲ ਸਕਦਾ ਹੈ। ਅਕਾਲੀ ਕੌਰ ਸਿੰਘ ਵੱਲੋਂ ਤਿਆਰ ਹੋਇਆ "ਗੁਰਸ਼ਬਦ ਰਤਨ ਪ੍ਰਕਾਸ਼" ਇਕ ਅਜਿਹੀ ਕਿਰਤ ਹੈ ਜਿਹੜੀ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਤੁਕਾਂ ਦੀ ਤਲਾਸ਼ ਲਈ ਦਰਪਣ ਦਾ ਕੰਮ ਕਰਦੀ ਹੈ। ਇਸੇ ਤਰ੍ਹਾਂ ਦੀਆਂ ਹੋਰ ਅਨੇਕਾਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ।

ਸੋ ਸਾਹਿਤ ਦੇ ਇਕ ਖ਼ਾਸ ਰੂਪ ਜੀਵਨੀ ਬਾਰੇ ਵੀ ਕਿਹਾ ਜਾ ਸਕਦਾ ਹੈ ਕਿ ਆਧੁਨਿਕ ਕਾਲ ਦੇ ਆਰੰਭ ਵਿਚ ਹੀ ਅਜਿਹੀਆਂ ਵਾਰਤਕ ਰਚਨਾਵਾਂ ਦੀ ਸਿਰਜਨਾ ਹੋਣੀ ਸ਼ੁਰੂ ਹੋ ਗਈ ਸੀ।

**(ਸ) ਜੀਵਨੀ ਸਾਹਿਤ:**

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਖਸ਼ੀਅਤ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੇ ਸ਼ਰਧਾਲੂਆਂ, ਅਨੁਯਾਈਆਂ ਵੱਲੋਂ ਉਨ੍ਹਾਂ ਦੇ ਜੀਵਨ ਦੇ ਹਰ ਪਹਿਲੂ ਨੂੰ ਆਪਣੀਆਂ ਯਾਦਾਂ ਦਾ ਇਕ ਅਟੁੱਟ ਹਿੱਸਾ ਬਣਾਇਆ ਗਿਆ। ਅਨੇਕਾਂ ਬੁੱਧੀਜੀਵੀਆਂ ਅਤੇ ਲੇਖਕਾਂ ਵੱਲੋਂ ਆਪਣੇ-ਆਪਣੇ ਤਰੀਕੇ ਦੀ ਸਾਹਿਤ ਸਿਰਜਣਾ ਵੀ ਸ਼ੁਰੂ ਹੋ ਗਈ।

> "ਨਾਮਧਾਰੀ ਇਤਿਹਾਸ ਸੰਬੰਧੀ ਤੇ ਨਾਮਧਾਰੀ ਸਤਿਗੁਰੂ ਸਾਹਿਬਾਨ ਦੀਆਂ ਜੀਵਨੀਆਂ ਬਾਰੇ ਵਿਸ਼ੇਸ਼ ਪੁਸਤਕਾਂ ਰਚੀਆਂ ਗਈਆਂ ਹਨ, ਜਿਨ੍ਹਾਂ ਦੇ ਪ੍ਰਤੱਖ ਰੂਪ ਵਿਚ ਪ੍ਰੇਰਨਾ ਸਰੋਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੀ ਹਨ। ਡਾ. ਜਸਵੰਤ ਸਿੰਘ ਜੱਸ ਦੀ "ਬਾਬਾ ਰਾਮ ਸਿੰਘ ਨਾਮਧਾਰੀ", ਡਾ. ਕਰਮ ਸਿੰਘ ਕਪੂਰ ਦੀ "ਸਤਿਗੁਰੂ ਪ੍ਰਤਾਪ ਸਿੰਘ" ਅਤੇ ਸੰਤ ਇੰਦਰ ਸਿੰਘ ਚੱਕਰਵਰਤੀ ਦੀ ਪੁਸਤਕ "ਅਟੱਲ-ਪ੍ਰਤਾਪੀ" ਤੇ ਤਾਰਾ ਸਿੰਘ ਅਨਜਾਣ ਦੀ "ਸਭਹਨ ਕੇ ਸਿਰਮੌਰ" ਅਤੇ "ਸਾਹਿਬ ਗੁਣੀ ਗਹੀਰਾ" ਪੁਸਤਕਾਂ

> ਵਿਸ਼ੇਸ਼ ਤੌਰ ਤੇ ਉਪਰੋਕਤ ਨਾਮਧਾਰੀ ਸਤਿਗੁਰੂ ਸਾਹਿਬਾਨ ਦੇ ਇਤਿਹਾਸਕ ਜੀਵਨ ਬਿਰਤਾਂਤ ਹਨ। 1872 ਈਸਵੀ ਵਿਚ ਮਲੇਰਕੋਟਲੇ ਦੇ ਇਤਿਹਾਸਕ ਸ਼ਹੀਦੀ ਸਾਕੇ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਗਮਨ ਦੀ ਪਹਿਲੀ ਸ਼ਤਾਬਦੀ ਨੂੰ ਸਮਰਪਿਤ ਵੀ ਕੁਝ ਵਿਸ਼ੇਸ਼ ਪੁਸਤਕਾਂ ਰਚੀਆਂ ਗਈਆਂ।"[29]

ਨਾਮਧਾਰੀ ਵਾਰਤਕ ਸਾਹਿਤ ਦਾ ਸਰਵੇਖਣ ਕੀਤਿਆਂ ਹਰ ਪੁਸਤਕ ਵਿਚੋਂ ਜੀਵਨੀ ਪੂਰੇ ਜਾਂ ਅੰਸ਼ਕ ਰੂਪ ਵਿਚ ਜ਼ਰੂਰ ਸਾਹਮਣੇ ਆਉਂਦੀ ਹੈ। ਉਦਾਹਰਣ ਵਜੋਂ ਸੰਤ ਇੰਦਰ ਸਿੰਘ ਚੱਕਰਵਰਤੀ ਨੇ ਆਪਣੀ ਪੁਸਤਕ ਦੇ ਸਿਰਲੇਖ 'ਨਾਮਧਾਰੀ ਇਤਿਹਾਸ' (੧) ਦੇ ਹੇਠਾਂ ਲਿਖਿਆ ਹੈ, "ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਜੀਵਨ"। ਇਸ ਤਰ੍ਹਾਂ ਇਸ ਪੁਸਤਕ ਵਿਚ ਜਿੱਥੇ ਨਾਮਧਾਰੀ ਇਤਿਹਾਸ ਬਾਰੇ ਵਿਸਥਾਰ ਸਹਿਤ ਲਿਖਿਆ ਮਿਲਦਾ ਹੈ, ਉਥੇ ਬਾਬਾ ਬਾਲਕ ਸਿੰਘ ਦੇ ਜੀਵਨ ਤੇ ਵੀ ਮੁਕੰਮਲ ਝਾਤ ਪਵਾਈ ਗਈ ਹੈ। ਇਸ ਪੁਸਤਕ ਵਿਚੋਂ ਇਤਿਹਾਸ ਨਿਰੂਪਣ ਦੇ ਨਾਲ-ਨਾਲ ਜੀਵਨੀ ਵਿਧਾ ਦੇ ਵੀ ਪੂਰੇ ਲੱਛਣ ਮਿਲਦੇ ਹਨ। ਪੁਸਤਕ ਵਿਚੋਂ ਉਦਾਹਰਣ ਹਾਜ਼ਰ ਹੈ:

"ਇਕ ਦਿਨ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਬੈਠੇ ਹੋਏ ਸਨ। ਸੰਗਤ ਜੁੜੀ ਹੋਈ ਸੀ। ਇਕ ਸਿੱਖ ਨੇ ਆ ਕੇ ਅਰਜ ਕੀਤੀ ਕਿ ਮਹਾਰਾਜ ਆਪ ਜੀ ਨੂੰ ਸਰਕਾਰੀ ਕਿਲ੍ਹੇ ਦੇ ਅਫ਼ਸਰ ਸ੍ਰਦਾਰ ਬਾਂਕਾ ਰਾਉ ਨੇ ਯਾਦ ਕੀਤਾ ਹੈ ਅਤੇ ਕਿਹਾ ਹੈ ਕਿ ਮੇਰੀ ਹੱਥ ਬੰਨ੍ਹ ਕੇ ਅਰਜ਼ ਹੈ, ਮੈਨੂੰ ਜ਼ਰੂਰ ਹੀ ਦਰਸ਼ਨ ਦੇ ਕੇ ਨਿਹਾਲ ਕਰੋ। ਸਤਿਗੁਰਾਂ ਕਹਿਆ ਕਿ ਭਾਈ ਸ੍ਰਦਾਰ ਦਾ ਸਾਡੇ ਗੋਚਰਾ ਕੀ ਕੰਮ ਹੈ। ਸਿੱਖ ਨੇ ਕਹਿਆ ਮਹਾਰਾਜ ਜੀ ਏਹ ਤੇ ਮੈਨੂੰ ਖ਼ਬਰ ਨਹੀਂ। ਸਤਿਗੁਰਾਂ ਸ੍ਰਦਾਰ ਦੀ ਬੇਨਤੀ ਪ੍ਰਵਾਨ ਕਰਕੇ ਕਹਿਆ ਕਿ ਭਾਈ ਤੂੰ ਚਲ ਅਸੀਂ ਆਵਾਗੇ।"[30]

ਇਸ ਪੁਸਤਕ ਵਿਚ ਬਾਬਾ ਬਾਲਕ ਸਿੰਘ ਦੇ ਅਨੇਕਾਂ ਜੀਵਨ-ਪ੍ਰਸੰਗ ਅਤੇ ਜਨਮ ਤੋਂ ਲੈ ਕੇ ਮੌਤ ਤੱਕ ਦਾ ਵੇਰਵਾ ਮਿਲਦਾ ਹੈ ਜਿਵੇਂ:

"ਇਸ ਤਰ੍ਹਾਂ ਦੇ ਬਚਨ ਕਰਕੇ, ਸ੍ਰੀ ਨਿਰੰਕਾਰ ਜੀ ਦੀ ਆਗਯਾ ਨਾਲ ਦੇਵਤਿਆਂ ਨੇ ਗੁਰੂ ਜੀ ਨੂੰ ਬਿਬਾਨ ਵਿਚ ਬਠਾ ਲਿਆ ਅਤੇ ਸਚਖੰਡ ਲੈ ਗਏ। ਇੰਞ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਮਘਰ ਸੁਦੀ ਪੂਰਨਮਾਸ਼ੀ ਸੰਮਤ ੧੯੧੯ ਬਿਕ੍ਰਮੀ ਪਹਿਰ ਰਹਿੰਦੀ ਅੰਮ੍ਰਿਤ ਵੇਲੇ ਸ੍ਰੀ ਪ੍ਰਮੇਸਰ ਜੀ ਦੀ ਜੋਤ ਵਿਚ, ਜੋਤੀ ਜੋਤਿ ਰਲ ਅਭੇਦ ਹੋ ਗਏ। 'ਜੋਤ ਸਮਾਣੀ ਜੋਤ ਮਾਹ' ਦੇ ਵਾਕ ਅਨੁਸਾਰ ਜੋਤੀ ਸਰੂਪ ਹੋ ਗਏ।"[31]

"ਸੰਤ ਤਰਨ ਸਿੰਘ ਜੀ ਵਹਿਮੀ ਵੱਲੋਂ ਲਿਖੇ ਗਏ 'ਜੱਸ ਜੀਵਨ' ਵਿਚ ਇਕ ਸਫ਼ਲ ਜੀਵਨੀ ਵਾਲੇ ਬਹੁਤ ਸਾਰੇ ਅੰਸ਼ ਮਿਲਦੇ ਹਨ। ਇਸ ਪੁਸਤਕ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਹੋਰ ਨਾਮਧਾਰੀ ਮਹਾਂਪੁਰਸ਼ਾਂ ਬਾਰੇ ਅਨੇਕਾਂ ਪ੍ਰਕਾਰ ਦੀ ਜੀਵਨੀ ਰੂਪ ਸਾਮੱਗਰੀ ਮਿਲਦੀ ਹੈ।

> *19 ਪੋਹ ਸਤਿਗੁਰੂ ਜੀ ਸੁਹੇਵੇ ਸਾਹਿਬ ਨੇ ਮੁੱਢਲੇ ਘਰਾਣੇ ਦੌਲਤ ਰਾਮ ਦੀ ਅੰਸ ਦੇ ਜੇਠੂ। ਰਾਮ ਤੇ ਪੰਨਾ ਸਿੰਘ ਦੇ ਘਰ ਖੁਲ੍ਹੇ ਵੇਹੜੇ ਵਿਚ ਹੀ ਆਸਾ ਦੀ ਵਾਰ ਦਾ ਕੀਰਤਨ ਸੁਣਿਆ ਤੇ ਬਾਦ ਆਲਿਮ ਜੀ ਰਾਗੀ ਜਥੇ ਆਪਣੇ ਸਮੇਤ ਕੀਰਤਨ ਕਰਨ ਲਗੇ। ਹਵਨ ਹੋ ਰਿਹਾ ਸੀ ਤੇ ਸੰਗਤ ਦੀ ਗਹਿਮਾ ਗਹਿਮ ਸੀ ਤੇ ਆਲਿਮ ਜੀ ਦਸਮ ਗ੍ਰੰਥ ਵਿਚੋਂ ਰਾਮਾਵਤਾਰ ਦੇ ਰਸਾਵਲ ਛੰਦ ਦਾ ਸ਼ਬਦ, ਜਦੋਂ ਰਾਮ ਜੀ ਅਜੁਧਿਆ ਬਨਵਾਸ ਭੋਗ ਆਏ ਸੀ। ਕੁਝ ਵਿਆਖਿਆ ਕਰ ਪੜ੍ਹਦੇ ਸੀ ਬੜਾ ਰਸ ਸ਼ਬਦ ਕੀਰਤਨ ਤੇ ਸਤਿਗੁਰੂ ਜੀ ਦੇ ਦਰਸ਼ਨ ਤੇ ਸੰਗਤ ਦੇ ਦਿਹਾਰੇ ਨਜਾਰੇ ਦਾ ਦਰਲੱਭ ਫਬ ਵਾਲਾ ਸੀ।"[32]*

ਸੰਤ ਜੀ ਦੁਆਰਾ 'ਜੱਸ ਜੀਵਨ' ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਨਿੱਤ ਦੇ ਵਿਹਾਰ ਨੂੰ ਥਾਂ-ਪੁਰ-ਥਾਂ ਪੇਸ਼ ਕੀਤਾ ਗਿਆ ਹੈ। ਉਹ ਜਿੱਥੇ ਵੀ ਗਏ ਉਥੋਂ ਦੇ ਸਥਾਨਾਂ ਦਾ ਭਰਪੂਰ ਵਰਨਣ

ਕੀਤਾ ਗਿਆ ਮਿਲਦਾ ਹੈ। ਇਨ੍ਹਾਂ ਅੰਸ਼ਾਂ ਵਿਚ ਕੂਕਿਆਂ ਦੁਆਰਾ ਸਿੱਖ ਰਹਿਤ ਮਰਿਆਦਾ ਦੀ ਪਾਲਣਾ ਬਾਰੇ ਵੀ ਕਾਫੀ ਕੁਝ ਦੱਸਿਆ ਗਿਆ ਹੈ–

"ਸਤਿਗੁਰੂ ਜੀ 1 ਫੱਗਣ ਮਧੇ ਤੋਂ ਦੌਰਾ ਸ਼ੁਰੂ ਕਰ ਧੂੜਕੋਟ, ਤਖਤੂਪੁਰੇ, ਗਹਿਲ, ਰਾਇਸਰ, ਬਰਨਾਲੇ, ਫਰਵਾਹੀ, ਭੱਸਾਬਦੀ, ਖੇਤਲਾ ਦਿੜਵਾ, ਭਾਈ ਵਾਲ, ਅਲੋਖ ਅਰਖੇ ਅੱਧ ਫੱਗਣ ਨੂੰ ਪੁਜੇ। ਦਿਆਲਗੜ੍ਹ 16 ਫੱਗਣ 17 ਕੱਕੜ, 18 ਚੱਕ ਦੌਰਾ ਮੁਕਾ 19 ਸੰਧਵੀਂ ਜ਼ਿਲਾ ਜਲੰਧਰ ਵਿਚ ਹੋਲੇ ਦੇ ਮੇਲੇ ਤੇ ਦਰਸ਼ਨ ਦਿੱਤੇ। ਸੰਧਵੀ ਹੋਲਾ 19,20, 21,22 ਫੱਗਣ 1987 ਬਿ. ਹੋਇਆ।

ਇਸ ਸੰਧਵਾਂ ਨਗਰ ਵਿਚ ਅਕਾਲੀਆਂ ਵਿਰੋਧ ਕੀਤਾ ਤੇ ਕਿਹਾ ਅਸਾਂ ਆਪਣੇ ਬਾਰਾਂ ਅਗੇ ਕੂਕੇ ਨਹੀਂ ਨਚਣ ਦੇਣੇ ਤੇ ਨੰਗੀ ਸਿਰੀਂ ਨਹੀਂ ਲੰਘਣ ਦੇਣੇ। ਆਪਣੇ ਘਰਾਂ ਸਾਹਵੇਂ ਧੰਨ ਗੁਰੂ ਰਾਮ ਸਿੰਘ ਨਹੀਂ ਇਨ੍ਹਾਂ ਨੂੰ ਕਹਿਣ ਦੇਣਾ। ਸਤਿਗੁਰੂ ਜੀ ਤੱਕ ਭੀ ਇਹ ਸੋਅ ਅਪੜੀ।। ਸੰਤ ਬੰਤਾ ਸਿੰਘ ਜੀ ਬੂੜੇ ਡੱਲੇ ਵਾਲਿਆਂ, ਜਿਨ੍ਹਾਂ ਨੂੰ ਸਾਧ ਅਕਾਲੀ ਫੂਲਾ ਸਿੰਘ ਦਾ ਅਵਤਾਰ ਮੰਨਦੇ ਸੀ।"[33]

ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਹੀ "ਸਤਿਜੁਗ" ਦੇ ਵਿਸ਼ੇਸ਼ ਅੰਕ ਵੀ ਪ੍ਰਕਾਸ਼ਤ ਹੋਣੇ ਸ਼ੁਰੂ ਹੋਏ। ਇਸੇ ਤਰ੍ਹਾਂ 1990 ਈਸਵੀ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਹਿਲੀ ਜਨਮ ਸ਼ਤਾਬਦੀ ਦੇ ਅਵਸਰ ਉਤੇ ਵੀ ਵਿਸ਼ੇਸ਼ ਪੁਸਤਕਾਂ ਪ੍ਰਕਾਸ਼ਤ ਹੋਈਆਂ ਜਿਨ੍ਹਾਂ ਵਿਚ ਨਾਮਧਾਰੀ ਗੁਰੂਆਂ ਬਾਰੇ ਭਰਪੂਰ ਚਰਚਾ ਕੀਤੀ ਮਿਲਦੀ ਹੈ।

ਜੀਵਨੀ ਦੇ ਖ਼ਾਸ ਨੁਕਤਿਆਂ ਉਤੇ ਚਲਦਿਆਂ, ਸੰਤ ਜੀ ਵੱਲੋਂ ਬਾਬਾ ਰਾਮ ਸਿੰਘ ਜੀ ਦੇ ਨਿੱਤ ਜੀਵਨ ਦੀਆਂ ਝਲਕੀਆਂ ਵੀ ਪੇਸ਼ ਕੀਤੀਆਂ ਮਿਲਦੀਆਂ ਹਨ।

## 'ਨਿਤ ਦੀ ਰੀਤ'

"ਬਾਬਾ ਸਾਹਿਬ ਦਾ ਖਾਨ ਪਾਨ ਇਸ਼ਨਾਨ ਆਦਿ ਕਿਰਿਆ ਬਹੁਤ ਗੁਪਤ ਸੀ। ਏਥੋਂ ਤੀਕ ਕੇ ਬਾਬਾ ਸਰੂਪ ਸਿੰਘ ਨੂੰ ਕਦੀਂ ਨੇਤਰੀਂ ਵੇਖਣ ਦਾ ਸਮਾਂ ਨਹੀਂ ਮਿਲਿਆ ਸੀ। ਅੰਮ੍ਰਿਤ ਵੇਲੇ ਨਿਤ ਆਸਾ ਦੀ ਵਾਰ ਦਾ ਕੀਰਤਨ ਡਿਉਡੀ ਵਿਚ ਹੁੰਦਾ, ਸੰਝ ਨੂੰ ਰਹਿਰਾਸ ਦਾ ਪਾਠ ਨਿਸ਼ਾਨ ਸਾਹਿਬ

ਪਾਸ ਬੈਠ ਕੇ ਹੋਇਆ ਕਰਦਾ ਸੀ। ਤ੍ਰਭਾਵਲ ਦਾ ਕੜਾਹ ਪ੍ਰਸਾਦ, ਜਪੁ ਸਾਹਿਬ ਦਾ ਪਾਠ ਕਰਕੇ ਲੰਗਰ ਵਿਚ ਸਜਾਇਆ ਜਾਂਦਾ ਅਰ ਮੇਵਾ ਕੋਈ ਨਹੀਂ ਪਾਇਆ ਜਾਂਦਾ ਸੀ। ਅਨੰਦ ਦਾ ਪਾਠ ਕਰਕੇ ਲੰਗਰ ਵਿਚ ਹੀ ਪ੍ਰਸਾਦ ਦੀ ਅਰਦਾਸ ਹੁੰਦੀ। ਅਰਦਾਸ ਦੇ ਅੰਤ ਇਹ ਸ਼ਬਦ ਵਰਤਦੇ ਸਨਃ- ਹੇ ਅਕਾਲ ਪੁਰਖ ਕਰਤਾਰ ਕੜਾਹ ਪ੍ਰਸਾਦ ਦੀ ਦੇਗ ਤਿਆਰ ਹੈ, ਆਪ ਨੂੰ ਅੰਗੀਕਾਰ ਹੋਵੇ, ਕਲਾ ਗੁਰੂ ਸਿੰਘ ਜੀ ਦੀ ਵਰਤੇ। ਤਵ ਪ੍ਰਸਾਦਿ।" ਕੋਈ ਆਦਮੀ ਮੂੰਹ ਉਤੇ ਰੁਮਾਲ ਬੰਨੇ ਬਗੈਰ ਕੜਾਹ ਪ੍ਰਸਾਦ ਨਾ ਤਿਆਰ ਕਰ ਸਕਦਾ ਸੀ ਨ ਵਰਤਾ ਸਕਦਾ ਸੀ।[34]

ਇੰਜ ਜੀਵਨੀ ਸਾਹਿਤ ਨਾਲ ਪੰਜਾਬੀ ਜਨਮਸਾਖੀ ਸਾਹਿਤ ਵਿਚ ਚੋਖਾ ਵਾਧਾ ਹੋਇਆ ਹੈ।

(ਹ) **ਸ਼ਾਸਤ੍ਰਾਰਥ:**

ਸਾਹਿਤ-ਸਿਰਜਣਾ ਅਤੇ ਸਾਹਿਤ-ਅਧਿਐਨ ਦੋਵੇਂ ਵੱਖਰੀ ਪ੍ਰਕਾਰ ਦੀਆਂ ਕਿਰਿਆਵਾਂ ਹਨ। ਪਹਿਲੀ ਕਲਾ ਹੈ ਤੇ ਦੂਜੀ ਦਾ ਸੰਬੰਧ ਵਿਦਿਆ ਜਾਂ ਗਿਆਨ ਨਾਲ ਹੈ। ਸਭ ਤੋਂ ਪਹਿਲਾਂ ਸਾਹਿਤ-ਸਿਰਜਣਾ ਅਤੇ ਸਾਹਿਤ-ਅਧਿਐਨ ਦੀ ਪ੍ਰਕਿਰਤੀ ਦੀ ਪਛਾਣ ਲਾਜ਼ਮੀ ਹੈ। ਸਾਹਿਤ-ਸਿਰਜਣਾ ਦਾ ਸੰਬੰਧ ਸਿਰਜਣ-ਪ੍ਰਕਿਰਿਆ ਨਾਲ ਵੀ ਮੰਨਿਆ ਜਾ ਸਕਦਾ ਹੈ ਤੇ ਇਸ ਨੂੰ ਵਿਅਕਤੀ ਦੇ ਵਿਚਾਰਾਂ ਦਾ ਮਾਧਿਅਮ ਵੀ ਮੰਨਿਆ ਜਾਂਦਾ ਰਿਹਾ ਹੈ। ਅਸਾਂ ਸਾਹਿਤ-ਸਿਰਜਣਾ ਦਾ ਸੰਬੰਧ ਨਾ ਤਾਂ ਸਿਰਜਣ-ਪ੍ਰਕਿਰਿਆ ਨਾਲ ਜੋੜਿਆ ਹੈ ਤੇ ਨਾ ਹੀ ਵਿਅਕਤੀ ਦੇ ਵਿਚਾਰਾਂ ਦੇ ਮਾਧਿਅਮ ਨਾਲ। ਸਾਡਾ ਇਸ ਖੋਜ-ਪ੍ਰਬੰਧ ਵਿਚ ਮਨੋਰਥ ਸਾਹਿਤ-ਸਿਰਜਣਾ ਨੂੰ ਖੁਦਮੁਖਤਾਰ ਹੋਂਦ ਦੇ ਰੂਪ ਵਿਚ ਵਿਚਾਰਣ ਉਪਰ ਹੈ। ਸਾਹਿਤ ਸਿਰਜਣਾ ਆਪਣੇ ਆਪ ਵਿਚ ਇਕ ਖੁਦਮੁਖਤਾਰ ਹੋਂਦ ਯਥਾਰਥ ਹੈ। ਰੈਨੇ ਵੈਲਕ ਨੇ ਵੀ ਸਾਹਿਤ ਬਾਰੇ ਇਹ ਸੁਆਲ ਉਠਾਇਆ ਹੈ ਕਿ ਸਾਹਿਤ ਬਾਰੇ ਮੂਲ ਪ੍ਰਸ਼ਨ ਇਹ ਨਹੀਂ ਕਿ ਸਾਹਿਤ ਕੀ ਹੈ, ਬਲਕਿ ਇਹ ਕਿ ਸਾਹਿਤ ਦੀ ਹੋਂਦ-ਵਿਧੀ ਕੀ ਹੈ? [35]

ਇਸੇ ਤਰਾਂ ਸਾਹਿਤ-ਅਧਿਐਨ ਨੂੰ ਵੀ ਅਸੀਂ ਸਾਹਿਤ ਨੂੰ ਪੜ੍ਹਨ ਤੇ ਸਾਹਿਤ ਦੀ ਆਲੋਚਨਾ (ਵਿਸ਼ੇਸ਼ ਤੌਰ ਤੇ ਸ਼ਾਸਤ੍ਰਾਰਥ) ਦੇ ਅਰਥਾਂ ਤੋਂ ਵੱਖਰੇ ਰੂਪ ਵਿਚ ਲਿਆ ਹੈ। ਸਾਹਿਤ ਪੜ੍ਹਨ ਦਾ ਸੰਬੰਧ ਰਚਨਾ ਨੂੰ ਮਾਨਣ ਨਾਲ ਹੈ ਤੇ ਸ਼ਾਸਤ੍ਰਾਰਥ ਦਾ ਸੰਬੰਧ ਰਚਨਾ ਬਾਰੇ ਖੰਡਣੀ ਮੰਡਣੀ ਦ੍ਰਿਸ਼ਟੀ ਪੇਸ਼ ਕਰਨ ਨਾਲ। 'ਆਲੋਚਨਾ' ਸ਼ਬਦ ਨੂੰ ਸਾਡੇ ਭਾਈਚਾਰੇ ਵਿਚ ਖੰਡਣ ਦੇ ਅਰਥਾਂ ਵਿਚ ਵਰਤਿਆ

ਜਾਂਦਾ ਹੈ ਪਰ ਸ਼ਾਸਤ੍ਰਾਰਥ ਇਕ ਪਾਸੜ ਦਾ ਖੰਡਣ-ਮੰਡਣ ਨਹੀਂ ਸ਼ਾਸਤ੍ਰਾਰਥ ਕਰਨ ਲਈ ਡੂੰਘੇ ਸਾਹਿਤ ਅਧਿਐਨ ਦੀ ਲੋੜ ਪੈਂਦੀ ਹੈ ਤੇ ਸਾਹਿਤ ਅਧਿਐਨ ਲਈ ਪਹਿਲੀ ਸ਼ਰਤ ਇਹ ਹੈ ਕਿ ਰਚਨਾ ਦਾ ਅਧਿਐਨ ਵਿੱਥ ਤੇ ਰਹਿ ਕੇ ਕੀਤਾ ਜਾਵੇ। ਸ਼ਾਸਤ੍ਰਾਰਥੀ ਨੂੰ ਸ਼ਾਸਤ੍ਰਾਰਥ ਕਰਨ ਸਮੇਂ ਆਪੋ-ਆਪਣੇ ਧਰਮ ਦੀਆਂ ਐਨਕਾਂ ਵੀ ਲਾਹ ਕੇ ਰੱਖ ਦੇਣੀਆਂ ਚਾਹੀਦੀਆਂ ਹਨ। ਸ਼ਾਸਤ੍ਰਾਰਥ ਨਿਰਪੱਖਤਾ ਦੀ ਮੰਗ ਕਰਦਾ ਹੈ।

ਸਾਹਿਤ ਅਧਿਐਨ ਦਾ ਆਪਣਾ ਇਕ ਵਿਸ਼ਾਲ ਧਰਾਤਲ ਹੈ। ਸਾਹਿਤ ਅਧਿਐਨ-ਸਾਹਿਤ ਬਾਹਰਾ ਕਾਰਜ ਨਹੀਂ, ਇਹ ਸਾਹਿਤ ਸਿਰਜਣਾ ਵਿਚੋਂ ਹੀ ਪੈਦਾ ਹੁੰਦਾ ਹੈ।

"ਸ਼ਾਸ੍ਤਾਰਥ ਇਕ ਕਿਸਮ ਦੀ ਸਾਹਿਤ ਸਿਰਜਣਾ ਹੀ ਹੈ। ਸਾਹਿਤ-ਸਿਰਜਣਾ ਬਹੁ ਪਸਾਰੀ ਪੱਧਰਾਂ ਤੇ ਵਿਚਰਦੀ ਹੈ ਤੇ ਇਸ ਦੀ ਹੋਂਦ ਭਾਵ-ਮੂਲਕ ਵੀ ਹੁੰਦੀ ਹੈ, ਇਸ ਲਈ ਸਾਹਿਤ-ਸਿਰਜਣਾ ਵਿਚ ਬਹੁਤ ਕੁਝ ਅਤਾਰਕਿਕ ਹੁੰਦਾ ਹੈ ਪਰ ਸਾਹਿਤ ਅਧਿਐਨ ਇਸ ਅਤਾਰਕਿਕ ਸੰਗਠਨ ਨੂੰ ਤਾਰਕਿਕ ਪ੍ਰਬੰਧ ਵਿਚ ਪੇਸ਼ ਕਰਦਾ ਹੈ।"[36]

ਇਸ ਸੰਬੰਧ ਵਿਚ ਕਿਹਾ ਜਾ ਸਕਦਾ ਹੈ ਕਿ ਗਾਇਕ ਅਤੇ ਸੰਗੀਤ-ਸ਼ਾਸਤਰ, ਸਮਾਜ ਅਤੇ ਸਮਾਜ-ਸ਼ਾਸਤਰ, ਬਨਸਪਤੀ ਅਤੇ ਬਨਸਪਤੀ ਵਿਗਿਆਨ ਵਰਗਾ ਅੰਤਰ ਹੀ ਸਾਹਿਤ-ਸਿਰਜਣਾ ਅਤੇ ਸਾਹਿਤ ਅਧਿਐਨ ਦਾ ਹੈ। ਸਾਹਿਤ ਅਧਿਐਨ, ਸਾਹਿਤ ਸਮੱਗਰੀ ਨੂੰ ਸਾਹਿਤ ਵਿਗਿਆਨ ਵਿਚ ਪਰਿਵਰਤਿਤ ਕਰ ਦਿੰਦਾ ਹੈ। ਸਪੱਸ਼ਟ ਹੈ ਕਿ ਸਾਹਿਤ ਅਧਿਐਨ ਵੀ ਇਕ ਪ੍ਰਕਾਰ ਦਾ ਰੂਪਾਂਤਰਣ ਹੀ ਹੈ। ਜਿਵੇਂ ਸਾਹਿਤ ਸਿਰਜਣਾ ਵਸਤੂ-ਜਗਤ ਨੂੰ ਰੂਪਾਂਤਰਣ ਦੇ ਨੇਮ ਅਨੁਸਾਰ ਪਾਰ ਕਰ ਜਾਂਦੀ ਹੈ, ਸਾਹਿਤ-ਅਧਿਐਨ ਵੀ ਰੂਪਾਂਤਰਣ ਦੇ ਨੇਮ ਅਨੁਸਾਰ ਸਿਰਜਣਾ (ਕਲਾ) ਨੂੰ ਗਿਆਨ ਰੂਪ ਵਿਚ ਰੂਪਾਂਤਰਿਤ ਕਰ ਦਿੰਦਾ ਹੈ। ਸਾਹਿਤ ਅਧਿਐਨ ਵਿਸ਼ੇਸ਼ ਪ੍ਰਕਾਰ ਦਾ ਗਿਆਨ-ਰੂਪ ਹੈ, ਜਿਸਦਾ ਵਸਤੂ ਸੁਤੇ ਸਿਧ ਪ੍ਰਾਪਤ ਨਹੀਂ ਹੁੰਦਾ, ਬਲਕਿ ਸੁਚੇਤ ਯਤਨ ਹੁੰਦਾ ਹੈ।

"ਸਾਹਿਤ-ਅਧਿਐਨ ਲਈ ਸੰਰਚਨਾਵਾਦੀ-ਚਿੰਤਨ ਨੇ ਨਵਾਂ ਸੰਕੇਤ ਅਪਣਾਇਆ ਹੈ; ਸਾਹਿਤ ਵਿਗਿਆਨ। ਸਾਹਿਤ ਵਿਗਿਆਨ ਦੀ ਪਹਿਲੀ ਸਥਾਪਨਾ ਇਹ ਹੈ ਕਿ ਕਿਸੇ ਵੀ ਵਸਤੂ

(object) ਦਾ ਅਧਿਐਨ ਕਿਸੇ ਵਿਸ਼ੇ (subject) ਦੇ ਘੇਰੇ ਅੰਦਰ ਹੋਣਾ ਚਾਹੀਦਾ ਹੈ।"[37] ਸ਼ਾਸਤ੍ਰਾਰਥ ਦਾ ਕੋਈ ਨਾ ਕੋਈ ਕੇਂਦਰ ਬਿੰਦੂ ਵੀ ਹੋਣਾ ਚਾਹੀਦਾ ਹੈ। ਇਸ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਸ਼ਾਸਤ੍ਰਾਰਥ ਸਾਹਿਤ ਸਿਰਜਣਾ ਦਾ ਵੀ ਆਧਾਰ ਬਣਦਾ ਹੈ।

ਜਿਸ ਸਮੇਂ ਤੋਂ ਗੁਰੂ ਨਾਨਕ ਦੇਵ ਜੀ ਨੇ ਬਾਣੀ ਉਚਾਰੀ, ਗੁਰਬਾਣੀ ਨੂੰ ਡੂੰਘਾਈ ਨਾਲ ਸਮਝਣ ਲਈ ਉਸ ਕਾਲ ਤੋਂ ਹੀ ਪ੍ਰਯਤਨ ਹੁੰਦੇ ਆ ਰਹੇ ਹਨ। ਗੁਰਬਾਣੀ ਦੀ ਵਿਆਖਿਆ ਭਿੰਨ-ਭਿੰਨ ਰੂਪਾਂ ਵਿਚ ਕੀਤੀ ਜਾਂਦੀ ਸੀ। ਗੁਰੂ ਨਾਨਕ ਦੇਵ ਜੀ ਨੇ ਆਪ ਵੀ ਬਾਣੀ ਦੀ ਵਿਆਖਿਆ ਬਾਣੀ ਵਿਚ ਹੀ ਕੀਤੀ। ਆਪ ਦੇ ਉਤਰਅਧਿਕਾਰੀ ਗੁਰੂ ਸਾਹਿਬਾਨ ਨੇ ਵੀ ਆਪਣੀ ਬਾਣੀ ਵਿਚ ਗੁਰਮਤਿ ਦੇ ਉਨ੍ਹਾਂ ਮੁੱਖ ਸਿਧਾਂਤਾਂ ਅਤੇ ਵਿਚਾਰਾਂ ਦੀ ਵਿਆਖਿਆ ਕੀਤੀ ਜੋ ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿਚ ਸਥਾਪਤ ਕਰ ਚੁੱਕੇ ਸਨ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਵੀ ਗੁਰਬਾਣੀ ਦੇ ਭਾਵਾਂ ਨੂੰ ਸਪੱਸ਼ਟ ਕੀਤਾ ਗਿਆ ਹੈ। ਭਾਵੇਂ ਉਨ੍ਹਾਂ ਦਾ ਮੂਲ ਸੰਬੰਧ ਸ਼ਾਸਤ੍ਰਾਰਥ ਤੋਂ ਹਟ ਕੇ ਹੈ ਪਰ ਫਿਰ ਵੀ ਉਹ ਗੁਰਬਾਣੀ ਦੇ ਸਿਧਾਂਤਾਂ ਨੂੰ ਸ਼ਾਸਤ੍ਰਾਰਥ ਦੀ ਤਰ੍ਹਾਂ ਹੀ ਪੇਸ਼ ਕਰਦੀਆਂ ਹਨ।

"ਉਦਾਸੀ ਸੰਤ ਜੋ ਬਾਬਾ ਸ੍ਰੀ ਚੰਦ ਨੂੰ ਆਪਣਾ ਮੋਢੀ ਮੰਨਦੇ ਹਨ, ਗੁਰਬਾਣੀ ਦੀ ਵਿਆਖਿਆ ਕਰਦੇ ਰਹੇ ਹਨ। ਆਪਣੀ ਸੰਪ੍ਰਦਾਇ ਦਾ ਪ੍ਰਚਾਰ ਕਰਨ ਸਮੇਂ ਇਹ ਸਾਧੂ ਵਧੇਰੇ ਵਿਆਖਿਆ ਮੌਖਿਕ ਰੂਪ ਵਿਚ ਕਰਦੇ ਸਨ ਪਰ ਲਿਖਤੀ ਰੂਪ ਵਿਚ ਵੀ ਇਨ੍ਹਾਂ ਦਾ ਟੀਕਾ ਸਾਹਿਤ ਪ੍ਰਾਪਤ ਹੁੰਦਾ ਹੈ। ਸਾਧੂ ਅਨੰਦ ਘਨ ਜੀ ਦੀਆਂ ਟੀਕਾ ਕਿਰਤਾਂ ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ। (ਜਪੁਜੀ, ਵਾਰ ਆਸਾ, ਸਿੱਧ ਗੋਸ਼ਟ, ਆਨੰਦ, ਆਰਤੀ) ਗੁਰੂ ਅਰਜਨ ਦੇਵ ਜੀ ਦੇ ਕਾਲ ਵਿਚ ਸੋਢੀ ਮਿਹਰਬਾਨ ਅਤੇ ਉਨ੍ਹਾਂ ਦੇ ਸਪੁੱਤਰ ਹਰਿ ਜੀ ਦੀਆਂ ਟੀਕਾ ਕਿਰਤਾਂ ਮਿਲਦੀਆਂ ਹਨ। ਆਪ ਨੇ ਗੁਰੂ ਨਾਨਕ ਦੇਵ ਜੀ ਦੀ ਲਗਭਗ ਸਾਰੀ ਬਾਣੀ ਦੇ ਟੀਕੇ ਕੀਤੇ ਹਨ।"[38]

ਟੀਕਿਆਂ ਦੀ ਪਰੰਪਰਾ ਦੇ ਨਾਲ-ਨਾਲ ਹੀ ਸ਼ਾਸਤ੍ਰਾਰਥ ਵੀ ਹੁੰਦਾ ਰਿਹਾ। ਪੰਜਾਬੀ ਸ਼ਾਸਤ੍ਰਾਰਥ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਗੁਰੂ ਗੋਰਖ ਨਾਥ ਅਤੇ ਉਨ੍ਹਾਂ ਦੇ

ਚੇਲਿਆਂ ਨਾਲ ਕੀਤੀ ਗੋਸ਼ਟ ਤੋਂ ਸ਼ੁਰੂ ਹੋ ਜਾਂਦਾ ਹੈ। ਗੋਰਖ ਨਾਥ ਆਪਣੇ ਸਮੇਂ ਵਿਚ ਵਧੇਰੇ ਸਤਿਕਾਰ ਪ੍ਰਾਪਤ ਸ਼ਖ਼ਸੀਅਤ ਸਨ।

"ਗੋਰਖਨਾਥ ਨਾਥ ਮੱਤ ਦੇ ਆਦਿ ਪ੍ਰਵਰਤਕ, ਨੌਵੀਂ ਸਦੀ ਦੇ ਅੰਤਿਮ ਭਾਗ ਵਿਚ ਪੰਜਾਬ ਦੇ ਅਤਿ ਹੀ ਸ਼ਕਤੀਸ਼ਾਲੀ, ਅਮਿਟ ਪ੍ਰਤਿਭਾ ਵਾਲੇ ਅਦੁੱਤੀ ਮਹਾਪੁਰਸ਼ ਅਤੇ ਰਹੱਸਵਾਦੀ ਜੋਗੀ ਕਵੀ ਹੋਏ ਹਨ।"[39] ਉਨ੍ਹਾਂ ਦੇ ਆਪਣੇ ਅਸਤਿਤਵ ਦੀ ਮਹਿਮਾ ਦਾ ਪ੍ਰਭਾਵ ਇਤਨਾ ਪ੍ਰਬਲ ਤੇ ਤੀਬਰ ਸੀ ਕਿ ਭਾਰਤ, ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਨੇਪਾਲ ਵਿੱਚ ਹੁਣ ਵੀ ਅਨੇਕਾਂ ਭਾਸ਼ਾਵਾਂ ਵਿੱਚ ਉਨ੍ਹਾਂ ਸੰਬੰਧੀ ਬੇਸ਼ੁਮਾਰ ਦੰਦ-ਕਥਾਵਾਂ, ਧਾਰਨਾਵਾਂ, ਕਹਾਣੀਆਂ ਅਤੇ ਪਰੰਪਰਾਵਾਂ ਪ੍ਰਚਲਿਤ ਹਨ। ਉਨ੍ਹਾਂ ਦੇ ਨਾਲ ਸੰਬੰਧਿਤ ਅਨੇਕਾਂ ਮੱਠ, ਟਿੱਲੇ ਤੇ ਸਮ੍ਰਿਤੀਆਂ ਹੁਣ ਵੀ ਨਾਥ ਮਤ ਦੇ ਪ੍ਰਭਾਵ ਨੂੰ ਉਜਾਗਰ ਕਰਦੀਆਂ ਹਨ। ਜਿਸ ਤੋਂ ਸਪੱਸ਼ਟ ਹੈ ਕਿ ਗੋਰਖ ਨਾਥ ਆਪਣੇ ਯੁੱਗ ਦੇ ਬੜੇ ਵੱਡੇ ਨੇਤਾ ਸਨ। ਉਨ੍ਹਾਂ ਦਾ ਜੋਗ ਮਾਰਗ ਭਗਤੀ ਅੰਦੋਲਨ ਤੋਂ ਪਹਿਲਾਂ ਉਤਰੀ ਭਾਰਤ ਦਾ ਸਭ ਤੋਂ ਬਲਸ਼ਾਲੀ ਧਾਰਮਕ ਅੰਦੋਲਨ ਸੀ।

ਗੁਰੂ ਨਾਨਕ ਦੇਵ ਜੀ ਨੇ ਸ੍ਰਿਸ਼ਟੀ ਰਚਨਾ ਦੇ ਸੰਬੰਧ ਵਿਚ ਇਨ੍ਹਾਂ ਨਾਥਾਂ ਜੋਗੀਆਂ ਨਾਲ ਵਿਚਾਰ ਵਟਾਂਦਰਾ ਕੀਤਾ, ਜੋ 'ਸਿੱਧ ਗੋਸ਼ਟਿ' ਦੇ ਨਾਂ 'ਤੇ ਸਾਹਿਤ ਵਿਚ ਵਿਚਾਰਿਆ ਜਾਂਦਾ ਹੈ। ਕਿਸੇ ਸੰਪ੍ਰਦਾਇ ਦੇ ਸਿਧਾਂਤਾਂ ਦਾ ਪ੍ਰਚਾਰ ਕਰਨ ਦਾ ਪ੍ਰਭਾਵਸ਼ਾਲੀ ਢੰਗ ਵੱਖ-ਵੱਖ ਸੰਪ੍ਰਦਾਵਾਂ ਦੇ ਸਿਧਾਂਤਾਂ ਨੂੰ ਪ੍ਰਸ਼ਨੋਤਰ ਰੂਪ ਵਿਚ ਤੁਲਨਾਤਮਕ ਦ੍ਰਿਸ਼ਟੀ ਨਾਲ ਪੇਸ਼ ਕਰਨ ਦਾ ਹੈ। ਇਹ ਇਕ ਬੌਧਿਕ, ਸਿਧਾਂਤਕ ਅਤੇ ਦਲੀਲਾਂ ਤੇ ਆਧਾਰਤ ਢੰਗ ਹੈ ਜਿਸ ਨੂੰ ਆਧਾਰ ਬਣਾ ਕੇ ਪੰਜਾਬੀ ਵਾਰਤਕ ਆਪਣੇ ਮੁੱਢਲੇ ਕਾਲ ਵਿਚ ਹੀ ਬੌਧਕ ਦਲੀਲ ਭਰੇ ਸੁਭਾ ਵਾਲੀ ਬਣ ਗਈ। ਗੋਸ਼ਟ ਸਾਹਿਤ ਵਿਚ ਪਾਤਰਾਂ ਅਨੁਕੂਲ ਭਾਸ਼ਾ ਅਤੇ ਸਿਧਾਂਤਕ ਸ਼ਬਦਾਵਲੀ ਦੀ ਵਰਤੋਂ ਦੇ ਨਾਲ ਨਾਲ ਸੰਖੇਪਤਾ ਦੇ ਦਰਸ਼ਨ ਹੁੰਦੇ ਹਨ। ਰੌਚਕਤਾ ਤੇ ਜਿਗਿਆਸਾ ਦੀ ਭਾਵਨਾ ਤੋਂ ਉਪਜੀ ਵਾਰਤਕ ਦੇ ਇਹ ਵਧੀਆ ਨਮੂਨੇ ਹਨ। ਪਰੰਪਰਾਵਾਦੀ ਕਾਲ ਵਿਚ ਬਹੁਤ ਸਾਰੀਆਂ ਗੋਸ਼ਟਾਂ ਦੀ ਰਚਨਾ ਹੋਈ ਜਿਵੇਂ ਕਿ ਮੱਕੇ ਦੀ ਗੋਸ਼ਟ, ਗੋਸ਼ਟ ਅਜਿੱਤੇ ਰੰਧਾਵੇ ਨਾਲ, ਨਿਰੰਕਾਰ ਨਾਲ ਗੋਸ਼ਟ, ਗੋਰਖ ਨਾਥ

ਨਾਲ ਗੋਸ਼ਟ, ਬਾਬੇ ਲਾਲ ਨਾਲ ਗੋਸ਼ਟ, ਗੋਸ਼ਟ ਗੋਰਖ ਭਰਤਰੀ, ਗੋਸ਼ਟ ਸ੍ਰੀ ਕ੍ਰਿਸ਼ਨ ਅਰੁ ਉਧੋ ਗੋਸ਼ਟੀ ਸ੍ਰੀ ਰਾਮ ਚੰਦਰ ਅਰੁ ਲਛਮਣ ਜੀ, ਭਾਈ ਅਡਣ ਸ਼ਾਹ, ਦਇਆ ਰਾਮ ਪ੍ਰਸ਼ੋਨਤਰੀ ਆਦਿ।

ਸ਼ਾਸਤ੍ਰਾਰਥ (ਗੋਸ਼ਟ) ਵਿਚ ਵਰਤੀ ਗਈ ਪੁਰਾਤਨ ਵਾਰਤਕ ਦੇ ਨਮੂਨੇ ਹਾਜ਼ਰ ਹਨः-

"ਕਿ ਘਰ ਫ਼ਕੀਰ ਕਾ ਕਹਾਂ ਹੈ? ਕਿ ਸਾਰਾ ਜਗਤ"

(ਬਾਬੇ ਲਾਲ ਨਾਲ ਗੋਸ਼ਟ)

"ਫੇਰ ਸ਼ਾਹ ਸ਼ਰਫ ਪੁੱਛਿਆ ਚਿ ਹਸਤੀ ਮਨੀ ਚਿ ਹਸਤੀ ਮਨੀ ਤਬ ਬਾਬੇ ਨਾਨਕ ਆਖਿਆ ਬਾਗੋ ਨਾਨਕ ਏਕ ਧਨੀ ਏਕ ਧਨੀ

(ਮੱਕੇ ਦੀ ਗੋਸ਼ਟ, ਸੂਰਮੀ ਨਿਆ ਕਹੀਐ? ਮਨ ਜੀਤਣਾ" (ਗੋਸ਼ਟੀ ਗੋਰਖ ਭਰਤਰੀ) "[40]

ਇਹ ਸੰਪ੍ਰਦਾ ਵੀ ਪੰਜਾਬੀ ਸਾਹਿਤ ਦੇ ਵਿਕਾਸ ਦੇ ਨਾਲ-ਨਾਲ ਆਪਣੇ ਵਿਕਾਸ ਦਾ ਪੈਂਡਾ ਤਹਿ ਕਰਦੀ ਰਹੀ। ਹੱਥਲੇ ਖੋਜ-ਪ੍ਰਬੰਧ ਦਾ ਸੰਬੰਧ ਨਾਮਧਾਰੀ ਸਾਹਿਤ ਅਧੀਨ ਸ਼ਾਸਤ੍ਰਾਰਥ ਨਾਲ ਹੈ ਸੋ ਅੱਗੇ ਅਸੀਂ ਸਿਰਫ ਨਾਮਧਾਰੀ ਸਾਹਿਤ ਦੇ ਸ਼ਾਸਤ੍ਰਾਰਥ ਦੀ ਚਰਚਾ ਕਰਦੇ ਹਾਂ।

**1) ਗੁਰੂ ਪਦ ਪ੍ਰਕਾਸ਼:**

ਗੁਰ ਪਦ ਪ੍ਰਕਾਸ਼ ਨਾਮਧਾਰੀ ਸਮਾਜ ਵਿਚ ਇਕ ਪ੍ਰਮੁੱਖ ਗ੍ਰੰਥ ਹੈ। ਇਹ ਗ੍ਰੰਥ ਪੂਰਾ ਹੀ ਸ਼ਾਸਤ੍ਰਾਰਥ ਰੂਪ ਵਿਚ ਹੈ। 'ਸ਼ਾਸਤ੍ਰਾਰਥ' ਦੇ ਲਿਹਾਜ਼ ਨਾਲ ਪੰਜਾਬੀ ਸਾਹਿਤ ਵਿਚ ਹੋਰ ਕੋਈ ਇੰਨੇ ਵੱਡੇ ਅਕਾਰ ਦੀ ਰਚਨਾ ਉਪਲਬਧ ਨਹੀਂ ਹੈ। ਇਹ ਸੰਤ ਨਿਧਾਨ ਸਿੰਘ ਆਲਿਮ ਜੀ ਦੀ ਕ੍ਰਿਤ ਹੈ। ਇਸ ਗ੍ਰੰਥ ਦਾ ਇਤਿਹਾਸ ਇਹ ਹੈ ਕਿ ਸੰਤ ਜੀ ਦਾ "ਸਤਿਜੁਗ" ਅਖ਼ਬਾਰ ਵਿੱਚ ਸੰਮਤ 1988 ਨੂੰ "ਅਤਯੰਤ ਲੋੜੀਂਦਾ ਨਿਰਨਾ" ਸਿਰਲੇਖ ਅਧੀਨ ਇਕ ਲੇਖ ਛਪਿਆ ਸੀ ਜਿਸ ਵਿਚ ਵਿਸਥਾਰ ਸਹਿਤ ਲਿਖਿਆ ਸੀ ਕਿ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਦੇੜ ਸਾਹਿਬ ਵਿਖੇ ਜੋਤੀ-ਜੋਤ ਨਹੀਂ ਸਮਾਏ ਅਤੇ ਨਾ ਹੀ ਉਹਨਾਂ ਨੇ ਆਦਿ ਗ੍ਰੰਥ ਸਾਹਿਬ ਨੂੰ ਗੁਰ-ਗੱਦੀ ਦਿੱਤੀ ਸੀ। ਉਸ ਲੇਖ ਦਾ ਨਾਮਧਾਰੀ ਜਗਤ ਨੇ ਸਵਾਗਤ ਕੀਤਾ ਪਰੰਤੂ ਪੰਥ ਤੋਂ ਬਾਹਰ ਦੂਜੇ ਲੋਕਾਂ ਨੇ ਇਸ ਦਾ

ਵਿਰੋਧ ਕੀਤਾ ਅਤੇ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਹੋਣ ਵਾਲੀ ਅਖਬਾਰ "ਖਾਲਸਾ ਸਮਾਚਾਰ" ਦੇ ਸੰਪਾਦਕ ਭਾਈ ਸੇਵਾ ਸਿੰਘ ਜੀ ਨੇ ਜਹਾਦ ਛੇੜ ਦਿੱਤਾ ਅਤੇ ਲੜੀਵਾਰ ਲੇਖਾਂ ਦੁਆਰਾ ਆਲਿਮ ਜੀ ਨਾਲ ਸ਼ਾਸਤ੍ਰਾਰਥ ਕਰਨਾ ਆਰੰਭ ਕਰ ਦਿੱਤਾ। ਅੱਗੋਂ ਭਾਈ ਸੇਵਾ ਸਿੰਘ ਦੇ ਲੇਖਾਂ ਦੇ ਜਵਾਬ ਵਿਚ ਆਲਿਮ ਜੀ ਨੇ ਵੀ ਆਪਣਾ ਸ਼ਾਸਤ੍ਰਾਰਥ ਆਰੰਭ ਕੀਤਾ। ਉਹਨਾਂ ਦੇ ਇਹ ਲੇਖ "ਸਤਿਜੁਗ" ਵਿਚ ਛਪਦੇ ਰਹੇ। ਇਨ੍ਹਾਂ ਸਾਰੇ ਲੇਖਾਂ ਨੂੰ ਬਾਅਦ ਵਿਚ "ਸਤਿਜੁਗ ਅਖਬਾਰ" ਨੇ "ਗੁਰੂ ਪਦ ਪ੍ਰਕਾਸ਼" ਦੇ ਸਿਰਲੇਖ ਹੇਠ ਤਿੰਨ ਜਿਲਦਾਂ ਵਿਚ ਪ੍ਰਕਾਸ਼ਤ ਕੀਤਾ। ਪਹਿਲੇ ਦੋ ਹਿੱਸਿਆਂ ਦਾ ਜਵਾਬ ਭਾਈ ਸੇਵਾ ਸਿੰਘ ਜੀ ਨੇ "ਖਾਲਸਾ ਸਮਾਚਾਰ" ਅਖ਼ਬਾਰ ਵਿਚ ਲੇਖਾਂ ਦੇ ਰੂਪ ਵਿਚ ਦੇ ਦਿੱਤਾ ਸੀ। ਉਸ ਤੋਂ ਬਾਅਦ ਆਲਿਮ ਜੀ ਨੇ ਜਦੋਂ ਤੀਜਾ ਹਿੱਸਾ ਲਿਖਿਆ ਤਾਂ ਉਹਨਾਂ ਦੀ ਵਿਦਵਤਾ ਪੂਰਬਕ ਲਿਖੀ ਪੁਸਤਕ ਦਾ ਕੋਈ ਵੀ ਵਿਦਵਾਨ ਜਵਾਬ ਨਾ ਦੇ ਸਕਿਆ। ਉਦਾਹਰਣ ਵਜੋਂ:

"ਨਾਮਧਾਰੀ ਪੰਥ ਦਾ ਇਹ ਅਕੀਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਬਾਲਕ ਸਿੰਘ ਜੀ ਹਜਰੋਂ ਸਾਹਿਬ ਵਾਲਿਆਂ ਨੂੰ ਗੁਰਿਆਈ ਅਰਪਣ ਕਰਕੇ ਆਪਣੇ ਜਾਨਸ਼ੀਨ ਮੁਕੱਰਰ ਕੀਤਾ। ਏਸ ਲਈ ਬਾਬਾ ਬਾਲਕ ਸਿੰਘ ਜੀ ਨੂੰ ਗਯਾਰਵੇਂ ਸਤਿਗੁਰੂ ਸਮਝਣਾ ਚਾਹੀਦਾ ਹੈ। ਦੂਸਰੇ ਖਯਾਲ ਦੇ ਸਿੱਖ ਆਪਣੇ ਅਕੀਦੇ ਅਨੁਸਾਰ ਨਾਮਧਾਰੀ ਪੰਥ ਦੇ ਏਸ ਨਿਸਚੇ ਦੇ ਵਿਰੁੱਧ ਦੋ ਇਤਰਾਜ ਪੇਸ਼ ਕਰਦੇ ਹਨ। ਪਹਿਲਾ ਏਹ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਣ ਦੇ ਸਮੇਂ ਗੁਰਯਾਈ ਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੇ ਦਿੱਤੀ ਏਸ ਲਈ ਦਸਾਂ ਪਾਤਸ਼ਾਹੀਆਂ ਤੋਂ ਅੱਗੇ ਗਯਾਰਵੀਂ ਪਾਤਸ਼ਾਹੀ ਸਿਵਾਏ ਗੁਰੂ ਗਰੰਥ ਸਾਹਿਬ ਦੇ ਮੰਨੀ ਹੀ ਨਹੀਂ ਜਾ ਸਕਦੀ। ਦੂਸਰਾ ਏਹ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਣ ਅਤੇ ਬਾਬਾ ਬਾਲਕ ਸਿੰਘ ਜੀ ਦੇ ਜਨਮ ਵਿਚ ਲਗ-ਭਗ ਇਕ ਸਦੀ ਦਾ ਫ਼ਰਕ ਪੈਂਦਾ ਹੈ, ਇਸ ਲਈ ਤਵਾਰੀਖੀ ਤੌਰ ਤੇ ਇਹ ਗੱਲ ਸਿੱਧ ਨਹੀਂ ਹੋ ਸਕਦੀ ਕਿ ਗੁਰੂ ਬਾਲਕ ਸਿੰਘ ਜੀ ਨੂੰ ਦਸਮ ਪਾਤਸ਼ਾਹ ਨੇ ਗੁਰਿਆਈ ਦਿੱਤੀ।

ਪਹਿਲਾ ਇਤਰਾਜ ਏਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗਰੰਥ ਸਾਹਿਬ ਨੂੰ ਗੁਰਯਾਈ ਦਿੱਤੀ। ਪ੍ਰੰਤੂ ਜਦ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਇਤਿਹਾਸ ਦੀ ਪੜਤਾਲ ਕਰਦੇ ਹਾਂ ਤਾਂ ਏਸ ਇਤਰਾਜ ਦੀ ਹਸਤੀ ਹੀ ਉਡ ਜਾਂਦੀ ਹੈ, ਕਿਉਂਕਿ ਗੁਰਬਾਣੀ ਵਿਚ ਜੋ ਗੁਰੂ ਪਦ ਦਾ

ਲੱਖਣ ਕੀਤਾ ਗਿਆ ਹੈ ਕਿ ਉਸਦਾ ਘਟਾਉ ਕਿਸੇ ਅਜੇਹੀ ਵਯਕਤੀ ਤੇ ਨਹੀਂ ਹੋ ਸਕਦਾ, ਜੋ ਅੰਤਹਕਰਨ, ਵਸ਼ਿਸ਼ਟ ਅਤੇ ਸਚੇਤਨ ਨਾ ਹੋਵੇ। ਗੁਰਬਾਣੀ ਵਿਚ ਸਾਫ਼ ਲਿਖਿਆ ਹੈ ਕਿ "ਸਤਿਪੁਰਖ ਨੂੰ ਜਾਨਣ ਵਾਲੇ ਲੋਕ ਉਪਕਾਰ ਹਿੱਤ ਉਪਦੇਸ਼ ਕਰਨ ਵਾਲੇ ਨਾਮ ਜਪਣ ਅਤੇ ਜਪਾਣ ਵਾਲੇ ਪੰਜ ਕਾਮਾਦੀਆਂ ਨੂੰ ਛਿੱਕ ਕੇ ਵੱਸ ਕਰਨ ਵਾਲੇ ਬ੍ਰਹਮ ਗਿਆਨੀ ਅਤੇ ਅੰਮ੍ਰਿਤ ਕਥਾ ਦੇ ਸੁਣਾਣ ਵਾਲੇ ਮਹਾਂ ਪੁਰਖ ਦਾ ਨਾਮ "ਗੁਰੂ ਹੈ ਜੱਸ"...

ਦੂਸਰਾ ਇਤ੍ਰਾਜ ਏਹ ਹੈ ਕਿ ਜਦ ਗੁਰੂ ਬਾਲਕ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਤੋਂ ਲਗਭਗ ਸੌ ਸਾਲ ਪਿਛੋਂ ਹੋਏ ਤਾਂ ਉਨ੍ਹਾਂ ਨੂੰ ਯਾਰਵੇਂ ਗੁਰੂ ਅਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਉਨ੍ਹਾਂ ਦੇ ਉਪਦੇਸ਼ ਦਾਤਾ ਗੁਰੂ ਕਿਵੇਂ ਮੰਨਿਆ ਜਾਵੇ? ਇਸਦਾ ਉਤ੍ਰ ਦੇਣ ਤੋਂ ਪਹਿਲੋਂ ਏਸ ਗੱਲ ਦਾ ਨਿਸ਼ਚਿਤ ਕਰਨਾ ਨਹੈਤ ਜ਼ਰੂਰੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਕੇਹੜੇ ਸੰਮਤ ਵਿਚ ਜੋਤੀ-ਜੋਤ ਸਮਾਏ? ਅਤੇ ਬਾਬਾ ਬਾਲਕ ਸਿੰਘ ਜੀ ਕਿਸ ਸੰਮਤ ਵਿਚ ਪ੍ਰਗਟ ਹੋਏ। ਗੁਰੂ ਗੋਬਿੰਦ ਜੀ ਦੀ ਬਾਬਤ ਆਮ ਸਿੱਖਾਂ ਦਾ ਮਤ ਹੈ ਕਿ ਆਪ ਨਦੇੜ (ਹੈਦਰਾਬਾਦ) ਵਿਖੇ ਸੰਮਤ 1765 ਬਿ. ਵਿਚ ਜੋਤੀ ਜੋਤ ਸਮਾਏ ਪ੍ਰੰਤੂ ਇਤਿਹਾਸ ਦੀ ਪੜਤਾਲ ਕਰਨ ਤੋਂ ਏਹ ਸਪੱਸ਼ਟ ਹੁੰਦਾ ਹੈ ਕਿ 1765 ਵਿਚ ਗੁਰੂ ਜੀ ਜੋਤੀ ਜੋਤ ਨਹੀਂ ਸਮਾਏ ਸਨ। ਜੋ ਵਾਕਿਆ ਆਪ ਦੇ ਜੋਤੀ ਜੋਤ ਸਮਾਣ ਦੇ ਨਾਮ ਨਾਲ ਮਨਸੂਬ ਕੀਤਾ ਜਾਂਦਾ ਹੈ ਉਹ ਦਸਮ ਪਾਤਸ਼ਾਹ ਜੀ ਦੀ ਹਕੂਮਤ ਦੇ ਮੁਕਾਬਲੇ ਤੇ ਇਕ ਡਿਪਲੋ-ਮੈਟਿਕ (ਨੀਤਕ) ਚਾਲ ਹੈ। ਜਿਸ ਵਿਚ ਆਪ ਨੂੰ ਪੂਰੀ-ਪੂਰੀ ਸਫ਼ਲਤਾ ਪ੍ਰਾਪਤ ਹੋਈ। ਉਹ ਚਾਲ ਇਹ ਸੀ ਕਿ ਹਕੂਮਤ ਨੂੰ ਗੁਰੂ ਸਾਹਿਬ ਦੇ ਪ੍ਰਲੋਕ ਗਮਨ ਦਾ ਨਿਸਚਾ ਹੋ ਜਾਏ ਤਾਂ ਕਿ ਉਹ ਆਪ ਦੁਆਰਾ ਪੈਦਾ ਕੀਤੀ ਸ਼ਾਹੀ ਬਗ਼ਾਵਤ ਦੀ ਮੌਤ ਸਮਝ ਕੇ ਢਿੱਲੀ ਹੋ ਜਾਏ; ਅਤੇ ਦੂਸਰੇ ਬੰਨੇ ਆਪ ਕਿਸੇ ਗੁਪਤ ਰੂਪ ਵਿਚ ਵਿਚਰ ਕੇ ਆਪਣੇ ਉਦੇਸ਼ ਨੂੰ ਪੂਰਾ ਕਰਨ ਦਾ ਪੂਰਾ-ਪੂਰਾ ਜਤਨ ਕਰਨ।..."[41]

**"ਦੂਸਰੀ ਉਦਾਹਰਣ :-**

**ਪ੍ਰਸ਼ਨ:-** ਜੇ ਕਦੀ ਇਸ ਕਸਵੱਟੀ ਨੂੰ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਗੁਰੂ' ਹੋਣ ਯਾਂ ਨਾ ਹੋਣ ਦੀ ਪਰਖ ਕੀਤੀ ਜਾਏ ਤਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜਿਸ ਨੂੰ ਆਲਿਮ ਜੀ ਧੁਰ ਕੀ ਬਾਣੀ ਮੰਨਦੇ ਹਨ ਤੇ ਜੋ ਗੁਰੂ ਦੇ ਸ੍ਰੀ ਮੁਖਵਾਕ ਹਨ ਵਿਚ ਸਾਫ਼ 2 ਲਿਖਿਆ ਮਿਲਦਾ ਹੈ ਕਿ:

ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ।

ਗੁਰ ਬਾਣੀ ਕਹੈ ਸੇਵਕ ਜਨ ਮਾਨੈ ਪ੍ਰਤਖ ਗੁਰੂ ਨਿਸਤਾਰੇ।

ਪੋਥੀ ਪ੍ਰਮੇਸਰ ਕਾ ਥਾਨ।

ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਰ ਮੁਕਤ ਜਣਾਵੇਗੋ।

ਮੈ ਸਤਿਗੁਰੁ ਸੇਤੀ ਪਿਰਹੜੀ ਕਿਉ ਗੁਰ ਬਿਨ ਜੀਵਾ ਮਾਉ।

ਮੈਂ ਗੁਰਬਾਣੀ ਆਧਾਰ ਹੈ ਗੁਰਬਾਣੀ ਲਾਗ ਰਹਾਉ।

ਗੁਰਬਾਣੀ ਇਸ ਜਗ ਮਹਿ ਚਾਨਣ।

ਇਹ ਬਾਣੀ ਜੋ ਜੀਅਹੁ ਜਾਣੈ ਸੋ ਸਤਿਗੁਰ ਮਾਹਿ ਸਮਾਨਾ।

ਇਹ ਗੁਰਬਾਣੀ ਨਾਮ ਦੀ ਦਾਤੀ ਹੈ।

ਗੁਰਬਾਣੀ ਵਰਤੀ ਜੁਗ ਅੰਤਰ ਇਸ ਬਾਣੀ ਤੇ ਨਾਮ ਪਾਇੰਦਾ।

ਸੋ 'ਆਲਿਮ' ਜੀ ਦੀ ਤਸਲੀਮ ਕੀਤੀ ਧੁਰ ਕੀ ਬਾਣੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਏਹ ਪ੍ਰਤੱਖ ਹੁਕਮ ਤੇ ਏਲਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਹੋਣ ਬਾਬਤ ਇਨੇ ਸਪੱਸ਼ਟ ਸਾਫ਼ ਤੇ ਨਾ ਰੱਦ ਕੀਤੇ ਜਾ ਸਕਣ ਵਾਲੀ ਉਕਤੀ ਤੇ ਯੁਕਤੀ ਹੈ, ਕਿ ਜਿਸਦੇ ਵਿਰੁੱਧ ਕੁਛ ਨਹੀਂ ਕਿਹਾ ਜਾ ਸਕਦਾ ਤੇ ਘੱਟੋ ਘੱਟ ਇਸ ਬਾਣੀ ਨੂੰ ਧੁਰ ਕੀ ਬਾਣੀ ਮੰਨਣ ਵਾਲਿਆਂ ਨੂੰ ਕੋਈ ਹੱਕ ਨਹੀਂ ਰਹਿੰਦਾ ਕਿ ਉਹ ਕਿਸੇ ਤ੍ਰਾਂ ਦੀ ਕਿੰਤੂ ਕਰ ਸਕਣ ਅਤੇ ਉਨ੍ਹਾਂ ਨੂੰ ਇਸ ਤੋਂ ਵਧੀਕ ਤਸੱਲੀ ਦਵਾਉਣ ਲਈ ਕੋਈ ਹੋਰ ਲਿਖਤ ਦੀ ਲੋੜ ਨਹੀਂ ਰਹਿੰਦੀ।

ਉੱਤਰਃ- 'ਸਮਾਚਾਰ' ਦੇ ਐਡੀਟਰ ਸਾਹਿਬ ਜਿਨ੍ਹਾਂ ਗੁਰਵਾਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਹੋਣ ਬਾਬਤ ਪ੍ਰਤੱਖ ਹੁਕਮ ਤੇ ਐਲਾਨ ਦਸਦੇ ਹਨ, ਉਹ ਸਗੋਂ ਬਾਣੀ ਉਚਾਰਨ ਵਾਲੇ ਦੇਹਧਾਰੀ ਗੁਰੂਆਂ ਦੀ ਤਾਰੀਫ ਕਰਨ ਵਾਲੇ (ਪ੍ਰਸੰਸਾ-ਵਾਚਕ) ਵਾਕ ਹਨ। ਉਨ੍ਹਾਂ ਵਿੱਚ ਗੁਰਬਾਣੀ ਦੀ ਉਪਮਾ ਕੀਤੀ ਗਈ ਹੈ ਨਾ ਕਿ ਉਨ੍ਹਾਂ ਵਿਚ ਗੁਰਬਾਣੀ ਦੇ ਗੁਰੂ ਹੋਣ ਬਾਬਤ ਐਲਾਨ ਕੀਤਾ ਗਿਆ ਹੈ ਗੁਰਬਾਣੀ ਦੀ ਏਸ ਉਪਮਾ ਨੂੰ ਅਸੀਂ ਖੁਦ ਤਸਲੀਮ ਕਰਦੇ ਹਾਂ ਅਤੇ ਮਲੂਮ ਹੁੰਦਾ ਹੈ ਕਿ ਐਡੀਟਰ ਸਾਹਿਬ ਸਮਾਚਾਰ ਵੀ ਏਨਾ ਸ਼ਬਦਾਂ ਦੀ ਅਸਲੱਬਤ ਨੂੰ ਜਾਣਦੇ ਹਨ .....।"[42]

**ਸਿੱਖ ਧਰਮ ਤੇ ਮਾਸ:**

ਇਸ ਪੁਸਤਕ ਵਿਚ ਸੰਤ ਨਿਧਾਨ ਸਿੰਘ ਆਲਿਮ ਜੀ ਨੇ ਸਿੱਖ ਧਰਮ ਦੇ ਧਾਰਮਕ ਤੇ ਇਤਿਹਾਸਕ ਗ੍ਰੰਥਾਂ ਦੇ ਹਵਾਲਿਆਂ ਨਾਲ ਸਿੱਧ ਕਰ ਦਿੱਤਾ ਹੈ ਕਿ ਸਿੱਖ ਧਰਮ ਵਿਚ ਸਿੱਖਾਂ ਨੂੰ ਮਾਸ ਖਾਣਾ ਵਿਵਰਜਤ ਹੈ, ਚਾਹੇ ਉਹ ਝਟਕਾ ਹੋਵੇ ਜਾਂ ਕੁੱਠਾ। ਸਿੱਖ ਧਰਮ ਦੇ ਗ੍ਰੰਥਾਂ ਤੋਂ ਬਿਨਾਂ ਵਿਦਵਾਨ ਲਿਖਾਰੀ ਨੇ ਬੁੱਧ ਮੱਤ, ਜੈਨ ਮੱਤ, ਇਸਲਾਮ ਅਤੇ ਹਿੰਦੂਆਂ ਦੇ ਗ੍ਰੰਥਾਂ ਦੇ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਮਾਸ ਆਹਾਰ ਇਨਸਾਨ ਦਾ ਆਹਾਰ ਰਾਹੀਂ ਹੈ। 'ਜਾਨਵਰਾਂ ਦੀ ਅਪੀਲ' ਸਿਰਲੇਖ ਅਧੀਨ ਸਤਰਾਂ ਦੇ ਪੜ੍ਹਨ ਤੇ ਦਲੀਲ ਦਾ ਪਤਾ ਲੱਗਦਾ ਹੈ।

**'ਕੁਠੇ ਦੀ ਥਾਂ ਝਟਕਾ'**

"ਮਾਸਾਹਾਰੀ ਸੱਜਣਾ ਦੀ ਇਹ ਕਲਪਨਾ, ਕਿ "ਕੁੱਠਾ ਨਹੀਂ ਖਾਣਾ" ਦਾ ਭਾਵ ਇਹ ਹੈ ਕਿ ਝਟਕਾ ਬਿਨਾਂ ਸੰਗ ਖਾ ਲੈਣਾ, ਬਿਲਕੁਲ ਬੋਦੀ ਹੈ, ਕਿਉਂਕਿ ਸੂਤਾ ਪ੍ਰਮਾਣ ਬਾਣੀ ਵਿਚ ਹਿੰਸਾ ਕਰਨ ਤੇ ਮਾਸ ਖਾਣ ਦੀ ਸਮੁੱਚੀ ਨਿਖੇਧੀ ਕੀਤੀ ਗਈ ਹੈ ਜੈਸੇ :-

1. "ਰੋਜਾ ਧਰੈ ਮਨਾਵੈ ਅਲਹੁ ਸੁਆਦਤ ਜੀਅ ਸੰਘਾਰੈ।।"

(ਆਸਾ ਕਬੀਰ)

2. "ਹਿੰਸਾ ਤਉ ਮਨ ਤੇ ਨਹੀਂ ਛੂਟੀ ਜੀਅ ਦਇਆ ਨਹੀਂ ਪਾਲੀ।।"

(ਸਾਰੰਗ ਪਰਮਾਨੰਦ ਜੀ)

3. "ਹੇਰਾ ਰੋਟੀ ਕਾਰਨੇ ਗਲਾ ਕਟਾਵਹਿ ਕਉਨੁ।।

(ਸਲੋਕ ਕਬੀਰ ਜੀ)

4. "ਜੀਅ ਬਧਹੁ ਸੁ ਧਰਮ ਕਰ ਥਾਪਹੁ ਅਧਰਮ ਕਹਹੁ ਕਤ ਭਾਈ।।
ਆਪਸ ਕਉ ਮੁਨਿਵਰ ਕਰ ਥਾਪਹੁ ਕਾਕਉ ਕਹਉ ਕਸਾਈ।।"

(ਮਾਰੂ ਕਬੀਰ ਜੀ)

ਉੱਤੇ ਦਿੱਤੇ ਗਏ ਪ੍ਰਮਾਣਾਂ ਤੋਂ ਸਿੱਧ ਹੈ ਕਿ ਬਾਣੀ ਵਿਚ ਹਿੰਸਾ, ਹੱਤਿਆ, ਜ਼ੋਰ ਅਤੇ ਜ਼ੁਲਮ ਦੀ ਸਖਤ ਨਿਖੇਧੀ ਕੀਤੀ ਗਈ ਹੈ। ਜਾਨਵਰ ਦੀ ਜਾਨ ਲੈਣ ਵਾਸਤੇ ਹਰ ਇਕ ਤਰੀਕਾ ਹਿੰਸਾ, ਹੱਤਿਆ ਜਾਂ ਜ਼ੁਲਮ ਤੇ ਹੀ ਨਿਰਭਰ ਹੈ। ਹਲਾਲ ਕਰਨ ਵਾਲਾ ਵੀ ਨਿਰਦਈ ਤੇ ਬੇਦਰੋਗ ਹੈ, ਅਰ ਝਟਕਾਣ ਵਾਲਾ ਵੀ ਬੇਰਹਿਮ ਤੇ ਹਿੰਸਕ ਹੈ ਕਿਉਂਕਿ ਜਾਨਵਰ ਦੇ ਪ੍ਰਾਣ ਕੱਢੂ ਤੇ ਮਾਸ ਖਾਊ ਦੋਵੇਂ ਹੀ ਹਨ।"[43]

ਇਸੇ ਪ੍ਰਸੰਗ ਵਿਚ ਇਕ ਹੋਰ ਮਿਸਾਲ ਪੇਸ਼ ਕੀਤੀ ਜਾ ਸਕਦੀ ਹੈ:-

"ਵਿਗਿਆਨ ਦੀ ਕੋਈ ਥੀਊਰੀ ਵੀ ਏਸ ਗੱਲ ਦੀ ਹਮਾਇਤ ਨਹੀਂ ਕਰ ਸਕਦੀ ਕਿ ਕਾਇਰ ਤੇ ਡਰੂ ਜਾਨਵਰ ਦਾ ਮਾਸ ਖਾਣ ਵਾਲੇ ਦੇ ਹਿਰਦੇ ਵਿਚ ਬੀਰਤਾ ਦੇ ਪ੍ਰਮਾਣੂ ਪੈਦਾ ਹੋਣਗੇ ਅਤੇ ਕੋਈ ਥੀਊਰੀ ਇਸ ਗੱਲ ਦਾ ਖੰਡਨ ਕਰਨ ਦੀ ਸਮਰਥਾ ਨਹੀਂ ਰੱਖਦੀ ਕਿ ਕਾਇਰ ਪਸ਼ੂ ਦਾ ਮਾਸ ਖਾਣ ਵਾਲੇ ਮਨੁੱਖ ਦੇ ਅੰਦਰ ਕਾਇਰਤਾ ਹੀ ਪੈਦਾ ਹੋ ਸਕਦੀ ਹੈ। ਤਾਂ ਐ ਬੀਰਤਾ ਦੇ ਚਾਹਵਾਨ ਮਨੁੱਖ! ਸਾਡਾ ਮਾਸ ਖਾਣ ਨਾਲ ਤੂੰ ਕਦੇ ਵੀ ਬੀਰ ਨਹੀਂ ਬਣ ਸਕਦਾ। ਏਸ ਲਈ ਜੇ ਤੂੰ ਬੀਰ ਬਣਨਾ ਚਾਹੁੰਦਾ ਹੈ ਤਾਂ ਮਾਸ ਖਾਣਾ ਛਡ ਦੇ ਮਾਸ ਖਾਣ ਨਾਲ ਤੂੰ ਕਾਇਰ ਬਣ ਸਕੇਂਗਾ, ਪਰ ਬੀਰ ਬਣਨਾ ਅਸੰਭਵ ਹੈ। ਤੇਰੇ ਹੱਥਾਂ ਨਾਲ ਲਿਖੇ ਹੋਏ ਇਤਿਹਾਸ ਏਸ ਗੱਲ ਦੇ ਗਵਾਹ ਹਨ ਕਿ ਦੁਨੀਆਂ ਦੇ ਉਹ ਸੂਰਬੀਰ ਜਿਨ੍ਹਾਂ ਦੀ ਮਿਸਾਲ ਅੱਜ ਢੂੰਡਿਆਂ ਵੀ ਨਹੀਂ ਲੱਭਦੀ ਮਾਸ ਨਹੀਂ ਸਨ ਖਾਂਦੇ।"[44]

ਨਾਮਧਾਰੀ ਸ਼ਾਸਤ੍ਰਾਰਥ ਦੇ ਸੰਬੰਧ ਵਿਚ ਕਹਿ ਸਕਦੇ ਹਾਂ ਕਿ ਵਿਸ਼ੇ ਅਤੇ ਰੂਪਕ ਪੱਖੋਂ ਵਾਰਤਕ ਦੀ ਇਸ ਵੰਨਗੀ ਨੂੰ ਵਾਰਤਕ ਦੇ ਖੇਤਰ ਵਿਚ ਵਿਚਾਰਿਆਂ ਇਸ ਪੱਖ ਦਾ ਚੋਖਾ ਵਾਧਾ ਹੋ ਜਾਂਦਾ ਹੈ ਕਿ ਨਾਮਧਾਰੀ ਵਾਰਤਕ ਦਾ ਖੇਤਰ, ਰੂਪਕ ਪੱਖੋਂ ਕਾਫੀ ਵਿਕਸਤ ਹੋ ਚੁੱਕਾ ਹੈ।

**(ਕ) ਸੰਸਮਰਣ (ਯਾਦਾਂ)**

ਅਜੋਕੀ ਪੰਜਾਬੀ ਵਾਰਤਕ ਜਿੱਥੇ ਵਸਤੂਗਤ ਵਿਭਿੰਨਤਾ ਦੀ ਧਾਰਨੀ ਬਣਦੀ ਜਾ ਰਹੀ ਹੈ, ਉਥੇ ਇਸ ਵਿਚ ਨਵੀਆਂ ਤੋਂ ਨਵੀਆਂ ਵਾਰਤਕ ਵਿਧਾਵਾਂ ਵੀ ਉਭਰ ਰਹੀਆਂ ਹਨ। ਅਜਿਹੀਆਂ

ਵਿਧਾਵਾਂ ਦੇ ਸੰਬੰਧੀ ਚਰਚਾ ਦਾ ਆਰੰਭ ਕਰਨਾ ਅਤਿ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਦੇ ਸਿਧਾਂਤਕ ਪੱਖ ਬਾਰੇ ਬਹੁਤ ਘੱਟ ਲਿਖਿਆ ਮਿਲਦਾ ਹੈ। ਇਨ੍ਹਾਂ ਬਾਰੇ ਲੋੜੀਂਦੀ ਜਾਣਕਾਰੀ ਨਾ ਪ੍ਰਾਪਤ ਹੋ ਸਕਣ ਕਾਰਣ ਇਨ੍ਹਾਂ ਦੇ ਸਰੂਪ ਦੇ ਨਾਮਕਰਣ ਕਰਨ ਵੇਲੇ ਭੁਲੇਖਾ ਪੈ ਜਾਣ ਦੀ ਸੰਭਾਵਨਾ ਰਹਿੰਦੀ ਹੈ, ਇਸ ਕਰਕੇ ਅਜਿਹੀਆਂ ਵਿਧਾਵਾਂ ਦੀ ਜਿੱਥੇ ਪ੍ਰਕਿਰਤੀ ਦੀ ਪਛਾਣ ਦੀ ਲੋੜ ਹੈ, ਉਥੇ ਇਨ੍ਹਾਂ ਦੇ ਪਰਸਪਰ ਅੰਤਰ ਨੂੰ ਉਜਾਗਰ ਕਰਨ ਦੀ ਵੀ ਉਨੀ ਹੀ ਜ਼ਰੂਰਤ ਹੈ। ਇਸ ਨੁਕਤੇ ਨੂੰ ਧਿਆਨ ਵਿਚ ਰੱਖਦਿਆਂ ਇਸ ਖੋਜ ਪ੍ਰਬੰਧ ਵਿਚ ਇਕ ਨਵੀਨ ਵਾਰਤਕ ਵਿਧਾ ਸੰਸਮਰਣ ਨੂੰ ਚੌਥੇ ਅਧਿਆਇ ਦਾ ਇਕ ਭਾਗ ਬਣਾਇਆ ਗਿਆ ਹੈ। ਅੰਗਰੇਜ਼ੀ ਤੇ ਹਿੰਦੀ ਸਾਹਿਤ ਵਿਚ ਇਸ ਨੂੰ ਇਕ ਸੁਤੰਤਰ ਵਿਧਾ ਵਜੋਂ ਸਵੀਕਾਰਿਆ ਗਿਆ ਹੈ। ਪਰ ਪੰਜਾਬੀ ਵਿਚ ਅਜੇ ਤੱਕ ਜਾਂ ਤਾਂ ਸਿਰਫ਼ ਵਾਰਤਕ ਰਚਨਾ ਕਹਿ ਕੇ ਹੀ ਸਾਰ ਲਿਆ ਜਾਂਦਾ ਹੈ ਜਾਂ ਅੰਸ਼ਕ ਸ੍ਵੈ-ਜੀਵਨੀ ਜਾਂ ਸ੍ਵੈ-ਜੀਵਨੀ ਵਰਗਾ ਕੁਝ ਆਦਿ ਕਹਿ ਕੇ ਸਾਰ ਲਿਆ ਜਾਂਦਾ ਹੈ। ਪੰਜਾਬੀ ਵਿਚ ਇਸ ਨੂੰ ਇਕ ਵਿਲੱਖਣ ਵਿਧਾ ਮੰਨ ਕੇ ਇਸ ਅਧੀਨ ਰਚੀ ਜਾਣ ਵਾਲੀ ਵਾਰਤਕ ਰਚਨਾ ਨੂੰ ਇਹ ਨਾਂ ਦੇਣ ਦੀ ਪਿਰਤ ਅਜੇ ਬਹੁਤੀ ਨਹੀਂ ਪਈ।

ਇਸ ਖੋਜ-ਪ੍ਰਬੰਧ ਵਿਚ ਨਾਮਧਾਰੀ ਵਾਰਤਕ ਅਧੀਨ ਮਿਲਦੇ ਸੰਸਮਰਣ ਦੀ ਗੱਲ ਕਰਨ ਤੋਂ ਪਹਿਲਾਂ ਜਿੱਥੇ ਸੰਸਮਰਣ ਦੀ ਪ੍ਰਕਿਰਤੀ ਜਾਂ ਲੱਛਣਾਂ ਬਾਰੇ ਵਿਚਾਰ ਕੀਤੀ ਜਾਵੇਗੀ, ਉਥੇ ਇਸ ਨਾਲ ਰਲਦੇ-ਮਿਲਦੇ ਵਾਰਤਕ ਰੂਪਾਂ ਨਾਲੋਂ ਨਿਖੇੜਾ ਕਰਕੇ ਇਸ ਨੂੰ ਸੁਤੰਤਰ ਵਿਧਾ ਵਜੋਂ ਸਥਾਪਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਸੰਸਮਰਣ ਦੇ ਸੰਬੰਧ ਵਿਚ ਚਰਚਾ ਆਰੰਭ ਕਰਨ ਤੋਂ ਪਹਿਲਾਂ ਇਸ ਦੇ ਸ਼ਾਬਦਿਕ ਅਰਥਾਂ ਬਾਰੇ ਸਪੱਸ਼ਟੀਕਰਨ ਕਰ ਲੈਣਾ ਲਾਹੇਵੰਦ ਰਹੇਗਾ।

"ਸੰਸਮਰਣ" ਸ਼ਬਦ ਹਿੰਦੀ ਭਾਸ਼ਾ ਦਾ ਹੈ। ਇਸ ਦੀ ਵਿਉਤਪਤੀ ਸਮ੍-ਸ੍ਮਰ-ਲ੍ਯੂਟ (ਅਣ) (सम्—स्मृ—ल्यूर) (ञण) ਤੋਂ ਹੋਈ ਹੈ। ਇਸ ਦਾ ਅਰਥ ਸਮਯਕ ਤੇ ਸਮਰਣ (स्मयक स्मरण) ਨਿਕਲਦਾ ਹੈ। ਸਮਯਕ ਦਾ ਅਰਥ ਆਤਮਗਤ ਅਤੇ ਸਮਰਣ ਦਾ ਯਾਦਾਂ ਹੁੰਦਾ ਹੈ। ਇਸ ਤਰ੍ਹਾਂ ਇਸ

ਦਾ ਅਰਥ ਸ੍ਵੈ-ਯਾਦਾਂ ਬਣਦਾ ਹੈ। ਸੰਸਮਰਣ ਦਾ ਅਰਥ ਨਿੱਜੀ ਅਨੁਭਵ ਜਾਂ ਯਾਦਾਂ ਦੇ ਸਹਾਰੇ ਰਚਿਆ ਗਿਆ ਸਾਹਿਤ ਹੈ।

ਅੰਗਰੇਜ਼ੀ ਸਾਹਿਤ ਵਿਚ ਇਸ ਭਾਂਤ ਦੇ ਸਾਹਿਤ ਲਈ ਦੋ ਸ਼ਬਦ 'ਮੇਮਾਯਰਸ' (Memories) ਅਤੇ ਰੇਮਿਨਿਸੰਸ ਮਿਲਦੇ ਹਨ। ਮੇਮਾਯਰਸ ਸ਼ਬਦ ਲਾਤੀਨੀ ਭਾਸ਼ਾ ਵਿਚੋਂ ਅੰਗਰੇਜ਼ੀ ਵਿਚ ਆਇਆ ਹੈ ਅਤੇ ਇਸ ਦਾ ਅਰਥ ਕਿਸੇ ਲੇਖਕ ਦੁਆਰਾ ਅਨੁਭਵ ਕੀਤੀਆਂ ਜਾਂ ਜਾਣੀਆਂ ਘਟਨਾਵਾਂ ਅਤੇ ਸ਼ਖਸੀਅਤਾਂ ਉਪਰ ਧਿਆਨ ਕੇਂਦਰਤ ਕਰਨਾ ਨਿਕਲਦਾ ਹੈ।[45]

ਇਹ ਸ਼ਬਦ ਸੂਚਨਾ ਦੇ ਕਿਸੇ ਖ਼ਾਸ ਸੋਮੇ, ਨਿੱਜੀ ਗਿਆਨ ਤੋਂ ਲਿਖੇ ਇਤਿਹਾਸ, ਘਟਨਾਵਾਂ ਦੇ ਲੇਖੇ ਜੋਖੇ ਦਾ ਬੋਧ ਕਰਵਾਉਂਦਾ ਹੈ।[46]

ਇਹ ਸ਼ਬਦ ਸਿਰਫ਼ ਉਨ੍ਹਾਂ ਰਚਨਾਵਾਂ ਲਈ ਵਰਤਿਆ ਜਾਣਾ ਚਾਹੀਦਾ ਹੈ ਜਿਨ੍ਹਾਂ ਵਿਚ ਲੇਖਕ ਦੀਆਂ ਯਾਦਾਂ ਦਾ ਲੇਖਾ-ਜੋਖਾ ਹੋਵੇ।[47]

ਅੰਗਰੇਜ਼ੀ ਵਿਚ ਰੇਮਿਨਿਸੰਸ (Reminiscence) ਸ਼ਬਦ ਦੀ ਵਰਤੋਂ ਵੀ ਸੰਸਮਰਣ ਦੇ ਅਰਥਾਂ ਵਿਚ ਹੋਈ ਮਿਲਦੀ ਹੈ। ਪੱਛਮੀ ਸਾਹਿਤ ਸ਼ਾਸਤ੍ਰੀ ਇਨ੍ਹਾਂ ਦੋਵੇਂ ਸ਼ਬਦਾਂ ਵਿਚ ਇਹ ਅੰਤਰ ਕਰਦੇ ਹਨ ਕਿ ਜਦੋਂ ਲੇਖਕ ਕਿਸੇ ਦੂਜੇ ਵਿਅਕਤੀ ਨਾਲ ਸੰਬੰਧਤ ਯਾਦਾਂ ਨੂੰ ਰਚਨਾ ਦਾ ਆਧਾਰ ਬਣਾਉਂਦਾ ਹੈ ਤਾਂ ਇਹ ਮੇਮਾਯਰਸ ਹੁੰਦਾ ਹੈ ਪਰ ਜਦੋਂ ਲੇਖਕ ਆਪਣੇ ਨਾਲ ਸੰਬੰਧਤ ਯਾਦਾਂ ਨੂੰ ਰਚਨਾਤਮਕ ਰੂਪ ਦਿੰਦਾ ਹੈ ਤਾਂ ਇਸ ਨੂੰ ਰੇਮਿਨਿਸੰਸ ਕਹਿੰਦੇ ਹਨ। ਹਿੰਦੀ ਸਾਹਿਤ ਸ਼ਾਸਤਰੀਆਂ ਨੇ ਅਜਿਹਾ ਨਿਖੇੜਾ ਨਹੀਂ ਕੀਤਾ ਅਤੇ ਦੋਵਾਂ ਲਈ ਇਕੋ ਪਦ 'ਸੰਸਮਰਣ' ਦਾ ਪ੍ਰਯੋਗ ਕੀਤਾ ਹੈ। ਉਨ੍ਹਾਂ ਨੇ ਸੰਸਮਰਣ ਤੇ ਆਤਮ-ਸੰਸਮਰਣ ਦੋ ਭੇਦ ਕਰਕੇ ਇਸ ਫ਼ਰਕ ਪ੍ਰਤਿ ਸੰਕੇਤ ਕੀਤਾ। ਪੰਜਾਬੀ ਵਿਚ ਵੀ ਇਸ ਲਈ ਇਕੋ ਸ਼ਬਦ 'ਯਾਦਾਂ' ਹੀ ਹੈ। ਇਹ ਯਾਦਾਂ ਭਾਵੇਂ ਲੇਖਕ ਦੇ ਆਪਣੇ ਆਪ ਨਾਲ ਸੰਬੰਧਤ ਹੋਣ ਜਾਂ ਕਿਸੇ ਹੋਰ ਵਿਅਕਤੀ ਨਾਲ। ਡਾ. ਓਮ ਪ੍ਰਕਾਸ਼ ਸਿੰਗਲ ਨੇ ਯਾਦਾਂ ਦੇ ਸ਼ਾਬਦਿਕ ਅਰਥ ਬਾਰੇ ਆਪਣੀ ਰਾਇ ਦਿੰਦਿਆਂ ਲਿਖਿਆ ਹੈ:-

> "ਯਾਦਾਂ ਦਾ ਸ਼ਾਬਦਿਕ ਅਰਥ ਹੈ, ਕਿਸੇ ਮਨੁੱਖ, ਘਟਨਾ, ਦ੍ਰਿਸ਼ ਅਤੇ ਵਸਤੂ ਆਦਿ ਨਾਲ ਧੁਰ ਅੰਦਰੋਂ ਜੁੜ ਕੇ ਗੰਭੀਰਤਾ ਨਾਲ

> ਉਸ ਨੂੰ ਯਾਦ ਕਰਨਾ। ਇਸ ਤਰ੍ਹਾਂ ਦੇ ਅਨੁਭਵਾਂ, ਪਿਛਲੀਆਂ ਹੱਡਬੀਤੀਆਂ ਦੇ ਆਧਾਰ ਤੇ ਨਿੱਜਤਵ ਨਾਲ ਅਤੇ ਗੰਭੀਰਤਾ ਨਾਲ ਰਚੇ ਗਏ ਸਾਹਿਤ ਨੂੰ ਯਾਦਾਂ ਕਿਹਾ ਜਾਂਦਾ ਹੈ।"[48]

ਪੰਜਾਬੀ ਵਿਚ ਭਾਵੇਂ 'ਸੰਸਮਰਣ' ਦੇ ਸਮਾਨਾਰਥਕ ਸ਼ਬਦ 'ਯਾਦਾਂ' ਮਿਲਦਾ ਹੈ ਪਰ ਇਸ ਸ਼ਬਦ ਤੋਂ ਅਤਿ ਸਧਾਰਣਤਾ ਦਾ ਬੋਧ ਹੁੰਦਾ ਹੈ ਜਿਸ ਕਰਕੇ 'ਸੰਸਮਰਣ' ਸ਼ਬਦ ਦਾ ਪ੍ਰਯੋਗ ਹੀ ਠੀਕ ਸਮਝਿਆ ਗਿਆ ਹੈ। ਇਸ ਵਾਰਤਕ ਵਿਧਾ ਲਈ ਇਹੋ ਸ਼ਬਦ ਜ਼ਿਆਦਾ ਪ੍ਰਚਲਤ ਤੇ ਪ੍ਰਵਾਨਤ ਹੈ।

"ਸੰਸਮਰਣ ਸ਼ਬਦ ਦੇ ਕੋਸ਼ਗਤ ਅਰਥਾਂ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਸ ਵਿਧਾ ਬਾਰੇ ਸਾਹਿਤ-ਸ਼ਾਸਤਰੀਆਂ ਦੇ ਵਿਚਾਰਾਂ ਨੂੰ ਘੋਖਿਆ ਜਾਵੇ। ਉਨ੍ਹਾਂ ਦੀਆਂ ਰਾਵਾਂ ਵਿਚੋਂ ਹੀ ਅਸੀਂ ਸੰਸਮਰਣ ਦੀ ਪ੍ਰਕ੍ਰਿਤੀ ਦੀ ਨੁਹਾਰ ਪਛਾਣਨ ਦੇ ਯੋਗ ਹੋ ਸਕਾਂਗੇ।

ਡਾ. ਰਾਮ ਗੋਪਾਲ ਮੁਤਾਬਿਕ ਸੰਸਮਰਣ ਵਿਚ ਲੇਖਕ ਕਿਸੇ ਘਟਨਾ, ਸਥਾਨ ਜਾਂ ਵਿਅਕਤੀ ਨਾਲ ਸੰਬੰਧਤ ਯਾਦਾਂ ਨੂੰ ਸਿਰਜਣਾਤਮਕ ਰੂਪ ਦਿੰਦਾ ਹੈ ਜਿਹੜੀਆਂ ਚੈਨ ਨਾਲ ਟਿਕ ਕੇ ਬੈਠਣ ਨਹੀਂ ਦਿੰਦੀਆਂ:-

> "ਸੰਸਮਰਣ ਮੇ ਲੇਖਕ ਕਿਸੀ ਏਸੀ ਘਟਨਾ, ਸਥਲ ਯਾ ਵ੍ਯਕ੍ਤਿ ਸੇ ਸੰਬੰਧਿਤ ਨਿੱਜੀ ਅਨੁਭੂਤਿ ਕੀ ਸਮਿਰਤੀ ਕੋ ਸਾਕਾਰਤਾ ਪ੍ਦਾਨ ਕਰਤਾ ਹੈ ਜੋ ਅੰਦਰ ਹੀ ਅੰਦਰ ਉਸ ਕੇ ਮਨ ਕੋ ਕੁਰੇਦਤੀ ਰਹਿਤੀ ਹੈ।[49]

ਡਾ. ਗੋਬਿੰਦ ਤ੍ਰਿਗਣਾਇਤ ਦਾ ਵਿਚਾਰ ਹੈ ਕਿ ਕੋਈ ਲੇਖਕ ਆਪਣੇ ਬੀਤ ਚੁੱਕੇ ਸਮੇਂ ਦੀਆਂ ਅਨੰਤ ਯਾਦਾਂ ਵਿਚੋਂ ਚੇਤੇ ਵਿਚ ਵਸ ਚੁੱਕੀਆਂ ਅਨੁਭੂਤੀਆਂ ਨੂੰ ਆਪਣੀ ਕੋਮਲ ਕਲਪਨਾ ਦੇ ਸਹਾਰੇ ਜਗਾ ਕੇ, ਉਨ੍ਹਾਂ ਵਿਚ ਆਪਣੇ ਵਿਅਕਤੀਗਤ ਗੁਣ ਸਮੋਕੇ ਪ੍ਰਭਾਵਸ਼ਾਲੀ ਢੰਗ ਨਾਲ ਯਥਾਰਥ ਰੂਪ ਵਿਚ ਵਿਅਕਤ ਕਰਦਾ ਹੈ ਤਾਂ ਉਸ ਨੂੰ ਸੰਸਮਰਣ ਕਹਿੰਦੇ ਹਨ:-

> "ਭਾਵੁਕ ਕਲਾਕਾਰ ਜਬ ਅਤੀਤ ਕੀ ਅਨੰਤ ਸਮਿਰਤਿਯੋਂ ਮੈਂ ਸੇ ਕੁਛ ਰਮਣੀਯ ਅਨੁਭੂਤਿਯੋਂ ਕੋ ਆਪਨੀ ਕੋਮਲ ਕਲਪਨਾ ਸੇ

> ਅਤੁਰੰਜਿਤ ਕਰ ਵਿਅੰਜਨਾ-ਮੂਲਕ ਸੰਕੇਤ ਸ਼ੈਲੀ ਮੈਂ ਅਪਨੇ ਵਿਅਕਤਿਤਵ ਕੀ ਵਿਸ਼ੇਸ਼ਤਾਓਂ ਸੇ ਵਸ਼ਿਸ਼ਟ ਕਰ ਰਮਣੀਯ ਏਵਮ ਪ੍ਰਭਾਵਸ਼ਾਲੀ ਢੰਗ ਸੇ ਯਥਾਰਥ ਰੂਪ ਮੇਂ ਵਿਅਕਤ ਕਰ ਦੇਤਾ ਹੈ, ਉਸੇ ਸੰਸਮਰਣ ਕਹਿਤੇ ਹੈਂ।"[50]

ਸਾਹਿਤ ਸ਼ਾਸਤ੍ਰੀਆਂ ਦੀਆਂ ਸੰਸਮਰਣ ਦੇ ਸੰਬੰਧ ਵਿਚ ਦਿੱਤੀਆਂ ਇਨ੍ਹਾਂ ਉਪਰੋਕਤ ਰਾਵਾਂ ਨੂੰ ਘੋਖਣ ਤੋਂ ਬਾਅਦ ਅਸੀਂ ਸੰਸਮਰਣ ਦੇ ਲੱਛਣਾਂ ਨੂੰ ਸਮਝਣ ਵਿਚ ਸਮਰੱਥ ਹੋ ਸਕਾਂਗੇ। ਸੰਸਮਰਣ ਦਾ ਵਸਤੂਗਤ ਅਧਾਰ ਲੇਖਕ ਦੁਆਰਾ ਅਨੁਭਵ ਕੀਤਾ ਜਾਂ ਹੰਢਾਇਆ ਹੋਇਆ ਵਿਕੋਲਿਤਰਾ ਯਥਾਰਥ ਹੁੰਦਾ ਹੈ ਜਿਹੜਾ ਯਾਦਾਂ ਦੇ ਰੂਪ ਵਿਚ ਉਸਦੇ ਮਨ ਵਿਚ ਵਸਿਆ ਹੁੰਦਾ ਹੈ ਅਤੇ ਜਿਸ ਦੇ ਨਕਸ਼ ਸਮੇਂ ਦੀਆਂ ਪਰਤਾਂ ਥੱਲੇ ਧੁੰਦਲੇ ਹੋਣ ਦੀ ਥਾਂ ਹੋਰ ਵੀ ਉਜਲੇ ਹੁੰਦੇ ਜਾਂਦੇ ਹਨ। ਇਸ ਕਿਸਮ ਦੇ ਯਥਾਰਥ ਨੂੰ ਜਦੋਂ ਕਲਪਨਾ ਦੇ ਸਹਾਰੇ ਰੌਚਕ, ਭਾਵਪੂਰਤ ਤੇ ਦਿਲ ਖਿਚਵੇਂ ਢੰਗ ਨਾਲ ਸਿਰਜਣਾਤਮਕ ਰੂਪ ਦੇ ਦਿੱਤਾ ਜਾਂਦਾ ਹੈ ਤਾਂ ਸੰਸਮਰਣ ਹੋਂਦ ਵਿਚ ਆਉਂਦਾ ਹੈ। ਇਸ ਵਿਚ ਲੇਖਕ ਦਾ ਸਵੈ ਹਰ ਹਾਲਤ ਵਿਚ ਵਿਦਮਾਨ ਹੁੰਦਾ ਹੈ। ਇਸ ਕਰਕੇ ਇਸ ਨੂੰ ਜੀਵਨੀ ਪਰਕ ਸਾਹਿਤ ਦੇ ਅੰਤਰਗਤ ਰੱਖਿਆ ਜਾ ਸਕਦਾ ਹੈ। "ਸਾਹਿਤ ਦੀ ਇਸ ਅਸਪਸ਼ਟ ਜਿਹੀ ਕੋਟੀ ਵਿਚ ਅਜਿਹੀਆਂ ਰਚਨਾਵਾਂ ਨੂੰ ਰੱਖਿਆ ਜਾ ਸਕਦਾ ਹੈ ਜਿਹੜੀਆਂ ਬਹੁਤ ਹੀ ਨਿੱਜੀ ਹੋਣ ਤੇ ਜਿਨ੍ਹਾਂ ਵਿਚ ਅਨੁਭਵਾਂ, ਵਿਸ਼ਵਾਸਾਂ, ਭਾਵਨਾਵਾਂ, ਵਿਚਾਰਾਂ, ਮਾਨਸਕ, ਸਰੀਰਕ ਤੇ ਆਤਮਕ ਅਵਸਥਾ ਦਾ ਵਿਅਕਤੀਗਤ ਲੇਖਾ ਜੋਖਾ ਹੋਵੇ।"[51]

ਸੰਸਮਰਣ ਦਾ ਪ੍ਰਮੁੱਖ ਤੇ ਉਭਰਵਾਂ ਲੱਛਣ ਸੰਸਮਰਣਕਾਰ ਦਾ ਨਿੱਜਤਵ ਹੁੰਦਾ ਹੈ। ਲੇਖਕ ਦੇ ਜੀਵਨ ਦੀਆਂ ਯਾਦਾਂ ਹੀ ਇਸ ਦਾ ਵਸਤੂਗਤ ਆਧਾਰ ਬਣਦੀਆਂ ਹਨ। ਯਾਦਾਂ ਕਿਸੇ ਵੀ ਵਿਅਕਤੀ ਦੀ ਵਿਅਕਤੀਗਤ ਦੌਲਤ ਹੁੰਦੀਆਂ ਹਨ। ਲੇਖਕ ਇਸ ਜਗਤ ਵਿਚ ਵਿਚਰਦਾ ਹੋਇਆ ਬਹੁਤ ਕੁਝ ਵੇਖਦਾ, ਸੁਣਦਾ ਤੇ ਅਨੁਭਵ ਕਰਦਾ ਹੈ। ਚੰਗੀਆਂ-ਮਾੜੀਆਂ, ਘਟਨਾਵਾਂ, ਵਧੀਆ, ਘਟੀਆ ਵਿਅਕਤੀ ਤੇ ਸੁਹਣੇ ਕਸੁਹਣੇ ਦ੍ਰਿਸ਼ ਆਦਿ ਉਸ ਦੇ ਮਨ ਤੇ ਅਜਿਹਾ ਗਹਿਰਾ

ਪ੍ਰਭਾਵ ਪਾਉਂਦੇ ਹਨ ਕਿ ਉਹ ਸਦਾ ਲਈ ਉਸਦੇ ਮਾਨਸਿਕ ਜਗਤ ਦੇ ਵਾਸੀ ਬਣ ਬੈਠਦੇ ਹਨ। ਸਮੇਂ ਦੇ ਬੀਤਣ ਨਾਲ ਲੇਖਕ ਦੇ ਵਰਤਮਾਨ ਜੀਵਨ ਵਿਚ ਇਹੀ ਯਾਦਾਂ ਬਣ ਉਭਰਦੇ ਹਨ।

ਸੰਸਮਰਣ ਵਿਚਲੀਆਂ ਯਾਦਾਂ ਲੇਖਕ ਦੇ ਵਿਅਕਤੀਤਵ ਦਾ ਮਹੱਤਵਪੂਰਨ ਅੰਗ ਹੁੰਦੀਆਂ ਹਨ। ਲੇਖਕ ਬੀਤੇ ਦੀਆਂ ਘਟਨਾਵਾਂ, ਦ੍ਰਿਸ਼ਾਂ ਤੇ ਵਿਅਕਤੀਆਂ ਆਦਿ ਨੂੰ ਸਿਰਜਣਾਤਮਕ ਰੂਪ ਦਿੰਦਾ ਹੈ ਤਾਂ ਉਸ ਦਾ ਸ੍ਵੈ ਉਨ੍ਹਾਂ ਵਿਚ ਆਪਣੇ ਆਪ ਹੀ ਸ਼ਾਮਲ ਹੁੰਦਾ ਹੈ। ਇਨ੍ਹਾਂ ਵਿਚ ਉਹ ਖੁਦ ਇਕ ਪਾਤਰ ਹੁੰਦਾ ਹੈ ਤੇ ਉਸ ਦੀ ਮਹੱਤਵਪੂਰਣ ਭੂਮਿਕਾ ਹੁੰਦੀ ਹੈ। ਜਿਵੇਂ ਸਤਪਾਲ ਚੱਢਾ ਜੀ ਲਿਖਦੇ ਹਨਃ-

> "ਇਸ ਮੇਂ ਲੇਖਕ ਕੇ ਵਯੂਕਿਤਤਵ੍ਰ ਕੋ ਬਾਣੀ ਮਿਲਤੀ ਹੈ, ਉਸ ਕੇ ਨਿੱਜੀ ਦ੍ਰਿਸ਼ਟੀਕੋਣ ਕਾ ਪ੍ਰਕਟੀਕਰਣ ਹੋਤਾ ਹੈ। "[52]

ਲੇਖਕ ਦਾ ਵਿਅਕਤਿਤਵ ਉਸ ਦੀ ਦ੍ਰਿਸ਼ਟੀ ਨਾਲ ਵੀ ਸੰਸਮਰਣ ਵਿਚ ਪ੍ਰਵੇਸ਼ ਪਾਉਂਦਾ ਹੈ। ਯਾਦਾਂ ਜੇ ਭਾਵਾਤਮਕ ਦ੍ਰਿਸ਼ਟੀਕੋਣ ਤੋਂ ਬਿਆਨੀਆਂ ਹੋਣ ਤਾਂ ਉਨ੍ਹਾਂ ਦਾ ਸਰੂਪ ਹੋਰ ਭਾਂਤ ਦਾ ਹੋਏਗਾ। ਪਰ ਜੇ ਅਲੋਚਨਾਤਮਕ ਨਜ਼ਰੀਏ ਨਾਲ ਉਲੀਕੀਆਂ ਹੋਣ ਤਾਂ ਹੋਰ ਕਿਸਮ ਦੀ ਸ਼ਕਲ ਹੋਏਗੀ। ਅਜਿਹਾ ਲੇਖਕ ਦੇ ਦ੍ਰਿਸ਼ਟੀਕੋਣ ਕਰਕੇ ਹੀ ਹੁੰਦਾ ਹੈ।

ਹਿੰਦੀ ਸਾਹਿਤ ਸ਼ਾਸਤ੍ਰੀਆਂ ਨੇ ਬਿਨਾਂ ਕਿਸੇ ਵਿਵਾਦ ਦੇ ਇਹ ਗੱਲ ਸਵੀਕਾਰੀ ਹੈ ਕਿ ਸੰਸਮਰਣ ਵਿਚ ਲੇਖਕ ਦਾ ਜੀਵਨ ਸੂਤ੍ਰ ਵੀ ਵਿਦਮਾਨ ਹੁੰਦਾ ਹੈ। ਜਿਵੇਂ ਮਹਾਂਦੇਵੀ ਵਰਮਾ ਨੇ ਆਪਣੀ ਪੁਸਤਕ ਅਤੀਤ ਕੇ ਚਲਚਿਤਰ ਵਿਚ ਕਿਹਾ ਹੈ ਕਿ ਇਨ੍ਹਾਂ ਲੇਖਾਂ ਵਿਚ ਮੇਰਾ ਜੀਵਨ ਵੀ ਆ ਗਿਆ ਹੈ। ਇਹ ਆਪਣੇ ਆਪ ਹੀ ਹੋਇਆ। ਹਨ੍ਹੇਰੇ ਦੀਆਂ ਚੀਜ਼ਾਂ ਨੂੰ ਅਸੀਂ ਸਾਹਮਣੀ ਲੋਅ ਦੇ ਧੁੰਦਲੇ ਜਾਂ ਉਜਲੇ ਦਾਇਰੇ ਵਿਚ ਲਿਆ ਕੇ ਹੀ ਸਾਫ਼ ਵੇਖ ਸਕਦੇ ਹਾਂ। ਉਨ੍ਹਾਂ ਤੋਂ ਬਾਹਰ ਤਾਂ ਉਹ ਅਨੰਤ ਹਨੇਰੇ ਦਾ ਹੀ ਹਿੱਸਾ ਹਨ।

ਯਥਾਰਥਕਤਾ ਵੀ ਸੰਸਮਰਣ ਦਾ ਮਹੱਤਵਪੂਰਨ ਲੱਛਣ ਹੈ। ਇਸ ਵਿਚ ਜਿਹੜੀਆਂ ਘਟਨਾਵਾ ਤੱਥ ਜਾਂ ਵੇਰਵੇ ਪੇਸ਼ ਕੀਤੇ ਜਾਂਦੇ ਹਨ, ਉਹ ਸੱਚੀ-ਮੁਚੀ ਲੇਖਕ ਜਾਂ ਉਸ ਵਿਅਕਤੀ ਦੇ

ਜੀਵਨ ਵਿਚ ਵਾਪਰੇ ਹੁੰਦੇ ਹਨ ਜਿਸ ਬਾਰੇ ਲੇਖਕ ਨੇ ਸੰਸਮਰਣ ਲਿਖੇ ਹੋਣ। ਜੋ ਜੀਵਨ ਵਿਚ ਵਾਪਰਦਾ ਹੈ, ਉਹ ਯਥਾਰਥ ਹੁੰਦਾ ਹੈ। ਜੀਵਨ ਦੇ ਯਥਾਰਥ ਦੇ ਆਲੇ-ਦੁਆਲੇ ਹੀ ਸੰਸਮਰਣ ਦਾ ਤਾਣਾ ਪੇਟਾ ਤਣਿਆ ਜਾਂਦਾ ਹੈ। ਇਸ ਵਿਚ ਜੀਵਨ ਦੇ ਜਿਸ ਯਥਾਰਥ ਦੀ ਪੇਸ਼ਕਾਰੀ ਹੁੰਦੀ ਹੈ ਉਹ ਬਿਲਕੁਲ ਕੋਰ ਯਥਾਰਥ ਨਹੀਂ ਹੁੰਦਾ। ਲੇਖਕ ਪਹਿਲਾਂ ਆਪਣੀ ਮਾਨਸਿਕ ਤੇ ਬੌਧਿਕ ਪੱਧਰ ਮੁਤਾਬਿਕ ਵਸਤੂਆਂ, ਘਟਨਾਵਾਂ ਤੇ ਵਿਅਕਤੀਆਂ ਆਦਿ ਤੋਂ ਪ੍ਰਭਾਵ ਗਹਿਣ ਕਰਦਾ ਹੈ। ਇਨ੍ਹਾਂ ਦੇ ਮਾਨਸਕ ਤੇ ਬੌਧਕ ਪ੍ਰਤਿਕਰਮ ਹੀ ਯਾਦਾਂ ਦੇ ਰੂਪ ਵਿਚ ਮਾਨਸਕ ਜਗਤ ਦਾ ਅੰਗ ਬਣਦੇ ਹਨ। ਇਨ੍ਹਾਂ ਨੂੰ ਸੰਸਮਰਣ ਦਾ ਰੂਪ ਦੇਣ ਲੱਗਿਆਂ ਲੇਖਕ ਜਦੋਂ ਆਪਣੀ ਰਚਨਾਤਮਕ ਪ੍ਰਤਿਭਾ ਤੇ ਕਲਪਨਾ ਆਦਿ ਦਾ ਸਹਾਰਾ ਲੈਂਦਾ ਹੈ ਤਾਂ ਇਹ ਜੀਵਨ ਦਾ ਹੂ-ਬ-ਹੂ ਯਥਾਰਥ ਨਹੀਂ ਰਹਿੰਦਾ। ਇਸ ਕਰਕੇ ਸੰਸਮਰਣ ਵਿਚ ਪੇਸ਼ ਹੋਇਆ ਯਥਾਰਥ ਇਤਿਹਾਸਕ ਯਥਾਰਥ ਵਰਗਾ ਨਹੀਂ ਹੁੰਦਾ। ਇਸ ਵਿਚ ਸਿਰਜਣਾਤਮਕ ਰੂਪ ਧਾਰਨ ਕਰ ਚੁਕੇ ਵਿਅਕਤੀ ਜਾਂ ਘਟਨਾਵਾਂ ਆਦਿ ਸਾਹਿਤਿਕ ਨਜ਼ਰੀਏ ਤੋਂ ਉਲੀਕੇ ਹੁੰਦੇ ਹਨ। ਸੰਸਮਰਣ ਜੇ ਇਤਿਹਾਸ ਵਾਂਗ ਲਿਖੇ ਗਏ ਹੋਣ ਤਾਂ ਇਹ ਲੇਖਕ ਦੀ ਕਮਜ਼ੋਰੀ ਹੁੰਦੀ ਹੈ। ਲੇਖਕ ਸੰਸਮਰਣ ਵਿਚਲੀ ਵਸਤੂ ਨੂੰ ਸਾਹਿਤਕ ਚਾਸ਼ਣੀ ਦੀ ਪੁੱਠ ਦੇ ਕੇ ਹੀ ਪੇਸ਼ ਕਰਦਾ ਹੈ। ਸੰਸਮਰਣ ਵਿਚਲਾ ਯਥਾਰਥ ਲੇਖਕ ਦੇ ਸਵੈ ਨਾਲ ਵੀ ਸੰਬੰਧਿਤ ਹੋ ਸਕਦਾ ਹੈ ਤੇ ਕਿਸੇ ਹੋਰ ਵਿਅਕਤੀ ਨਾਲ ਵੀ ਜਿਸ ਨਾਲ ਉਹ ਭਾਵਾਤਮਕ ਪੱਧਰ ਤੇ ਜੁੜਿਆ ਹੋਵੇ।

ਦੇਸ਼ ਕਾਲ ਜਾਂ ਵਾਤਾਵਰਣ ਦੀ ਉਸਾਰੀ ਵੀ ਸੰਸਮਰਣ ਦਾ ਇਕ ਜ਼ਰੂਰੀ ਲੱਛਣ ਹੁੰਦਾ ਹੈ। ਸੰਸਮਰਣ ਵਿਚ ਪੇਸ਼ ਹੋਇਆ ਯਥਾਰਥ ਸੱਚੀ ਮੁੱਚੀ ਹੀ ਕਿਸੇ ਸਮੇਂ ਤੇ ਕਿਸੇ ਥਾਂ ਵਾਪਰਿਆ ਹੁੰਦਾ ਹੈ। ਇਸ ਕਰਕੇ ਇਸ ਵਿਚਲੀਆਂ ਘਟਨਾਵਾਂ ਵਿਅਕਤੀ ਦੇਸ਼ ਕਾਲ ਦੀ ਸੀਮਾ ਦੇ ਅੰਤਰਗਤ ਆਉਂਦੇ ਹਨ। ਇਸ ਕਰਕੇ ਇਨ੍ਹਾਂ ਦੇ ਪਿਛੋਕੜ ਵਿਚ ਸਮਾਜਕ, ਆਰਥਕ, ਰਾਜਨੀਤਕ, ਸਾਂਸਕ੍ਰਿਤਕ ਆਦਿ ਪਰਿਸਥਿਤੀਆਂ ਦੀ ਉਸਾਰੀ ਜ਼ਰੂਰੀ ਹੁੰਦੀ ਹੈ। ਇਸ ਨਾਲ ਸੁਭਾਵਿਕਤਾ ਤੇ ਵਾਸਤਵਿਕਤਾ ਦਾ ਪ੍ਰਭਾਵ ਪੈਦਾ ਹੋ ਸਕਦਾ ਹੈ। ਦੇਸ਼ ਕਾਲ ਵਿਚ ਉਹ ਸਥਿਤੀਆਂ ਤੇ ਸਮਾਂ ਉਘਾੜਿਆ ਜਾਂਦਾ ਹੈ ਜਿਨ੍ਹਾਂ ਵਿਚ ਉਹ ਘਟਨਾਵਾਂ ਵਾਪਰੀਆਂ ਹੋਣ। ਅਜਿਹਾ ਨਾ ਕਰ ਸਕਣ ਦੀ

ਹਾਲਤ ਵਿਚ ਘਟਨਾਵਾਂ ਜਾਂ ਪਾਤਰ ਸਪੱਸ਼ਟ ਰੂਪ ਵਿਚ ਨਹੀਂ ਉਭਰਦੇ। ਹਿੰਦੀ ਵਿਚ ਯਸ਼ਪਾਲ ਤੇ ਪੰਜਾਬੀ ਵਿਚ ਗੁਰਚਰਨ ਸਿੰਘ ਸਹਿੰਸਰਾ ਦੇ ਸੰਸਮਰਣਾਂ ਵਿਚ ਤੱਤਕਾਲੀਨ ਸਥਿਤੀਆਂ ਦਾ ਵਰਣਨ ਬੜੀ ਖ਼ੂਬਸੂਰਤੀ ਨਾਲ ਹੋਇਆ ਹੈ। ਸੁਭਾਵਕ ਵਾਤਾਵਰਣ ਸਿਰਜਣ ਲਈ ਲੇਖਕ ਪਿੰਡਾਂ-ਸ਼ਹਿਰਾਂ ਜਾਂ ਹੋਰ ਥਾਵਾਂ ਦੇ ਚਿਤਰ ਵੀ ਉਲੀਕਦੇ ਹਨ।

ਸੰਸਮਰਣ ਵਿਚ ਦੇਸ਼ ਕਾਲ ਜਾਂ ਵਾਤਾਵਰਣ ਦਾ ਨਿਰੂਪਣ ਕਰਦੇ ਸਮੇਂ ਇਹ ਜ਼ਰੂਰ ਧਿਆਨ ਰੱਖਣਾ ਚਾਹੀਦਾ ਹੈ ਕਿ ਇਸ ਨੂੰ ਸਿਰਫ਼ ਪੇਸ਼ ਕੀਤੀ ਵਸਤੂ ਨੂੰ ਸੁਭਾਵਕਤਾ ਤੇ ਵਾਸਤਵਿਕਤਾ ਪ੍ਰਦਾਨ ਕਰਨ ਲਈ ਸਿਰਜਿਆ ਜਾਵੇ। ਇਹ ਅਪਣੇ ਆਪ ਵਿਚ ਉਦੇਸ਼ ਨਹੀਂ ਬਣਨਾ ਚਾਹੀਦਾ ਸਗੋਂ ਇਹ ਸਾਧਨ ਦੇ ਰੂਪ ਵਿਚ ਆਵੇ ਤਾਂ ਹੀ ਠੀਕ ਰਹਿੰਦਾ ਹੈ। ਮਹਾਂਦੇਵੀ ਵਰਮਾ ਨੇ ਲਿਖਿਆ ਹੈ:

> "ਦੇਸ਼ ਕਾਲ ਕੀ ਸੀਮਾ ਮੈਂ ਆਬਦਧ ਜੀਵਨ ਨਾ ਤੋ ਇਤਨਾ ਅਸੰਗ ਹੋਤਾ ਹੈ ਕਿ ਅਪਨੇ ਪਰਿਕੋਸ਼ ਔਰ ਪਰਿਕੋਸ਼ਿਤ ਸੇ ਉਸ ਕਾ ਕੋਈ ਸੰਘਰਸ਼ ਨਾ ਹੋ ਔਰ ਨ ਹੀ ਸੰਘਰਸ਼ ਇਤਨਾ ਤਰਲ ਹੋਤਾ ਹੈ ਕਿ ਉਸ ਕੇ ਅਘਾਤੋਂ ਕਾ ਚਿਹਨ ਪੇਸ਼ ਨ ਹੋ। "[53]

ਇਸ ਤਰ੍ਹਾਂ ਸੰਸਮਰਣ ਵਿਚਲੀ ਵਸਤੂ ਨੂੰ ਸੁਭਾਵਕਤਾ ਵਾਸਤਵਕਤਾ ਆਦਿ ਗੁਣ ਪ੍ਰਦਾਨ ਕਰਨ ਲਈ ਦੇਸ਼ ਕਾਲ ਜਾਂ ਵਾਤਾਵਰਣ ਦੀ ਸਿਰਜਣਾ ਜ਼ਰੂਰੀ ਹੁੰਦੀ ਹੈ ਪਰ ਇਸ ਦਾ ਠੀਕ ਮਾਤਰਾ ਵਿਚ ਪ੍ਰਯੋਗ ਹੀ ਵਸਤੂ ਦੇ ਪ੍ਰਭਾਵ ਨੂੰ ਉਘਾੜ ਸਕਦਾ ਹੈ।

ਸੰਸਮਰਣ ਵਿਚ ਪੇਸ਼ ਹੋਈਆਂ ਘਟਨਾਵਾਂ, ਵੇਰਵਿਆਂ ਜਾਂ ਤੱਥਾਂ ਆਦਿ ਵਿਚ ਲਗਾਤਾਰਤਾ ਤੇ ਨਿਰੰਤਰਤਾ ਦਾ ਅਭਾਵ ਹੁੰਦਾ ਹੈ। ਕੋਈ ਬੱਚਾ ਜਿਵੇਂ ਹੱਥ ਦੀ ਦੂਰਬੀਨ ਬਣਾ ਕੇ ਦੂਰ ਖੇਤਾਂ ਦਾ ਸਾਰਾ ਨਜ਼ਾਰਾ ਵੇਖਣ ਦੀ ਥਾਂ ਮਨਮਰਜ਼ੀ ਦੇ ਬਿਖਰੇ-ਬਿਖਰੇ ਨਜ਼ਾਰੇ ਦੇਖਦਾ ਹੈ, ਉਵੇਂ ਹੀ ਸੰਸਮਰਣਕਾਰ ਬੀਤੇ ਜੀਵਨ ਦੇ ਯਾਦਗਾਰੀ ਪਲਾਂ ਨੂੰ ਹੀ ਸੰਸਮਰਣ ਦਾ ਰੂਪ ਦੇਣ ਲਈ ਚੁਣਦਾ ਹੈ। ਕਿਸੇ ਦਾ ਸਾਰੇ ਦਾ ਸਾਰਾ ਜੀਵਨ ਯਾਦ ਰੱਖਣ ਯੋਗ ਨਹੀਂ ਹੁੰਦਾ। ਇਹ ਤਾਂ ਕਿਸੇ ਦੇ ਸਮੁੱਚੇ

ਜੀਵਨ ਵਿਚ ਇਉਂ ਹੀ ਹੁੰਦੀਆਂ ਹਨ ਜਿਵੇਂ ਰੇਤੇ ਵਿਚ ਚਮਕਦੇ ਹੋਏ ਪੰਨੇ। ਸੰਸਮਰਣਕਾਰ ਜਦੋਂ ਇਨ੍ਹਾਂ ਨੂੰ ਸੰਸਮਰਣ ਦਾ ਰੂਪ ਦਿੰਦਾ ਹੈ ਤਾਂ ਇਨ੍ਹਾਂ ਵਿਚ ਕੋਈ ਆਪਸੀ ਜੋੜ ਨਹੀਂ ਜੁੜਦਾ। ਜੀਵਨ ਦੀਆਂ ਇਨ੍ਹਾਂ ਚੋਣਵੀਆਂ ਘਟਨਾਵਾਂ ਵਿਚ ਲਗਾਤਾਰਤਾ ਤੇ ਨਿਰੰਤਰਤਾ ਨਹੀਂ ਹੁੰਦੀ। ਇਸ ਕਰਕੇ ਇਹ ਵੀ ਸੰਸਮਰਣ ਦਾ ਇਕ ਲੱਛਣ ਹੈ ਕਿ ਪੇਸ਼ ਹੋਈਆਂ ਯਾਦਾਂ ਦਾ ਆਪਸੀ ਸੰਬੰਧ ਠੀਕ ਨਹੀਂ ਹੁੰਦਾ।

ਸੰਸਮਰਣ ਦੀ ਸ਼ੈਲੀ ਵਿਚ ਵੀ ਕੁਝ ਵਿਸ਼ੇਸ਼ ਗੁਣ ਹੋਣੇ ਜ਼ਰੂਰੀ ਹੁੰਦੇ ਹਨ। ਸ਼ੈਲੀ, ਸ਼ਬਦ ਯੋਜਨਾ ਤੇ ਵਾਕ-ਯੋਜਨਾ ਦੇ ਫਲਸਰੂਪ ਨਿਰੂਪਣ ਹੁੰਦੀ ਹੈ। ਸੰਸਮਰਣਕਾਰ ਨੂੰ ਸ਼ਬਦਾਂ ਦਾ ਪ੍ਰਯੋਗ ਤੇ ਵਾਕਾਂ ਦੀ ਰਚਨਾ ਇਸ ਪ੍ਰਕਾਰ ਕਰਨੀ ਚਾਹੀਦੀ ਹੈ ਕਿ ਸੰਸਮਰਣ ਦੀ ਵਸਤੂ ਦਾ ਚਰਿਤਰ ਸਜੀਵ ਰੂਪ ਵਿਚ ਸਾਡੇ ਸਾਹਮਣੇ ਸਾਕਾਰ ਹੋ ਜਾਵੇ। ਇਸ ਉਦੇਸ਼ ਲਈ ਭਾਵਨੁਕੂਲ ਹੀ ਸ਼ਬਦਾਂ ਦੀ ਵਰਤੋਂ ਕਰਨੀ ਹੁੰਦੀ ਹੈ ਨਹੀਂ ਤਾਂ ਲੋੜੀਂਦਾ ਪ੍ਰਭਾਵ ਨਹੀਂ ਪੈਂਦਾ। ਸ਼ੈਲੀ ਵਿਚ ਸਪੱਸ਼ਟਤਾ, ਸਰਲਤਾ, ਸੁਭਾਵਕਤਾ, ਰੌਚਕਤਾ ਆਦਿ ਗੁਣ ਹੋਣ ਤਾਂ ਹੀ ਵਧੀਆ ਸੰਸਮਰਣ ਹੋ ਸਕਦਾ ਹੈ। ਚਰਿਤਰ ਨੂੰ ਉਘਾੜਨ ਲਈ ਬਿੰਬਾਤਮਕ ਸ਼ੈਲੀ ਦੀ ਵਰਤੋਂ ਵੀ ਠੀਕ ਰਹਿੰਦੀ ਹੈ। ਸੰਸਮਰਣਕਾਰ ਸ਼ੈਲੀ ਦੀ ਕੋਈ ਨਿਸ਼ਚਿਤ ਵਿਧੀ ਨਹੀਂ ਅਪਣਾਉਂਦੇ ਸਗੋਂ ਸੰਸਮਰਣ ਦੀ ਵਸਤੂ ਮੁਤਾਬਿਕ ਕੋਈ ਆਤਮ-ਕਥਾਨਕ ਸ਼ੈਲੀ, ਕੋਈ ਡਾਇਰੀ ਸ਼ੈਲੀ, ਕੋਈ ਪੱਤਰਾਤਮਕ ਸ਼ੈਲੀ ਤੇ ਕੋਈ ਨਿਬੰਧਾਤਮਕ ਸ਼ੈਲੀ ਦੀ ਵਰਤੋਂ ਕਰਦਾ ਹੈ।

ਸੰਸਮਰਣ ਨੂੰ ਜੇ ਸਿਧਾਂਤਕ ਪੱਖੋਂ ਵੇਖਿਆ ਜਾਵੇ ਤਾਂ ਇਸ ਵਿਚ ਵਿਭਿੰਨ ਕਿਸਮ ਦੀਆਂ ਵਿਧਾਵਾਂ ਦੇ ਅੰਸ਼ਾਂ ਦਾ ਮਿਸ਼ਰਣ ਮਿਲਦਾ ਹੈ। ਸੰਸਮਰਣ ਵਿਚ ਜੇ ਯਾਦਯੋਗ ਘਟਨਾਵਾਂ ਦੀ ਪੇਸ਼ਕਾਰੀ ਹੈ ਤਾਂ ਲੇਖਕ ਦੀ ਰਚਨਾਤਮਕ ਪ੍ਰਤਿਭਾ ਵਿਚੋਂ ਗੁਜ਼ਰ ਕੇ ਇਹ ਨਿੱਕੀ ਕਹਾਣੀ ਵਰਗੀਆਂ ਸ਼ਕਲਾਂ ਧਾਰ ਲੈਂਦੀਆਂ ਹਨ। ਇਹ ਜੇ ਕਿਸੇ ਵਿਅਕਤੀ ਦੇ ਸੰਬੰਧ ਵਿਚ ਹੋਣ ਤਾਂ ਜੀਵਨੀ ਤੇ ਰੇਖਾ ਚਿੱਤਰ ਹੋਣ ਦਾ ਭੁਲੇਖਾ ਪਾਉਂਦੇ ਹਨ। ਜੇ ਯਾਤਰਾ ਨਾਲ ਸੰਬੰਧਤ ਯਾਦਾਂ ਹਨ ਤਾਂ ਸਫ਼ਰਨਾਮੇ ਵਰਗੀਆਂ ਜਾਪਦੀਆਂ ਹਨ ਤੇ ਜੇ ਲੇਖਕ ਦੇ ਆਪਣੇ ਬਾਰੇ ਹੋਣ ਤਾਂ ਸਵੈ-ਜੀਵਨੀ

ਦਾ ਪ੍ਰਭਾਵ ਦਿੰਦੀਆਂ ਹਨ। ਇਸ ਤੋਂ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਸੰਸਮਰਣ ਇਨ੍ਹਾਂ ਵਾਰਤਕ ਵਿਧਾਵਾਂ ਦਾ ਮਿਲਗੋਭਾ ਹੈ ਸਗੋਂ ਸਚਾਈ ਤਾਂ ਇਹ ਹੈ ਕਿ ਇਹ ਇਨ੍ਹਾਂ ਦੇ ਮਿਸ਼ਰਣ ਵਿਚੋਂ ਪੈਦਾ ਹੋਈ ਇਕ ਸੁਤੰਤਰ ਵਿਧਾ ਹੈ।

ਪਹਿਲਾਂ ਅਸੀਂ ਸੰਸਮਰਣ ਦੇ ਲੱਛਣਾਂ ਦੇ ਸੰਬੰਧ ਵਿਚ ਵਿਚਾਰ ਕੀਤੀ ਹੈ ਜਿਸ ਤੋਂ ਸਾਡੀ ਰਾਇ ਬਣਦੀ ਹੈ ਕਿ ਵਾਰਤਾਲਾਪ ਦੀ ਇਹ ਵਿਧਾ ਜੀਵਨੀਪਰਕ ਸਾਹਿਤ ਦੇ ਘੇਰੇ ਵਿਚ ਆਉਂਦੀ ਹੈ। ਇਸ ਵਿਚ ਲਗਭਗ ਉਹੀ ਲੱਛਣ ਮਿਲਦੇ ਹਨ ਜਿਹੜੇ ਜੀਵਨੀਪਰਕ ਸਾਹਿਤ ਵਿਚ ਵਿਦਮਾਨ ਰਹਿੰਦੇ ਹਨ। ਇਸ ਕਰਕੇ ਸਾਡੇ ਸਾਹਮਣੇ ਇਹ ਪ੍ਰਸ਼ਨ ਖੜਾ ਹੋ ਜਾਂਦਾ ਹੈ ਕਿ ਜੇ ਸੰਸਮਰਣ ਇਸ ਪ੍ਰਕਾਰ ਦੇ ਸਾਹਿਤ ਦੇ ਘੇਰੇ ਵਿਚ ਆਉਂਦਾ ਹੈ ਤਾਂ ਇਸ ਕਿਸਮ ਦੀਆਂ ਹੋਰ ਵਿਧਾਵਾਂ ਨਾਲੋਂ ਇਸ ਦੀ ਵਿਲੱਖਣਤਾ ਕੀ ਹੈ? ਜਿਸ ਦੇ ਆਧਾਰ ਤੇ ਇਸ ਨੂੰ ਇਕ ਸੁਤੰਤਰ ਵਿਧਾ ਸਵੀਕਾਰਿਆ ਜਾਵੇ। ਇਸ ਸਵਾਲ ਨੂੰ ਨਜਿੱਠਣ ਲਈ ਇਸ ਨਾਲ ਰਲਦੀਆਂ ਮਿਲਦੀਆਂ ਵਿਧਾਵਾਂ ਨਾਲ ਇਸ ਦਾ ਸੰਖੇਪ ਤੁਲਨਾਤਮਕ ਅਧਿਐਨ ਜ਼ਰੂਰੀ ਹੋ ਜਾਂਦਾ ਹੈ। ਇਸ ਕਰਕੇ ਅਗਲੇਰੀ ਚਰਚਾ ਵਿਚ ਅਸੀਂ ਸੰਸਮਰਣ ਨੂੰ ਹੋਰ ਰਲਦੇ-ਮਿਲਦੇ ਰੂਪਾਂ ਨਾਲੋਂ ਨਿਖੇੜਨ ਦਾ ਯਤਨ ਕਰਾਂਗੇ।

## ਸੰਸਮਰਣ/ਤੁਲਨਾਤਮਕ ਅਧਿਐਨ

### ਸੰਸਮਰਣ-ਸਵੈਜੀਵਨੀ:

ਸੰਸਮਰਣ ਦਾ ਆਤਮ-ਸੰਸਮਰਣ ਰੂਪ ਸਵੈ-ਜੀਵਨੀ ਦੀ ਅਤਿ-ਨੇੜੇ ਦੀ ਵਿਧਾ ਹੈ। ਬਹੁਤੇ ਵਿਦਵਾਨ ਤਾਂ ਇਨ੍ਹਾਂ ਵਿਚ ਨਿਖੇੜਾ ਨਾ ਕਰ ਸਕਣ ਕਰਕੇ ਆਤਮ ਸੰਸਮਰਣ ਨੂੰ ਅੰਸ਼ਕ ਸਵੈ-ਜੀਵਨੀ ਕਹਿ ਦਿੰਦੇ ਹਨ। ਹਿੰਦੀ ਸਾਹਿਤ-ਸ਼ਾਸਤਰੀਆਂ ਵਿਚੋਂ ਵੀ ਕਈ ਆਤਮ-ਸੰਸਮਰਣ ਨੂੰ ਸਵੈ-ਜੀਵਨੀ ਦਾ ਹੀ ਇਕ ਰੂਪ ਮੰਨਦੇ ਹੋਏ ਇਸ ਦੇ ਸੁਤੰਤਰ ਸ਼ਿਲਪ ਤੋਂ ਇਨਕਾਰੀ ਹਨ।

ਦੋਵੇਂ ਵਾਰਤਕ ਵਿਧਾਵਾਂ ਵਿਚ ਲੇਖਕ ਦਾ ਨਿਜਤਵ ਹੁੰਦਾ ਹੈ ਪਰ ਨਿਜਤਵ ਦੀ ਪੇਸ਼ਕਾਰੀ ਦੇ ਨੁਕਤੇ ਤੋਂ ਫ਼ਰਕ ਪੈ ਜਾਂਦਾ ਹੈ। ਆਤਮ ਸੰਸਮਰਣਕਾਰ ਨਿੱਜਤਵ ਨੂੰ ਜ਼ਰੂਰ ਚਿਤਰਦਾ

ਹੈ ਪਰ ਉਸ ਦਾ ਵਧ ਧਿਆਨ ਆਪਣੇ ਨਾਲੋ ਵੱਧ ਵੇਖੇ ਸਮੇਂ ਵੱਲ ਹੁੰਦਾ ਹੈ ਜਦੋਂ ਕਿ ਸਵੈ-ਜੀਵਨੀਕਾਰ ਆਪੇ ਤੇ ਜ਼ਿਆਦਾ ਕੇਂਦਰਤ ਹੁੰਦਾ ਹੈ।

"ਇਕ ਸਵੈ-ਜੀਵਨੀ ਲੇਖਕ ਦੇ ਆਪਣੇ ਜੀਵਨ ਦਾ ਲੇਖਾ ਜੋਖਾ ਹੁੰਦੀ ਹੈ, ਇਕ ਸੰਸਮਰਣ ਵਿਚ ਲੇਖਕ ਦੇ ਜੀਵਨ ਦਾ ਐਨਾ ਲੇਖਾ ਜੋਖਾ ਨਹੀਂ ਹੁੰਦਾ ਜਿੰਨਾ ਉਸ ਸਮੇਂ ਦਾ ਜਿਹੜਾ ਕਿ ਉਸ ਨੇ ਵੇਖਿਆ ਹੁੰਦਾ ਹੈ।"[54]

ਆਤਮ ਸੰਸਮਰਣ ਵਿਚ ਸਿਰਫ਼ ਉਨ੍ਹਾਂ ਵਿਕੋਲਿਤਰੇ ਪਲਾਂ ਦਾ ਜ਼ਿਕਰ ਹੁੰਦਾ ਹੈ ਜਿਨ੍ਹਾਂ ਨੂੰ ਸਮਾਂ ਬੀਤਣ ਤੇ ਲੇਖਕ ਭੁਲਾ ਨਾ ਸਕਿਆ ਹੋਵੇ। ਇਸ ਕਰਕੇ ਇਸ ਵਿਚ ਜੀਵਨ ਦੀਆਂ ਵਿਰਲੀਆਂ-ਟਾਵੀਆਂ ਝਾਕੀਆਂ ਜ਼ਰੂਰ ਹੋ ਸਕਦੀਆਂ ਹਨ, ਪਰ ਜੀਵਨ ਦਾ ਸਮੁੱਚਾ ਬਿੰਬ ਸਾਕਾਰ ਨਹੀਂ ਹੋ ਸਕਦਾ। ਇਸ ਦੇ ਮੁਕਾਬਲੇ ਸਵੈ-ਜੀਵਨੀ ਵਿਚ ਜੀਵਨ ਦੇ ਸਮੁੱਚੇ ਰੂਪ ਨੂੰ ਉਲੀਕਿਆ ਜਾਂਦਾ ਹੈ। ਇਸ ਕਰਕੇ ਆਤਮ-ਸੰਸਮਰਣ ਵਿਚ ਲਗਾਤਾਰਤਾ ਤੇ ਨਿਰੰਤਰਤਾ ਦਾ ਅਭਾਵ ਹੁੰਦਾ ਹੈ ਜਦੋਂ ਕਿ ਸਵੈ-ਜੀਵਨੀ ਵਿਚ ਇਸ ਨੂੰ ਹਰ ਹਾਲਤ ਵਿਚ ਕਾਇਮ ਰੱਖਿਆ ਜਾਂਦਾ ਹੈ। ਆਤਮ ਸੰਸਮਰਣ ਵਿਚ ਕੋਈ ਜੋੜ-ਜੋੜਨ ਦੀ ਲੋੜ ਨਹੀਂ ਪੈਂਦੀ ਜਦੋਂ ਕਿ ਸਵੈ ਜੀਵਨੀ ਵਿਚ ਪੇਸ਼ ਤੱਥਾਂ-ਘਟਨਾਵਾਂ ਆਦਿ ਵਿਚ ਸੰਖੇਪ ਜਾਂ ਵਿਸਥਾਰ ਵਿਚ ਸੰਬੰਧ ਕਾਇਮ ਕਰਨਾ ਹੁੰਦਾ ਹੈ। ਇਸੇ ਕਰਕੇ ਕਈ ਵਿਦਵਾਨ ਆਤਮ-ਸੰਸਮਰਣ ਨੂੰ ਗੈਰ ਨਿਯਮਤ ਸਵੈ-ਜੀਵਨੀ ਸਮਝਦੇ ਹਨ।

"ਸੰਸਮਰਣ ਆਮ ਤੌਰ ਤੇ ਇਕ ਗੈਰ ਨਿਯਮਤ ਜਿਹੀ ਸਵੈ-ਜੀਵਨੀ ਹੁੰਦੀ ਹੈ ਜਿਹੜੀ ਪੂਰਨਤਾ ਲਈ ਕੋਈ ਯਤਨ ਨਹੀਂ ਕਰਦੀ ਅਤੇ ਜਿਹੜੀ ਮੁੱਖ ਰੂਪ ਵਿਚ ਲੇਖਕ ਦੇ ਜੀਵਨ ਦੇ ਵਿਚਲੇ ਹਾਦਸਿਆਂ ਨਾਲ ਸੰਬੰਧਿਤ ਹੁੰਦੀ ਹੈ।"[55]

ਆਤਮ ਸੰਸਮਰਣਕਾਰ ਭਾਵੇਂ ਸਵੈ-ਬਾਰੇ ਲਿਖਦਾ ਹੈ ਪਰ ਫਿਰ ਵੀ ਤੱਥਾਂ ਜਾਂ ਘਟਨਾਵਾਂ ਦੇ ਬਾਹਰੀ ਪੱਖ ਵੱਲ ਧਿਆਨ ਦਿੰਦਾ ਹੈ। ਇਸ ਪੱਖੋਂ ਸਵੈ-ਜੀਵਨੀਕਾਰ ਅੰਦਰੂਨੀ ਪੱਖ ਤੇ ਬਹੁਤਾ ਜੋਰ ਦਿੰਦਾ ਹੈ। ਆਤਮ-ਸੰਸਮਰਣਕਾਰ ਦਾ ਕੰਮ ਸਵੈ-ਜੀਵਨੀਕਾਰ ਨਾਲੋਂ ਸੌਖਾ ਹੁੰਦਾ ਹੈ ਕਿਉਂਕਿ ਉਹ ਉਨ੍ਹਾਂ ਘਟਨਾਵਾਂ ਦਾ ਜ਼ਿਕਰ ਕਰਨ ਲਈ ਸੁਤੰਤਰ ਹੁੰਦਾ ਹੈ ਜਿਨ੍ਹਾਂ ਨੂੰ ਉਹ ਸਾਰਿਆਂ ਦੇ

ਸਾਹਮਣੇ ਸੌਖੀ ਤਰ੍ਹਾਂ ਨਾਲ ਪੇਸ਼ ਕਰ ਸਕਦਾ ਹੋਵੇ ਜਦੋਂ ਕਿ ਸਵੈ ਜੀਵਨੀਕਾਰ ਲਈ ਚੰਗੀਆਂ-ਮਾੜੀਆਂ ਸਭ ਤਰ੍ਹਾਂ ਦੀਆਂ ਘਟਨਾਵਾਂ ਦਾ ਵਰਣਨ ਜ਼ਰੂਰੀ ਹੁੰਦਾ ਹੈ।

ਇਸ ਕਰਕੇ ਆਤਮ ਸੰਸਮਰਣ ਤੇ ਸਵੈਜੀਵਨੀਕਾਰ ਵਿਚ ਸਪੱਸ਼ਟ ਅੰਤਰ ਹਨ। ਆਤਮ ਸੰਸਮਰਣ ਸਵੈ-ਜੀਵਨੀ ਦਾ ਅੰਗ ਬਣ ਕੇ ਤਾਂ ਆ ਸਕਦਾ ਹੈ ਪਰ ਇਹ ਆਪਣੇ ਆਪ ਵਿਚ ਸੁਤੰਤਰ ਵਿਧਾ ਵੀ ਹੈ ਕਿਉਂਕਿ ਬਾਰੀਕੀ ਨਾਲ ਵੇਖਿਆਂ ਇਨ੍ਹਾਂ ਦੇ ਅੰਤਰ ਸਪੱਸ਼ਟ ਹੋ ਜਾਂਦੇ ਹਨ।

ਸੰਸਮਰਣ ਤੇ ਜੀਵਨੀ ਵਿਚ ਵੀ ਕੁਝ ਸਾਹਿਤ-ਸ਼ਾਸਤ੍ਰੀਆਂ ਨੇ ਸਮਾਨਤਾਵਾਂ ਲੱਭਣ ਦਾ ਯਤਨ ਕੀਤਾ ਹੈ ਜਿਵੇਂ ਡਾ. ਯਸ਼ਪਾਲ ਨੇ ਸੰਸਮਰਣ ਨੂੰ ਜੀਵਨੀ ਵਿਧਾ ਦਾ ਹੀ ਇਕ ਰੂਪ ਮੰਨਿਆ ਹੈ। ਇਹ ਸ਼ਾਇਦ ਇਸ ਕਰਕੇ ਕਿਉਂਕਿ ਦੋਵਾਂ ਵਿਚ ਵਸਤੂਗਤ ਅਧਾਰ ਬੀਤਿਆ ਹੋਇਆ ਜੀਵਨ ਹੁੰਦਾ ਹੈ। ਅਸਲ ਵਿਚ ਸਮਾਨਤਾਵਾਂ ਨਾਲੋਂ ਇਨ੍ਹਾਂ ਵਿਚ ਅੰਤਰ ਜ਼ਿਆਦਾ ਹਨ।

**ਸੰਸਮਰਣ-ਜੀਵਨੀ:**

ਜੀਵਨੀ ਆਮ ਤੌਰ ਤੇ ਸ਼ਰਧਾਮਈ ਦ੍ਰਿਸ਼ਟੀਕੋਣ ਤੋਂ ਲਿਖੀ ਜਾਂਦੀ ਹੈ ਪਰ ਸੰਸਮਰਣ ਵਿਚ ਅਜਿਹੇ ਨਜ਼ਰੀਏ ਦੀ ਜ਼ਰੂਰਤ ਨਹੀਂ ਹੁੰਦੀ। ਸੰਸਮਰਣ ਜੀਵਨੀ ਲਈ ਸਮੱਗਰੀ ਪ੍ਰਦਾਨ ਕਰਦਾ ਹੈ ਪਰ ਜੀਵਨੀ ਸੰਸਮਰਣ ਲਈ ਅਜਿਹਾ ਨਹੀਂ ਕਰ ਸਕਦੀ। ਸੰਸਮਰਣ ਵਿਚ ਜੀਵਨੀ ਦੇ ਮੁਕਾਬਲੇ ਤਥਾਤਮਕ ਘੱਟ ਹੁੰਦਾ ਹੈ। ਸੰਸਮਰਣਕਾਰ ਇਤਿਹਾਸਕਾਰ ਹੋਣ ਨਾਲੋਂ ਸਾਹਿਤਕਾਰ ਪਹਿਲਾਂ ਹੁੰਦਾ ਹੈ ਪਰ ਜੀਵਨੀਕਾਰ ਸਾਹਿਤਕਾਰ ਨਾਲੋਂ ਇਤਿਹਾਸਕਾਰ ਵੱਧ ਹੁੰਦਾ ਹੈ। ਸੰਸਮਰਣ ਵਿਚ ਲੇਖਕ ਦੇ ਜੀਵਨ ਦੇ ਭਾਵਮਈ ਵਿਅਕਤਿਤਵ ਦੀ ਗਹਿਰੀ ਛਾਪ ਹੁੰਦੀ ਹੈ। ਪਰ ਜੀਵਨੀਕਾਰ ਦੀ ਜੀਵਨੀ ਉਤੇ ਅਜਿਹਾ ਪ੍ਰਭਾਵ ਨਹੀਂ ਹੁੰਦਾ, ਇਸ ਤੋਂ ਬਿਨਾਂ ਇਨ੍ਹਾਂ ਦੇ, ਪ੍ਰਸਤੁਤੀਕਰਣ ਵਿਚ ਉਹੀ ਅੰਤਰ ਹਨ ਜਿਹੜੇ ਆਤਮ ਸੰਸਮਰਣ ਤੇ ਸਵੈ-ਜੀਵਨੀ ਵਿਚ ਵੇਖ ਚੁੱਕੇ ਹਾਂ।

**ਸੰਸਮਰਣ - ਰੇਖਾ ਚਿੱਤਰ :**

ਸੰਸਮਰਣ ਤੇ ਰੇਖਾ ਚਿੱਤਰ ਵਿਚਕਾਰ ਵੰਡ ਦੀ ਰੇਖਾ ਵੀ ਬਹੁਤ ਸੂਖਮ ਤੇ ਬਾਰੀਕ ਹੈ। ਕਈ ਵਾਰ ਇਨ੍ਹਾਂ ਦੋਹਾਂ ਵਿਚ ਐਨੀ ਸਮਰੂਪਤਾ ਮਿਲਦੀ ਹੈ ਕਿ ਨਿਖੇੜਾ ਕਰਨਾ ਔਖਾ ਲੱਗਦਾ ਹੈ।

ਹਿੰਦੀ ਦੇ ਬਹੁਤੇ ਲਿਖਾਰੀਆਂ ਨੇ ਇਨ੍ਹਾਂ ਨੂੰ ਇਕ ਹੀ ਰੂਪ ਮੰਨਿਆ ਹੈ। ਡਾ. ਰਾਮ ਗੋਪਾਲ ਜੀ ਦੇ ਕਥਨਾਂ ਅਨੁਸਾਰ:

> "ਕਿੰਤੂ ਦੋਨੋਂ ਕਾ ਏਕ ਭੇਦਕ ਤਤਵ ਹੈ ਕਿ ਰੇਖਾ ਚਿਤਰ ਮੈਂ ਵਿਸ਼ਯ ਕੇ ਸਾਥ ਲੇਖਕ ਕਾ ਹਾਰਦਿਕ ਲਗਾਵ ਨਹੀਂ ਹੋਤਾ, ਜਬਕਿ ਸੰਸਮਰਣ ਮੈਂ ਵਿਸ਼ਯ ਕੇ ਸਾਥ ਏਸਾ ਹਾਰਦਿਕ ਲਗਾਵ ਹੋਤਾ ਹੈ ਕਿ ਲੇਖਕ ਸਵਯੰ ਉਸ ਕਾ ਏਕ ਪਾਤਰ ਬਨ ਜਾਤਾ ਹੈ।"[56]

**ਸੰਸਮਰਣ-ਡਾਇਰੀ:**

ਸੰਸਮਰਣ ਤੇ ਡਾਇਰੀ ਵਿਚ ਵੀ ਨਿੱਜਤਵ ਦੀ ਪ੍ਰਮੁੱਖਤਾ ਹੰਦੀ ਹੈ। ਇਸ ਕਰਕੇ ਇਨ੍ਹਾਂ ਨੂੰ ਵੀ ਤੁਲਨਾਤਮਕ ਦ੍ਰਿਸ਼ਟੀ ਤੋਂ ਵਾਚਣਾ ਲਾਹੇਵੰਦ ਰਹੇਗਾ। ਡਾਇਰੀ ਅੰਗਰੇਜ਼ੀ ਦਾ ਸ਼ਬਦ ਹੈ ਜਿਹੜਾ ਲਾਤੀਨੀ ਭਾਸ਼ਾ ਦੇ ਸ਼ਬਦ 'ਡਾਇਸ' (Dias) ਤੋਂ ਨਿਕਲਿਆ ਹੈ। ਇਸ ਦਾ ਸ਼ਾਬਦਕ ਅਰਥ 'ਰੋਜ਼ਾਨਾ' ਨਿਕਲਦਾ ਹੈ। ਕਿਸੇ ਸਮੇਂ ਡਾਇਰੀ ਬਿਲਕੁਲ ਨਿੱਜੀ ਦਸਤਾਵੇਜ਼ ਹੁੰਦੀ ਸੀ ਪਰ ਹੁਣ ਇਹ ਇਕ ਵਾਰਤਕ ਵਿਧਾ ਦੇ ਤੌਰ ਤੇ ਵਿਕਸਿਤ ਹੋ ਚੁੱਕੀ ਹੈ। ਕੋਈ ਵਿਅਕਤੀ ਜਦੋਂ ਆਪਣੇ ਜੀਵਨ ਵਿਚ ਵਾਪਰੀਆਂ, ਵੇਖੀਆਂ-ਸੁਣੀਆਂ, ਸੋਚੀਆਂ-ਸਮਝੀਆਂ ਗੱਲਾਂ ਜਾਂ ਘਟਨਾਵਾਂ ਨੂੰ ਤਿਥਾਂ ਸਮੇਤ ਉਲੀਕਦਾ ਹੈ ਤਾਂ ਡਾਇਰੀ ਰੂਪ ਦੀ ਰਚਨਾ ਹੁੰਦੀ ਹੈ।

ਸੰਸਮਰਣ ਤੇ ਡਾਇਰੀ ਦੋਵਾਂ ਵਿਚ ਭਾਵੇਂ ਲੇਖਕ ਦੇ ਸਵੈ ਦੀ ਪ੍ਰਮੁੱਖਤਾ ਹੁੰਦੀ ਹੈ ਪਰ ਫਿਰ ਵੀ ਇਨ੍ਹਾਂ ਵਿਚ ਕਈ ਤਰ੍ਹਾਂ ਦੀਆਂ ਭਿੰਨਤਾਵਾਂ ਮਿਲਦੀਆਂ ਹਨ। ਸੰਸਮਰਣ ਵਿਚ ਉਨ੍ਹਾਂ ਘਟਨਾਵਾਂ, ਵੇਰਵਿਆਂ ਜਾਂ ਤੱਥਾਂ ਦਾ ਹੀ ਵਰਣਨ ਕੀਤਾ ਜਾਂਦਾ ਹੈ, ਜਿਹੜੇ ਲੇਖਕ ਉਪਰ ਕਿਸੇ ਸਮੇਂ ਐਨਾ ਡੂੰਘਾ ਪ੍ਰਭਾਵ ਪਾਉਂਦੇ ਹਨ ਕਿ ਇਹ ਸਦਾ ਲਈ ਯਾਦਾਂ ਬਣ ਕੇ ਉਸਦੀ ਮਾਨਸਕ ਦੁਨੀਆਂ ਦਾ ਅੰਗ ਬਣ ਬੈਠਦੇ ਹਨ। ਇਸ ਦੇ ਮੁਕਾਬਲੇ ਡਾਇਰੀ ਵਿਚ ਜੀਵਨ ਵਿਚ ਪੇਸ਼ ਆਈਆਂ ਸਾਰੀਆਂ ਘਟਨਾਵਾਂ ਨੂੰ ਬਿਆਨਿਆ ਜਾਂਦਾ ਹੈ। ਸੰਸਮਰਣ ਵਿਚ ਜੀਵਨ ਦੇ ਕੁਝ ਪੱਖ ਹੀ ਉਘੜੇ ਹੁੰਦੇ ਹਨ ਜਦੋਂ ਕਿ ਡਾਇਰੀ ਜੀਵਨ ਦੇ ਸਮੁੱਚੇ ਪੱਖਾਂ ਨਾਲ ਸੰਬੰਧਿਤ ਹੰਦੀ ਹੈ। ਇਸ

ਕਰਕੇ ਸੰਸਮਰਣ ਦੇ ਮੁਕਾਬਲੇ ਡਾਇਰੀ ਦਾ ਕੈਨਵਸ ਜ਼ਿਆਦਾ ਵਿਸ਼ਾਲ ਹੁੰਦਾ ਹੈ। ਸੰਸਮਰਣ ਵਿਚ ਲੇਖਕ ਉਨ੍ਹਾਂ ਯਾਦਾਂ ਨੂੰ ਹੀ ਬਿਆਨਦਾ ਹੈ ਜਿਨ੍ਹਾਂ ਦੇ ਸੰਬੰਧ ਵਿਚ ਉਸ ਨੂੰ ਕੋਈ ਹਿਚਕਿਚਾਹਟ ਨਾ ਹੋਵੇ। ਪਰ ਡਾਇਰੀ ਲੇਖਕ ਆਪਣੇ ਜੀਵਨ ਦੇ ਕਮਜ਼ੋਰ ਜਾਂ ਘਟੀਆ ਪੱਖਾਂ ਨੂੰ ਬਿਆਨਦਾ ਹੈ ਜਿਸ ਕਰਕੇ ਸੰਸਮਰਣ ਦੇ ਮੁਕਾਬਲੇ ਡਾਇਰੀ ਵਿਚ ਸਵੈ-ਪੜਚੋਲ ਦੇ ਅੰਸ਼ ਵੱਧ ਹੁੰਦੇ ਹਨ। ਸੰਸਮਰਣਕਾਰ ਸੰਸਮਰਣ ਦੀ ਬਣਤਰ ਪ੍ਰਤਿ ਸੁਚੇਤ ਹੁੰਦਾ ਹੈ ਪਰ ਡਾਇਰੀ ਲੇਖਕ ਇਸ ਸੰਬੰਧ ਵਿਚ ਲਾਪ੍ਰਵਾਹੀ ਵਰਤਦਾ ਹੈ।

ਇਸ ਖੋਜ-ਪ੍ਰਬੰਧ ਵਿਚ ਪੰਜਾਬੀ ਵਾਰਤਕ ਸਾਹਿਤ ਵਿਚ ਸੰਸਮਰਣ ਨੂੰ ਚਰਚਾ ਦਾ ਆਧਾਰ ਬਣਾਇਆ ਗਿਆ ਹੈ। ਇਸ ਵਿਚ ਸੰਸਮਰਣ ਦੇ ਸ਼ਾਬਦਿਕ ਅਰਥਾਂ ਦਾ ਵਿਸ਼ਲੇਸ਼ਣ ਕਰਦਿਆ ਹੋਇਆਂ ਇਸ ਦੇ ਸੰਬੰਧ ਵਿਚ ਸਾਹਿਤ ਸ਼ਾਸਤ੍ਰੀਆਂ ਦੀਆਂ ਦਿੱਤੀਆ ਰਾਵਾਂ ਨੂੰ ਘੋਖਿਆ ਹੈ ਅਤੇ ਇਨ੍ਹਾਂ ਵਿਚੋਂ ਹੀ ਇਸ ਦੇ ਮਹੱਤਵਪੂਰਨ ਲੱਛਣ ਪਛਾਣਨ ਦਾ ਉਪਰਾਲਾ ਕੀਤਾ ਗਿਆ ਹੈ। ਅੱਗੇ ਅਸੀਂ ਨਾਮਧਾਰੀ ਵਾਰਤਕ ਦੇ ਵਿਚ ਅਧੀਨ ਰਚੇ ਗਏ ਸੰਸਮਰਣ ਸਾਹਿਤ ਦੀ ਚਰਚਾ ਕਰਾਂਗੇ।

ਸੰਸਮਰਣ ਦੇ ਖੇਤਰ ਵਿਚ ਤਰਨ ਸਿੰਘ ਵਹਿਮੀ ਜੀ ਦਾ ਨਾਂ ਵਿਸ਼ੇਸ਼ ਤੌਰ ਤੇ ਲਿਆ ਜਾ ਸਕਦਾ ਹੈ। ਉਹ ਪਿੰਡ ਹਿੰਦੂ ਚੱਕ ਜ਼ਿਲਾ ਗੁਜਰਾਂਵਾਲਾ ਦੇ ਜੰਮਪਲ ਸਨ ਅਤੇ ਪਿਛੋਂ ਸ੍ਰੀ ਜੀਵਨ ਨਗਰ ਦੇ ਇਲਾਕੇ ਪਿੰਡ ਬੁੱਢੀ ਮਾੜੀ ਵਿਚ ਨਿਵਾਸ ਰੱਖਦੇ ਰਹੇ। ਆਪ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਵਿਰੋਸਾਏ ਹੋਏ ਅਤੇ ਉਨ੍ਹਾਂ ਦੇ ਨਿਕਟਵਰਤੀ ਵਿਚਰਨ ਵਾਲੇ ਲੇਖਕਾਂ ਵਿਚੋਂ ਸਨ। ਕਵਿਤਾ ਅਤੇ ਵਾਰਤਕ ਦੋਹਾਂ ਉਤੇ ਹੀ ਉਨ੍ਹਾਂ ਦਾ ਪੂਰਨ ਅਧਿਕਾਰ ਸੀ। ਆਪ ਜੀ ਦੀ ਨਾਮਧਾਰੀ ਮਤ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਸਮਾਚਾਰਾਂ ਬਾਰੇ ਖੋਜ ਤੇ ਇਕੱਤਰ ਕੀਤੇ ਗਏ ਵੇਰਵਿਆਂ ਦੇ ਆਧਾਰ ਤੇ ਉਨ੍ਹਾਂ ਨੂੰ ਸਹਿਜੇ ਹੀ ਨਾਮਧਾਰੀ ਇਤਿਹਾਸ ਦੇ ਪ੍ਰਮੁੱਖ ਖੋਜੀ ਅਤੇ ਸਮਕਾਲੀ ਘਟਨਾਵਾਂ ਦਾ ਤਜ਼ਕਰਾ-ਨਵੀਸ ਜਾਂ ਸਮਕਾਲੀ ਸਾਖੀਕਾਰ ਮੰਨਿਆ ਜਾ ਸਕਦਾ ਹੈ। ਇਕ ਸਾਹਿਤਕਾਰ ਦੇ ਤੌਰ ਤੇ ਇਨ੍ਹਾਂ ਨੇ 'ਨਦੇੜੋਂ ਬਾਦ ਦਸਮ ਗੁਰ ਦਰਸ਼ਨ' ਵਿਚ ਥਾਂ ਪੁਰ ਥਾਂ ਇਤਿਹਾਸਕ ਪ੍ਰਮਾਣਾਂ ਦੁਆਰਾ ਨਾਮਧਾਰੀ ਗੁਰ ਮਰਿਯਾਦਾ ਦੀ ਪੁਸ਼ਟੀ ਕੀਤੀ ਹੈ। 'ਅੱਖੀਆਂ' ਨਾਂ ਦੀ ਪੁਸਤਕ ਵਿਚ ਉਨ੍ਹਾਂ ਨੇ ਅੱਖੀਆਂ ਦੇ ਰਦੀਫ਼ ਦੀ ਪੁਨਰ ਅਵਿਤਰੀ ਦੁਆਰਾ ਆਪਣੇ ਕਾਵਿ

ਗੁਰੂ ਹਰਨਾਮ ਸਿੰਘ ਆਰਫ਼ ਦੀ ਪਿਰਤ ਨੂੰ ਅੱਗੇ ਤੋਰਿਆ ਹੈ, ਜਿਨ੍ਹਾਂ ਦੀ ਪੁਸਤਕ 'ਦ੍ਰਿਗ ਸਤੋਤਰ' ਵਿਚ ਵੀ ਅੱਖੀਆਂ ਦੇ ਰਦੀਫ਼ ਨੂੰ ਹੀ ਲੰਮੇਰੀ ਕਾਵਿ ਰਚਨਾ ਦੁਆਰਾ ਬੈਂਤਾਂ ਵਿਚ ਨਿਭਾਇਆ ਹੈ। 'ਪ੍ਰੇਮ ਅੱਖਰ' ਵਿਚ ਉਨ੍ਹਾਂ ਨੇ ਸੰਸਾਰਕ ਗਿਆਨ ਅਤੇ ਅਧਿਆਤਮਕ ਆਦਰਸ਼ਾਂ ਨੂੰ ਕਈ ਸੌ ਪੰਗਤੀਆਂ ਵਿਚ ਕਲਮਬੱਧ ਕੀਤਾ ਹੈ।

ਖੋਜ-ਪ੍ਰਬੰਧ ਦੇ ਸੰਬੰਧ ਵਿਚ ਉਨ੍ਹਾਂ ਦੀ ਪੁਸਤਕ 'ਜੱਸ ਜੀਵਨ' (ਛੇ-ਭਾਗ) ਨੂੰ ਆਧਾਰ ਬਣਾਇਆ ਜਾ ਸਕਦਾ ਹੈ। ਇਸ ਪੁਸਤਕ ਵਿਚ ਉਨ੍ਹਾਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੁੱਚੇ ਜੀਵਨ ਸਮਾਚਾਰਾਂ ਨੂੰ ਕਾਲਕ੍ਰਮ ਅਨੁਸਾਰ ਬੜੇ ਸੋਹਣੇ ਢੰਗ ਨਾਲ ਹਰਫ਼ਾਂ ਰਾਹੀਂ ਅਲੰਕ੍ਰਿਤ ਕੀਤਾ ਹੈ। ਇਸ ਪੁਸਤਕ ਦੀ ਸ਼੍ਰੇਸ਼ਟਤਾ ਕਾਰਣ ਨਾਮਧਾਰੀ ਸਮਾਜ ਵਿਚ ਇਸ ਨੂੰ ਬੜਾ ਸਨਮਾਨ ਪ੍ਰਾਪਤ ਹੈ। ਇਹ ਪੁਸਤਕ ਬਹੁਰੂਪੀ ਹੈ। ਇਹ ਆਪਣੇ ਆਪ ਵਿਚ ਜਨਮਸਾਖੀ ਵੀ ਹੈ, ਸਫ਼ਰਨਾਮਾ ਵੀ ਕਹੀ ਜਾ ਸਕਦੀ ਹੈ ਅਤੇ ਸੰਸਮਰਣ ਵੀ। ਇੱਥੇ ਅਸੀਂ ਇਸ ਨੂੰ ਸੰਸਮਰਣ ਦੇ ਰੂਪ ਵਿਚ ਅਧਿਐਨ ਕਰ ਰਹੇ ਹਾਂ:-

ਜੱਸ ਜੀਵਨ ਵਿਚ 1889 ਤੋਂ ਲੈ ਕੇ 1959 ਈ. ਤੱਕ ਦੇ ਨਾਮਧਾਰੀ ਪੰਥ ਦੀਆਂ ਯਾਦਾਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਗ੍ਰੰਥ ਵਿਚ ਉਦੋਂ ਦੇ ਹਾਲਾਤਾਂ ਤੇ ਵਿਸਤ੍ਰਿਤ ਝਾਤ ਪਾਈ ਗਈ ਹੈ। ਸ੍ਰੀ ਸਵਰਨ ਸਿੰਘ ਵਿਰਕ ਅਨੁਸਾਰ:

'ਜੱਸ ਜੀਵਨ' ਵਿਚ ਬਿਕਰਮੀ 1946 ਤੋਂ 2016 ਬਿਕਰਮੀ (1889-1959 ਈ.) ਤੱਕ ਸੱਤ ਦਹਾਕਿਆਂ ਦਾ ਨਾਮਧਾਰੀ ਜਗਤ ਦਾ ਇਤਿਹਾਸ, ਸਮਾਜਕ, ਰਾਜਨੀਤਿਕ, ਆਰਥਕ ਤੇ ਅਧਿਆਤਮਕ ਸਰਵੇਖਣ ਕਰਨ ਵਾਲਿਆਂ ਲਈ ਬੇ-ਕੀਮਤੀ ਖ਼ਜਾਨਾ ਭਰਿਆ ਪਿਆ ਹੈ। ਸ੍ਰੀ ਕ੍ਰਿਪਾਲ ਸਿੰਘ ਕਸੇਲ ਤਾਂ ਜੱਸ-ਜੀਵਨ ਨੂੰ ਨਾਮਧਾਰੀ ਪੰਥ ਦਾ 'ਗਿਆਨਕੋਸ਼' ਕਹਿੰਦੇ ਹਨ ਤੇ ਨਾਮਧਾਰੀ ਦਰਬਾਰ ਦੇ ਸਕੱਤਰ ਹਰਵਿੰਦਰ ਸਿੰਘ ਹੰਸਪਾਲ ਲਿਖਦੇ ਹਨ:

> "ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਸਾਖੀਆਂ ਤੇ ਤੱਥ ਸੰਭਾਲਣ ਵਾਲਿਆਂ ਸਮਕਾਲੀ ਲੇਖਕਾਂ ਵਿਚੋਂ ਸੰਤ ਤਰਨ ਸਿੰਘ ਵਹਿਮੀ ਸਿਰਮੌਰ ਹਨ।"[57]

ਜੱਸ ਜੀਵਨ ਵਿਚ ਸੰਤ ਤਰਨ ਸਿੰਘ ਵਹਿਮੀ ਜੀ ਨੇ ਅਥਾਹ ਸ਼ਰਧਾ ਨਾਲ ਆਪਣੇ ਇਸ਼ਟ ਦੀ ਅਰਾਧਨਾ ਕਰਦਿਆਂ ਗੁਰੂ ਦਾ ਜੱਸ ਹੀ ਪੇਸ਼ ਕੀਤਾ ਹੈ। ਸਾਧਾਰਨ ਤੇ ਠੇਠ ਸ਼ਰਧਾਮਈ ਸ਼ੈਲੀ ਵਿਚ ਉਹਨਾਂ ਹਰ ਤੱਥ ਦੀ ਤਹਿ ਤੱਕ ਜਾ ਕੇ ਸੱਚਾਈ ਨੂੰ ਪ੍ਰਾਪਤ ਕੀਤਾ ਹੈ। ਇਕ ਇਕ ਸਤਰ ਵਿਚ ਸਤਿਗੁਰੂ ਜੀ ਦੀ ਯਾਦ ਨੂੰ ਤਾਜ਼ਾ ਕੀਤਾ ਹੈ। ਉਦਾਹਰਣ ਵਜੋਂ

> "19 ਕੱਤਕ ਸਤਿਗੁਰੂ ਜੀ ਅੰਮ੍ਰਿਤਸਰ ਦੀਪਮਾਲਾ ਤੇ ਦਰਸਨਿ ਦਿੱਤੇ। ਅਕਾਲੀ ਵੋਟਾਂ ਮੰਗਣ ਲਈ ਆ ਹਾਜ਼ਰ ਹੋਏ। ਸਤਿਗੁਰੂ ਜੀ ਉੱਤਰ ਦਿੱਤਾ "ਅਸੀਂ ਜਵਾਹਰ ਲਾਲ ਤੇ ਕਾਂਗਰਸ ਨਾਲ ਮਤਾ ਰੱਖਦੇ ਹਾਂ। ਤੁਸਾਂ ਨਾਲ ਨਹੀਂ ਰਲ ਤੁਰ ਸਕਦੇ।" ਇਕ ਨੇ ਕਿਹਾ, ਅਸੀਂ ਤੁਸੀਂ ਸਿੱਖ ਹਾਂ। ਸਤਿਗੁਰੂ ਜੀ ਉੱਤਰ ਦਿੱਤਾ, ਤੁਸੀਂ ਮਤਲਬ ਕੱਢ ਕੇ ਜਬਾਨੋ ਬਦਲ ਜਾਂਦੇ ਹੋ। ਆਪਣੇ ਮਨੋ ਸਾਨੂੰ ਮਾੜਾ ਸਮਝਦੇ ਹੋ, ਹੰਕਾਰ ਕਰਦੇ ਹੋ ਤੇ ਲਿਖਦੇ ਭੀ ਸਾਡੇ ਖ਼ਿਲਾਫ ਹੋ। ਸੁਣ ਸਭ ਚੁਪ ਕਰ ਕੇ ਚਲੇ ਗਏ।"[58]

ਇਸ ਤਰ੍ਹਾਂ ਸਰਲ ਤੇ ਸਪੱਸ਼ਟ ਜਿਹੀ ਸ਼ੈਲੀ ਵਿਚ ਉਨ੍ਹਾਂ ਨੇ ਸਤਿਗੁਰੂ ਜੀ ਦੇ ਪਲਾਂ ਨੂੰ ਬੜੇ ਖ਼ੂਬਸੂਰਤ ਅੰਦਾਜ਼ ਵਿਚ ਕਲਮਬੱਧ ਕਰਕੇ ਆਪਣੀ ਵਿਦਵਤਾ, ਗਿਆਨ, ਸੂਝ-ਬੂਝ ਤੇ ਸ਼ਰਧਾ ਦਾ ਵੀ ਸਬੂਤ ਦਿੱਤਾ ਹੈ।

ਇਕ ਮਹਾਨ ਲੇਖਕ ਉਹੀ ਹੁੰਦਾ ਹੈ ਜਿਸ ਦੀਆਂ ਲਿਖਤਾਂ ਯਥਾਰਥਕ ਹੋਣ, ਨਿਰਪੱਖਤਾ ਤੋਂ ਦੂਰ, ਜੱਸ ਜੀਵਨ ਵਿਚ ਭਾਵੇਂ ਲੇਖਕ ਨੇ ਨਾਮਧਾਰੀ ਗੁਰੂ ਜੱਸ ਨੂੰ ਹੀ ਪੇਸ਼ ਕੀਤਾ ਹੈ ਪਰੰਤੂ ਨਿਰਪੱਖ ਰੂਪ ਵਿਚ ਇਸ ਤਰ੍ਹਾਂ ਨਹੀਂ ਹੋਇਆ ਕਿ ਉਹ ਕਿਸੇ ਦੂਸਰੇ ਨੂੰ ਨੀਵਾਂ ਦਿਖਾ ਕੇ ਆਪਣੇ ਪੰਥ ਨੂੰ ਉੱਚਾ ਦਿਖਾਉਣ ਦੇ ਯਤਨ ਵਿਚ ਹੋਣ।

ਦੂਸਰੀ ਮਿਸਾਲਃ-

"ਗੁਰੂ ਜੀ ਦੀ ਦੇਹ ਢਿਲੀ ਰਹਿੰਦੀ ਸੀ। ਗੁਰੂ ਜੀ ਕਿਹਾ, ਜਿਉਣ ਕੌਰੇ! ਗੁਰਦੇਈ ਫੁਲਕੇ ਜਿਹੇ ਬਨਾਏ ਕੇ ਲਿਔਂਦੀ ਹੈ। ਤੂੰ ਮੋਟਾ ਜਿਹਾ ਪ੍ਰਸਾਦਾ ਬਨਾਏ ਲਿਆਇਆ ਕਰ, ਦਸ ਦਿਨ ਛਕਣਾ ਹੈ।"

"ਅੱਠ ਦਿਨ ਅਗਾਊਂ ਅਵਾਜਾ ਕੀਤਾ ਅੱਧੀ ਰਾਤ ਦੇ ਸਮੇਂ, ਕੋਈ ਹੈ ਜਾਗਦਾ। ਨਰੈਣ ਸਿੰਘ ਨੇ ਕਿਹਾ, ਹੈਣ ਤਾਂ ਸਹੀ ਪਰ ਬਰਾਜੇ ਹੋਏ ਹੈਨ। ਮਹਾਰਾਜ ਜੀ ਬਚਨ ਕੀਤਾ, ਅਸੀਂ ਤੈਨੂੰ ਕਿਹਾ ਹੈ ਨਾ, ਨਾ ਦੱਸੀਂ ਕਿਸੇ ਨੂੰ! ਅਸਾਂ ਅੱਠਵੇਂ ਦਿਨ ਨੂੰ ਚੜ੍ਹਾਈ ਕਰ ਜਾਣੀ ਹੈ। ਸਾਡੇ ਚੜ੍ਹੇ ਥੀਂ ਮਗਰੋਂ ਦੱਸੀਂ।"

"ਮਾਈ ਜੀਉਣ ਕੌਰ ਜੀ ਪੁੱਛਿਆ ਭਾਈ ਜੀ ਤੁਹਾਡਾ ਸਰੀਰ ਸੁਕਦਾ ਕਿਉਂ ਜਾਂਦਾ ਹੈ। ਕਹੇ ਤੇ ਨਾ ਕਿ ਮਹਾਰਾਜ ਜੀ ਇਉਂ ਕਿਹਾ ਹੈ, ਪਰ ਰੋਣ ਲਗ ਪਏ।"

"ਚੜ੍ਹਾਈ ਥੀਂ ਤਿੰਨ ਦਿਨ ਅਗਾਊ ਖੇਮ ਕੌਰ ਨੂੰ ਮਹਾਰਾਜ ਜੀ ਬਚਨ ਕੀਤਾ, ਪਰਤਾਪ ਸਿੰਘ ਨੂੰ ਸਦ ਲੈ ਆਉ। ਆਏ ਕੇ ਮਥਾ ਟੇਕਿਆ, ਜੀ ਕੀ ਹੁਕਮ ਹੈ? ਮਹਾਰਾਜ ਜੀ ਬਚਨ ਕੀਤਾ, ਹੁਣ ਤੂੰ ਸਾਂਭਿਆ ਕਰ ਸਭ ਕੰਮ ਕਰਵਾਣ ਵਾਲਿਆਂ ਨੂੰ ਭੀ ਤੂੰ ਹੀ ਕਿਹਾ ਕਰ।"[59]

ਇਸ ਤਰ੍ਹਾਂ ਨਾਮਧਾਰੀ ਵਾਰਤਕ ਵਿੱਚ ਜੋ ਵੀ ਸੰਸਮਰਣ ਲਿਖੇ ਗਏ ਮਿਲਦੇ ਹਨ ਉਹ ਰੂਪਕ ਅਤੇ ਵਿਸ਼ਿਆਂ ਦੇ ਪੱਖ ਤੋਂ ਆਪਣੇ ਆਪ ਵਿਚ ਸੰਪੂਰਨ ਮੰਨੇ ਜਾ ਸਕਦੇ ਹਨ। ਭਾਵੇਂ ਵਿਆਕਰਨਿਕ ਪੱਖੋਂ ਇਨ੍ਹਾਂ ਵਿੱਚ ਕਈ ਊਣਤਾਈਆਂ ਹਨ, ਪਰੰਤੂ ਫਿਰ ਵੀ ਲੇਖਣੀ ਪੱਖੋਂ ਇਹ ਕਾਫ਼ੀ ਹੱਦ ਤੱਕ ਚੰਗੀ ਰਚਨਾ ਵਿਚ ਵੀ ਗਿਣੇ ਜਾ ਸਕਦੇ ਹਨ। ਗਿਣਾਤਮਕ ਪਖੋਂ ਬਹੁਤੇ ਨਾ ਹੁੰਦੇ ਹੋਏ ਵੀ ਸੰਸਮਰਣ ਦੇ ਖੇਤਰ ਵਿਚ ਇਹ ਆਪਣੇ ਸਥਾਨ ਰੱਖਦੇ ਹਨ।

## ਹਵਾਲੇ ਅਤੇ ਟਿੱਪਣੀਆਂ

1. ਮਹਾਰਾਜ ਬੀਰ ਸਿੰਘ, ***ਜੁਗ ਪਲਟਾਊ ਸਤਿਗੁਰੂ*** - ਭੂਮਿਕਾ, ਪੰ. ਗ
2. ਉਹੀ, ਪੰ. 82
3. ਸੰਤ ਨਿਧਾਨ ਸਿੰਘ ਆਲਮ, ***ਜੁਗ ਪਲਟਾਉ ਸਤਿਗੁਰੂ***, ਪੰ. 145-146
4. ਉਹੀ, ਪੰ. 249
5. ਸੰਤ ਨਿਧਾਨ ਸਿੰਘ ਆਲਮ, ***ਗੁਰ ਪਦ ਪ੍ਰਕਾਸ਼*** (ਭਾਗ ਤੀਸਰਾ),ਪੰ. 216
6. ਕਿਰਪਾਲ ਸਿੰਘ ਕਸੇਲ, ***ਨਾਮਧਾਰੀ ਲਹਿਰ, ਇਤਿਹਾਸ, ਸਾਹਿਤ ਤੇ ਯੋਗਦਾਨ*** (ਅੰਤਰਰਾਸ਼ਟਰੀ ਸੈਮੀਨਾਰ 8-9 ਮਈ 2001), ਪੰ. 18
7. ਸੰਤ ਇੰਦਰ ਸਿੰਘ ਚੱਕਰਵਰਤੀ, ***ਨਾਮਧਾਰੀ ਇਤਿਹਾਸ*** (ਭਾਗ ਪਹਿਲਾ), ਪੰ. 1-3
8. ਉਹੀ, ਪੰ. 22
9. ਉਹੀ, ਪੰ. 223-224
10. ਤਰਨ ਸਿੰਘ ਵਹਿਮੀ, ***ਜੱਸ ਜੀਵਨ*** (ਭਾਗ 2), ਪੰ. 10
11. ਉਹੀ, ਪੰ. 15
12. ਉਹੀ, ਪੰ. 47
13. ਸ. ਨਾਹਰ ਸਿੰਘ, ***ਨਾਮਧਾਰੀ ਇਤਿਹਾਸ*** (ਭਾਗ ਪਹਿਲਾ), ਪੰ. 6
14. ਸ. ਸ. ਅਮੋਲ, ***ਪੰਜਾਬੀ ਦੁਨੀਆਂ***, ਭਾਸ਼ਾ ਵਿਭਾਗ, ਪਟਿਆਲਾ, ਮਈ 1991, ਪੰ. 1
15. ***ਸਤਿਜੁਗ*** ਬਸੰਤ ਅੰਕ, 1994,ਪੰ. 39
16. ਸੰਤ ਨਿਧਾਨ ਸਿੰਘ ਜੀ ਆਲਮ, ***ਸਿੱਖ ਧਰਮ ਤੇ ਮਾਸ,***ਪੰ . 5
17. ਉਹੀ (ਭੂਮਿਕਾ), ਪੰ. 4
18. ਉਹੀ, ਪੰ. 15

19. ਅਮਰਜੀਤ ਸਿੰਘ ਕਾਂਗ, ਤੇਜਵੰਤ ਮਾਨ (ਸੰਪਾ.), ***ਵਾਰਤਕ (ਮੱਧਕਾਲੀ ਅਤੇ ਆਧੁਨਿਕ ਪੰਜਾਬੀ ਵਾਰਤਕ***), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰ. VII ਭੂਮਿਕਾ

20. ਡਾ. ਰਤਨ ਸਿੰਘ ਜੱਗੀ (ਸੰਪਾਦਕੀ), ***ਖੋਜ ਪਤ੍ਰਿਕਾ*** (ਪੁਰਾਤਨ ਵਾਰਤਕ ਵਿਸ਼ੇਸ਼ ਅੰਕ), ਪੰ. 34

21. ਅਮਰਜੀਤ ਸਿੰਘ ਕਾਂਗ, ਤੇਜਵੰਤ ਮਾਨ (ਸੰਪਾ.), ***ਵਾਰਤਕ (ਮੱਧਕਾਲੀ ਅਤੇ ਆਧੁਨਿਕ ਪੰਜਾਬੀ ਵਾਰਤਕ),*** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰ. IX ਭੂਮਿਕਾ

22. ਉਹੀ, ਪੰ. X

23. ਪ੍ਰੀਤਮ ਸਿੰਘ ਕਵੀ, ***ਬੇਅੰਤ ਪਾਤਸ਼ਾਹ,*** ਲੇਖਕ ਜਸਵਿੰਦਰ ਸਿੰਘ

24. ਸੰਤ ਤਰਨ ਸਿੰਘ ਵਹਿਮੀ, ***ਜੱਸ ਜੀਵਨ ਭਾਗ –6***, ਪੰ. 60

25. ਉਹੀ, ਭਾਗ–5, ਪੰ. 240

26. ਈਸ਼ਰ ਸਿੰਘ ਤਾਂਘ, ***ਪੰਜਾਬੀ ਸਾਹਿਤ ਦੇ ਇਤਿਹਾਸ ਦਾ ਪੁਨਰ ਮੁਲਾਂਕਣ***, ਅਮਰ ਗਿਆਨ ਪ੍ਰਕਾਸ਼ਨ ਪਟਿਆਲਾ, 1999, ਪੰ. 570

27. ਉਹੀ, ਪੰ. 574

28. ਉਹੀ, ਪੰ. 574

29. ਉਹੀ, ਪੰ. 574

30. ਸੰਤ ਇੰਦਰ ਸਿੰਘ ਚੱਕਰਵਰਤੀ, ***ਨਾਮਧਾਰੀ ਇਤਿਹਾਸ*** (ਭਾਗ ਪਹਿਲਾ), ਪੰ. 63

31. ਉਹੀ, ਪੰ. 214–215

32. ਸੰਤ ਤਰਨ ਸਿੰਘ ਵਹਿਮੀ***, ਸੁਹੇਵਾ ਸਾਹਿਬ***, ਪੰ. 149

33. ਉਹੀ***, ਜੱਸ ਜੀਵਨ ਭਾਗ–2,*** ਪੰ. 240

34. ਉਹੀ, ***ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਦੇੜੋਂ ਬਾਦ ਦਾ ਜੀਵਨ***, ਪੰ. 89
35. Wellek and Warren, ***Theory of Literature,*** Penguin 1970, p. 142
36. Ibid, p. 15
37. ***ਸਾਹਿਤ ਵਿਗਿਆਨ***, ਪੰ. 119
38. ਡਾ. ਸੁਰਿੰਦਰ ਸਿੰਘ, ***ਖੋਜ ਪਤ੍ਰਿਕਾ*** ਅੰਕ 28, ਸਤੰਬਰ 1986, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 208
39. ਉਜਾਗਰ ਸਿੰਘ ਸਹਿਗਲ ਡਾ., ***ਗੋਰਖਬਾਣੀ ਅਤੇ ਨਾਨਕ ਬਾਣੀ ਦੀ ਵਿਚਾਰਧਾਰਾ ਦਾ ਤੁਲਨਾਤਮਕ ਅਧਿਐਨ,*** ਪੰ. 6 (ਪੀ.ਐਚ. ਡੀ. ਲਈ ਸਵੀਕ੍ਰਿਤ ਸ਼ੋਧ ਪ੍ਰਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ)
40. ਡਾ. ਈਸ਼ਰ ਸਿੰਘ ਤਾਂਘ, ***ਪੰਜਾਬੀ ਸਾਹਿਤ ਦੇ ਇਤਿਹਾਸ ਦਾ ਪੁਨਰ ਮੁਲਾਂਕਣ***, ਪੰ. 375
41. ***ਗੁਰੂ ਪਦ ਪ੍ਰਕਾਸ਼***, ਪੰ. 16-18
42. ਉਹੀ, ਪੰ. 28-29
43. ਸੰਤ ਨਿਧਾਨ ਸਿੰਘ ਆਲਿਮ, ***ਸਿੱਖ ਧਰਮ ਤੇ ਮਾਸ***, ਪੰ. 56-57
44. ਉਹੀ, ਪੰ. 9
45. Memoirs is derived from the latin word for 'memory' or remembering An author's memoris usually focus attention on personalities and events known to, or experienced by the writer.
    ***Dictionary of Literary Terms***, p. 234
46. Memoirs record of events, history written from the personal knowledge or source of information.
    ***The Concise oxford Dictionary***, p 681
47. The Term "memoirs.... strictly speaking. It should be applied to work which are a record of the author's memoirs.
    ***Chambers Encyclopaedia*** vol. I, p. 848

48. ਡਾ. ਓਮ ਪ੍ਰਕਾਸ਼ ਸਿੰਗਲ, ***ਸਾਹਿਤ ਦੇ ਨਵੇਂ ਰੂਪ,*** ਪੰ. 9

49. ਡਾ. ਰਾਮ ਗੋਪਾਲ,***ਆਧੁਨਿਕ ਹਿੰਦੀ ਸਾਹਿਤਯ,*** ਪੰ. 322

50. ਡਾ. ਗੋਬਿੰਦ ਤ੍ਰਿਗੁਣਾਇਤ, ***ਸ਼ਾਸਤ੍ਰਯ ਸਮੀਕਸ਼ਾ ਕੇ ਸਿਧਾਂਤ,*** ਪੰ. 467

51. Into this rather vague (category, we may place works which are a very personal and subjective account of experiences beliefs, feeling, ideas, and state of mind, body and soul.
***A Dictionary of Literary Terms***, p. 148

52. ਸਤਪਾਲ ਚੱਢਾ, ***ਪਥ ਕੇ ਸਾਥੀ*** "ਦੋ ਸ਼ਬਦ" ਵਿਚ

53. ਮਹਾਂਦੇਵੀ ਵਰਮਾ, ***ਪਥ ਕੇ ਸਾਥੀ*** (ਦੋ ਸ਼ਬਦ)

54. An autobiography is the author's account of his own life a memoirs is the author's accout not so much of himself as of the time he witnessed.
***A Dictionary of Literary Terms***, first Edition,p. 22

55. Memoir, an informal autobiography, usually one that makes no attempt at completeness and is concerned, mainly with episods in the author's life- ***New Standard Encyclopaedia*** Vol. 8, p. 261

56. ਡਾ. ਰਾਮ ਗੋਪਾਲ, ***ਆਧੁਨਿਕ ਹਿੰਦੀ ਸਾਹਿਤਯ,*** ਪੰ. 318

57. ਤਰਸੇਮ ਸਿੰਘ ਨਾਮਧਾਰੀ, ***ਧਨੁ ਲੇਖਾਰੀ ਨਾਨਕਾ*** (ਸੰਤ ਤਰਨ ਸਿੰਘ ਜੀ),ਪੰ. 43-44

58. ਸੰਤ ਤਰਨ ਸਿੰਘ ਵਹਿਮੀ, ***ਜੱਸ ਜੀਵਨ*** (ਭਾਗ ਚੌਥਾ),ਪੰ. 19

59. ਉਹੀ, (ਭਾਗ ਪਹਿਲਾ),ਪੰ. 76

## ਅਧਿਆਇ ਪੰਜਵਾਂ

# 'ਸਤਿਜੁਗ' ਦੀ ਪੰਜਾਬੀ ਸਾਹਿਤ ਨੂੰ ਦੇਣ

1. **ਜਾਣ ਪਛਾਣ** :- ਅਜੋਕੇ ਯੁਗ ਵਿਚ ਕੋਈ ਵੀ ਕੌਮ, ਸੰਸਥਾ, ਜਾਂ ਪਾਰਟੀ ਓਨਾ ਚਿਰ ਤਰੱਕੀ ਨਹੀਂ ਕਰ ਸਕਦੀ ਜਿੰਨਾ ਚਿਰ ਉਸਦਾ ਆਪਣਾ ਪ੍ਰਚਾਰ ਦਾ ਕੋਈ ਸਾਧਨ ਨਹੀਂ। ਪ੍ਰਚਾਰ ਵਾਸਤੇ ਨਿਰੇ ਪ੍ਰਚਾਰਕ ਹੀ ਕਾਫੀ ਨਹੀਂ ਹੁੰਦੇ, ਪ੍ਰਚਾਰਕਾਂ ਦੇ ਨਾਲ-ਨਾਲ ਅਖ਼ਬਾਰ ਦੀ ਵੀ ਜ਼ਰੂਰਤ ਹੁੰਦੀ ਹੈ। ਖ਼ਬਰਾਂ ਨੂੰ ਲੋਕਾਂ ਤੱਕ ਲਿਖਤੀ ਰੂਪ ਵਿਚ ਪਹੁੰਚਾਉਣਾ ਅਖ਼ਬਾਰ ਦਾ ਕੰਮ ਹੈ। ਇਹ ਖ਼ਬਰਾਂ ਭਾਵੇਂ ਧਾਰਮਕ ਹੋਣ, ਭਾਵੇਂ ਸਿਆਸੀ ਹੋਣ ਅਥਵਾ, ਬੁੱਧੀਜੀਵੀਆਂ ਦੇ ਵਿਚਾਰ ਅਤੇ ਵਿਸ਼ਲੇਸ਼ਣ ਹੋਣ ਜਾਂ ਸਮਾਜ ਦੀਆਂ ਆਮ ਖਬਰਾਂ, ਸੂਚਨਾਵਾਂ, ਆਮ ਲੋਕਾਂ ਤੱਕ ਇਸ ਸਭ ਦੀ ਜਾਣਕਾਰੀ ਪਹੁੰਚਾਉਣ ਲਈ ਅਖ਼ਬਾਰ ਦੀ ਜ਼ਰੂਰਤ ਹੁੰਦੀ ਹੈ।

'ਸਤਿਜੁਗ' ਸਪਤਾਹਿਕ ਅਖ਼ਬਾਰ ਦੀ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵਿਚ ਇਕ ਆਪਣੀ ਆਦਰਯੋਗ ਪਹਿਚਾਣ ਬਣ ਚੁੱਕੀ ਹੈ। ਇਹ ਨਾਮਧਾਰੀ ਇਤਿਹਾਸ ਤੇ ਸਾਹਿਤ ਦਾ ਇਕ ਮੀਲ ਪੱਥਰ ਹੈ ਜਿਸਨੇ ਧਰਮ ਪ੍ਰਚਾਰ ਦਾ ਮਾਧਿਅਮ ਬਣ ਕੇ ਸਮੇਂ-ਸਮੇਂ ਅਨੇਕ ਵਾਰਤਕ ਲਿਖਾਰੀ ਅਤੇ ਸਿਰਮੌਰ ਕਵੀ ਪੈਦਾ ਕੀਤੇ। ਇਨ੍ਹਾਂ ਨੇ ਪੰਥ ਅੰਦਰ ਅਤੇ ਪੰਥ ਤੋਂ ਬਾਹਰ ਆਪਣੀ ਆਦਰਯੋਗ ਥਾਂ ਬਣਾਈ ਹੈ ਅਤੇ ਅਨੇਕ ਸਾਹਿਤਕ ਮੱਲਾਂ ਮਾਰੀਆਂ ਹਨ। ਸਤਿਜੁਗ ਅਖ਼ਬਾਰ ਨੇ ਉਸ ਸਮੇਂ ਦੇਸ਼-ਭਗਤੀ ਦਾ ਪਾਠ ਪੜ੍ਹਾਇਆ ਜਦੋਂ ਅਜਿਹਾ ਕਰਨਾ ਅੰਗਰੇਜ਼ੀ ਸਰਕਾਰ ਦੀ ਨਜ਼ਰ ਵਿਚ ਬਹੁਤ ਵੱਡਾ ਜ਼ੁਰਮ ਸਮਝਿਆ ਜਾਂਦਾ ਸੀ, ਇਸੇ ਕਾਰਨ ਸਮੇਂ-ਸਮੇਂ ਸਰਕਾਰ ਨੇ ਸਤਿਜੁਗ ਅਖ਼ਬਾਰ ਇਕ ਤੋਂ ਵੱਧ ਵਾਰ ਜ਼ਬਤ ਕੀਤਾ ਸੀ ਅਤੇ ਉਸ ਸਮੇਂ ਫੌਜ ਵਿਚ ਇਸ ਅਖ਼ਬਾਰ ਨੂੰ ਪੜ੍ਹਨ ਦੀ ਮਨਾਹੀ ਸੀ।

ਨਾਮਧਾਰੀ ਸਮਾਜ ਨੇ ਆਪਣੇ ਅਸੂਲਾਂ ਦਾ ਪ੍ਰਚਾਰ ਕਰਨ ਅਤੇ ਆਪਣੀਆਂ ਗੱਲਾਂ ਦੂਸਰਿਆਂ ਤੱਕ ਪ੍ਰਭਾਵੀ ਢੰਗ ਨਾਲ ਪਹੁੰਚਾਉਣ ਲਈ 'ਸਤਿਜੁਗ' ਅਖ਼ਬਾਰ ਸ਼ੁਰੂ ਕੀਤਾ।

*"ਆਪਣਿਆਂ ਵਿਚਾਰਾਂ ਨੂੰ ਸਪਸ਼ਟ ਕਰਨ ਅਥਵਾ ਦੂਸਰਿਆਂ ਤੱਕ ਪਹੁੰਚਾਉਣ ਲਈ ਦੂਸਰੇ ਅਖ਼ਬਾਰਾਂ ਦੇ ਮੂੰਹ ਵੱਲ ਕਿਓਂ ਵੇਖਦਾ? ਇਸ ਲਈ ਆਪਣੇ ਅਸੂਲਾਂ ਦਾ ਢੰਗ ਨਾਲ ਅਤੇ ਆਪਣੀਆਂ ਗੱਲਾਂ ਦੂਸਰਿਆਂ ਤੱਕ ਪ੍ਰਭਾਵੀ ਢੰਗ ਨਾਲ ਪੁਚਾਉਣ ਲਈ ਯੋਗ ਸਮੇਂ ਅਨੁਸਾਰ ਉੱਦਮ ਕੀਤਾ ਗਿਆ ਜਿਸ ਦੇ ਫਲਸਰੂਪ 'ਸਤਿਜੁਗ' ਅਖ਼ਬਾਰ ਸ਼ੁਰੂ ਹੋਇਆ।"*[1]

ਇਸ ਤੋਂ ਇਲਾਵਾ 'ਸਤਿਜੁਗ' ਅਖ਼ਬਾਰ ਦੇ ਸ਼ੁਰੂ ਕਰਨ ਦਾ ਮੰਤਵ 'ਸਤਿਜੁਗ' ਦੇ ਪਹਿਲੇ ਅੰਕ ਦੇ ਪਹਿਲੇ ਸਫੇ ਤੇ ਨਿਰੰਕਾਰ ਸਿੰਘ ਚੇਤਨ ਨੇ ਦੇਸ ਅਤੇ ਧਰਮ ਦੀ ਸੇਵਾ ਦੱਸਿਆ ਹੈ,

'ਸਤਿਜੁਗ' ਅਖ਼ਬਾਰ ਹੈ ਨਾਮ ਏਹਦਾ, ਏਹਨੂੰ ਸ਼ੁਰੂ ਕੀਤਾ ਨਾਮਧਾਰੀਆਂ ਨੇ।
ਨਿਜ ਦੇਸ ਤੇ ਧਰਮ ਦੀ ਸੇਵ ਲਈ, ਬੀੜਾ ਚੁਕਿਆ ਸੰਗਤਾਂ ਪਯਾਰੀਆਂ ਨੇ।

'ਸਤਿਜੁਗ' ਸਪਤਾਹਿਕ ਅਖ਼ਬਾਰ ਦੀ ਪ੍ਰਕਾਸ਼ਨਾ ਸੰਨ 1920 ਵਿਚ ਸ਼ੁਰੂ ਹੋਈ।

*"'ਸਤਿਜੁਗ' ਅਖ਼ਬਾਰ ਦਾ ਪਹਿਲਾ ਅੰਕ ੧੯੭੬ ਬਿਕ੍ਰਮੀ (੧੯੨੦) ਦੇ ਹੋਲੇ ਤੇ ਜਾਰੀ ਹੋਇਆ। ਹੋਲਾ ਵਰਨੀ ਸੀ। ਤਰਨ ਸਿੰਘ 'ਵਹਿਮੀ' ਅਨੁਸਾਰ "ਮਹਾਰਾਜ ਗੁਰਦਿਆਲ ਸਿੰਘ ਜੀ ਇਸ ਹੋਲੇ ਤੇ ਲਾਹੌਰੋਂ ਸਤਿਜੁਗ ਅਖ਼ਬਾਰ ਨਿਰੰਕਾਰ ਸਿੰਘ 'ਚੇਤਨ' ਅਤੇ ਸੰਤ ਮੰਗਲ ਸਿੰਘ ਫਤੂਹੀ ਚੱਕੀਆ ਦੀ ਸਲਾਹ, ਮਦਦ ਨਾਲ ਛਾਪ ਲੈ ਗਏ। ਨਿਰੰਕਾਰ ਸਿੰਘ ਤੇ ਲਿਖਦਾ ਹੀ ਸੀ। ਮਹਾਰਾਜ ਜੀ ਮੇਲੇ ਵਿਚ ਹੋਕਾ ਭੀ ਦਵਾਇਆ ਤੇ ਪ੍ਰਚਾਰ ਭੀ ਕਹਿ ਕਰਾਇਆ ਸਭ ਨਾਮਧਾਰੀ ਸਤਿਜੁਗ ਦੇ ਗਾਹਕ ਬਣ ਪੜ੍ਹਨ ਤੇ ਆਪਣੇ ਇਤਿਹਾਸ ਦਾ ਪਤਾ ਕਰਨ। ਸਤਿਜੁਗ ਸੱਤੀਂ ਦਿਨੀ ਛਾਪਣ ਦਾ ਮਤਾ ਮੇਲੇ ਤੇ ਪਾਸ ਹੋਇਆ, ਸਤਿਗੁਰੂ ਜੀ ਤੇ ਮੁਖੀਆਂ ਦੀ ਸਲਾਹ ਨਾਲ।"*[2]

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਖ਼ਬਾਰ ਦੀ ਪ੍ਰਕਾਸ਼ਨਾ ਦੀ ਤਿਆਰੀ ਹਿਤ ਨਾਮਧਾਰੀ ਦਰਬਾਰ ਨੂੰ 10,000 ਰੁਪਏ ਦਿੱਤੇ ਅਤੇ ਫਿਰ ਮਹਾਰਾਜਾ ਗੁਰਦਿਆਲ ਸਿੰਘ ਦੇ ਉੱਦਮ ਨਾਲ ਸਤਿਜੁਗ ਅਖ਼ਬਾਰ ਦੀ ਪ੍ਰਕਾਸ਼ਨਾ ਲਾਹੌਰ ਵਿਖੇ ਆਰੰਭ ਹੋਈ। ਉਸ ਅਖ਼ਬਾਰ ਦੇ ਪਹਿਲੇ ਸੰਪਾਦਕ ਸ. ਨਿਰੰਕਾਰ ਸਿੰਘ ਚੇਤਨ ਨਿਯੁਕਤ ਹੋਏ। ਅਖ਼ਬਾਰ 'ਪ੍ਰਤਾਪ ਹਰੀ ਪ੍ਰੈਸ' ਵਿਚ ਗੰਗਾ ਬਿਲਡਿੰਗ, ਲਾਹੌਰ ਵਿਖੇ ਸ਼ੁਰੂ ਹੋਇਆ। ਛੇਤੀ ਹੀ ਇਸ ਦੇ ਸੰਪਾਦਨ ਦਾ ਕਾਰਜ ਸੰਤ ਮੰਗਲ ਸਿੰਘ ਅਰਸ਼ੀ ਫਰਿਸਤਾ ਨੇ ਸੰਭਾਲਿਆ। ਇਨ੍ਹਾਂ ਨੂੰ ਆਪਣੀਆਂ ਸੰਪਾਦਕੀ ਲਿਖਤਾਂ ਸਦਕਾ ਅਕਸਰ ਜੇਲ੍ਹ ਜਾਣਾ ਪੈਂਦਾ ਸੀ। ਇਸ ਕਰਕੇ ਸੰਪਾਦਕੀ ਕਾਰਜ ਸੰਤ ਨਿਧਾਨ ਸਿੰਘ ਆਲਮ ਨੇ ਆਪਣੇ ਜ਼ਿੰਮੇ ਲਿਆ। ਦੋ ਸੰਪਾਦਕਾਂ ਦੀ ਪਿਰਤ ਵੀ ਇਸ ਅਖ਼ਬਾਰ ਨੇ ਪਾਈ ਸੀ। ਇਸ ਦੇ ਸੰਪਾਦਕਾਂ ਵਿਚ ਉਪਰੋਕਤ ਤੋਂ ਇਲਾਵਾ ਸੰਤ ਇੰਦਰ ਸਿੰਘ ਚੱਕਰਵਰਤੀ, ਪੰਡਤ ਰਾਜਿੰਦਰ ਸਿੰਘ ਗੁਰੂਸਰ, ਸੰਤ ਮੰਗਲ ਸਿੰਘ ਲਾਇਲਪੁਰੀ, ਸਵਾਮੀ ਸ਼ਰਧਾਨੰਦ, ਪ੍ਰੀਤਮ ਸਿੰਘ ਪੰਛੀ, ਪ੍ਰੀਤਮ ਸਿੰਘ ਕਵੀ, ਮਹੰਤ ਆਤਮਾ ਸਿੰਘ ਸਨਖਤਰਾ, ਆਤਮਾ ਸਿੰਘ ਜੌਹਲ ਅਤੇ ਤਾਰਾ ਸਿੰਘ ਅਨਜਾਣ ਦੇ ਨਾਮ ਵਰਣਨਯੋਗ ਹਨ। ਲਾਹੌਰ ਤੋਂ ਬਾਅਦ ਇਹ ਅਖ਼ਬਾਰ ਭੈਣੀ ਸਾਹਿਬ ਤੋਂ ਪ੍ਰਕਾਸ਼ਿਤ ਹੋਣ ਲੱਗਾ।

> *"ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੧੯੮੫-੮੬ ਬਿਕਰਮੀ (੧੯੨੯ ਈਸਵੀ) ਨੂੰ ਪ੍ਰੈਸ ਸਮੇਤ ਸਤਿਜੁਗ ਅਖ਼ਬਾਰ ਭੈਣੀ ਸਾਹਿਬ ਲੈ ਆਂਦੀ। ਜਿਸ ਪ੍ਰੈਸ ਮਸ਼ੀਨ ਨਾਲ ਸਤਿਜੁਗ ਅਖ਼ਬਾਰ ਛਪਿਆ ਕਰਦਾ ਸੀ, ਉਹ ਅੰਮ੍ਰਿਤਸਰ ਦੇ ਪ੍ਰਸਿੱਧ ਕਵੀ, ਲਾਲਾ ਧਨੀ ਰਾਮ ਚਾਤ੍ਰਿਕ ਤੋਂ ਖਰੀਦੀ ਸੀ ਜੋ ਉਨ੍ਹਾਂ ਦਿਨਾਂ ਵਿਚ ਪ੍ਰੈਸ ਮਸ਼ੀਨਾਂ ਸੰਬੰਧੀ ਪੁਰਜੇ ਅਤੇ ਮਸ਼ੀਨਾਂ ਵੇਚਿਆ ਕਰਦਾ ਸੀ।"*[3]

1920 ਤੋਂ 1930 ਈ. ਤੱਕ ਇਹ ਛੇ ਸਾਲ ਰੁਕ-ਰੁਕ ਕੇ ਚੱਲਿਆ। ਸੰਤ ਇੰਦਰ ਸਿੰਘ ਚੱਕਰਵਰਤੀ ਦੀ ਸੰਪਾਦਨਾ ਹੇਠ ਭੈਣੀ ਸਾਹਿਬ ਤੋਂ 1930 ਈ. ਵਿਚ ਪਹਿਲੀ ਵਾਰ ਸਤਿਜੁਗ ਦਾ ਬਸੰਤ ਅੰਕ ਰਸਾਲੇ ਦੀ ਸ਼ਕਲ ਵਿਚ ਛਪਿਆ। 1947 ਤੋਂ ਲੈ ਕੇ 1992 ਤੱਕ ਇਸ ਦੀ ਛਪਾਈ

ਜੀਵਨ ਨਗਰ ਵਿਖੇ ਹੁੰਦੀ ਰਹੀ। ਇੱਥੇ ਇਹ ਪਹਿਲਾਂ ਮਾਸਿਕ ਤੇ ਫਿਰ ਸਪਤਾਹਿਕ ਛਪਣਾ ਸ਼ੁਰੂ ਹੋ ਗਿਆ। ਇਸ ਤੋਂ ਬਾਅਦ ਇਹ ਨਿਰੰਤਰ ਰੂਪ ਵਿਚ ਦਿੱਲੀ ਵਿਖੇ ਛਪਦਾ ਹੈ। ਦਿੱਲੀ ਵਿਖੇ ਇਸ ਦੇ ਸੰਪਾਦਕ ਸ. ਹਰਵਿੰਦਰ ਸਿੰਘ ਹੰਸਪਾਲ ਜੀ ਹਨ। 'ਸਤਿਜੁਗ' ਅਖ਼ਬਾਰ ਨੇ ਹੁਣ ਤੱਕ ਬਸੰਤ ਅੰਕਾਂ ਤੋਂ ਬਿਨਾਂ ਅਨੇਕ ਅਦੁੱਤੀ ਅੰਕ ਪ੍ਰਕਾਸ਼ਿਤ ਕੀਤੇ ਹਨ। ਉਨ੍ਹਾਂ ਵਿਚੋਂ ਪਾਠ ਅੰਕ, ਸੂਤਕ ਅੰਕ, ਗੁਰੂ ਨਾਨਕ ਅੰਕ, ਸੂਬਾ ਸਾਹਿਬ ਸਿੰਘ ਅੰਕ, ਗੁਰੂ ਗੋਬਿੰਦ ਸਿੰਘ ਅੰਕ, ਸਤਿਗੁਰੂ ਰਾਮ ਸਿੰਘ ਪ੍ਰਦੇਸ਼ ਗਵਨ ਸ਼ਤਾਬਦੀ ਅੰਕ, ਸੰਤ ਅੰਕ (ਦੋ-ਭਾਗ), ਸਤਿਗੁਰੂ ਪ੍ਰਤਾਪ ਸਿੰਘ ਸ਼ਤਾਬਦੀ ਅੰਕ (ਦੋ ਭਾਗ), ਸ਼ਰਧਾਂਜਲੀ ਅੰਕ, ਗਊ ਅੰਕ, ਸਤਿਗੁਰੂ ਹਰੀ ਸਿੰਘ ਅੰਕ, ਅਫਰੀਕਾ ਅੰਕ, ਸਿਆਮ ਅੰਕ, ਇਸਤਰੀ ਅੰਕ, ਗੁਰੂ ਤੇਗ ਬਹਾਦਰ ਅੰਕ, 300 ਵੀਂ ਵਸਾਖੀ ਅੰਕ, ਗੁਰਗੱਦੀ ਦੇ ਚਾਲੀ ਸਾਲ ਅੰਕ ਆਦਿਕ ਵਰਣਨਯੋਗ ਹਨ। ਇਨ੍ਹਾਂ ਅੰਕਾਂ ਵਿਚ ਸੰਤ ਵਰਿਆਮ ਸਿੰਘ ਮੁਸੱਵਰ ਦਾ ਵੀ ਅਦੁੱਤੀ ਯੋਗਦਾਨ ਰਿਹਾ ਹੈ।

'ਸਤਿਜੁਗ' ਅਖ਼ਬਾਰ ਨੇ ਪੰਜਾਬੀ ਵਾਰਤਕ ਸਾਹਿਤ ਵਿਚ ਬਹੁਪੱਖੀ ਯੋਗਦਾਨ ਪਾਇਆ ਹੈ। ਇਸ ਅਖ਼ਬਾਰ ਰਾਹੀਂ ਵਾਰਤਕ ਦੀਆਂ ਕਈ ਵਿਧਾਵਾਂ ਸਾਡੇ ਸਾਹਮਣੇ ਆਈਆਂ ਜਿਨ੍ਹਾਂ ਵਿਚੋਂ ਪ੍ਰਮੁੱਖ ਹਨ : ਨਿਬੰਧ, ਰੀਪੋਰਟ, ਪ੍ਰੋਗਰਾਮ, ਸੰਦੇਸ਼, ਗੁਰੂ ਜੀਵਨੀ ਅਤੇ ਇਤਿਹਾਸ। ਇਨ੍ਹਾਂ ਵਿਧਾਵਾਂ ਰਾਹੀਂ ਸਤਿਜੁਗ ਨੇ ਹੇਠ ਲਿਖੇ ਮਸਲਿਆਂ ਨੂੰ ਛੋਹਿਆ ਹੈ।

1. **ਰਾਜਨੀਤਕ ਸਰਗਰਮੀਆਂ** :

ਨਾਮਧਾਰੀਆਂ ਨੇ ਜੋ ਸੰਘਰਸ਼ ਅੰਗਰੇਜ਼ੀ ਹਕੂਮਤ ਨੂੰ ਬਾਹਰ ਕੱਢਣ ਲਈ ਵਿੱਢਿਆ, ਉਸ ਦੀ ਅਸੀਂ ਆਪਣੇ ਖੋਜ-ਨਿਬੰਧ ਵਿਚ ਪਹਿਲਾਂ ਹੀ ਚਰਚਾ ਕਰ ਚੁੱਕੇ ਹਾਂ। ਨਾਮਧਾਰੀ ਸਤਿਗੁਰੂ ਸ੍ਰੀ ਪ੍ਰਤਾਪ ਸਿੰਘ ਜੀ ਨੇ ਸਤਿਜੁਗ ਅਖ਼ਬਾਰ ਸ਼ੁਰੂ ਕੀਤਾ ਤਾਂ ਜੋ ਆਪਣੇ ਅਨੁਯਾਈਆਂ ਤੱਕ ਅਖ਼ਬਾਰ ਦੇ ਜ਼ਰੀਏ ਪਹੁੰਚ ਅਸਾਨੀ ਨਾਲ ਹੋ ਸਕੇ। ਜੋ ਵੀ ਰਾਜਨੀਤਕ ਸਰਗਰਮੀ ਨੇਪਰੇ ਚੜ੍ਹਾਉਣੀ ਹੁੰਦੀ, ਸੰਗਤ ਨੂੰ ਵਿਸ਼ੇਸ਼ ਮੁੱਦੇ ਤੇ ਇਕੱਠਾ ਕਰਨਾ ਹੁੰਦਾ, ਇਸ ਲਈ ਸਤਿਜੁਗ ਅਖ਼ਬਾਰ ਵਿਸ਼ੇਸ਼ ਭੂਮਿਕਾ ਨਿਭਾਉਂਦਾ ਰਿਹਾ।

"ਕਾਂਗਰਸ ਤੇ ਔਨ ਵਾਲੇ ਨਾਮਧਾਰੀ ਸਿੱਖਾਂ ਲਈ ਜ਼ਰੂਰੀ ਹਦਾਇਤਾਂ

1) 24 ਦਸੰਬਰ (੧੦ ਪੋਹ) ਬੁਧਵਾਰ ਨੂੰ ਕਾਂਗਰਸ ਦਾ ਜਲੂਸ ਨਿਕਲਨਾ ਹੈ, ਇਸ ਲਈ ੨੪ ਦਸੰਬਰ ( ੯ ਪੋਹ) ਮੰਗਲਵਾਰ ਨੂੰ ਜ਼ਰੂਰ ਹੀ ਪੌਚ ਜਾਨਾ ਚਾਹੀਦਾ ਹੈ।

2) ਭਾਵੇਂ ਨਾਮਧਾਰੀ ਸਿੱਖ ਅਗੇ ਹੀ ਖੱਦਰ ਦੇ ਸਫੈਦ ਬਸਤ੍ਰ ਪੈਹਨਦੇ ਹਨ ਪਰ ਜਲੂਸ ਵਿਚ ਸ਼ਾਮਲ ਹੋਨ ਵਾਸਤੇ ਅਤੇ ਦੀਵਾਨ ਵਿਚ ਦਰਸ਼ਨ ਦੇਨ ਵਾਸਤੇ ਤਾਂ ਜ਼ਰੂਰ ਹੀ ਇੱਕ ਸਫ਼ੈਦ ਪੁਸ਼ਾਕਾ (ਮਾਲਾ ਸਮੇਤ) ਫਾਲਤੂ ਨਾਲ ਲਿਔਨਾ ਚਾਹੀਦਾ ਹੈ।)

3) ੨੬, ੨੭ ਅਤੇ ੨੮ ਦਸੰਬਰ (੨੨,੨੩ ਅਤੇ ੨੪ ਪੋਹ) ਨੂੰ ਕਾਂਗ੍ਰੈਸ ਦੀਆਂ ਅੰਤ੍ਰੰਗ ਕਮੇਟੀਆਂ ਹੋਨਗੀਆਂ ਅਤੇ ੨੯, ੩੦ ਅਤੇ ੩੧ ਦਸੰਬਰ ਅਤੇ ਪੈਹਲੀ ਜਨਵਰੀ (੧੫, ੧੬ ਅਤੇ ੧੭ ਪੋਹ) ਨੂੰ ਕਾਂਗ੍ਰੈਸ ਦਾ ਜਲਸਾ ਹੋਵੇਗਾ।"[4]

ਇਸੇ ਤਰ੍ਹਾਂ ਦੀਆਂ ਹੋਰ ਉਦਾਹਰਨਾਂ ਵੀ ਸਮੇਂ-ਸਮੇਂ ਦੇ ਸਤਿਜੁਗ ਅਖ਼ਬਾਰ ਵਿਚੋਂ ਲਈਆਂ ਜਾ ਸਕਦੀਆਂ ਸਨ। ਜਿਵੇਂ ਨਾਮਧਾਰੀ ਸਿੱਖਾਂ ਨੂੰ ਸਿੱਖ ਲੀਗ ਤੇ ਪਹੁੰਚਣ ਦੀ ਅਪੀਲ।

"ਨਾਮਧਾਰੀ ਖਾਲਸਾ ਜੀ ! ਸਿਖ ਲੀਗ ਸਿੱਖਾਂ ਦੀ ਇੱਕ ਰਾਜਸੀ ਸਭਾ ਹੈ। ਇਹ ਕਿਸੇ ਇਕ ਮਜ਼ਹਬ, ਪੰਥ ਜਾਂ ਫਿਰਕੇ ਦੀ ਨਹੀਂ ਇਹ ਸਾਰਿਆਂ ਦੀ ਸਾਂਝੀ ਹੈ। ਇਸ ਲਈ ਹਰ ਸਿੱਖ ਦਾ ਭਾਵੇਂ ਉਹ ਨਾਮਧਾਰੀ ਹੋਵੇ, ਭਾਵੇਂ ਸਿੰਘ ਸਭੀਆ, ਨਿਰਮਲਾ ਜਾਂ ਨਿਹੰਗ ਹੋਵੇ ਉਸਦਾ ਫਰਜ਼ ਹੈ ਕਿ ਸਿੱਖ ਲੀਗ ਨੂੰ ਸਮੂਹ ਸਿੱਖ ਕੌਮ ਦੀ ਰਾਜਨੀਤਕ ਸਭਾ ਸਮਝਦਾ ਹੋਇਆ ਇਸਦੇ ਦਰਸ਼ਨ ਕਰੇ ਅਤੇ ਮੁਲਕ ਦੀ ਸੇਵਾ ਵਿਚ ਤੱਤਪਰ ਹੋਵੇ।

ਐਤਕੀਂ ਸਿੱਖ ਲੀਗ ਦਾ ਤੀਸਰਾ ਸਾਲਾਨਾ ਇਜਲਾਸ ਲਾਇਲਪੁਰ ਵਿਚ ਹੋਣਾ ਹੈ ਜਿਸਦੀਆਂ ਦੇਸੀ ਤ੍ਰੀਕਾਂ ੨੩, ੨੪ ਅਤੇ ੨੫ ਅਸੂ ਹਨ। ਅਸੀਂ ਸਮੂਹ ਸਿੱਖਾਂ ਅਤੇ ਖਾਸ ਕਰਕੇ ਨਾਮਧਾਰੀਆਂ ਦੀ ਸੇਵਾ ਵਿਚ ਬੇਨਤੀ ਕਰਦੇ ਹਾਂ ਕਿ ਐਤਕੀਂ ਆਪਣੀ ਇਸ ਰਾਜਸੀ ਸਭਾ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਪੁੱਜੋ ਅਤੇ ਸ੍ਵੈਰਾਜ ਦੇ ਮੈਦਾਨ ਵਿਚ ਸ਼ੇਰ ਵਾਂਗ ਗਜੋ। ਏਸ ਲਈ ਕਿ ਤੁਹਾਡੀ ਭਬਕਾਰ ਸੁਣਦਿਆਂ ਸਾਰ ਹੀ ਗਿੱਦੜ ਛਿੱਦੜ ਲੰਡੀ ਬੁਚੀ ਛੂਰ ਹੋ ਜਾਏ। ਜੇ ਤੁਸੀਂ ਚੁਪ

ਕਰਕੇ ਘਰੀਂ ਬਹਿ ਰਹੇ ਅਤੇ ਮੈਦਾਨ ਵਿਚ ਨਾ ਪੁਜੇ ਤਾਂ "ਰਿੰਡ ਹੀ ਪ੍ਰਧਾਨ' ਵਾਲੀ ਗੱਲ ਹੋ ਜਾਵੇਗੀ। ਏਸ ਲਈ ਜੇ ਤੁਸਾਂ ਦੇਸ ਨੂੰ ਸੁਤੰਤ੍ਰ ਕਰਨਾ ਹੈ ਜੇ ਤੁਸਾਂ ਭਾਰਤ ਮਾਤਾ ਦੀ ਪਤ ਰਖਣੀ ਹੈ ਤਾਂ ਅਜ ਤੋਂ ਹੀ ਪੁਜਣ ਦੀਆਂ ਤਯਾਰੀਆਂ ਕਰ ਦੇਵੋ। ਫੀਸ ਪਹਿਲਾ ਦਰਜਾ ਦਸ ਰੁਪੈ ਅਤੇ ਦੂਜਾ ਦਰਜਾ ੩) ਤਿੰਨ ਰੁਪੈ। ਪੁਰਸਾਂ ਲਈ ਅਤੇ ਇਸਤ੍ਰੀਆਂ ਲਈ ਪਹਿਲਾ, ਦਰਜਾ ਪੰਜ ਰੁਪਏ ਅਰ ਦੂਜਾ ਦਰਜਾ ਦੋ ਰੁਪਏ। ਟਿਕਟ ਹਰ ਵਕਤ ਮਿਲ ਸਕਦੀਆਂ ਹਨ।"[5]

2. **ਅੰਗਰੇਜ਼ੀ ਸਾਮਰਾਜ ਨਾਲ ਸੰਘਰਸ਼** :- 'ਸਤਿਜੁਗ' ਕਿਉਂਕਿ ਦੇਸ਼-ਭਗਤਾਂ ਦੀ ਆਵਾਜ਼ ਆਮ ਜਨਤਾ ਤੱਕ ਪਹੁੰਚਾਉਣ ਦਾ ਜ਼ਰੀਆ ਸੀ ਅਤੇ ਇਹ ਆਵਾਜ਼ ਲੋਕਾਂ ਤੱਕ ਪਹੁੰਚ ਕੇ ਉਨ੍ਹਾਂ ਨੂੰ ਆਜ਼ਾਦੀ ਪ੍ਰਾਪਤ ਕਰਨ ਲਈ ਉਕਸਾਵੇ, ਇਹ ਅੰਗਰੇਜ਼ ਸਾਮਰਾਜ ਨੂੰ ਕਦਾਚਿਤ ਪ੍ਰਵਾਨ ਨਹੀਂ ਸੀ। ਇਸ ਲਈ ਸਤਿਜੁਗ ਨੂੰ ਆਵਾਮ ਤੱਕ ਪਹੁੰਚਣ ਲਈ ਕਈ ਵਾਰ ਅੰਗਰੇਜ਼ੀ ਹਕੂਮਤ ਨਾਲ ਦੋ-ਚਾਰ ਹੋਣਾ ਪਿਆ।

ਸਤਿਜੁਗ ਅਖ਼ਬਾਰ ਕਰਾਂਤੀਕਾਰੀ ਵਿਚਾਰਾਂ ਦਾ ਅਖ਼ਬਾਰ ਸੀ ਜਿਸ ਵਿਚ ਪਹਿਲੇ ਅੰਕ ਤੋਂ ਹੀ ਸਰਕਾਰ ਦੀ ਗਲਤ ਨੀਤੀ ਦੀ ਆਲੋਚਨਾ ਕਰਨ ਵਾਲੇ ਅਤੇ ਦੇਸ਼ ਭਗਤਾਂ ਦਾ ਪੱਖ ਪੂਰਨ ਵਾਲੇ ਲੇਖ ਛਪਣੇ ਸ਼ੁਰੂ ਹੋ ਗਏ ਸਨ, ਇਸ ਕਾਰਨ ਇਹ ਸਰਕਾਰ ਦੀਆਂ ਅੱਖਾਂ ਵਿਚ ਰੜਕਣ ਲੱਗ ਪਿਆ ਸੀ।

"ਜਿਸ ਸਾਲ ਇਹ ਅਖ਼ਬਾਰ ਸ਼ੁਰੂ ਹੋਇਆ ਸੀ ਦਸੰਬਰ ਦੇ ਮਹੀਨੇ ਇਸਦੀ ਪਹਿਲੀ ਵਾਰ ਜ਼ਮਾਨਤ ਜ਼ਬਤ ਹੋਈ। ਇਸ ਬਾਰੇ ੧੭ ਮੱਘਰ ੧੯੭੭ ਬਿਕਰਮੀ ਦੇ ਅੰਕ, ਪਰਚਾ ਨੰਬਰ ੨੫, ੨੬, ੨੭, ੨੮ ਵਿਚ ਇਸ ਪ੍ਰਕਾਰ ਸਫਾ ੫ ਤੇ ਲਿਖਿਆ ਸੀ।

"ਸਤਿਜਗ" ਦੇ ਪਾਠਕਾਂ ਪ੍ਰਤਿ ਸੂਚਨਾ -

ਅਸੀਂ ਪਿਛਲੇ ਪਰਚੇ ਵਿਚ ਲਿਖਯਾ ਸੀ ਕਿ ਅਖ਼ਬਾਰ ਦਾ ਦਫ਼ਤਰ ਤੇ ਪ੍ਰੈਸ ਦੀ ਥਾਂ ਬਦਲਨੀ ਹੈ ਇਸ ਵਾਸਤੇ ਅਗਲਾ ੧ ਪਰਚਾ ਨਾ ਨਿਕਲੇਗਾ ਪਰ ੧000 ਦੀ ਜਮਾਨਤ ਮੰਗੀ ਜਾਣ ਕਰਕੇ ਹੋਰ ਵਧੇਰੇ ਦੇਰ ਲਗ ਗਈ ਅਤੇ ਜਮਾਨਤ ਦਾਖਲ ਕੀਤੀ ਜਾ ਚੁੱਕੀ ਹੈ। ਵਧੇਰੇ ਦੇਰ

ਲਈ ਜੋ ਜਮਾਨਤ ਕਾਰਨ ਹੋਈ ਅਸੀਂ ਆਪਣੇ ਪਾਠਕਾਂ ਤੋਂ ਖਿਮਾਂ ਚਾਹੁੰਦੇ ਹਾਂ ਅਸੀਂ ਨਿਸਚਾ ਦਿਵਾਂਦੇ ਹਾਂ ਕਿ 'ਸਤਿਜੁਗ' ਜਮਾਨਤਾਂ ਨਾਲ ਬੰਦ ਨਹੀਂ ਹੋ ਸਕਦਾ ਜਦ ਤਕ ਸਤਗੁਰੂ ਰਾਮ ਸਿੰਘ ਜੀ ਦਾ ਸਾਜਿਆ ਨਿਵਾਜਿਆ ਪੰਥ ਕਾਇਮ ਹੈ, ਜੋ ਹਮੇਸ਼ਾਂ ਤਕ ਕਾਇਮ ਰਹੇਗਾ। 'ਸਤਿਜੁਗ' ਦੇ ਰਸਤੇ ਵਿਚ ਕਿਸੇ ਤਰ੍ਹਾਂ ਰੋਕ ਅੜਨੀ ਅਸੰਭਵ ਹੈ।"[6]

1924 ਈ. ਵਿਚ ਵੀ ਜਦੋਂ ਬਸੰਤ ਅੰਕ ਪ੍ਰਕਾਸ਼ਤ ਹੋਇਆ ਤਾਂ ਹਾਕਰਾਂ ਕੋਲ ਜਾਣ ਤੋਂ ਪਹਿਲਾਂ ਸਰਕਾਰ ਨੇ ਉਸ ਨੂੰ ਜ਼ਬਤ ਕਰ ਲਿਆ ਅਤੇ 2000 ਦੀ ਨਵੀਂ ਜ਼ਮਾਨਤ ਮੰਗੀ ਗਈ।

'ਸਤਿਜੁਗ' ਦੇ ਵਾਰ-ਵਾਰ ਜ਼ਬਤ ਹੋਣ ਦਾ ਕਾਰਨ ਇਸ ਅਖ਼ਬਾਰ ਵੱਲੋਂ ਦੇਸ਼-ਭਗਤਾਂ ਦੇ ਹੱਕ ਵਿਚ ਅੰਗਰੇਜ਼ਾਂ ਵਿਰੁੱਧ ਉਠਾਈ ਗਈ ਆਵਾਜ਼ ਸੀ। 1936 ਈ. ਦੇ ਬਸੰਤ ਅੰਕ ਵਿਚ ਇੰਦਰ ਸਿੰਘ ਚੱਕਰਵਰਤੀ ਨੇ ਲੇਖ ਲਿਖਿਆ "ਅਪੂਰਣ ਬਲੀਦਾਨ", ਜਿਸ ਵਿਚ ਦੇਸ਼-ਭਗਤਾਂ ਦੀਆਂ ਕੁਰਬਾਨੀਆਂ ਨੂੰ ਤਸਵੀਰਾਂ ਸਹਿਤ ਪ੍ਰਕਾਸ਼ਿਤ ਕੀਤਾ ਗਿਆ ਸੀ। ਇਸ ਦਾ ਅੰਗਰੇਜ਼ ਸਰਕਾਰ ਨੂੰ ਝਟਕਾ ਲੱਗਾ ਅਤੇ ਇਸਦੀ ਜ਼ਮਾਨਤ ਜ਼ਬਤ ਕਰਕੇ 1000 ਰੁਪਏ ਨਵੀਂ ਜ਼ਮਾਨਤ ਦੀ ਮੰਗ ਕੀਤੀ ਗਈ।

ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਲਾਹੌਰ ਵਿਖੇ ਫਾਂਸੀ ਦੀ ਸਜ਼ਾ ਦੇਣੀ ਮੁਕੱਰਰ ਕੀਤੀ ਗਈ। ਇਸ ਬਾਰੇ ੧੯ ਚੇਤਰ ੧੯੮੭ ਦੇ ਸਤਿਜੁਗ ਅਖ਼ਬਾਰ ਦੇ ਅੰਕ ਵਿਚ ਲਿਖਿਆ ਸੀ,

"ਆਖਰ ਨੌਕਰਸ਼ਾਹੀ ਨੇ ਆਪਣੀ ਨੀਚਤਾ ਦਾ ਸਬੂਤ ਦੇ ਹੀ ਦਿੱਤਾ। ਇਕ ਬੰਨੇ ਤਾਂ ਲਾਰਡ ਇਰਵਿਨ ਮਹਾਤਮਾ ਜੀ ਨਾਲ ਸੁਲ੍ਹਾ ਕਰਕੇ ਸ਼ਾਂਤ ਵਾਯੂਮੰਡਲ ਪੈਦਾ ਕਰਨ ਦੇ ਸੁਪਨੇ ਲੈ ਰਿਹਾ ਸੀ। ਦੂਜੇ ਬੰਨੇ ਓਹੀ ਲਾਰਡ ਇਰਵਿਨ 32 ਕਰੋੜ ਭਾਰਤੀਆਂ ਦੀ ਰੂਹੇ ਨਵਾਂ ਸਰਦਾਰ ਭਗਤ ਜੀ ਨੂੰ ਫਾਂਸੀ ਦੇ ਤਖ਼ਤੇ ਤੇ ਲਟਕਾਨ ਦੀ ਇਜ਼ਾਜ਼ਤ ਦੇ ਕੇ ਆਪਣੀ ਦੋਸਤੀ ਦੇ ਸਬੂਤ ਦੇ ਰਿਹਾ ਹੈ। ਸਚੀ ਮੁਚੀ ਵਿਨਾਸ ਸਮੇਂ ਬੁਧੀ ਭ੍ਰਸ਼ਟ ਹੋ ਜਾਇਆ ਕਰਦੀ ਹੈ, ਇਸ ਸਮੇਂ ਨੌਕਰਸ਼ਾਹੀ ਆਪਣੇ ਅਖੀਰਲੇ ਸਵਾਸ ਪੂਰੇ ਕਰ ਰਹੀ ਏ। ਉਹ ਦਿਨ ਹੁਣ ਬਹੁਤ ਨਜ਼ਦੀਕ ਹੈ ਜਦੋਂ ਇਹ ਆਪਣਾ ਬਿਸਤ੍ਰਾ ਬੋਰੀਆ ਬੰਨ੍ਹ ਕੇ ਇੰਗਲੈਂਡ ਜਾ ਕੇ ਦਮ ਲਏਗੀ।"[7]

ਇਸੇ ਤਰ੍ਹਾਂ ਨਾਭੇ ਦੇ ਰਾਜਾ, ਮਹਾਰਾਜਾ ਰਿਪੁਦਮਨ ਸਿੰਘ ਦੇ ਹੱਕ ਵਿਚ ਵੀ ਆਪਣਾ ਨਾਅਰਾ ਬੁਲੰਦ ਕੀਤਾ।

3. **ਸੰਦੇਸ਼** :- ਇੱਕ ਅਖ਼ਬਾਰ ਸੰਦੇਸ਼ਾਂ ਨੂੰ ਜਨਤਾ ਤੱਕ ਪਹੁੰਚਾਣ ਲਈ ਤੇਜ਼ ਸੰਦੇਸ਼ਵਾਹਕ ਦਾ ਕੰਮ ਬਾਖ਼ੂਬੀ ਨਿਭਾਉਂਦਾ ਹੈ। ਸਤਿਜੁਗ ਨੇ ਵੀ ਨਾਮਧਾਰੀ ਆਗੂ ਦੇ ਸੰਦੇਸ਼ ਆਵਾਮ ਤੱਕ ਪਹੁੰਚਾਉਣ ਦੇ ਸਫ਼ਲ ਯਤਨ ਕੀਤੇ ਅਤੇ ਅਨੇਕਾਂ ਕਾਰਵਾਈਆਂ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਵਿਚ ਭਰਪੂਰ ਸਹਿਯੋਗ ਦਿੱਤਾ। ਜਦੋਂ ਵੀ ਕਿਸੇ ਨਾਮਧਾਰੀ ਆਗੂ ਨੇ ਆਪਣਾ ਹੁਕਮ ਜਾਂ ਸੰਦੇਸ਼ ਨਾਮਧਾਰੀਆਂ ਤੱਕ ਪਹੁੰਚਾਉਣਾ ਹੁੰਦਾ ਤਾਂ ਸਤਿਜੁਗ ਦਾ ਸਹਾਰਾ ਲਿਆ ਜਾਂਦਾ ਜਿਵੇਂ:

"ਸ੍ਰੀ ਸਤਿਗੁਰੂ ਜੀ ਦਾ ਸੁਨੈਹਰੀ ਹੁਕਮ

ਸਾਧ ਸੰਗਤ ਜੀ ਮੇਰੀ ਆਵਾਜ਼ ਚੰਗੀ ਤਰ੍ਹਾਂ ਨਹੀਂ ਚਲਦੀ, ਫਿਰ ਵੀ ਮੈਂ ਇੱਕ ਜ਼ਰੂਰੀ ਬੇਨਤੀ ਆਪ ਜੀ ਦੀ ਸੇਵਾ ਵਿਖੇ ਕਰਨੀ ਹੈ। .... ਤੁਸੀਂ ਵੀ ਆਪਣੇ ਦਿਲਾਂ ਵਿਚੋਂ ਇਕ ਦੂਜੇ ਨਾਲ ਦੁਸ਼ਮਨੀ ਅਤੇ ਵੈਰ ਛੱਡ ਦਿਉ। ਇਕ ਦੂਜੇ ਨਾਲ ਜੇਹੜੇ ਬੋਲਦੇ ਨਹੀਂ ਓਹਨਾਂ ਲਈ ਇਹ ਸੋਭਦਾ ਨਹੀਂ। ਅਸੀਂ ਸਾਰੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰ ਦੇ ਸੇਵਕ ਹਾਂ।"[8]

ਇਸੇ ਤਰ੍ਹਾਂ ਚੋਣਾਂ ਸੰਬੰਧੀ ਐਲਾਨ ਕਰਨ ਲਈ ਵੀ ਸਤਿਜੁਗ ਦਾ ਸਹਾਰਾ ਲਿਆ ਜਾਂਦਾ ਸੀ।

"ਸਮੂਹ ਨਾਮਧਾਰੀ ਸਜਣਾਂ ਅਤੇ ਸਮੂਹ ਸੰਗਤਾਂ, ਪ੍ਰਤਿ ਨਿਵੇਦਨ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਲੋਕਲ ਗੁਰਦੁਆਰਾ ਕਮੇਟੀਆਂ ਦੀਆਂ ਚੋਣਾਂ ਵਿਚ ਵੋਟ ਅਕਾਲੀ ਪਾਰਟੀ ਦੇ ਉਮੈਦਵਾਰਾਂ ਨੂੰ ਪਾਣ ਅਤੇ ਇਨ੍ਹਾਂ ਹੀ ਉਮੀਦਵਾਰਾਂ ਦੀ ਯੋਗ ਮਦਦ ਕਰਕੇ ਕਾਮਯਾਬ ਬਣਾਉਣ।"[9]

ਨਾਮਧਾਰੀ ਦੇਸ਼-ਭਗਤ ਕੋਈ ਵੀ ਰਾਜਨੀਤਿਕ ਕਾਰਵਾਈ ਕਰਨ ਵੇਲੇ ਆਪਣੇ ਸਤਿਗੁਰਾਂ ਦੀ ਆਗਿਆ ਦੀ ਜ਼ਰੂਰ ਉਡੀਕ ਕਰਦੇ ਸਨ।

"ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਸੰਗਤਾਂ ਦੇ ਨਾਮ ਏਹ ਹੁਕਮ ਦੇਣ ਲਈ ਕਿਹਾ ਹੈ ਕਿ ਬੜੇ ਭਰੋਸੇਯੋਗ ਵਸੀਲਿਆਂ ਤੋਂ ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਦੇ ਮੁਖੀ ਨਾਮਧਾਰੀਆਂ ਲਈ ਕੁਝ ਹੋਰ ਘਾੜਤਾਂ ਘੜ ਰਹੇ ਹਨ, ਜਿਨ੍ਹਾਂ ਦਾ ਮਤਲਬ ਹੈ ਕਿ ਸਾਡੇ ਲਈ ਅਜੇ ਕੁਝ ਹੋਰ ਮੁਸੀਬਤਾਂ ਦੀ ਆਓ ਆਈ ਹੈ। ਤਦ ਵੀ ਸੰਗਤਾਂ ਨੂੰ ਤਾਕੀਦ ਹੈ ਕਿ ਉਹ ਅਜੇ ਹੋਰ ਵਧੇਰੇ ਠਰੰਮੇ ਤੋਂ ਕੰਮ ਲੈਣ, ਧੀਰਜ ਨੂੰ ਹੱਥੋਂ ਨਾ ਛੱਡਣ। ਸਾਡੇ ਧੀਰਜ ਦੀ ਅਜ਼ਮਾਇਸ਼ ਹੈ।"[10]

ਨਾਮਧਾਰੀ ਆਗੂਆਂ ਤੋਂ ਇਲਾਵਾ ਹੋਰ ਰਾਜਨੀਤਕ ਆਗੂਆਂ ਦੇ ਸੰਦੇਸ਼ ਵੀ ਇਸ ਅਖ਼ਬਾਰ ਵਿਚ ਪ੍ਰਕਾਸ਼ਿਤ ਕੀਤੇ ਜਾਂਦੇ। ਜਿਵੇਂ ਸ੍ਰੀ ਰਾਧਾ ਕ੍ਰਿਸ਼ਨਨ ਜੀ ਦਾ ਸੰਦੇਸ਼:

"ਸਚਖੰਡ ਵਾਸੀ ਸਤਿਗੁਰੂ ਜੀ ਨੂੰ ਜਿਹੜੀ ਸਾਡੇ ਵਲੋਂ ਸਚੀ ਸ਼ਰਧਾਂਜਲੀ ਅਰਪਨ ਹੋਣੀ ਚਾਹੀਦੀ ਹੈ, ਉਹ ਹੈ ਕਿ ਅਸੀਂ ਉਨ੍ਹਾਂ ਦੇ ਉਪਦੇਸ਼ਾਂ ਨੂੰ ਜੀਵਨ ਵਿਚ ਢਾਲੀਏ।"[11]

4. **ਪੰਜਾਬੀ ਸਭਿਆਚਾਰ ਪ੍ਰਤੀ ਚੇਤਨਾ** : – ਜਿਵੇਂ ਕਿ ਪਿਛਲੇ ਅਧਿਆਇ ਵਿਚ ਦੱਸਿਆ ਜਾ ਚੁੱਕਾ ਹੈ ਕਿ ਸਤਿਜੁਗ ਦੇ ਸ਼ੁਰੂ ਹੋਣ ਤੋਂ ਪਹਿਲਾਂ ਲੋਕ ਆਪਣੀ ਮਰਿਆਦਾ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਭੁੱਲੇ ਹੋਏ ਸਨ। ਨਾਮਧਾਰੀ ਆਗੂ ਲੋਕਾਂ ਵਿਚ ਸੱਭਿਆਚਾਰਕ ਚੇਤਨਾ ਲਿਆਉਣ ਲਈ ਸਿਰਤੋੜ ਯਤਨ ਕਰ ਰਹੇ ਸਨ। ਜਦੋਂ 'ਸਤਿਜੁਗ' ਸ਼ੁਰੂ ਹੋਇਆ ਤਾਂ ਨਾਮਧਾਰੀ ਆਗੂਆਂ ਨੇ ਇਸ ਨੂੰ ਇਕ ਸਾਧਨ ਵਜੋਂ ਵਰਤਿਆ ਜੋ ਕਿ ਬਹੁਤ ਕਾਰਗਾਰ ਸਿੱਧ ਹੋਇਆ। 'ਸਤਿਜੁਗ' ਦੇ ਰਾਹੀਂ ਆਮ ਜਨਤਾ ਨੂੰ ਆਪਣੇ ਸੱਭਿਆਚਾਰ ਨਾਲ ਜੋੜਨ ਦੇ ਯਤਨ ਕੀਤੇ ਗਏ। ਜਿਵੇਂ ਸਵਦੇਸੀ ਪਹਿਰਾਵਾ ਪਹਿਨਣ ਤੇ ਜ਼ੋਰ ਦਿੱਤਾ ਗਿਆ ਹੈ:

"ਸਮਹ ਨਾਮਧਾਰੀ ਸੰਗਤਾਂ ਨੂੰ ਯਾਦ ਹੋਵੇਗਾ ਕਿ ਨਾਮਧਾਰੀ ਦਰਬਾਰ ਨੇ ਆਪਣੀ ਵੈਸਾਖ ਨੂੰ ਹੋਈ ਅੰਮ੍ਰਿਤਸਰ ਵਾਲੀ ਇਕੱਤਰਤਾ ਵਿਚ ਸ਼ੁਧ ਖਦਰ ਦੀ ਵਰਤੋਂ ਸੰਬੰਧੀ ਮਤਾ ਪਾਸ ਕੀਤਾ ਸੀ। ਜਿਸਦਾ ਭਾਵ ਏਹ ਸੀ ਕਿ ਨਵੇਂ ਸਜੇ ਨਾਮਧਾਰੀਆਂ ਨੂੰ ਸ਼ੁਧ ਖਦਰ ਦੀ ਵਰਤੋਂ ਦੀ ਹਦੈਤ ਕੀਤੀ ਜਾਵੇ ਅਤੇ ਸਮੇਂ ਦੇ ਪ੍ਰਭਾਵ ਕਾਰਨ ਜੋ ਪੁਰਾਣੇ ਨਾਮਧਾਰੀਆਂ ਵਿਚ ਕਿਤੇ ਕਿਤੇ ਖਦਰ ਧਾਰਨ ਵਲੋਂ ਅਣਗਹਿਲੀ ਜਹੀ ਹੋ ਗਈ ਹੈ, ਉਸ ਨੂੰ ਦੂਰ ਕੀਤਾ ਜਾਵੇ। ਇਸ ਲਈ ਸਮੂਹ

ਸੂਬਿਆਂ, ਪ੍ਰਚਾਰਕਾਂ, ਸੰਤਾਂ ਤੇ ਮਹੰਤਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਉਹ ਆਪਣੇ ਇਲਾਕਿਆਂ ਤੇ ਜੱਥਿਆਂ ਵਿਚ ਏਸ ਐਲਾਨ ਤੇ ਪੂਰੀ ਪੂਰੀ ਵਰਤੋਂ ਕਰਾਣ ਦਾ ਜਤਨ ਕਰਨ। ਸ਼ੁਧ ਖਦਰ ਦਾ ਭਾਵ ਚਰਖੇ ਨਾਲ ਕੱਤੇ ਹੋਏ ਤੇ ਖਡੀ ਨਾਲ ਕਤੇ ਹੋਏ ਤੇ ਖੜ੍ਹੀ ਨਾਲ ਉਣੇ ਹੋਏ ਸੂਤਰ ਦੇ ਕਪੜੇ ਤੋਂ ਹੈ।"[12]

ਸਤਿਗੁਰੂ ਰਾਮ ਸਿੰਘ ਜੀ ਨੇ ਸਭ ਨੂੰ ਗੁਰਬਾਣੀ ਅਨੁਸਾਰ ਆਚਰਣ ਢਾਲਣ ਦਾ ਉਪਦੇਸ਼ ਦਿੱਤਾ ਅਤੇ ਗੁਰੂ ਗੋਬਿੰਦ ਦੇ ਦਰਸਾਏ ਮਾਰਗ ਉਤੇ ਚੱਲਣ ਲਈ ਆਪਣੇ ਅਨੁਯਾਈਆਂ ਵਿਚ ਸ਼ਕਤੀ ਦਾ ਸੰਚਾਰ ਕੀਤਾ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਬਖਸ਼ੀ ਅੰਮ੍ਰਿਤ ਦੀ ਦਾਤ ਨੂੰ ਸੰਨ 1857 ਦੀ ਵਿਸਾਖੀ ਵਾਲੇ ਦਿਨ ਪੁਨਰ-ਸੰਚਾਰਿਤ ਕੀਤਾ। ਇਸੇ ਲੜੀ ਨੂੰ ਬਾਕੀ ਸਤਿਗੁਰੂ ਸਾਹਿਬਾਨਾਂ ਨੇ ਅੱਗੇ ਤੋਰਿਆ ਤੇ ਸਮੇਂ-ਸਮੇਂ ਇਸ ਬਾਰੇ 'ਸਤਿਜੁਗ' ਵਿਚ ਪ੍ਰਕਾਸ਼ਿਤ ਹੁੰਦਾ ਰਿਹਾ ਹੈ:

"ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜਾ ਬੜੀ ਕਿਰਪਾਲਤਾ ਸਹਿਤ ਕੁੰਭ ਦੇ ਮੇਲੇ ਸਮੇਂ, ਹਰਿਦਵਾਰ ਦਰਸ਼ਨ ਦਿੱਤੇ। ਆਪ ਨੇ ਬੜੇ ਰੁਝੇਵੇਂ ਕਾਰਨ ਕੇਵਲ ੧੦-੧੧ ਅਪ੍ਰੈਲ ਨੂੰ ਦਰਸ਼ਨ ਦੇ, ਸੰਗਤਾਂ ਨੂੰ ਨਿਹਾਲ ਕੀਤਾ ਅਤੇ ਹਿੰਦੁਸਤਾਨ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਆਸਤਕਾਂ ਨੂੰ ਸੱਤ, ਅਹਿੰਸਾ ਤੇ ਨਾਮ ਬਾਣੀ ਦਾ ਅਮਲੀ ਪਾਠ ਪੜ੍ਹਾਇਆ।"[13]

ਸਵਦੇਸੀ ਸਭਿਆਚਾਰ ਵਿਚ ਗਾਂ ਨੂੰ ਮਾਂ ਦੇ ਨਾਲ ਤੁਲਨਾ ਦਿੱਤੀ ਜਾਂਦੀ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਤਾਂ ਗਊਆਂ ਨੂੰ ਇੰਨੀ ਮਹੱਤਤਾ ਦਿੱਤੀ ਕਿ ਨਾਮਧਾਰੀ ਗਊਸ਼ਾਲਾ ਸਥਾਪਤ ਕੀਤੀ ਅਤੇ ਇਥੋਂ ਦੀਆਂ ਗਊਆਂ ਕੌਮੀ ਪੱਧਰ ਦੇ ਮੁਕਾਬਲਿਆਂ ਵਿਚ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਦੀਆਂ। ਇਸ ਬਾਰੇ ਵੀ ਸਤਿਜੁਗ ਵਿਚ ਵਾਰ-ਵਾਰ ਪ੍ਰਕਾਸ਼ਿਤ ਹੁੰਦਾ ਰਿਹਾ ਤਾਂ ਜੋ ਨਾਮਧਾਰੀਆਂ ਨੂੰ ਤੇ ਹੋਰ ਲੋਕਾਂ ਨੂੰ ਇਕ ਨਵੀਂ ਸੇਧ ਮਿਲ ਸਕੇ ਅਤੇ ਉਹ ਆਪਣੇ ਸੱਭਿਆਚਾਰ ਨਾਲ ਸੰਬੰਧਿਤ ਪ੍ਰੰਪਰਾਵਾਂ ਨੂੰ ਅੱਗੇ ਲੈ ਕੇ ਆਉਣ।

"ਮੌਜੂਦਾ ਸਤਿਗੁਰੂ ਜੀ ਦੀ ਦੇਖ-ਰੇਖ ਹੇਠ ਚਲ ਰਹੀ ਨਾਮਧਾਰੀ ਗਊਸ਼ਾਲਾ ਸ੍ਰੀ ਜੀਵਨ ਨਗਰ ਦੀ ਇਕ ਗਊ ਜਿਸ ਦਾ ਨਾਮ ਪੁਤਲੀ ਹੈ, ਸਰਬ ਭਾਰਤੀ ਦੁੱਧ ਮੁਕਾਬਲੇ ਚੋਂ ਫਸਟ ਆਈ ਹੈ। ਇਹ ਮੁਕਾਬਲਾ ਹਰ ਤਿੰਨੀ ਮਹੀਨੀਂ ਭਾਰਤ ਸਰਕਾਰ ਵੱਲੋਂ ਕਰਵਾਇਆ ਜਾਂਦਾ ਹੈ।"[14]

ਪਸ਼ੂ-ਧਨ ਦੇ ਪ੍ਰਤੀ ਜਿਹੜੀ ਜਾਗਰੂਕਤਾ ਅੱਜ ਸਰਕਾਰ ਲਿਆਉਣਾ ਚਾਹੁੰਦੀ ਹੈ, ਉਸ ਪ੍ਰਤੀ ਨਾਮਧਾਰੀ ਲਹਿਰ ਦੇ ਆਗੂ ਆਰੰਭ ਵਿਚ ਹੀ ਜਾਗਰੂਕ ਸਨ ਜਿਵੇਂ ਕਿ ਗਊਆਂ ਦੀ ਪਾਲਣਾ, ਉਨ੍ਹਾਂ ਦੀ ਰੱਖਿਆ ਅਤੇ ਗਊ-ਦੁੱਧ ਨੂੰ ਔਸ਼ਧੀ ਮੰਨਣਾ।

ਨਾਮਧਾਰੀਆਂ ਵੱਲੋਂ ਸ਼ੁੱਧ ਸਾਤਵਿਕ ਭੋਜਨ ਤੇ ਵੀ ਜ਼ੋਰ ਦਿੱਤਾ ਜਾਂਦਾ ਸੀ। ਇਸ ਬਾਰੇ ਸਮੇਂ-ਸਮੇਂ 'ਸਤਿਜੁਗ' ਅਖ਼ਬਾਰ ਵਿਚ ਲੇਖ ਛਪਦੇ ਰਹੇ। ਜਿਵੇਂ 'ਸਤਿਗੁਰੂ ਰਾਮ ਸਿੰਘ ਔਰ ਸਾਤ੍ਵਕ ਭੋਜਨ'।

ਉਨ੍ਹਾਂ ਨੇ ਆਪਣੇ ਅਨੁਯਾਈਆਂ ਨੂੰ ਰਹਿਤ ਤੇ ਖਾਣ-ਪੀਣ ਦੇ ਆਦੇਸ਼ ਦਿੱਤੇ ਹਨ ਜੋ ਹੁਣ ਤਕ ਨਾਮਧਾਰੀਆਂ ਵਿਚ ਪ੍ਰਚਲਤ ਹਨ। ਉਨ੍ਹਾਂ ਵਿਚੋਂ ਖਾਣ-ਪੀਣ ਦੀ ਬਾਬਤ ਸਤਿਗੁਰੂ ਜੀ ਦਾ ਨਾਮਧਾਰੀਆਂ ਨੂੰ ਹੁਕਮ ਹੈ।

"ਕੋਈ ਨਸ਼ੇ ਵਾਲੀ ਚੀਜ਼ ਨ ਵਰਤੋ। ਤਮਾਕੂ, ਭੰਗ, ਅਫੀਮ, ਸ਼ਰਾਬ, ਗਾਂ ਆਦਿ।"[15]

5. **ਪੰਜਾਬੀ ਭਾਸ਼ਾ ਪ੍ਰਤੀ ਯੋਗਦਾਨ** : 'ਸਤਿਜੁਗ' ਅਖ਼ਬਾਰ ਦੀਆਂ ਨੀਤੀਗਤ ਗੱਲਾਂ ਇਹ ਸਨ:

1. ਕੌਮ ਦੇ ਮਸਲਿਆਂ ਦਾ ਸਰਕਾਰ ਤੋਂ ਹੱਲ ਮੰਗਣਾ।
2. ਲੋਕਾਂ ਨੂੰ ਹੱਕਾਂ ਪ੍ਰਤੀ ਸੁਚੇਤ ਕਰਨਾ।
3. ਦੀਨ ਦੁਖੀਆਂ ਪ੍ਰਤੀ ਸੁਚੇਤ ਕਰਨਾ।
4. ਵਿਦਿਆ ਪ੍ਰਚਾਰ ਜਿਸ ਵਿਚ ਗੁਰਮੁਖੀ ਲਿਪੀ ਅਤੇ ਪੰਜਾਬੀ ਨੂੰ ਵਧੇਰੇ ਮਹੱਤਤਾ ਦੇਣਾ।
5. ਦੇਸ਼ ਦੀ ਆਜ਼ਾਦੀ ਲਈ ਸੰਘਰਸ਼।

ਇਨ੍ਹਾਂ ਸਾਰੇ ਉਦੇਸ਼ਾਂ ਨੂੰ ਪੂਰਾ ਕਰਨ ਲਈ ਗੁਰਮੁਖੀ ਲਿਪੀ ਨੂੰ ਮਾਧਿਅਮ ਵਜੋਂ ਚੁਣਿਆ ਗਿਆ ਕਿਉਂਕਿ ਲੋਕ-ਭਾਸ਼ਾ ਹੀ ਇਜ਼ਹਾਰ ਦਾ ਸ਼ਕਤੀਸ਼ਾਲੀ ਵਸੀਲਾ ਹੁੰਦਾ ਹੈ।

'ਸਤਿਜੁਗ' ਰਾਹੀਂ ਪੰਜਾਬੀ ਭਾਸ਼ਾ ਅਤੇ ਸਾਹਿਤ ਵਿਚ ਪਾਇਆ ਯੋਗਦਾਨ ਕਈ ਰੂਪਾਂ ਵਿਚ ਹੈ। ਉਦਾਹਰਨ ਵਜੋਂ ਬਾਬਾ ਰਾਮ ਸਿੰਘ ਜੀ ਵੱਲੋਂ ਰੂਸ ਜ਼ਾਰ ਵੱਲ ਲਿਖੇ ਜੋ ਪੱਤਰ 'ਸਤਿਜੁਗ' ਵਿਚ ਛਪਦੇ ਰਹੇ, ਉਹ ਸਾਰੇ ਗੁਰਮੁਖੀ ਵਿਚ ਸਨ ਜੋ ਅੱਜ ਵੀ ਰੂਸ ਦੇ ਪੁਰਾਤਨ ਸੰਗ੍ਰਹਾਲੇ ਵਿਚ ਪਏ ਹਨ। ਬਾਬਾ ਰਾਮ ਸਿੰਘ ਜੀ ਦੇ ਪੱਤਰਾਂ ਵਿਚ ਗੁਰਸਿੱਖਾਂ ਨੂੰ ਗੁਰਮੁਖੀ ਅੱਖਰ ਪੜ੍ਹਾਉਣ ਅਤੇ ਗੁਰਬਾਣੀ ਕੰਠ ਕਰਨ/ ਕਰਾਉਣ ਦੀ ਬਾਰ ਬਾਰ ਤਾਕੀਦ ਕੀਤੀ ਗਈ ਹੈ।

'ਸਤਿਜੁਗ' ਅਖ਼ਬਾਰ ਵਿਚ ਵੱਖ-ਵੱਖ ਆਗੂਆਂ ਵੱਲੋਂ ਮਾਤ-ਭਾਸ਼ਾ ਪੰਜਾਬੀ ਦੇ ਹੱਕ ਵਿਚ ਪੇਸ਼ ਕੀਤੇ ਵਿਚਾਰ ਪ੍ਰਸਤੁਤ ਕੀਤੇ ਜਾਂਦੇ ਰਹੇ ਹਨ ਅਤੇ ਲੋਕਾਂ ਨੂੰ ਜਾਗਰੂਕ ਕੀਤਾ ਜਾਂਦਾ ਰਿਹਾ ਹੈ।

"ਲਾਹੌਰ ਦੀ ਮਯੂਨੀਸਪੈਲਟੀ ਨੇ ਲਾਹੌਰ ਸ਼ੈਹਰ ਵਿਚ ਦੇਸੀ ਪੜ੍ਹਾਈ ਦੇ ਸਕੂਲ ਖੋਲਨੇ ਹਨ ਅਤੇ ਉਨ੍ਹਾਂ ਸਕੂਲਾਂ ਦੀ ਗਿਣਤੀ ਇਕ ਸੌ (੧੦੦) .... ਪਰ ਪੰਜਾਬੀ ਦੇ ਪ੍ਰੇਮੀ ਅਜੇ ਤੀਕ ਸੁਤੇ ਪਏ ਹਨ ਪੰਜਾਬੀ ਦੇ ਪ੍ਰੇਮੀਆਂ ਨੂੰ ਚਾਹੀਦਾ ਹੈ ਕਿ ਉਹ ਭੀ ਇਕ ਜੱਥਾ ਬਣਾ ਕੇ ਮਯੂਨੀਸਪਲ ਕਮੇਟੀ ਲਾਹੌਰ ਦੀ ਸੇਵਾ ਵਿਚ ਬੇਨਤੀ ਕਰਨ ਕਿ ਪੰਜਾਬੀਆਂ ਦੀ ਮਾਤ੍ਰੀ ਭਾਸ਼ਾ ਪੰਜਾਬੀ ਹੈ ਏਸ ਲਈ ਪੰਜਾਬੀ ਵਿਦਿਆ ਦੇ ਪ੍ਰਚਾਰ ਲਈ ਪੰਜਾਬੀ ਸਕੂਲ ਭੀ ਕਮੇਟੀ ਦੀ ਤਰਫੋਂ ਖੋਲੇ ਜਾਨ।"[16]

'ਸਤਿਜੁਗ' ਵਿਚ ਸੂਬਿਆਂ ਲਈ ਕੰਮ ਪ੍ਰਕਾਸ਼ਿਤ ਕੀਤੇ ਜਾਂਦੇ। ਉਨ੍ਹਾਂ ਵਿਚ ਵੀ ਪੰਜਾਬੀ ਭਾਸ਼ਾ ਦਾ ਪਰਚਾਰ ਕਰਨ ਸੰਬੰਧੀ ਲਿਖਿਆ ਜਾਂਦਾ।

ਅਖਰ ਬੋਧ ਸੰਬੰਧੀ ਸਤਿਗੁਰੂਆਂ ਵਲੋਂ ਕੀਤੇ ਖ਼ਾਸ ਐਲਾਨ ਵੀ ਪੰਜਾਬੀ ਭਾਸ਼ਾ ਦੇ ਹੱਕ ਵਿਚ ਸੰਬੋਧਿਤ ਹੁੰਦੇ:

"ਹਰ ਨਾਮਧਾਰੀ ਮਾਈ ਬੀਬੀ, ਮਰਦ ਬੁੱਢੇ ਬਾਲੇ ਨੂੰ ਸ੍ਰੀ ਸਤਿਗੁਰੂ ਚੀਨੀ ਵਾਲੇ ਦਾ ਉਹ ਹੁਕਮ ਕਦੀ ਵੀ ਨਹੀਂ ਭੁੱਲਣਾ ਚਾਹੀਦਾ, ਜਿਸ ਵਿਚ ਆਪ ਨੇ ਗੁਰਮੁਖੀ ਅਖਰ ਪੜ੍ਹਨ ਪੜ੍ਹਾਨ ਦੀ

ਤਾਕੀਦ ਕੀਤੀ ਹੈ। ਹਜ਼ੂਰ ਨੇ ਵਿੱਦਿਆ ਪੜ੍ਹਨ ਦੀ ਏਹ ਤਾਕੀਦ ਇਸ ਕਰਕੇ ਕੀਤੀ ਸੀ ਤਾਂ ਕਿ ਅਵਿਦਿਆ ਦਾ ਹਨੇਰਾ ਹਰ ਨਾਮਧਾਰੀ ਘਰ ਵਿਚੋਂ ਨਿਕਲ ਜਾਵੇ ਤੇ ਹਰ ਨਾਮਧਾਰੀ ਸੰਤ ਜਿਥੇ ਸੰਸਾਰ ਵਾਸੀਆਂ ਨੂੰ ਨਾਮ ਦੀ ਅਮੋਲਕ ਦਾਤ ਦੇ ਕੇ ਸਿਧੇ ਮਾਰਗ ਤੇ ਲਾਵੇ, ਓਥੇ ਵਿਦਿਆ ਦਾ ਪ੍ਰਕਾਸ਼ ਫੈਲਾ ਕੇ ਪੂਰਬ ਪੱਛਮ ਉਤਰ ਦਖਣ ਵਿਚ ਉਜਾਲਾ ਕਰ ਦਏ।"[17]

ਨਾਮਧਾਰੀ ਪੱਤਰਕਾਰੀ ਵਿਚ ਪੰਜਾਬੀ ਭਾਸ਼ਾ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਸੀ ਤਾਂ ਜੋ ਪਾਠਕ ਆਪਣੀ ਗੌਰਵਸ਼ਾਲੀ ਮਾਤ ਭਾਸ਼ਾ ਨਾਲ ਜੁੜੇ ਰਹਿ ਸਕਣ।

6. **ਰੀਪੋਰਟਿੰਗ** :- 'ਸਤਿਜੁਗ' ਅਖ਼ਬਾਰ ਨਾਮਧਾਰੀ ਪੰਥ ਦੀਆਂ ਤਕਲੀਫਾਂ ਨੂੰ ਸਰਕਾਰ ਅਤੇ ਸੰਸਾਰ ਅੱਗੇ ਰੱਖਣ ਨੂੰ ਲੈ ਕੇ ਸਾਹਮਣੇ ਆਇਆ। ਇਸ ਦਾ ਆਸ਼ਾ ਸਿੱਖ ਧਰਮ ਦਾ ਪ੍ਰਚਾਰ ਤੇ ਇਸ ਵਿਚ ਆ ਚੁੱਕੀਆਂ ਬੁਰਾਈਆਂ ਤੋਂ ਸਿੱਖ ਸਮਾਜ ਨੂੰ ਜਾਗਰੂਕ ਕਰਨਾ ਸੀ। ਇਨ੍ਹਾਂ ਦੇ ਨਾਲ-ਨਾਲ ਇਸ ਦਾ ਆਸ਼ਾ ਨਾਮਧਾਰੀ ਦਰਬਾਰ ਦੀਆਂ ਗਤੀਵਿਧੀਆਂ ਦੀਆਂ ਖ਼ਬਰਾਂ ਜਨਤਾ ਤੱਕ ਪਹੁੰਚਾਉਣਾ ਵੀ ਸੀ।

"ਸਨਖਤ੍ਰਾ ਜਿਲਾ ਸਿਆਲਕੋਟ ਵਿਚ ਨਾਮਧਾਰੀ ਸਿੱਖਾਂ ਦਾ ਦੀਵਾਨ 24 ਹਾੜ ਨੂੰ ਬੜੀ ਧੂਮਧਾਮ ਨਾਲ ਹੋਯਾ। ਭਾਈ ਟਹਿਲ ਸਿੰਘ ਜੀ ਜਥੇਦਾਰ ਨੇ ਸੇਵਕ ਜਥੇ ਨਾਲ ਸੰਗਤਾਂ ਦੀ ਸੇਵਾ ਤੇ ਦੀਵਾਨ ਦਾ ਪ੍ਰਬੰਧ ਕੀਤਾ। ..... ਹੇਠਾਂ ਲਿਖੇ ਗੁਰਮਤੇ ਪਾਸ ਹੋਏ:

ਇਹ ਦੀਵਾਨ ਅਤੀ ਸਤਿਕਾਰ ਸਹਿਤ ਗੌਰਮਿੰਟ ਪਾਸ ਬੇਨਤੀ ਕਰਦਾ ਹੈ ਕਿ ਕ੍ਰਿਪਾ ਕਰਕੇ ਨਾਮਧਾਰੀ ਸਿੱਖਾਂ ਅਰ ਉਨ੍ਹਾਂ ਦੇ ਆਗੂਆਂ ਪਰ ੪੮ ਸਾਲ ਤੋਂ ਜੋ ਪਾਬੰਦੀਆਂ ਲਗੀਆਂ ਹੋਈਆਂ ਹਨ ਸਾਰੀਆਂ ਰਹਿਮ ਅਨੁਸਾਰ ਹਟਾ ਦਿੱਤੀਆਂ ਜਾਣ। ..... "[18]

ਨਾਮਧਾਰੀ ਦਰਬਾਰ ਦੀਆਂ ਖਬਰਾਂ ਤੋਂ ਇਲਾਵਾ ਹੋਰ ਖਬਰਾਂ ਵੀ ਪ੍ਰਕਾਸ਼ਿਤ ਹੁੰਦੀਆਂ:-

"ਲਾਰਡ ਵਲਿੰਗਟਨ ਨਾਲ ਗੱਲਬਾਤ ਕਰਨ ਲਈ ਮਹਾਤਮਾ ਜੀ ਸ਼ਿਮਲੇ ਪੁਜੇ। ਜਿਥੇ ਮ: ਜੀ ਠਹਿਰੇ ਸਨ ਓਥੇ ਵਾਇਸਰਾਏ ਦੇ ਅਸਥਾਨ ਤਕ ਤਿੰਨ ਮੀਲ ਰਸਤਾ ਸੀ। ਮ: ਜੀ ਪੈਦਲ ਤੁਰਕੇ ਗਏ।"[19]

'ਸਤਿਜੁਗ' ਅਖ਼ਬਾਰ ਨਾਮਧਾਰੀ ਪੰਥ ਦੀਆਂ ਗਤੀਵਿਧੀਆਂ ਅਤੇ ਸਮਕਾਲੀਨ ਖਬਰਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਚੌਮੁਖੀਆ ਦੀਵਾ ਬਣ ਕੇ ਜਗਿਆ ਹੈ।

7. **ਸ਼ਰਧਾਮੂਲਕਤਾ** :- ਸਤਿਗੁਰੂ ਰਾਮ ਸਿੰਘ ਨੂੰ ਨਾਮਧਾਰੀਆਂ ਵੱਲੋਂ ਸਤਿਗੁਰੂ, ਚੀਨੀ ਵਾਲੇ ਆਦਿ ਨਾਵਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਦੇਸ਼ ਭਗਤ ਆਪਣੇ ਆਗੂਆਂ ਦੇ ਨਾਵਾਂ ਨਾਲ ਸਤਿਗੁਰੂ ਸ਼ਬਦ ਜ਼ਰੂਰ ਲਗਾਉਂਦੇ ਹਨ। ਇਹ ਉਨ੍ਹਾਂ ਦੀ ਆਪਣੇ ਰਹਿਨੁਮਾਵਾਂ ਪ੍ਰਤਿ ਅਪਾਰ ਸ਼ਰਧਾ ਦਾ ਸੂਚਕ ਹੈ।

"ਜੇ ਬਸੰਤ ਪੰਚਮੀ ਵਾਲੇ ਪੰਚੈਤੀ ਦਿਹਾੜੇ ਦੂਸ਼ਨ ਦੇ ਕੇ ਪੰਚੈਤੀ ਅਸੂਲਾਂ ਦੇ ਪ੍ਰਚਾਰਕ 'ਲੋਕ-ਭਲਾਈ' ਦੇ ਪ੍ਰੇਮੀ ਬਾਬਾ ਰਾਮ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਕਹਾਂ ਤਾਂ ਕ੍ਰੋੜਾਂ ਬੰਦੇ (ਇਸਤ੍ਰੀ ਪੁਰਸ਼) ਦਿਲ ਵਿਚ ਕੁੜ੍ਹਨਗੇ ਜੋ "ਸਤਿ" ਤੇ "ਗੁਰੂ" ਪਦ ਦੇ ਅਸਲ ਅਸੂਲ ਤੋਂ ਨਾਵਾਕਫ਼ ਹਨ।"[20]

ਇਹੀ ਸ਼ਰਧਾ 'ਸਤਿਜੁਗ' ਵਿਚ ਛਪੇ ਅਨੇਕ ਹੋਰ ਲੇਖਾਂ ਰਾਹੀਂ ਵੀ ਝਲਕਦੀ ਹੈ। ਜਿਵੇਂ "ਗੁਰੂ ਜੀ ਦੀ ਜਗਾਈ ਜੋਤ ਜਗਦੀ ਰਹੇ" ਲੇਖ ਵਿਚ ਪ੍ਰਸਿਧ ਦੇਸ਼-ਭਗਤ ਲਾਲਾ ਖੁਸ਼ਾਲ ਚੰਦ ਜੀ ਖੁਰਸੰਦ ਨਾਮਧਾਰੀ ਗੁਰੂ ਰਾਮ ਸਿੰਘ ਜੀ ਬਾਰੇ ਲਿਖਦੇ ਹਨ:

"ਹੇ ਭਗਵਾਨ! ਭਾਰਤ ਮਾਤਾ ਦਾ ਏਹ ਰਤਨ, ਹਿੰਦੁਸਤਾਨੀਆਂ ਦਾ ਪਿਆਰਾ, ਗਊ ਮਾਤਾ ਦਾ ਏਹ ਰਖਸਕ ਅਰ ਸਚਾ ਤਪਸ੍ਵੀ ਕਿੱਥੇ ਹੈ? ਕੀ ਫੇਰ ਭੀ ਸਾਨੂੰ ਦਰਸ਼ਨ ਦੇਵੇਗਾ? ਪਰ ਮੈਨੂੰ ਇਸਦਾ ਕੋਈ ਉਤਰ ਨਾ ਮਿਲਿਆ।"[21]

ਗੁਰਬਾਣੀ ਅਤੇ ਸਿੱਖ-ਮਰਿਆਦਾ ਪ੍ਰਤੀ ਸ਼ਰਧਾ ਦੀਆਂ ਝਲਕਾਂ ਵੀ ਸਾਨੂੰ 'ਸਤਿਜੁਗ ਦੇ ਕਈ ਅੰਕਾਂ ਵਿਚ ਛਪੇ ਕਈ ਲੇਖਾਂ ਤੋਂ ਮਿਲਦੀਆਂ ਹਨ।

"ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਾਣੀ ਦੇ ਪ੍ਰਚਾਰ ਵਾਸਤੇ ਪਿੰਡਾਂ ਵਿਚ ਦੌਰੇ ਕੀਤੇ। ਤੇ ਚੂਹਿਆਂ ਦੀਆਂ ਖਾਧੀਆਂ ਤੇ ਉਲੀ ਲਗੀਆਂ ਬੀੜਾਂ ਦੀ ਮੁਰੰਮਤ ਕੀਤੀ ਤੇ ਘਰ ਵਾਲਿਆਂ ਨੂੰ ਦੱਸਿਆ ਕਿ ਸ੍ਰੀ ਗ੍ਰੰਥ ਸਾਹਿਬ ਦਾ ਅਦਬ ਕਿਵੇਂ ਕਰੀਦਾ ਹੈ।"[22]

ਨਾਮਧਾਰੀਆਂ ਲਈ ਪਾਠ ਕਰਨਾ ਬਹੁਤ ਜ਼ਰੂਰੀ ਕਰਾਰ ਸੀ। ਭਾਵੇਂ ਇਸ ਲਈ ਕਈ ਵਾਰ ਅੰਗਰੇਜ਼ੀ ਸਰਕਾਰ ਵੱਲੋਂ ਮਿਲੀ ਸਜ਼ਾ ਵੀ ਭੁਗਤਣੀ ਪੈਂਦੀ ਸੀ, ਪਰ ਉਹ ਆਪਣੀ ਬਾਣੀ ਤੇ ਗੁਰੂ ਪ੍ਰਤੀ ਸ਼ਰਧਾ ਤੋਂ ਮੁੱਖ ਨਹੀਂ ਮੋੜਦੇ ਸਨ।

"ਜੋ ਵੀ ਨਾਮਧਾਰੀ ਪਾਠ ਕਰਵਾਂਦਾ ਸੀ: ਉਸ ਨੂੰ ਬਡੀ ਸਖਤ ਸਜ਼ਾ ਦਿੱਤੀ ਜਾਂਦੀ ਸੀ। ਤੇ ਪਾਠ ਵਿਚ ਕਿਸੇ ਕਿਸਮ ਦਾ ਹਿੱਸਾ ਲੈਣ ਵਾਲੇ ਨੂੰ ਵੀ ਸੁਕਾ ਨਹੀਂ ਸੀ ਜਾਣ ਦਿੱਤਾ ਜਾਂਦਾ।"[23]

8. **ਨਾਮਧਾਰੀ ਸੰਸਥਾ ਸੰਸਥਾਪਨਾ** :- ਸ਼ੁਰੂ-ਸ਼ੁਰੂ ਵਿਚ ਛਪ ਰਹੇ 'ਸਤਿਜੁਗ' ਵਿਚ ਦੇਸ਼-ਭਗਤੀ ਦੇ ਲੇਖ, ਗੁਰਮਤ ਵਿਚਾਰਧਾਰਾ ਅਤੇ ਦੇਸ਼ ਪ੍ਰਤੀ ਕੁਰਬਾਨ ਹੋਏ ਸ਼ਹੀਦਾਂ ਦੀਆਂ ਜੀਵਨੀਆਂ ਦੇਸ਼-ਭਗਤੀ ਦੇ ਗੀਤ ਅਤੇ ਕਵਿਤਾਵਾਂ ਛਪਦੀਆਂ ਸਨ। ਕਾਂਗਰਸ ਪਾਰਟੀ ਦੀਆਂ ਕੌਮੀ ਨੀਤੀਆਂ, ਦੇਸ਼ ਭਗਤੀ ਪ੍ਰਤੀ ਗਤੀਵਿਧੀਆਂ ਦਾ ਵਿਸਥਾਰ ਸਹਿਤ ਜ਼ਿਕਰ ਹੁੰਦਾ ਸੀ। ਕੌਮੀ ਦੇਸ਼ ਭਗਤ ਲਿਖਾਰੀਆਂ, ਇਤਿਹਾਸਕਾਰਾਂ ਦੇ ਸਿਖ ਧਰਮ ਤੇ ਗੁਰਮੱਤ ਵਿਚਾਰਧਾਰਾ ਅਤੇ ਖਾਸ ਕਰ 19ਵੀਂ ਸਦੀ ਦੇ ਸਿੱਖ ਇਨਕਲਾਬ, ਕੂਕਾ ਸਿੱਖ ਅੰਦੋਲਨ, ਗਦਰ ਪਾਰਟੀ ਆਦਿ ਬਾਰੇ ਇਤਿਹਾਸਕ ਜਾਣਕਾਰੀ ਸਿਰਫ ਇਸੇ ਅਖ਼ਬਾਰ ਵਿਚੋਂ ਇਕਤ੍ਰਿਤ ਕੀਤੀ ਜਾ ਸਕਦੀ ਸੀ। ਇਸੇ ਕਰਕੇ ਹੀ ਇਸ ਉੱਪਰ ਕਈ ਵਾਰ ਸਰਕਾਰੀ ਜ਼ਾਬਤੇ ਦੀ ਕੈਂਚੀ ਚਲਦੀ ਰਹੀ ਸੀ। ਕਈ ਵਾਰ ਜ਼ਮਾਨਤ ਜ਼ਬਤ ਹੋਣ ਕਰਕੇ ਵੱਖਰੇ ਨਾਮ ਹੇਠ ਕੂਕਾ, ਕੂਕਾ ਅਖ਼ਬਾਰ, ਨਵਾਂ ਹਿੰਦੋਸਤਾਨ ਹੇਠ ਵੀ ਛਪਦਾ ਰਿਹਾ।

'ਸਤਿਜੁਗ' ਵਿਚ ਸੰਪਾਦਕੀ ਲੇਖਾਂ ਤੋਂ ਬਿਨਾਂ 'ਨਾਮਧਾਰੀ ਇਤਿਹਾਸ' ਨਾਲ ਸੰਬੰਧਿਤ ਲੇਖ ਭਰੇ ਪਏ ਹਨ, ਜੋ ਕਿਤਾਬਾਂ ਦੇ ਰੂਪ ਵਿਚ ਵੀ ਛਪ ਚੁੱਕੇ ਹਨ। ਜਿਵੇਂ ਸੰਤ ਇੰਦਰ ਸਿੰਘ ਚੱਕਰਵਰਤੀ ਰਚਿਤ ਨਾਮਧਾਰੀ ਇਤਿਹਾਸ (ਭਾਗ ਪਹਿਲਾ) ਅਤੇ ਸ. ਨਾਹਰ ਸਿੰਘ ਰਚਿਤ 'ਨਾਮਧਾਰੀ ਇਤਿਹਾਸ' ਆਦਿ।

ਨਾਮਧਾਰੀ ਸੰਸਥਾ ਕੀ ਹੈ? ਇਹ ਕਦੋਂ ਸ਼ੁਰੂ ਹੋਈ? ਇਸਦਾ ਇਤਿਹਾਸ ਕੀ ਹੈ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਸਤਿਜੁਗ ਦੇ ਨਾਮਧਾਰੀ ਇਤਿਹਾਸ ਆਧਾਰਿਤ ਲੇਖਾਂ ਤੋਂ ਮਿਲ ਜਾਂਦੇ ਹਨ।

ਉਪਰੋਕਤ ਸਾਰੀ ਚਰਚਾ ਨੂੰ ਸਮੇਟਦਿਆਂ ਹੋਇਆਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਸਾਹਿਤ ਅਤੇ ਪੱਤਰਕਾਰੀ ਦੇ ਖੇਤਰ ਵਿਚ 'ਸਤਿਜੁਗ' ਇਕ ਮੀਲ-ਪੱਥਰ ਹੈ ਜੋ 1920 ਈ. ਤੋਂ ਲੈ ਕੇ ਹੁਣ ਤੱਕ ਨਿਰੰਤਰ ਆਪਣੀ ਸੇਵਾ ਨਿਭਾ ਰਿਹਾ ਹੈ। ਪੰਜਾਬੀ ਸਾਹਿਤ ਅਤੇ ਪੱਤਰਕਾਰੀ ਦਾ ਬਹੁਪੱਖੀ ਇਤਿਹਾਸ ਲਿਖਣ ਵਾਸਤੇ ਮੁੱਲਵਾਨ ਸਮੱਗਰੀ ਮੁਹੱਈਆ ਕਰਦਾ ਹੈ। ਕਿਉਂਕਿ "ਸਮਾਲੋਚਨਾ" ਕਾਲਮ ਅਧੀਨ ਸਮਕਾਲ ਵਿਚ ਛਪੀਆਂ ਨਵੀਆਂ ਪੰਜਾਬੀ ਪੁਸਤਕਾਂ ਦੇ ਰੀਵਿਊ ਵੀ 'ਸਤਿਜੁਗ' ਵਿਚ ਸ਼ਾਮਲ ਹੁੰਦੇ ਰਹੇ ਹਨ। 'ਸਤਿਜੁਗ' ਦੀ ਪੰਜਾਬੀ ਪੱਤਰਕਾਰੀ ਨੂੰ ਇਕ ਵਿਸ਼ੇਸ਼ ਦੇਣ ਅਹਿਮ ਮੌਕਿਆਂ ਤੇ ਵੱਡ ਅਕਾਰੀ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਨਾ ਰਿਹਾ ਹੈ। ਇਸ ਤਰ੍ਹਾਂ ਹੁਣ ਤੱਕ ਦੇ ਲੰਬੇ ਸਫ਼ਰ ਨੂੰ ਤੈਅ ਕਰਦਿਆਂ 'ਸਤਿਜੁਗ' ਨੇ ਪੰਜਾਬੀ ਪੱਤਰਕਾਰੀ ਵਿਚ ਆਪਣੀ ਵਿਸ਼ੇਸ਼ ਥਾਂ ਬਣਾ ਲਈ ਹੈ।

## ਹਵਾਲੇ ਅਤੇ ਟਿੱਪਣੀਆਂ

1. ਜਸਵਿੰਦਰ ਸਿੰਘ, 'ਸਤਿਜੁਗ ਅਖ਼ਬਾਰ ਦਾ ਸ਼ੁਰੂ ਹੋਣਾ' ਸਤਿਜੁਗ ਵਿਸ਼ੇਸ਼ ਅੰਕ, 2001, ਪੰ. 14
2. ਉਹੀ, ਪੰ. 12
3. ਦੇਵਿੰਦਰ ਸਿੰਘ ਗਿੱਲ (ਜੀਅ ਨੱਥਾ), ਸਤਿਜੁਗ ਅਖ਼ਬਾਰ ਦਾ ਅੱਸੀ ਸਾਲਾਂ ਦਾ ਸਫਰ, ਉਹੀ, ਪੰ. 21
4. ਮਹਾਰਾਜ ਨਿਹਾਲ ਸਿੰਘ ਲਾਹੌਰ, ਸਤਿਜੁਗ, ਦਸੰਬਰ ੧੯੨੯ ਈ. (ਹਵਾਲਾ, ਸਤਿਜੁਗ ਵਿਸ਼ੇਸ਼ ਅੰਕ, 2001) , ਪੰ. 54
5. ਸਤਿਜੁਗ ਸਤੰਬਰ ੧੯੨੯ ਈ. (ਹਵਾਲਾ ਸਤਿਜੁਗ ਵਿਸ਼ੇਸ਼ ਅੰਕ 2001, ਪੰ. ਉਹੀ)
6. ਸਤਿਜੁਗ ਵਿਸ਼ੇਸ਼ ਅੰਕ 2001, ਪੰ. 31
7. ਸਤਿਜੁਗ, ੧੯ ਚੇਤਰ ੧੯੮੭, (ਹਵਾਲਾ ਸਤਿਜੁਗ ਵਿਸ਼ੇਸ਼ ਅੰਕ 2001, ਪੰ. 33)
8. ਸਤਿਜੁਗ, ਸਤੰਬਰ 1938 ਈ. (ਹਵਾਲਾ ਉਹੀ, ਪੰ. 57)
9. ਸਤਿਜੁਗ, ਜਨਵਰੀ 1938 ਈ. (ਹਵਾਲਾ ਉਹੀ, ਪੰ. 56)
10. ਸਤਿਜੁਗ, ਨਵੰਬਰ 1958 ਈ. (ਹਵਾਲਾ ਉਹੀ, ਪੰ. 57)
11. ਸਤਿਜੁਗ, ਸਤੰਬਰ 1959 ਈ. (ਹਵਾਲਾ ਉਹੀ, ਪੰ. 58)
12. ਸਤਿਜੁਗ, ਜੂਨ 1929 ਈ. (ਹਵਾਲਾ ਉਹੀ, ਪੰ. 51)
13. ਸਤਿਜੁਗ, ਅਪ੍ਰੈਲ 1962 ਈ. (ਹਵਾਲਾ ਉਹੀ, ਪੰ. 63)
14. ਸਤਿਜੁਗ, ਨਵੰਬਰ 1962 ਈ. (ਹਵਾਲਾ ਉਹੀ, ਪੰ. 64)

15. ਸ੍ਰੀ ਮਾਨ ਸੁਆਮੀ ਸੁਤੰਤ੍ਰਾ ਨੰਦ ਜੀ, ਗੁਰੂ ਦੱਤ ਭਵਨ ਲਾਹੌਰ, ਸਤਿਗੁਰੂ ਰਾਮ ਸਿੰਘ ਔਰ ਸਾਤ੍ਵਕ ਭੋਜਨ, ਸਤਿਜੁਗ, ਜਨਵਰੀ 1931 (ਹਵਾਲਾ ਉਹੀ, ਪੰ. 85)

16. ਸਤਿਜੁਗ, ਜੁਲਾਈ 1920 ਈ. (ਹਵਾਲਾ ਉਹੀ, ਪੰ. 45)

17. ਸਤਿਜੁਗ, ਜੂਨ, 1929 ਈ. (ਹਵਾਲਾ ਉਹੀ, ਪੰ. 51)

18. ਸਤਿਜੁਗ, ਅਗਸਤ 1920 ਈ.(ਹਵਾਲਾ ਉਹੀ, ਪੰ. 49)

19. ਸਤਿਜੁਗ, ਮਈ 1931 ਈ. (ਹਵਾਲਾ ਉਹੀ, ਪੰ. 51)

20. ਸ੍ਰੀ ਮਾਨ ਵੈਦਯ ਨੌਰੰਗ ਸਿੰਘ ਜੀ 'ਤਾਂਘੀ' ਜਰਨਲਿਸਟ, ਅੰਮ੍ਰਿਤਸਰ, "ਬਾਬਾ ਰਾਮ ਸਿੰਘ , ਕਿ ਗੁਰੂ ਰਾਮ ਸਿੰਘ ? ਕਿ ਸਤਿਗੁਰੂ ਰਾਮ ਸਿੰਘ, ਸਤਿਜੁਗ, ਜਨਵਰੀ, 1931 ਈ. (ਹਵਾਲਾ ਉਹੀ, ਪੰ. 86)

21. ਪ੍ਰਸਿੱਧ ਦੇਸ਼ ਭਗਤ ਲਾਲਾ ਖੁਸ਼ਾਲ ਚੰਦ ਜੀ ਖੁਰਸੰਦ, ਗੁਰੂ ਜੀ ਦੀ ਜਗਾਈ ਜੋਤ ਜਗਦੀ ਰਹੇ, ਸਤਿਜੁਗ, ਫਰਵਰੀ 1938 ਈ. (ਹਵਾਲਾ ਉਹੀ, ਪੰ. 121)

22. ਬਿਸ਼ਨ ਸਿੰਘ ਜੀ ਨੰਗਲ, ਪਾਠਾਂ ਦੀ ਸਜ਼ਾ, ਸਤਿਜੁਗ, ਫਰਵਰੀ 1958 (ਹਵਾਲਾ ਉਹੀ, ਪੰ. 127)

23. ਉਹੀ

### ਅਧਿਆਇ ਛੇਵਾਂ

# ਨਾਮਧਾਰੀ ਵਾਰਤਕ ਦੀ ਰਚਨਾ-ਸ਼ੈਲੀ

(ੳ) **ਇਤਿਹਾਸ, ਸਾਖੀ, ਮਿੱਥ, ਪ੍ਰਸੰਗ, ਸਾਕੇ ਦੀ ਵਿਧੀ** :-

**ਇਤਿਹਾਸ** :

ਨਾਮਧਾਰੀ ਸੰਪਰਦਾਇ ਦਾ ਉਦਭਵ ਉਹਨਾਂ ਪ੍ਰਸਥਿਤੀਆਂ ਵਿਚ ਹੋਇਆ, ਜਦ ਵਿਸ਼ਾਲ ਸੁਤੰਤਰ ਖਾਲਸਾ ਰਾਜ ਖਤਮ ਹੋ ਗਿਆ ਸੀ ਅਤੇ ਅੰਗਰੇਜ਼ਾਂ ਨੇ ਰਾਜਨੀਤਿਕ ਤੌਰ ਤੇ ਪੰਜਾਬ ਨੂੰ ਗੁਲਾਮ ਬਣਾਉਣ ਤੋਂ ਬਾਅਦ ਇਸ ਨੂੰ ਸਭਿਆਚਾਰਕ ਤੌਰ ਤੇ ਵੀ ਗੁਲਾਮ ਬਣਾਉਣ ਦੇ ਜਤਨ ਸ਼ੁਰੂ ਕਰ ਦਿੱਤੇ ਸਨ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਲੁਧਿਆਣੇ ਵਿਚ ਸਥਾਪਿਤ ਹੋਏ ਈਸਾਈ ਮਿਸ਼ਨ ਤੇ ਈਸਾਈ ਪ੍ਰੈੱਸ ਨੇ ਸਰਗਰਮੀ ਸ਼ੁਰੂ ਕਰ ਦਿੱਤੀ। ਇਹਨਾਂ ਮਿਸ਼ਨਰੀਆਂ ਦੁਆਰਾ ਅਜਿਹਾ ਸਾਹਿਤ ਲਿਖ ਕੇ ਜਾਂ ਅਨੁਵਾਦ ਕਰਕੇ ਲੋਕਾਂ ਵਿਚ ਵੰਡਿਆ ਜਾਂਦਾ ਸੀ, ਜਿਸ ਵਿਚ ਏਥੋਂ ਦੇ ਸਭਿਆਚਾਰ ਨੂੰ ਪਛੜਿਆ ਦਰਸਾ ਕੇ ਪੱਛਮੀ ਸਭਿਆਚਾਰ ਦੀਆਂ ਅਗਾਂਹਵਧੂ ਕੀਮਤਾਂ ਦੇ ਗੁਣ ਗਾਏ ਜਾਂਦੇ ਸਨ। ਇਸ ਮਿਸ਼ਨਰੀ ਪ੍ਰਚਾਰ ਵਿਚ ਸਭ ਭਾਰਤੀ ਮੱਤਾਂ (ਵਧੇਰੇ ਸਿੱਖ ਮੱਤ ਦੀ) ਦੀ ਵੀ ਆਲੋਚਨਾ ਕੀਤੀ ਜਾਂਦੀ ਸੀ। ਈਸਾਈ ਮਿਸ਼ਨਰੀ ਸਿੱਖੀ ਦੀ ਰਹਿਤ ਮਰਿਆਦਾ ਨੂੰ ਬੰਧਨ ਦੱਸ ਕੇ ਇਕ ਵਿਸ਼ੇਸ਼ ਸੁਤੰਤਰਤਾ ਦੇ ਈਸਾਈ ਸੰਕਲਪ ਨੂੰ ਮੂਰਤੀਮਾਨ ਕਰਦੇ ਸਨ। ਸਰਕਾਰੀ ਦਮਨ, ਈਸਾਈਆਂ ਵੱਲੋਂ ਦਿੱਤੇ ਜਾਂਦੇ ਪ੍ਰੋਲੋਭਣਾ ਅਤੇ ਇਸ ਪ੍ਰਚਾਰ ਦੇ ਅਸਰ ਸਦਕਾ ਲੋਕ ਸਿੱਖੀ ਵਲੋਂ ਬੇਮੁਖ ਹੋ ਕੇ ਈਸਾਈ ਮੱਤ ਵੱਲ ਆਕਰਸ਼ਿਤ ਹੋਣ ਲੱਗੇ। ਇਸ ਅਧੋਗਤੀ ਦੇ ਸਮੇਂ ਵਿਚ ਸਿੱਖ ਵਿਚਾਰਵਾਨਾਂ ਨੇ ਸਿੱਖੀ ਦੀ ਪੁਨਰ ਸੁਰਜੀਤੀ ਲਈ ਸਰਗਰਮੀਆਂ ਆਰੰਭ ਕਰ ਦਿੱਤੀਆਂ। ਇਸ ਸਮੇਂ ਉਭਰੀਆਂ ਦੋ ਲਹਿਰਾਂ ਬਹੁਤ ਹੀ ਮਹੱਤਵਪੂਰਨ ਸਥਾਨ ਰੱਖਦੀਆਂ ਹਨ - ਪਹਿਲੀ ਨਾਮਧਾਰੀ ਲਹਿਰ ਅਤੇ ਦੂਸਰੀ ਸਿੰਘ ਸਭਾ ਲਹਿਰ। ਪਰ ਦੋਨਾਂ ਲਹਿਰਾਂ ਦੇ ਸਰੂਪ ਵਿਚ ਬਹੁਤ ਵੱਡਾ ਫ਼ਰਕ ਸੀ। ਸਿੰਘ ਸਭਾ ਲਹਿਰ ਵੀ ਉਸ ਸਮੇਂ ਦੀਆਂ ਧਾਰਮਿਕ ਪੁਨਰ-ਸੁਰਜੀਤ ਲਹਿਰਾਂ

ਵਾਂਗ ਦੋਹਰੀ ਭੂਮਿਕਾ ਨਿਭਾ ਰਹੀ ਸੀ। ਇਹ ਧਾਰਮਿਕ ਪੁਨਰ-ਜਾਗ੍ਰਤੀ ਦੀਆਂ ਲਹਿਰਾਂ ਅੰਗਰੇਜ਼ਾਂ ਦੀ ਆਰਥਿਕ ਨੀਤੀ ਦੀਆਂ ਹਾਮੀ ਸਨ, ਪਰ ਉਨ੍ਹਾਂ ਦੀ ਸਭਿਆਚਾਰਕ ਨੀਤੀ ਦੀਆਂ ਵਿਰੋਧੀ ਸਨ। ਇਨ੍ਹਾਂ ਲਹਿਰਾਂ ਨੇ ਕੌਮੀ ਸੁਤੰਤਰਤਾ ਸੰਗਰਾਮ ਦੌਰਾਨ ਦੇਸ਼ - ਭਗਤੀ ਦੀ ਭਾਵਨਾ ਨੂੰ ਪ੍ਰਚੰਡ ਵੀ ਕੀਤਾ ਅਤੇ ਆਪਣੀ ਫ਼ਿਰਕੂ ਖਸ਼ਲਤ ਕਰਕੇ ਇਹ ਲਹਿਰਾਂ ਕੌਮੀ ਸੁਤੰਤਰਤਾ ਸੰਗਰਾਮ ਦੌਰਾਨ ਉਭਰੇ ਵਿਸ਼ਾਲ ਕੌਮੀ ਮੋਰਚੇ ਨੂੰ ਕਮਜ਼ੋਰ ਵੀ ਕਰਦੀਆਂ ਹਨ। ਸਿੰਘ ਸਭਾ ਲਹਿਰ ਅਮੀਰ ਸਿੱਖ ਸਰਦਾਰਾਂ ਦੀ ਚਲਾਈ ਹੋਈ ਲਹਿਰ ਸੀ, ਜਿਨ੍ਹਾਂ ਨੂੰ ਰਾਖਵੇਂ ਹਿਤਾਂ ਦੀ ਆਦਤ ਪੈ ਚੁੱਕੀ ਸੀ। ਇਸ ਕਰਕੇ ਉਹ ਹਕੂਮਤ ਨੂੰ ਖ਼ੁਸ਼ ਕਰਕੇ ਆਪਣੇ ਹਿੱਤ ਸੁਰੱਖਿਅਤ ਰੱਖਣ ਦੇ ਚੱਕਰ ਵਿਚ ਅੰਗਰੇਜ਼ੀ ਰਾਜ ਦੇ ਗੁਣਗਾਨ ਕਰਕੇ ਹਾਕਮਾਂ ਦੀ ਮਿਹਰ ਦੇ ਪਾਤਰ ਬਣੇ ਰਹਿਣ ਦਾ ਯਤਨ ਕਰਦੇ ਰਹੇ। ਜਦ ਕਿ ਨਾਮਧਾਰੀ ਲਹਿਰ ਦੇ ਸੰਚਾਲਕ ਬਾਬਾ ਰਾਮ ਸਿੰਘ ਵਰਗੇ ਨਿਸ਼ਕਾਮ ਤੇ ਨਿਰਸਵਾਰਥ ਮਹਾਂਪੁਰਸ਼ ਹੋਣ ਕਰਕੇ ਇਹ ਲਹਿਰ ਸਿੱਖੀ ਦੇ ਉਚੇਰੇ ਅਸੂਲਾਂ ਮੁਤਾਬਿਕ ਹੱਕ-ਸੱਚ ਤੇ ਪਹਿਰਾ ਦਿੰਦੀ ਹੋਈ ਸਿੱਖੀ ਦੇ ਪ੍ਰਚਾਰ ਦੇ ਨਾਲ-ਨਾਲ ਦੇਸ਼-ਭਗਤੀ ਦਾ ਸੰਦੇਸ਼ ਵੀ ਦਿੰਦੀ ਸੀ।

"ਅਸਲ ਵਿਚ ਇਹ ਲਹਿਰ ਸਿੱਖ ਗੁਰੂ ਸਾਹਿਬਾਨ ਵੱਲੋਂ ਆਰੰਭੇ ਹੱਕੀ ਸਿਲਸਿਲੇ ਦੇ ਅਗਲੇਰੇ ਪੜਾਅ ਵਜੋਂ ਵਿਚਰਦੀ ਹੋਣ ਕਰਕੇ ਆਪਣੇ ਮਹਾਨ ਅਸੂਲਾਂ ਨੂੰ ਨਜ਼ਰ ਅੰਦਾਜ਼ ਕਰਕੇ ਕੋਈ ਨਵਾਂ ਸਮਝੌਤਾ ਨਹੀਂ ਸੀ ਕਰ ਸਕਦੀ। ਸਿੱਟੇ ਵਜੋਂ ਜਿੱਥੇ ਸਿੰਘ ਸਭਾ ਲਹਿਰ ਅੰਗਰੇਜ਼ ਪੱਖੀ ਹੋਣ ਕਰਕੇ ਸਰਕਾਰੀ ਲਿਹਾਜ਼ ਦੀ ਪਾਤਰ ਬਣੀ ਰਹੀ ਉਥੇ ਨਾਮਧਾਰੀ ਲਹਿਰ ਨੂੰ ਆਪਣੇ ਦੇਸ਼-ਭਗਤ ਸਰੂਪ ਕਾਰਨ ਸਰਕਾਰੀ ਦਮਨ ਵਿਚ ਅਨੇਕਾਂ ਨਾਮਧਾਰੀ ਤੋਪਾਂ ਨਾਲ ਉਡਾਏ ਗਏ ਤੇ ਫਾਹੇ ਲਾਏ ਗਏ। ਬਾਬਾ ਰਾਮ ਸਿੰਘ ਨੂੰ ਜਲਾਵਤਨ ਕਰ ਦਿੱਤਾ ਗਿਆ ਅਤੇ ਭੈਣੀ ਸਾਹਿਬ ਵਿਖੇ ਪੁਲਿਸ ਦੀ ਪੱਕੀ ਚੌਂਕੀ ਬਿਠਾ ਦਿੱਤੀ ਗਈ।"[1]

ਇਥੇ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਨਾਮਧਾਰੀ ਸੰਪਰਦਾਇ ਦਾ ਰਾਜਨੀਤਿਕ ਸੰਘਰਸ਼ ਮੂਲ ਰੂਪ ਵਿਚ ਅਹਿੰਸਾਵਾਦੀ ਮਾਰਗ ਵਾਲਾ ਸੀ, ਬਲਕਿ ਇੰਡੀਅਨ ਨੈਸ਼ਨਲ ਕਾਂਗਰਸ ਨੇ ਵੀ ਨਾਮਧਾਰੀ ਸੰਘਰਸ਼ ਦੇ ਇਸ ਸਰੂਪ ਤੋਂ ਪ੍ਰਭਾਵਿਤ ਹੋ ਕੇ ਹੀ ਸਿਵਲ ਨਾ-ਫੁਰਮਾਨੀ

ਵਰਗੀਆਂ ਅਹਿੰਸਾਵਾਦੀ ਲਹਿਰਾਂ ਚਲਾਈਆਂ। ਨਾਮਧਾਰੀ ਸੰਘਰਸ਼ ਵਿਚ ਜੋ ਕੁਝ ਘਟਨਾਵਾਂ ਹਿੰਸਕ ਰੂਪ ਧਾਰਨ ਕਰਦੀਆਂ ਹਨ, ਉਨ੍ਹਾਂ ਵਿਚ ਬਾਬਾ ਜੀ ਦੀ ਇੱਛਾ ਦਾ ਕੋਈ ਪ੍ਰਮਾਣ ਨਹੀਂ ਮਿਲਦਾ। ਬਲਕਿ ਇਨ੍ਹਾਂ ਘਟਨਾਵਾਂ ਤੋਂ ਨਿਕਲਣ ਵਾਲੇ ਨਤੀਜਿਆਂ ਨੂੰ ਬਾਬਾ ਜੀ ਨੇ ਸੰਗਤ ਦੀ ਇੱਛਾ ਨੂੰ ਉਚੇਰੀ ਮਹੱਤਤਾ ਅਤੇ ਸਨਮਾਨ ਦਿੰਦਿਆਂ ਖਿੜੇ ਮੱਥੇ ਪ੍ਰਵਾਨ ਕੀਤਾ ਸੀ। ਸਮੁੱਚੇ ਰੂਪ ਵਿਚ ਨਾਮਧਾਰੀ ਸੰਪਰਦਾਇ ਮਰਿਆਦਾ, ਦ੍ਰਿੜਤਾ, ਸੱਚ ਤੇ ਹਲੀਮੀ ਕਰਕੇ ਹੀ ਪ੍ਰਸਿਧ ਹੈ। ਨਾਮਧਾਰੀ ਵਿਰਸੇ ਨੂੰ ਕਈ ਪੰਜਾਬੀ ਦੇ ਨਾਮਵਰ ਲਿਖਾਰੀਆਂ ਨੇ ਸਾਂਭਣ ਦਾ ਉਪਰਾਲਾ ਕੀਤਾ ਹੈ। ਅਜਿਹੇ ਲੋਕ ਨਾਮਧਾਰੀ ਇਤਿਹਾਸ ਨੂੰ ਪੂਰੀ ਖੋਜ ਤੇ ਛਾਣ-ਬੀਣ ਕਰਕੇ ਸਾਹਿਤਕ ਰੂਪ ਵਿਚ ਲਿਆ ਰਹੇ ਹਨ।

ਚਰਚਾ ਅਧੀਨ ਕਾਲ ਦੀਆਂ ਇਤਿਹਾਸਕ ਰਚਨਾਵਾਂ ਜਾਂ ਲੇਖਕਾਂ ਦੀ ਸੂਚੀ ਵਿੱਚ ਸੰਤ ਨਿਧਾਨ ਸਿੰਘ ਆਲਿਮ (ਜੁਗ ਪਲਟਾਊ ਸਤਿਗੁਰੂ), ਸੰਤ ਇੰਦਰ ਸਿੰਘ ਚੱਕਰਵਰਤੀ (ਨਾਮਧਾਰੀ ਇਤਿਹਾਸ ਭਾਗ-ਪਹਿਲਾ), ਸਰਦਾਰ ਨਾਹਰ ਸਿੰਘ (ਨਾਮਧਾਰੀ ਇਤਿਹਾਸ) ਆਦਿ ਪੁਸਤਕਾਂ ਵਿਸ਼ੇਸ਼ ਤੌਰ ਤੇ ਨਾਮਧਾਰੀ ਇਤਿਹਾਸ ਨਾਲ ਸੰਬੰਧ ਰੱਖਦੀਆਂ ਹਨ। ਇਨ੍ਹਾਂ ਪੁਸਤਕਾਂ ਵਿਚ ਵਰਤੀ ਗਈ ਭਾਸ਼ਾ-ਸ਼ੈਲੀ ਆਪਣੀ ਵਿਸ਼ੇਸ਼ ਮਹੱਤਤਾ ਰੱਖਦੀ ਹੈ। ਸੰਤ ਨਿਧਾਨ ਸਿੰਘ ਆਲਮ ਦੀ ਪੁਸਤਕ 'ਜੁਗ ਪਲਟਾਉ ਸਤਿਗੁਰੂ' ਵਿਚੋਂ ਉਦਾਹਰਣ ਲਈ ਜਾ ਸਕਦੀ ਹੈ:

> "21 ਦਿਸੰਬਰ 1849 ਦੇ ਦਿਹਾੜੇ ਲਾਟ ਡਲਹੌਜੀ ਦੀ ਸਕੀਮ ਅਨੁਸਾਰ ਮਹਾਰਾਜਾ ਦਲੀਪ ਸਿੰਘ ਨੂੰ ਉਸਦੀ ਮਾਤ-ਭੂਮੀ ਪੰਜਾਬ ਤੋਂ ਜਲਾਵਤਨ ਕਰਕੇ ਫਤਿਹਪੁਰ ਸੀਕਰੀ ਵਿਚ ਪੁਚਾ ਦਿੱਤਾ ਗਿਆ। ਜਿਸ ਤੋਂ ਪਿਛੋਂ ਇਸ ਅਭਾਗੇ ਸ਼ਹਿਜਾਦੇ ਨੂੰ ਪੰਜਾਬ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਨਾ ਹੋ ਸਕਿਆ। ਅੰਗਰੇਜ਼ ਸਰਪ੍ਰਸਤੀ ਦੀ ਤਸਵੀਰ ਵੀ ਕੈਸੀ ਅਸਚਰਜ ਹੈ ਜਿਸਨੇ ਮਹਾਰਾਜਾ ਦਲੀਪ ਸਿੰਘ ਨੂੰ ਨਾ ਕੇਵਲ ਪਿਆਰੇ ਵਤਨ ਤੋਂ ਹੀ

> ਬੇਵਤਨ ਕੀਤਾ ਸਗੋਂ 8 ਮਾਰਚ 1853 ਦੇ ਦਿਨ ਉਸ ਨੂੰ ਪਿਤਾ ਪਿਤਾਮਾ ਦੇ ਉਸ ਪ੍ਰਾਣ ਪਿਆਰੇ ਧਰਮ ਤੋਂ ਵੀ ਪਤਿਤ ਕਰ ਦਿੱਤਾ ਗਿਆ ਜਿਸ ਤੋਂ ਸ੍ਰੀ ਕਲਗੀਧਰ ਪਿਤਾ ਨੇ ਆਪਣੇ ਚਾਰੇ ਲਾਲ ਹਸਦਿਆਂ-ਹਸਦਿਆਂ ਕੁਰਬਾਨ ਕਰਨ ਤੋਂ ਰਤੀ ਭਰ ਵੀ ਸੰਕੋਚ ਨਹੀਂ ਸੀ ਕੀਤਾ। ਇਸ ਤੋਂ ਪਿਛੋਂ 19 ਅਪਰੈਲ 1854 ਨੂੰ ਮਹਾਰਾਜਾ ਨੂੰ ਵਲੈਤ ਭੇਜਣ ਵਾਸਤੇ ਜਹਾਜ ਤੇ ਸਵਾਰ ਕਰ ਦਿੱਤਾ ਗਿਆ।”

ਭਾਸ਼ਾ ਸ਼ੈਲੀ ਦੇ ਪੱਖ ਤੋਂ ਇਹ ਇਤਿਹਾਸਕ ਪੁਸਤਕ ਅਮੀਰ ਸ਼ੈਲੀ ਵਿਚ ਸਮਝੀ ਜਾਂਦੀ ਹੈ। ਕਿਤੇ-ਕਿਤੇ ਕੋਈ ਸ਼ਬਦ ਪ੍ਰਚੱਲਤ ਬੋਲੀ ਦੀ ਤਰ੍ਹਾਂ ਹਿੰਦੀ ਦੇ ਵੀ ਵਰਤੇ ਗਏ ਹਨ, ਪ੍ਰੰਤੂ ਇਹ ਸ਼ਬਦ ਪੰਜਾਬੀ ਵਿਚ ਰਚੇ-ਮਿਚੇ ਹੋਏ ਹਨ।

ਨਾਮਧਾਰੀ ਪੰਥ ਨਾਮਧਾਰੀ ਇਤਿਹਾਸ ਨੂੰ ਸਤਿਗੁਰੂ ਬਾਲਕ ਸਿੰਘ ਦੇ ਜਨਮ ਤੋਂ ਸ਼ੁਰੂ ਹੋਇਆ ਮੰਨਦਾ ਹੈ। ਸੰਤ ਇੰਦਰ ਸਿੰਘ ਚੱਕਰਵਰਤੀ ਦੀ ਪੁਸਤਕ ‘ਨਾਮਧਾਰੀ ਇਤਿਹਾਸ ਭਾਗ ਪਹਿਲਾ’ ਇਸ ਵਿਚ ਉਨ੍ਹਾਂ ਨੇ ਇਤਿਹਾਸ ਦੀ ਵਿਧੀ ਨੂੰ ਵਰਤਦੇ ਹੋਏ ਨਾਮਧਾਰੀ ਇਤਿਹਾਸ ਤੋਂ ਇਲਾਵਾ ਤਤਕਾਲੀਨ ਪ੍ਰਸਥਿਤੀਆਂ ਨੂੰ ਸੰਮਤ ਸਮੇਤ ਪਾਠਕਾਂ ਦੇ ਸਨਮੁੱਖ ਕੀਤਾ ਹੈ, ਜੋ ਇਸ ਪੁਸਤਕ ਨੂੰ ਇਤਿਹਾਸਕ ਦਸਤਾਵੇਜ਼ ਸਿੱਧ ਕਰਨ ਵਿਚ ਸਹਾਇਕ ਹਨ:

> ਸਰਕਾਰੀ ਹੁਕਮ ਅਨੁਸਾਰ ਸੰਮਤ ਬਿਕ੍ਰਮੀ ਨੂੰ ਫ਼ੌਜ ਨੇ ਲਾਹੌਰ ਤੋਂ ਕੂਚ ਕਰ ਦਿੱਤਾ ਅਤੇ ਮੰਜ਼ਲੋਂ ਮੰਜ਼ਲੀਂ ਆਪਣਾ ਸਫ਼ਰ ਮੁਕੌਣ ਦੇ ਆਹਰ ਵਿਚ ਤਤਪਰ ਹੋ ਗਈ। ਹੁਣ ਇਕ ਤੇ ਫ਼ੌਜ ਦਾ ਮਾਰਚ ਤੇ ਦੂਜਾ ਫ਼ੌਜ ਵੀ ਖਾਲਸੇ ਦੀ, ਤੀਜੇ ਲੁਟ ਮਾਰ ਦਾ ਜਮਾਨਾ ਏਨਾ ਤਿੰਨਾਂ ਹੀ ਬਿਧਾਂ ਦੇ ਇਕੱਠਿਆਂ ਦੇ ਜਾਣ ਨਾਲ ਭਲਾ ਏਹ ਕਿਵੇਂ ਆਸ ਕੀਤੀ ਜਾ ਸਕਦੀ ਸੀ ਕਿ ਫ਼ੌਜਾਂ ਆਪਣੇ ਸਫਰ ਨੂੰ ਸੁਖ

> ਸਾਂਦ ਅਤੇ ਅਮਨ ਅਮਾਨ ਨਾਲ ਸਮਾਪਤ ਕਰ ਲੈਣਗੀਆਂ। ਲਹੌਰੋਂ ਮਾਰਚ ਹੁੰਦਿਆਂ ਹੀ ਲੁੱਟ-ਖਸੁੱਟ ਆਰੰਭ ਹੋ ਗਈ। ਰਸਤੇ ਵਿਚ ਜੋ ਫਸਲ ਆਯਾ ਮਲੀਆਮੇਟ ਅਤੇ ਜੋ ਜਿੰਦ ਵਾਲਾ ਰਾਹੀ ਮੁਸਾਫ਼ਰ ਮਿਲਿਆ – 'ਸਤਿ ਸ੍ਰੀ ਅਕਾਲ' ਕੁਟ ਮਾਰ ਕੀਤੀ ਤੇ ਖੋਹ ਲਿਆ ਮਾਲ। ਪਿੰਡਾਂ ਦੇ ਵਿਚ ਹਾਹਾਕਾਰ ਮਚ ਗਿਆ। ਗੱਲ ਕੀ ਖਾਲਸਾ ਜੀ ਦੀਆਂ ਫ਼ੌਜਾਂ ਅਜੇਹੀ ਸਾਂਤੀ ਨਾਲ ਮਾਰਚ ਕਰ ਰਹੀਆਂ ਹਨ ਕਿ ਦੇਸ਼ ਵਿਚ ਧੁੰਮਾਂ ਪੈ ਗਈਆਂ, ਹਾਲ ਦੁਹਾਈ ਮਚ ਗਈ।[3]

ਇਸੇ ਪ੍ਰਕਾਰ ਸ. ਨਾਹਰ ਸਿੰਘ ਨੇ ਆਪਣੀ ਪੁਸਤਕ 'ਨਾਮਧਾਰੀ ਇਤਿਹਾਸ ਭਾਗ ਪਹਿਲਾ' ਵਿਚ ਇਤਿਹਾਸਿਕਤਾ ਦੀ ਵਿਧੀ ਨੂੰ ਸਫ਼ਲਤਾਪੂਰਵਕ ਵਰਤਿਆ ਹੈ। ਉਨ੍ਹਾਂ ਨੇ 'ਨਾਨਕ ਪੰਥ ਅਤੇ ਸਿੱਖ ਧਰਮ ਦਾ ਪ੍ਰਚਾਰ' ਸਿਰਲੇਖ ਅਧੀਨ ਗੁਰੂ ਗੋਬਿੰਦ ਸਿੰਘ ਦੇ ਸਮੇਂ ਦੇ ਇਤਿਹਾਸ ਨੂੰ ਕਲਮਬੰਦ ਕਰਨ ਦਾ ਸਫ਼ਲ ਉਪਰਾਲਾ ਕੀਤਾ ਹੈ। ਉਨ੍ਹਾਂ ਨੇ ਘਟਨਾਵਾਂ ਨੂੰ ਤਾਰੀਖਾਂ ਸਹਿਤ ਪੇਸ਼ ਕਰਕੇ ਆਪਣੀ ਪੁਸਤਕ ਨੂੰ ਇਕ ਇਤਿਹਾਸਕ ਦਸਤਾਵੇਜ ਵਜੋਂ ਪੇਸ਼ ਕੀਤਾ ਹੈ:

> ਬਾਦਸ਼ਾਹ ਔਰੰਗਜ਼ੇਬ ਨਹੀਂ ਚਾਹੁੰਦਾ ਸੀ ਕਿ ਗੁਰੂ ਤੇਗ ਬਹਾਦਰ ਦਾ ਸਪੁੱਤਰ ਦੁਬਾਰਾ ਸ਼ਕਤਸ਼ਾਲੀ ਹੋ ਕੇ ਉੱਤਰੀ ਭਾਰਤ ਦੀ ਪਰਜਾ ਦਾ ਧਾਰਮਿਕ ਅਤੇ ਰਾਜਨੀਤਿਕ ਆਗੂ ਬਣ ਜਾਵੇ। ਉਸ ਨੂੰ 20 ਨਵੰਬਰ 1695 ਨੂੰ ਸੂਚਨਾ ਮਿਲੀ ਕਿ ਗੁਰੂ ਗੋਬਿੰਦ ਸਿੰਘ ਨੇ ਆਪਣੇ ਆਪ ਨੂੰ ਗੁਰੂ ਨਾਨਕ ਦਾ ਰੂਪ ਹੋਣ ਦੀ ਘੋਸ਼ਣਾ ਕੀਤੀ ਹੈ। ਔਰੰਗਜ਼ੇਬ ਵੱਲੋਂ ਫ਼ੌਜਦਾਰਾਂ ਦੇ ਨਾਂ ਆਦੇਸ਼ ਭੇਜੇ ਗਏ ਕਿ ਸਿੱਖਾਂ ਨੂੰ ਸੰਮੇਲਨ ਅਤੇ ਉਤਸਵ ਬੰਦ ਕੀਤੇ ਜਾਣ। ਪੰਜਾਬ ਵਿਚ ਸ਼ਾਂਤੀ ਸਥਾਪਤ ਰੱਖਣ ਲਈ ਔਰੰਗਜ਼ੇਬ ਨੇ ਆਪਣੇ ਪੁੱਤਰ

> ਬਹਾਦਰ ਸ਼ਾਹ ਦੇ ਨਾਂ ਹੁਕਮ ਭੇਜਿਆ। ਸ਼ਹਿਜ਼ਾਦੇ ਨੇ ਮਿਰਜ਼ਾਬੇਗ ਨੂੰ ਸੈਨਾ ਦੇ ਕੇ ਗੁਰੂ ਅਤੇ ਪਹਾੜੀ ਰਾਜਿਆਂ ਨੂੰ ਸਜ਼ਾ ਦੇਣ ਦਾ ਆਦੇਸ਼ ਦਿੱਤਾ, ਪਰ ਭਾਈ ਨੰਦ ਲਾਲ ਜੀ ਦੇ ਕਹਿਣ ਤੇ ਜੋ ਉਸ ਸਮੇਂ ਸ਼ਹਿਜ਼ਾਦੇ ਦੇ ਪੇਸ਼ਕਾਰ ਸਨ, ਗੁਰੂ ਜੀ ਨਾਲ ਸੰਧੀ ਹੋ ਗਈ।[4]

ਇਥੇ ਇਹ ਗੱਲ ਵਰਣਨਯੋਗ ਹੈ ਕਿ ਇਸ ਪੁਸਤਕ ਨੂੰ ਉਚ ਕੋਟੀ ਦਾ ਇਤਿਹਾਸ ਸਾਹਿਤ ਮੰਨਦੇ ਹੋਏ ਉੱਤਰ ਪ੍ਰਦੇਸ਼ ਸਰਕਾਰ ਨੇ ਲੇਖਕ ਨੂੰ ਮਾਰਚ 1961 ਵਿਚ 400 ਰੁਪਏ ਦਾ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ।

**ਸਾਖੀ:**

ਪਰੰਪਰਾਵਾਦੀ ਜੁੱਗ ਦਾ ਸਾਹਿਤ ਧਰਮ, ਸਦਾਚਾਰ, ਨੀਤੀ, ਸ਼ਿੰਗਾਰ ਅਤੇ ਵੀਰਤਾ ਦੇ ਭਾਵਾਂ ਨਾਲ ਜੁੜਿਆ ਹੋਇਆ ਹੈ। ਇਸ ਲਈ ਤਤਕਾਲੀ ਵਾਰਤਕ ਦੇ ਸੋਮੇ ਵੀ ਇਨ੍ਹਾਂ ਵਿਸ਼ਿਆਂ (ਖ਼ਾਸ ਕਰਕੇ ਧਰਮ ਖੇਤਰ) ਨਾਲ ਜੁੜੇ ਮਿਲਦੇ ਹਨ। ਮਹਾਂ-ਪੁਰਖਾਂ ਦੇ ਜੀਵਨ ਪ੍ਰਸੰਗਾਂ, ਉਨ੍ਹਾਂ ਦੀ ਬਾਣੀ ਦੇ ਅਰਥਾਂ ਅਤੇ ਵਿਆਖਿਆਵਾਂ, ਉਨ੍ਹਾਂ ਦੀਆਂ ਸਿਧਾਂਤਕ ਪੱਧਰ ਦੀਆਂ ਬਹਿਸਾਂ, ਉਨ੍ਹਾਂ ਦੁਆਰਾ ਜਾਰੀ ਕੀਤੇ ਹੁਕਮਨਾਮਿਆਂ ਅਤੇ ਉਨ੍ਹਾਂ ਦੇ ਮੱਤਾਂ ਨਾਲ ਸੰਬੰਧਿਤ ਰਹਿਤਨਾਮਿਆਂ ਦੇ ਰੂਪ ਵਿਚ ਪੁਰਾਣੀ ਪੰਜਾਬੀ ਵਾਰਤਕ ਦਾ ਆਰੰਭ ਹੋਇਆ। ਸਪਸ਼ਟ ਹੈ ਕਿ ਉਦੋਂ ਵਾਰਤਕ ਮਹਾਂਪੁਰਖਾਂ ਦੀ ਸ਼ਖਸ਼ੀਅਤ ਦੇ ਆਲੇ-ਦੁਆਲੇ ਘੁੰਮਦੀ ਸੀ। ਜਨਮ ਸਾਖੀਆਂ, ਗੋਸ਼ਟਾਂ, ਬਚਨਾਂ, ਟੀਕਿਆਂ, ਹੁਕਮਨਾਮਿਆਂ ਅਤੇ ਰਹਿਤਨਾਮਿਆਂ ਦੇ ਰੂਪ ਵਿਚ ਵਾਰਤਕ ਲਿਖਣ ਦੀ ਪਰੰਪਰਾ 17ਵੀਂ ਸਦੀ ਦੇ ਅਰੰਭ ਵਿਚ ਸ਼ੁਰੂ ਹੋ ਚੁੱਕੀ ਸੀ। ਕੁਝ ਚਿਰ ਪਹਿਲਾਂ ਡਾ. ਤਿਰਲੋਚਨ ਸਿੰਘ ਬੇਦੀ ਨੇ 'ਏਕਾਦਸ਼ੀ ਮਹਾਤਮ' ਪੁਸਤਕ ਦੀ ਚਰਚਾ ਕੀਤੀ ਸੀ, ਉਨ੍ਹਾਂ ਦਾਅਵਾ ਕੀਤਾ ਹੈ ਕਿ ਪੰਜਾਬੀ ਵਾਰਤਕ ਦੀ ਇਹ ਪਹਿਲੀ ਰਚਨਾ ਹੈ। ਉਨ੍ਹਾਂ ਦੇ ਕਥਨ ਅਨੁਸਾਰ "ਪੰਜਾਬੀ ਵਾਰਤਕ ਦੀ ਇਹ ਰਚਨਾ ਤੇਰਵੀਂ ਚੌਦਵੀਂ ਸਦੀ ਦੀ ਹੈ।"[5]

"ਪੰਜਾਬੀ ਕਵਿਤਾ ਵਾਂਗ ਵਾਰਤਕ ਦੇ ਮੁੱਢ ਵਿਚ ਵੀ ਲਹਿੰਦੀ ਪੰਜਾਬੀ ਦਾ ਪ੍ਰਭਾਵ ਰਿਹਾ। ਪੁਰਾਤਨ ਜਨਮ-ਸਾਖੀ ਲਹਿੰਦੀ ਮਿਸ਼ਰਤ ਵਾਰਤਕ ਦੀ ਸਭ ਤੋਂ ਪੁਰਾਣੀ ਰਚਨਾ ਹੈ। ਮੱਧਕਾਲ ਜਾਂ ਪਰੰਪਰਾਵਾਦੀ ਜੁੱਗ ਵਿਚ ਪੰਜਾਬ ਵਿਚ ਤਿੰਨ ਪ੍ਰਮੁੱਖ ਸਾਹਿਤਕ ਭਾਸ਼ਾ ਸ਼ੈਲੀਆਂ ਪ੍ਰਚਲਤ ਸਨ ਸਾਧ ਭਾਸ਼ਾ, ਪੰਜਾਬੀ ਅਤੇ ਲਹਿੰਦੀ। "ਪੁਰਾਤਨ ਜਨਮ ਸਾਖੀ' ਤੋਂ ਮਗਰੋਂ ਹੋਏ ਸਾਖੀਕਾਰਾਂ ਵਿਚ ਦੋ ਨਵੀਆਂ ਬਿਰਤੀਆਂ ਨਜ਼ਰ ਆਉਂਦੀਆਂ ਹਨ। (ਪਹਿਲੀ) ਸਾਖੀਆਂ ਵਿਚ ਵਿਆਖਿਆਤਮਕ ਝੁਕਾ ਦੇ ਨਾਲ-ਨਾਲ ਗੁਰਬਾਣੀ ਤੇ ਅਧਾਰਿਤ ਸਾਖੀਆਂ ਘੜਣ ਅਤੇ ਵਾਤਾਵਰਣ ਕਾਇਮ ਕਰਨ ਦੀ ਰੁਚੀ (ਦੂਜੀ) ਵੱਖ-ਵੱਖ ਭਾਸ਼ਾ ਸ਼ੈਲੀਆਂ ਦੀ ਵਰਤੋਂ। ਜਿਵੇਂ ਮਿਹਰਬਾਨ ਵਾਲੀ ਜਨਮ ਸਾਖੀ ਦਾ ਭਾਸ਼ਾਈ ਰੂਪ ਸਧੂਕੜੀ ਹੈ ਅਤੇ ਭਾਈ ਬਾਲੇ ਵਾਲੀ ਜਨਮ ਸਾਖੀ ਦੀ ਭਾਸ਼ਾ ਕੇਂਦਰੀ ਪੰਜਾਬੀ।[6]

ਜਨਮ ਸਾਖੀ ਸਾਹਿਤ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਚਰਿਤਰ ਸਿਧਾਂਤ ਅਤੇ ਵਿਚਾਰਧਾਰਾ ਨੂੰ ਪ੍ਰਚਾਰਿਆ ਗਿਆ ਹੈ। ਕੁਝ ਸਾਖੀਆਂ ਕਬੀਰ ਚਰਿਤਰ ਅਤੇ ਦੂਜੇ ਗੁਰੂਆਂ ਦੀਆਂ ਜੀਵਨੀਆਂ ਨਾਲ ਸੰਬੰਧਤ ਹਨ। ਇਨ੍ਹਾਂ ਸਾਖੀਆਂ ਦੀ ਵਾਰਤਕ ਵਿਚ ਇਕ ਪਾਸੇ ਕਹਾਣੀ ਵਰਗਾ ਸੁਆਦ ਹੈ, ਦੂਜੇ ਪਾਸੇ ਨਾਟਕ ਵਰਗੀ ਸਿੱਧੀ ਵਾਰਤਾਲਾਪ। ਸਾਖੀ ਸਾਹਿਤ ਇਕੋ ਸਮੇਂ ਕਹਾਣੀ, ਨਾਟਕ, ਜੀਵਨੀ ਅਤੇ ਸਫ਼ਰਨਾਮਾ ਚਾਰ ਵਾਰਤਕ ਰੂਪਾਂ ਦੀ ਝਲਕ ਦੇ ਜਾਂਦਾ ਹੈ। ਚਾਰਾਂ ਰੂਪਾਂ ਦਾ ਮਿਲਵਾਂ ਰੂਪ ਇਨ੍ਹਾਂ ਸਾਖੀਆਂ ਵਿਚ ਪ੍ਰਾਪਤ ਹੋ ਜਾਦਾ ਹੈ।

ਨਾਮਧਾਰੀ ਵਾਰਤਕ ਵਿਚ ਸਾਖੀ ਪਰੰਪਰਾ ਦਾ ਵਧੇਰੇ ਵਿਕਾਸ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਹੋਇਆ। ਵਿਚਾਰ ਅਧੀਨ ਕਾਲ ਵਿਚ ਸੰਤ ਤਰਨ ਸਿੰਘ ਵਹਿਮੀ ਜੀ ਦੇ ਯੋਗਦਾਨ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਦੁਆਰਾ ਪਾਏ ਗਏ ਸਾਹਿਤਕ ਯੋਗਦਾਨ ਦਾ ਪੰਜਾਬੀ ਸਾਹਿਤ ਵਿਚ ਆਪਣਾ ਸਥਾਨ ਹੈ। ਜੋ ਕਿ ਬਹੁਤ ਵੱਡਮੁੱਲਾ ਹੈ। ਇਸ ਇਤਿਹਾਸਕਾਰ ਅਤੇ ਨਾਮਧਾਰੀ ਲੇਖਕ ਨੇ 'ਜੱਸ ਜੀਵਨ' ਛੇ ਭਾਗਾਂ ਦੀ ਰਚਨਾ ਕਰਕੇ ਨਾਮਧਾਰੀ ਇਤਿਹਾਸ ਅਤੇ ਵਿਸ਼ੇਸ਼ ਕਰਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਸਮਾਚਾਰਾਂ ਨੂੰ ਸਾਲਾਂ ਦੇ ਕ੍ਰਮ ਅਨੁਸਾਰ ਵੇਰਵੇ ਸਹਿਤ ਆਪਣੀ ਕਲਮੀ ਘਾਲਣਾ ਦੁਆਰਾ ਅੰਕਿਤ ਕਰ ਦਿੱਤਾ ਹੈ। ਜੱਸ

ਜੀਵਨ ਜਿੱਥੇ ਨਾਮਧਾਰੀ ਸੰਪ੍ਰਦਾਇ ਅਤੇ ਵਿਸ਼ੇਸ਼ ਕਰਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਸਮਾਚਾਰਾਂ ਨੂੰ ਸੁਰੱਖਿਅਤ ਰੱਖਣ ਦਾ ਸਫ਼ਲ ਜਤਨ ਸੀ, ਉਥੇ ਤਰਨ ਸਿੰਘ ਵਹਿਮੀ ਦੀ ਵਾਰਤਕ ਵਿਚ ਸਰਲਤਾ, ਸਪੱਸ਼ਟਤਾ, ਸਰਸਤਾ ਅਤੇ ਸ਼ਰਧਾ ਗੁੱਧੀ ਮਧੁਰ ਭਾਵਨਾਯੁਕਤ ਗੱਦ ਸ਼ੈਲੀ ਦੇ ਉਚਤਮ ਉਦਾਹਰਣ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ ਉਦਾਹਰਣ:-

"ਤੇਜਾ ਸਿੰਘ ਜੀ ਸਫਰੀ ਨੇ ਲੈਕਚਰ ਕੀਤਾ ਤੇ ਦਸਿਆ ਕਿ ਮੈਂ ਗੁਜਰਾਤ ਜੇਲ੍ਹ ਵਿਚ ਮਹਾਰਾਜ ਨਿਹਾਲ ਸਿੰਘ ਜੀ ਤੇ ਸਰਹੱਦੀ ਗਾਂਧੀ ਖਾਨ ਅਬਦੁੱਲ ਗੁਫਾਰ ਖਾਨ ਨਾਲ ਰਹਿ ਜੋ ਸਿੱਖਿਆ ਲਈ ਹੈ, ਨਾਮਧਾਰੀਆਂ ਨੂੰ ਜਿੰਨਾ ਕੁ ਜਾਣਿਆ ਹੈ ਤੇ ਹੁਣ ਜੋ ਕੁਝ ਹੋ ਰਿਹਾ ਹੈ, ਦੁਨੀਆਂ ਦੇ ਲੋਕ ਇਹ ਕਿਵੇਂ ਕਰ ਸਕਦੇ ਹਨ। ਇਹ ਤਾਂ ਰੋਕ ਟੋਕ ਹੀ ਜਾਣਦੇ ਹਨ। ਸਾਧੂ ਸਿੰਘ ਦਰਦ ਤੇ ਅਜਮੇਰ ਸਿੰਘ ਜੀ ਕਿਹਾ, ਲੁਧਿਆਣੇ ਜਦ ਜਵਾਹਰ ਲਾਲ ਜੀ ਆਲ ਇੰਡੀਆ ਸਟੇਟ ਕਾਰਨਫਰੰਸ ਤੇ ਆਏ ਸੀ ਤਾਂ ਕਿਹਾ ਸੀ ਮੈਂ ਭੈਣੀ ਸਾਹਿਬ ਦੀ ਧਰਤੀ ਨੂੰ ਚਲ ਕੇ ਨਮਸਕਾਰ ਕਰਾਂਗਾ ਤੇ ਭੈਣੀ ਸਾਹਿਬ ਜਾ ਕੇ ਉਨ੍ਹਾਂ ਬਾਬਾ ਪ੍ਰਤਾਪ ਸਿੰਘ ਜੀ ਤੋਂ ਭੈਣੀ ਸਾਹਿਬ ਤੇ ਵਰਤਿਆ ਭਾਣਾ ਤੇ ਹਾਲ-ਚਾਲ ਸੁਣਿਆ ਤਾਂ ਉਨ੍ਹਾਂ ਦੀਆਂ ਅੱਖਾਂ ਵਿਚ ਅੱਥਰੂ ਆ ਗਏ ਤੇ ਹਉਕਾ ਭਰ ਕਿਹਾ ਸੀ, ਕਿ ਇਨ੍ਹਾਂ ਲੋਕਾਂ ਨਾਲ ਇਹ ਸਲੂਕ ਕੀਤਾ ਗਿਆ ਹੈ। ਤਿਵੇਂ ਹੁਣ ਮੈਂ ਹੈਰਾਨ ਹਾਂ, ਗੁਰਬਾਣੀ ਦਾ ਪਾਠ ਕਰਨ ਵਾਲਿਆਂ ਦੀ ਵਿਰੋਧਤਾ ਕਰਨ ਵਾਲੇ ਕੁਝ ਸੋਚਦੇ ਹੀ ਨਹੀਂ। ਠੀਕ ਆਖਦੇ ਹਨ ਪੱਖਪਾਤ ਮੱਤ ਦਾ ਵੈਰੀ ਹੁੰਦਾ ਹੈ"[7]

ਤਰਨ ਸਿੰਘ ਵਹਿਮੀ ਜੀ ਦੇ ਸਾਖੀ ਸਾਹਿਤ ਵਿਚ ਪਾਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਸਾਖੀਆਂ ਦੀ ਵਿਧਾ ਵਿਚ ਨਵੇਂ ਪਰਿਵਰਤਨ ਲਿਆਉਣ ਤੇ ਕਈ ਪੱਖਾਂ ਤੋਂ ਵਾਧਾ ਕਰਨ ਵਿਚ ਸੰਤ ਤਰਨ ਸਿੰਘ ਵਹਿਮੀ ਦੇ ਯੋਗਦਾਨ ਨੂੰ ਸਾਹਿਤ ਵਿਚ ਉਚੇਰੀ ਥਾਂ ਪ੍ਰਾਪਤ ਹੈ।

**ਮਿੱਥ:**

ਕੁਝ ਵਿਦਵਾਨਾਂ ਦੁਆਰਾ ਮਿੱਥ ਦੇ ਸ਼ਬਦਾਰਥ ਇਕ ਮੌਲਿਕ, ਪੌਰਾਣਿਕ, ਕਲਪਿਤ ਅਤੇ ਅਲੌਕਿਕ ਕਹਾਣੀ ਅਥਵਾ ਦੇਵ-ਕਥਾ ਦੇ ਰੂਪ ਵਿਚ ਕੀਤੇ ਜਾਂਦੇ ਰਹੇ ਹਨ। ਅਜਿਹੀ ਕਲਪਿਤ ਕਹਾਣੀ ਜਾਂ ਦੇਵ ਕਥਾ ਜੋ ਲੋਕਾਂ ਦੇ ਰੀਤੀ-ਰਿਵਾਜਾਂ, ਧਾਰਮਕ ਸੰਕਲਪਾਂ, ਦੈਵੀ-ਸ਼ਕਤੀਆਂ ਨਾਲ ਲੋਕਾਂ ਦੇ ਮਾਨਸਿਕ ਸੰਬੰਧਾਂ ਦਾ ਵਿਵੇਚਨ ਕਰਦੀਆਂ ਹੋਣ। ਮਿਥ ਦੇ ਸ਼ਬਦਾਰਥ ਇਸੇ ਪ੍ਰਕਰਣ ਵਿਚ

ਝੂਠ, ਅਸਤਿ, ਵਿਅਰਥ ਤੇ ਬਨਾਵਟੀ ਕੀਤੇ ਜਾਂਦੇ ਰਹੇ ਹਨ। ਪੌਰਾਣਿਕ ਕਥਾਵਾਂ ਦਾ ਆਧਾਰ ਪੂਰਵ ਇਤਿਹਾਸ ਵਿਚ ਦੇਵੀ-ਦੇਵਤਿਆਂ, ਦੈਵੀ ਸ਼ਕਤੀਆਂ, ਸੂਰਬੀਰਾਂ, ਨਾਇਕਾਂ, ਕਬੀਲਿਆਂ ਦੇ ਰਾਜਿਆਂ-ਮਹਾਰਾਜਿਆਂ, ਧਾਰਮਿਕ ਅਗੂਆਂ ਨਾਲ ਸਬੰਧਿਤ ਕਿਸੇ ਘਟਨਾ ਦਾ ਕਾਲਪਨਿਕ ਪਾਸਾਰ ਬਣਦਾ ਰਿਹਾ ਹੈ, ਇਸੇ ਨੂੰ ਮਿਥਿਹਾਸਕ ਕਥਾ ਆਖਿਆ ਜਾਂਦਾ ਰਿਹਾ ਹੈ।

ਮਿੱਥ ਸੰਬੰਧੀ ਮਨੋਵਿਗਿਆਨ, ਦਰਸ਼ਨ-ਸ਼ਾਸਤਰ, ਸਮਾਜਿਕ ਵਿਗਿਆਨ, ਧਰਮ ਗਿਆਨ ਅਤੇ ਜ਼ਿੰਦਗੀ ਦੇ ਹੋਰ ਗਿਆਨ ਦੇ ਖੇਤਰਾਂ ਵਿਚ ਹੋਏ ਅਧਿਐਨ ਤੋਂ ਇਹ ਗੱਲ ਨਿਖਰ ਕੇ ਸਾਹਮਣੇ ਆਉਂਦੀ ਹੈ ਕਿ ਮਿੱਥ ਅਰਥ ਤੋਂ ਹੀਣ ਮਾਇਆ ਸੰਕਲਪਾਂ ਦੀ ਬ੍ਰਿਤਾਂਤਿਕ ਕਥਾ ਨਹੀਂ, ਸਗੋਂ ਆਦਿ ਕਾਲ ਤੋਂ ਲੈ ਕੇ ਹੁਣ ਤਕ ਦੇ ਮਾਨਵ ਨਾਲ ਸਬੰਧਿਤ ਜੀਵਨ ਦੇ ਅਨੇਕਾਂ ਖੇਤਰਾਂ ਨੂੰ ਸਮਝਣ ਤੇ ਸਮਝਾਉਣ ਦੀ ਗਾਥਾ ਹੈ। ਜ਼ਿੰਦਗੀ ਦੇ ਵਿਕਾਸ ਨੂੰ ਦਰਸਾਉਣ ਵਾਲੀ ਇਕ ਕਥਾ-ਸਾਮਗ੍ਰੀ ਜਿੱਥੇ ਅਧਿਆਤਮਿਕ ਜਗਤ ਦੀ ਪ੍ਰਤੀਕਾਤਮਕ ਤਸਵੀਰ ਪੇਸ਼ ਕਰਦੀ ਹੈ। ਉਥੇ ਜ਼ਿੰਦਗੀ ਦੇ ਮੂਲ ਤੱਤਾਂ ਦੀ ਸਚਾਈ ਦਰਸਾਉਂਦੀ ਹੈ।

ਮਿੱਥ ਇਕ ਗਿਆਨ ਦਾ ਸਾਧਨ ਹੈ ਜਿਸ ਵਿਚ ਮਨੁੱਖੀ ਫਿਤਰਤ ਦੇ ਮੂਲ ਤੱਤ ਲੁਪਤ ਹਨ, ਜਿਨ੍ਹਾਂ ਰਾਹੀਂ ਉਸ ਸਮੇਂ ਦੇ ਲੋਕ ਮਾਨਸ ਦੀਆਂ ਪ੍ਰਵ੍ਰਿਤੀਆਂ ਨੂੰ ਸਮਝਿਆ ਜਾ ਸਕਦਾ ਹੈ। ਮਾਨਵ ਸੰਸਕ੍ਰਿਤੀ ਦੀ ਝਲਕ ਆਦਿ ਮਨੁੱਖ ਦੇ ਚਰਿਤ੍ਰ ਦੇ ਮਹਾਂਦਰੇ, ਦੇਵਤਾ ਕਾਲ ਦੀਆਂ ਰੀਤੀਆਂ, ਨਾਇਕ ਨਾਲ ਜੁੜੀਆਂ ਸ਼ਰਧਾ ਮਾਲਕ ਰੂੜੀਆਂ, ਪੁਰਾਤਨ ਸਭਿਅਤਾਵਾਂ ਵਿਚ ਪਲਦੇ ਬਹੁਪਰਤੀ ਚਰਿਤ੍ਰ, ਮਾਨਵ ਸੰਸਕ੍ਰਿਤੀ ਦੇ ਮੁਢਲੇ ਕਾਲ ਦੀਆਂ ਮਾਨਸਿਕ ਪ੍ਰਵਿਰਤੀਆਂ ਅਤੇ ਆਦਿ ਮਨੁੱਖ ਦੀ ਕਾਲਪਨਿਕ ਸ਼ਕਤੀ ਦੇ ਕ੍ਰਿਸ਼ਮੇ ਮਿੱਥਾਂ ਦੇ ਕਥਾ ਜਗਤ ਦੇ ਦਰਪਣ ਵਿਚ ਵੇਖੇ ਜਾ ਸਕਦੇ ਹਨ। ਮਿੱਥ ਆਪਣੇ ਆਪ ਵਿਚ ਮਾਨਵ ਸੰਸਕ੍ਰਿਤੀ ਹੈ, ਜਿਸ ਦੀ ਆਪਣੀ ਮਹੱਤਤਾ ਹੈ। ਅਸਲ ਵਿਚ ਮਿੱਥ ਚੇਤਨਾ ਦੇ ਸਰੂਪ ਨੂੰ ਅਭਿਵਿਅਕਤ ਕਰਨ ਵਾਲੀ ਅਜਿਹੀ ਕਥਾ ਹੈ ਜਿਸ ਵਿਚ ਲੋਕ ਕਲਪਨਾ ਦੇ ਵਿਕਾਸ ਦੇ ਭਿੰਨ-ਭਿੰਨ ਰੂਪ ਹਨ। ਮਨੁੱਖ ਦੇ ਇਤਿਹਾਸਕ ਕਾਰਜਾਂ ਵਿਚ

ਪੈਦਾ ਹੋਈਆਂ ਕਦਰਾਂ-ਕੀਮਤਾਂ, ਵਿਸ਼ਵਾਸ, ਸੰਸਕਾਰ, ਸਭਿਆਚਾਰਕ ਰੀਤੀ ਰਿਵਾਜ, ਮਿਥ ਦੇ ਅੰਤਰੀਵ ਚਰਿਤ੍ਰ ਦੇ ਅੰਗ ਹਨ।"[8]

ਮਿਥਕੀ ਸੰਕਲਪ ਵਿਚ ਨਾਇਕ ਦੇ ਦੈਵੀ ਵਿਅਕਤਿਤਵ ਦੇ ਪਿਛੋਕੜ ਵਿਚ ਜਿਹੜੇ ਪ੍ਰਧਾਨ ਤੱਤ ਪ੍ਰਕਾਰਜ ਕਰਦੇ ਹੁੰਦੇ ਹਨ, ਉਹ ਪੌਰਾਣਿਕ ਕਥਾ ਦੇ ਉਹ ਸ੍ਰੋਤ ਹਨ, ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਮਿੱਥ ਸਿਰਜਣਾ ਹੁੰਦੀ ਹੈ। ਦੂਜੇ ਸ਼ਬਦਾਂ ਵਿਚ ਵਿਸ਼ੇਸ਼ ਧਰਮ, ਵਿਸ਼ੇਸ਼ ਕਬੀਲੇ ਦੇ ਆਪਣੇ ਕਰਮਕਾਂਡ ਰਿਵਾਜ, ਵਿਸ਼ਵਾਸ ਜਾਂ ਧਾਰਮਕ ਰੀਤੀਆਂ ਰੂੜੀਆਂ, ਆਦਿ ਦਾ ਮਿੱਥ ਵਿਚ ਕਿਸੇ ਨਾ ਕਿਸੇ ਰੂਪ ਵਿਚ ਰੂਪਾਂਤਰਿਤ ਹੋਣਾ ਜ਼ਰੂਰੀ ਹੈ। ਇੰਞ ਜਿਥੇ ਵਿਸ਼ੇਸ਼ ਧਰਮ ਦੇ ਮੂਲ ਆਦਰਸ਼ਕ ਨਿਯਮ ਪ੍ਰਚਾਰੇ ਜਾਂਦੇ ਹਨ ਉਥੇ ਮਿੱਥ ਵਿਚ "ਜਾਤੀਗਤ ਪਹਿਚਾਣ" ਵੀ ਹੁੰਦੀ ਰਹਿੰਦੀ ਹੈ।

ਹਰ ਮਿਥ ਅਪਣੇ ਸੰਸਕ੍ਰਿਤਿਕ/ਸਭਿਆਚਾਰਕ ਸੰਪ੍ਰਦਾਇਕ ਦਾਇਰੇ ਵਿਚ ਹੀ ਮਿਥ ਹੋਣ ਦੀ ਵਿਸ਼ੇਸ਼ਤਾ ਰੱਖਦੀ ਹੈ, ਪਰੰਤੂ ਕਿਸੇ ਦੂਸਰੇ ਲਈ ਉਹ ਲੀਜੈਂਡ ਜਾਂ ਲੋਕ ਕਹਾਣੀ ਤੋਂ ਵਧੇਰੇ ਹੋਰ ਕੁਝ ਵੀ ਨਹੀਂ ਹੁੰਦੀ, ਕਿਉਂਕਿ ਦੂਸਰੇ ਦਾਇਰੇ ਵਿਚ ਜਾ ਕੇ ਉਹ ਮਿਥ ਵਿਸ਼ੇਸ਼ ਸਮੂਹਿਕ ਵਿਸ਼ਵਾਸ ਅਤੇ ਦਾਇਰੇ ਦੀ ਪਛਾਣ ਆਦਿ ਮਹੱਤਵਪੂਰਣ ਵਿਸ਼ੇਸ਼ਤਾਵਾਂ ਤੋਂ ਵਾਂਝਿਆ ਹੋ ਜਾਂਦੀ ਹੈ। ਸਮੂਹਿਕ ਵਿਸ਼ਵਾਸ ਤੇ ਦਾਇਰੇ ਦੀ ਵਿਸ਼ੇਸ਼ ਪਛਾਣ ਕਿਸੇ ਵੀ ਮਿਥ ਦੇ ਬੁਨਿਆਦੀ ਗੁਣ ਲੱਛਣ ਹੁੰਦੇ ਹਨ। ਇਨ੍ਹਾਂ ਦੀ ਅਣਹੋਂਦ ਸਦਕਾ ਮਿਥ ਕੇਵਲ ਲੋਕ ਕਹਾਣੀ ਜਾਂ ਲੀਜੈਂਡ ਮਾਤਰ ਹੀ ਬਣ ਕੇ ਰਹਿ ਜਾਂਦੀ ਹੈ। ਇਸ ਕਰਕੇ 'ਪੁਰਾਤਨ ਜਨਮ ਸਾਖੀ ਦੀ ਇੱਕ ਮਿਥ ਦੇ ਤੌਰ ਤੇ ਸਾਰਥਿਕਤਾ ਕੇਵਲ ਪੰਜਾਬੀ ਸਭਿਆਚਾਰ ਤੇ ਖ਼ਾਸ ਕਰਕੇ ਸਿੱਖ ਸੰਪਰਦਾਇ ਵਿਚ ਹੀ ਹੈ:

> ਇੱਥੇ ਇਹ ਗੱਲ ਵਰਣਨਯੋਗ ਹੈ ਕਿ ਤੱਥ ਦਾ ਦੈਵੀਕਰਨ ਹੀ ਸਾਖੀ ਦੀ ਬੁਨਿਆਦੀ ਪ੍ਰਕ੍ਰਿਤੀ ਹੈ। ਸਾਖੀ-ਨਾਇਕ ਨਾਲ ਜੁੜੀ ਮਿਥ ਹੀ ਸਾਖੀ ਦੇ ਚਿਹਰੇ-ਮੁਹਰੇ ਨੂੰ ਗੌਰਵ ਬਖਸ਼ਦੀ ਹੈ। ਤੱਥ ਆਪਣੇ ਆਪ ਵਿਚ ਕੇਵਲ ਸਰੀਰ ਹੈ। ਜਦੋਂ ਤਕ ਉਸ ਵਿਚ ਕੋਈ ਦੈਵੀ ਅੰਸ਼ (ਰੂਹ) ਮਿਥਕ ਰੂਪ ਵਿਚ ਨਹੀਂ ਰਲਦਾ, ਉਦੋਂ ਤੱਕ

> ਸਾਖੀ ਹੋਂਦ ਵਿਚ ਨਹੀਂ ਆਉਂਦੀ। ਭਾਵੇਂ ਕਈ ਵਾਰ ਇਹ ਮਿਥਕ ਤੱਤ ਇਤਨਾ ਸੂਖਮ ਹੁੰਦਾ ਹੈ ਕਿ ਪਹਿਲੀ ਨਜ਼ਰੇ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਸਾਖੀਆਂ ਵਿਚਲਾ ਇਹੋ ਮਿਥਕ ਤੱਤ ਸਾਖੀ ਪੁਰਸ਼ ਨੂੰ ਆਮ ਆਦਮੀ ਨਾਲੋਂ ਨਿਖੇੜ ਕੇ ਵਿਲੱਖਣ ਤੇ ਅਲੌਕਿਕ ਬਣਾਉਂਦਾ ਹੈ ਅਤੇ ਇਸ ਸਾਰੇ ਕਾਰਜ ਨੂੰ ਸ਼ਕਤੀ ਪਰੰਪਰਾ ਤੋਂ ਹੀ ਮਿਲਦੀ ਹੈ।[੭]

ਸਾਖੀ ਦਾ ਬ੍ਰਿਤਾਂਤ ਭੌਤਿਕ ਦੇਸ਼ ਕਾਲ ਵਿਚ ਵਾਪਰਦਾ ਹੋਇਆ ਵੀ ਉਸਦੇ ਵਿਵੇਕ ਤੋਂ ਮੁਕਤ ਰਹਿੰਦਾ ਹੈ। ਕਈ ਵਾਰ ਸਾਖੀ ਪੁਰਸ਼ ਨਾਲ ਪੂਰਵ ਵਰਤੀ ਪੁਰਸ਼ਾਂ ਦੇ ਸੰਬਾਦ ਰਚਾ ਦਿੱਤੇ ਜਾਂਦੇ ਹਨ ਜਿਵੇਂ ਕਿ ਗੁਰੂ ਨਾਨਕ ਦੇਵ ਜੀ ਦੇ ਆਪਣੇ ਪੂਰਨ ਵਰਤੀਆਂ ਕਾਰੂ ਤੇ ਗੋਰਖ ਨਾਥ ਨਾਲ ਸੰਬਾਦ। ਗੁਰੂ ਨਾਨਕ ਵੇਈਂ ਨਦੀ ਵਿਚ ਇਸ਼ਨਾਨ ਕਰਨ ਲਈ ਗਏ, ਅਲੋਪ ਹੋ ਕੇ ਪਾਰਬ੍ਰਹਮ ਦੇ ਦਰਬਾਰ ਵਿਚ ਜਾ ਹਾਜ਼ਿਰ ਹੋਏ। ਕਾਰਣ ਅੱਖਾਂ ਮੀਟਣਾ ਹੈ ਤੇ ਮੱਕੇ ਜਾ ਪਹੁੰਚਣਾ। ਇਸ ਪ੍ਰਕਿਰਿਆ ਵਿਚ ਲੋਕ ਮਨ ਕਾਰਜਸ਼ੀਲ ਹੈ, ਜੋ ਇਹ ਮੰਨਦਾ ਹੈ ਕਿ ਕਰਨੀ ਵਾਲੇ ਪੁਰਸ਼ ਅੱਖ ਪਲਕਾਰੇ ਵਿਚ ਮਨੋ ਇੱਛਾ ਨਾਲ ਜਿੱਥੇ ਚਾਹੁਣ ਪਹੁੰਚ ਸਕਦੇ ਹਨ।

"ਗੁਰੂ ਨਾਨਕ ਦੇਵ ਜੀ ਜਗਤ-ਨਿਸਤਾਰਣ ਲਈ ਯਾਤਰਾ ਕਰਦੇ ਅਤੇ ਲੰਮੇ ਪੈਂਡੇ ਮਾਰਦੇ ਵਿਖਾਏ ਗਏ ਹਨ। ਹਰ ਸਾਖੀ ਦੇ ਅੰਤ ਵਿਚ ਬਾਬਾ ਜੀ ਨੂੰ ਪਹਿਲੀ ਥਾਂ ਤੋਂ ਵਿਦਾ ਹੁੰਦਾ ਜਾਂ ਉਥੋਂ ਰਵਾਨਾ ਹੋਇਆ ਵਿਖਾਇਆ ਹੈ। ਇਹ ਮਿਥਕੀ ਵਿਧੀ ਇਸ ਗੱਲ ਦਾ ਪ੍ਰਮਾਣ ਹੈ ਕਿ ਅਧਿਆਤਮਵਾਦੀ ਮਹਾਂਪੁਰਸ਼ ਦਿਸਦੇ ਪਦਾਰਥਵਾਦੀ ਸੰਸਾਰ ਨਾਲ ਮੋਹ ਨਹੀਂ ਪਾਉਂਦੇ ਲੋਕ ਕਲਿਆਣ ਲਈ ਚੱਲਣ ਦੇ ਪ੍ਰਕਾਰਜ ਵਿਚ ਆਪਣੇ ਮੰਤਵ ਦੀ ਪੂਰਤੀ ਲਈ ਜਤਨਸ਼ੀਲ ਰਹਿੰਦੇ ਹਨ। ਸਮਾਜ-ਸੁਧਾਰ, ਜਗਤ ਨਿਸਤਾਰਣ, ਧਰਮ ਪ੍ਰਚਾਰ ਅਤੇ ਬਾਣੀ ਉਚਾਰਣ ਦਾ ਮੂਲ ਤੇ ਬੁਨਿਆਦੀ ਲਕਸ਼ ਰਵਦੇ ਰਹਿਣ ਵਿਚ ਹੀ ਹੈ। ਇਸੀ ਤਰ੍ਹਾਂ ਚਾਰ ਦਿਸ਼ਾਵਾਂ ਨਾਲ ਸਬੰਧਿਤ ਉਦਾਸੀਆਂ ਗੁਰੂ ਜੀ ਦੀ ਦਿਗ ਵਿਜੈ ਦੀਆਂ ਸੂਚਕ ਹਨ। ਪੰਜਵੀਂ ਨੂੰ ਇਕ ਖਿੱਚ ਧੂਹ ਕੇ ਉਦਾਸੀ

ਦਾ ਨਾਂ ਦੇ ਦਿੱਤਾ ਗਿਆ ਹੈ। ਇਹ ਅਸਲੋਂ ਉਦਾਸੀ ਨਹੀਂ ਕਿਉਂਕਿ ਨਾ ਤਾਂ ਇਸ ਤੋਂ ਪਹਿਲਾਂ ਕਿਸੇ ਦ੍ਰਿਸ਼ ਦੀ ਸੂਚਨਾ ਹੈ ਅਤੇ ਨਾ ਹੀ ਇਸ ਤੋਂ ਪਹਿਲਾਂ ਪੂਰਵਵਤ ਗੁਰੂ ਨਾਨਕ ਦੇਵ ਦਾ ਕੋਈ ਪਹਿਰਾਵਾ ਜਾਂ ਆਹਾਰ ਅੰਕਿਤ ਹੈ। ਅਸਲ ਵਿਚ ਇਹ ਦਿਗ ਵਿਜੈ ਦੀ ਸਥਾਪਨਾ ਸੂਚਕ ਸਾਖੀ ਹੈ।

ਇਥੇ ਇਕ ਹੋਰ ਗੱਲ ਵਰਣਨਯੋਗ ਹੈ ਕਿ ਭਾਵੇਂ ਸਾਖੀ-ਸਾਹਿਤ ਨਿਰੋਲ ਇਤਿਹਾਸਕ ਨਹੀਂ, ਪਰ ਫਿਰ ਵੀ ਸਾਖੀ ਸਾਹਿਤ ਨੂੰ ਮਿਥਕ ਰੰਗ ਦੇਣ ਵਿਚ ਇਤਿਹਾਸਕ ਤੱਥ ਬਹੁਤ ਵੱਡਾ ਰੋਲ ਅਦਾ ਕਰਦੇ ਹਨ। ਇਹ ਇਤਿਹਾਸਕ ਤੱਥ ਸਿੱਖਾਂ ਦੇ ਸਾਖੀ ਸਾਹਿਤ ਵਿਚ ਬਣੇ ਵਿਸ਼ਵਾਸ ਨੂੰ ਦ੍ਰਿੜ ਕਰਨ ਦਾ ਕਾਰਨ ਬਣਦੇ ਹਨ। ਗਹੁ ਨਾਲ ਵੇਖਿਆਂ ਪਤਾ ਲਗਦਾ ਕਿ ਸਾਖੀ ਸਾਹਿਤ ਵਾਸਤਵਿਕ ਤੇ ਅਵਾਸਤਵਿਕ ਵੇਰਵਿਆਂ ਦਾ ਸੰਯੁਕਤ ਰੂਪ ਹੈ। ਡਾ. ਮਨਜੀਤ ਸਿੰਘ ਨੇ ਸਾਖੀ ਸੁਰਤਿ (ਸੰਪਾ. ਡਾ. ਹਰਿਭਜਨ ਸਿੰਘ, ਡਾ. ਮਨਜੀਤ ਸਿੰਘ) ਪੁਸਤਕ ਵਿਚ ਛਪੇ ਅਪਣੇ ਇਕ ਲੇਖ 'ਸਾਖੀ-ਸਾਹਿਤ ਨਵ ਵਿਵੇਚਨਾ" ਵਿਚ ਵਾਸਤਵਿਕਤਾ ਨੂੰ ਇਤਿਹਾਸ ਅਤੇ ਅਵਾਸਤਵਿਕਤਾ ਨੂੰ ਤਾਤਵਿਕ ਅਧਿਆਤਮਿਕਤਾ ਦੇ ਅਰਥਾਂ ਵਿਚ ਵਰਤਿਆ ਹੈ। "ਰੋਮਨ ਜੈਕਬਸਨ ਦੀ ਤਕਨੀਕੀ ਸ਼ਬਦਾਵਲੀ ਵਿਚ ਤਾਤਵਿਕ ਅਧਿਆਤਮਿਕਤਾ ਜੇ ਮੈਟਾਫਰ (Metaphor) ਹੈ ਤਾਂ ਇਤਿਹਾਸ ਉਸਦੀ ਮੈਟਾਨਮੀ (Metonymy) ਹੈ। ਮੈਟਾਨਮੀ ਉਹ ਨਿਆਇਕ ਪ੍ਰਬੰਧ ਹੈ ਜੋ ਪ੍ਰਾਪਤ ਮੈਟਾਫੋਰਿਕ (ਰੂਪਕੀ) ਸਾਮਗ੍ਰੀ ਨੂੰ ਨੇਮ ਅਨੁਸਾਰ ਕਿਸੇ ਪ੍ਰਬੰਧ ਵਿਸ਼ੇਸ਼ ਵਿਚ ਸੰਚਾਰਿਤ ਕਰਦਾ ਹੈ। ਇਕੱਲੇ ਰੂਪਕ ਦੀ ਆਪਣੇ ਆਪ ਵਿਚ ਸਾਰਥਿਕਤਾ ਨਹੀਂ। ਉਹ ਸਾਰਥਿਕ ਤਾਂ ਹੀ ਹੈ ਜੇ ਉਹ ਕਿਸੇ ਨਿਆਇਕ ਪ੍ਰਬੰਧ ਵਿਚ ਬੱਝ ਕੇ ਕਿਸੇ ਅਰਥ ਨੂੰ ਸੰਚਾਰਿਤ ਕਰੇ। [10]

ਜਨਮਸਾਖੀ ਮਿਥ ਦੀ ਸਿਰਜਨਾ ਇਸੇ ਭਾਸ਼ਾ ਵਿਗਿਆਨਕ ਨੇਮ ਦੇ ਮੁਤਾਬਿਕ ਹੋਈ ਹੈ। ਨਿਰੋਲ ਅਧਿਆਤਮਿਕਤਾ ਦੀ ਉਤਨੀ ਦੇਰ ਤੱਕ ਕੋਈ ਸਾਰਥਿਕਤਾ ਨਹੀਂ ਜਿਤਨੀ ਦੇਰ ਉਹ ਕਿਸੇ ਇਤਿਹਾਸਕ ਨੇਮ ਪ੍ਰਬੰਧ ਵਿਚ ਬੱਝ ਕੇ ਸਮਝਣਯੋਗ, ਅਰਥ ਸੰਚਾਰਨਯੋਗ ਤੇ ਵਿਸ਼ਵਾਸਯੋਗ ਨਹੀਂ ਬਣਦੀ। ਪੁਰਾਤਨ ਜਨਮ ਸਾਖੀ ਦਾ ਮਿਥਕ ਪ੍ਰਬੰਧ ਗੁਰੂ ਨਾਨਕ ਦੇਵ ਜੀ ਦੇ ਜੀਵਨਗਤ ਇਤਿਹਾਸਿਕ ਵੇਰਵਿਆਂ ਨੂੰ ਤਾਤਵਿਕ ਅਧਿਆਤਮਿਕਤਾ ਵਿਚ ਅਭੇਦ ਕਰਕੇ ਸਿਰਜਿਆ ਗਿਆ

ਹੈ। ਮਿਥ ਸਿਰਜਨਾ ਇਸੇ ਵਿਧੀ ਦੇ ਅਨੁਕੂਲ ਹੁੰਦੀ ਹੈ। ਸਾਖੀ-ਸਾਹਿਤ ਗੁਰੂ ਨਾਨਕ ਦੇਵ ਜੀ ਦਾ ਜੀਵਨ ਪ੍ਰਤਿਬਿੰਬ ਨਹੀਂ ਅਤੇ ਨਾ ਹੀ ਉਸਦਾ ਯਥਾਰਥਕ ਉਤਾਰਾ ਹੈ। ਸਗੋਂ ਇਹ ਤਾਂ ਉਸ ਜੀਵਨ ਯਥਾਰਥ ਦਾ ਰੂਪਾਂਤਰਿਤ ਰੂਪ ਹੈ। "ਪੁਰਾਤਨ ਜਨਮਸਾਖੀ" ਦਾ ਨਾਇਕ ਮੂਲ ਰੂਪ ਵਿਚ ਇਤਿਹਾਸਕ ਵਿਅਕਤੀ ਸੀ। ਇਸ ਤੱਥ ਦੀ ਪੁਸ਼ਟੀ ਸਾਨੂੰ ਜਨਮ ਸਾਖੀ ਦੀ ਅੰਤਰੀਵ ਸਾਮਗ੍ਰੀ ਤੋਂ ਸਹਿਜੇ ਹੀ ਮਿਲ ਜਾਂਦੀ ਹੈ। ਸਾਖੀਕਾਰ ਨੇ ਗੁਰੂ ਨਾਨਕ ਦੇਵ ਜੀ ਦੀ ਜੀਵਨਗਤ ਇਤਿਹਾਸਿਕਤਾ ਨੂੰ ਸਰਬਾਰਥੀ ਅਤੇ ਆਦਰਸ਼ਿਕ ਅਰਥ ਦੇਣ ਲਈ ਉਸ ਦੀ ਸ਼ਖ਼ਸੀਅਤ ਨੂੰ ਦਿੱਬਤਾ ਵਿਚ ਰੂਪਾਂਤਰਿਤ ਕਰ ਦਿੱਤਾ ਹੈ। ਸਿੱਟੇ ਵਜੋਂ ਉਸ ਦੀ ਸ਼ਖ਼ਸੀਅਤ ਭੌਤਿਕ ਦੇਸ਼-ਕਾਲ ਦੀਆਂ ਹੱਦਾਂ ਟੱਪ ਗਈ ਹੈ। ਉਹ ਭੌਤਿਕ ਦੇਸ਼ ਕਾਲ-ਮੁਕਤ ਸ਼ਖ਼ਸੀਅਤ ਹੋ ਨਿਬੜਦੀ ਹੈ। ਉਦਾਹਰਣ ਵੇਖੋ:

"ਸੰਮਤ 1526 ਅਖਰੀ ਪੰਦਰਾਂ ਸੈ ਛਬੀਹ ਵੈਸਾਖ ਮਾਹਿ ਤ੍ਰਿਤੀਆ ਚਾਂਦਨੀ ਰਾਤ ਅੰਮ੍ਰਿਤ ਵੇਲੇ ਪਹਰੁ ਰਾਤ ਰਹਿੰਦੀ ਕਉ ਮਾਤਾ ਤ੍ਰਿਪਤਾ ਜੀ ਉਦਰ ਮਹਿ ਜਨਮਿਆ। ਅਨਹਦ ਸਬਦ ਪਰਮੇਸਰ ਕੈ ਦਰਬਾਰਿ ਵਾਜੇ। ਤੇਤੀਸ ਕਰੋੜ ਦੇਵਤਿਆਂ ਨਮਸਕਾਰ ਕੀਆ। ਚਉਸਠਿ ਜੋਗਨੀ, ਬਵੰਜਾ ਪੀਰ, ਛਿਆਂ ਜਤੀਆਂ, ਚਉਰਾਸੀਆਂ ਸਿਧਾਂ, ਨਵਾਂ ਨਾਥਾਂ ਨਮਸਕਾਰ ਕੀਆ, ਜੋ ਵੱਡਾ ਭਗਤ ਜਗਤ ਨਿਸਤਾਰਣ ਕਉ ਆਇਆ। ਇਸ ਕਉ ਨਮਸਕਾਰੁ ਕੀਜੈ।[11]

ਨਾਮਧਾਰੀ ਗੁਰੂਆਂ ਨਾਲ ਸਬੰਧਿਤ ਜਨਮਸਾਖੀਆਂ ਕਿਉਂਕਿ ਅਜੋਕੀ ਵਾਰਤਕ ਵੰਨਗੀ ਹੈ। ਇਹ ਜਨਮ ਸਾਖੀਆਂ ਕਰਾਮਾਤਾਂ ਭਰਪੂਰ ਨਹੀਂ ਹਨ। ਇਨ੍ਹਾਂ ਵਿਚ ਮਿੱਥ ਅਲੌਕਿਕ ਨਹੀਂ ਹੈ ਬਲਕਿ ਯਥਾਰਥਕ ਹੈ। ਇਸ ਪੱਖ ਤੋਂ ਚਰਚਾ ਅਧੀਨ ਕਾਲ ਵਿਚ 'ਜੱਸ ਜੀਵਨ' (ਭਾਗ ਛੇ) ਰਚਿਤ ਸੰਤ ਤਰਨ ਸਿੰਘ ਵਹਿਮੀ ਨੂੰ ਸਾਖੀ ਸਾਹਿਤ ਵਿਚ ਰੱਖਿਆ ਜਾ ਸਕਦਾ ਹੈ।

'ਜੱਸ ਜੀਵਨ' ਦੀ ਵਾਰਤਕ ਸ਼ੈਲੀ ਕੁਝ ਹੱਦ ਤੱਕ ਭਾਵੇਂ ਪੁਰਾਤਨ ਵਾਰਤਕ ਨਾਲ ਮਿਲਦੀ ਹੈ ਪਰੰਤੂ ਇਸ ਵਿਚ ਮਿੱਥ ਦੀ ਬਹੁਤ ਘਾਟ ਹੈ। ਇਸ ਦੀ ਸ਼ੈਲੀ ਯਥਾਰਥ ਦੇ ਵਧੇਰੇ ਨੇੜੇ ਹੈ:

"ਟਿਬੀ ਦੋ ਆਨੰਦ ਭੀ ਹੋਏ। ਸਤਿਗੁਰੂ ਜੀ ਬਚਨ ਕੀਤਾ, ਜਿਥੋਂ ਦਾ ਜੋੜੇ ਵਿਚੋਂ ਇਕ ਭੀ ਹੋਵੇ ਓਥੇ ਅਸੀਂ ਅਨੰਦ ਨਹੀਂ ਕਰਦੇ ਕਿ ਸਿੱਖ ਜਗਤ-ਅਡੰਬਰ ਵਿਢ ਲੈਂਦੇ ਹਨ। ਤੁਹਾਡੇ ਲਈ ਤਾਂ ਨਹੀਂ ਰੋਕ ਕੀਤੀ, ਤੁਸੀਂ ਹੋਰ ਵਜ੍ਹੋ ਏਥੇ ਕਰ ਰਹੇ ਹੋ ਕਿ ਕਿਤੇ ਗਿਆ ਔਖ ਹੁੰਦਾ ਏ। ਟਿਬੀਉਂ ਆਉਂਦੇ ਅਬੋਹਰ, ਮਲੋਟ ਜੰਡਿਆਲੇ ਆ ਦਰਸ਼ਨ ਦਿੱਤੇ ਮਾਤਾ ਜੀ ਨਮਿਤ ਭੋਗ ਭੀ ਪਾਏ ਤੇ ਰੋਡਿਆਂ ਤੋਂ ਕੁਝ ਸਰੀਰ ਦੀ ਢਿਲਾਈ ਕਰ ਦੌਰਾ ਬੰਦ ਕਰ ਭੈਣੀ ਸਾਹਿਬ ਆਏ ਸਤਿਗੁਰੂ ਜੀ। 5 ਭਾਦਰੋਂ 2000 ਬਿਕ੍ਰਮੀ। ਸਤਿਗੁਰੂ ਜੀ 12 ਭਾਦਰੋਂ ਗੁਜਰਾਂਵਾਲੇ ਆਸਾ ਦੀ ਵਾਰ ਸੁਣ ਰਾਵਲਪਿੰਡੀ ਸ੍ਰ. ਆਤਮਾ ਸਿੰਘ ਜੀ ਦੀ ਚੜ੍ਹਾਈ ਦੇ ਭੋਗ ਤੇ ਦਰਸ਼ਨ ਦੇਣ ਗਏ। ਤੇ 14 ਵਾਪਸ ਆਏ ਗੁਜਰਾਂਵਾਲੇ।"[12]

ਇਸ ਵਾਰਤਕ ਵੰਨਗੀ ਦੇ ਮੁਕਾਬਲੇ ਪਿਛਲੇਰੇ ਕਾਲ ਦੇ ਪ੍ਰੀਤਮ ਸਿੰਘ ਕਵੀ ਦੀ ਸਾਖੀ (ਬੀਤੇ ਦੀਆਂ ਪੈੜਾਂ) ਮਿਥ ਤੋਂ ਪਰ੍ਹਾਂ ਹੈ। ਉਸ ਦੀ ਸਾਖੀ ਅਜੋਕੀ ਪਰੰਪਰਾ ਦੀ ਹੈ:-

ਸਤਿਗੁਰੂ ਜੀ ਬਚਨ ਕੀਤਾ: ਮੇਰਾ ਜੀ ਤਾਂ ਕਰਦਾ ਹੀ ਰਹਿੰਦਾ ਹੈ ਕਿ ਜਿੱਥੇ ਸਾਧ ਸੰਗਤ ਬਹੁਤੀ ਹੋਵੇ। ਓਥੇ ਨਿਰੰਤਰ ਭਜਨ-ਵਰਨੀ ਦਾ ਪਰਵਾਹ ਭੀ ਜਾਰੀ ਹੋ ਜਾਵੇ। ਇਹ ਚੰਗੀ ਗੱਲ ਹੀ ਹੈ। ਇਸ ਨਾਲ ਵਾਤਾਵਰਣ ਵਿਚ ਸਵੱਛਤਾ ਆਉਂਦੀ ਹੈ। ਈਸ਼ਵਰ ਦਾ ਨਾਮ ਲੈਣਾ, ਸਦਗੁਣਾਂ ਵਲ ਰੁਚਿਤ ਹੋਣਾ ਹੈ। ਯੂ. ਪੀ. ਫਾਰਮ ਖਰੀਦਿਆ ਤਾਂ ਓਥੇ ਵਰਨੀ ਚਾਲੂ ਕਰਵਾਈ। ਹੁਣ ਜੇ ਉਹ ਫਾਰਮ ਤਬਾਦਲਾ ਕਰਕੇ ਹੋਰ ਲੋਕਾਂ ਨੂੰ ਦੇ ਦਿੱਤਾ ਤਾ ਨੇੜੇ ਦੇ ਸਿੰਘਾਂ ਨੇ ਫੇਰ ਜਤਨ ਕੀਤਾ ਹੈ ਕਿ ਯੂ. ਪੀ. ਫਾਰਮ ਵਿਚ ਭਜਨ ਵਰਨੀ ਜਾਰੀ ਰਹੇ। ਉੱਦਮ ਇਹ ਸਾਧ ਸੰਗਤ ਦਾ ਹੀ ਹੈ। ਮਸਤਾਨਾ ਗੜ੍ਹ, ਜੀਵਨ ਨਗਰ, ਦਮਦਮੇ, ਭੈਣੀ ਸਾਹਿਬ, ਬੈਂਗਲੋਰ, ਯੂ. ਪੀ. ਤੇ ਹਜ਼ਾਰੀ ਬਾਗ ਵਿਚ ਜੇ ਅਖੰਡ ਭਜਨ ਵਰਨੀਆਂ ਚਲ ਰਹੀਆਂ ਹਨ ਤਾਂ ਇਹ ਸਤਿਗੁਰਾਂ ਦਾ ਹੀ ਪੁੰਨ ਪਰਤਾਪ ਹੈ, ਮੇਰਾ ਨਹੀਂ। ਮੈਨੂੰ ਤਾਂ ਖੁਸ਼ੀ ਹੁੰਦੀ ਹੈ ਕਿ ਲੋਕ ਭਲੇ ਪਾਸੇ ਲੱਗੇ ਹੋਏ ਹਨ।" [13]

**ਪ੍ਰਸੰਗ:**

ਜਦੋਂ ਅਸੀਂ ਕਿਸੇ ਵਿਕੋਲਿਤ੍ਰੀ ਘਟਨਾ ਨੂੰ ਸਾਹਿਤਕ ਅੰਦਾਜ਼ ਵਿਚ ਪੇਸ਼ ਕਰਦੇ ਹੈ ਤਾਂ ਉਹ ਪ੍ਰਸੰਗ ਅਖਵਾਉਂਦਾ ਹੈ।

ਨਾਮਧਾਰੀ ਸਾਹਿਤ ਵਧੇਰੇ ਕਰਕੇ ਸ਼ਰਧਾਮਈ ਸ਼ੈਲੀ ਵਿਚ ਲਿਖਿਆ ਮਿਲਦਾ ਹੈ। ਹਰ ਇਕ ਇਕ ਵਾਰਤਕ ਪੁਸਤਕਨਾਮਾ ਸਤਿਗੁਰੂਆਂ ਦੇ ਜੀਵਨ ਨਾਲ ਸਿੱਧੇ ਜਾਂ ਅਸਿੱਧੇ ਰੂਪ ਵਿਚ ਸੰਬੰਧਿਤ ਹੈ। ਇਹਨਾਂ ਪੁਸਤਕਾਂ ਵਿਚ ਪ੍ਰਸੰਗਾਂ ਦੀ ਭਰਮਾਰ ਮਿਲਦੀ ਹੈ ਜੋ ਨਾਮਧਾਰੀ ਸਤਿਗੁਰੂਆਂ ਦੇ ਜੀਵਨ ਨਾਲ ਸੰਬੰਧਿਤ ਹਨ। ਚਰਚਾ ਅਧੀਨ ਕਾਲ ਵਿਚ ਤਰਨ ਸਿੰਘ ਵਹਿਮੀ ਰਚਿਤ ਜੱਸ ਜੀਵਨ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਦੇੜੋਂ ਬਾਦ ਦਾ ਜੀਵਨ, ਸੰਤ ਇੰਦਰ ਸਿੰਘ ਚੱਕਰਵਰਤੀ ਰਚਿਤ ਨਾਮਧਾਰੀ ਇਤਿਹਾਸ (ਭਾਗ ਪਹਿਲਾ) ਵਿਚ ਨਾਮਧਾਰੀ ਸਤਿਗੁਰੂਆਂ ਨਾਲ ਸੰਬੰਧਿਤ ਪ੍ਰਸੰਗ ਮਿਲਦੇ ਹਨ।

ਤਰਨ ਸਿੰਘ ਵਹਿਮੀ ਨੇ 'ਜਸ ਜੀਵਨ' ਛੇ ਭਾਗਾਂ ਵਿਚ ਰਚ ਕੇ ਸਤਿਗੁਰੂ ਪ੍ਰਤਾਪ ਸਿੰਘ ਦੇ ਜੀਵਨ ਪ੍ਰਸੰਗਾਂ ਨੂੰ ਕਲਮ ਬੰਦ ਕੀਤਾ ਹੈ। ਸਤਿਗੁਰੂ ਪ੍ਰਤਾਪ ਸਿੰਘ ਦੇ ਜੀਵਨ ਪ੍ਰਸੰਗਾਂ ਦਾ ਬਿਉਰਾ ਦਿੰਦੇ ਹੋਏ ਉਹ ਕਿਤੇ ਰੋਜ਼ਨਾਮਚੇ, ਕਿਤੇ ਡਾਇਰੀ ਤੇ ਕਿਤੇ ਸੰਸਮਰਣ ਦਾ ਰੂਪ ਸਾਡੇ ਪਾਠਕਾਂ ਦੇ ਰੂ-ਬ-ਰੂ ਕਰਦਾ ਹੈ। ਇਹ ਜੀਵਨ ਪ੍ਰਸੰਗ ਸਤਿਗਰੂ ਪ੍ਰਤਾਪ ਸਿੰਘ ਦੇ ਜੀਵਨ ਦੇ ਨਿੱਕੇ-ਵੱਡੇ ਪਹਿਲੂਆਂ ਨੂੰ ਸਾਹਮਣੇ ਲਿਆਉਂਦੇ ਹਨ। ਜਿਵੇਂ :

> ਜੀਵਨ ਨਗਰ ਕਰਨਾਲ ਦੇ ਜਿਲੇ ਚੋਂ ਪੁੱਜੇ ਸਿੰਘ ਏਧਰ ਦੇ ਦਲ ਸਿੰਘਾਂ ਨੂੰ ਨਾਲ ਲੈ ਕੇ ਸਤਿਗੁਰੂ ਜੀ ਦੇ ਹਜੂਰ ਆਏ ਤੇ ਅਰਜ ਕੀਤੀ, ਸ੍ਰ. ਅਨੂਪ ਸਿੰਘ ਵੱਡੇ ਪੁਲਿਸ ਦੇ ਅਫਸਰ ਸਾਨੂੰ ਤੰਗ ਕੱਢ ਦਿੱਤੈ। ਆਪ ਉਹਨਾਂ ਵੱਲ ਰੁੱਕਾ ਦਿਉ, ਰਿਐਤ ਕਰੇ। ਸਤਿਗੁਰੂ ਜੀ ਉੱਤਰ ਦਿੱਤਾ - ਤੁਸਾਂ ਜਿਹਾਂ ਉਸ ਤੋਂ ਉਪਰਲੈ ਹਾਕਮਾਂ ਨੂੰ ਮਿਲ ਉਸ ਨੂੰ ਅਖਵਾਇਆ ਕਿ ਬਾਹਰ ਦੇ ਸਿੱਖਾਂ ਆਇਆ ਨੂੰ ਏਤਨਾ ਕਾਬੂ ਤੇ ਤੰਗ ਨਾ ਕਰ ਤਾਂ ਉੱਤਰ ਦਿੱਤਾ ਸੀ, ਜੇ ਸੇਖੂਪੁਰੀਆ ਨੂੰ ਕਾਬੂ ਨਾ ਰੱਖਾਂ ਤਾਂ ਡਾਕੇ ਚੋਰੀਆਂ ਕਰ ਰਾਹ ਰੋਕ ਦੇਣਗੇ ਤੇ ਤੁਸੀਂ ਲੋਕਾਂ ਦੇ ਦੁਖਦੇ। ਜਾਮਨ ਹੋਵੋਗੇ। ਤਾਂ

> ਹਾਕਮਾਂ ਡਰ ਕਿਹਾ ਸੀ, ਤੂੰ ਜਿਵੇਂ ਚਾਹੇ ਉਨ੍ਹਾਂ ਨਾਲ ਵਾਰਤਾ ਕਰ। ਮੈਨੂੰ ਪਤਾ ਹੈ ਕਿ ਅਨੂਪ ਸਿੰਘ ਵੱਢੀ ਨਹੀਂ ਲੈਂਦਾ ਤੇ ਸਫਾਰਸ਼ ਨਹੀਂ ਮੰਨਦਾ। ਜੋ ਉਸ ਤੋਂ ਰਿਐਤ ਸੁਖ ਲੈਣਾ ਲੋੜਦੈ। ਪਿਛਲੇ ਗੁਨਾਹ ਮੰਨ ਪਰ, ਅੱਗੋਂ ਸਾਫ਼ ਹੋਵੇ ਉਸੇ ਕੋਲ ਜਾ। ਜਿਸ ਨੂੰ ਮੇਰੀ ਇਸ ਸਲਾਹ ਤੇ ਇਤਬਾਰ ਨਹੀਂ ਜਿਨਾਂ ਇਹ ਮੱਤ ਗੁਰੂ ਦੀ ਦਿੱਤੀ ਮੰਨ ਲਈ। ਸੋ ਸੁਖੀ ਭੀ ਹੋ ਗਏ। ਬਾਕੀ ਜਿਨ੍ਹਾਂ ਮੰਦੇ ਵਸਲ ਰੱਖੇ ਸੋ ਦੁਖੀ ਹੀ ਰਹੇ। ਬਾਅਦ ਪਤਾ ਲੱਗਾ ਜਿਨ੍ਹਾਂ ਨੂੰ ਡਾਕੇ ਕਤਲਾਂ ਤੋਂ ਗੋਲੀ ਮਾਰ ਦੇਣ ਦਾ ਹੁਕਮ ਹੋਇਆ ਸੀ ਸੋ ਏਧਰ ਨੱਸ ਆਏ ਸੀ ਜਿਨ੍ਹਾਂ ਗੁਰੂ ਕਾ ਬਚਨ ਮੰਨਿਆ ਸੋ ਬਚ ਭੀ ਗਏ।"[14]

'ਜੁੱਗ ਪਲਟਾਊ' ਸਤਿਗੁਰੂ' ਪੁਸਤਕ ਵਿਚ ਸੰਤ ਨਿਧਾਨ ਸਿੰਘ ਆਲਮ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਦਾ ਬਿਉਰਾ ਦਿੰਦਿਆਂ ਉਨ੍ਹਾਂ ਦੇ ਜੀਵਨ-ਪ੍ਰਸੰਗਾਂ ਨੂੰ ਆਧਾਰ ਬਣਾਉਂਦੇ ਹੋਏ, ਉਨ੍ਹਾਂ ਨੂੰ ਯੁੱਗ ਪਲਟਾਉਣ ਵਾਲਾ ਮਹਾਂਪੁਰਸ਼ ਸਿੱਧ ਕੀਤਾ ਹੈ। ਨਿੱਕੇ-ਨਿੱਕੇ ਪ੍ਰਸੰਗ ਜੀਵਨ ਯਾਤਰਾ ਨੂੰ ਅੱਗੇ ਵਧਾਉਂਦੇ ਅਤੇ ਸਤਿਗੁਰੂ ਰਾਮ ਸਿੰਘ ਦੇ ਚਰਿੱਤਰ ਦੇ ਅਨੇਕ ਪਹਿਲੂਆਂ ਤੇ ਚਾਨਣਾ ਪਾਉਣ ਵਿਚ ਸਹਾਈ ਹੁੰਦੇ ਹਨ।

> "1 ਵੈਸਾਖ ਸੰਮਤ 1918 ਬਿ. ਨੂੰ ਹਰਿਦੁਆਰ ਵਿਖੇ ਅਰਧ ਕੁੰਭੀ ਦਾ ਮੇਲਾ ਸੀ, ਇਨ੍ਹਾਂ ਦਿਨਾਂ ਵਿਚ ਸਤਿਗੁਰੂ ਜੀ ਮਸਤਾਨੀ ਬ੍ਰਿਤੀ ਵਿਚ ਵਿਚਰਦੇ ਸਨ। ਲੱਕ ਕਛਹਿਰਾ, ਸੀਸ ਤੇ ਪਰਨਾ ਤੇ ਚਰਨਾਂ ਵਿਖੇ ਪਉਏ ਅਦਿਭੁਤ ਦਰਸ਼ਨ ਸੀ। ਰਸਤੇ ਵਿਚ ਜਦ ਜਮਨਾ ਦੇ ਕੰਢ ਤੇ ਪੁੱਜੇ ਤਾਂ ਇਕ ਬੁਢੜੀ ਜੇਹੀ ਕਾਲੇ ਰੰਗ ਦੀ ਮਾਈ ਆਪ ਦੇ ਪਾਸ ਆਈ ਉਸਦੇ ਤਨ ਤੇ ਬਸਤ੍ਰ ਨਹੀਂ

ਸੀ ਅਤੇ ਭੁੱਖ ਨਾਲ ਨਿਢਾਲ ਹੋ ਰਹੀ ਸੀ। ਸਤਿਗੁਰੂ ਜੀ ਨੇ ਸਿੱਖਾਂ ਨੂੰ ਕਿਹਾ ਕਿ - ਭਾਈ ਏਹੋ ਜਮਨਾਂ ਜੇ! ਜੋ ਕੁਛ ਕਿਸੇ ਨੇ ਦੇਣਾ ਹੈ ਇਸ ਨੂੰ ਦੇਵੋ।'[15]

ਸੰਤ ਇੰਦਰ ਸਿੰਘ ਚੱਕਰਵਰਤੀ ਨੇ ਆਪਣੀ ਪੁਸਤਕ 'ਨਾਮਧਾਰੀ ਇਤਿਹਾਸ ਭਾਗ ਪਹਿਲਾ' ਵਿਚ ਸਤਿਗੁਰੂ ਬਾਲਕ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਪ੍ਰਸੰਗਾਂ ਨੂੰ 'ਸੱਯਦਾਈ ਉਧਾਰ', 'ਹਜਰੋਂ ਸ਼ਹਿਰ ਵਿਚ ਅੱਗ ਲੱਗਣੀ', 'ਬਗੀਚੀ ਅਤੇ ਖੂਹੀ', 'ਵੱਡੀ ਧਰਮਸ਼ਾਲਾ ਵਿਚ ਕਥਾ ਦਾ ਆਰੰਭ', 'ਹਜ਼ਰੋਂ ਦੇ ਕਿਲੇ ਦਾ ਮੋਦੀਖਾਨਾ' ਆਦਿ ਸਿਰਲੇਖਾਂ ਅਧੀਨ ਪੇਸ਼ ਕਰਕੇ ਉਨ੍ਹਾਂ ਦਾ ਜੀਵਨ-ਦਰਸ਼ਨ ਕਰਵਾਇਆ ਹੈ।

ਇਸ ਤਰ੍ਹਾਂ ਚਰਚਾ ਅਧੀਨ ਕਾਲ ਦੀ ਹਰ ਵਾਰਤਕ ਪੁਸਤਕ ਵਿਚ ਕਿਸੇ ਨਾ ਕਿਸੇ ਰੂਪ ਵਿਚ ਪ੍ਰਸੰਗ ਮਿਲ ਹੀ ਜਾਂਦੇ ਹਨ, ਜੋ ਖ਼ਾਸ ਕਰ ਨਾਮਧਾਰੀ ਸਤਿਗੁਰੂਆਂ ਦੇ ਜੀਵਨ ਨਾਲ ਸੰਬੰਧਿਤ ਹਨ।

**ਸਾਕਾ:**

ਸਾਹਿਤ ਵਿਚ ਸਿਰਫ ਲੇਖਕ ਦੀਆਂ ਨਿੱਜੀ ਭਾਵਨਾਵਾਂ ਦੀ ਅਭਿਵਿਅਕਤੀ ਹੀ ਨਹੀਂ ਹੁੰਦਾ ਸਗੋਂ ਤਤਕਾਲੀਨ ਸਮਾਜ ਦਾ ਦਰਪਣ ਵੀ ਹੁੰਦਾ ਹੈ। ਲੇਖਕ ਦੁਆਰਾ ਲਿਖੀ ਗਈ ਰਚਨਾ ਵਿਚੋਂ ਉਸ ਸਮੇਂ ਵਾਪਰੀਆਂ ਉਨ੍ਹਾਂ ਘਟਨਾਵਾਂ ਦਾ ਜ਼ਿਆਦਾ ਵਿਵਰਣ ਹੁੰਦਾ ਹੈ ਜੋ ਉਸ ਦੀ ਸ਼ਖ਼ਸੀਅਤ ਨਾਲ ਮੇਲ ਖਾਂਦੀਆਂ ਹਨ। ਇਹ ਘਟਨਾਵਾਂ ਸਧਾਰਨ ਵੀ ਹੋ ਸਕਦੀਆਂ ਹਨ ਜਿਵੇਂ ਪ੍ਰਸੰਗ ਆਦਿ ਅਤੇ ਅਜਿਹੀਆਂ ਵੀ ਹੋ ਸਕਦੀਆਂ ਹਨ ਜਿਨ੍ਹਾਂ ਦਾ ਉਸ ਸਮੇਂ ਦੀ ਸਮਾਜਿਕ, ਰਾਜਨੀਤਿਕ ਜਾਂ ਧਾਰਮਿਕ ਵਿਵਸਥਾ ਉੱਤੇ ਡੂੰਘਾ ਪ੍ਰਭਾਵ ਪਿਆ ਹੋਵੇ। ਜਿਵੇਂ ਸਾਕਾ ਆਦਿ।

ਪੰਜਾਬੀ ਸਾਹਿਤ ਵਿਚ ਕਈ ਸਾਕਿਆਂ ਦਾ ਜ਼ਿਕਰ ਆਉਂਦਾ ਹੈ, ਜਿਨ੍ਹਾਂ ਦਾ ਦੁਖਦਾਈ ਪ੍ਰਭਾਵ ਹਾਲੇ ਤੱਕ ਲੋਕਾਂ ਦੇ ਮਨਾਂ ਤੇ ਉੱਕਰਿਆ ਹੋਇਆ ਮਿਲਦਾ ਹੈ। ਇਨ੍ਹਾਂ ਵਿਚੋਂ ਜਲ੍ਹਿਆਂ

ਵਾਲੇ ਬਾਗ਼ ਦੇ ਸਾਕੇ ਅਤੇ ਨਨਕਾਣਾ ਸਾਹਿਬ ਦਾ ਸਾਕੇ ਦਾ ਜ਼ਿਕਰ ਮਹੱਤਵਪੂਰਨ ਲੇਖਕਾਂ ਦੀਆਂ ਰਚਨਾਵਾਂ ਵਿਚ ਹੋਇਆ ਮਿਲਦਾ ਹੈ।

ਨਾਮਧਾਰੀ ਸਾਹਿਤ ਵਿਚ ਮੁੱਖ ਤੌਰ ਤੇ ਦੋ ਸਾਕਿਆਂ ਦਾ ਜ਼ਿਕਰ ਮਿਲਦਾ ਹੈ। ਅੰਮ੍ਰਿਤਸਰ ਦਾ ਬੁੱਚੜਬੱਧ ਅਤੇ ਮਲੇਰਕੋਟਲੇ ਦਾ ਸਾਕਾ। ਇਹ ਦੋਵੇਂ ਇਤਿਹਾਸਕ ਘਟਨਾਵਾਂ ਸਿਰਫ਼ ਨਾਮਧਾਰੀ ਸਮਾਜ ਵਿਚ ਹੀ ਨਹੀਂ ਸਗੋਂ ਪੂਰੇ ਸਿੱਖ ਸਮਾਜ ਵਿਚ ਮਹੱਤਵਪੂਰਨ ਥਾਂ ਦੀਆਂ ਧਾਰਨੀ ਹਨ। ਇਨ੍ਹਾਂ ਦੋਵਾਂ ਸਾਕਿਆਂ ਨੂੰ ਵਿਚਾਰ ਅਧੀਨ ਕਾਲ ਵਿਚ ਦੋ ਲੇਖਕਾਂ ਸੰਤ ਨਿਧਾਨ ਸਿੰਘ ਆਲਮ (ਜੁਗ ਪਲਟਾਊ ਸਤਿਗੁਰੂ) ਅਤੇ ਸ. ਨਾਹਰ ਸਿੰਘ (ਨਾਮਧਾਰੀ ਇਤਿਹਾਸ ਭਾਗ ਪਹਿਲਾ) ਨੇ ਸਾਕਾ ਵਿਧੀ ਰਾਹੀਂ ਪੇਸ਼ ਕੀਤਾ ਹੈ।

ਸੰਤ ਨਿਧਾਨ ਸਿੰਘ ਆਲਮ ਨੇ ਅੰਮ੍ਰਿਤਸਰ ਦੇ ਬੁਚੜਬੱਧ ਨਾਲ ਸੰਬੰਧਿਤ ਸਾਕੇ ਨੂੰ ਪੇਸ਼ ਕਰਨ ਤੋਂ ਪਹਿਲਾਂ ਇਸ ਦੇ ਵਾਪਰਨ ਦੀ ਪਿੱਠਭੂਮੀ ਬਾਰੇ ਵਿਸਥਾਰ ਸਹਿਤ ਦੱਸਿਆ ਹੈ।

ਈਸਟ ਇੰਡੀਆ ਕੰਪਨੀ ਦੇ ਬੋਰਡ ਆਫ ਐਡਮਨਿਸਟਰੇਸ਼ਨ ਦੀ ਆਗਯਾ ਅਨੁਸਾਰ ਗਵਰਨਰ ਜਨਰਲ ਹਿੰਦ ਨੇ 4 ਮਈ 1749 ਨੂੰ ਇਹ ਐਲਾਨ ਜਾਰੀ ਕਰ ਦਿੱਤਾ ਕਿ: ਅੱਗੋਂ ਲਈ ਕਿਸੇ ਨੂੰ ਵੀ ਆਪਣੇ ਅਸਲ ਦੁਆਰਾ ਆਪਣੇ ਗਵਾਂਢੀ ਦੇ ਉਨ੍ਹਾਂ ਰਿਵਾਜਾਂ ਵਿਚ ਦਖਲ ਦੇਣ ਦੀ ਆਗਯਾ ਨਹੀਂ ਹੋਵੇਗੀ, ਜਿਨ੍ਹਾਂ ਦੀ ਉਸ ਦੇ ਧਰਮ ਵਿਚ ਖੁੱਲ੍ਹ ਹੋਵੇਗੀ।

ਇਸ ਤੋਂ ਬਿਨਾਂ ਹਰ ਸ਼ਹਿਰ ਵਿਚ ਬੁੱਚੜਖਾਨੇ ਜਾਰੀ ਕਰਨ ਤੇ ਗਊ ਮਾਸ ਵੇਚਣ ਦੀ ਖੁਲੀ ਛੁੱਟੀ ਦਿੱਤੀ ਗਈ।[16]

ਅੰਮ੍ਰਿਤਸਰ ਵਿਚ ਬਚੜਖਾਨਾ ਖੋਲ੍ਹ ਦਿੱਤਾ ਗਿਆ। ਫਲਸਰੂਪ ਅੰਮ੍ਰਿਤਸਰ ਵਿਚ ਹਿੰਦੂਆਂ ਤੇ ਸਿੱਖਾਂ ਦੇ ਧਾਰਮਿਕ ਜਜ਼ਬਿਆਂ ਨੂੰ ਤਕੜੀ ਸੱਟ ਵੱਜੀ, ਜਿਸਦੇ ਕਾਰਨ ਸ਼ਹਿਰ ਵਿਚ ਕਈ ਸਾਲਾਂ ਤੱਕ ਹਿੰਦੂ ਮੁਸਲਿਮ ਫਸਾਦ ਹੁੰਦੇ ਰਹੇ।

ਸੰਤ ਨਿਧਾਨ ਸਿੰਘ ਆਲਿਮ ਇਸ ਤੋਂ ਬਾਅਦ ਕੂਕਿਆਂ ਦੇ ਇਸ ਐਲਾਨ ਬਾਰੇ ਪ੍ਰਤੀਉੱਤਰ ਦਾ ਜ਼ਿਕਰ ਕਰਦੇ ਹਨ:–

> ਕੂਕੇ ਬੀਰਾਂ ਦੇ ਇਕ ਛੋਟੇ ਜੇਹੇ ਜਥੇ ਨੇ ਮਹਿਸੂਸ ਕੀਤਾ ਕਿ ਬੁਚੜਖਾਨੇ ਖੋਲ੍ਹਣ ਦਾ ਸ੍ਰਕਾਰੀ ਐਲਾਨ ਇਕ ਤਿਖੀ ਨਸ਼ਤ੍ਰ ਦੇ ਸਮਾਨ ਹੈ, ਜਿਸ ਨਾਲ ਏਹ ਦੇਖਣ ਦਾ ਯਤਨ ਕੀਤਾ ਗਿਆ ਹੈ ਕਿ ਸਿੱਖ ਦੇ ਸਰੀਰ ਵਿਚੋਂ ਅਣਖੀਲਾ ਖ਼ੂਨ ਖਾਰਜ ਹੋ ਚੁੱਕਾ ਹੈ ਕਿ ਕੁਛ ਬਾਕੀ ਹੈ? ....... ਛੇਕੜ ਉਨ੍ਹਾਂ ਨੇ ਫੈਸਲਾ ਕੀਤਾ ਕਿ ਭਾਵੇਂ ਕੁਛ ਹੋਵੇ ਅੰਮ੍ਰਿਤਸਰ ਅਤੇ ਪੰਜਾਬ ਦੇ ਹੋਰ ਸ਼ਹਿਰਾਂ ਵਿਚੋਂ ਬੁੱਚੜਖਾਨੇ ਹਟੌਣ ਵਾਸਤੇ ਕੋਈ ਸਕੀਮ ਤਿਆਰ ਕੀਤੀ ਜਾਣੀ ਚਾਹੀਦੀ ਹੈ ਅਤੇ ਸ੍ਰਕਾਰ ਦੇ ਚੈਲੰਜ ਦਾ ਜਵਾਬ ਜ਼ਰੂਰ ਦੇਣਾ ਚਾਹੀਦਾ ਹੈ, ਕਿ ਸਿੱਖ ਮਰ ਚੁੱਕਾ ਹੈ ਕਿ ਜੀਉਂਦਾ ਹੈ?[17]

ਰਚਨਾ ਦੀ ਸਫ਼ਲਤਾ ਦਾ ਦਾਰੋਮਦਾਰ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਉਸ ਵਿਚ ਬੇਲੋੜੀ ਚਰਚਾ ਨਹੀਂ ਕੀਤੀ ਗਈ, ਜੋ ਪੇਸ਼ ਕੀਤਾ ਗਿਆ ਹੈ ਉਹ ਅਸਲੀਅਤ ਦੇ ਨੇੜੇ ਹੈ ਤੇ ਪਾਠਕਾਂ ਦੇ ਦਿਲਾਂ ਨੂੰ ਟੁੰਬਣ ਦੀ ਸਮਰੱਥਾ ਰੱਖਦਾ ਹੈ। ਸੰਤ ਨਿਧਾਨ ਸਿੰਘ ਆਲਮ ਨੇ ਕੂਕਿਆਂ ਦੀ ਦਲੇਰੀ ਭਰੇ ਕਾਰਨਾਮੇ ਤੇ ਉਹਨਾਂ ਦੀ ਸੱਚਾਈ ਜੁਰਮ ਕਬੂਲਣ ਦੀ ਸਮਰੱਥਾ ਨੂੰ ਬੜੇ ਆਦਰਸ਼ਵਾਦੀ ਤਰੀਕੇ ਨਾਲ ਚਿਤਰਿਆ ਹੈ:

> ਛੇਕੜ ੧੪ ਅਤੇ ੧੫ ਜੂਨ ੧੮੭੧ ਦੀ ਵਿਚਕਾਰਲੀ ਰਾਤ ਨੂੰ ਹਮਲਾ ਕੀਤਾ ਗਿਆ। ਪਹਿਲੋਂ ਦਰਬਾਰ ਸਾਹਿਬ ਕੋਲ ਦੇ ਬੁੱਚੜਾਂ ਦੀ ਸਾਰ ਲਈ ਗਲੀ ਅਤੇ ਪਿਛੋਂ ਦੂਜੇ ਬੁੱਚੜਖਾਨੇ ਤੇ ਹਮਲਾ ਕੀਤਾ ਗਿਆ, ਪਹਿਲੋਂ ਉਹ ਗਊਆਂ ਖੋਲ੍ਹ ਕੇ ਬਾਹਰ ਕੱਢੀਆਂ ਗਈਆਂ ਜੋ ਕਤਲ ਕਰਨ ਵਾਸਤੇ ਕਾਬੂ ਕੀਤੀਆਂ ਹੋਈਆਂ ਸਨ। ਪਿਛੋਂ ਜੋ ਸਾਹਮਣੇ ਆਇਆ, ਉਸ ਨੂੰ ਕਤਲ ਕਰਕੇ ਰਾਹੇ ਪਏ। ਜਦ ਪੁਲਸ ਨੂੰ ਪਤਾ ਲੱਗਾ ਤਾਂ ਉਸਨੇ ਸ਼ੁਭੇ ਵਿਚ ਉਨ੍ਹਾਂ ਨਿਹੰਗ

ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਜੋ ਉਨ੍ਹਾਂ ਦਿਨਾਂ ਵਿਚ ਅਕਾਲ ਬੁੰਗੇ ਦੇ ਪੁਜਾਰੀ ਸਨ।"[18]

ਦੇਵ ਨੈਤ ਉਹ ਸਿਖ ਜਿੰਨਾਂ ਨੇ ਇਹ ਕੰਮ ਕੀਤਾ ਸੀ, ਭੈਣੀ ਸਾਹਿਬ ਸਤਿਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋਏ। ਉਨ੍ਹਾਂ ਨੇ ਪੁਛਿਆ ਸਿਖੋ? ਉਨ੍ਹਾਂ ਬੇਨਤੀ ਕੀਤੀ ਕਿ ਮਹਾਰਾਜ! ਉਨ੍ਹਾਂ ਨੂੰ ਫਾਂਸੀ ਦਾ ਹੁਕਮ ਹੋਇਆ ਹੈ ਪਰ ਦੀਨ ਦਿਆਲ! ਆਪ ਅੱਗੇ ਝੂਠ ਬੋਲਣਾ ਠੀਕ ਨਹੀਂ ਹੈ। ਉਹ ਕਤਲ ਅਸਾਂ ਕੀਤੇ ਸਨ। ਸਤਿਗੁਰੂ ਜੀ ਨੇ ਕਿਹਾ – ਸਿਖੋ ਮੇਹਨਤ ਕੋਈ ਕਰੇ ਤੇ ਫਲ ਕੋਈ ਭੁਗਤੇ, ਇਹ ਠੀਕ ਨਹੀਂ। ਝਟਪਟ ਅੰਮ੍ਰਿਤਸਰ ਪਹੁੰਚ ਕੇ ਬੇਦੋਸ਼ਿਆਂ ਨੂੰ ਛੁਡਾਓ ਤੇ ਅਪਣੇ ਕਰਮ ਦਾ ਫਲ ਆਪ ਭੁਗਤੋ। ਸਿਖਾਂ ਨੇ ਗੁਰੂ ਜੀ ਦੀ ਆਗਯਾ ਅਗੇ ਸਿਰ ਨਿਵਾ ਦਿੱਤਾ ਅਤੇ ਅੰਮ੍ਰਿਤਸਰ ਪੁਜ ਕੇ ਹਾਕਮਾਂ ਸਾਹਮਣੇ ਸਚੋ ਸਚ ਬਿਆਨ ਕਰਦਿਆਂ ਹੋਇਆਂ ਆਪਣੇ ਆਪ ਨੂੰ ਆਪਣੀ ਕਿਸਮਤ ਤੇ ਛੱਡ ਦਿੱਤਾ। ਪਹਿਲੋਂ ਤਾਂ ਹਾਕਮਾਂ ਨੇ ਸਮਝਿਆ ਕਿ ਇਹ ਸਾਧੂ, ਲੋਕ ਆਪਣੇ ਕੋਮਲ ਸੁਭਾਵ ਦੇ ਕਾਰਨ ਦੋਸ਼ੀਆਂ ਨੂੰ ਛੁਡਾ ਕੇ ਆਪ ਫਾਹੇ ਔਣਾ ਚਾਹੁੰਦੇ ਹਨ, ਪਰ ਉਨ੍ਹਾਂ ਨੇ ਹਰ ਏਕ ਗੱਲ ਸਹੀ ਪ੍ਰਗਟ ਕੀਤੀ, ਅਰ ਹਥਿਆਰ ਤਕ ਬਾਅਦ ਕਰਾ ਦਿਤੇ, ਤਾਂ ਉਨ੍ਹਾਂ ਤੇ ਵਿਸ਼ਵਾਸ ਕੀਤਾ ਗਿਆ। ਹਾਕਮਾਂ ਉਤੇ ਇਸ ਘਟਨਾ ਦਾ ਖ਼ਾਸ ਅਸਰ ਪਿਆ।[19]

ਸਰਦਾਰ ਨਾਹਰ ਸਿੰਘ ਨੇ ਆਪਣੀ ਪੁਸਤਕ 'ਨਾਮਧਾਰੀ ਇਤਿਹਾਸ (ਭਾਗ ਪਹਿਲਾ)' ਵਿਚ ਇਸੇ ਸਾਕੇ ਨੂੰ ਬੜੇ ਵਿਸਥਾਰ ਵਿਚ ਇਕ-ਇਕ ਦਾ ਵੇਰਵਾ ਦੇ ਕੇ ਬਿਆਨਿਆ ਹੈ। ਇਹ ਪੁਸਤਕ ਸਾਹਿਤਕ ਪੇਸ਼ਕਾਰੀ ਨਾਲੋਂ ਇਤਿਹਾਸਕ ਦਸਤਾਵੇਜ਼ ਵਜੋਂ ਸਾਹਮਣੇ ਆਉਂਦੀ ਹੈ। ਸਾਕੇ ਦੀ ਹਰ ਇਕ ਕਾਰਵਾਈ ਬਾਰੀਕ ਰੂਪ ਵਿਚ ਪੇਸ਼ ਕੀਤੀ ਗਈ ਹੈ।

14 ਅਤੇ 15 ਜੂਨ ਦੀ ਰਾਤ ਨੂੰ ਤੜਕੇ ਹੀ ਮੰਗਲ ਦੇ ਦਿਨ ਸਿੱਖ ਕੰਧਾਂ ਟਪ ਕੇ ਬੁੱਚੜਖਾਨੇ ਦੇ ਅੰਦਰ ਪ੍ਰਵੇਸ਼ ਕਰ ਗਏ ਅਤੇ ਉਨ੍ਹਾਂ ਨੇ ਪਾਸ਼ਾ, ਜੀਵਨ ਅਤੇ ਅਗਾਮੀ ਚਾਰ ਬੁੱਚੜਾਂ ਨੂੰ ਉਸੀ ਸਥਾਨ ਤੇ ਕਤਲ ਕਰ ਦਿੱਤਾ। ਕਰਮਦੀਨ, ਇਲਾਹੀਬਖਸ਼ ਅਤੇ ਖਬਾਂ ਤਿੰਨਾਂ ਨੂੰ ਅਧਮੋਇਆ ਕਰ ਕੇ ਬਾਹਰ ਨਿਕਲ ਆਏ। ਇਹ ਤਿੰਨੇ ਬੁੱਚੜ ਬਚ ਗਏ। ਸਿੱਖਾਂ ਨੇ ਇਸ ਹਮਲੇ

ਵਿਚ ਬਰਛੇ, ਗੰਡਾਸੇ ਅਤੇ ਤਲਵਾਰਾਂ ਦਾ ਪ੍ਰਯੋਗ ਕੀਤਾ। ਕ੍ਰਿਪਾਨ ਅਤੇ ਤਲਵਾਰ ਰੱਖਣ ਲਈ ਲਾਇਸੰਸ ਲੈਣਾ ਪੈਂਦਾ ਸੀ। ਅੰਮ੍ਰਿਤਸਰ ਪੁਲਿਸ ਦੇ ਸਿਪਾਹੀ ਲਾਲ ਸਿੰਘ ਨਾਮਧਾਰੀ ਨੇ ਪੁਲਿਸ ਲਾਈਨ ਵਿਚੋਂ ਤਲਵਾਰਾਂ ਲਿਆ ਕੇ ਦਿੱਤੀਆਂ। ਬੁੱਚੜਾਂ ਨੂੰ ਉਨ੍ਹਾਂ ਦੀਆਂ ਕਰਤੂਤਾਂ ਦਾ ਦੰਡ ਦੇ ਕੇ ਸਿੰਘ ਆਪਣੇ ਠਿਕਾਣਿਆਂ ਤੇ ਚਲੇ ਗਏ। ਇਸ ਆਕਰਮਣ ਵਿਚ ਬੀਹਲਾ ਸਿੰਘ ਸੰਧੂ ਨਾਰਲੀ ਪਿੰਡ ਵਾਲਾ, ਲਹਿਣਾ ਸਿੰਘ ਲੋਪੋਕੇ, ਫਤੇਹ ਸਿੰਘ ਭਾਟੀਆ ਅੰਮ੍ਰਿਤਸਰ ਦਾ, ਮੋਹੜੇ ਦਾ ਹਾਕਮ ਸਿੰਘ ਬਾ੍ਹਮਣ ਅੰਮ੍ਰਿਤਸਰ ਦਾ ਲਹਿਣਾ ਸਿੰਘ, ਪਿੰਡ ਫੱਟਾ ਦਾ ਝੰਡਾ ਸਿੰਘ ਜੱਟ ਚਾਹਲਾਂ ਦਾ ਲਛਮਣ ਸਿੰਘ, ਭਗਣਾ ਦਾ ਭਗਵਾਨ ਸਿੰਘ ਸ਼ਾਮਲ ਸਨ।” [20]

ਮਲੇਰਕੋਟਲੇ ਦਾ ਸਾਕਾ ਕੂਕਾ ਇਤਿਹਾਸ ਦਾ ਉਹ ਪੰਨਾ ਹੈ ਜੋ ਦੇਸ਼ ਦੀ ਸੁਤੰਤਰਤਾ ਅਤੇ ਗਊ ਗਰੀਬ ਦੀ ਰੱਖਿਆ ਦੇ ਉਦੇਸ਼ ਨੂੰ ਮੁੱਖ ਰੱਖ ਕੇ ਸ਼ਹੀਦ ਹੋਣ ਵਾਲੇ ਕੂਕੇ ਸ਼ਹੀਦਾਂ ਦੇ ਨਾਲ ਲਿਖਿਆ ਗਿਆ ਹੈ। ਇਸ ਸਾਕੇ ਨੂੰ ਸਤਿਗੁਰੂ ਰਾਮ ਸਿੰਘ ਤੇ ਉਨ੍ਹਾਂ ਦੇ ਸੇਵਕਾਂ ਦੀਆਂ ਮੁਸੀਬਤਾਂ ਤੇ ਔਕੜਾਂ ਦੀ ਸ਼ੁਰੂਆਤ ਕਿਹਾ ਜਾਂਦਾ ਹੈ। ਅਸਲ ਵਿਚ ਇਹ ਸਾਕਾ ਕੂਕਾ ਇਤਿਹਾਸ ਦੀ ਰੀੜ੍ਹ ਦੀ ਹੱਡੀ ਕਿਹਾ ਜਾਂਦਾ ਹੈ ਕਿਉਂਕਿ ਅਜਿਹੇ ਸਾਕੇ ਹੀ ਕੌਮਾਂ ਦੀਆਂ ਤਕਦੀਰਾਂ ਪਲਟਣ ਦਾ ਕਾਰਨ ਹੋਇਆ ਕਰਦੇ ਹਨ। ਇਸ ਸਾਕੇ ਨੇ ਸਚਮੁੱਚ ਹੀ ਚੰਗਿਆਈ ਬਣ ਕੇ ਹਿੰਦੋਸਤਾਨ ਦੀ ਜੰਗੇ-ਆਜ਼ਾਦੀ ਨੂੰ ਪ੍ਰਚੰਡ ਰੂਪ ਵਿਚ ਪ੍ਰਜਵਲਿਤ ਕਰ ਲਟ-ਲਟ ਬਾਲਿਆ। ਅਜ਼ਾਦ ਹਿੰਦ ਫ਼ੌਜ ਦੇ ਬਾਨੀ ਤੇ ਸੰਸਥਾਪਕ ਨੇਤਾ ਸੁਭਾਸ਼ ਚੰਦਰ ਬੋਸ ਨੇ ਨਾਮਧਾਰੀਆਂ ਦੀਆਂ ਕੁਰਬਾਨੀਆਂ ਬਾਰੇ ਆਖਿਆ, “ਹਿੰਦੁਸਤਾਨੀਆਂ ਨੂੰ ਆਜ਼ਾਦੀ ਦਾ ਝੰਡਾ ਅਤੇ ਅਗਵਾਈ ਸਤਿਗੁਰੂ ਰਾਮ ਸਿੰਘ ਜੀ ਨੇ ਦਿੱਤੀ। ਨਾਮਧਾਰੀਆਂ ਦੀਆਂ ਕੁਰਬਾਨੀਆਂ ਸਾਡੇ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਅੱਜ ਤੋਂ ਅੱਧੀ ਸਦੀ ਪਹਿਲੋਂ ਨਾ-ਮਿਲਵਰਤਣ ਵਿਚ ਅਗਵਾਈ ਹੀ ਨਹੀਂ ਕੀਤੀ ਸਗੋਂ ਅਹਿੰਸਾ ਅਤੇ ਨਾ-ਮਿਲਵਰਤਨ ਦੇ ਮੋਢੀ ਹੀ ਓਹੀਓ ਸਨ।’

ਮਲੇਰਕੋਟਲੇ ਦਾ ਸਾਕਾ ਕਈ ਕਾਰਨਾ ਦੀ ਉਪਜ ਸੀ। ‘ਜੁਗ ਪਲਟਾਊ ਸਤਿਗੁਰੂ’ ਵਿਚ ਸੰਤ ਨਿਧਾਨ ਸਿੰਘ ਆਲਮ ਨੇ ਇਸਦੇ ਕਾਰਨਾਂ ਦਾ ਉਲੇਖ ਕੀਤਾ ਹੈ:

ਇਸ ਦਿਲ ਦੁਖਾਊ ਸਾਕੇ ਦਾ ਵਰਣਨ ਕਰਨ ਤੋਂ ਪਹਿਲਾਂ ਉਸਦੇ ਕਾਰਨਾਂ ਵਲ ਧਿਆਨ ਦੇਣਾ ਲੁੜੀਂਦੀ ਗੱਲ ਜਾਪਦੀ ਹੈ। ਸੋ ਭਾਵੇਂ ਹੋਰ ਕੋਈ ਕਾਰਨ ਵੀ ਹੋਵੇ, ਪਰੰਤੂ ਪ੍ਰਗਟ ਰੂਪ ਵਿਚ ਇਹ ੬ ਕਾਰਨ ਭਾਸਦੇ ਹਨ:

੧. ਅੰਮ੍ਰਿਤਸਰ ਅਤੇ ਰਾਏਕੋਟ ਦੇ ਸਾਕਿਆਂ ਬਾਬਤ ਕੂਕਿਆਂ ਨੂੰ ਮੌਤ ਅਤੇ ਕਾਲੇ ਪਾਣੀ ਦੀਆਂ ਸਜਾਵਾਂ;

੨. ਮੁਰਿੰਡਾ ਗਊ ਵਧ ਰੋਕਣ ਦੇ ਦੋਸ਼ ਵਿਚ ਨਾਮਧਾਰੀਆਂ ਦੀਆਂ ਸਖ਼ਤ ਸਜਾਵਾਂ,

੩. ਨਿਰਦੋਸ਼ ਸੂਬਾ ਗਿਆਨੀ ਸਿੰਘ ਜੀ ਅਤੇ ਸੰਤ ਰਤਨ ਸਿੰਘ ਜੀ ਨਾਈਵਾਲ ਦਾ ੨੬-੧੧-੧੯੨੧ ਨੂੰ ਲੁਧਿਆਣਾ ਜੇਲ ਵਿਚ ਫਾਂਸੀ ਦਿੱਤਾ ਜਾਣਾ।

੪ ਮਲੇਰਕੋਟਲੇ ਦੇ ਜੰਗਲ ਵਿਚ ਚਰਨ ਵਾਲੀਆਂ ਰਾਮ ਗਊਆਂ ਦੀ ਹੱਤਿਆ।

੫ ਮਲੇਰਕੋਟਲੇ ਦੇ ਹਿੰਦੂਆਂ ਵੱਲੋਂ ਗਊਆਂ ਦੀ ਰੱਖਿਆ ਕਰਨ ਵਾਸਤੇ ਸ੍ਰਦਾਰ ਹੀਰਾ ਸਿੰਘ ਜੀ ਸਕਰੌਦੀ ਪਾਸ ਹਿਰਦਾ ਵਿੰਨ੍ਹ ਪੁਕਾਰ।

੬. ਰਿਆਸਤ ਮਲੇਰਕੋਟਲਾ ਦੇ ਪਿੰਡ ਫਰਵਾਹੀ ਦੇ ਨੰਬਰਦਾਰ ਸੰਤ ਗੁਰਮੁਖ ਸਿੰਘ ਦੇ ਸਾਹਮਣੇ ਕੋਟਲੇ ਦੀ ਕੁਤਵਾਲੀ ਵਿਚ ਇਕ ਬਲਦ ਦਾ ਕਤਲ ਕੀਤਾ ਜਾਣਾ ਅਤੇ ਗੁਰਮੁਖ ਸਿੰਘ ਦਾ ਅਨਾਦਰ।"[21]

ਇਸ ਪੁਸਤਕ ਵਿਚ ਸਾਕਾ ਮਲੇਰਕੋਟਲਾ ਦੋ ਹਿੱਸਿਆਂ ਵਿਚ ਵੰਡ ਕੇ ਲੇਖਕ ਨੇ ਵੱਖ-ਵੱਖ ਸਿਰਲੇਖਾਂ ਹੇਠ ਵਰਣਨ ਕੀਤਾ ਹੈ ਜਿਵੇਂ: ਮਸਤਾਨਿਆਂ ਦੀ ਮਲੌਦ ਨੂੰ ਰਵਾਨਗੀ, ਮਲੇਰਕੋਟਲੇ ਤੇ ਹਮਲਾ, ਸ੍ਰ. ਹੀਰਾ ਸਿੰਘ ਤੇ ਸਮੁੰਦ ਖਾਂ ਪਠਾਣ ਦਾ ਦਵੰਦ ਯੁੱਧ, ਸਿੰਘਾਂ ਦਾ ਰੜ ਵਿਚ ਡੇਰਾ ਤੇ ਧੋਖੇ ਨਾਲ ਗ੍ਰਿਫ਼ਤਾਰੀਆਂ, ਰਿਆਸਤਾਂ ਵੱਲੋਂ ਕੂਕਿਆਂ ਵਿਰੁੱਧ ਸਰਕਾਰ ਦੀ ਸਹਾਇਤਾ, ਕੂਕਿਆਂ ਦੇ ਮੁਕਾਬਲੇ ਤੇ ਤੋਪਖਾਨੇ ਤੇ ਰਸਾਲੇ, ਇਕ ਹਿੱਸਾ ਰਜਮੰਟ ਨੂੰ ਹੱਦ ਦਾ ਅਤੇ ਇਕ ਖੱਚਰ ਪਾਤੀ ਤੋਪਖਾਨਾ, ਮਹਾਰਾਜਾ ਪਟਿਆਲਾ ਵੱਲੋਂ ਉਚੇਰੀ ਸਹਾਇਤਾ, ਸਿੰਘਾਂ ਨੂੰ ਮਲੇਰਕੋਟਲੇ ਲਿਆਉਣਾ, ਸਿੰਘਾਂ ਨੂੰ ਤੋਪਾਂ ਨਾਲ ਉਡਾਣਾਂ, ਫਾਇਰ ਦਾ ਹੁਕਮ ਅਤੇ ਅਦੁੱਤੀ ਸ਼ਹੀਦੀ।

ਸੰਤ ਨਿਧਾਨ ਸਿੰਘ ਆਲਮ ਨੇ 'ਅਦੁੱਤੀ ਸ਼ਹੀਦੀ' ਸਿਰਲੇਖ ਹੇਠ 12 ਸਾਲ ਦੇ ਨਾਮਧਾਰੀ ਬੱਚੇ ਦੀ ਬਹਾਦਰੀ ਦਾ ਉਲੇਖ ਬੜੀ ਖ਼ੂਬਸੂਰਤੀ ਨਾਲ ਕੀਤਾ ਹੈ:

"49 ਸਿੰਘ ਸ਼ਹੀਦ ਹੋ ਚੁੱਕੇ ਸਨ। ਮਾਈ ਖੇਮ ਕੌਰ (ਰੜ) ਦੇ ਇਕਲੌਤੇ ਲਾਲ ਬਿਸ਼ਨ ਸਿੰਘ ਦੀ ਵਾਰੀ ਆਈ। ਇਸ ਦੀ ਉਮਰ ਕੇਵਲ 12 ਸਾਲ ਸੀ। ਇਸ ਦੀ ਭੋਲੀ-ਭਾਲੀ ਸੂਰਤ ਤੇ ਬਚਪਨ ਦੀ ਉਮਰ ਵੇਖ ਕੇ ਕਾਵਨ ਦੀ ਮੇਮ ਨੇ ਕਿਹਾ ਕਿ "ਮਾਈ ਡੀਅਰ! ਇਸੇ ਮਾਫ਼ ਕੀਆ ਜਾਵੇ" ਕਾਵਨ ਨੇ ਕਿਹਾ, ਕਿ ਐਸਾ ਹੋ ਸਕਦਾ ਹੈ, ਪਰ ਜੇ ਉਹ ਕਹਿ ਦੇਵੇ ਕਿ "ਮੈਂ ਸਤਿਗੁਰੂ ਰਾਮ ਸਿੰਘ ਦਾ ਸਿੱਖ ਨਹੀਂ" ਇਹ ਗੱਲ ਕਾਵਨ ਦੇ ਮੂੰਹੋਂ ਨਿਕਲਨ ਦੀ ਦੇਰ ਸੀ, ਕਿ ਉਹ ਬੱਚਾ ਜੋਸ਼ ਵਿਚ ਆਇਆ ਤੇ ਇਕ ਛਾਲ ਮਾਰ ਕੇ ਕਾਵਨ ਤੇ ਝਪਟਿਆ। ਉਸ ਨੂੰ ਦਾੜ੍ਹੀ ਤੋਂ ਫੜ ਲਿਆ ਤੇ ਧਰਤੀ ਤੇ ਸਿਟਦਿਆਂ ਹੋਇਆਂ ਕਿਹਾ – 'ਬਿੱਲਿਆ! ਫੇਰ ਕਹੇਂਗਾ ਕਿ ਬਿਸ਼ਨ ਸਿੰਘ ਸਤਿਗੁਰੂ ਰਾਮ ਸਿੰਘ ਦਾ ਸਿੱਖ ਨਹੀਂ?' ਬੀਰ ਬਿਸ਼ਨ ਸਿੰਘ ਨੇ ਤਦ ਤੱਕ ਕਾਵਨ ਦੀ ਦਾੜ੍ਹੀ ਨਾ ਛੱਡੀ ਜਦ ਤਕ ਕੋਲ ਖੜੇ ਅਹਿਲਕਾਰਾਂ ਨੇ ਤਲਵਾਰਾਂ ਨਾਲ ਟੋਟੇ ਕਰਕੇ ਉਸ ਨੂੰ ਸ਼ਹੀਦ ਨਾ ਕਰ ਦਿੱਤਾ।"[22]

ਸ. ਨਾਹਰ ਸਿੰਘ ਨੇ ਇਸ ਸਾਕੇ ਨੂੰ ਸਾਹਿਤਕ ਰੰਗਤ ਨਾ ਦੇ ਕੇ ਇਤਿਹਾਸਕ ਦਸਤਾਵੇਜ਼ ਵਜੋਂ ਪੇਸ਼ ਕੀਤਾ ਹੈ।

੧੩ ਤਾਰੀਖ ਦੀ ਰਾਤ ਅਤੇ ੧੪ ਦਾ ਦਿਨ ਕੂਕੇ ਪਿੰਡ ਰੱਬੋਂ ਵਿਚ ਰਹੇ। ਉਨ੍ਹਾਂ ਦੀ ਸੰਖਿਆ ਲਗਭਗ ੧੯੦ ਸੀ। ਰੱਬੋਂ ਤੋਂ ਜੱਥਾ ਸ਼ਾਮ ਨੂੰ ਚੱਲਿਆ। ਰਾਤ ਦੇ ਸਮੇਂ ਮਲੌਦ ਪਹੁੰਚਿਆ। ਮਲੌਦ ਵਿਚ ਪਰਸਪਰ ਲੜਾਈ ਵਿਚ ਦੋ ਆਦਮੀ ਮਰੇ ਸਰਦਾਰ ਜਖਮੀ ਹੋਇਆ। ਮਲੌਦ ਤੋਂ ਕੂਕਿਆਂ ਦੇ ਹੱਥ ਤਿੰਨ ਘੋੜੇ, ਇਕ ਬੰਦੂਕ ਅਤੇ ਇਕ ਤਲਵਾਰ ਲਗੀ। ਕੂਕਿਆਂ ਦੇ ਦੋ ਆਦਮੀ ਮਾਰੇ ਅਤੇ 4 ਅਜਖਮੀ ਕੈਦੀ ਬਣਾਏ ਗਏ।

੬. ਮਲੌਦ ਤੋਂ ਕੂਕੇ ਕੋਟਲੇ ਚਲੇ ਜੋ 9 ਮੀਲ ਦੀ ਦੂਰੀ ਤੇ ਹੈ। ੧੯ ਤਰੀਕ ਦੀ ਸਵੇਰ ਨੂੰ ਹੀ ਉਹ ਮਲੇਰਕੋਟਲੇ ਆ ਪਹੁੰਚੇ। ਕਿਆਮਤ ਦੇ ਕਰਮਚਾਰੀਆਂ ਨੂੰ ਕੂਕਿਆਂ ਦੇ ਹਮਲੇ ਦੀ ਖ਼ਬਰ ੧ ਦੀ ਰਾਤ ਨੂੰ ਹੀ ਪਹੁੰਚ ਗਈ ਸੀ। ਉਨ੍ਹਾਂ ਨੇ ਗਾਰਦਾਂ ਦਾ ਪ੍ਰਬੰਧ ਕੀਤਾ ਹੋਇਆ ਸੀ। ਕੂਕਿਆਂ ਨੇ ਸਤ

ਵਜੇ ਹਮਲਾ ਕੀਤਾ, ਉਹ ਸਿਧੇ ਰਾਜ ਮਹਿਲ ਅਤੇ ਪੁਲਿਸ ਚੌਂਕੀ ਵੱਲ ਗਏ। ਕੋਤਵਾਲ ਅਹਿਮਦ ਖਾਂ ਅਤੇ ਉਸਦੇ ਆਦਮੀਆਂ ਨਾਲ ਕਿਲ੍ਹੇ ਦੇ ਚੌਂਕ ਦੇ ਸਾਹਮਣੇ ਲੜਾਈ ਹੋਈ। ਅਹਿਮਦ ਖਾਂ ਦਲੇਰੀ ਨਾਲ ਲੜਦਾ ਹੋਇਆ ਮਾਰਿਆ ਗਿਆ। ਸਤ ਹੋਰ ਵੀ ਮਰੇ ਅਤੇ ੧੫ ਜ਼ਖ਼ਮੀ ਹੋਏ। ਕੂਕੇ ਇਥੋਂ ਦੋ ਘੋੜੇ ਅਤੇ ਕੁਝ ਤਲਵਾਰਾਂ ਨਾਲ ਲੈ ਗਏ।"[23]

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਨਾਮਧਾਰੀ ਸਾਹਿਤ ਵਿਚ ਸਾਕਿਆਂ ਦੀ ਪੇਸ਼ਕਾਰੀ ਸਾਹਿਤਕਾਰਾਂ ਦੀ ਕਲਮ ਦੇ ਬਹੁਪੱਖੀ ਹੋਣ ਦੀ ਹਾਮੀ ਭਰਦੀ ਹੈ।

**(ਅ) ਭਾਸ਼ਾ ਸ਼ੈਲੀ:**

ਭਾਸ਼ਾ ਮਨੁੱਖ ਜਾਤੀ ਦੀ ਸਭ ਵੱਡੀ ਪ੍ਰਾਪਤੀ ਹੈ। ਵਾਸਤਵ ਵਿਚ ਮਨੁੱਖਤਵ ਦੀ ਹੋਂਦ ਹੀ ਭਾਸ਼ਾ ਉਤੇ ਨਿਰਭਰ ਹੈ। ਅਸੀਂ ਜਾਣਦੇ ਹਾਂ ਕਿ ਮਨੁੱਖ ਜਾਤੀ ਦਾ ਵਿਕਾਸ ਪਸ਼ੂ-ਸ਼੍ਰੇਣੀ ਤੋਂ ਹੋਇਆ ਹੈ ਅਤੇ ਮਨੁੱਖ ਉਦੋਂ ਮਨੁੱਖ ਬਣਿਆ ਜਦੋਂ ਉਹ ਭਾਸ਼ਾ ਦੀ ਵਰਤੋਂ ਕਰਨ ਯੋਗ ਹੋਇਆ ਜਾਂ ਜਦੋਂ ਭਾਸ਼ਾ ਦਾ ਵਿਕਾਸ ਹੋਇਆ। ਉਸ ਤੋਂ ਪਹਿਲਾਂ ਉਹ ਇਕ ਪਸ਼ੂ ਹੀ ਸੀ। ਭਾਸ਼ਾ ਦੇ ਵਿਕਾਸ ਉਪਰੰਤ ਮਨੁੱਖ ਨੇ ਬੜੀ ਤੇਜ਼ੀ ਨਾਲ ਉੱਨਤੀ ਕੀਤੀ, ਉਹ ਪਸ਼ੂਆਂ ਨੂੰ ਬਹੁਤ ਪਿੱਛੇ ਛੱਡ ਗਿਆ। ਅੱਜ ਮਨੁੱਖੀ ਸਭਿਅਤਾ ਤੇ ਸਭਿਆਚਾਰ ਦੇ ਭੰਡਾਰ ਵਿਚ ਜੋ ਕੁਝ ਵੀ ਮੌਜੂਦ ਹੈ, ਇਹ ਸਭ ਕੁਝ ਭਾਸ਼ਾ ਦੇ ਸਹਾਰੇ ਹੀ ਪ੍ਰਾਪਤ ਹੋਇਆ ਹੈ। ਭਾਸ਼ਾ ਦੇ ਆਸਰੇ, ਪਰਿਵਾਰਕ ਤੇ ਸਮਾਜਕ ਜੀਵਨ ਚਲ ਰਿਹਾ ਹੈ। ਭਾਸ਼ਾ ਦੇ ਸਹਾਰੇ ਹੀ ਰਾਜ-ਪ੍ਰਬੰਧ, ਰਾਜਨੀਤੀ, ਅਚਾਰਨੀਤੀ ਆਦਿ ਚਲ ਰਹੇ ਹਨ। ਸਧਾਰਣ ਗੱਲ-ਬਾਤ ਤੋਂ ਲੈ ਕੇ ਗਿਆਨ, ਵਿਗਿਆਨ, ਧਰਮ, ਸਾਹਿਤ, ਕਲਾ ਆਦਿ ਸਭ ਕੁਝ ਭਾਸ਼ਾ ਦੇ ਮਾਧਿਅਮ ਰਾਹੀਂ ਹੀ ਪੁੰਗਰਦਾ ਤੇ ਪ੍ਰਫੁੱਲਿਤ ਹੁੰਦਾ ਹੈ। ਜੇ ਭਾਸ਼ਾ ਨਾ ਹੋਵੇ ਤਾਂ ਮਨੁੱਖ ਪਸ਼ੂ ਤੋਂ ਵੱਧ ਹੋਰ ਕੁਝ ਨਹੀਂ ਰਹਿ ਸਕਦਾ।

ਭਾਸ਼ਾ ਕੁਦਰਤ ਵਲੋਂ ਮਿਲੀ ਹੋਈ ਦਾਤ ਨਹੀਂ, ਇਹ ਸਮਾਜ ਤੋਂ ਪ੍ਰਾਪਤ ਹੁੰਦੀ ਹੈ ਹਰ ਬੱਚਾ ਸੰਬੰਧਿਤ ਸਮਾਜ ਤੋਂ ਭਾਸ਼ਾ ਪ੍ਰਾਪਤ ਕਰਦਾ ਹੈ। ਹਰ ਸਮਾਜ ਦੀ ਆਪਣੀ ਵੱਖਰੀ ਭਾਸ਼ਾ ਹੈ। ਭਾਵੇਂ ਮਨੁੱਖ ਜਾਤੀ ਦੀਆਂ ਸਾਰੀਆਂ ਭਾਸ਼ਾਵਾਂ ਦੇ ਕੁਝ ਬੁਨਿਆਦੀ ਅੰਸ਼ ਸਾਂਝੇ ਹਨ, ਪਰ ਇਸ ਸਾਂਝ ਦੇ

ਬਾਵਜੂਦ ਹਰ ਸਮਾਜ ਦੀ ਭਾਸ਼ਾ ਦਾ ਦੂਜੇ ਸਮਾਜ ਦੀ ਭਾਸ਼ਾ ਨਾਲੋਂ ਚੋਖਾ ਫ਼ਰਕ ਹੈ। ਇਹ ਫ਼ਰਕ ਕਈ ਪੱਖੀਂ ਹੁੰਦਾ ਹੈ। ਧੁਨੀਆਂ ਦਾ ਫ਼ਰਕ, ਧੁਨੀਆਂ ਦੀ ਵਰਤੋਂ ਵਿਉਂਤ ਦਾ ਫ਼ਰਕ, ਸ਼ਬਦਾਂ ਤੇ ਸ਼ਬਦ ਰੂਪਾਂ ਦਾ ਫ਼ਰਕ, ਵਾਕ ਬਣਤਰ ਦਾ ਫ਼ਰਕ ਅਰਥ ਵਿਉਂਤ ਦਾ ਫ਼ਰਕ, ਆਦਿ। ਭਾਸ਼ਾ ਕਿਸੇ ਇਲਾਕੇ ਦੀ ਭੂਗੋਲਿਕ ਬਣਤਰ ਦੇ ਆਧਾਰ ਤੇ ਹੀ ਅਲੱਗ-ਅਲੱਗ ਹੁੰਦੀ ਹੈ:-

> ਹਰ ਸਮਾਜ ਦੀ ਆਪਣੀ ਸਾਂਝੀ ਭਾਸ਼ਾ ਹੁੰਦੀ ਹੈ। ਭਾਵ ਇਹ ਕਿ ਸੰਬੰਧਿਤ ਸਮਾਜ ਦੇ ਸਾਰੇ ਵਿਅਕਤੀ ਇਕੋ ਭਾਸ਼ਾ ਬੋਲਦੇ ਹਨ, ਪਰ ਇਸ ਦਾ ਇਹ ਭਾਵ ਨਹੀਂ ਕਿ ਇਕ ਸਮਾਜ ਦੇ ਦੋ ਜਾਂ ਵਧੇਰੇ ਮੈਂਬਰਾਂ ਦੀ ਭਾਸ਼ਾ ਬਿਲਕੁਲ ਇਕੋ ਜਿਹੀ ਹੁੰਦੀ ਹੈ। ਸਰੀਰ ਵਿਗਿਆਨ ਦੇ ਪੱਖ ਤੋਂ ਸਭ ਮਨੁੱਖਾਂ ਦੇ ਸਰੀਰ ਇਕੋ ਜਿਹੇ ਹੁੰਦੇ ਹਨ ਪਰ ਸਾਧਾਰਣ ਤਜ਼ਰਬੇ ਦੇ ਆਧਾਰ ਤੇ ਅਸੀਂ ਜਾਣਦੇ ਹਾਂ ਕਿ ਵੱਖ-ਵੱਖ ਵਿਅਕਤੀਆਂ ਦੇ ਸਰੀਰ ਵਿਚ ਤੇ ਉਨ੍ਹਾਂ ਦੇ ਸੁਭਾ ਵਿਚ ਕਾਫੀ ਅੰਤਰ ਹੁੰਦਾ ਹੈ। ਏਵੇਂ ਹੀ ਇਕੋ ਸਮਾਜ ਦੇ ਵੱਖ-ਵੱਖ ਮੈਂਬਰਾ ਦੀ ਭਾਸ਼ਾ ਭਾਵੇਂ ਇਕੋ ਮੰਨੀ ਜਾਂਦੀ ਹੈ ਫਿਰ ਵੀ ਹਰ ਵਿਅਕਤੀ ਦੀ ਭਾਸ਼ਾ ਦੇ ਕੁਝ ਆਪਣੇ ਗੁਣ ਹੁੰਦੇ ਹਨ ਅਤੇ ਇਸ ਪੱਖ ਤੋਂ ਵਿਚਾਰਿਆਂ ਅਸੀਂ ਕਹਿੰਦੇ ਹਾਂ ਕਿ ਹਰ ਮਨੁੱਖ ਦੀ ਆਪਣੀ ਭਾਸ਼ਾ ਹੁੰਦੀ ਹੈ। ਜੇ ਇਸ ਤੱਥ ਨੂੰ ਸਵੀਕਾਰ ਨਾ ਕੀਤਾ ਜਾਵੇ ਤਾਂ ਕਿਸੇ ਕਵੀ ਜਾਂ ਲੇਖਕ ਦੀ ਭਾਸ਼ਾ ਬਾਰੇ ਵਿਚਾਰ ਕਰਨਾ ਨਿਰਾਰਥਕ ਕਾਰਜ ਸਿੱਧ ਹੋਵੇਗਾ। ਕਿਸੇ ਇਕ ਲੇਖਕ ਜਾਂ ਕਵੀ ਦੀ ਭਾਸ਼ਾ ਦਾ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਅਸੀਂ ਇਹ ਸਵੀਕਾਰ ਕਰਦੇ ਹਾਂ ਕਿ ਹਰ ਸਮਾਜ ਦੀ ਹੀ ਨਹੀਂ ਹਰ ਵਿਅਕਤੀ ਦੀ ਭਾਸ਼ਾ ਦੇ ਵੀ ਆਪਣੇ ਵਿਸ਼ੇਸ਼ ਲੱਛਣ ਹੁੰਦੇ ਹਨ ਅਤੇ ਇਕੋ

ਭਾਸ਼ਾ ਬੋਲਣ ਜਾਂ ਲਿਖਣ ਵਾਲੇ ਦੋ ਵਿਅਕਤੀਆਂ ਦੀ ਭਾਸ਼ਾ ਇਕੋ ਜਿਹੀ ਨਹੀਂ ਹੁੰਦੀ।[24]

ਇਸ ਤਰ੍ਹਾਂ ਹਰੇਕ ਵਿਅਕਤੀ ਦੀ ਭਾਸ਼ਾ ਉਪਰੀ ਤੌਰ ਤੇ ਭਾਵੇਂ ਇਕੋ ਜਿਹੀ ਹੀ ਲੱਗਦੀ ਹੈ ਪਰ ਬਾਰੀਕੀ ਤੌਰ ਤੇ ਉਸ ਵਿਚ ਅਨੇਕ ਪ੍ਰਕਾਰ ਦੀ ਭਿੰਨਤਾ ਵੀ ਬਣੀ ਰਹਿੰਦੀ ਹੈ।

ਸਾਨੂੰ ਸਾਧਾਰਣ ਮਨੁੱਖ ਦੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ ਲੱਭਣ ਦੀ ਲੋੜ ਨਹੀਂ ਪੈਂਦੀ। ਆਮ ਤੌਰ ਤੇ ਅਸੀਂ ਕਿਸੇ ਕਵੀ ਜਾਂ ਲੇਖਕ ਦੀ ਭਾਸ਼ਾ ਦਾ ਹੀ ਵਿਸ਼ਲੇਸ਼ਣ ਕਰਦੇ ਹਾਂ। ਕਾਰਣ ਇਹ ਹੈ ਕਿ ਕਵੀ ਜਾਂ ਲੇਖਕ ਆਪਣੇ ਵਿਚਾਰ ਆਪਣੇ ਉਦਗਾਰ, ਆਪਣੀਆਂ ਭਾਵਨਾਵਾਂ ਤੇ ਉਮੰਗਾਂ ਲੋਕਾਂ ਤੱਕ ਪਹੁੰਚਾਉਣ ਲਈ ਉਤਾਵਲਾ ਹੁੰਦਾ ਹੈ। ਇਸ ਕਾਰਜ ਲਈ ਉਹ ਭਾਸ਼ਾ ਦਾ ਮਾਧਿਅਮ ਵਰਤਦਾ ਹੈ। ਕਿਸੇ ਸਾਧਾਰਣ ਵਿਅਕਤੀ ਦੀ ਗਲ-ਬਾਤ ਰਾਹੀਂ ਪੇਸ਼ ਕੀਤਾ ਗਿਆ ਸੰਦੇਸ਼ ਜਾਂ ਪ੍ਰਗਟਾਏ ਗਏ ਵਿਚਾਰ ਇਕ ਜਾਂ ਦੋਹ-ਚੌਹ ਵਿਅਕਤੀਆਂ ਲਈ ਹੁੰਦੇ ਹਨ, ਪਰ ਕਵੀ ਅਥਵਾ ਲੇਖਕ ਦੇ ਵਿਚਾਰ, ਭਾਵ ਆਦਿ ਪੂਰੇ ਸਮਾਜ, ਪੂਰੀ ਕੌਮ ਤੇ ਕਈ ਹਾਲਤਾਂ ਵਿਚ ਸਾਰੇ ਸੰਸਾਰ ਨੂੰ ਪ੍ਰਭਾਵਿਤ ਕਰਦੇ ਹਨ ਕਿਉਂਕਿ ਇਨ੍ਹਾਂ ਵਿਚਾਰਾਂ, ਭਾਵਾਂ ਆਦਿ ਵਿਚ ਮਹਾਨਤਾ ਦਾ ਗੁਣ ਹੁੰਦਾ ਹੈ ਅਤੇ ਇਹ ਵਿਚਾਰ ਜਾਂ ਭਾਵ ਭਾਵੇਂ ਕਿੰਨੇ ਹੀ ਮਹਾਨ ਹੋਣ, ਉਹ ਭਾਸ਼ਾ ਰਾਹੀਂ ਹੀ ਪ੍ਰਗਟਾਏ ਜਾਂਦੇ ਹਨ। ਭਾਸ਼ਾ ਦਾ ਪਾਰਖੂ ਇਹ ਵੇਖਣ ਦਾ ਜਤਨ ਕਰਦਾ ਹੈ ਕਿ ਕੀ ਇਹ ਅਜਿਹੇ ਮਹਾਨ ਵਿਚਾਰਾਂ ਨੂੰ ਪ੍ਰਗਟਾਉਣ ਵਾਲੀ ਭਾਸ਼ਾ ਸਾਧਾਰਣ ਮਨੁੱਖ ਵਾਲੀ ਸਾਧਾਰਣ ਭਾਸ਼ਾ ਹੀ ਹੈ ਜਾਂ ਇਸ ਵਿਚ ਕੋਈ ਖ਼ਾਸ ਗੁਣ ਹਨ।

"ਵਾਰਤਕ ਦੀ ਭਾਸ਼ਾ ਤੇ ਕਾਵਿ ਦੀ ਭਾਸ਼ਾ ਵਿਚ ਕੁਝ ਅੰਤਰ ਹੁੰਦਾ ਹੈ। ਬਹੁਤ ਥੋੜੇ ਲੇਖਕ/ਕਵੀ ਅਜਿਹੇ ਹੁੰਦੇ ਹਨ ਜਿੰਨਾਂ ਦੀ ਵਾਰਤਕ ਤੇ ਕਵਿਤਾ ਵਿਚ ਬਿਲਕੁਲ ਇਕੋ ਮੁਹਾਂਦਰੇ ਵਾਲੀ ਭਾਸ਼ਾ ਵਰਤੀ ਗਈ ਹੋਵੇ।[25]

ਸਾਡਾ ਸੰਬੰਧ ਇਸ ਖੋਜ-ਪ੍ਰਬੰਧ ਵਿਚ ਸਿਰਫ ਵਾਰਤਕ ਦੀ ਭਾਸ਼ਾ ਦਾ ਹੀ ਅਧਿਐਨ ਕਰਨਾ ਹੈ। ਨਾਮਧਾਰੀ ਵਾਰਤਕ ਸਾਹਿਤ ਦੀ ਭਾਸ਼ਾ ਸ਼ੈਲੀ ਦਾ ਅਧਿਐਨ ਕਰਨ ਤੋਂ ਪਹਿਲਾਂ, ਸ਼ੈਲੀ ਅਤੇ

ਇਸ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਬਾਰੇ ਕੁਝ ਸੰਖੇਪ ਜਿਹੀ ਜਾਣਕਾਰੀ ਪ੍ਰਾਪਤ ਕਰ ਲੈਣੀ ਆਵੱਸ਼ਕ ਪ੍ਰਤੀਤ ਹੁੰਦੀ ਹੈ ਤਾਂ ਕਿ ਨਾਮਧਾਰੀ ਸਾਹਿਤ ਦੀ ਭਾਸ਼ਾ ਸ਼ੈਲੀ ਦੇ ਅਧਿਐਨ ਲਈ ਕੋਈ ਠੋਸ ਆਧਾਰ ਪ੍ਰਾਪਤ ਹੋ ਸਕੇ।

ਸਾਹਿਤ ਵਿਚ ਸ਼ੈਲੀ ਦਾ ਅਰਥ ਰਚਨਾ ਵਿਚੋਂ ਪ੍ਰਗਟ ਹੁੰਦੀ ਲੇਖਕ ਦੀ ਸ਼ਖਸੀਅਤ ਹੈ। ਲਗਭਗ ਸਾਰੇ ਹੀ ਵਿਦਵਾਨ ਸ਼ੈਲੀ ਦੀ ਇਸ ਪਰਿਭਾਸ਼ਾ ਨਾਲ ਸਹਿਮਤ ਹਨ। ਸੋ ਕਿਸੇ ਵਾਰਤਕਕਾਰ ਦੀ ਸ਼ੈਲੀ ਦਾ ਅਧਿਐਨ ਉਸ ਲੇਖਕ ਸਾਹਿਤ ਵਿਚੋਂ ਲੱਭਣ ਤੇ ਪਛਾਣਨ ਦਾ ਜਤਨ ਹੁੰਦਾ ਹੈ। ਲੇਖਕ ਦੇ ਵਿਅਕਤਿਤਵ ਦੀ ਇਹ ਪਛਾਣ ਲਿਖਣ ਵਿਚ ਸ਼ਬਦਾਂ ਦੀ ਵਰਤੋਂ, ਵਾਕਾਂ ਦੀ ਬਣਤਰ, ਪੈਰ੍ਹਿਆਂ ਦੀ ਉਸਾਰੀ, ਉਪਮਾਨਾ ਦੀ ਚੋਣ ਤੋਂ ਛੁੱਟ ਸਰਲਤਾ, ਸਾਦਗੀ, ਸੰਜਮ, ਸੰਕੋਚ, ਰਵਾਨੀ, ਮਿਠਾਸ, ਵਿਅੰਗ, ਸੁਹਿਰਦਤਾ ਆਦਿ ਦੀ ਹੋਂਦ ਜਾਂ ਅਣਹੋਂਦ ਤੋਂ ਵੀ ਸਥਾਪਿਤ ਕੀਤੀ ਜਾਂਦੀ ਹੈ।[26]

ਵਾਰਤਕਕਾਰ ਦੀ ਸ਼ੈਲੀ ਨੂੰ ਹੇਠ ਲਿਖੇ ਚਾਰ ਤੱਤ ਪ੍ਰਭਾਵਿਤ ਕਰਦੇ ਹਨ:

1. ਲੇਖਕ ਦੀ ਸ਼ਖਸੀਅਤ
2. ਰਚਨਾ ਦਾ ਵਿਸ਼ਾ ਵਸਤੂ
3. ਲੇਖਕ ਦਾ ਮੰਤਵ ਅਤੇ ਸਮਕਾਲੀ ਸਥਿਤੀ
4. ਲੇਖਕ ਦੇ ਸੰਭਵ ਪਾਠਕਾਂ ਦਾ ਘੇਰਾ

**1. ਲੇਖਕ ਦੀ ਸ਼ਖਸੀਅਤ** : –

ਲੇਖਕ ਦੀ ਸ਼ਖਸੀਅਤ ਸ਼ੈਲੀ ਦਾ ਮੂਲ ਆਧਾਰ ਹੈ। ਇਸੇ ਲਈ ਸ਼ੈਲੀ ਦੀ ਪਰਿਭਾਸ਼ਾ ਦਸਦਿਆਂ ਵਿਦਵਾਨਾਂ ਨੇ ਇਸ ਨੂੰ ਸਭ ਤੋਂ ਵੱਧ ਮਹੱਤਵ ਦਿੱਤਾ ਹੈ। ਭਾਵੇਂ ਇਹ ਇਕ ਨਿਜੀ ਗੁਣ ਹੈ, ਪਛਾਣ ਦੀ ਕਸਵੱਟੀ ਹੈ, ਇਹ ਲੇਖਕ ਨੂੰ ਦੂਜੇ ਵਿਅਕਤੀਆਂ ਨਾਲੋਂ ਨਿਖੇੜ ਕੇ ਇਕ ਵੱਖਰਾ ਵਿਅਕਤਿਤਵ ਪ੍ਰਦਾਨ ਕਰਦੀ ਹੈ, ਫਿਰ ਵੀ ਇਹ ਆਪਣੇ ਆਪ ਵਿਚ ਕੋਈ ਸੁਤੰਤਰ ਸੰਕਲਪ ਨਹੀਂ ਹੈ। ਇਹ ਲੇਖਕ ਦੇ ਪਰਿਵਾਰਕ ਵਾਤਾਵਰਣ ਤੇ ਸੰਸਕਾਰਾਂ, ਸਮਾਜਕ ਸਥਿਤੀਆਂ,

ਧਾਰਮਕ ਵਿਸ਼ਵਾਸਾਂ, ਸਾਹਿਤਕ ਝੁਕਾਵਾਂ ਅਤੇ ਰੁਚੀਆਂ ਆਦਿ ਤੋਂ ਇੰਨੀ ਪ੍ਰਭਾਵਿਤ ਹੁੰਦੀ ਹੈ ਕਿ ਇਨ੍ਹਾਂ ਨੂੰ ਲੱਭੇ, ਪਛਾਣੇ ਅਤੇ ਪਰਖੇ ਬਿਨਾਂ ਲੇਖਕ ਦੀ ਮਾਨਸਿਕ ਬਣਤਰ ਨੂੰ ਸਮਝਣਾ ਤੇ ਫਲਸਰੂਪ ਉਸ ਦੀ ਲਿਖਤ ਦਾ ਸਾਰਥਕ ਅਧਿਐਨ ਕਰਨਾ ਲਗਭਗ ਅਸੰਭਵ ਹੁੰਦਾ ਹੈ।

ਇਸ ਲਈ ਲੇਖਕ ਦੀ ਸ਼ਖਸੀਅਤ ਹੀ ਮੂਲ ਰੂਪ ਵਿਚ ਇਸ ਗੱਲ ਦਾ ਨਿਰਨਾ ਕਰਦੀ ਹੈ ਕਿ ਕਿਸੇ ਰਚਨਾ ਦੀ ਸ਼ੈਲੀ ਭਾਵੁਕ, ਹਲਕੀ-ਫੁਲਕੀ, ਹਾਸਰਸੀ, ਵਿਅੰਗਾਤਮਕ, ਵਿਆਖਿਆਤਮਕ ਜਾਂ ਗੰਭੀਰ ਵਿਚਾਰਾਤਮਕ ਆਦਿ ਵਿਚੋਂ ਕਿਹੋ ਜਿਹੀ ਹੋਵੇਗੀ। ਲੇਖਕ ਦਾ ਗਿਆਨ ਉਸ ਦੇ ਸੰਸਕਾਰ, ਭਾਵਨਾਵਾਂ ਅਤੇ ਜੀਵਨ ਤਜਰਬਾ ਉਸ ਦੀ ਸ਼ਖਸੀਅਤ ਦੇ ਮਹੱਤਵਪੂਰਨ ਅੰਗ ਹੁੰਦੇ ਹਨ। ਇਹੀ ਅੰਗ ਇਹ ਨਿਸ਼ਚਿਤ ਕਰਦੇ ਹਨ ਕਿ ਰਚਨਾ ਕਿਥੋਂ ਸ਼ੁਰੂ ਹੋਵੇ, ਕਿਹੜੇ ਰਾਹ ਤੁਰੇ, ਕਿਹੋ ਜਿਹਾ ਪ੍ਰਭਾਵ ਪਾਵੇ ਅਤੇ ਕਿਥੇ ਜਾ ਕੇ ਮੁਕੇ। ਸ਼ਬਦ-ਚੋਣ, ਵਾਕ ਬਣਤਰ, ਉਪਮਾਨਾਂ ਦੀ ਵਰਤੋਂ, ਪੈਰਿਆਂ ਦੀ ਉਸਾਰੀ ਆਦਿ ਵਾਰਤਕ ਤੱਤ ਇਸ ਤੇ ਹੀ ਨਿਰਭਰ ਹੁੰਦੇ ਹਨ।

2. **ਰਚਨਾ ਦਾ ਵਿਸ਼ਾ ਵਸਤੂ:**

ਸ਼ਖਸੀਅਤ ਤੋਂ ਮਗਰੋਂ ਕਿਸੇ ਵਾਰਤਕਕਾਰ ਦੀ ਲਿਖਤ ਨੂੰ ਪ੍ਰਭਾਵਿਤ ਕਰਨ ਵਾਲਾ ਤੱਤ ਵਿਸ਼ਾ-ਵਸਤੂ ਹੈ। ਇਸ ਦਾ ਬਹੁਤਾ ਅਸਰ ਰਚਨਾ ਦੀ ਤਰਤੀਬ ਅਤੇ ਸ਼ਬਦਾਵਲੀ ਉਤੇ ਪੈਂਦਾ ਹੈ। ਮਿਸਾਲ ਵਜੋਂ ਜੇ ਧਾਰਮਕ ਭਾਵ ਕਿਸੇ ਰਚਨਾ ਦਾ ਵਿਸ਼ਾ ਹਨ ਤਾਂ ਧਾਰਮਕ ਕਵਿਤਾ ਦੀਆਂ ਟੂਕਾਂ, ਧਾਰਮਕ ਆਗੂਆਂ ਦੀਆਂ ਜੀਵਨੀਆਂ ਦੇ ਅੰਸ਼ ਤੇ ਕਰਾਮਾਤਾਂ ਦੇ ਬਿਆਨ ਜਾਂ ਸਾਖੀਆਂ ਦੀ ਵਰਤੋਂ ਦੀ ਸੰਭਾਵਨਾ ਵਧ ਜਾਂਦੀ ਹੈ। ਲੇਖਕ ਦੀ ਸ਼ਬਦ-ਚੋਣ ਉਤੇ ਧਾਰਮਕ ਸ਼ਰਧਾਲੂ ਸ਼ਬਦਾਵਲੀ ਦਾ ਅਸਰ ਪ੍ਰਤੱਖ ਰੂਪ ਵਿਚ ਪੈਂਦਾ ਹੈ। ਇਸ ਦੇ ਉਲਟ ਜੇ ਵਿਸ਼ਾ ਸਮਾਜਕ, ਮਾਨਸਿਕ, ਵਿਗਿਆਨਕ ਆਦਿ ਵਿਚੋਂ ਕੋਈ ਹੋਵੇ ਤਾਂ ਰਚਨਾ ਦੀ ਸ਼ਬਦਾਵਲੀ ਅਤੇ ਤਰਤੀਬ ਵੀ ਲੋੜ ਅਨੁਸਾਰ ਬਦਲ ਜਾਂਦੀ ਹੈ।

3. **ਲੇਖਕ ਦਾ ਮੰਤਵ ਅਤੇ ਸਮਕਾਲੀ ਸਥਿਤੀ:**

ਸ਼ੈਲੀ ਨੂੰ ਪ੍ਰਭਾਵਿਤ ਕਰਨ ਵਾਲਾ ਇਹ ਤੀਜਾ ਤੱਤ ਹੈ। ਵਿਆਖਿਆ ਅਤੇ ਵਿਚਾਰ, ਬਹਿਸ, ਭਾਵੁਕ ਸਤਿਕਾਰ ਜਾਂ ਮਾਨਸਕ ਵੇਦਨਾ ਦਾ ਪ੍ਰਗਟਾਵਾ, ਆਲੋਚਨਾਤਮਕ ਅਧਿਐਨ ਜਾਂ ਸਾਹਿਤਕ ਦ੍ਰਿਸ਼ਟੀਕੋਣ ਦਾ ਪ੍ਰਗਟਾਵਾ ਜਾਂ ਨਿਰੋਲ ਪ੍ਰਚਾਰ ਆਦਿ ਵਿਚੋਂ ਕਿਹੜਾ ਮੰਤਵ ਲੇਖਕ ਦੇ ਸਾਹਮਣੇ ਹੈ? ਇਸ ਪ੍ਰਸ਼ਨ ਦਾ ਉਤਰ ਹੀ ਲੇਖਕ ਦੇ ਮੰਤਵ ਨੂੰ ਸਪੱਸ਼ਟ ਕਰਦਾ ਹੈ ਅਤੇ ਨਾਲ ਹੀ ਰਚਨਾ ਦੀ ਬਣਤਰ, ਸੁਭਾ ਅਤੇ ਪ੍ਰਭਾਵ ਬਾਰੇ ਵੀ ਜਾਣਕਾਰੀ ਦਿੰਦਾ ਹੈ। ਉਦਾਹਰਣ ਦੇ ਤੌਰ ਤੇ ਸਿੰਘ ਸਭਾ ਲਹਿਰ ਦੇ ਪ੍ਰਚਾਰ ਵੇਲੇ ਰਚੇ ਗਏ ਪੰਜਾਬੀ ਸਾਹਿਤ ਦਾ ਮੰਤਵ ਆਮ ਤੌਰ ਤੇ ਧਰਮ ਪ੍ਰਚਾਰ ਬਹੁਤਾ ਸੀ ਅਤੇ ਉਸ ਵਿਚੋਂ ਸਾਹਿਤਕ ਪ੍ਰਗਟਾਵਾ ਘੱਟ ਮਿਲਦਾ ਹੈ। ਸਿੱਟੇ ਵਜੋਂ ਉਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਵਿਚ ਸੰਬੋਧਨ ਅਤੇ ਉਪਦੇਸ਼ ਦੀ ਖੁੱਲ੍ਹੀ ਵਰਤੋਂ ਕੀਤੀ ਗਈ ਹੈ। ਪਰ ਜਿਉਂ-ਜਿਉਂ ਸਮਾਂ ਬੀਤਦਾ ਗਿਆ ਤਿਉਂ-ਤਿਉਂ ਪੰਜਾਬੀ ਵਾਰਤਕ ਵਿਚੋਂ ਇਹ ਅੰਸ਼ ਲੁਪਤ ਹੁੰਦਾ ਗਿਆ। ਸਮਕਾਲੀ ਸਥਿਤੀ ਤੋਂ ਭਾਵ ਉਸ ਸਮੇਂ ਦੀ ਸਮਾਜਕ, ਧਾਰਮਕ ਅਤੇ ਰਾਜਨੀਤਕ ਸਥਿਤੀ ਹੈ, ਜਦੋਂ ਵਿਚਾਰ ਅਧੀਨ ਰਚਨਾ ਲਿਖੀ ਗਈ ਹੋਵੇ। ਜੇ ਭਾਈ ਵੀਰ ਸਿੰਘ ਦੀਆਂ ਲਿਖਤਾਂ ਨੂੰ ਇਸ ਦ੍ਰਿਸ਼ਟੀਕੋਣ ਤੋਂ ਪਰਖੀਏ ਤਾਂ ਪਤਾ ਲਗਦਾ ਹੈ ਕਿ ਉਸ ਸਮੇਂ ਸਿੱਖਾਂ ਦਾ ਇਤਿਹਾਸ ਸਿੱਖਾਂ ਦੇ ਦ੍ਰਿਸ਼ਟੀਕੋਣ ਤੋਂ ਸਿੱਖਾਂ ਲਈ ਲਿਖਿਆ ਜਾਣਾ ਜ਼ਰੂਰੀ ਸੀ। ਉਨ੍ਹਾਂ ਦੇ ਨਾਵਲ, ਉਨ੍ਹਾਂ ਦੇ ਟ੍ਰੈਕਟ ਅਤੇ ਇਤਿਹਾਸਕ ਜੀਵਨੀਆਂ ਇਸ ਤੱਥ ਦੀ ਪੁਸ਼ਟੀ ਕਰਦੀਆਂ ਹਨ।

ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮੇ ਵੀ ਸਿੱਖ-ਸੰਗਤਾਂ ਵਿਚ ਆ ਚੁੱਕੇ ਸਮਾਜਕ ਨਿਘਾਰ ਨੂੰ ਉਚਾ ਚੁੱਕਣ ਵਾਸਤੇ ਸਨ। ਉਹ ਨਾਮ-ਦਾਨ ਦੇ ਰਸੀਏ ਸਨ, ਇਕ ਪਹੁੰਚੀ ਹੋਈ ਆਤਮਾ ਸਨ। ਇਸ ਲਈ ਉਨ੍ਹਾਂ ਦੀ ਵਾਰਤਕ ਸ਼ੈਲੀ ਵਿਚੋਂ ਉਹ ਸਾਰੇ ਗੁਣ ਝਲਕਦੇ ਹਨ ਜੋ ਕਿਸੇ ਧਾਰਮਕ ਆਗੂ ਦੀ ਵਾਰਤਕ ਵਿਚੋਂ ਮਿਲਦੇ ਹਨ ਜਿਵੇਂ ਕਿ:

(1) "ਸਾਰੀ ਸਾਧ-ਸੰਗਤ ਨੇ ਸਾਂਤਗੀ ਏਹੋ ਜੇਹੀ ਫੜਨੀ, ਕੋਈ ਕਿਸੇ ਤਰ੍ਹਾਂ ਨਿੰਦਿਆ ਕਰ ਉਸਦੇ ਵਲ ਧਿਆਨ ਨਹੀਂ ਕਰਨਾ। ਚਾਹੇ ਕੋਈ ਕਿਸੇ ਨੂੰ ਮਾਰੇ ਤਾਂ ਵੀ ਸਬਰ ਕਰ ਜਾਣਾ। ਪ੍ਰਮੇਸ਼ਰ ਖਿਮਾ ਧੀਰਜ ਵਾਲਿਆਂ ਦੇ ਸਦਾ ਅੰਗ-ਸੰਗ ਹੈ।

ਭਜਨ ਬਾਣੀ ਤੋਂ ਬਿਨਾਂ ਭਾਮੇ ਕੋਈ ਕਿਤਨਾ ਕੰਮ ਕਰੇ, ਰਿਜਕ ਦਾ ਬਾਧਾ ਨਹੀਂ ਹੁੰਦਾ। ਜੇ ਰਿਜਕ ਬੀ ਹੈ ਕਿਸੇ ਪਾਸ ਬਹੁਤਾ ਓਧੀ ਨਹੀਂ ਭਰਦੀ, ਤ੍ਰਿਸਨਾ ਦੀ ਅੱਗ ਸਦਾ ਲੱਗੀ ਰਹਿੰਦੀ ਹੈ। ਪੁੰਨ-ਦਾਨ ਵੀ ਨਹੀਂ ਹੋ ਸਕਦਾ। ਧਨ ਪਿਆ ਈ ਛੱਡ ਕੇ ਮਰ ਜਾਂਦਾ ਹੈ। ਦੁਰਗਤੀ ਕੋ ਪਰਾਪਤ ਹੋਇਆ ਜਾਂਦਾ ਹੈ। ਬਿਨਾਂ ਭਜਨ ਪੁੰਨ ਦੇ [27]

4. **ਲੇਖਕ ਦੇ ਸੰਭਵ ਪਾਠਕਾਂ ਦਾ ਘੇਰਾ:**

ਲੇਖਕ ਨੇ ਜਿਸ ਪਾਠਕ ਨੂੰ ਸੰਬੋਧਿਤ ਹੋਣਾ ਹੋਵੇ। ਉਹ ਵੀ ਲਿਖਤ ਦੀ ਸ਼ਬਦਾਵਲੀ, ਲਹਿਜੇ, ਸੁਰ ਤੇ ਰਵੱਈਏ ਨੂੰ ਪ੍ਰਭਾਵਿਤ ਕਰਦਾ ਹੈ। ਇਥੇ ਵੀ ਭਾਈ ਵੀਰ ਸਿੰਘ ਦੀ ਮਿਸਾਲ ਸਹਾਇਕ ਹੋ ਸਕਦੀ ਹੈ। ਉਨ੍ਹਾਂ ਦੇ ਪਾਠਕਾਂ ਦੀ ਬਹੁ-ਗਿਣਤੀ, ਅੱਧਪੜ੍ਹ ਜਾਂ ਅਨਪੜ੍ਹ ਸੀ। ਦੂਜੇ ਉਨ੍ਹਾਂ ਦੇ ਆਪਣੇ ਸੰਸਕਾਰ ਪਿੰਡਾਂ ਦੀ ਕਿਰਸਾਨੀ ਜਮਾਤ ਨਾਲੋਂ ਸ਼ਹਿਰੀ ਮੱਧ-ਸ਼੍ਰੇਣੀ ਤੇ ਮਹਾਜਨੀ ਜਮਾਤ ਨਾਲ ਵਧੇਰੇ ਜੁੜੇ ਹੋਏ ਸਨ। ਇਨ੍ਹਾਂ ਪਾਠਕਾਂ ਦੇ ਸ਼ਹਿਰੀ ਦ੍ਰਿਸ਼ਟੀਕੋਣ, ਧਾਰਮਿਕ ਵਿਸ਼ਵਾਸਾਂ ਅਤੇ ਭਾਈ ਸਾਹਿਬ ਦੇ ਆਪਣੇ ਘਰ ਦੇ ਧਾਰਮਕ ਵਾਤਾਵਰਣ ਦੇ ਸਿੱਟੇ ਵਜੋਂ ਕਥਾ-ਮਈ ਅਤੇ ਭਾਸ਼ਣੀ-ਸ਼ੈਲੀ ਦੇ ਧਾਰਣੀ ਲੇਖਾਂ ਦੀ ਰਚਨਾ ਹੋਈ। ਇਸੇ ਲਈ ਉਨ੍ਹਾਂ ਦੀ ਵਾਰਤਕ ਵਿਚ ਸਾਖੀ ਸੁਣਾ ਕੇ ਸਿੱਟਾ ਕੱਢਣ ਦੀ, ਪ੍ਰਸ਼ਨ ਉੱਤਰ ਕਰਕੇ ਸਮਝਾਉਣ ਦੀ ਅਤੇ ਵਾਰਤਾਲਾਪੀ ਸ਼ੈਲੀ ਰਾਹੀਂ ਉਪਦੇਸ਼ ਕਰਨ ਦੀ ਰੁਚੀ ਆਮ ਵੇਖੀ ਜਾ ਸਕਦੀ ਹੈ।

ਨਾਮਧਾਰੀ ਸਾਹਿਤ ਦੇ ਪਾਠਕਾਂ ਦਾ ਖੇਤਰ ਸਮਾਜ ਦਾ ਹਰ ਵਰਗ ਖ਼ਾਸ ਕਰਕੇ ਸਿੱਖ ਜਗਤ ਹੈ। ਇਸੇ ਕਰਕੇ ਨਾਮਧਾਰੀ ਸਾਹਿਤ ਦੀ ਵਾਰਤਕ ਦੀ ਸ਼ੈਲੀ ਵਿਚ ਗੁਰਬਾਣੀ ਅਤੇ ਪਿੰਡ ਤੇ ਸ਼ਹਿਰੀ ਜੀਵਨ ਦੀ ਝਲਕ ਦੇ ਅੰਸ਼ ਵੀ ਮਿਲਦੇ ਹਨ। ਨਾਮਧਾਰੀਆਂ ਨੇ ਅੰਗਰੇਜ਼ਾਂ ਵਿਰੁੱਧ ਆਪਣਾ ਅੰਦੋਲਨ ਜਾਰੀ ਰੱਖਿਆ। ਇਸ ਲਈ ਇਸ ਵਾਰਤਕ ਵਿਚੋਂ ਦੇਸ਼-ਭਗਤੀ, ਸੂਰਮਗਤੀ ਅਤੇ ਸ਼ਰਧਾਭਾਵ ਦੇ ਅੰਸ਼ ਵਧੇਰੇ ਮਿਲਦੇ ਹਨ।

ਨਾਮਧਾਰੀ ਵਾਰਤਕ ਸਾਹਿਤ ਦੇ ਵਿਚਾਰ ਅਧੀਨ ਦੂਜੇ ਖੰਡ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗੁਰੂਤਵ ਵਾਲੇ ਕਾਲ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਇਸ ਕਾਲ ਦੇ ਸਾਹਿਤਕਾਰਾਂ ਵਿਚ ਸੰਤ

ਇੰਦਰ ਸਿੰਘ ਚੱਕਰਵਰਤੀ, ਸੰਤ ਨਿਧਾਨ ਸਿੰਘ ਆਲਿਮ, ਸੰਤ ਤਰਨ ਸਿੰਘ ਵਹਿਮੀ ਅਤੇ ਸਰਦਾਰ ਨਾਹਰ ਸਿੰਘ ਆਦਿ ਸ਼ਾਮਿਲ ਕੀਤੇ ਜਾ ਸਕਦੇ ਹਨ।

ਸੰਤ ਇੰਦਰ ਸਿੰਘ ਚੱਕਰਵਰਤੀ ਜੀ ਦੁਆਰਾ ਰਚੇ ਨਾਮਧਾਰੀ ਵਾਰਤਕ ਸਾਹਿਤ ਅਧੀਨ ਉਚੇਚੇ ਤੌਰ ਤੇ ਨਾਮਧਾਰੀ ਇਤਿਹਾਸ, ਅਟੱਲ ਪ੍ਰਤਾਪੀ ਆਦਿ ਪੁਸਤਕਾਂ ਹਨ। ਇਨ੍ਹਾਂ ਦੀ ਭਾਸ਼ਾ-ਸ਼ੈਲੀ ਸਰਲ ਤੇ ਸਾਧਾਰਨ ਹੈ। ਧਾਰਮਕ ਅਸਰ ਪ੍ਰਤੱਖ ਦਿਸਦਾ ਹੈ। ਸੰਤ ਨਿਧਾਨ ਸਿੰਘ ਆਲਮ ਇਸ ਕਾਲ ਦੇ ਦੂਜੇ ਪ੍ਰਮੁੱਖ ਲੇਖਕ ਹਨ ਜਿਨ੍ਹਾਂ ਨੇ ਗੁਰੂ ਪਦ-ਪ੍ਰਕਾਸ਼ (ਦੋ ਭਾਗ), ਨਾਮਧਾਰੀ ਸਿਧਾਂਤ ਪ੍ਰਦਰਸ਼ਨ, ਸਿੱਖ ਧਰਮ ਤੇ ਮਾਸ, ਜੁਗ ਪਲਟਾਊ ਸਤਿਗੁਰੂ ਆਦਿ ਪੁਸਤਕਾਂ ਰਚੀਆਂ ਹਨ। ਆਲਮ ਜੀ ਦੀ ਵਾਰਤਕ ਵਿਚ ਆਧੁਨਿਕ ਪੰਜਾਬੀ ਵਾਰਤਕ ਵਾਲੇ ਸਾਰੇ ਗੁਣ ਮਿਲਦੇ ਹਨ। ਉਨ੍ਹਾਂ ਦੀ ਵਾਰਤਕ ਵੀ ਬੜੀ ਸਿੱਧੀ-ਸਾਦੀ ਤੇ ਸਪੱਸ਼ਟ ਹੈ। ਸ਼ੈਲੀ ਦੇ ਪੱਖ ਤੋਂ ਇਹ ਰਚਨਾਵਾਂ ਉਤਕ੍ਰਿਸ਼ਟ ਵਾਰਤਕ ਦਾ ਨਮੂਨਾ ਕਹੀਆਂ ਜਾ ਸਕਦੀਆਂ ਹਨ। ਉਦਾਹਰਣ ਵਜੋਂ:

"ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਕੋਲ ਘੰਟਾ ਘਰ ਵਾਲਾ ਮੈਦਾਨ ਬੁੱਚੜਖਾਨਾ ਬਣ ਚੁੱਕਾ ਸੀ। ਬੁੱਚੜਖਾਨੇ ਦੀ ਕੰਧ ਪ੍ਰਕਰਮਾਂ ਨਾਲ ਸਾਂਝੀ ਸੀ, ਗਊਆਂ ਦਿਨ-ਦਿਹਾੜੇ ਕਤਲ ਕੀਤੀਆਂ ਜਾਂਦੀਆਂ ਸਨ। ਮਾਸ ਦੀਆਂ ਬੋਟੀਆਂ ਤੇ ਹੱਡੀਆਂ ਇੱਲਾਂ ਚੁੱਕ-ਚੁੱਕ ਕੇ ਸ੍ਰੀ ਅੰਮ੍ਰਿਤਸਰ ਦੇ ਪਵਿੱਤ੍ਰ ਸਰੋਵਰ ਵਿਚ ਸੁਟਦੀਆਂ ਸਨ। ਕੁਝ ਨਾਮਧਾਰੀ ਬਜੁਰਗ ਇਹ ਬੇਅਦਬੀ ਵੇਖ ਕੇ ਜਰ ਨਾ ਸਕੇ। ਉਨ੍ਹਾਂ ਨੇ ਰਾਤੋ-ਰਾਤ ਬੁਚੜਖਾਨੇ ਵਿਚ ਦਾਖ਼ਲ ਹੋ ਕੇ ਗਊਆਂ ਦੇ ਰੱਸੇ ਕਟ ਕੇ, ਉਨ੍ਹਾਂ ਨੂੰ ਫਾਟਕ ਤੋਂ ਬਾਹਰ ਕਢ ਦਿੱਤਾ। ਉਪਰੰਤ ਬੁੱਚੜਾਂ ਨੂੰ ਜੋ ਸੁੱਤੇ ਹੋਏ ਸਨ ਲਲਕਾਰਿਆ ਤੇ ਕਟਾਵਢ ਸ਼ੁਰੂ ਕੀਤੀ। ਚਹੁੰ ਸਿੱਖਾਂ ਨੇ ਅਨੇਕਾਂ ਬੁੱਚੜਾਂ ਨੂੰ ਪ੍ਰਲੋਕ ਦੀਆਂ ਟਿਕਟਾਂ ਦੇ ਕੇ ਇਸ ਅਸਾਰ ਸੰਸਾਰ ਤੋਂ ਵਿਦਾ ਕੀਤਾ ਤੇ ਆਪ ਬਾਲ-ਬਾਲ ਬਚ ਕੇ ਨਿਕਲ ਗਏ।" [28]

ਇਸ ਤਰ੍ਹਾਂ ਇਨ੍ਹਾਂ ਦੀ ਵਾਰਤਕ ਅਜੋਕੀ ਵਾਰਤਕ ਦੇ ਗੁਣਾਂ ਨਾਲ ਲੋਪ-ਪੋਤ ਹੈ।

ਤਰਨ ਸਿੰਘ ਵਹਿਮੀ ਜੀ ਨੇ ਜੱਸ ਜੀਵਨ (ਛੇ ਭਾਗ), ਨੰਦੇੜੋਂ ਬਾਦ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ, ਵਾਰਤਕ ਪੁਸਤਕਾਂ ਦੀ ਰਚਨਾ ਕੀਤੀ।

ਭਾਸ਼ਾ-ਸ਼ੈਲੀ ਦੇ ਪੱਖੋਂ ਇਹ ਪੁਸਤਕਾਂ ਵੀ ਸਾਹਿਤ ਦੇ ਖੇਤਰ ਅੰਦਰ ਆਪਣੀ ਵੱਖਰੀ ਪਹਿਚਾਣ ਰੱਖਦੀਆਂ ਹਨ। ਹਾਂ 'ਜੱਸ ਜੀਵਨ' ਉਪਰ ਕੁਝ ਸਾਧ-ਭਾਸ਼ਾ ਦਾ ਪ੍ਰਭਾਵ ਵਧੇਰੇ ਦਿਖਾਈ ਦਿੰਦਾ ਹੈ। ਜਿਵੇਂ ਕਿ:

"ਸਤਿਗੁਰੂ ਜੀ ਦੀ ਰਜਾ ਅਨੁਸਾਰ ਜਿਵੇਂ ਘਰ ਕੂਕਿਆਂ ਦੇ ਟਿੱਬੀ ਵਲ ਤੇ ਮੰਡੀ ਸਕੇਤ ਵਲ ਗਏ ਹੋਏ ਸੀ, ਤਿਵੇਂ ਕੁਝ ਘਰ ਸ੍ਰੀ ਭੈਣੀ ਸਾਹਿਬ ਜਾ ਟਿਕੇ ਸੀ। ਸਉਣ ਭਾਦਰੋਂ ਬੁਖ਼ਾਰ ਭੀ ਚੜ੍ਹਦੇ ਸੀ ਤੇ ਕਈ ਮੌਤਾਂ ਭੀ ਹੋਈਆਂ ਸੀ। ਸਮਸੇ ਦੇ ਸੂਬੇ ਵਰਿਆਮ ਸਿੰਘ ਜੀ ਦੇ ਭਰਾ ਹਰਨਾਮ ਸਿੰਘ ਤੇ ਇੰਦਰ ਸਿੰਘ ਤੇ ਭੈਣ ਈਸ਼ਰ ਕੌਰ ਭੀ ਭੈਣੀ ਸਾਹਿਬ ਟਿਕੇ ਹੋਏ ਸੀ। ਅਗੇ ਹਰਨਾਮ ਸਿੰਘ ਦਾ ਪੁੱਤਰ ਨਰੈਣ ਸਿੰਘ ਤੇ ਈਸ਼ਰ ਕੌਰ ਦਾ ਪੁੱਤਰ ਬੰਤਾ ਸਿੰਘ ਚੜ੍ਹ ਗਿਆ ਸੀ। ਇੰਦਰ ਸਿੰਘ ਦਾ ਪੁਤਰ ਗੁਰਚਰਨ ਸਿੰਘ ਅਤਿ ਤੰਗ ਸੀ। ਖਰਾਸ ਵਿਚ ਵਸਦਾ ਇੰਦਰ ਸਿੰਘ ਪੁਤਰ ਨੂੰ ਮਰਿਆ ਹੀ ਜਾਣ ਮੂੰਹ ਤੇ ਕਪੜਾ ਪਾ ਬਾਹਰ ਨਿਕਲਿਆ....।"[29]

ਆਲਿਮ ਜੀ ਦੀ ਵਾਰਤਕ ਦੀ ਭਾਸ਼ਾ ਸ਼ੈਲੀ ਸਾਹਿਤਿਕ ਗੁਣਾਂ ਨਾਲ ਭਰਪੂਰ ਹੈ ਅਤੇ ਸੱਤਯਮ, ਸ਼ਿਵਮ, ਸੁੰਦਰਮ ਸਿਧਾਂਤ ਤੇ ਪੂਰੀ ਉਤਰਦੀ ਹੈ। ਹਾਂ ਧਰਮ ਹਿੱਤ ਲਿਖੀ ਗਈ ਇਹ ਸ਼ੈਲੀ ਕਿਤੇ-ਕਿਤੇ ਵਧੇਰੇ ਵਿਸਤ੍ਰਿਤ ਹੋ ਜਾਂਦੀ ਹੈ ਤਾਂ ਇਹ ਘਾਟ ਜ਼ਰੂਰ ਰੜਕਦੀ ਹੈ।

ਸ੍. ਨਾਹਰ ਸਿੰਘ ਨੇ ਨਾਮਧਾਰੀ ਇਤਿਹਾਸ (ਪਹਿਲਾ ਭਾਗ) ਦੀ ਸਿਰਜਣਾ ਕੀਤੀ। ਇਸ ਸਾਹਿਤ ਦਾ ਸੰਬੰਧ 1857 ਅਰਥਾਤ ਸੰਤ ਖਾਲਸੇ ਦੇ ਜਨਮ ਕਾਲ ਤੋਂ ਲੈ ਕੇ 1873 ਦੇ ਮਲੇਰਕੋਟਲੇ ਦੇ ਸ਼ਹੀਦੀ ਸਾਕੇ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੇ ਬਰਮਾ ਵਿਚ ਬੰਦੀਵਾਨ ਕੀਤੇ ਜਾਣ ਤੱਕ ਸਬੰਧਿਤ ਹੈ। ਇਸ ਪੁਸਤਕ ਦੀ ਭਾਸ਼ਾ ਵੀ ਸਿੱਧੀ ਸਾਦੀ ਤੇ ਸਪੱਸ਼ਟ ਹੈ। ਇਤਿਹਾਸ ਨਾਲ ਸਬੰਧਿਤ ਹੋਣ ਕਰਕੇ ਇਸ ਪੁਸਤਕ ਵਿਚ ਰੌਚਿਕਤਾ ਦੀ ਘਾਟ ਝਲਕਦੀ ਹੈ।

'ਸਰਕਾਰੀ ਰਿਪੋਰਟਾਂ ਅਨੁਸਾਰ ਗੁਰੂ ਰਾਮ ਸਿੰਘ ਜੀ ਆਪਣੇ ਸੂਬਿਆਂ ਅਤੇ ਭਾਈਚਾਰੇ ਦੇ ਲੋਕਾਂ ਸਮੇਤ 15 ਅਕਤੂਬਰ 1867 ਨੂੰ ਅੰਮ੍ਰਿਤਸਰ ਪਹੁੰਚੇ ਅਤੇ ਸ਼ਹਿਰ ਤੋਂ ਬਾਹਰ ਇਕ ਮੀਲ ਦੂਰ ਤਰਨਤਾਰਨ ਵਾਲੀ ਸੜਕ ਤੇ ਬਾਹਰ ਇਕ ਮੇਲਾ ਲਗਾਇਆ। 26 ਤਰੀਕ ਨੂੰ ਕਮਿਸ਼ਨਰ ਸਾਹਿਬ

ਅਤੇ ਆਪ ਦੀ ਮੁਲਾਕਾਤ ਹੋਈ। ਆਪ ਦੇ ਪਹੁੰਚਣ ਤੋਂ ਪਹਿਲਾਂ ਹੀ ਲੱਗਭੱਗ '800 ਨਾਮਧਾਰੀ ਡੇਰੇ ਵਿਚ ਸਨ। 26 ਅਤੇ 27 ਤਰੀਕ ਵਾਲੇ ਦਿਨਾਂ ਵਿਚ ਕੈਂਪ ਵਿਚ ਲਗਭਗ 1200 ਬੰਦੇ ਸਨ।'[30]

**(ੲ) ਗੁਰਬਾਣੀ ਦੀ ਵਿਆਖਿਆ ਦੀ ਵਿਧੀ:**

ਖੋਜ-ਸ਼ਾਸਤ੍ਰ ਦੇ ਮਹਾਂਰਥੀਆਂ ਨੇ ਸਾਹਿਤ-ਖੋਜ ਦੇ ਦੋ ਮੁੱਖ ਭੇਦ, ਦੋ ਮੁੱਖ ਕਿਸਮਾਂ, ਦੋ ਮੁੱਖ ਵਰਗ ਮੰਨੇ ਹਨ। ਪਹਿਲਾ ਵਰਗ ਤੱਥਗਤ (Factual) ਖੋਜ ਦਾ ਹੈ, ਅਤੇ ਦੂਜਾ ਵਿਆਖਿਆ ਮੂਲਕ (Interpretative) ਖੋਜ ਦਾ। ਤੱਥਕ ਖੋਜ ਵਿਚ ਜਤਨ ਕਿਸੇ ਨਵੇਂ ਤੱਥ ਨੂੰ ਅੱਖਾਂ ਸਾਹਮਣੇ ਲਿਆਉਣ ਦਾ ਹੁੰਦਾ ਹੈ, ਤੇ ਵਿਆਖਿਆ ਮੂਲਕ ਖੋਜ ਵਿਚ ਸੰਬੰਧਿਤ ਤੱਥ ਜਾਂ ਤੱਥਾਂ ਦੀ ਵਿਆਖਿਆ ਨਾਲ ਕਿਸੇ ਨਵੇਂ ਸੱਚ ਨੂੰ ਨਿਰੂਪਿਤ ਕਰਨ ਦਾ। ਸਾਹਿਤਕ ਖੋਜ ਨੂੰ ਇਨ੍ਹਾਂ ਦੋ ਵਰਗਾਂ ਵਿਚ ਵੰਡਣ ਦਾ ਮਤਲਬ ਇਹ ਨਹੀਂ ਕਿ ਇਨ੍ਹਾਂ ਦੋਹਾਂ ਵਿਚ ਕੋਈ ਸੰਬੰਧ ਨਹੀਂ ਹੁੰਦਾ। ਦੋਹਾਂ ਵਿਚ ਸਗੋਂ ਘਨਿਸ਼ਠ ਸੰਬੰਧ ਹੁੰਦਾ ਹੈ। ਖੋਜ ਨੂੰ ਸਾਰਥਕ ਢੰਗ ਨਾਲ ਸਿਰੇ ਚਾੜ੍ਹਨ ਲਈ ਦੋਹਾਂ ਦੀ ਲੋੜ ਪੈਂਦੀ ਹੈ, ਜਿਥੇ ਕੋਈ ਨਵਾਂ ਤੱਥ ਮਿਲਦਾ ਹੈ, ਉਥੇ ਵੀ ਉਸਨੂੰ ਸਥਾਪਿਤ ਕਰਨ ਲਈ ਵਿਸ਼ਲੇਸ਼ਣ ਦੀ ਲੋੜ ਪੈਂਦੀ ਹੈ। ਜੋ ਵਿਆਖਿਆ ਮੂਲਕ ਖੋਜ ਦਾ ਹੀ ਇਕ ਪ੍ਰਕਾਰਜ ਹੈ। ਦੋਹਾਂ ਦੀ ਇਕ ਦੂਜੇ ਉਤੇ ਨਿਰਭਰਤਾ ਕੈਂਚੀ ਦੇ ਦ੍ਰਿਸ਼ਟਾਂਤ ਦੁਆਰਾ ਦਿਖਾਈ ਜਾ ਸਕਦੀ ਹੈ। ਕੈਂਚੀ ਦਾ ਇਕ ਫ਼ਲ ਕਾਟ ਨਹੀਂ ਕਰ ਸਕਦਾ। ਜਿੰਨਾ ਚਿਰ ਦੂਸਰਾ ਉਸ ਨਾਲ ਨਹੀਂ ਰਲਦਾ। ਇੰਞ ਹੀ ਖੋਜ ਖੇਤਰ ਦੀ ਕਿਸੇ ਵਧੀਆ ਪ੍ਰਾਪਤੀ ਲਈ ਦੋਹਾਂ ਦੇ ਸਹਿਯੋਗ ਤੇ ਸੁਮੇਲ ਦੀ ਲੋੜ ਹੈ। ਫਲਸਰੂਪ, ਦੋਹਾਂ ਵਰਗਾਂ ਦੀ ਖੋਜ ਵਿਚੋਂ ਕਿਸੇ ਇਕ ਨੂੰ ਘਟ ਮਹੱਤਤਾ ਵਾਲੀ ਅਤੇ ਦੂਜੀ ਨੂੰ ਵਧ ਮਹੱਤਾ ਵਾਲੀ ਨਹੀਂ ਕਿਹਾ ਜਾ ਸਕਦਾ। ਦੋਵੇਂ ਇਕ ਦੂਜੇ ਦੀਆਂ ਪੂਰਕ ਹਨ।

ਵਿਆਖਿਆ ਵਿਧੀ ਵਿਚ ਇਹ ਦੇਖਣਾ ਜ਼ਰੂਰੀ ਹੋ ਜਾਂਦਾ ਹੈ ਕਿ ਰਚਨਾ ਦਾ ਸੰਬੰਧ ਕਿਸ ਕਿਸਮ ਦੇ ਲੇਖਕ ਨਾਲ ਹੈ। ਲੇਖਕ ਦਾ ਸੰਬੰਧ ਕਿਸ ਇਲਾਕੇ ਜਾਂ ਵਾਤਾਵਰਣ ਨਾਲ ਰਿਹਾ ਹੈ। ਇਹ ਰਚਨਾ ਵਿਸ਼ੇਸ਼ ਦਾ ਕੋਈ ਇਕ ਸ਼ਬਦ ਕੋਈ ਵਾਕਾਂਸ਼ ਜਾਂ ਕੋਈ ਇਕ ਪਾਤਰ ਹੋ ਸਕਦਾ ਹੈ। ਲੇਖਕ

ਨੇ ਕੋਈ ਦੇਸੀ ਸ਼ਬਦ ਆਪਣੇ ਵਿਸ਼ੇਸ਼ ਇਲਕੇ ਦੀ ਬੋਲੀ ਤੋਂ ਲੈ ਕੇ ਵਰਤਿਆ ਹੁੰਦਾ ਹੈ ਜਿਸ ਦਾ ਪਾਠਕਾਂ ਨੂੰ ਬੋਧ ਨਹੀਂ ਹੁੰਦਾ ਜਾਂ ਜੋ ਸਾਧਾਰਨ ਬੋਲਚਾਲ ਵਿਚੋਂ ਨਿਕਲ ਚੁੱਕਿਆ ਹੁੰਦਾ ਹੈ। ਅਜਿਹੀ ਹਾਲਤ ਵਿਚ ਉਸ ਦਾ ਅਸਲੀ ਭਾਵ ਲੱਭ ਕੇ ਪਾਠਕਾਂ ਸਾਹਮਣੇ ਲਿਆਉਣਾ ਹੀ ਵਿਆਖਿਆ ਮੂਲਕ ਖੋਜ ਦਾ ਪ੍ਰਕਾਰਜ ਹੈ। ਸ਼ੇਖ਼ ਫ਼ਰੀਦ ਜੀ ਦੇ ਇਸ ਸਲੋਕ ਦੀ ਉਦਾਹਰਣ ਲੈਂਦੇ ਹਾਂ ਉਨ੍ਹਾਂ ਦਾ ਸਲੋਕ ਹੈ:

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥
ਜਿਨਾ ਖਾਧੀ ਚੋਪੜੀ ਘਣੇ ਸਹਨਗੇ ਦੁਖ॥ [31]

ਇਸ ਸਲੋਕ ਵਿਚ 'ਕਾਠ ਕੀ ਰੋਟੀ' ਦਾ ਜ਼ਿਕਰ ਆਇਆ ਹੈ। ਬਹੁਤ ਲੰਮੇ ਅਰਸੇ ਤੋਂ 'ਕਾਠ' ਦਾ ਅਰਥ 'ਕਾਸ਼ਟ' ਜਾਂ 'ਲੱਕੜੀ' ਲਿਆ ਜਾਂਦਾ ਰਿਹਾ ਹੈ ਤੇ ਇਸ ਨਾਲ ਫ਼ਰੀਦ ਜੀ ਦੇ ਤਪ ਸਮੇਂ ਕਾਠ ਦੀ ਇਕ ਰੋਟੀ ਰੱਖਣ ਦੀ ਦੰਤ ਕਥਾ ਵੀ ਜੁੜੀ ਹੋਈ ਹੈ। ਸਭ ਤੋਂ ਪਹਿਲਾਂ ਪ੍ਰਿੰ. ਸੰਤ ਸਿੰਘ ਸੇਖੋਂ ਨੇ ਕਿਸੇ ਅੰਤਰ ਪ੍ਰੇਰਣਾ ਰਾਹੀਂ ਇਹ ਵਿਚਾਰ ਪੇਸ਼ ਕੀਤਾ ਕਿ 'ਕਾਠ' ਸ਼ਬਦ ਵਾਸਤਵ ਵਿਚ 'ਘਾਠ' ਹੈ ਜੋ ਮਾਲਵੇ ਵਿਚ ਹਾਲੀ ਵੀ ਵਰਤਿਆ ਜਾਂਦਾ ਹੈ। ਮਗਰੋਂ ਇਨ੍ਹਾਂ ਸਤਰਾਂ ਦੇ ਲੇਖਕ ਨੇ ਅਪਣੇ ਇਕ ਲੇਖ ਵਿਚ ਇਹ ਦਰਸਾ ਕੇ ਪੁਸ਼ਟੀ ਕਰ ਦਿੱਤੀ ਹੈ ਕਿ ਮੂਲ ਰੂਪ ਵਿਚ ਇਹ ਸ਼ਬਦ 'ਘਾਠ' ਹੀ ਸੀ ਜਿਸ ਦਾ ਅਰਥ 'ਭੁੱਜੇ ਜੌਂ' ਹੈ। ਫਰੀਦ ਜੀ ਨੇ ਆਪਣੇ ਦੋਹੇ ਵਿਚ ਸੂਫ਼ੀ ਵਿਵਹਾਰ ਦੀ ਪਾਲਨਾ ਵਿਚ ਜੌਆਂ ਦੀ ਰੋਟੀ ਦੀ ਹੀ ਗੱਲ ਕੀਤੀ ਸੀ, ਪਰ ਫ਼ਾਰਸੀ/ਉਰਦੂ ਅੱਖਰਾਂ ਵਿਚੋਂ ਉਤਾਰਾ ਕਰਨ ਵਾਲਿਆਂ ਨੇ 'ਘਾਠ' ਨੂੰ ਕਾਠ ਪੜ੍ਹ ਲਿਆ ਅਤੇ ਕਿਉਂ ਜੋ ਮੁੱਢਲੇ ਕਾਲ ਦੀ ਫ਼ਾਰਸੀ/ਉਰਦੂ ਲਿੱਪੀ ਵਿਚ 'ਕਾਫ਼' ਅਤੇ 'ਗਾਫ਼' ਲਈ ਇਕ ਹੀ ਚਿੰਨ੍ਹ (ਕਾਫ਼) ਵਰਤਿਆ ਜਾਂਦਾ ਸੀ। ਬਾਅਦ ਦੇ ਪਾਠਕਾਂ ਨੇ ਅਸਲ ਗੱਲ ਭੁੱਲ ਕੇ 'ਘਾਠ' ਨੂੰ 'ਕਾਠ' (ਲੱਕੜੀ) ਹੀ ਮੰਨ ਲਿਆ।"[32]

ਜਿਨ੍ਹਾਂ ਰਚਨਾਵਾਂ ਦੇ ਉਪਰਲੇ ਅਰਥਾਂ ਦੇ ਹੇਠਾਂ ਲੁਪਤ ਅਰਥ ਨਹੀਂ ਹੁੰਦੇ, ਉਨ੍ਹਾਂ ਨੂੰ ਸਮਝਣ ਤੇ ਉਨ੍ਹਾਂ ਦਾ ਵਧੀਆ ਢੰਗ ਨਾਲ ਰਸ ਮਾਨਣ ਲਈ ਵੀ ਵਿਆਖਿਆ ਮੂਲਕ ਖੋਜ ਦਾ ਸਹਾਰਾ ਲੈਣਾ ਪੈਂਦਾ ਹੈ। ਇਹ ਇਸ ਪ੍ਰਕਾਰ ਦੀ ਖੋਜ ਦਾ ਬਾਹੀਆ ਪਸਾਰ ਕਿਹਾ ਜਾ ਸਕਦਾ ਹੈ।

ਹੁਣ ਅਸੀਂ ਗੁਰਬਾਣੀ ਦੀ ਵਿਆਖਿਆ ਸਮਝਣ ਲਈ ਵਿਸਤ੍ਰਿਤ ਚਰਚਾ ਕਰਦੇ ਹਾਂ:

"ਗੁਰਬਾਣੀ ਦੀ ਟੀਕਾਕਾਰੀ ਦਾ ਆਰੰਭ 'ਜਪੁਜੀ' ਦੇ ਟੀਕੇ ਨਾਲ ਹੀ ਹੋਇਆ। ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਉਨ੍ਹਾਂ ਦੇ ਅਨੁਯਾਈਆਂ ਵੱਲੋਂ ਉਨ੍ਹਾਂ ਦੀ ਬਾਣੀ ਦੇ ਪਰਮਾਰਥ ਜਾਣਨ ਦੀ ਗੱਲ ਆਮ ਚਲ ਪਈ। ਇਸ ਦੇ ਸਿੱਟੇ ਵਜੋਂ ਇਕ ਤਾਂ ਜਨਮ-ਸਾਖੀਆਂ ਲਿਖੀਆਂ ਗਈਆਂ ਤੇ ਦੂਜੇ 'ਜਪੁ' ਬਾਣੀ ਦੇ ਟੀਕੇ ਹੋਂਦ ਵਿਚ ਆਏ। ਇਹ ਕਹਿਣਾ ਭੀ ਯੋਗ ਹੋਵੇਗਾ ਕਿ ਆਦਿ ਗੁਰੂ ਜੀ ਨੇ ਆਪਣੇ ਸਿਧਾਂਤਾਂ ਦੇ ਪ੍ਰਚਾਰ ਨਾਲ ਸੰਗਤਾਂ (ਬੜੀ ਸੰਗਤ, ਛੋਟੀ ਸੰਗਤ) ਥਾਪੀਆਂ ਤੇ ਉਹਨਾਂ ਦੇ ਮੁਖੀ ਨਿਸ਼ਚਿਤ ਕੀਤੇ ਇਸ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਆਪਣੀ ਗੁਰਿਆਈ ਸਮੇਂ ਧਰਮ ਦੇ ਪ੍ਰਚਾਰ ਲਈ ਬਾਈ ਮੰਜੀਆਂ (ਉਪਦੇਸ਼ਕ ਗੱਦੀਆਂ) ਦੀ ਸਥਾਪਨਾ ਕੀਤੀ।[33]

ਇਨ੍ਹਾਂ ਰਾਹੀਂ ਗੁਰਬਾਣੀ ਸਿਧਾਂਤਾਂ ਦਾ ਪ੍ਰਚਾਰ ਹੁੰਦਾ ਰਿਹਾ। ਇਨ੍ਹਾਂ ਰਾਹੀਂ ਹੀ ਗੁਰੂ ਅਰਜਨ ਦੇਵ ਜੀ ਨੇ ਸਾਰੀ ਭਗਤ ਬਾਣੀ ਦਾ ਸੰਗ੍ਰਹਿ ਤਿਆਰ ਕਰਵਾਇਆ। ਇਸ ਤੋਂ ਉਪਰੰਤ ਗੁਰੂ ਅਰਜਨ ਸਾਹਿਬ ਨੇ 'ਆਦਿ ਗ੍ਰੰਥ' ਦੀ ਸੰਪਾਦਨਾ ਕੀਤੀ, ਜਿਸ ਨੂੰ ਭਾਈ ਗੁਰਦਾਸ ਜੀ ਨੇ ਗੁਰਮੁਖੀ ਅੱਖਰਾਂ ਵਿਚ ਅੰਕਿਤ ਕੀਤਾ। ਇਸ ਸਮੇਂ ਹੀ ਸਿੱਖ ਸੰਗਤਾਂ, ਸਮਾਗਮਾਂ ਅਥਵਾ, ਦੀਵਾਨਾਂ ਵਿਚ ਗੁਰਬਾਣੀ ਦੇ ਕਿਸੇ ਨਾ ਕਿਸੇ ਸ਼ਬਦ ਸੰਬੰਧੀ ਵਿਚਾਰ ਵਟਾਂਦਰੇ ਹੋਣੇ ਆਰੰਭ ਹੋ ਗਏ। ਇਸ ਤਰ੍ਹਾਂ ਹੀ ਪੰਜਾਬੀ ਸਾਹਿਤ ਵਿਚ ਗੁਰਬਾਣੀ ਦੇ ਟੀਕੇ ਰਚਣ ਦਾ ਮੁੱਢ ਬੱਝਾ। ਇਨ੍ਹਾਂ ਵਿਚੋਂ ਪਹਿਲੇ ਟੀਕਾਕਾਰ ਭਾਈ ਗੁਰਦਾਸ ਨੇ ਪੰਜਾਬੀ ਵਿਚ ਵਾਰਾਂ ਤੋਂ ਛੁੱਟ ਹੋਰ ਕੁਝ ਨਹੀਂ ਲਿਖਿਆ (ਪਰ ਬ੍ਰਜ ਭਾਸ਼ਾ ਵਿਚ ਕਬਿੱਤਾਂ ਦੀ ਰਚਨਾ ਅਵੱਸ਼ ਕੀਤੀ ਹੈ)। ਉਹ ਇਕ ਸਿਰ ਕੱਢ ਵਿਦਵਾਨ ਸਨ ਤੇ ਬਹੁਤ ਸਾਰੀਆਂ ਬੋਲੀਆਂ ਦੇ ਗਿਆਤਾ ਸਨ। ਉਨ੍ਹਾਂ ਦਾ ਅਧਿਐਨ ਬੜਾ ਡੂੰਘਾ ਤੇ ਵਾਕਫੀਅਤ ਦਾ ਖੇਤਰ ਬੜਾ ਵਿਸ਼ਾਲ ਸੀ।

ਭਾਈ ਗੁਰਦਾਸ ਨੇ ਗੁਰਮਤਿ ਦੇ ਸਿਧਾਂਤਾਂ ਦੀ ਵਿਆਖਿਆ ਕਰਕੇ ਪੰਜਾਬੀ ਵਿਚ ਵਿਆਖਿਆਮਈ ਕਾਵਿ ਨੂੰ ਜਨਮ ਦਿੱਤਾ। ਗੁਰੂ ਕਵੀਆਂ ਦੇ ਰਹੱਸਮਈ ਅਨੁਭਵ ਨੂੰ ਆਪ ਨੇ

ਰਸਾਤਮਕ ਦ੍ਰਿਸ਼ਟਾਂਤਮਈ ਢੰਗ ਵਿਚ ਪੇਸ਼ ਕੀਤਾ। ਉਨ੍ਹਾਂ ਨੇ ਗੁਰਬਾਣੀ ਦੀ ਵਿਆਖਿਆ ਭਿੰਨ-ਭਿੰਨ ਸ਼ਬਦਾਂ ਨੂੰ ਲੈ ਕੇ ਨਹੀਂ ਕੀਤੀ, ਸਗੋਂ ਗੁਰਬਾਣੀ ਦੇ ਵਿਚਾਰਾਂ ਦਾ ਵਿਸ਼ਲੇਸ਼ਣ ਸਮੁੱਚੇ ਰੂਪ ਵਿਚ ਕੀਤਾ ਹੈ।

"ਆਪਣੇ ਵਿਚਾਰਾਂ ਦੇ ਪ੍ਰਗਟਾ ਲਈ ਭਾਈ ਗੁਰਦਾਸ ਜੀ ਨੂੰ ਸ਼ਬਦਾਂ ਦੀ ਕਦੀ ਥੁੜ ਪ੍ਰਤੀਤ ਨਹੀਂ ਹੋਈ। ਉਨ੍ਹਾਂ ਦਾ ਭਾਸ਼ਾ ਸੰਬੰਧੀ ਗਿਆਨ ਬੜਾ ਵਿਸ਼ਾਲ ਅਤੇ ਅਧਿਕਾਰਪੂਰਣ ਸੀ। ਉਨ੍ਹਾਂ ਦੀਆਂ ਵਾਰਾਂ ਵਿਚ ਸ਼ਬਦ ਸੰਜਮ ਬੜਾ ਹੈ। ਉਨ੍ਹਾਂ ਦੀਆਂ ਵਾਰਾਂ ਦਾ ਪਾਠ ਕਰਦਿਆਂ ਇਸ ਤਰ੍ਹਾਂ ਅਨੁਭਵ ਹੁੰਦਾ ਹੈ ਕਿ ਕਿਸੇ ਤੁਕ ਨੂੰ ਉਸ ਤੋਂ ਵਧੇਰੇ ਸੰਕੁਚਵੀਂ ਬੋਲੀ ਵਿਚ ਪ੍ਰਗਟ ਕਰਨਾ ਅਸੰਭਵ ਹੈ। ਕਿਸੇ ਪਰਮ ਸਚਾਈ ਨੂੰ ਅਜਿਹੇ ਢੰਗ ਨਾਲ ਕਹਿਣਾ ਕਿ ਉਹ ਆਪ-ਮੁਹਾਰੇ ਹੀ ਪੜ੍ਹਦੇ ਸੁਣਦੇ ਦੇ ਮੂੰਹ ਚੜ੍ਹ ਜਾਏ - ਇਹ ਅਦਭੁਤ ਸ਼ਕਤੀ ਭਾਈ ਗੁਰਦਾਸ ਵਿਚ ਬੇਓੜਕ ਸੀ। ਉਨ੍ਹਾਂ ਦੀਆਂ ਸੈਂਕੜੇ ਤੁਕਾਂ ਅਖਾਣ ਬਣ ਕੇ ਆਮ ਲੋਕਾਂ ਵਿਚ ਪ੍ਰਸਿੱਧ ਹੋ ਚੁੱਕੀਆਂ ਹਨ। "[34]

ਭਾਈ ਗੁਰਦਾਸ ਦੀ ਰਚਨਾ ਦਾ ਵਿਸ਼ਾ ਗੁਰਮਤਿ ਦੀ ਵਿਆਖਿਆ ਹੈ। ਗੁਰਮਤਿ ਦੇ ਬੁਨਿਆਦੀ ਤੱਤਾਂ ਨੂੰ ਉਹ ਮੁੜ ਮੁੜ ਪੇਸ਼ ਕਰਦੇ ਹਨ, ਪਰ ਹਰ ਵਾਰ ਇਕ ਨਵੇਂ ਰੰਗ ਵਿਚ ਨਵੀਆਂ ਉਪਮਾਵਾਂ ਦੁਆਰਾ ਤੇ ਨਵੀਂ ਸ਼ੈਲੀ ਵਿਚ। ਇਸ ਵਿਚ ਹੀ ਉਨ੍ਹਾਂ ਦਾ ਕਮਾਲ ਹੈ। ਇਹੀ ਕਾਰਨ ਹੈ ਕਿ ਇਕੋ ਗੱਲ ਮੁੜ-ਮੁੜ ਕਹਿਣ ਵਿਚ ਵੀ ਰੁਖਾਪਨ ਨਹੀਂ ਆਉਣ ਦਿੰਦੇਃ-

ੴ

ਗੁਰਮੁਖ ਏਕੰਕਾਰ ਆਪ ਉਪਾਇਆ

ਓਅੰਕਾਰ ਆਕਾਰ ਪਰਗਟੀ ਆਇਆ

ਪੰਜ ਤਤ ਵਿਸਥਾਰ ਚਲਿਤ ਰਚਾਇਆ

ਖਾਣੀ ਬਾਣੀ ਚਾਰ ਜਗਤ ਉਪਾਇਆ ।[35]

ਨਿਰੰਕਾਰ ਆਕਾਰ ਹੋਇ ਏਕੰਕਾਰ ਅਪਾਰੁ ਬਣਾਇਆ।

ਏਕੰਕਾਰਹੁੰ ਸਬਦ ਧੁਨਿ ਓਅੰਕਾਰ ਆਕਾਰੁ ਬਣਾਇਆ।[36]

ਇਨ੍ਹਾਂ ਤੁਕਾਂ ਵਿਚ ਵਿਆਖਿਆ ਇਹ ਹੋਈ ਹੈ ਕਿ ਜੋ ਨਿਰਾਕਾਰ ਅਲੱਖ ਪ੍ਰਭੂ ਸੀ, ਉਸ ਨੇ ਏਕੰਕਾਰ ਹੋ ਕੇ ਆਪਣੇ ਆਪ ਨੂੰ ਉਪਾਇਆ ਤੇ ਫਿਰ ਓਅੰਕਾਰੀ ਲੀਲ੍ਹਾ ਰਚੀ ਜਿਸ ਤੋਂ ਆਕਾਰ ਵਾਲੀ ਸ੍ਰਿਸ਼ਟੀ, ਤ੍ਰਿਗੁਣਾਂ ਵਾਲੀ ਤੇ ਪੰਜ ਤੱਤਾਂ ਵਾਲੀ ਰਚੀ ਗਈ।

"ਭਾਈ ਗੁਰਦਾਸ ਦੀ ਵਿਆਖਿਆ ਪ੍ਰਣਾਲੀ ਤੋਂ ਬਾਅਦ ਗੁਰਬਾਣੀ ਵਿਚ ਨਿਮਨ-ਲਿਖਤ ਵਿਆਖਿਆ ਪ੍ਰਣਾਲੀਆਂ ਪ੍ਰਸਿੱਧ ਹਨ:-

(ੳ) ਮਿਹਰਬਾਨ (ਮੀਣਾ) ਸੰਪ੍ਰਦਾਇ

(ਅ) ਉਦਾਸੀ ਸੰਪ੍ਰਦਾਇ

(ੲ) ਨਿਰਮਲਾ ਸੰਪ੍ਰਦਾਇ

(ਸ) ਗਿਆਨੀ ਸੰਪ੍ਰਦਾਇ

(ਹ) ਸੇਵਾ ਪੰਥੀ ਸੰਪ੍ਰਦਾਇ

(ਕ) ਆਧੁਨਿਕ ਵਿਦਵਾਨ ਪ੍ਰਣਾਲੀ

**(ੳ) ਮਿਹਰਬਾਨ (ਮੀਣਾ) ਸੰਪ੍ਰਦਾਇ:**

ਗੁਰਬਾਣੀ ਦੀ ਵਿਆਖਿਆ ਪ੍ਰਣਾਲੀ ਵਿਚ 'ਸੋਢੀ ਮਿਹਰਬਾਨ' ਦਾ ਨਾਂ ਬੜਾ ਉਘਾ ਹੈ। ਜਪੁਜੀ ਦਾ ਪੂਰੀ ਬਾਣੀ ਦੇ ਰੂਪ ਵਿਚ ਲਿਖਿਆ ਸਭ ਤੋਂ ਪਹਿਲਾ ਟੀਕਾ ਮਿਹਰਬਾਨ ਸੰਪ੍ਰਦਾਇ ਦਾ ਹੀ ਮਿਲਦਾ ਹੈ। ਸੋਢੀ ਮਿਹਰਬਾਨ ਨੇ ਗੁਰਬਾਣੀ ਦੀ ਵਿਆਖਿਆ ਵੇਦਾਂ ਅਤੇ ਪੁਰਾਣਾਂ ਦੇ ਪਿਛੋਕੜ ਵਿਚ ਕੀਤੀ ਹੈ। ਉਸ ਬਾਰੇ ਪ੍ਰਸਿੱਧ ਹੈ ਕਿ ਉਹ ਤ੍ਰਿਕਾਲ ਦਰਸ਼ੀ ਸਨ ਅਤੇ ਪ੍ਰੇਮ ਤੇ ਨੇਮ ਦੋਵੇਂ ਗੱਲਾਂ ਉਸ ਵਿਚ ਵਿਦਮਾਨ ਸਨ। ਉਹ ਗੁਰਬਾਣੀ ਦੇ ਅਦੁੱਤੀ ਵਿਆਖਿਆਕਾਰ ਮੰਨੇ ਜਾਂਦੇ ਸਨ।

ਸੋਢੀ ਮਿਹਰਬਾਨ ਦੀ ਵਿਆਖਿਆ ਪ੍ਰਣਾਲੀ ਨਾਲ ਤਿੰਨ ਪੋਥੀਆਂ ਦਾ ਸੰਖੇਪ ਹੈ।

(1) ਪੋਥੀ ਸੱਚ ਖੰਡ, (2) ਪੋਥੀ ਹਰਿ ਜੀ, (3) ਪੋਥੀ ਚਤੁਰਭੁਜ

"ਭਾਵੇਂ ਇਨਾਂ ਤਿੰਨਾ ਹੀ ਪੋਥੀਆਂ ਨੂੰ ਲਿਖਣ ਵਾਲਾ ਪੰਡਿਤ ਕੇਸ਼ੋ ਦਾਸ ਹੈ, ਪਰ ਪਹਿਲੀ ਪੋਥੀ ਨੂੰ ਸ੍ਰੀ ਮਿਹਰਬਾਨ ਨੇ ਲਿਖਵਾਇਆ ਅਤੇ ਦੂਜੀ ਤੇ ਤੀਜੀ ਨੂੰ ਮਿਹਰਬਾਨ ਦੇ ਦੇਹਾਂਤ ਪਿਛੋਂ ਉਨ੍ਹਾਂ ਦੇ ਹੁਕਮ ਅਨੁਸਾਰ ਉਨ੍ਹਾਂ ਦੇ ਦੋ ਪੁੱਤਰਾਂ ਹਰਿ ਜੀ ਤੇ ਚਤੁਰਭੁਜ ਨੇ। ਇਨ੍ਹਾਂ ਤਿੰਨਾਂ ਪੋਥੀਆਂ ਦਾ ਮਜ਼ਮੂਨ ਇਕੋ ਹੀ ਹੈ :-

ਗੁਰੂ ਨਾਨਕ ਦੇਵ ਦਾ ਜੀਵਨ ਬਿਰਤਾਂਤ ਤੇ ਉਨ੍ਹਾਂ ਦੀ ਬਾਣੀ ਦੀ ਵਿਆਖਿਆ" ਇਸ ਲਈ ਦੂਜੀਆਂ ਦੋਵੇਂ ਪੋਥੀਆਂ ਵੀ ਮਿਹਰਬਾਨ ਦੀਆਂ ਪੋਥੀਆਂ ਕਰਕੇ ਹੀ ਪ੍ਰਸਿੱਧ ਹਨ।[37]

ਮਿਹਰਬਾਨ ਦੀਆਂ ਪੋਥੀਆਂ ਦੇ ਅਧਿਐਨ ਤੋਂ ਪ੍ਰਗਟ ਹੁੰਦਾ ਹੈ ਕਿ ਮੀਣਿਆਂ ਨੇ ਆਪਣੀ ਬਾਣੀ ਰਚ ਕੇ ਹਰੇਕ ਸ਼ਬਦ ਦਾ ਅੰਤ 'ਨਾਨਕ ਦਾਸ' ਜਾਂ 'ਦਾਸ ਨਾਨਕ' ਅਤੇ ਕਿਤੇ ਕਿਤੇ 'ਜਨ ਨਾਨਕ' ਨਾਲ ਕੀਤਾ ਤਾਂ ਜੁ ਇਹ ਭੁਲੇਖਾ ਪੈ ਜਾਵੇ ਕਿ ਇਹ ਭੀ ਗੁਰਬਾਣੀ ਹੀ ਹੈ। ਉਨ੍ਹਾਂ ਵਲੋਂ ਗੁਰੂ ਘਰ ਦਾ ਵਿਰੋਧ ਕਈ ਢੰਗ ਨਾਲ ਕਰਨਾ ਤਾਂ ਮੁੱਖ ਉਦੇਸ਼ ਸੀ ਤੇ ਨਕਲੀ ਬਾਣੀ ਰਚ ਕੇ ਸਿੱਖਾਂ ਵਿਚ ਭੁਲੇਖੇ ਪਾਣੇ ਇਸ ਮੰਤਵ ਦੀ ਸਿੱਧੀ ਲਈ ਇਕ ਸਾਧਨ ਸੀ। ਜਿਵੇਂ ਕਿ :

ਗੁਰਬਾਣੀ: ਕਰਿ ਕਿਰਪਾ ਅੰਤਰਜਾਮੀ। ਦਾਸ ਨਾਨਕ ਸਰਣਿ ਸੁਆਮੀ। [38]
ਦਾਸੁ ਦਾਸ ਦਾਸ ਕੋ ਕਰੀਅਹਿ ਜਨ ਨਾਨਕ ਹਰਿ ਸਰਣਾਈ। [39]
ਨਾਨਕ ਦਾਸ ਸੰਤ ਪਾਛੇ ਪਰਿਓ ਰਾਖਿ ਲੇਹੁ ਇਹ ਬਾਰੀ। [40]

ਮਿਹਰਬਾਨ: ਦਾਸ ਨਾਨਕ ਏਕੋ ਸਿਮਰੀਐ ਅਵਰ ਛਾਡਹਿ ਬਿਉਹਾਰਿ। [41]
ਨਵ ਖੰਡ ਕਉ ਢੂਢਤ ਫਿਰੇ, ਘਟ ਭੀਤਰਿ ਪੁਰਖ ਸੁਜਾਣੁ
ਜਨ ਨਾਨਕ ਜਿਨੀ ਜਾਣਿਆ ਆਏ ਤੇ ਪਰਵਾਣੁ। [42]
ਨਾਨਕ ਦਾਸ ਹਰਿ ਭਜਨ ਬਿਨੁ ਕਿਵ ਕਰਿ ਮਿਲਿਹ ਗੁਪਾਲ।[43]

ਸੋਢੀ ਮਿਹਰਬਾਨ ਵਾਲੀ ਜਨਮਸਾਖੀ ਜਿਸ ਵਿਚ 'ਜਪੁ' ਬਾਣੀ ਦੀ ਵਿਆਖਿਆ ਹੈ, 1650 ਈ. ਦੇ ਨੇੜੇ ਲਿਖੀ ਗਈ।[44] ਇਸ ਦਾ ਉਤਾਰਾ 1828 ਈ. ਵਿਚ ਹੋਇਆ।[45] ਇਸ ਟੀਕੇ ਦੀ ਇਤਿਹਾਸਕ ਮਹੱਤਤਾ ਇਹ ਹੈ ਕਿ ਇਹ ਜਪੁਜੀ ਦਾ ਪਹਿਲਾ ਉਪਲਬਧ ਟੀਕਾ ਹੈ। ਦੂਜੇ ਇਹ ਗੁਰੂ ਨਾਨਕ ਦੇਵ

ਜੀ ਦੇ ਜੋਤੀ ਜੋਤ ਸਮਾਉਣ ਤੋਂ 111 ਵਰ੍ਹੇ ਪਿਛੋਂ ਦੀ ਰਚਨਾ ਹੈ ਜਦੋਂ ਕਿ ਗੁਰੂ ਨਾਨਕ ਦੇ ਹੋਰ ਅਨੁਯਾਈ ਵੀ ਪ੍ਰਚਾਰ ਕਰਦੇ ਸਨ। ਇਹ ਟੀਕਾ ਉਸ ਸਮੇਂ ਦੀ ਸ਼ੈਲੀ, ਵਿਆਖਿਆ, ਢੰਗ, ਬੋਲੀ ਅਤੇ ਪਿਛੋਕੜ ਉਤੇ ਪ੍ਰਕਾਸ਼ ਪਾਉਂਦਾ ਹੈ।

ਜੀ. ਬੀ. ਸਿੰਘ ਨੇ ਆਪਣੀ ਪੁਸਤਕ 'ਪ੍ਰਾਚੀਨ ਬੀੜ' ਵਿਚ ਕੁਝ ਕੁ ਅਜਿਹੀਆਂ ਬੀੜਾਂ ਦੇ ਹਵਾਲੇ ਦਿੱਤੇ ਹਨ ਜਿਨ੍ਹਾਂ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਮਿਹਰਬਾਨ ਨੇ ਮਹਲਾ '੧' ਤੇ '੬' ਵਿਚ ਤੇ ਉਸ ਦੀ ਸੰਤਾਨ ਦੇ '੭' ਤੇ '੯' ਦੇ ਸਿਰਲੇਖਾਂ ਹੇਠ ਬਾਣੀ ਰਚੀ। ਇਸ ਕਾਰਣ ਸਿੱਖਾਂ ਵਿਚ ਇਨ੍ਹਾਂ ਪ੍ਰਤੀ ਅਸਰਧਾ ਪੈਦਾ ਹੋ ਗਈ। ਜਿਸ ਕਰਕੇ ਇਹ ਸੰਪ੍ਰਦਾਇ ਅੱਗੇ ਨਾ ਚੱਲ ਸਕੀ ਅਤੇ ਮਿਹਰਬਾਨ ਦੀ ਸੰਤਾਨ ਤਕ ਹੀ ਸੀਮਿਤ ਰਹਿ ਗਈ।[46]

(ਅ) ਉਦਾਸੀ ਸੰਪ੍ਰਦਾਇ: ਗੁਰਬਾਣੀ ਦੀ ਟੀਕਾਕਾਰੀ ਦੇ ਇਤਿਹਾਸ ਵਿਚ ਅਗਲੀ ਸੰਪ੍ਰਦਾਇ 'ਉਦਾਸੀ ਸੰਪ੍ਰਦਾਇ' ਹੈ। 'ਉਦਾਸੀ' ਸ਼ਬਦ ਸੰਸਕ੍ਰਿਤ ਦੇ ਸ਼ਬਦ 'ਉਦਾਸ' ਤੋਂ ਨਿਕਲਿਆ ਹੈ ਤੇ ਇਸ ਦਾ ਅਰਥ ਹੈ – ਉਪਰਾਮਤਾ ਜਾਂ ਵਿਰਕੋਤਤਾ। ਇਕ ਪਰਿਭਾਸ਼ਾ ਅਨੁਸਾਰ "ਉਦਾਸੀਨ ਉਹ ਪੁਰਸ਼ ਹੈ ਜੋ ਸਵਾਰਥ ਛੱਡ ਕੇ ਲੋਕ ਕਲਿਆਣ ਦੀ ਭਾਵਨਾ ਨਾਲ ਸੰਪੂਰਣ ਰਾਗ ਦਵੈਸ਼ ਤੋਂ ਪਰ੍ਹੇ ਹੋ ਕੇ ਸਭ ਨੂੰ ਆਤਮ ਸਰੂਪ, ਪਰਮਾਤਮਾ ਤੇ ਬ੍ਰਹਮ ਮੰਨਦਾ ਹੋਵੇ। [47]

ਭਾਈ ਕਾਨ੍ਹ ਸਿੰਘ ਅਨੁਸਾਰ, "ਉਦਾਸੀ ਸਿੱਖ ਕੌਮ' ਦਾ ਇਕ ਅੰਗ ਹਨ। ਇਹ ਪੰਥ ਬਾਬਾ ਸ੍ਰੀ ਚੰਦ ਤੋਂ ਚਲਿਆ ਜੋ ਕਿ ਗੁਰੂ ਨਾਨਕ ਦੇਵ ਦੇ ਵੱਡੇ ਸਪੁੱਤਰ ਸਨ। ਬਾਬਾ ਗੁਰਦਿੱਤਾ ਜੀ ਇਨ੍ਹਾਂ ਦੇ ਪਹਿਲੇ ਚੇਲੇ ਬਣੇ। ਅੱਗੇ ਇਨ੍ਹਾਂ ਦੇ ਚਾਰ ਸੇਵਕ – ਬਾਲੂ ਹਸਨਾ, ਅਲਮਸਤ, ਫੂਲ ਸ਼ਾਹ ਅਤੇ ਗੋਇੰਦ ਜੀ ਕਰਨੀ ਵਾਲੇ ਸਾਧ ਹੋਏ, ਇਨ੍ਹਾਂ ਦੇ ਨਾਉਂ ਚਾਰ ਧੂੰਏਂ ਉਦਾਸੀਆਂ ਪ੍ਰਸਿੱਧ ਹਨ।[48]

ਐਨਸਾਈਕਲੋਪੀਡੀਆ ਦਾ ਕਰਤਾ ਵੀ ਇਸੇ ਗੱਲ ਦੀ ਪੁਸ਼ਟੀ ਕਰਦਾ ਹੈ।[49]

ਉਦਾਸੀ ਸੰਪ੍ਰਦਾਇ ਦਾ ਪ੍ਰਮੁੱਖ ਵਿਦਵਾਨ ਟੀਕਾਕਾਰ "ਸੁਆਮੀ ਆਨੰਦ ਘਨ ਸੀ"[50] ਜਿਸਨੇ ਜਪੁਜੀ ਦਾ ਟੀਕਾ ਰਚਿਆ। ਇਸ ਸੰਪ੍ਰਦਾਇ ਦੇ ਹੋਰ ਵਿਦਵਾਨ ਸਾਧੂਆਂ ਨੇ ਗੁਰਬਾਣੀ ਦੇ ਟੀਕੇ ਰਚੇ ਹੋਣਗੇ ਪਰ ਉਹ ਉਪਲਬਧ ਨਹੀਂ। ਆਨੰਦ ਘਨ ਦੀ ਸ਼ੈਲੀ ਗੁਰੂ ਜੀ ਦੇ ਸਿਧਾਂਤਾਂ ਸੰਬੰਧੀ

ਭਗਤੀ ਰਖਦੀ ਹੋਈ ਵੀ ਖੁਸ਼ਕ ਹੈ ਤੇ ਆਪ ਨੇ ਜਪੁ ਬਾਣੀ ਨੂੰ ਪੌਰਾਣਿਕ ਤੁਲਨਾਤਮਕ ਪੱਖ ਨਾਲ ਪ੍ਰਤਿਪਾਦਨ ਕੀਤਾ ਹੈ।

(ੲ) ਨਿਰਮਲਾ ਸੰਪ੍ਰਦਾਇ:

ਪਹਿਲੇ ਆਲੋਚਕ, ਤੁਲਨਾਤਮਕ ਅਧਿਐਨ ਕਰਤਾ ਅਤੇ ਗੁਰੂ ਗੋਬਿੰਦ ਸਿੰਘ ਦੇ ਆਸ਼ੇ ਅਨੁਸਾਰ ਤੇ ਧਰਮ ਤੇ ਖਾਲਸਾ ਪੰਥ ਦੇ ਪ੍ਰਚਾਰਕ 'ਨਿਰਮਲੇ' ਸਨ। ਗੁਰੂ ਗੋਬਿੰਦ ਸਿੰਘ ਨੇ ਗੁਰਬਾਣੀ ਪ੍ਰਚਾਰ ਤੇ ਦਾਰਸ਼ਨਿਕ ਪ੍ਰਚਾਰ ਲਈ ਦੋ ਉਪਰਾਲੇ ਕੀਤੇ, ਪਹਿਲਾ ਗੁਰਬਾਣੀ ਦੇ ਟਕਸਾਲੀ ਅਰਥਾਂ ਲਈ, ਗਿਆਨੀ ਸੰਪਰਦਾਇ ਦੀ ਸਥਾਪਨਾ, ਜਿਸ ਦਾ ਕਿ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਅਤੇ ਦੂਜਾ ਸਿੱਖਾਂ ਵਿਚ ਧਾਰਮਿਕ ਤੇ ਦਾਰਸ਼ਨਿਕ ਖੋਜੀ ਪੰਡਿਤਾਂ ਦੀ ਸੰਪ੍ਰਦਾਇ, ਨਿਰਮਲਿਆਂ ਦੇ ਰੂਪ ਵਿਚ ਸਥਾਪਤ ਕਰਨਾ ਸੀ। ਇਹ ਦੋਵੇਂ ਉਪਰਾਲੇ ਸਿੱਖ ਇਤਿਹਾਸ ਵਿਚ ਇਕ ਵੱਡੀ ਸਾਹਿਤਕ ਲਹਿਰ ਦੀਆਂ ਦੋ ਸ਼ਾਖਾਂ ਹਨ।

ਭਾਈ ਕਾਨ੍ਹ ਸਿੰਘ ਨੇ 'ਨਿਰਮਲਾ' ਸ਼ਬਦ ਦੇ ਇਹ ਅਰਥ ਕੀਤੇ ਹਨ:

1. ਮੈਲ ਤੋਂ ਬਿਨਾਂ।

ਅਹਿਨਿਸ ਨਵਤਨ ਨਿਰਮਲਾ ਮੈਲਾ ਕਬਹੂੰ ਨਾ ਹੋਇ।[51]

2. ਸੰਗਯਾ-ਨਿਰਮਲ ਧਰਮ (ਖਾਲਸਾ ਧਰਮ) ਧਾਰਨ ਵਾਲਾ - ਗੁਰੂ ਨਾਨਕ ਦਾ ਸਿੱਖ (ਸਬਦਿ ਰਤੇ ਸੇ ਨਿਰਮਲੇ)[52]

3. ਗੁਰੂ ਗੋਬਿੰਦ ਸਿੰਘ ਨੇ ਪੰਜ ਸਿੰਘਾਂ (ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ ਤੇ ਸੋਭਾ ਸਿੰਘ) ਨੂੰ ਬ੍ਰਹਮਚਾਰੀ ਦੇ ਭੇਸ ਵਿਚ ਸੰਸਕ੍ਰਿਤ ਵਿਦਿਆ ਪੜ੍ਹਨ ਲਈ ਕਾਸ਼ੀ ਭੇਜਿਆ ਸੀ ਉਨ੍ਹਾਂ ਦੀ ਨਿਰਮਲੇ ਸੰਗਯਾ ਹੋਈ। ਇਹਨਾਂ ਨੂੰ ਨਿਰਮਲੇ ਸੱਦਿਆ ਗਿਆ।[53]

'ਸਿਧਾਂਤਕ ਪੱਖ ਤੋਂ "ਨਿਰਮਲ ਸੰਪ੍ਰਦਾਇ ਦਾ ਖਾਲਸਾ ਪੰਥ ਤੋਂ ਕੋਈ ਭਿੰਨ-ਭੇਦ ਨਹੀਂ ਪਰ ਸੰਸਕ੍ਰਿਤ ਵਿਦਿਆ ਤੇ ਪੌਰਾਣਿਕ ਗ੍ਰੰਥਾਂ ਦੇ ਬਹੁਤੇ ਅਧਿਐਨ ਕਰਕੇ ਇਨ੍ਹਾਂ ਵਿਚ ਹੌਲੀ ਹੌਲੀ ਕੁਝ

ਅਜਿਹੀਆਂ ਸਨਾਤਨੀ ਰਸਮਾਂ ਰੀਤਾਂ ਪ੍ਰਵੇਸ਼ ਕਰ ਗਈਆਂ ਹਨ ਜਿਹੜੀਆਂ ਕਿ ਸਿੱਖੀ ਮਰਯਾਦਾ ਦੇ ਅਨੁਕੂਲ ਨਹੀਂ।"[54]

ਇਸ ਸੰਪ੍ਰਦਾਇ ਦੇ ਜਪੁਜੀ ਦੇ ਟੀਕਿਆਂ ਦੀਆਂ ਕੁਝ ਕੁ ਵਿਸ਼ੇਸ਼ਤਾਵਾਂ ਇਹ ਹਨ:-

1. ਇਹ ਗੁਰਬਾਣੀ ਦੀ ਵਿਆਖਿਆ ਵੇਦਾਂਤ ਅਨੁਸਾਰ ਕਰਦੇ ਹਨ।

2. ਇਹ ਤੁਕ ਦੇ ਬਹੁਤੇ ਅਰਥ ਕੱਢਦੇ ਹਨ ਪਰੰਤੂ ਅੰਤ ਵਿਚ ਚੋਣਵੇਂ ਅਰਥ ਜ਼ਰੂਰ ਦਿੰਦੇ ਹਨ।

3. ਰਾਮ ਕ੍ਰਿਸ਼ਨ ਆਦਿ ਅਵਤਾਰਾਂ ਨੂੰ ਮੰਨਦੇ ਹਨ।

4. ਸ਼ਾਮ ਵੇਲੇ ਧੂਪ, ਦੀਪ ਆਦਿ ਨਾਲ ਗੁਰੂ ਜੀ ਦੀ ਪੂਜਾ ਤੇ ਆਰਤੀ ਕਰਦੇ ਹਨ। ਗੁਰਦੁਆਰੇ ਤੇ ਸੰਤਾਂ, ਸਾਧਾਂ ਦੀਆਂ ਸਮਾਧਾਂ ਉੱਤੇ ਧੂਪ-ਦੀਪ ਤੇ ਫੁੱਲ ਚੜ੍ਹਾਉਣਾ ਜ਼ਰੂਰੀ ਸਮਝਦੇ ਹਨ।

5. ਗੁਰੂ ਗਰੰਥ ਸਾਹਿਬ ਨੂੰ ਸਰਬੋਤਮ ਮੰਨਦੇ ਹੋਏ ਵੀ ਪੁਰਾਣ ਆਦਿ ਸ਼ਾਸਤ੍ਰਾਂ ਦਾ ਸਤਿਕਾਰ ਕਰਦੇ ਹਨ।

ਨਿਰਮਲਾ ਸ਼ਾਖਾ ਦੇ 'ਜਪੁਜੀ' ਦੇ ਉਘੇ ਟੀਕਾਕਾਰਾਂ ਵਿਚੋਂ ਭਾਈ ਸੰਤੋਖ ਸਿੰਘ, ਪੰਡਿਤ ਤਾਰਾ ਸਿੰਘ ਨਰੋਤਮ, ਸੰਤ ਗੁਲਾਬ ਸਿੰਘ ਤੇ ਗਿਆਨੀ ਗਿਆਨ ਸਿੰਘ ਆਦਿ ਦੇ ਨਾਂ ਲਏ ਜਾ ਸਕਦੇ ਹਨ। ਇਨ੍ਹਾਂ ਟੀਕਿਆਂ ਨੂੰ ਵੇਦਾਂਤ ਦੀ ਪੁੱਠ ਚੜ੍ਹੀ ਹੋਈ ਹੈ। ਇਨ੍ਹਾਂ ਨੇ ਬੁੱਤ ਪੂਜਾ ਤੇ ਮੂਰਤੀ ਪੂਜਾ ਦਾ ਖੰਡਨ ਕੀਤਾ ਹੈ।

(ਸ) ਗਿਆਨੀ ਸੰਪ੍ਰਦਾਇ:

'ਜਪੁ' ਬਾਣੀ ਦੀ ਟੀਕਾਕਾਰੀ ਦੇ ਪ੍ਰਸੰਗ ਵਿਚ ਅਗਲੀ ਸਾਖਾ 'ਗਿਆਨੀ ਸੰਪ੍ਰਦਾਇ' ਹੈ, ਜਿਸ ਦੇ ਮੋਢੀ ਭਾਈ ਮਨੀ ਸਿੰਘ ਸਨ। ਉਹ ਅਪਣੇ ਸਮੇਂ ਦੀ ਇਕ ਪਰਮ ਸਤਿਕਾਰਯੋਗ ਸ਼ਖਸੀਅਤ ਸਨ, ਜੋ ਕਿ ਗਿਆਨ ਦੇ ਭੰਡਾਰ 'ਤੇ ਗੁਰੂ ਘਰ ਦੇ ਵਰੋਸਾਇ ਹੋਏ ਸਿੱਖ ਸਨ।

"ਗੁਰੂ ਗੋਬਿੰਦ ਸਿੰਘ ਦੇ ਸਮੇਂ ਵਿਆਖਿਆਕਾਰੀ ਤੇ ਟੀਕਾਕਾਰੀ ਦੀ 'ਗਿਆਨੀ ਸੰਪ੍ਰਦਾਇ' ਚਲੀ, ਜਿਸ ਦਾ ਕੰਮ ਗੁਰਬਾਣੀ ਤੇ ਗੁਰੂ ਇਤਿਹਾਸ ਸੰਬੰਧੀ ਅਧਿਐਨ ਕਰਨਾ ਸੀ। 'ਗਿਆਨੀ' ਦੇ ਸ਼ਬਦੀ ਅਰਥ ਹਨ, ਜਾਣਨ ਵਾਲਾ ਜਾਂ ਗਿਆਤਾ। ਦੂਜੇ ਸ਼ਬਦਾਂ ਵਿਚ ਗਿਆਨੀ ਸ਼ਬਦ ਉਸ ਵਿਅਕਤੀ ਲਈ ਵਰਤਿਆ ਜਾਂਦਾ ਹੈ, ਜੋ ਵਿਦਵਾਨ ਹੋਵੇ। ਗਿਆਨੀਆਂ ਦੀ ਲੜੀ ਭਾਈ ਮਨੀ ਸਿੰਘ ਤੋਂ ਚਲਦੀ ਹੈ। ਉਨ੍ਹਾਂ ਨੇ ਗੁਰਬਾਣੀ ਦੇ ਅਰਥ ਤੇ ਵਿਆਖਿਆ ਗੁਰੂ ਗੋਬਿੰਦ ਸਿੰਘ ਦੇ ਮੁਖਾਰ ਬਿੰਦ ਤੋਂ ਆਪ ਸੁਣੀ। ਇਥੋਂ ਹੀ ਭਾਈ ਸਾਹਿਬ ਨੂੰ ਗੁਰੂ ਗਰੰਥ ਸਾਹਿਬ ਦੀ ਕਥਾ ਦੇ ਮਾਧਿਅਮ ਰਾਹੀਂ ਸਿੱਖ ਸੰਗਤਾਂ ਨੂੰ ਗੁਰਬਾਣੀ ਅਤੇ ਗੁਰੂ ਇਤਿਹਾਸ ਤੋਂ ਜਾਣੂ ਕਰਾਉਣ ਦੀ ਪ੍ਰੇਰਣਾ ਮਿਲੀ। ਉਨ੍ਹਾਂ ਦੀ ਵਿਦਵਤਾ ਤੋਂ ਪ੍ਰਸੰਨ ਹੋ ਕੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ 'ਗਿਆਨੀ' ਦੀ ਪਦਵੀ ਪ੍ਰਦਾਨ ਕੀਤੀ। ਜੋ ਪਦਵੀ ਭਾਈ ਗੁਰਦਾਸ ਨੇ ਗੁਰੂ ਅਰਜਨ ਦੇਵ ਜੀ ਦੀ ਆਗਿਆ ਨਾਲ 'ਆਦਿ ਗ੍ਰੰਥ' ਦੀ ਬੀੜ ਤਿਆਰ ਕਰਕੇ ਪ੍ਰਾਪਤ ਕੀਤੀ, ਉਹੋ ਹੀ ਪਦਵੀ ਭਾਈ ਮਨੀ ਸਿੰਘ ਨੇ ਗੁਰੂ ਗੋਬਿੰਦ ਸਿੰਘ ਦੇ ਹੁਕਮ ਨਾਲ 'ਦਮਦਮੀ ਬੀੜ' ਤਿਆਰ ਕਰਕੇ ਪਾ੍ਰਪਤ ਕੀਤੀ। ਉਨ੍ਹਾਂ ਕੋਲੋਂ ਗੁਰਬਾਣੀ ਪੜ੍ਹਨ ਤੇ ਅੱਗੋਂ ਪੜ੍ਹਾਉਣ ਵਾਲੇ ਵੀ ਗਿਆਨੀ ਅਖਵਾਏ ਤੇ ਇਸ ਤਰ੍ਹਾਂ ਹੌਲੀ-ਹੌਲੀ ਇਨ੍ਹਾਂ ਵਿਦਵਾਨਾਂ ਦੀ ਇਕ 'ਗਿਆਨੀ ਸੰਪ੍ਰਦਾਇ' ਚਲ ਪਈ।'[55]

ਇਸ ਕਿਸਮ ਦੀ ਵਿਆਖਿਆ ਪ੍ਰਣਾਲੀ ਭਾਈ ਮਨੀ ਸਿੰਘ ਤੋਂ ਚਲੀ ਸੀ ਤੇ ਉਨ੍ਹਾਂ ਤੋਂ ਅੱਗੇ ਸੀਨਾ-ਬਸੀਨਾ ਹੁਣ ਤੱਕ ਚੱਲੀ ਆ ਰਹੀ ਹੈ। ਇਨ੍ਹਾਂ ਗਿਆਨੀਆਂ ਦੀਆਂ ਕਈ ਪੀੜ੍ਹੀਆਂ ਬਣ ਗਈਆਂ ਹਨ। ਅੰਮ੍ਰਿਤਸਰ ਅਤੇ ਦਮਦਮਾ ਸਾਹਿਬ ਵਿਖੇ ਇਨ੍ਹਾਂ ਦੇ ਮੁੱਖ ਦਫ਼ਤਰ ਹਨ।

ਗਿਆਨੀ ਸੰਪ੍ਰਦਾਇ ਦੀ ਇਕ ਬੰਸਾਵਲੀ ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਦੀ ਇਕ ਹੱਥ ਲਿਖਤ ਅਨੁਸਾਰ ਇਸ ਤਰ੍ਹਾਂ ਬਿਆਨ ਕੀਤੀ ਹੈ; "ਸ਼ਬਦ ਅਰਥ ਦਸਵੀਂ ਪਾਤਸ਼ਾਹੀ ਤੇ ਭਾਈ ਮਨੀ ਸਿੰਘ ਨੇ ਪੜ੍ਹੇ, ਤਿਨਾ ਤੇ ਭਾਈ ਦੀਵਾਨ ਸਿੰਘ ਨੇ, ਤਿਨਾ ਤੇ ਭਾਈ ਗੁਰਦਿਆਲ ਸਿੰਘ, ਤਿਨਾ ਤੇ ਭਾਈ ਅਮਰ ਸਿੰਘ ਤੇ ਤਿਨਾ ਤੇ ਭਾਈ ਗੁਰਬਖਸ਼ ਸਿੰਘ, ਤਿਨਾ ਤੇ ਭਾਈ ਅਮਰ ਸਿੰਘ ਨੇ ਤਿਨਾ ਤੇ ਭਾਈ ਸੂਰਤ ਸਿੰਘ ਨੇ, ਤਿਨਾ ਤੇ ਭਾਈ ਕੌਲ ਸਿੰਘ ਨੇ, ਤਿਨਾ ਤੇ ਭਾਈ ਰਾਮ ਸਿੰਘ

ਤੇ ਭਾਈ ਚੰਦਾ ਸਿੰਘ ਨੇ, ਤਿਨਾ ਤੇ ਭਾਈ ਦਇਆ ਸਿੰਘ,[56] ਇਹ ਬੰਸਾਵਲੀ ਡਾ. ਸ਼ੇਰ ਸਿੰਘ ਬੰਸਾਵਲੀ ਨਾਲ ਸਿਵਾਏ ਕੁਝ ਅੰਤਰ ਦੇ ਕਾਫੀ ਮਿਲਦੀ ਹੈ।

"ਇਸ ਸੰਪ੍ਰਦਾਇ ਦੇ ਅਨੁਯਾਈ ਬਾਕਾਇਦਾ ਅਰਥ ਪੜ੍ਹਦੇ ਰਹਿੰਦੇ ਹਨ, ਵਿਦਵਾਨ ਗਿਆਨੀ ਕਥਾ ਕਰਦੇ ਹਨ ਤੇ ਉਨ੍ਹਾਂ ਦੇ ਸ਼ਿਸ਼ ਨਾਲ ਦੇ ਨਾਲ ਅਰਥ ਲਿਖਦੇ ਰਹਿੰਦੇ ਹਨ। ਇਹ ਰਿਵਾਜ ਅੱਜ ਤੱਕ ਗਿਆਨੀ ਸੰਪ੍ਰਦਾਇ ਵਿਚ ਪ੍ਰਚੱਲਿਤ ਹੈ।"[57] ਸ਼ਹੀਦ ਬਿਲਾਸ ਅਨੁਸਾਰ ਭਾਈ ਮਨੀ ਸਿੰਘ ਦੀ ਵਿਦਵਤਾ ਤੇ ਗਿਆਨ ਸਦਕਾ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਣ ਉਪਰੰਤ ਅੰਮ੍ਰਿਤਸਰ ਦੇ ਸਿੱਖਾਂ ਦੀ ਬੇਨਤੀ ਨੂੰ ਸਵੀਕਾਰ ਕਰਦਿਆ ਹੋਇਆਂ ਭਾਈ ਸਾਹਿਬ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਗ੍ਰੰਥੀ ਤੇ ਅਕਾਲ ਬੁੰਗੇ ਦਾ ਜੱਥੇਦਾਰ ਨਿਯੁਕਤ ਕਰਕੇ ਭੇਜਿਆ।

"ਗੁਰਬਾਣੀ ਵਿਆਖਿਆ ਦੀ ਇਸ ਸ਼ਾਖਾ ਨੂੰ ਗੁਰੂ ਘਰ ਦੀ ਪ੍ਰਵਾਨਗੀ ਪ੍ਰਾਪਤ ਸੀ। ਇਸ ਸ਼ਾਖਾ ਦਾ ਵਾਸਤਵਿਕ ਉਥਾਨ ਭਾਈ ਮਨੀ ਸਿੰਘ ਦੇ ਟੀਕਿਆਂ ਦੁਆਰਾ ਹੋਇਆ ਅਤੇ ਅੱਗੋਂ ਚਲ ਕੇ ਇਹ ਸ਼ਾਖਾ 'ਗਿਆਨੀ ਸੰਪ੍ਰਦਾਇ' ਅਖਵਾਈ। ਇਹ ਹੁਣ ਤਕ ਵੀ ਕਾਇਮ ਹੈ।"[58]

ਆਮ ਤੌਰ ਤੇ ਇਨ੍ਹਾਂ ਦੀਆਂ ਪੁਸਤਕਾਂ ਗੁਰਬਾਣੀ ਦੇ ਅਰਥਾਂ ਜਾਂ ਟੀਕਾ ਟਿੱਪਣੀਆ ਦੇ ਰੂਪ ਵਿਚ ਹੀ ਹੁੰਦੀਆਂ ਹਨ।

ਗਿਆਨੀ ਸੰਪ੍ਰਦਾਇ ਦੇ ਮੋਢੀ ਭਾਈ ਮਨੀ ਸਿੰਘ ਦਾ 'ਜਪੁ' ਟੀਕਾ ਮਿਲਦਾ ਹੈ। ਇਸੇ ਪ੍ਰਸੰਗ ਵਿਚ ਰਿਆਸਤ ਫਰੀਦਕੋਟ ਦੇ ਰਾਜੇ ਬਿਕ੍ਰਮ ਸਿੰਘ ਦੇ ਉੱਦਮ ਨਾਲ ਕੁਝ ਕੁ ਗਿਆਨੀਆਂ ਨੇ ਮਿਲਕੇ ਸ੍ਰੀ ਗੁਰੂ ਗਰੰਥ ਸਾਹਿਬ ਦਾ ਟੀਕਾ ਕੀਤਾ, ਜਿਸਦੇ ਆਰੰਭ ਵਿਚ ਜਪੁਜੀ ਦਾ ਟੀਕਾ ਹੈ। ਇਸੇ ਲੜੀ ਵਿਚ ਭਾਈ ਵੀਰ ਸਿੰਘ ਦਾ ਟੀਕਾ "ਸੰਥਿਆ ਪੋਥੀਆਂ" ਵੀ ਵਰਣਨਯੋਗ ਹਨ।

ਸੰਪ੍ਰਦਾਇ ਟੀਕਿਆਂ ਦੀਆਂ ਕੁਝ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਵਰਣਨ ਕੀਤੀਆਂ ਜਾ ਸਕਦੀਆਂ ਹਨ।

1. ਇਕ ਤੁਕ ਦੇ ਬਹੁਤੇ ਅਰਥ ਕਰਦੇ ਹਨ।
2. ਇਕ ਅਰਥ ਨੂੰ ਮੁੱਖ ਬਾਕੀਆਂ ਨੂੰ ਗੌਣ ਮੰਨਦੇ ਹਨ।

3. ਅਰਥ ਕਰਦਿਆਂ ਪੌਰਾਣਿਕ ਕਥਾ ਕਹਾਣੀਆਂ ਦੇ ਹਵਾਲੇ ਦਿੰਦੇ ਹਨ।

4. ਇਹ ਪਰੰਪਰਾ ਦਾ ਪਾਲਣ ਕਰਦੇ ਹਨ ਅਤੇ ਸੰਪ੍ਰਦਾਇਕ ਅਰਥਾਂ ਤੋਂ ਇੱਧਰ ਉਧਰ ਨਹੀਂ ਜਾਂਦੇ।

5. ਅਰਥਾਂ ਨੂੰ ਵਧੇਰੇ ਸਪੱਸ਼ਟ ਕਰਨ ਲਈ ਇਹ ਪ੍ਰਸ਼ੋਨਤਰੀ ਢੰਗ ਅਪਣਾਉਂਦੇ ਹਨ।

**(ਹ) ਸੇਵਾ ਪੰਥੀ ਸੰਪ੍ਰਦਾਇ:**

ਇਹ ਸੰਪ੍ਰਦਾਇ 'ਸੇਵਾ ਪੰਥੀਆਂ' ਦੀ ਹੈ, ਜਿਸ ਦੀ ਵਿਚਾਰਧਾਰਾ ਗਿਆਨੀ ਸੰਪ੍ਰਦਾਇ ਨਾਲ ਮਿਲਦੀ ਹੈ। ਇਹ ਸਿੱਖ ਮੱਤ ਦੀ ਹੀ ਇਕ ਸੰਪ੍ਰਦਾਇ ਹੈ, ਜਿਸਦੇ ਸੰਚਾਲਕ ਭਾਈ ਕਨ੍ਹਈਆ ਜੀ ਸਨ ਜੋ ਕਿ ਗੁਰੂ ਗੋਬਿੰਦ ਸਿੰਘ ਦੇ ਮੁਗਲਾਂ ਨਾਲ ਯੁੱਧ ਸਮੇਂ ਹਿੰਦੂ, ਸਿੱਖ ਤੇ ਮੁਸਲਮਾਨ ਫੱਟੜਾਂ ਨੂੰ ਇਕ ਸਮਾਨ ਸਮਝ ਕੇ ਸੇਵਾ ਕਰਦੇ ਰਹੇ ਸਨ।

ਸੇਵਾ ਪੰਥੀ ਗੁਰੂ ਸਾਹਿਬਾਨ ਵਿਚ ਪੂਰੀ ਸ਼ਰਧਾ ਰੱਖਦੇ ਹਨ ਅਤੇ ਆਪਣਾ ਇਸ਼ਟ ਗੁਰੂ ਗਰੰਥ ਸਾਹਿਬ ਨੂੰ ਹੀ ਮੰਨਦੇ ਹਨ। ਭਾਵੇਂ ਆਤਮਿਕ ਗਿਆਨ ਲਈ ਗੀਤਾ ਤੇ ਰਮਾਇਣ ਆਦਿ ਵੀ ਪੜ੍ਹਦੇ ਹਨ। ਸੇਵਾ, ਸਿਮਰਨ, ਕਥਾ ਕੀਰਤਨ ਅਤੇ ਦਸਾਂ ਨਹੁੰਆਂ ਦੀ ਕਿਰਤ ਕਰਕੇ ਖਾਣਾ, ਇਨ੍ਹਾਂ ਦੇ ਵਿਸ਼ੇਸ਼ ਕਰਤੱਵ ਹਨ। ਅੰਮ੍ਰਿਤਸਰ ਵਿਚ ਸੱਤੋ ਵਾਲੀ ਗਲੀ ਨੂੰ ਅਜ ਤਕ ਕਥਾ ਦਾ ਇਕ ਮੁੱਖ ਅਸਥਾਨ ਮੰਨਿਆ ਜਾਂਦਾ ਹੈ। ਇਹ ਡੇਰਾ ਸੰਪ੍ਰਦਾਇ ਅਰਥਾਂ ਦੀ ਟਕਸਾਲ ਸਮਝਿਆ ਜਾਂਦਾ ਹੈ। ਸੰਤ ਅਮੀਰ ਸਿੰਘ (1870 ਤੋਂ 1954 ਈ.) ਇਸ ਡੇਰੇ ਦੇ ਉਘੇ ਕਥਾਕਾਰ ਹੋਏ ਹਨ। ਉਨ੍ਹਾਂ ਦੇ ਅਨੁਯਾਈ ਅਜ ਤਕ ਉਨ੍ਹਾਂ ਦੀਆਂ ਪਾਈਆਂ ਲੀਹਾਂ ਤੇ ਚੱਲ ਰਹੇ ਹਨ।"[59]

ਇਸ ਬਾਰੇ ਕਿਹਾ ਜਾਂਦਾ ਹੈ ਕਿ ਭਾਈ ਰਾਮ ਕ੍ਰਿਸ਼ਨ (1788 ਤੋਂ 1888 ਈ.) ਸੇਵਾ ਪੰਥੀ ਨੇ ਜਪੁਜੀ ਦਾ ਟੀਕਾ ਲਿਖਿਆ ਸੀ, ਪਰ ਪੂਰਾ ਜਤਨ ਕਰਨ ਤੇ ਵੀ ਉਨ੍ਹਾਂ ਦਾ ਕੋਈ ਪ੍ਰਮਾਣਿਕ ਟੀਕਾ ਅਜ ਤਕ ਮਿਲ ਨਹੀਂ ਸਕਿਆ। ਹਾਂ ਕੁਝ ਪੁਸਤਕਾਲਿਆਂ ਵਿਚ ਇਨ੍ਹਾਂ ਦੇ ਨਾਂ ਹੇਠ ਪ੍ਰਚਲਿਤ ਹੱਥ ਲਿਖਤੀ ਟੀਕੇ ਮਿਲਦੇ ਹਨ ਜੋ ਕਿ ਅਸਲ ਵਿਚ ਇਨ੍ਹਾਂ ਦੀ ਰਚਨਾ ਨਹੀਂ। ਇਹ ਭੁਲੇਖਾ ਇਸ ਲਈ ਪਿਆ ਹੈ ਕਿ ਇਨ੍ਹਾਂ ਟੀਕਿਆਂ ਦੇ ਆਰੰਭ ਵਿਚ ਰਾਮ-ਕ੍ਰਿਸ਼ਨ ਲਿਖਿਆ ਹੋਇਆ ਮਿਲਦਾ ਹੈ। ਇਨ੍ਹਾਂ ਵਿਚ ਆਰੰਭਿਕ ਦੋਹਰਾ ਇਸ ਤਰ੍ਹਾਂ ਹੈ:

ੴ ਸਤਿਗੁਰ ਪ੍ਰਸਾਦਿ

ਸ੍ਰੀ ਗੁਰ ਨਾਨਕ ਚਰਨਿ ਰਜ ਰਾਮ ਕ੍ਰਿਸ਼ਨ ਉਰਧਾਰਾ

ਜਪੁ ਪਰਮਾਰਥ ਯਹ ਕਹਉ ਜਥਾ ਬੁਧ ਅਨੁਸਾਰਾ।

ਇਸ ਦੋਹਰੇ ਵਿਚ ਟੀਕਾਕਾਰ ਨੇ ਆਪਣੇ ਆਪ ਨੂੰ ਗੁਰੂ ਨਾਨਕ ਦੇ ਚਰਨਾਂ ਦੀ ਧੂੜ ਕਹਿ ਕੇ ਫਿਰ ਰਾਮ ਤੇ ਕ੍ਰਿਸ਼ਨ ਨੂੰ ਧਿਆਇਆ ਹੈ ਪਰੰਤੂ ਇਹ ਟੀਕਾਕਾਰ ਦਾ ਨਾਂ ਨਹੀਂ। ਇਸ ਪੁਸ਼ਟੀ ਵਿਚ ਹੋਰ ਕਾਰਣ ਇਹ ਦਿੱਤੇ ਜਾ ਸਕਦੇ ਹਨ:

1. ਕਦੇ ਵੀ ਕੋਈ ਟੀਕਾਕਾਰ ਟੀਕੇ ਦੇ ਆਰੰਭ ਵਿਚ ਆਪਣਾ ਨਾਂ ਨਹੀਂ ਦਿੰਦਾ ਤੇ ਉਹ ਉਸ ਦੇ ਮੰਗਲਾਚਰਣ ਵਿਚ ਆਪਣੇ ਇਸ਼ਟ ਦੀ ਅਰਾਧਨਾ ਕਰਦਾ ਹੈ।

2. ਟੀਕੇ ਦੇ ਅਧਿਐਨ ਤੋਂ ਪ੍ਰਗਟ ਹੁੰਦਾ ਹੈ ਕਿ ਟੀਕਾ ਕਿਸੇ ਉਦਾਸੀ ਸਿੱਖ ਦਾ ਲਿਖਿਆ ਹੋਇਆ ਹੈ ਕਿਉਂਕਿ ਇਸ ਵਿਚ ਉਦਾਸੀ ਭੇਖ ਅਤੇ ਉਦਾਸੀ ਸੰਪ੍ਰਦਾਇ ਦਾ ਵਰਣਨ ਹੈ।[60]

3. ਟੀਕੇ ਦੇ ਅੰਤ ਵਿਚ ਟੀਕਾਕਾਰ ਆਪਣੇ ਆਪ ਨੂੰ ਗੁਰ ਸੇਵਾਦਾਸ ਦਾ ਸਿੱਖ ਕਹਿੰਦਾ ਹੈ ਅਤੇ ਸੇਵਾਦਾਸ ਇਕ ਉਘਾ ਉਦਾਸੀ ਹੋਇਆ ਹੈ ਜੋ ਕਿ ਬਾਬਾ ਬਾਲੂ ਹਸਨਾ ਦਾ ਚੇਲਾ ਸੀ।[61]

ਅੰਤ ਵਿਚ ਇਹ ਸ਼ਬਦ ਲਿਖੇ ਮਿਲਦੇ ਹਨ:-

ਸ੍ਰੀ ਗੁਰੂ ਸੇਵਾ ਦਾਸ ਸਿੱਖ ਰਾਮ ਕ੍ਰਿਸ਼ਨ ਉਰਧਾਰਾ।

ਜਪ ਪਰਮਾਰਥ ਯਹ ਕਹਿਓ ਯਥਾ ਬੁਧ ਅਨੁਸਾਰਾ

ਇਤਿ ਸ੍ਰੀ ਜਪੁ ਪਰਮਾਰਥ ਸੰਪੂਰਣੰ ਸੁਭ ਮਸਤ।

ਇਥੇ ਇਹ ਦੱਸਣਾ ਭੀ ਯੋਗ ਹੋਵੇਗਾ ਕਿ ਵਿਚਾਰ ਅਧੀਨ ਟੀਕੇ ਦਾ ਲਿਖਾਰੀ 'ਰਾਮ ਕ੍ਰਿਸ਼ਨ' ਨੂੰ ਮੰਨਣ ਵਾਲੇ ਵਿਦਵਾਨ ਇਹ ਦਲੀਲ ਦਿੰਦੇ ਹਨ ਕਿ ਜੇ ਇਸ ਟੀਕੇ ਵਿਚ ਡੰਡਉਤ ਰਾਮ ਤੇ ਕ੍ਰਿਸ਼ਨ ਨੂੰ ਕੀਤੀ ਹੁੰਦੀ ਤਾਂ ਰਾਮ ਕ੍ਰਿਸ਼ਨ ਇਕੱਠਾ ਨਹੀਂ ਸੀ ਆ ਸਕਦਾ। ਸਗੋਂ ਦੋ

ਅਵਤਾਰ ਹੋਣ ਕਰਕੇ ਵੱਖੋ-ਵਖਰੇ ਨਾਂ ਹੁੰਦੇ ਪਰੰਤੂ ਰਾਮ ਕ੍ਰਿਸ਼ਨ ਨੂੰ ਇਕੱਠਿਆਂ ਹੋਰ ਟੀਕਿਆਂ ਵਿਚ ਵੀ ਧਿਆਇਆ ਗਿਆ ਹੈ।[62]

ਸੋ ਇਹ ਦਲੀਲ ਵੀ ਇਸ ਟੀਕੇ ਨੂੰ ਰਾਮ ਕ੍ਰਿਸ਼ਨ ਦੀ ਰਚਨਾ ਸਿੱਧ ਨਹੀਂ ਕਰਦੀ।

ਇਹ ਠੀਕ ਹੈ ਕਿ ਭਾਈ ਰਾਮ ਕ੍ਰਿਸ਼ਨ ਇਕ ਪ੍ਰਸਿੱਧ ਸੇਵਾ ਪੰਥੀ ਹੋਇਆ ਹੈ ਪਰ ਉਸ ਨੇ ਕੋਈ ਜਪੁ ਬਾਣੀ ਦਾ ਟੀਕਾ ਨਹੀਂ ਲਿਖਿਆ ਅਤੇ ਇਹ ਅਖੌਤੀ ਰਾਮ ਕ੍ਰਿਸ਼ਨ ਦਾ ਟੀਕਾ ਸੌ ਫੀਸਦੀ ਕਿਸੇ ਉਦਾਸੀ ਸਿੱਖ ਦਾ ਲਿਖਿਆ ਹੋਇਆ ਹੈ।

**(ਕ) ਆਧੁਨਿਕ ਵਿਦਵਾਨ ਪ੍ਰਣਾਲੀ:**

19ਵੀਂ ਸਦੀ ਦੇ ਅੰਤ ਵਿਚ ਪੱਛਮੀ ਸਭਿਅਤਾ ਤੇ ਅੰਗਰੇਜ਼ੀ ਵਿੱਦਿਆ ਦੇ ਪ੍ਰਭਾਵ ਦੇ ਪ੍ਰਤਿਕਰਮ ਵਜੋਂ ਸਿੱਖਾਂ ਵਿਚ ਇਕ ਨਵੀਂ ਲਹਿਰ ਚੱਲੀ, ਜਿਸ ਦਾ ਨਾਂ 'ਸਿੰਘ ਸਭਾ ਲਹਿਰ' ਸੀ। ਦੇਸ ਵਿਚ ਲੋਕਾਂ ਵੱਲੋਂ ਕੋਈ ਲਹਿਰ ਚੱਲੇ, ਚਾਹੇ ਸਮਾਜਕ ਹੋਵੇ ਤੇ ਚਾਹੇ ਰਾਜਸੀ, ਸਾਹਿਤ ਉਤੇ ਇਸ ਦਾ ਪ੍ਰਭਾਵ ਜ਼ਰੂਰ ਪੈਂਦਾ ਹੈ। ਸਿੰਘ ਸਭਾ ਲਹਿਰ ਦਾ ਵੀ ਜਿਹੜੀ ਕਿ ਸਮਾਜਕ ਤੇ ਧਾਰਮਕ ਦੋਹਾਂ ਲਹਿਰਾਂ ਦਾ ਮੇਲ ਸੀ, ਪੰਜਾਬੀ ਸਾਹਿਤ ਤੇ ਬਹੁਤ ਪ੍ਰਭਾਵ ਪਿਆ।

ਗੁਰਬਾਣੀ ਬਾਰੇ ਖੋਜ, ਇਸ ਦੇ ਅਸਲੀ ਭਾਵ ਸਮਝਣ ਲਈ ਤੇ ਬਾਣੀ ਬਾਰੇ ਪਾਏ ਜਾਂਦੇ ਭੁਲੇਖਿਆਂ ਨੂੰ ਦੂਰ ਕਰਨ ਲਈ "ਗੁਰਮਤਿ ਗ੍ਰੰਥ ਪ੍ਰਚਾਰ ਕਮੇਟੀ" ਬਣਾਈ ਗਈ। ਸਿੰਘ ਸਭਾ ਲਹਿਰ ਥੱਲੇ ਹੀ 'ਸਿੱਖ ਰੀਸਰਚ ਸੁਸਾਇਟੀ' ਤੇ ਅੰਮ੍ਰਿਤਸਰ 'ਖਾਲਸਾ ਕਾਲਜ ਸਿੱਖ ਹਿਸਟੋਰੀਕਲ ਰੀਸਰਚ ਸੁਸਾਇਟੀ' ਬਣਾਈ ਗਈ। ਇਨ੍ਹਾਂ ਨੇ ਪੰਜਾਬੀ ਸਾਹਿਤ ਤੇ ਸਿੱਖ ਇਤਿਹਾਸ ਦੀ ਖੋਜ ਵਿਚ ਨਿੱਗਰ ਹਿੱਸਾ ਪਾਇਆ। ਖੋਜੀਆਂ ਅਤੇ ਵਿਦਵਾਨਾਂ ਵਿਚੋਂ ਮਹਾਨ ਪਦਵੀ ਭਾਈ ਕਾਨ੍ਹ ਸਿੰਘ ਨਾਭਾ ਦੀ ਹੈ। ਜਿਨ੍ਹਾਂ ਨੇ ਗੁਰਮਤਿ ਸੁਧਾਕਰ, ਗੁਰਮਤਿ ਪ੍ਰਭਾਕਰ, ਗੁਰਸ਼ਬਦ ਰਤਨਾਕਰ ਤੇ ਗੁਰਛੰਦ ਦਿਵਾਕਰ ਆਦਿ ਰਚਨਾਵਾਂ ਕਰਕੇ ਸਿੱਖ ਧਰਮ ਦੀ ਖੋਜ ਵਿਚ ਮਹਾਨ ਹਿੱਸਾ ਪਾਇਆ ਤੇ ਨਵੀਆ ਲੀਹਾਂ ਉਸਾਰੀਆਂ। ਇਸੇ ਲੜੀ ਵਿਚ ਪ੍ਰਿੰ. ਤੇਜਾ ਸਿੰਘ ਨੇ ਆਦਿ ਗ੍ਰੰਥ ਦਾ ਸ਼ਬਦਾਰਥ, ਪ੍ਰੋ. ਸਾਹਿਬ ਸਿੰਘ ਨੇ ਗੁਰਬਾਣੀ ਵਿਆਕਰਣ ਤੇ ਭਾਈ ਜੋਧ ਸਿੰਘ ਨੇ ਗੁਰਮਤਿ ਨਿਰਣਯ ਲਿਖ ਕੇ ਵਿਸ਼ੇਸ਼ ਹਿੱਸਾ ਪਾਇਆ।

ਨਵੀਨ ਕਾਲ ਵਿਚ ਜਪੁਜੀ ਦੇ ਬਹੁਤ ਟੀਕੇ ਲਿਖੇ ਗਏ। ਇਸ ਤੋਂ ਪਹਿਲਾਂ ਲਿਖੇ ਗਏ ਟੀਕਿਆਂ ਵਿਚ ਵਿਆਖਿਆ ਦਾ ਢੰਗ ਕੁਝ ਅਜਿਹਾ ਸੀ ਕਿ ਕਈ ਵਾਰੀ ਟੀਕਾ ਮੌਲਿਕ ਨਾਲੋਂ ਵੀ ਔਖਾ ਹੋ ਜਾਂਦਾ ਸੀ। ਪਰ ਹੁਣ ਟੀਕੇ ਵਿਗਿਆਨਕ ਦ੍ਰਿਸ਼ਟੀ ਤੋਂ ਕੀਤੇ ਜਾਣ ਲੱਗੇ ਜੋ ਕਿ ਆਧੁਨਿਕ ਪਾਠਕਾਂ ਦੀ ਬੌਧਿਕਤਾ ਨੂੰ ਵੀ ਸੰਤੁਸ਼ਟ ਕਰਦੇ ਹਨ। ਇਹ ਟੀਕੇ ਪਹਿਲਾਂ ਸੰਤ ਭਾਖਾ ਜਾਂ ਬ੍ਰਜ ਭਾਸ਼ਾ ਵਿਚ ਲਿਖੇ ਜਾਂਦੇ ਸਨ ਪਰ ਹੁਣ ਠੇਠ ਪੰਜਾਬੀ ਵਿਚ ਲਿਖੇ ਜਾਣ ਲੱਗੇ। ਭਾਵੇਂ ਪੁਰਾਣੇ ਢੰਗ ਦੇ ਲਿਖੇ ਟੀਕੇ ਇਸ ਕਾਲ ਵਿਚ ਵੀ ਮਿਲਦੇ ਹਨ। ਜਿਵੇਂ ਸੰਤ ਆਤਮਾ ਸਿੰਘ ਗਿਆਨੀ ਨੇ ਸਾਖੀ ਪ੍ਰਮਾਣ ਵਿਚ ਜਪੁਜੀ ਦੀਆਂ ਕੁਝ ਚੋਣਵੀਆਂ ਤੁਕਾਂ ਦੀਆਂ ਸਾਖੀਆਂ ਤੇ ਕਹਾਣੀਆਂ ਦੁਆਰਾ ਵਿਆਖਿਆ ਕੀਤੀ ਹੈ। ਇਸੇ ਤਰ੍ਹਾਂ ਕਰਤਾਰ ਸਿੰਘ ਦੱਤ ਬ੍ਰਹਮ ਗਿਆਨੀ ਦੁਆਰਾ ਜਪੁਜੀ ਸਟੀਕ ਵਿੱਚ ਜਪੁਜੀ ਦੇ ਕੁਝ ਵਿਸ਼ਿਆਂ ਦਾ ਵਿਸਤਾਰ ਕੀਤਾ ਗਿਆ ਹੈ। ਗਿਆਨੀ ਲਾਲ ਸਿੰਘ ਸੰਗਰੂਰ ਦੀ ਕ੍ਰਿਤ "ਗੁਰਮਤਿ ਮਾਰਤੰਡ" ਅਤੇ ਸੋਢੀ ਹਜਾਰਾ ਸਿੰਘ ਦੀ ਰਚਨਾ 'ਜਪੁ ਬੀਚਾਰ' ਇਸ ਪੱਖ ਤੋਂ ਮਹਾਨਤਾ ਦੀਆਂ ਲਖਾਇਕ ਹਨ। 'ਗੁਰਮਤਿ ਮਾਰਤੰਡ' ਵਿਚ ਜਪੁਜੀ ਦੇ ਸ਼ਬਦਾਂ ਦਾ ਪਿਛੋਕੜ ਦੱਸਿਆ ਗਿਆ ਹੈ ਤੇ 'ਜਪੁ ਬੀਚਾਰ' ਵਿਚ ਇਤਿਹਾਸਕ, ਵਿਆਕਰਣਿਕ ਤੇ ਵਿਆਖਿਆਮਈ ਦ੍ਰਿਸ਼ਟੀ ਤੋਂ ਦਿੱਤੇ ਵਿਚਾਰ ਜਪੁਜੀ ਦੇ ਭਾਵਾਂ ਨੂੰ ਸਮਝਣ ਵਿਚ ਬਹੁਤ ਸਹਾਇਤਾ ਕਰਦੇ ਹਨ।

"ਨਵੀਨ ਟੀਕਾਕਾਰਾਂ ਨੇ ਜਪੁ ਬਾਣੀ ਵਿਚ ਦਿੱਤੀਆਂ ਸਮੱਸਿਆਵਾਂ ਦਾ ਵਿਗਿਆਨਕ ਢੰਗ ਨਾਲ ਵਿਸ਼ਲੇਸ਼ਣ ਕੀਤਾ ਹੈ। ਉਹ ਬਾਣੀ ਦਾ ਵੇਦ ਨਾਲ ਸੰਬੰਧ ਨਹੀਂ ਮੰਨਦੇ ਹਨ ਅਤੇ ਆਦਿ ਗ੍ਰੰਥ ਨੂੰ ਮੌਲਿਕ ਰਚਨਾ ਸਮਝਦੇ ਹਨ। ਇਨ੍ਹਾਂ ਨੇ ਭਾਵ ਪ੍ਰਗਟਾ ਵਿਚ ਤਰਕ ਤੇ ਵਿਆਕਰਣ ਦਾ ਵਿਸ਼ੇਸ਼ ਖਿਆਲ ਰੱਖਿਆ ਹੈ। ਇਨ੍ਹਾਂ ਦੀ ਸ਼ੈਲੀ ਆਲੋਚਨਾਤਮਕ ਹੈ ਤੇ ਇਨ੍ਹਾਂ ਦਿਆਂ ਟੀਕਿਆਂ ਵਿਚ ਧੁੰਦਲਾਪਣ ਨਹੀਂ ਜਿਵੇਂ ਕਿ ਪੁਰਾਣੇ ਟੀਕਿਆ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਅਜਿਹੇ ਟੀਕਾਕਾਰਾਂ ਵਿਚ ਪ੍ਰਮੁੱਖ ਭਾਈ ਜੋਧ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਪ੍ਰਿੰ. ਤੇਜਾ ਸਿੰਘ ਤੇ ਪ੍ਰੋ. ਸਾਹਿਬ ਸਿੰਘ ਹਨ।"[63]

ਭਾਈ ਵੀਰ ਸਿੰਘ ਨੇ 'ਸੰਥਯਾ ਸ੍ਰੀ ਗੁਰੂ ਗਰੰਥ ਸਾਹਿਬ' ਦੀ ਪਹਿਲੀ ਪੋਥੀ ਵਿਚ 'ਜਪੁਜੀ ਦਾ ਟੀਕਾ' ਲਿਖਿਆ, ਜਿਸ ਨੂੰ ਪ੍ਰਮਾਣਿਕ ਟੀਕਿਆਂ ਵਿਚੋਂ ਇਕ ਮੰਨਿਆ ਜਾਂਦਾ ਹੈ। ਭਾਈ ਸਾਹਿਬ ਗੁਰਮਤਿ ਦੇ ਮਹਾਨ ਖੋਜੀ ਤੇ ਵਿਆਖਿਆਕਾਰ ਹੋਏ ਹਨ, ਜਿਨ੍ਹਾਂ ਦੀ ਗੁਰਬਾਣੀ ਸੰਬੰਧੀ ਖੋਜ ਬੜੀ ਪ੍ਰਮਾਣਿਕ ਕਹੀ ਜਾਂਦੀ ਹੈ।

ਭਾਈ ਜੋਧ ਸਿੰਘ ਨੇ 'ਜਪੁਜੀ ਸਟੀਕ' ਇਕ ਜਿਗਿਆਸੂ ਦੇ ਪ੍ਰਸ਼ਨਾਂ ਤੇ ਉਸ ਦੇ ਉਤਰਾਂ ਦੇ ਰੂਪ ਵਿਚ ਲਿਖਿਆ ਹੈ। ਪਰ ਇਹ ਮਨੌਤ ਕੇਵਲ ਅਰਥ ਸਪੱਸ਼ਟ ਕਰਨ ਲਈ ਹੈ। ਇਹ ਆਪਣੇ ਆਪ ਵਿਚ ਇਕ ਨਵੇਂ ਢੰਗ ਦਾ ਟੀਕਾ ਹੈ ਜੋ ਕਿ ਗੁਰਬਾਣੀ ਦੇ ਵਿਦਿਆਰਥੀ ਲਈ ਯੋਗ ਅਗਵਾਈ ਦਿੰਦਾ ਹੈ।

ਡਾ. ਮੋਹਨ ਸਿੰਘ ਨੇ ਆਪਣੀ ਪੁਸਤਕ "ਪੰਜਾਬੀ ਭਾਖਾ ਵਿਗਿਆਨ ਤੇ 'ਗੁਰਮਤਿ ਗਿਆਨ' ਵਿਚ ਜਪੁਜੀ ਦਾ ਟੀਕਾ ਕੀਤਾ ਹੈ। ਡਾ. ਸਾਹਿਬ ਸਿੰਘ ਪੰਜਾਬੀ ਭਾਖਾ ਦੇ ਮਹਾਨ ਖੋਜੀ ਹਨ। ਉਨ੍ਹਾਂ ਨੇ ਕਈ ਹੋਰ ਟੀਕਿਆਂ ਦਾ ਖੰਡਨ-ਮੰਡਨ ਕੀਤਾ ਹੈ।

ਪ੍ਰਿੰਸੀਪਲ ਤੇਜਾ ਸਿੰਘ ਦਾ ਗੁਰਬਾਣੀ ਅਧਿਐਨ ਬੜਾ ਵਿਸ਼ਾਲ ਹੈ ਤੇ ਸ਼ਬਦਾਰਥ 'ਚਾਰ ਜਿਲਦਾਂ' ਉਨ੍ਹਾਂ ਦੀ ਮਹਾਨ ਦੇਣ ਹੈ। ਗੁਰਬਾਣੀ ਵਿਆਕਰਣ ਦੇ ਵੀ ਉਹ ਪੰਡਿਤ ਹਨ ਅਤੇ ਉਨ੍ਹਾਂ ਨੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਜਪੁ ਬਾਣੀ ਵਿਚ ਉਠਦੇ ਪ੍ਰਸ਼ਨਾਂ ਦਾ ਨਿਰਣਾਜਨਕ ਉੱਤਰ ਦਿੱਤਾ ਹੈ। ਉਨ੍ਹਾਂ ਦੀ ਜਪੁਜੀ ਸਟੀਕ, ਸਟੀਕਾਂ ਵਿਚੋਂ ਇਕ ਉੱਤਮ ਰਚਨਾ ਸਵੀਕਾਰ ਕੀਤੀ ਜਾ ਸਕਦੀ ਹੈ।

ਪ੍ਰੋ. ਸਾਹਿਬ ਸਿੰਘ ਦੀ ਜਪੁਜੀ ਸਾਹਿਬ ਸਟੀਕ ਇਸ ਲਈ ਪ੍ਰਸਿੱਧ ਹੈ ਕਿ ਉਨ੍ਹਾਂ ਨੇ ਅਰਥ ਕਰਨ ਲੱਗਿਆਂ ਵਿਆਕਰਣ ਨੂੰ ਮੁੱਖ ਰੱਖਿਆ ਹੈ। ਉਹ ਗੁਰਬਾਣੀ ਦੇ ਮਹਾਨ ਖੋਜੀ ਹਨ। ਜਪੁ ਬਾਣੀ ਦੇ ਅਰਥ ਬੜੇ ਸੰਖੇਪ ਤੇ ਸਪੱਸ਼ਟ ਰੂਪ ਵਿਚ ਕੀਤੇ ਹਨ, ਜਿਸ ਕਰਕੇ ਇਨ੍ਹਾਂ ਦਾ ਟੀਕਾ ਸਭ ਤੋਂ ਵੱਧ ਗਿਣਤੀ ਵਿਚ ਛਪਿਆ ਹੈ।

**ਨਾਮਧਾਰੀ ਸੰਪ੍ਰਦਾਇ:**

ਨਾਮਧਾਰੀ ਸੰਪ੍ਰਦਾਇ ਦੇ ਇਤਿਹਾਸ ਬਾਰੇ ਅਸੀਂ ਪਿਛਲੇ ਅਧਿਆਇ ਵਿਚ ਵਿਸਤ੍ਰਿਤ ਚਰਚਾ ਕਰ ਆਏ ਹਾਂ। ਜਿਸ ਤਰ੍ਹਾਂ ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ ਸਿੰਘ ਸਭਾ ਲਹਿਰ ਨੇ ਸਿੱਖ ਧਰਮ ਦੀ ਪੁਨਰ ਸੁਰਜੀਤੀ ਲਈ ਆਪਣਾ ਸੰਘਰਸ਼ ਆਰੰਭਿਆ ਸੀ, ਉਸੇ ਤਰ੍ਹਾਂ ਹੀ ਨਾਮਧਾਰੀ ਲਹਿਰ ਨੇ ਇਸ ਖੇਤਰ ਵਿਚ ਆਪਣਾ ਅਹਿਮ ਯੋਗਦਾਨ ਪਾਇਆ। ਇਸ ਸੰਪਰਦਾਇ ਦੇ ਮੋਢੀ ਬਾਬਾ ਰਾਮ ਸਿੰਘ ਜੀ ਨੇ ਆਪਣੇ ਮੱਤ ਦਾ ਮੁੱਖ ਧੁਰਾ ਗੁਰਬਾਣੀ ਨੂੰ ਹੀ ਰੱਖਿਆ। ਉਨ੍ਹਾਂ ਨੇ ਹਰੇਕ ਨਾਮਧਾਰੀ ਪਰਿਵਾਰ ਨੂੰ ਗੁਰੂ ਗਰੰਥ ਸਾਹਿਬ ਦਾ ਪਾਠ ਪੜ੍ਹਨ ਦੇ ਯੋਗ ਬਣਾਇਆ ਅਤੇ ਇਹ ਸਿਧਾਂਤ ਵੀ ਬਣਾਏ ਕਿ ਹਰੇਕ ਨਾਮਧਾਰੀ ਨੂੰ ਗੁਰੂ ਗਰੰਥ ਸਾਹਿਬ ਦਾ ਪਾਠ ਆਉਣਾ ਚਾਹੀਦਾ ਹੈ। ਸੰਤ ਨਿਧਾਨ ਸਿੰਘ ਜੀ ਆਲਿਮ ਲਿਖਦੇ ਹਨ:–

"ਨਾਮਧਾਰੀ ਪੰਥ ਅੰਦਰ ਗੁਰਬਾਣੀ ਦਾ ਮਾਨ ਵਧੀਕ ਤੋਂ ਵਧੀਕ ਕੀਤਾ ਜਾਂਦਾ ਹੈ। ਇਸ ਸੰਸਥਾ ਦੀ ਨਾਉ ਹੀ ਨਾਮ ਅਤੇ ਬਾਣੀ ਤੇ ਰੱਖੀ ਗਈ ਹੈ। ਜਨਮ ਤੋਂ ਲੈ ਕੇ ਮਰਨ ਤੱਕ ਸਾਰੇ ਸੰਸਕਾਰਾਂ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦਾ ਪਾਠ ਲਾਜ਼ਮੀ ਹੈ। ਵਿਅਸ਼ਟੀ ਅਤੇ ਸਪੱਸ਼ਟੀ ਰੂਪ ਵਿਚ ਪਾਠਾਂ ਦਾ ਪ੍ਰਵਾਹ ਜਾਰੀ ਰਹਿੰਦਾ ਹੈ। .......... ਲੜਕੇ-ਲੜਕੀਆਂ ਦੇ ਆਨੰਦ ਕਾਰਜਾਂ ਵਾਸਤੇ ਇਹ ਨਿਯਮ ਹੈ ਕਿ ਦੰਪਤੀ ਘੱਟ ਤੋਂ ਘੱਟ ਆਦਿ ਸ੍ਰੀ ਗਰੰਥ ਸਾਹਿਬ ਦੇ ਪਾਠੀ ਹੋਣ ਤਾਂ ਉਨ੍ਹਾਂ ਦੇ ਅਨੰਦ ਦੀ ਆਗਿਆ ਦਿੱਤੀ ਜਾਦੀ ਹੈ।[64]

ਸਿਧਾਂਤਕ ਪੱਖ ਤੋਂ ਨਾਮਧਾਰੀ ਸੰਪ੍ਰਦਾਇ 'ਉਦਾਸੀ ਸੰਪ੍ਰਦਾਇ' ਤੇ ਆਧਾਰਿਤ ਹੀ ਗੁਰਬਾਣੀ ਦੀ ਵਿਆਖਿਆ ਨੂੰ ਸਹੀ ਮੰਨਦੀ ਹੈ। ਭਾਵੇਂ ਨਾਮਧਾਰੀ ਸੰਪ੍ਰਦਾਇ ਵਲੋਂ ਕੋਈ ਉਚੇਚੇ ਤੌਰ ਤੇ (ਵਿਸ਼ੇਸ਼ ਤੌਰ ਤੇ ਵਿਚਾਰਅਧੀਨ ਕਾਲ ਵਿਚ) ਗੁਰਬਾਣੀ ਦੀ ਵਿਆਖਿਆ ਸੰਬੰਧੀ ਵਿਸ਼ੇਸ਼ ਕਾਰਜ ਨਹੀਂ ਕੀਤਾ ਗਿਆ ਪਰ ਫਿਰ ਵੀ ਇਸ ਸੰਪ੍ਰਦਾਇ ਵੱਲੋਂ ਗੁਰਬਾਣੀ ਦੇ ਟੀਕਿਆਂ ਦੀ ਸੋਧ ਆਦਿ ਦਾ ਕੰਮ ਚਲਦਾ ਰਹਿੰਦਾ ਹੈ। ਕਿਰਪਾਲ ਸਿੰਘ ਕਸੇਲ ਜੀ ਲਿਖਦੇ ਹਨ:

"ਗੁਰਬਾਣੀ ਦੀ ਵਿਆਖਿਆ ਅਤੇ ਟੀਕਾਕਾਰੀ ਦੀਆਂ ਕਈ ਪੱਧਤੀਆਂ ਅਥਵਾ ਸੰਪਰਦਾਵਾਂ ਮੱਧਕਾਲ ਵਿਚ ਹੋਂਦ ਵਿਚ ਆਈਆਂ ਇਨ੍ਹਾਂ ਵਿਚੋਂ ਹੀ ਉਦਾਸੀ ਸੰਪ੍ਰਦਾਇ ਦਾ ਨਾਮ ਲਿਆ ਜਾ ਸਕਦਾ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਹਰਨਾਮ ਦਾਸ ਉਦਾਸੀ ਦੁਆਰਾ ਰਚੇ ਗਏ ਆਦਿ ਗ੍ਰੰਥ ਅਤੇ ਦਸਮ ਗ੍ਰੰਥ ਦੇ ਟੀਕਿਆ ਨੂੰ ਵੱਡੀ ਰਕਮ ਭੇਂਟ ਕਰਕੇ ਪ੍ਰਾਪਤ ਕਰ ਲਿਆ ਸੀ। ਸ੍ਰੀ ਆਦਿ ਗ੍ਰੰਥ ਸਾਹਿਬ ਦੇ ਟੀਕੇ ਵਿਚ ਕਈ ਸਿਧਾਂਤਕ ਉਕਾਈਆਂ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਈ ਹੋਰ ਵਿਦਵਾਨ ਮਾਸਟਰ ਨਿਹਾਲ ਸਿੰਘ, ਪੰਡਿਤ ਗੋਪਾਲ ਸਿੰਘ, ਸੰਤ ਤਰਸੇਮ ਸਿੰਘ, ਮਹਿੰਦਰ ਸਿੰਘ ਪੂਰਬਾਅਤ, ਪ੍ਰੀਤਮ ਸਿੰਘ ਕਵੀ ਦੇ ਸਹਿਯੋਗ ਨਾਲ ਇਸ ਟੀਕੇ ਦੀ ਆਪਣੀ ਨਿਗਰਾਨੀ ਵਿਚ ਸੋਧ ਕਰਵਾਈ ਹੈ ਅਤੇ ਲਗਾਤਾਰ ਆਪ ਜੀ ਨੇ ਇਸ ਬੰਨੇ ਕਈ ਕਈ ਘੰਟੇ ਰੋਜ਼ਾਨਾ ਸਮਾਂ ਦਿੱਤਾ ਹੈ।"[65]

ਇਸ ਪ੍ਰਕਾਰ ਨਾਮਧਾਰੀ ਸੰਪ੍ਰਦਾਇ ਵੱਲੋਂ ਕੋਈ ਵਿਸ਼ੇਸ਼ ਕਦਮ ਗੁਰਬਾਣੀ ਦੀ ਵਿਆਖਿਆ ਵੱਲ ਭਾਵੇਂ ਨਹੀਂ ਪੁੱਟਿਆ ਗਿਆ ਪਰ ਪਹਿਲਾਂ ਰਚੇ ਗਏ ਟੀਕਿਆਂ ਵਿਚ ਸੋਧ ਜ਼ਰੂਰ ਕੀਤੀ ਗਈ ਹੈ।

**(ਸ) ਪ੍ਰਸ਼ਨੋਤਰੀ ਸ਼ੈਲੀ:**

ਜਿੱਥੋਂ ਤੱਕ ਪ੍ਰਸ਼ਨੋਤਰੀ ਸ਼ੈਲੀ ਦਾ ਸੁਆਲ ਹੈ: ਸ਼ਬਦ ਪ੍ਰਸ਼ਨੋਤਰੀ ਪ੍ਰਸ਼ਨ ਤੇ ਉੱਤਰ ਸ਼ਬਦਾਂ ਨੂੰ ਜੋੜ ਕੇ ਬਣਿਆ ਹੈ। ਪ੍ਰਸ਼ਨੋਤਰ ਦੇ ਸ਼ਬਦੀ ਅਰਥ ਸੁਆਲ ਜੁਆਬ ਹਨ। ਕਾਵਿ ਵਿਚ ਪ੍ਰਸ਼ਨੋਤਰ, ਅਲੰਕਾਰ ਵਾਲੀ ਰਚਨਾ ਨੂੰ ਆਖਦੇ ਹਨ, ਜਿਸ ਵਿਚ ਸੁਆਲ-ਜੁਆਬ ਨਾਲੋ-ਨਾਲ ਹੋਣ। 'ਜਪੁਜੀ ਸਾਹਿਬ' ਪ੍ਰਸ਼ਨੋਤਰੀ ਸ਼ੈਲੀ ਦੀ ਉਤਕ੍ਰਿਸ਼ਟ ਉਦਾਹਰਨ ਹੈ:

ਕਿਵ ਸਚਿਆਰਾ ਹੋਈਐ ਕਿਵ ਕੂੜੇ ਤੁਟੈ ਪਾਲਿ॥
ਹੁਕਮਿ ਰਜਾਈ ਚੱਲਣਾ ਨਾਨਕ ਲਿਖਿਆ ਨਾਲਿ॥

ਵਾਰਤਕ ਵਿਚ ਵੀ ਕਈ ਵਾਰ ਵਾਰਤਕਕਾਰ ਆਪੇ ਕੋਈ ਪ੍ਰਸ਼ਨ ਉਠਾਉਂਦਾ ਹੈ ਤੇ ਆਪੇ ਉਸਦਾ ਉੱਤਰ ਦਿੰਦਾ ਹੈ। ਅਜਿਹੀ ਵਾਰਤਕ ਸ਼ੈਲੀ ਨੂੰ ਪ੍ਰਸ਼ਨੋਤਰੀ ਸ਼ੈਲੀ ਆਖਦੇ ਹਨ। ਭਾਸ਼ਣ ਕਲਾ ਵਿਚ

ਵੀ ਪ੍ਰਸ਼ਨੋਤਰੀ ਸ਼ੈਲੀ ਦਾ ਬਹੁਤ ਮਹੱਤਵ ਹੈ। ਭਾਸ਼ਣਕਾਰ ਆਪਣਾ ਪ੍ਰਭਾਵ ਪਾਉਣ ਲਈ ਇਸ ਵਿਧੀ ਦੀ ਵਰਤੋਂ ਕਰਦੇ ਹਨ।

'ਸਿੱਧ ਗੋਸ਼ਟਿ' ਵਿਚ ਪ੍ਰਸ਼ਨੋਤਰੀ ਸ਼ੈਲੀ ਨੂੰ ਅਪਣਾਇਆ ਗਿਆ ਹੈ। ਇਸ ਰਚਨਾ ਵਿਚ ਗੁਰੂ ਨਾਨਕ ਦੇਵ ਜੀ ਦੀ ਸਿੱਧਾਂ ਨਾਲ ਪ੍ਰਸ਼ਨ-ਉੱਤਰ ਦੇ ਰੂਪ ਵਿਚ ਵਾਰਤਾਲਾਪ ਹੈ। ਆਧੁਨਿਕ ਸਾਹਿਤ ਵਿਚ ਭਾਈ ਵੀਰ ਸਿੰਘ ਨੇ ਕਈ ਕਵਿਤਾਵਾਂ ਪ੍ਰਸ਼ਨੋਤਰੀ ਸ਼ੈਲੀ ਵਿਚ ਲਿਖੀਆਂ ਹਨ।

ਨਾਮਧਾਰੀ ਵਾਰਤਕ ਦੇ ਚਰਚਾ ਅਧੀਨ ਕਾਲ ਵਿਚ ਪ੍ਰਸ਼ਨੋਤਰੀ ਸ਼ੈਲੀ ਨਾਲ ਸੰਬੰਧਿਤ ਸੰਤ ਨਿਧਾਨ ਸਿੰਘ ਆਲਮ ਦੀ ਪੁਰਾਤਨ ਸ਼ੈਲੀ ਦੇ ਨਾਲ-ਨਾਲ ਵਾਦ-ਵਿਵਾਦਾਂ ਦਾ ਰੂਪ ਵੀ ਧਾਰਨ ਕਰਦੀ ਹੈ।

'ਸਤਿਜੁਗ' ਅਖਬਾਰ ਸ੍ਰੀ ਭੈਣੀ ਸਾਹਿਬ ਦੇ ਬਸੰਤ ਸੰ: 1988 ਬਿ: ਵਿਚ ਸੰਤ ਨਿਧਾਨ ਸਿੰਘ ਆਲਮ ਵੱਲੋਂ ਅਤਅੰਤ ਲੋੜੀਂਦਾ ਨਿਰਨਾ ਨਾਮੀ ਇਕ ਲੇਖ ਪ੍ਰਕਾਸ਼ਤ ਹੋਇਆ ਸੀ ਜਿਸ ਵਿਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਦੇਣ ਬਾਬਤ ਵਿਚਾਰ ਪ੍ਰਗਟ ਕੀਤੇ ਗਏ ਸਨ। ਪਰ 'ਸਤਿਜੁਗ' ਦੇ ਸਮਕਾਲੀ ਪੱਤਰ 'ਖਾਲਸਾ ਸਮਾਚਾਰ, ਅੰਮ੍ਰਿਤਸਰ' ਦੇ ਐਡੀਟਰ ਸ. ਸੇਵਾ ਸਿੰਘ ਨੇ 21 ਅੱਸੂ ਸੰ: 1989 ਤੋਂ ਲੈ ਕੇ 26 ਮੱਘਰ 1989 ਤਕ ਦੇ ਪਰਚਿਆਂ ਵਿਚ ਇਸ ਲੇਖ ਦੇ ਖੰਡਨ ਕਰਨ ਹਿਤ ਮਜ਼ਮੂਨ ਲਿਖੇ ਸਨ। ਉਪਰੰਤ ਇਨ੍ਹਾਂ ਦੇ ਉੱਤਰ ਵਜੋਂ ਸੰਤ ਨਿਧਾਨ ਸਿੰਘ ਆਲਮ ਦੇ ਲੇਖ 'ਸਤਿਜੁੱਗ' ਵਿਚ ਛਪਦੇ ਰਹੇ। ਅਖੀਰ ਇਨ੍ਹਾਂ ਲੇਖਾਂ ਨੂੰ ਪੁਸਤਕ ਦਾ ਰੂਪ ਦੇ ਕੇ ਪਾਠਕਾਂ ਦੇ ਦ੍ਰਿਸ਼ਟੀਗੋਚਰ ਕੀਤਾ ਗਿਆ। ਇਹ ਪੁਸਤਕ ਗੁਰੂ ਪਦ ਪ੍ਰਕਾਸ਼ (ਭਾਗ ਪਹਿਲਾ) ਸੀ।

ਗੁਰੂ ਪਦ ਪ੍ਰਕਾਸ਼ ਭਾਗ ਪਹਿਲਾ ਸੰਤ ਨਿਧਾਨ ਸਿੰਘ ਆਲਮ ਨੇ ਪ੍ਰਸ਼ਨੋਤਰੀ ਸ਼ੈਲੀ ਵਿਚ ਲਿਖੀ। ਪੁਸਤਕ ਵਿਚ ਸ. ਸੇਵਾ ਸਿੰਘ ਵੱਲੋਂ ਕੀਤੇ ਗਏ ਪ੍ਰਸ਼ਨਾਂ ਤੇ ਸੰਤ ਨਿਧਾਨ ਸਿੰਘ ਆਲਮ ਵੱਲੋਂ ਦਿੱਤੇ ਗਏ ਉੱਤਰਾਂ ਨੂੰ ਕ੍ਰਮਵਾਰ ਪੇਸ਼ ਕੀਤਾ ਗਿਆ ਹੈ। ਕਿਤੇ-ਕਿਤੇ ਆਪਣੀ ਗੱਲ ਨੂੰ ਸਿੱਧ ਕਰਨ ਲਈ ਦੋਹਾਂ ਧਿਰਾਂ ਵਲੋਂ ਗੁਰਬਾਣੀ ਵਿਚੋਂ ਪ੍ਰਮਾਣ ਦਿੱਤੇ ਗਏ ਹਨ।

ਪ੍ਰਸ਼ਨ : ਜੇ ਕਦੀ ਇਸ ਕਸਵੱਟੀ ਨੂੰ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਗੁਰੂ' ਹੋਣ ਯਾਂ ਨਾ ਹੋਣ ਦੀ ਪਰਖ ਕੀਤੀ ਜਾਏ ਤਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜਿਸ ਨੂੰ ਆਲਿਮ ਜੀ 'ਧੁਰ ਕੀ ਬਾਣੀ' ਮੰਨਦੇ ਹਨ ਤੇ ਜੋ ਗੁਰੂ ਦੇ ਸ੍ਰੀ ਮੁਖਵਾਕ ਹਨ ਵਿਚ ਸਾਫ਼-ਸਾਫ਼ ਲਿਖਿਆ ਮਿਲਦਾ ਹੈ ਕਿ:

ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ॥

ਗੁਰ ਬਾਣੀ ਕਹੈ ਸੇਵਕ ਜਨ ਮਾਨੈ ਪ੍ਰਤਖ ਗੁਰੂ ਨਿਸਤਾਰੇ॥

ਪੋਥੀ ਪ੍ਰਮੇਸਰ ਕਾ ਥਾਨ:

ਸਤਿਗੁਰੂ ਬਚਨ ਬਚਨ ਹੈ ਸਤਿਗੁਰ ਪਾਧਰ ਮੁਕਤ ਜਣਾਵੈਗੋ।

ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨ ਜੀਵਾ ਮਾਉ।

ਮੈ ਗੁਰਬਾਣੀ ਆਧਾਰ ਹੈ ਗੁਰਬਾਣੀ ਲਾਗ ਰਹਾਉ॥

ਗੁਰਬਾਣੀ ਇਸ ਜਗ ਮਹਿ ਚਾਨਣ॥

ਇਹੁ ਬਾਣੀ ਜੋ ਜੀਅਹੁ ਜਾਣੈ ਸੋ ਸਤਿਗੁਰ ਨਾਹਿ ਸਮਾਨਾ।

ਇਹ ਗੁਰਬਾਣੀ ਨਾਮ ਦੀ ਦਾਤੀ ਹੈ:

ਗੁਰਬਾਣੀ ਵਰਤੀ ਜੁਗ ਅੰਤਰ ਇਸ ਬਾਣੀ ਤੇ ਨਾਮ ਪਾਇੰਦਾ।

ਸੋ ਆਲਿਮ ਜੀ ਦੀ ਤਸਲੀਮ ਕੀਤੀ ਧੁਰ ਦੀ ਬਾਣੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਏਹ ਪ੍ਰਤੱਖ ਹੁਕਮ ਤੇ ਏਲਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਹੋਣ ਬਾਬਤ ਇੰਨੇ ਸਪਸ਼ਟ ਸਾਫ਼ ਤੇ ਨਾ ਰੱਦ ਕੀਤੀ ਜਾ ਸਕਣ ਵਾਲੀ ਉਕਤੀ ਤੇ ਯੁਕਤੀ ਹੈ, ਕਿ ਜਿਸਦੇ ਵਿਰੁੱਧ ਕੁਝ ਨਹੀਂ ਕਿਹਾ ਜਾ ਸਕਦਾ ਤੇ ਘੱਟੋ ਘੱਟ ਇਸ ਬਾਣੀ ਨੂੰ ਧੁਰ ਦੀ ਬਾਣੀ ਮੰਨਣ ਵਾਲਿਆਂ ਨੂੰ ਕੋਈ ਹੱਕ ਨਹੀਂ ਰਹਿੰਦਾ ਕਿ ਉਹ ਕਿਸੇ ਤਰ੍ਹਾਂ ਦੀ ਕਿੰਤੂ ਕਰ ਸਕਣ ਤੇ ਉਨ੍ਹਾਂ ਨੂੰ ਇਸ ਤੋਂ ਵਧੀਕ ਤਸੱਲੀ ਦਵਾਉਣ ਲਈ ਕੋਈ ਹੋਰ ਲਿਖਤ ਦੀ ਲੋੜ ਨਹੀਂ ਰਹਿੰਦੀ।

ਉੱਤਰ: 'ਸਮਾਚਾਰ' ਦੇ ਐਡੀਟਰ ਸਾਹਿਬ ਜਿਨ੍ਹਾਂ ਗੁਰਵਾਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਹੋਣ ਬਾਬਤ ਪ੍ਰਤੱਖ ਹੁਕਮ ਤੇ ਐਲਾਨ ਦਸਦੇ ਹਨ, ਉਹ ਸਗੋਂ ਬਾਣੀ ਉਚਾਰਨ ਵਾਲੇ ਦੇਹਧਾਰੀ ਗੁਰੂਆਂ ਦੀ ਤਾਰੀਫ਼ ਕਰਨ ਵਾਲੇ (ਪ੍ਰਸੰਸਾ ਵਾਚਕ) ਵਾਕ ਹਨ। ਉਨ੍ਹਾਂ ਵਿਚ ਗੁਰੂ ਬਾਣੀ ਦੀ ਉਪਮਾ ਕੀਤੀ ਗਈ ਹੈ, ਨਾ ਕਿ ਉਨ੍ਹਾਂ ਵਿਚ ਗੁਰਬਾਣੀ ਦੇ ਸ਼ੁਰੂ ਹੋਣ ਬਾਬਤ ਐਲਾਨ ਕੀਤਾ ਗਿਆ ਹੈ। ਗੁਰੂ ਬਾਣੀ ਦੀ ਇਸ ਉਪਮਾ ਨੂੰ ਖ਼ੁਦ ਤਸਲੀਮ ਕਰਦੇ ਹਨ, ਅਤੇ ਮਾਲੂਮ ਹੁੰਦਾ ਹੈ ਕਿ ਐਡੀਟਰ ਸਾਹਿਬ ਸਮਾਚਾਰ ਵੀ ਅਸਲੱਯਤ ਜਾਣਦੇ ਹਨ, ਵਰਨਾਂ ਉਹ ਆਪਣੀਆਂ ਸ਼ਹਾਦਤਾਂ ਨੂੰ ਪਰਦੇ ਵਿਚ ਰੱਖਣਾ ਕਦਾਚਿਤ ਉਚਿਤ ਨਾ ਸਮਝਦੇ। ਪਾਠਕ ਵੇਖਣਗੇ ਕਿ 'ਸਮਾਚਾਰ' ਵਿਚ ਜਿਥੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਸਾਬਿਤ ਕਰਨ ਲਈ ਗੁਰਬਾਣੀ ਦੇ ਪੂਰਵ ਉਕਤ ਹਵਾਲੇ ਦਿੱਤੇ ਗਏ ਹਨ, ਉਨ੍ਹਾਂ ਦੇ ਅਖੀਰ ਵਿਚ ਕਿਸੇ ਵਾਕ ਦੀ ਬਾਬਤ ਵੀ ਏਹ ਨਹੀਂ ਦੱਸਿਆ ਗਿਆ ਕਿ ਉਹ ਕਿਸ ਗੁਰੂ ਦਾ ਉਚਾਰਣ ਕੀਤਾ ਹੋਇਆ ਹੈ ਅਤੇ ਕੇਹੜੇ ਰਾਗ ਵਿਚ ਹੈ। ਇਸ ਦਾ ਮਤਲਬ ਏਹ ਨਹੀਂ ਸਮਝਣਾ ਚਾਹੀਦਾ ਕਿ 'ਖਾਲਸਾ ਸਮਾਚਾਰ' ਦੇ ਐਡੀਟਰ ਸਾਹਿਬ ਨੂੰ ਆਪਣੇ ਲੇਖ ਵਿਚ ਅੰਕਿਤ ਕੀਤੇ ਗਏ ਗੁਰੂ ਵਾਕਾਂ ਦੇ ਮਹੱਲੇ ਤੇ ਰਾਗਾਂ ਦਾ ਇਲਮ ਨਹੀਂ ਸੀ, ਅਥਵਾ ਉਨ੍ਹਾਂ ਨੂੰ ਲਿਖਣ ਵਿਚ ਕੋਈ ਸੰਕੋਚ ਸੀ, ਬਲਕਿ ਮਤਲਬ ਸਾਫ਼ ਹੀ ਹੈ, ਅਤੇ ਓਹ ਇਹ ਕਿ ਜੇ ਰਾਗ ਅਤੇ ਮਹੱਲਿਆ ਨੂੰ ਨਾਲ ਹੀ ਦਰਜ ਕਰ ਦਿੱਤਾ ਗਿਆ, ਤਾਂ ਪਾਠਕ ਉਨ੍ਹਾਂ ਵਾਕਾਂ ਦੇ ਅੱਗੇ ਪਿੱਛੇ ਦੀਆਂ ਤੁਕਾਂ ਨੂੰ ਵੇਖ ਕੇ ਮਤਾਂ ਪ੍ਰਮਾਣਾਂ ਦੇ ਸਾਰੇ ਭੇਦ ਤੋਂ ਜਾਣੂ ਹੋ ਜਾਂਦੇ ਹੋਣ, ਕਿਉਂਕਿ ਜੇ ਏਨਾਂ ਗੁਰਵਾਕਾਂ ਦੇ ਅਗਲੇ ਪਿਛਲੇ ਪਦਾਂ ਨੂੰ ਨਾਲ ਜੋੜ ਕੇ ਪੜ੍ਹਿਆ ਜਾਏ ਤਾਂ ਓਨਾਂ ਵਿਚ ਦੇਹਧਾਰੀ ਸਤਿਗੁਰਾਂ ਦੀ ਤਾਰੀਫ਼ ਤੋਂ ਬਿਨਾਂ ਹੋਰ ਕੁਛ ਵੀ ਨਹੀਂ ਹੈ।'[66]

ਗੁਰੂ ਪਦ ਪ੍ਰਕਾਸ਼ ਭਾਗ ਪਹਿਲਾ ਦੇ ਉੱਤਰ ਵਜੋਂ ਸ. ਸੇਵਾ ਸਿੰਘ ਵੱਲੋਂ 'ਗੁਰੂ ਪਦ ਨਿਰਣਯ' ਨਾਮੀ ਟ੍ਰੈਕਟ ਪ੍ਰਕਾਸ਼ਤ ਕੀਤਾ ਗਿਆ ਜਿਸ ਦੇ ਉੱਤਰ ਵਿਚ ਸੰਤ ਨਿਧਾਨ ਸਿੰਘ ਆਲਮ ਵੱਲੋਂ ਗੁਰੂ ਪਦ ਪ੍ਰਕਾਸ਼ ਭਾਗ ਦੂਜਾ ਦਾ ਪ੍ਰਕਾਸ਼ਨ ਕੀਤਾ ਗਿਆ। ਇਸ ਭਾਗ ਵਿਚ 'ਗੁਰੂ ਪਦ ਨਿਰਣਯ' ਵਿਚ ਉਠਾਏ ਗਏ ਸਵਾਲਾਂ ਦੇ ਜਵਾਬ ਦਿੱਤੇ ਗਏ ਹਨ।

ਇਹ ਪੁਸਤਕ ਵਿਚ ਸ. ਸੇਵਾ ਸਿੰਘ ਦੇ ਸਵਾਲਾਂ ਨੂੰ ਪੂਰਾ ਪੂਰਾ ਲਿਖਣ ਦੀ ਥਾਂ ਉਨ੍ਹਾਂ ਦਾ ਸੰਕੇਤ ਦੇ ਕੇ ਜਵਾਬ ਦਿੱਤੇ ਗਏ ਹਨ। ਜਿਵੇਂ :-

"ਤਾਬਿਆ ਗੁਰੂ: ਭਾਈ ਸੇਵਾ ਜੀ ਨੇ ਥਾਂ-ਥਾਂ ਤੇ ਪੰਜਾਂ ਪਿਆਰਿਆਂ ਅਤੇ ਪੰਥ ਨੂੰ 'ਤਾਬਿਆ ਗੁਰੂ' ਮੰਨਿਆ ਹੈ। ਪਰ ਆਪ ਨੂੰ ਮਲੂਮ ਹੋਵੇ, ਕਿ 'ਤਾਬਿਆ' ਪਦ ਅਧੀਨਤਾ ਦਾ ਵਾਚਕ ਹੈ, ਏਸ ਲਈ ਇਸ 'ਗੁਰੂ' ਪਦ ਨਾਲ ਜੋੜਨਾ 'ਗੁਰੂ' ਪਦ ਦੀ ਮਹਾਨਤਾ ਅਤੇ 'ਗੌਰਵਤਾ' ਨੂੰ ਨਸ਼ਟ ਕਰਨ ਦੇ ਬਰਾਬਰ ਹੈ। ਜੋ 'ਤਾਬਿਆ' ਯਾ 'ਅਧੀਨ' ਹੈ ਉਹ ਸਿਖ ਤਾਂ ਅਖਵਾ ਸਕਦਾ ਹੈ, ਪਰ 'ਗੁਰੂ' ਨਹੀਂ। ਸੋ ਭਾਈ ਸੇਵਾ ਸਿੰਘ ਜੀ ਦੀ ਏਸ ਕਾਢ ਦੇ ਅਨੁਸਾਰ ਵੀ ਪੰਜ ਪਿਆਰੇ ਗੁਰੂ ਨਹੀਂ, ਬਲਕੇ ਸਿੱਖ ਹੀ ਸਿੱਧ ਹੁੰਦੇ ਹਨ। ਖਿਆਲ ਰਹੇ ਕਿ 'ਤਾਬਿਆ ਗੁਰੂ' ਦੇ ਪਦ ਵੀ ਬਾਣੀ ਅਤੇ ਇਤਿਹਾਸ ਵਿਚ ਕਿਧਰੇ ਨਹੀਂ ਆਏ। ਏਨਾਂ ਦੇ ਰਚਣਹਾਰ ਭਾਈ ਸੇਵਾ ਸਿੰਘ ਸਾਹਿਬ ਅਤੇ ਆਪ ਜੀ ਦੀ ਸੁਸਾਇਟੀ ਦੇ ਲੀਡਰ ਸਾਹਿਬ ਬਜ਼ਾਤੇ ਖੁਦ ਹਨ।"[67]

ਪ੍ਰਸ਼ਨੋਤਰੀ ਸ਼ੈਲੀ ਵਿਚ ਪੇਸ਼ ਇਹ ਪੁਸਤਕ ਵਿਚਾਰ-ਚਰਚਾ ਦਾ ਰੂਪ ਵੀ ਧਾਰਨ ਕਰਦੀ ਪ੍ਰਤੀਤ ਹੁੰਦੀ ਹੈ। ਹਰ ਵਿਚਾਰ ਚਰਚਾ ਦਾ ਸਿਰਲੇਖ ਵੀ ਨਾਲ ਹੀ ਦਿੱਤਾ ਗਿਆ ਹੈ।

"ਬਾਬੇ ਕੇ ਤੇ ਬਾਬਰ ਕੇ"

ਗੁਰੂ ਪਦ ਨਿਰਣਯ ਪੰਨਾ ੧੦੩-੧੦੭ ਵਿਚ ਲਿਖਿਆ ਹੈ ਕਿ "ਜਿਸ ਵੇਲੇ ਅੰਗ੍ਰੇਜ਼ ਹਿੰਦ ਵਿਚ ਪਸਰੇ ਨਹੀਂ ਸਨ, ਉਸ ਵੇਲੇ ਜਿਸ ਗੱਲ ਦਾ ਗੁਰੂ ਨਾਨਕ ਅਤੇ ਸਤਿਗੁਰੂ ਰਾਮਦਾਸ ਨੇ ਪ੍ਰਚਾਰ ਕੀਤਾ, ਬਾਬਾ ਰਾਮ ਸਿੰਘ ਤੇ ਬਾਬਾ ਬਾਲਕ ਸਿੰਘ ਜੀ ਦੇ ਜਨਮ ਤੋਂ ਪਹਿਲੋਂ ਜਿਸ ਅਸੂਲ ਦਾ ਜ਼ਿਕਰ ਮਨਮਤੀ ਇਤਿਹਾਸਕਾਰਾਂ ਨੇ ਕੀਤਾ, ਜਿਸ ਗੱਲ ਦਾ ਖੁਦ ਬਾਬਾ ਰਾਮ ਸਿੰਘ ਜੀ ਨੇ ਪ੍ਰਚਾਰ ਕੀਤਾ, ਉਸ ਗੱਲ ਨੂੰ (ਆਲਿਮ ਜੀ ਦਾ) ਅੰਗ੍ਰੇਜ਼ਾਂ ਦੀ ਬਾਬਾ ਰਾਮ ਸਿੰਘ ਜੀ ਦੀ ਵਿਰੋਧਤਾ ਦੀ ਕਾਢ ਤੇ ਉਸਦਾ ਅਸਰ ਦੱਸਣਾ ਇਨਸਾਨੀ ਦਿਮਾਗ ਦੀ ਤੌਹੀਨ ਕਰਨਾ ਹੈ।

ਵਿਚਾਰ: ਹੈਰਾਨੀ ਦੀ ਗੱਲ ਹੈ ਕਿ ਜਦ ਭਾਈ ਸਾਹਿਬ ਦੀ ਲਿਖਤ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਦਾ ਪ੍ਰਚਾਰ ਸ੍ਰੀ ਗੁਰੂ ਨਾਨਕ ਦੇਵ ਅਤੇ ਸ੍ਰੀ ਗੁਰੂ ਰਾਮਦਾਸ ਜੀ ਨੇ

ਆਪਣਿਆਂ ਸਮਿਆਂ ਵਿਚ ਕੀਤਾ, ਤਾਂ ਸ੍ਰੀ ਗੁਰੂ ਅੰਗਦ ਜੀ , ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ (ਖੁਦ) ਅਰ ਸਿੰਘ ਸਭਾਈ ਮਤ ਅਨੁਸਾਰ ਅਗਲੀਆਂ ਛੇ ਪਾਤਸ਼ਾਹੀਆਂ ਹਜ਼ੂਰ ਦੇ ਪ੍ਰਚਾਰ ਕਰਨ ਦੇ ਬਾਵਜੂਦ ਗੁਰੂ ਕਿਸ ਤਰ੍ਹਾਂ ਬਣ ਗਈਆਂ?"[68]

ਸਮੁੱਚੇ ਰੂਪ ਵਿਚ ਇਹ ਪੁਸਤਕ ਪ੍ਰਸ਼ਨੋਤਰੀ ਸ਼ੈਲੀ ਅਤੇ ਗੱਲ-ਬਾਤੀ ਜਾਂ ਵਿਚਾਰ-ਚਰਚਾ ਦਾ ਉਤਕ੍ਰਿਸ਼ਟ ਨਮੂਨਾ ਕਹੀ ਜਾ ਸਕਦੀ ਹੈ।

ਆਲਿਮ ਜੀ ਨੇ ਆਪਣੇ ਉੱਤਰਾਂ ਨੂੰ ਸਹੀ ਸਿੱਧ ਕਰਨ ਲਈ ਦਲੀਲਾਂ ਅਤੇ ਹਵਾਲਿਆਂ ਦੀ ਭਰਪੂਰ ਮਾਤਰਾ ਵਿਚ ਵਰਤੋਂ ਕੀਤੀ ਹੈ।

# ਹਵਾਲੇ ਅਤੇ ਟਿੱਪਣੀਆਂ

1. ਗੋਪਾਲ ਸਿੰਘ ਬੁੱਟਰ, ***ਵਰਿਆਮ***, ਬਸੰਤ ਵਿਸ਼ੇਸ਼ ਅੰਕ, 1992, ਪੰ. 109
2. ਸੰਤ ਸਿੰਘ ਨਿਧਾਨ ਸਿੰਘ ਆਲਿਮ, ***ਜੁੱਗ ਪਲਟਾਊ ਸਤਿਗੁਰੂ,*** ਪੰ. 5
3. ਸੰਤ ਇੰਦਰ ਸਿੰਘ ਚੱਕਰਵਰਤੀ, ***ਨਾਮਧਾਰੀ ਇਤਿਹਾਸ ਭਾਗ ਪਹਿਲਾ***, ਪੰ. 138
4. ਸ. ਨਾਹਰ ਸਿੰਘ, ***ਨਾਮਧਾਰੀ ਇਤਿਹਾਸ ਭਾਗ ਪਹਿਲਾ***, ਪੰ. 23
5. ਡਾ. ਤਿਰਲੋਚਨ ਸਿੰਘ ਬੇਦੀ, ***ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ,*** ਪੰ. 27
6. ਡਾ. ਈਸ਼ਰ ਸਿੰਘ ਤਾਂਘ, ***ਪੰਜਾਬੀ ਸਾਹਿਤ ਦੇ ਇਤਿਹਾਸ ਦਾ ਪੁਨਰ ਮੁਲਾਂਕਣ***, ਪੰ. 369-370
7. ਤਰਨ ਸਿੰਘ ਵਹਿਮੀ, ***ਜੱਸ ਜੀਵਨ*** ਭਾਗ ਛੇ, ਪੰ. 144
8. ਤੇਜਿੰਦਰਪਾਲ ਸਿੰਘ, ***ਖੋਜ ਪਤ੍ਰਿਕਾ***, ਅੰਕ 21, ਸਾਲ ਸਤੰਬਰ 1987 ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ. 22
9. ਡਾ. ਵਣਜਾਰਾ ਬੇਦੀ***, ਪੰਜਾਬੀ ਸਾਹਿਤ ਦੀਆਂ ਲੋਕ ਰੂੜੀਆਂ***, ਪੰ. 90
10. ਸਾਖੀ ਸਾਹਿਤ ਨਵ-ਵਿਵੇਚਨ, ***ਸਾਖੀ ਸੁਰਤਿ*** (ਸੰਪਾ. ਡਾ. ਹਰਿਭਜਨ ਸਿੰਘ, ਡਾ. ***ਮਨਜੀਤ ਸਿੰਘ), ਪੰ. 113***
11. ***ਖੋਜ ਪਤ੍ਰਿਕਾ***, ਉਹੀ, ਪੰਨਾ 25
12. ਤਰਨ ਸਿੰਘ ਵਹਿਮੀ, ਜੱਸ ਜੀਵਨ ਭਾਗ ਛੇ, ਪੰ. 286-87
13. ਪ੍ਰੀਤਮ ਸਿੰਘ ਕਵੀ, ***ਬੀਤੇ ਦੀਆਂ ਪੈੜਾਂ*** (11 ਭਾਗ), ਪੰ. 72
14. ਸੰਤ ਤਰਨ ਸਿੰਘ ਵਹਿਮੀ, ***ਜੱਸ ਜੀਵਨ*** ਭਾਗ ਛੇ, ਪੰ. 31
15. ਸੰਤ ਨਿਧਾਨ ਸਿੰਘ ਆਲਮ, ***ਜੁਗ ਪਲਟਾਊ ਸਤਿਗੁਰੂ***, ਪੰ. 37
16. ਉਹੀ, ਪੰ. 116

17. ਸੰਤ ਨਿਧਾਨ ਸਿੰਘ ਆਲਮ, ***ਜੁਗ ਪਲਟਾਊ ਸਤਿਗੁਰੂ***, ਪੰ. 125

18. ਉਹੀ, ਪੰ. 127

19. ਉਹੀ, ਪੰ. 128

20. ਸ. ਨਾਹਰ ਸਿੰਘ, ***ਨਾਮਧਾਰੀ ਇਤਿਹਾਸ*** ਭਾਗ ਪਹਿਲਾ, ਪੰ. 125

21. ਸੰਤ ਨਿਧਾਨ ਸਿੰਘ ਆਲਮ, ***ਜੁਗ ਪਲਟਾਊ ਸਤਿਗੁਰੂ***, ਪੰ. 158-159

22. ਉਹੀ, ਪੰ. 174

23. ਸ. ਨਾਹਰ ਸਿੰਘ, ***ਨਾਮਧਾਰੀ ਇਤਿਹਾਸ***,ਪੰ. 177

24. ਡਾ. ਹਰਕੀਰਤ ਸਿੰਘ, ***ਪੰਜਾਬੀ ਦੁਨੀਆਂ***, ਭਾਸ਼ਾ ਵਿਭਾਗ ਪੰਜਾਬ ਪਟਿਆਲਾ ਸਾਲ ਫਰਵਰੀ-ਮਾਰਚ 1981, ਪੰ. 207-208

25. ਉਹੀ, ਪੰ. 209

26. ਡਾ. ਭੁਪਿੰਦਰ ਸਿੰਘ ਗਰੋਵਰ, ***ਖੋਜ ਪਤ੍ਰਿਕਾ***, ਪਬਲੀਕੇਸ਼ਨ ਬਿਊਰੋ, ਪਟਿਆਲਾ, ਅੰਕ 20, ਸਤੰਬਰ 1982, ਪੰ. 86

27. ***ਵਰਿਆਮ***, ਬਸੰਤ ਵਿਸ਼ੇਸ਼ ਅੰਕ, 1992, ਪੰ. 4

28. ਸੰਤ ਨਿਧਾਨ ਸਿੰਘ ਆਲਿਮ, ਸਿੱਖ ਧਰਮ ਤੇ ਮਾਸ, ਪੰ. 63

29. ਉਹੀ, ***ਜੱਸ ਜੀਵਨ*** (ਭਾਗ ਤੀਜਾ), ਪੰ. 95

30. ਸ੍ਰ. ਨਾਹਰ ਸਿੰਘ, ***ਨਾਮਧਾਰੀ ਇਤਿਹਾਸ*** ਭਾਗ ਪਹਿਲਾ, ਪੰ. 88

31. ***ਸ੍ਰੀ ਆਦਿ ਗ੍ਰੰਥ***, ਪੰ. 1379

32. ਪਿਆਰਾ ਸਿੰਘ, ***ਖੋਜ ਦਰਪਣ*** (ਜਨਵਰੀ 1982), ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰ. 5-6

33. ਭਾਈ ਕਾਨ੍ਹ ਸਿੰਘ ਨਾਭਾ, ***ਮਹਾਨ ਕੋਸ਼***, ਪੰ. 634

34. ਡਾ. ਜੋਗਿੰਦਰ ਸਿੰਘ, ***ਖੋਜ ਪਤ੍ਰਿਕਾ***, ਪਬਲੀਕੇਸ਼ਨ ਬਿਊਰੋ ਪਟਿਆਲਾ, ਸਤੰਬਰ 86, ਅੰਕ 28, ਪੰ. 1

35. ***ਭਾਈ ਗੁਰਦਾਸ,***ਵਾਰ 19-1

36. ਉਹੀ ਵਾਰ 26-2

37. ***ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੈਂਚੀ ਦੂਜੀ***, ਸਿੱਖ ਹਿਸਟਰੀ ਰੀਸਰਚ ਵਿਭਾਗ, ਖਾਲਸਾ ਕਾਲਜ, ਅੰਮ੍ਰਿਤਸਰ, ਪੰ. 19

38. ***ਆਦਿ ਗ੍ਰੰਥ***, ਪੰ. 623

39. ਉਹੀ, ਪੰ. 402

40. ਉਹੀ, ਪੰ. 713

41. ***ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,*** ਸੈਂਚੀ ਪਹਿਲੀ, ਸਿਖ ਹਿਸਟਰੀ ਰੀਸਰਚ ਵਿਭਾਗ, ਖਾਲਸਾ ਕਾਲਜ, ਅੰਮ੍ਰਿਤਸਰ, ਪੰ. 71

42. ਉਹੀ, ਸੈਂਚੀ ਦੂਜੀ, ਪੰ. 398

43. ਉਹੀ, ਸੈਂਚੀ ਪਹਿਲੀ, ਪੰ. 22

44. ਸੈਂਟਰਲ ਪਬਲਿਕ ਲਾਇਬਰੇਰੀ, ਪਟਿਆਲਾ, ਨੰ: 693, ***ਪਰਮਾਰਥ ਜਪੁਜੀ*** (ਹੱਥ ਲਿਖਤ), ਸੋਢੀ ਮਿਹਰਬਾਨ ਸੰਮਤ 1707

45. ***ਜਨਮਸਾਖੀ ਗੁਰੂ ਨਾਨਕ ਦੇਵ ਜੀ ਸੈਂਚੀ ਪਹਿਲੀ***, ਪੰ. 9

46. ਡਾ. ਜੋਗਿੰਦਰ ਸਿੰਘ, ***ਖੋਜ ਪਤ੍ਰਿਕਾ***, ਪਟਿਆਲਾ, ਸਤੰਬਰ 1986, ਪੰ. 8

47. ਪੰਡਿਤ ਸੀਤਾ ਰਾਮ ਚਤੁਰਵੇਦੀ, ***ਭਾਰਤ ਕੇ ਉਦਾਸੀਨ ਸੰਤ,*** ਪੰ. 42, 2024 ਬਿਕ੍ਰਮੀ

48. ਗੁਰ ਸ਼ਬਦ ਰਤਨਾਕਰ ਮਹਾਨਕੋਸ਼, ਜਿਲਦ 1, ਪੰ. 27

49. The Udasis are the Principal religious order of the Sikhs they are propably the oldest of the sikh orders, but ascribe ***Encyclopaedia of Religion and Ethics***, Vol. XII, p. 504

50. ***ਆਦਿ ਗ੍ਰੰਥ***, ਪੰ. 902

51. ਉਹੀ, ਪੰ. 790

52. ਉਹੀ, ਪੰ. 27

53. ***ਮਹਾਨ ਕੋਸ਼***, ਪੰ. 534

54. ਡਾ. ਹਰਿਭਜਨ ਸਿੰਘ, ***ਗੁਰਮੁਖੀ ਲਿਪੀ ਮੇ ਉਪਲਬਧ ਹਿੰਦੀ ਕਾਵਿ***, ਭਾਰਤੀ ਮੰਦਿਰ ਦਿੱਲੀ, 1963, ਪੰ. 164

55. ਡਾ. ਜੋਗਿੰਦਰ ਸਿੰਘ***, ਖੋਜ ਪੱਤ੍ਰਿਕਾ***, ਅੰਕ 28, ਸਤੰਬਰ 1986, ਪੰ. 11

56. ਹੱਥ ਲਿਖਤ ਨੰਬਰ 7090

57. ਡਾ. ਤਰਲੋਚਨ ਸਿੰਘ ਬੇਦੀ, ***ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ***, ਬ੍ਰਿਜਿੰਦਰਾ ਕਾਲਜ, ਫਰੀਦਕੋਟ, 1972 ਪੰ. 301

58. ਡਾ. ਰਤਨ ਸਿੰਘ ਜੱਗੀ, ***ਗੁਰਬਾਣੀ ਟੀਕੇ***, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰ. 3

59. ਡਾ. ਜੋਗਿੰਦਰ ਸਿੰਘ***, ਖੋਜ ਪੱਤ੍ਰਿਕਾ***, ਉਹੀ,ਪੰ. 12

60. ਸਿੱਖ ਰੈਫਰੈਂਸ ਲਾਇਬ੍ਰੇਰੀ, ਹੱਥ ਲਿਖਤ ਨੰਬਰ 33967 ***ਜਪੁਜੀ ਸਾਹਿਬ ਟੀਕਾ***, ਪੰ. 187-88

61. ਰਣਧੀਰ ਸਿੰਘ, ***ਉਦਾਸੀ ਸਿੱਖਾਂ ਦੀ ਵਿਥਿਆ***, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1959, ਪੰ. 136

62. ***ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਸੈਂਚੀ***, ਪੰ. 31,35

63. ਡਾ. ਜੋਗਿੰਦਰ ਸਿੰਘ, ਉਹੀ, ਪੰ. 214

64. ਸੰਤ ਨਿਧਾਨ ਸਿੰਘ ਆਲਿਮ, ***ਨਾਮਧਾਰੀ ਸਿਧਾਂਤ ਪ੍ਰਦਰਸ਼ਨ, ਭੈਣੀ ਸਾਹਿਬ***, ਪੰ. 28

65. ਕਿਰਪਾਲ ਸਿੰਘ ਕਸੇਲ, ***ਅੰਤਰ ਰਾਸ਼ਟਰੀ ਸੈਮੀਨਾਰ*** ਪੰ. 25

66. ਸੰਤ ਨਿਧਾਨ ਸਿੰਘ ਆਲਮ, ***ਗੁਰੂ ਪਦ ਪ੍ਰਕਾਸ਼ ਭਾਗ ਪਹਿਲਾ***, ਪੰ. 28-29

67. ਉਹੀ, ਪੰ. 147

68. ਉਹੀ, ਪੰ. 175

# ਸਾਰ ਤੇ ਸਥਾਪਨਾਵਾਂ

ਨਾਮਧਾਰੀ ਸੰਪਰਦਾਇ ਭਾਵੇਂ ਸਿੱਖ ਧਰਮ ਵਿਚੋਂ ਹੀ ਪਨਪੀ ਹੋਈ ਇਕ ਸ਼ਾਖਾ ਹੈ, ਪਰ ਹੁਣ ਇਹ ਆਪਣੇ ਆਪ ਵਿਚ ਇਕ ਸੁਤੰਤਰ ਧਾਰਾ ਵਜੋਂ ਜਾਣੀ ਜਾਂਦੀ ਹੈ ਤੇ ਇਕ ਸੁਤੰਤਰ ਧਾਰਮਕ ਪ੍ਰਥਾ ਵਜੋਂ ਵੀ ਪ੍ਰਚਲਤ ਹੈ। ਪੰਜਾਬ ਦੇ ਬਰਤਾਨਵੀ ਸਾਮਰਾਜ ਦੇ ਅਧੀਨ ਹੋਣ ਤੋਂ ਬਾਅਦ ਇਸ ਧਰਤੀ ਤੇ ਵਿਗਸਣ ਵਾਲੀਆਂ ਧਰਮ ਕੇਂਦਰਤ ਲਹਿਰਾਂ ਵਾਂਗ ਹੀ ਇਸ ਦਾ ਜਨਮ ਹੋਇਆ ਅਤੇ ਥੋੜ੍ਹੇ ਹੀ ਅਰਸੇ ਵਿਚ ਇਸ ਲਹਿਰ ਦੇ ਲੱਖਾਂ ਅਨੁਯਾਈ ਬਣ ਗਏ। ਇਸ ਧਾਰਮਕ ਸੰਪਰਦਾਇ ਦਾ ਜਨਮ ਸਤਿਗੁਰੂ ਰਾਮ ਸਿੰਘ ਦੀ ਰਹਿਨੁਮਾਈ ਹੇਠ ਹੋਇਆ ਜੋ ਬਾਅਦ ਵਿਚ ਸਤਿਗੁਰੂ ਹਰੀ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਅਤੇ ਵਰਤਮਾਨ ਸਮੇਂ ਵਿਚ ਸਤਿਗੁਰੂ ਜਗਜੀਤ ਦੀ ਰਹਿਨੁਮਾਈ ਹੇਠ ਚੱਲ ਰਹੀ ਹੈ। ਨਾਮਧਾਰੀ ਲਹਿਰ ਦੀ ਆਪਣੀ ਵੱਖਰੀ ਸਾਹਿਤਕ ਪਰੰਪਰਾ ਹੈ ਜਿਸ ਦੇ ਤਹਿਤ ਬਹੁਤ ਸਾਰਾ ਨਾਮਧਾਰੀ ਸਾਹਿਤ ਰਚਿਆ ਗਿਆ। ਇਹ ਸਾਹਿਤ ਸਿੱਧੇ ਜਾਂ ਅਸਿੱਧੇ ਰੂਪ ਵਿਚ ਨਾਮਧਾਰੀ ਲਹਿਰ ਦੇ ਸੰਚਾਲਕਾਂ, ਇਸਦੇ ਇਤਿਹਾਸ, ਜੀਵਨ-ਜਾਚ, ਪ੍ਰਮੁੱਖ ਸਿਧਾਂਤਾਂ ਅਤੇ ਮਹੱਤਵਪੂਰਨ ਨਾਮਧਾਰੀ ਸ਼ਖਸੀਅਤਾਂ ਨਾਲ ਜੁੜਿਆ ਹੋਇਆ ਹੈ।

ਅਸੀਂ ਆਪਣੇ ਖੋਜ-ਪ੍ਰਬੰਧ ਵਿਚ ਨਾਮਧਾਰੀ ਸੰਪਰਦਾਇ ਦੇ ਅੰਤਰਗਤ ਰਚੇ ਗਏ ਸਾਹਿਤ ਵਿਚੋਂ ਨਾਮਧਾਰੀ ਸਤਿਗੁਰੂ ਹਰੀ ਸਿੰਘ ਅਤੇ ਸਤਿਗੁਰੂ ਪ੍ਰਤਾਪ ਸਿੰਘ ਦੀ ਸਰਪ੍ਰਸਤੀ ਹੇਠ ਰਚੀ ਗਈ ਵਾਰਤਕ ਨੂੰ ਹੀ ਚਰਚਾ ਦਾ ਵਿਸ਼ਾ ਬਣਾਇਆ ਹੈ। ਇਹ ਵਾਰਤਕ ਪ੍ਰੋ. ਕਿਰਪਾਲ ਸਿੰਘ ਦੁਆਰਾ ਕੀਤੀ ਗਈ ਕਾਲ-ਵੰਡ ਅਨੁਸਾਰ ਦੂਜੇ ਕਾਲ ਅਰਥਾਤ 1906 ਤੋਂ 1959 ਤੱਕ ਦੇ ਦੌਰਾਨ ਰਚੀ ਗਈ। ਨਾਮਧਾਰੀ ਸਾਹਿਤ ਸਮੇਂ ਤੇ ਬੀਤਣ ਨਾਲ ਵਿਕਾਸ ਕਰਦਾ ਨਜ਼ਰੀਂ ਪੈਂਦਾ ਹੈ। ਪਹਿਲੇ ਕਾਲ ਅਰਥਾਤ ਸਤਿਗੁਰੂ ਰਾਮ ਸਿੰਘ ਦੀ ਸਰਪ੍ਰਸਤੀ ਦੇ ਕਾਲ ਵਿਚ ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮਿਆਂ ਤੋਂ ਇਲਾਵਾ ਇੱਕਾ-ਦੁੱਕਾ ਰਚਨਾਵਾਂ ਹੀ ਮਿਲਦੀਆਂ ਹਨ। ਵਿਚਕਾਰਲੇ ਕਾਲ

(1906-1959) ਅਰਥਾਤ ਸਤਿਗੁਰੂ ਪ੍ਰਤਾਪ ਸਿੰਘ ਦੀ ਰਹਿਨੁਮਾਈ ਹੇਠ ਕਈ ਮਹੱਤਵਪੂਰਨ ਨਾਮਧਾਰੀ ਸਾਹਿਤਕਾਰਾਂ ਨੇ ਆਪਣਾ ਯੋਗਦਾਨ ਪਾਇਆ। ਇਹ ਯੋਗਦਾਨ ਗਿਣਾਤਮਕ ਪੱਖ ਤੋਂ ਭਾਵੇਂ ਸੀਮਤ ਹੀ ਸੀ ਪਰ ਗੁਣਾਤਮਕ ਪੱਖ ਤੋਂ ਕਈ ਅਜਿਹੀਆਂ ਰਚਨਾਵਾਂ ਪੰਜਾਬੀ ਸਾਹਿਤ ਨੂੰ ਅਰਪਣ ਕੀਤੀਆਂ ਗਈਆਂ ਜੋ ਸਾਹਿਤ ਹੋਣ ਦੇ ਨਾਲ-ਨਾਲ ਨਾਮਧਾਰੀ ਸੰਪਰਦਾਇ ਦੇ ਇਤਿਹਾਸ ਵਿਚ ਅਹਿਮ ਦਸਤਾਵੇਜਾਂ ਦਾ ਸਥਾਨ ਰੱਖਦੀਆਂ ਹਨ। ਇਸ ਕਾਲ ਅਧੀਨ ਸੰਤ ਇੰਦਰ ਸਿੰਘ ਚੱਕਰਵਰਤੀ ਅਤੇ ਸਰਦਾਰ ਨਾਹਰ ਸਿੰਘ ਦੁਆਰਾ ਰਚੇ ਨਾਮਧਾਰੀ ਇਤਿਹਾਸਾਂ, ਸੰਤ ਨਿਧਾਨ ਸਿੰਘ ਆਲਮ ਰਚਿਤ ਨਾਮਧਾਰੀ ਸਿਧਾਂਤ ਪ੍ਰਦਰਸ਼ਨ, ਗੁਰੂ ਪਦ ਪ੍ਰਕਾਸ਼, ਸਿੱਖ ਧਰਮ ਤੇ ਮਾਸ, ਜੁਗ ਪਲਟਾਊ ਸਤਿਗੁਰੂ ਅਤੇ ਸੰਤ ਤਰਨ ਸਿੰਘ ਵਹਿਮੀ ਦੁਆਰਾ ਰਚਿਤ ਜੱਸ ਜੀਵਨ (ਛੇ ਭਾਗ) ਤੇ ਗੁਰੂ ਗੋਬਿੰਦ ਸਿੰਘ ਜੀ ਦਾ ਨੰਦੇੜੋਂ ਬਾਦ ਦਾ ਜੀਵਨ ਆਦਿ ਨੂੰ ਚਰਚਾ ਦਾ ਆਧਾਰ ਬਣਾਇਆ ਗਿਆ ਹੈ। ਤੀਜੇ ਕਾਲ ਅਰਥਾਤ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਰਪ੍ਰਸਤੀ ਦੇ ਸਮੇਂ ਨਾਮਧਾਰੀ ਸਾਹਿਤ ਦਾ ਘੇਰਾ ਬਹੁਤ ਵਸੀਹ ਹੋ ਗਿਆ ਅਤੇ ਇਸ ਵਿਚ ਦਿਨੋਂ-ਦਿਨ ਵਾਧਾ ਹੋ ਰਿਹਾ ਹੈ।

ਸਾਡੇ ਖੋਜ-ਪ੍ਰਬੰਧ ਲਈ ਚੁਣੇ ਗਏ ਕਾਲ ਦੀ ਨਾਮਧਾਰੀ ਵਾਰਤਕ ਦਾ ਸਰਵੇਖਣ ਕਰਨ ਤੋਂ ਪਤਾ ਚਲਦਾ ਹੈ ਕਿ ਇਸ ਦੌਰ ਦੀ ਵਾਰਤਕ ਦੇ ਵਸਤੂ ਦਾ ਘੇਰਾ ਬਹੁਤ ਵਿਸਤ੍ਰਿਤ ਹੈ। ਇਸ ਵਿਚੋਂ ਨਾਮਧਾਰੀ ਧਰਮ, ਜੀਵਨ-ਜਾਚ ਅਤੇ ਉਸ ਵੇਲੇ ਦੀਆਂ ਰਾਜਸੀ, ਸਮਾਜਕ ਤੇ ਆਰਥਕ ਸਥਿਤੀਆਂ ਦੇ ਦਰਸ਼ਨ ਹੁੰਦੇ ਹਨ। ਸੰਤ ਇੰਦਰ ਸਿੰਘ ਚੱਕਰਵਰਤੀ ਨੇ ਬਾਬਾ ਬਾਲਕ ਸਿੰਘ ਜੀ ਦੀ ਜੀਵਨੀ ਨੂੰ ਨਾਮਧਾਰੀ ਇਤਿਹਾਸ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਸ ਵਿਚੋਂ ਨਾਮਧਾਰੀ ਮੱਤ ਦੇ ਉਥਾਨ ਦਾ ਪਤਾ ਚਲਦਾ ਹੈ। ਸਰਦਾਰ ਨਾਹਰ ਸਿੰਘ ਦੇ ਰਚੇ ਸਾਹਿਤ ਵਿਚ ਜੋ ਨਾਮਧਾਰੀ ਇਤਿਹਾਸ ਰੂਪਮਾਨ ਹੁੰਦਾ ਹੈ, ਉਹ ਉਸ ਸਮੇਂ ਦੇ ਸਰਕਾਰੀ ਦਸਤਾਵੇਜਾਂ ਦੀਆਂ ਰਿਪੋਰਟਾਂ ਨੂੰ ਸਬੂਤ ਵਜੋਂ ਨਾਲ ਲੈ ਕੇ ਚਲਦਾ ਹੈ। ਇਨ੍ਹਾਂ ਪੁਸਤਕਾਂ ਦੀ ਵਸਤੂ ਨੂੰ ਵਿਚਾਰਿਆਂ ਜਿੱਥੇ ਨਾਮਧਾਰੀ ਮੱਤ ਦੇ ਇਤਿਹਾਸ, ਉਥਾਨ ਤੇ ਪ੍ਰਸਾਰ ਦੀ ਚੰਗੀ ਤਰ੍ਹਾਂ ਜਾਣਕਾਰੀ ਹੋ ਜਾਂਦੀ ਹੈ, ਉਥੇ ਇਹ ਸਾਡੇ ਕੌਮੀ

ਸੁਤੰਤਰਤਾ ਸੰਗਰਾਮ ਦੇ ਇਤਿਹਾਸ ਦਾ ਬੋਧ ਵੀ ਕਰਵਾਉਂਦਾ ਹੈ। 'ਨਾਮਧਾਰੀ ਸਿਧਾਂਤ ਪ੍ਰਦਰਸ਼ਨ' ਵਿਚ ਇਕ ਗੁਰਮੁਖ ਲਈ ਨਿਯਤ ਕੀਤੀ ਗਈ ਜੀਵਨ-ਜਾਚ ਨੂੰ ਵਸਤੂ ਦੇ ਤੌਰ ਤੇ ਲਿਆ ਗਿਆ ਹੈ। ਤਰਨ ਸਿੰਘ ਵਹਿਮੀ ਰਚਿਤ 'ਜੱਸ ਜੀਵਨ' ਨੂੰ ਇਕ ਵੱਡ-ਅਕਾਰੀ ਗ੍ਰੰਥ ਦਾ ਦਰਜਾ ਦਿੱਤਾ ਜਾ ਸਕਦਾ ਹੈ। ਇਸ ਪੁਸਤਕ ਵਿਚੋਂ ਉਸ ਸਮੇਂ ਦੇ ਰਾਜਸੀ, ਸਮਾਜਕ ਤੇ ਆਰਥਕ ਸਥਿਤੀ ਦੇ ਭਰਪੂਰ ਰੂਪ ਵਿਚ ਦਰਸ਼ਨ ਹੁੰਦੇ ਹਨ। ਲੇਖਕ ਨਾਮਧਾਰੀ ਮਹਾਂਪੁਰਖਾਂ ਦੀਆ ਜੀਵਨ-ਘਟਨਾਵਾਂ ਨੂੰ ਆਧਾਰ ਸਮੱਗਰੀ ਵਜੋਂ ਵਰਤਦੇ ਹੋਏ ਨਾਲ ਹੀ ਸਮਕਾਲੀ ਹਾਲਾਤਾਂ ਦੀ ਸਮੁੱਚੀ ਜਾਣਕਾਰੀ ਦਿੰਦਾ ਹੈ।

ਨਾਮਧਾਰੀ ਵਾਰਤਕ ਸਾਹਿਤ ਦੇ ਥੀਮ ਨੂੰ ਵਾਚਦਿਆਂ ਇਹ ਗੱਲ ਸਪਸ਼ਟ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਇਸ ਲਹਿਰ ਦੇ ਸਰੋਕਾਰ ਮਹਿਜ ਧਾਰਮਕ ਹੀ ਨਹੀਂ ਸਨ, ਸਗੋਂ ਇਹ ਕੌਮੀ ਸੁਤੰਤਰਤਾ ਸੰਗਰਾਮ ਨੂੰ ਸਮਰਪਿਤ ਵਿਦਰੋਹੀ ਲਹਿਰ ਸੀ। ਉਸ ਸਮੇਂ ਆਮ ਕਰਕੇ ਧਾਰਮਕ, ਸਮਾਜਕ ਤੇ ਸਦਾਚਾਰਕ ਵਿਸ਼ਿਆਂ ਨੂੰ ਵਾਰਤਕ ਦੇ ਵਸਤੂ ਵਜੋਂ ਲਿਆ ਜਾਂਦਾ ਸੀ ਜੋ ਕਿ ਗੁਰਬਖਸ਼ ਸਿੰਘ ਪ੍ਰੀਤਲੜੀ ਅਤੇ ਪ੍ਰਿੰ. ਤੇਜਾ ਸਿੰਘ ਦੀ ਰਚੀ ਹੋਈ ਵਾਰਤਕ ਵਿਚ ਸਪਸ਼ਟ ਰੂਪ ਵਿਚ ਉਜਾਗਰ ਹੁੰਦੇ ਹਨ। ਨਾਮਧਾਰੀ ਵਾਰਤਕ ਨੂੰ ਇਸ ਪੱਖੋਂ ਅਹਿਮ ਸਥਾਨ ਦੀ ਧਾਰਣੀ ਕਿਆਸ ਕੀਤਾ ਜਾ ਸਕਦਾ ਹੈ। ਇਸ ਵਾਰਤਕ ਵਿਚ ਸਮਾਜਕ, ਧਾਰਮਕ, ਸਦਾਚਾਰਕ ਅਤੇ ਰਾਜਨੀਤਕ ਵਿਸ਼ਿਆਂ ਦੇ ਨਿਭਾ ਦੇ ਨਾਲ-ਨਾਲ ਉਨ੍ਹਾਂ ਦਸਤਾਵੇਜਾਂ ਤੇ ਰਿਕਾਰਡਾਂ ਦਾ ਵੀ ਵੇਰਵਾ ਮਿਲਦਾ ਹੈ ਜੋ ਇਤਿਹਾਸਕ ਤੌਰ ਤੇ ਅਹਿਮ ਅਤੇ ਪ੍ਰਮਾਣਿਕ ਸਮੱਗਰੀ ਮੰਨੇ ਜਾ ਸਕਦੇ ਹਨ। ਇਸ ਤਰ੍ਹਾਂ ਵਿਸ਼ੇ-ਵਸਤੂ ਪੱਖੋਂ ਨਾਮਧਾਰੀ ਵਾਰਤਕ ਪੰਜਾਬੀ ਸਾਹਿਤ ਦੀ ਬਾਕੀ ਵਾਰਤਕ ਦੇ ਨਾਲ-ਨਾਲ ਚਲਦੀ ਪ੍ਰਤੀਤ ਹੁੰਦੀ ਹੈ।

ਨਾਮਧਾਰੀ ਵਾਰਤਕ ਦੇ ਲਿਖਾਰੀ ਆਮ ਕਰਕੇ ਨਿਸ਼ਠਾਵਾਨ ਪ੍ਰਤੀਤ ਹੁੰਦੇ ਹਨ। ਇਸ ਵਾਰਤਕ ਨੂੰ ਗਹੁ ਨਾਲ ਵਾਚਦਿਆਂ ਇਹ ਪੱਖ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਲੇਖਕਾਂ ਦਾ

ਦ੍ਰਿਸ਼ਟੀਕੋਣ ਸ਼ਰਧਾਮੂਲਕ ਹੈ। ਉਹ ਆਪਣੇ-ਆਪ ਨੂੰ ਇਕ ਪਾਸੇ ਰੱਖ ਕੇ ਰਚਨਾ ਦੀ ਉਸਾਰੀ ਨਹੀਂ ਕਰਦੇ, ਸਗੋਂ ਆਪਣੀਆਂ ਨਿੱਜੀ ਭਾਵਨਾਵਾਂ ਨੂੰ ਨਾਲ ਰਲਾ ਲੈਂਦੇ ਹਨ। ਇਹ ਗੱਲ ਕਈ ਵਾਰ ਅਚਨਚੇਤ ਹੀ ਵਾਪਰ ਜਾਂਦੀ ਹੈ ਕਿਉਂਕਿ ਉਨ੍ਹਾਂ ਦਾ ਹਰ ਵਿਸ਼ਾ ਨਾਮਧਾਰੀ ਸਤਿਗੁਰੂਆਂ ਨਾਲ ਸੰਬੰਧਿਤ ਹੈ ਤੇ ਹਰ ਨਾਮਧਾਰੀ ਆਪਣੇ ਸਤਿਗੁਰੂਆਂ ਪ੍ਰਤੀ ਸ਼ਰਧਾ ਨਾਲ ਓਤ-ਪੋਤ ਹੈ। ਸਮੁੱਚਾ ਨਾਮਧਾਰੀ ਸਾਹਿਤ ਨਾਮਧਾਰੀ ਸਤਿਗੁਰੂਆਂ ਦੁਆਲੇ ਹੀ ਘੁੰਮਦਾ ਹੈ ਅਤੇ ਇਸ ਵਿਚੋਂ ਪੈਰ-ਪੈਰ ਤੇ ਆਪਣੇ ਰਹਿਨੁਮਾ ਪ੍ਰਤੀ ਅਪਾਰ ਸ਼ਰਧਾ ਝਲਕਦੀ ਹੈ। ਨਾਮਧਾਰੀ ਵਾਰਤਕ ਦਾ ਆਧਾਰ ਨਿਆਂਮੂਲਕ ਤੇ ਵਿੱਥਮੂਲਕ ਹੋਣ ਦੀ ਬਜਾਇ ਸ਼ਰਧਾਮੂਲਕ ਰੂਪ ਵਿਚ ਵਧੇਰੇ ਵਾਪਰਦਾ ਦਿਖਾਈ ਦਿੰਦਾ ਹੈ।

ਨਾਮਧਾਰੀ ਲਹਿਰ ਦਾ ਉਥਾਨ ਨਿਰੋਲ ਧਾਰਮਕ ਕਾਰਨਾਂ ਕਰਕੇ ਨਹੀਂ ਹੋਇਆ ਸਗੋਂ ਇਸ ਦੇ ਉਦਭਵ ਦੇ ਪ੍ਰੇਰਕਾਂ ਵਿਚ ਉਨੀਵੀਂ ਸਦੀ ਦੇ ਪਿਛਲੇ ਅੱਧ ਤੇ ਪੰਜਾਬ ਦੀਆਂ ਰਾਜਸੀ, ਆਰਥਕ ਅਤੇ ਸਮਾਜਕ ਪ੍ਰਸਥਿਤੀਆਂ ਵੀ ਕਾਰਜਸ਼ੀਲ ਸਨ। ਜਦੋਂ ਸਮੁੱਚੇ ਭਾਰਤ ਵਿਚ ਬਰਤਾਨਵੀ ਸਾਮਰਾਜ ਦੇ ਖਿਲਾਫ ਤਿੱਖੀ ਰਾਜਸੀ ਚੇਤਨਾ ਅੰਗੜਾਈ ਲੈ ਰਹੀ ਸੀ, ਠੀਕ ਉਸ ਸਮੇਂ ਸਤਿਗੁਰੂ ਰਾਮ ਸਿੰਘ ਨੇ 1857 ਈ. ਵਿਚ ਵਿਸਾਖੀ ਵਾਲੇ ਦਿਨ 'ਸੰਤ ਖਾਲਸਾ' ਦੀ ਸਥਾਪਨਾ ਕੀਤੀ, ਜਿਸਦਾ ਮਨੋਰਥ ਦੂਹਰਾ ਸੀ। ਇਕ ਪਾਸੇ ਸਿੱਖਾਂ ਵਿਚ ਵਧ ਰਹੇ ਪਤਿਤਪੁਣੇ ਨੂੰ ਠੱਲ ਪਾ ਕੇ ਸਮਾਜ-ਸੁਧਾਰ ਦੇ ਪ੍ਰੋਗਰਾਮ ਨੂੰ ਲਾਗੂ ਕਰਨਾ ਸੀ। ਅਤੇ ਦੂਜੇ ਪਾਸੇ ਅੰਗਰੇਜ਼ਾਂ ਨੂੰ ਹਿੰਦੋਸਤਾਨ ਵਿਚੋਂ ਕੱਢ ਕੇ ਸਾਮਰਾਜੀ ਗੁਲਾਮੀ ਤੋਂ ਮੁਕਤ ਹੋਣ ਦੀ ਭਾਵਨਾ ਵੀ ਪ੍ਰਬਲ ਸੀ। ਇਸ ਸਮੇਂ ਪੰਜਾਬ ਵਿਚ ਅੰਗਰੇਜ਼ਾਂ ਪ੍ਰਤੀ ਰੱਖਿਆਤਮਕ ਪੈਂਤੜਾ ਅਪਣਾਇਆ ਜਾ ਰਿਹਾ ਸੀ। ਭਾਰਤੀ ਮੱਧਵਰਗ ਦਾ ਅੰਗਰੇਜ਼ਾਂ ਪ੍ਰਤੀ ਰਵੱਈਆ ਮਿਸ਼ਰਤ ਚੇਤਨਾ ਵਾਲਾ ਸੀ। ਅੰਗਰੇਜ਼ਾਂ ਦੁਆਰਾ ਕੀਤੇ ਜਾ ਰਹੇ ਭਾਰਤ ਦੇ ਵਿਕਾਸ ਕਾਰਨ ਭਾਰਤੀ ਆਰਥਕਤਾ ਨੂੰ ਹੁਲਾਰਾ ਮਿਲ ਰਿਹਾ ਸੀ ਅਤੇ ਆਮ ਆਦਮੀ ਬਰਤਾਨਵੀ ਸਾਮਰਾਜ ਨੂੰ ਵਿਕਾਸ ਅਤੇ ਖੁਸ਼ਹਾਲੀ ਦਾ ਜਨਕ ਸਮਝ ਰਿਹਾ ਸੀ, ਪਰ ਦੂਜੇ ਪਾਸੇ ਅੰਗਰੇਜ਼ਾਂ ਦੁਆਰਾ ਆਪਣੇ ਧਰਮ ਅਤੇ ਸਭਿਆਚਾਰ ਨੂੰ ਖਤਰਾ ਮਹਿਸੂਸ ਕਰ ਰਿਹਾ ਸੀ। ਇਸ ਸਮੇਂ

ਪੰਜਾਬ ਵਿਚ ਵੱਖ-ਵੱਖ ਫਿਰਕਿਆਂ ਅੰਦਰ ਪੈਦਾ ਹੋ ਰਹੀਆਂ ਧਾਰਮਕ ਪੁਨਰ ਸੁਰਜੀਤੀ ਦੀਆਂ ਲਹਿਰਾਂ ਉਸ ਵਿਸ਼ੇਸ਼ ਇਤਿਹਾਸਕ ਪ੍ਰਸੰਗ ਵਿਚ ਦੂਹਰੀ ਭੂਮਿਕਾ ਨਿਭਾ ਰਹੀਆਂ ਸਨ। ਪੰਜਾਬ ਵਿਚ ਸਿੰਘ ਸਭਾ ਲਹਿਰ, ਆਰੀਆ ਸਮਾਜ, ਬ੍ਰਹਮੋ ਸਮਾਜ ਅਤੇ ਅਹਿਮਦੀਆ ਲਹਿਰ ਆਦਿ ਲਹਿਰਾਂ ਪੰਜਾਬ ਦੇ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਨੂੰ ਆਪਣੇ-ਆਪਣੇ ਧਰਮ ਵਿਚ ਪ੍ਰਪੱਕ ਹੋਣ ਲਈ ਸੁਚੇਤ ਕਰ ਰਹੀਆਂ ਸਨ। ਬਰਤਾਨਵੀ ਸਾਮਰਾਜ ਪ੍ਰਤੀ ਵਿਦਰੋਹੀ ਰਵੱਈਏ ਕਾਰਨ ਜਿੱਥੇ ਇਹ ਲਹਿਰਾਂ ਇਕ ਪਾਸੇ ਕੌਮੀ ਸੁਤੰਤਰਤਾ ਦੀ ਭਾਵਨਾ ਅਤੇ ਸੁਤੰਤਰਤਾ ਸੰਗਰਾਮ ਨੂੰ ਮਜ਼ਬੂਤ ਕਰ ਰਹੀਆਂ ਸਨ ਉਥੇ ਦੂਜੇ ਪਾਸੇ ਆਪਸ ਵਿਚ ਟਕਰਾਉਣ ਕਾਰਨ ਇਹ ਲਹਿਰਾਂ 'ਇੰਡੀਅਨ ਨੈਸ਼ਨਲ ਕਾਂਗਰਸ' ਦੀ ਅਗਵਾਈ ਹੇਠ ਵਿਸ਼ਾਲ ਤੇ ਸਾਂਝੇ ਮੋਰਚੇ ਵੱਲੋਂ ਲੜੇ ਜਾ ਰਹੇ ਸੁਤਤੰਰਤਾ ਸੰਗਰਾਮ ਨੂੰ ਕਮਜ਼ੋਰ ਕਰ ਰਹੀਆਂ ਸਨ। ਇਸ ਸਮੇਂ ਨਾਮਧਾਰੀ ਲਹਿਰ ਦੇ ਸੰਚਾਲਕ ਸਤਿਗੁਰੂ ਰਾਮ ਸਿੰਘ ਵੱਲੋਂ ਬਰਤਾਨਵੀ ਬਸਤੀਵਾਦ ਦੇ ਪ੍ਰਤੀ ਪੂਰਨ ਅਸਹਿਯੋਗ ਅਤੇ ਬਾਈਕਾਟ ਦਾ ਰੁਖ ਅਪਣਾਇਆ ਗਿਆ। ਇਸ ਲਹਿਰ ਦਾ ਨਿਸ਼ਾਨਾ ਬਰਤਾਨਵੀ ਬਸਤੀਵਾਦ ਦੇ ਆਰਥਕ ਅਤੇ ਰਾਜਨੀਤਕ ਆਧਾਰਾਂ ਉੱਤੇ ਸਿੱਧੀ ਸੱਟ ਮਾਰਨ ਦਾ ਸੀ। ਨਾਮਧਾਰੀਆਂ ਦੇ ਧਰਮ-ਸੁਧਾਰ ਦੇ ਪ੍ਰੋਗਰਾਮ ਅਤੇ ਬਰਤਾਨਵੀ ਬਸਤੀਵਾਦ ਪ੍ਰਤੀ ਵਿਦਰੋਹੀ ਨੀਤੀ ਕਾਰਨ ਸਧਾਰਨ ਲੋਕ ਇਸ ਲਹਿਰ ਵੱਲ ਖਿੱਚੇ ਗਏ।

ਇਨ੍ਹਾਂ ਸਾਰੇ ਵਰਤਾਰਿਆਂ ਨੂੰ ਨਾਮਧਾਰੀ ਲੇਖਕਾਂ ਨੇ ਕਲਮਬੱਧ ਕੀਤਾ ਜੋ ਨਾਮਧਾਰੀ ਸਾਹਿਤ ਵਿਚੋਂ ਭਿੰਨ-ਭਿੰਨ ਰੂਪਾਕਾਰਾਂ ਰਾਹੀਂ ਦ੍ਰਿਸ਼ਟੀਗੋਚਰ ਹੁੰਦੇ ਹਨ। ਨਾਮਧਾਰੀ ਸਾਹਿਤ ਇਸ ਸੰਪਰਦਾਇ ਦੇ ਵਿਸ਼ੇਸ਼ ਰਹਿਣ-ਸਹਿਣ ਦੇ ਢੰਗ, ਪਹਿਰਾਵੇ, ਰਸਮੋ-ਰਿਵਾਜ, ਖਾਣ-ਪੀਣ, ਰਹਿਤ-ਮਰਿਆਦਾ, ਨਾਮਧਾਰੀ ਮੱਤ ਵਿਚ ਨਾਮ ਦੀ ਉੱਚਤਾ ਨੂੰ ਪ੍ਰਗਟਾ ਕੇ ਪਾਠਕਾਂ ਦੇ ਮਨਾਂ ਦੀ ਤਹਿ ਤੱਕ ਪਹੁੰਚਣ ਦਾ ਯਤਨ ਕਰਦਿਆਂ ਨਾਮਧਾਰੀ ਮੱਤ ਦਾ ਪ੍ਰਚਾਰ ਕਰਦਾ ਪ੍ਰਤੀਤ ਹੁੰਦਾ ਹੈ। 'ਨਾਮਧਾਰੀ ਸਿਧਾਂਤ ਪ੍ਰਦਰਸ਼ਨ' ਅਤੇ 'ਗੁਰ ਪਦ ਪ੍ਰਕਾਸ਼' ਦੋਵੇਂ ਪੁਸਤਕਾਂ ਇਸ ਪੱਖ ਨੂੰ ਪ੍ਰਗਟਾਉਂਦੀਆਂ ਹਨ। 'ਗੁਰੂ ਪਦ ਪ੍ਰਕਾਸ਼' ਪੁਸਤਕ ਵਿਚ ਪ੍ਰਸ਼ਨੋਤਰੀ ਚਰਚਾ ਰਾਹੀਂ ਇਸ

ਸੰਪਰਦਾਇ  ਦੀਆਂ ਵਿਸ਼ੇਸ਼ ਧਾਰਨਾਵਾਂ ਦੀ ਉੱਚਤਾ ਨੂੰ ਪਾਠਕਾਂ ਸਾਹਮਣੇ ਰੱਖਣ ਦਾ ਸਫ਼ਲ ਉਪਰਾਲਾ ਕੀਤਾ ਗਿਆ ਹੈ। ਇਸਦੀ ਖਾਸੀਅਤ ਇਸ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਇਹ ਸਾਹਿਤ ਗੁਰਬਾਣੀ ਨੂੰ ਨਾਲ ਲੈ ਕੇ ਚਲਦਾ ਹੈ। ਆਪਣੀ ਗੱਲ ਨੂੰ ਸਿੱਧ ਕਰਨ ਲਈ ਲੇਖਕ ਵੱਲੋਂ ਪੈਰ-ਪੈਰ ਤੇ ਗੁਰਬਾਣੀ ਦੇ ਹਵਾਲਿਆਂ ਦਾ ਸਹਾਰਾ ਲਿਆ ਜਾਂਦਾ ਹੈ।

ਨਾਮਧਾਰੀ ਸਾਹਿਤ ਦਾ ਦੂਜਾ ਪ੍ਰਮੁੱਖ ਸਰੋਕਾਰ ਨਾਮਧਾਰੀ ਸਤਿਗੁਰੂਆਂ ਦੇ ਮਹਾਨ ਤੇ ਪਾਵਨ ਵਿਅਕਤਿਤਵ ਦੀ ਜਾਣਕਾਰੀ ਦੇਣਾ ਹੈ। ਸ. ਇੰਦਰ ਸਿੰਘ ਚੱਕਰਵਰਤੀ ਨੇ ਨਾਮਧਾਰੀ ਇਤਿਹਾਸ ਦੀ ਰਚਨਾ ਕਰਨ ਵੇਲੇ ਨਾਮਧਾਰੀ ਸਤਿਗੁਰੂ ਬਾਲਕ ਸਿੰਘ ਦੇ ਜੀਵਨ ਅਤੇ ਵਿਅਕਤਿਤਵ ਦੀਆਂ ਅਹਿਮ ਪਰਤਾਂ ਖੋਲ੍ਹਦਿਆਂ ਹੋਇਆਂ ਉਨ੍ਹਾਂ ਦੇ ਸਮਕਾਲੀ ਇਤਿਹਾਸ ਬਾਰੇ ਵੀ ਗਿਆਤ ਪਵਾਈ ਹੈ। ਤਰਨ ਸਿੰਘ ਵਹਿਮੀ ਰਚਿਤ 'ਜੱਸ ਜੀਵਨ' ਵਿਚ ਸਤਿਗੁਰੂ ਪ੍ਰਤਾਪ ਸਿੰਘ ਨੂੰ ਗੁਰੂ ਨਾਨਕ ਦੇਵ ਵਾਂਗ ਇਕ ਅਧਿਆਤਮਕ ਪੁਰਸ਼ ਦੇ ਤੌਰ ਤੇ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ। ਫਰਕ ਕੇਵਲ ਇਤਨਾ ਕੁ ਹੈ ਕਿ ਗੁਰੂ ਨਾਨਕ ਦੇਵ ਜੀ ਦੀਆਂ ਜਨਮ ਸਾਖੀਆਂ ਵਿਚ ਅਲੌਕਿਕ ਅੰਸ਼ਾਂ ਦੀ ਭਰਮਾਰ ਰਹੀ ਜਦ ਕਿ ਸਤਿਗੁਰੂ ਪ੍ਰਤਾਪ ਸਿੰਘ ਦੇ ਜੀਵਨ ਦੀ ਪੇਸ਼ਕਾਰੀ ਵੇਲੇ ਯਥਾਰਥਵਾਦ ਦਾ ਪੱਲਾ ਨਹੀਂ ਛੱਡਿਆ ਗਿਆ।

ਸਮੁੱਚਾ ਨਾਮਧਾਰੀ ਸਾਹਿਤ ਭਾਵੇਂ ਨਾਮਧਾਰੀ ਸਤਿਗੁਰੂਆਂ ਦੇ ਦੁਆਲੇ ਹੀ ਘੁੰਮਦਾ ਹੈ ਅਤੇ ਇਸ ਵਿਚੋਂ ਪੈਰ-ਪੈਰ ਤੇ ਆਪਣੇ ਰਹਿਨੁਮਾ ਪ੍ਰਤੀ ਅਪਾਰ ਸ਼ਰਧਾ ਝਲਕਦੀ ਹੈ ਪਰ ਇਸ ਵਿਚੋਂ ਇਕ ਸੰਦੇਸ਼ ਨਿਸ਼ਚੇ ਹੀ ਪ੍ਰਕਾਸ਼ਮਾਨ ਹੁੰਦਾ ਹੈ ਜੋ ਲੋਕਾਂ ਨੂੰ ਸੱਚੀ-ਸੁੱਚੀ ਜੀਵਨ-ਸ਼ੈਲੀ ਅਪਣਾ ਕੇ ਜੀਵਨ-ਨਿਰਬਾਹ ਕਰਨ ਦੇ ਨਾਲ-ਨਾਲ ਗੁਲਾਮੀ ਦੀਆਂ ਜੰਜੀਰਾਂ ਤੋੜ ਕੇ ਜ਼ਿੰਦਗੀ ਬਸਰ ਕਰਨ ਵੱਲ ਵੀ ਪ੍ਰੇਰਦਾ ਹੈ। ਇਸ ਦਾ ਠੋਸ ਸਬੂਤ ਨਾਮਧਾਰੀ ਇਤਿਹਾਸ, ਜੱਸ ਜੀਵਨ, ਨਾਮਧਾਰੀ ਸਿਧਾਂਤ ਪ੍ਰਦਰਸ਼ਨ, ਗੁਰੂ ਪਦ ਪ੍ਰਕਾਸ਼ ਆਦਿ ਪੁਸਤਕਾਂ ਵਿਚ ਮਿਲਦਾ ਹੈ।

'ਨਾਮਧਾਰੀ ਸਿਧਾਂਤ ਪ੍ਰਦਰਸ਼ਨ' ਇਕ ਅਜਿਹੀ ਪੁਸਤਕ ਹੈ ਜਿਸ ਦੇ ਨਿਬੰਧਾਂ ਵਿਚ ਨਾਮਧਾਰੀ ਮੱਤ ਦੇ ਸਿਧਾਂਤਾਂ ਦਾ ਨਿਚੋੜ ਸਮਾਇਆ ਹੋਇਆ ਹੈ। ਨਾਮਧਾਰੀ ਸਾਹਿਤ ਵਿਚੋਂ ਇੱਕ ਗੱਲ ਵਿਸ਼ੇਸ਼ ਰੂਪ ਵਿਚ ਉਘੜਦੀ ਹੈ ਕਿ ਨਾਮਧਾਰੀ ਮੱਤ ਸਿੱਖ ਮੱਤ ਦਾ ਹੀ ਇਕ ਅੰਸ਼ ਹੁੰਦੇ ਹੋਏ ਵੀ ਇਸ ਤੋਂ ਕਾਫੀ ਗੱਲਾਂ ਵਿਚ ਭਿੰਨ ਹੈ। ਨਾਮਧਾਰੀ ਮੱਤ ਦੇ ਇਨ੍ਹਾਂ ਨਿਖੜਵੇਂ ਸਿਧਾਂਤਾਂ ਕਾਰਨ ਇਸ ਦੀ ਇਕ ਵੱਖਰੀ ਹੋਂਦ ਉਜਾਗਰ ਹੁੰਦੀ ਹੈ ਜੋ ਇਸ ਨੂੰ ਆਮ ਸਿੱਖ ਮੱਤ ਨਾਲੋਂ ਵਖਰਿਆ ਕੇ ਪੇਸ਼ ਕਰਦੀ ਹੈ। ਨਾਮਧਾਰੀ ਸਾਹਿਤ ਅਨੁਸਾਰ ਭਾਵੇਂ ਇਨ੍ਹਾਂ ਦੀ ਜੀਵਨ-ਸ਼ੈਲੀ ਗੁਰਬਾਣੀ ਦੇ ਸਿਧਾਂਤਾਂ ਨੂੰ ਦ੍ਰਿੜ ਰੂਪ ਵਿਚ ਅਪਣਾ ਕੇ ਚੱਲਦੀ ਹੈ, ਪਰ ਸਿੱਖ ਧਰਮ ਨਾਲੋਂ ਇਨ੍ਹਾਂ ਦਾ ਵਖਰੇਵਾਂ ਖਾਸ ਰੂਪ ਵਿਚ ਉਜਾਗਰ ਹੁੰਦਾ ਹੈ ਜਦੋਂ ਦੇਹਧਾਰੀ ਗੁਰੂ ਦੀ ਮਾਨਤਾ ਦੀ ਗੱਲ ਸਾਹਮਣੇ ਆਉਂਦੀ ਹੈ। ਇਸ ਸੰਪਰਦਾਇ ਦੇ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦਾ ਨਾਂਦੇੜ ਵਿਖੇ ਜੋਤੀ ਜੋਤ ਨਾ ਸਮਾਉਣਾ ਤੇ ਗੁਪਤ ਰੂਪ ਵਿਚ ਵਿਚਰ ਕੇ ਗੁਰਗੱਦੀ ਅਗਾਂਹ ਬਾਬਾ ਬਾਲਕ ਸਿੰਘ ਨੂੰ ਸੌਂਪ ਕੇ ਜਾਣਾ ਆਮ ਸਿੱਖ ਧਾਰਨਾ ਨਾਲ ਵਾਦ-ਵਿਵਾਦ ਪੈਦਾ ਕਰਦਾ ਹੈ। ਇਹੀ ਵਾਦ-ਵਿਵਾਦ ਇਨ੍ਹਾਂ ਦੇ ਸਾਹਿਤ ਵਿਚ ਵੀ ਉਜਾਗਰ ਹੁੰਦਾ ਹੈ। ਇੱਥੋਂ ਤੱਕ ਕਿ ਗੁਰਬਾਣੀ ਦੇ ਕੁਝ ਸ਼ਬਦਾਂ ਦੀ ਵਿਆਖਿਆ ਵੀ ਇਹ ਆਪਣੇ ਢੰਗ ਅਨੁਸਾਰ ਕਰਦੇ ਹਨ ਅਤੇ ਉਨ੍ਹਾਂ ਹੀ ਸ਼ਬਦਾਂ ਨੂੰ ਆਮ ਸਿੱਖ ਧਾਰਨਾ ਅਨੁਸਾਰ ਕਿਸੇ ਹੋਰ ਅਰਥਾਂ ਵਿਚ ਲਿਆ ਜਾਂਦਾ ਹੈ।

ਉਪਰੋਕਤ ਤੋਂ ਬਿਨਾਂ ਇਹ ਵਖਰੇਵਾਂ ਸਮਾਜਕ ਤੇ ਸਭਿਆਚਾਰਕ ਰੂਪ ਵਿਚ ਵੀ ਉਜਾਗਰ ਹੁੰਦਾ ਹੈ। ਨਾਮਧਾਰੀ ਸਾਹਿਤ ਉਨ੍ਹਾਂ ਸਮਾਜਕ ਨਿਯਮਾਂ ਨੂੰ ਉੱਭਰਵੇਂ ਰੂਪ ਵਿਚ ਅਤੇ ਉਚਿਆ ਕੇ ਪੇਸ਼ ਕਰਦਾ ਹੈ ਜੋ ਸਤਿਗੁਰੂ ਰਾਮ ਸਿੰਘ ਨੇ ਆਪਣੇ ਅਨੁਯਾਈਆਂ ਲਈ ਨਿਸ਼ਚਿਤ ਕੀਤੇ। ਇਨ੍ਹਾਂ ਨਿਯਮਾਂ ਦੀ ਪਾਲਣਾ ਨਾਮਧਾਰੀਆਂ ਲਈ ਆਵੱਸ਼ਕ ਸੀ ਕਿਉਂ ਜੋ ਉਸ ਸਮੇਂ ਦੇ ਸਮਾਜ ਵਿਚੋਂ ਨਿਰਾਸਤਾ, ਨਾਸਤਿਕਤਾ ਤੇ ਨੈਤਿਕ ਗਿਰਾਵਟ ਨੂੰ ਦੂਰ ਕਰਕੇ ਸਵੱਛ ਤੇ ਸ਼ੁੱਧ ਜੀਵਨ ਬਤੀਤ ਕਰਨਾ ਸਮੇਂ ਦੀ ਮੁੱਖ ਲੋੜ ਸੀ। ਇਹ ਇਕ ਅਜਿਹੀ ਲਹਿਰ ਸੀ ਜਿਸ ਦੇ ਯਤਨਾਂ ਦੇ ਫਲਸਰੂਪ ਸਿੱਖ ਧਰਮ ਵਿਚੋਂ ਧਾਰਮਕ ਤੇ ਸਮਾਜਕ ਨਿਘਾਰ ਘਟਿਆ। ਕੁਝ ਕੁ ਸਮਾਂ ਬੀਤ ਜਾਣ ਪਿੱਛੋਂ ਇਸ

ਦੇ ਰਾਜਸੀ ਸਰੋਕਾਰ ਝਲਕਣ ਲੱਗ ਪਏ। ਫਲਸਰੂਪ ਅਹਿੰਸਾਵਾਦ ਅਤੇ ਵਿਦੇਸ਼ੀ ਵਸਤਾਂ ਦਾ ਬਾਈਕਾਟ ਹੋਣ ਨਾਲ ਇਕ ਰਾਜਨੀਤਕ ਉਥਲ-ਪੁਥਲ ਹੋਈ। ਲੋਕਾਂ ਵਿਚ ਜਾਗ੍ਰਤੀ ਦੀ ਇਕ ਲਹਿਰ ਜਿਹੀ ਦੌੜ ਗਈ ਜਿਸ ਨਾਲ ਅੰਗਰੇਜ਼ ਸ਼ਾਸਕਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਅਸਲ ਵਿਚ ਇਨ੍ਹਾਂ ਸਾਰੇ ਵਰਤਾਰਿਆਂ ਪਿੱਛੇ ਜੋ ਉਦੇਸ਼ ਕੰਮ ਕਰ ਰਹੇ ਸਨ, ਉਨ੍ਹਾਂ ਵਿਚ ਪਹਿਲਾ ਇਹ ਸੀ ਕਿ ਮਨੁੱਖ ਦੇ ਅੰਦਰ ਧਾਰਮਕ ਚੇਤਨਾ ਜਗਾ ਕੇ ਉਸ ਨੂੰ ਉੱਚੀ ਤੇ ਸੁੱਚੀ ਸੋਚ ਦਾ ਧਾਰਨੀ ਬਣਾਇਆ ਜਾਵੇ, ਦੂਜਾ ਇਕ ਆਦਰਸ਼ ਸਮਾਜ ਦੀ ਉਸਾਰੀ ਕੀਤੀ ਜਾਵੇ ਅਤੇ ਅੰਤਿਮ ਪਰ ਪ੍ਰਮੁੱਖ ਕਿ ਅੰਗਰੇਜ਼ਾਂ ਨੂੰ ਮੁਲਕ ਵਿਚੋਂ ਕੱਢ ਕੇ ਦੇਸ਼ ਦੀ ਰਾਜਨੀਤਕ ਵਾਗਡੋਰ ਆਪਣੇ ਹੱਥਾਂ ਵਿਚ ਲਈ ਜਾਵੇ। ਇਹ ਸਾਰੇ ਵਰਤਾਰੇ ਨਾਮਧਾਰੀ ਸਾਹਿਤ ਦੇ ਪ੍ਰਮੁੱਖ ਸਰੋਕਾਰ ਰਹੇ ਹਨ।

ਵਰਣਨਯੋਗ ਕੀਤੀਆਂ ਸਾਰੀਆਂ ਸਾਹਿਤਕ ਰਚਨਾਵਾਂ ਨੂੰ ਵਿਭਿੰਨ ਰੂਪਾਕਾਰਾਂ ਦੇ ਤਹਿਤ ਚਿਤਰਿਆ ਗਿਆ ਹੈ। ਇਹ ਸਾਰੀਆਂ ਰੂਪਾਕਾਰਕ ਵੰਨਗੀਆਂ ਜਿਵੇਂ ਸਾਖੀ, ਜੀਵਨੀ, ਨਿਬੰਧ, ਇਤਿਹਾਸ ਅਤੇ ਸੰਸਮਰਣ ਆਦਿ ਮੱਧਕਾਲ ਅਤੇ ਆਧੁਨਿਕ ਦੋਹਾਂ ਕਾਲਾਂ ਦੇ ਰੂਪਾਕਾਰ ਹਨ। ਸਾਖੀ ਸਾਹਿਤ ਵਿਚ ਮੱਧਕਾਲੀ ਸਾਖੀ ਸਾਹਿਤ ਵਾਲੇ ਲੱਗਭੱਗ ਸਾਰੇ ਗੁਣ ਮਿਲਦੇ ਹਨ ਪਰ ਨਾਮਧਾਰੀ ਸਾਖੀ ਸਾਹਿਤ ਵਿਚ ਪਰਾਲੌਕਿਕ ਅੰਸ਼ਾਂ ਦੀ ਬਜਾਇ ਸ਼ਰਧਾ ਅਤੇ ਲੌਕਿਕਤਾ ਭਾਰੂ ਹੈ।

ਜਿੱਥੋਂ ਤੱਕ ਜੀਵਨੀਆਂ ਅਤੇ ਨਾਮਧਾਰੀ ਇਤਿਹਾਸਾਂ ਦੀ ਪੇਸ਼ਕਾਰੀ ਦਾ ਸਵਾਲ ਹੈ, ਇਹ ਦੋਵੇਂ ਇਕ-ਦੂਜੇ ਨਾਲ ਜੁੜੇ ਪ੍ਰਤੀਤ ਹੁੰਦੇ ਹਨ। ਨਾਮਧਾਰੀ ਸਤਿਗੁਰੂਆਂ ਦੀਆਂ ਜੀਵਨੀਆਂ ਹੀ ਨਾਮਧਾਰੀ ਇਤਿਹਾਸ ਨੂੰ ਉਜਾਗਰ ਕਰਦੀਆਂ ਹਨ ਤੇ ਨਾਮਧਾਰੀ ਇਤਿਹਾਸ ਰਚਨਾ ਵੀ ਇਕ ਤਰ੍ਹਾਂ ਨਾਲ ਨਾਮਧਾਰੀ ਆਗੂਆਂ ਦੇ ਜੀਵਨ ਦੀ ਪੇਸ਼ਕਾਰੀ ਹੀ ਮਾਲੂਮ ਹੁੰਦੀ ਹੈ। ਇਸ ਤਰ੍ਹਾਂ ਇਹ ਦੋਵੇਂ ਇਕ-ਦੂਸਰੇ ਵਿਚ ਘੁਲੇ-ਮਿਲੇ ਪ੍ਰਤੀਤ ਹੁੰਦੇ ਹਨ। ਨਾਮਧਾਰੀ ਸਾਹਿਤ ਦੇ ਅੰਤਰਗਤ ਰਚੇ ਗਏ ਨਿਬੰਧ ਵੀ ਵਿਸ਼ੇ ਪੱਖੋਂ ਨਾਮਧਾਰੀ ਸੰਪਰਦਾਇ ਦੇ ਘੇਰੇ ਤੋਂ ਬਾਹਰ ਨਹੀਂ ਨਿਕਲਦੇ, ਪਰ ਇਨ੍ਹਾਂ ਨੇ ਆਪਣੇ ਉਦੇਸ਼ਾਂ ਦੀ ਸਦਾਚਾਰਕ ਉਚਤਾ ਨੂੰ ਕਾਇਮ ਰੱਖਦੇ ਹੋਏ ਪਾਠਕਾਂ ਨੂੰ ਸਹੀ ਜੀਵਨ-ਸੇਧ

ਦੇਣ ਦੀ ਕੋਸ਼ਿਸ਼ ਕੀਤੀ ਹੈ। ਜੇ ਰੂਪਾਕਾਰਕ ਲੱਛਣਾ ਦੀ ਗੱਲ ਕੀਤੀ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਹਰ ਰੂਪਾਕਾਰ ਦੀ ਉਸਾਰੀ ਵੇਲੇ ਸੰਬੰਧਤ ਲੱਛਣਾਂ ਨੂੰ ਧਿਆਨ ਵਿਚ ਰੱਖਿਆ ਗਿਆ ਹੈ।

ਪੰਜਾਬੀ ਸਾਹਿਤ ਵਿਚ ਸੰਸਮਰਣ ਦੀ ਵਿਧਾ ਜੋ ਹਾਲੇ ਤੱਕ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋਈ ਅਤੇ ਪੰਜਾਬੀ ਸਾਹਿਤਕਾਰਾਂ ਵੱਲੋਂ ਇਸ ਨੂੰ ਇਕ ਸੁਤੰਤਰ ਹੋਂਦ ਦੇ ਰੂਪ ਵਿਚ ਪੂਰੀ ਤਰ੍ਹਾਂ ਅਪਣਾਇਆ ਨਹੀਂ ਗਿਆ, ਨਾਮਧਾਰੀ ਸਾਹਿਤ ਦੇ 'ਜੱਸ ਜੀਵਨ' ਵਿਚ ਪੂਰੀ ਤਰ੍ਹਾਂ ਨਿਰੂਪਣ ਹੋਈ ਹੈ ਤੇ ਇਸ ਨੂੰ ਸਫਲਤਾਪੂਰਵਕ ਨਿਭਾਇਆ ਗਿਆ ਹੈ। ਇਹ ਇਕ ਅਜਿਹਾ ਗ੍ਰੰਥ ਹੈ ਜਿਸ ਵਿਚੋਂ ਇਕੋ ਸਮੇਂ ਜੀਵਨ ਅਤੇ ਸਾਖੀ ਦੇ ਦਰਸ਼ਨ ਵੀ ਹੁੰਦੇ ਹਨ, ਇਤਿਹਾਸ ਅਤੇ ਯਾਦਾਂ ਦੇ ਵੀ ਅਤੇ ਸੰਸਮਰਣ ਅਤੇ ਡਾਇਰੀ ਦੇ ਰੂਪ ਦੇ ਵੀ। ਹਰ ਇਕ ਰੂਪਾਕਾਰ ਆਪਣੇ ਪੂਰਨ ਲੱਛਣਾਂ ਸਮੇਤ ਇਸ ਗ੍ਰੰਥ ਵਿਚ ਵਿਚਰਦਾ ਦਿਖਾਈ ਦਿੰਦਾ ਹੈ।

ਨਾਮਧਾਰੀ ਲਿਖਾਰੀਆਂ ਨੇ ਆਪਣੀ ਗੱਲ ਨੂੰ ਕਹਿਣ ਲਈ ਮੁੱਖ ਤੌਰ ਤੇ ਵਰਣਾਤਮਕ ਸ਼ੈਲੀ ਦਾ ਸਹਾਰਾ ਲਿਆ ਹੈ। ਪਰ ਜਦੋਂ 'ਗੁਰੂ ਪਦ ਪ੍ਰਕਾਸ਼' ਵਿਚ ਚੱਲੇ ਵਾਦ-ਵਿਵਾਦ ਦਾ ਮਸਲਾ ਸਾਹਮਣੇ ਆਉਂਦਾ ਹੈ ਤਾਂ ਇਸ ਪੁਸਤਕ ਦੀ ਸ਼ੈਲੀ ਪ੍ਰਸ਼ਨੋਤਰੀ,ਗੋਸ਼ਟੀ, ਵਿਆਖਿਆ ਤੇ ਕਦੇ ਕਦੇ ਵਿਸ਼ਲੇਸ਼ਣਾਤਮਕ ਰੂਪ ਧਾਰਨ ਕਰ ਲੈਂਦੀ ਹੈ।

ਇਸ ਸਾਹਿਤ ਦੀ ਭਾਸ਼ਾ ਮੱਧਕਾਲੀ ਵਾਰਤਕ ਨਾਲ ਮਿਲਦੀ-ਜੁਲਦੀ ਹੈ। ਜਨਮਸਾਖੀ ਅਤੇ ਇਤਿਹਾਸ ਰਚਨਾ ਵੇਲੇ ਸਾਧ-ਭਾਖਾ ਦਾ ਵਧੇਰੇ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਵਾਦ-ਵਿਵਾਦ ਅਤੇ ਨਿਬੰਧਾਂ ਦੀ ਭਾਸ਼ਾ ਅਜੋਕੇ ਯੁੱਗ ਦੀ ਕੇਂਦਰੀ ਪੰਜਾਬੀ ਦਾ ਹੀ ਰੂਪ ਹੈ।

ਸਮੁੱਚੇ ਤੌਰ ਤੇ ਵੇਖਿਆ ਜਾਵੇ ਤਾਂ ਨਾਮਧਾਰੀ ਵਾਰਤਕ ਸਾਹਿਤ ਮੁੱਖ ਤੌਰ ਤੇ ਮੱਧਕਾਲੀ ਵਾਰਤਕ ਸਾਹਿਤ ਦਾ ਹੀ ਅਗਲੇਰਾ ਪੜਾਅ ਹੈ ਕਿਉਂਕਿ ਮੱਧਕਾਲੀ ਵਾਰਤਕ ਮੁੱਖ ਰੂਪ ਵਿਚ ਧਰਮ-ਕੇਂਦਰਿਤ ਸੀ। ਅਜੋਕੇ ਯੁੱਗ ਦੇ ਸੰਦਰਭ ਵਿਚ ਇਸ ਸਾਹਿਤ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਗਿਣਾਤਮਕ ਤੇ ਗੁਣਾਤਮਕ ਪੱਖ ਤੋਂ ਇਕ ਮਿਆਰੀ ਸਾਹਿਤ ਦੇ ਦਰਜੇ ਦਾ ਧਾਰਣੀ ਹੈ, ਪਰ

ਇਹ ਵਿਸ਼ੇ ਪੱਖੋਂ ਨਾਮਧਾਰੀ ਸੰਪਰਦਾਇ ਤੱਕ ਹੀ ਸੀਮਤ ਰਿਹਾ ਹੈ ਅਤੇ ਵਧੇਰੇ ਕਰਕੇ ਸ਼ਰਧਾਮਈ ਅੰਦਾਜ਼ ਵਿਚ ਲਿਖਿਆ ਹੈ। ਭਾਸ਼ਾ, ਸ਼ੈਲੀ ਤੇ ਰਚਨਾ ਵਿਧੀ ਪੱਖੋਂ ਮੱਧਕਾਲੀ ਵਾਰਤਕ ਸਾਹਿਤ ਦੇ ਜ਼ਿਆਦਾ ਨੇੜੇ ਮਲੂਮ ਹੁੰਦਾ ਹੈ। ਨਾਮਧਾਰੀ ਲਹਿਰ ਦੇ ਵਾਰਤਕ ਸਾਹਿਤ ਦੀ ਪ੍ਰਾਪਤੀ ਇਤਿਹਾਸਕ ਮਹੱਤਵ ਦੀ ਧਾਰਨੀ ਹੈ, ਕਿਉਂਕਿ ਇਹ ਸਾਹਿਤ ਨਾਮਧਾਰੀ ਸੰਪਰਦਾਇ ਦੇ ਇਤਿਹਾਸ, ਸਿਧਾਂਤਾਂ ਅਤੇ ਜੀਵਨ-ਜਾਚ ਦੇ ਨਾਲ-ਨਾਲ ਭਾਰਤ ਅਤੇ ਸਾਮਰਾਜ ਵਿਰੋਧੀ ਸੰਘਰਸ਼ ਦਾ ਪ੍ਰਮਾਣਿਕ ਦਸਤਾਵੇਜ ਹੈ।

# ਪੁਸਤਕ ਸੂਚੀ


**ਪੰਜਾਬੀ ਪੁਸਤਕਾਂ:**

ਅਸ਼ੋਕ, ਸ਼ਮਸ਼ੇਰ ਸਿੰਘ, *ਪੰਜਾਬ ਦੀਆਂ ਲਹਿਰਾਂ,* ਅਸ਼ੋਕ ਪੁਸਤਕਮਾਲਾ, ਪਟਿਆਲਾ, 1974

ਅਹੂਜਾ, ਰੋਸ਼ਨ ਲਾਲ, *ਸਾਹਿਤ ਦੇ ਮੁੱਖ ਰੂਪ,* ਕੁਲਦੀਪ ਪ੍ਰੈਸ, ਅੰਮ੍ਰਿਤਸਰ, 1957

-------, *ਸਾਹਿਤ ਸ਼ਾਸਤਰ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 1973

ਅਜ਼ਾਦ, ਕਿਰਪਾਲ ਸਿੰਘ, *ਸਿੱਖ ਮੂਲਵਾਦ ਬਾਰੇ,* ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ, ਅਕਤੂਬਰ 1983

ਅਤਰ ਸਿੰਘ, *ਦ੍ਰਿਸ਼ਟੀਕੋਣ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 1963

ਅਨਜਾਣ, ਤਾਰਾ ਸਿੰਘ, *ਸਭਹਨ ਕੇ ਸਿਰਮੌਰ,* ਹਰਵਿੰਦਰ ਸਿੰਘ ਹੰਸਪਾਲ ਐਮ. ਪੀ. ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ (ਲੁਧਿਆਣਾ), 1986

-------, *ਸਾਹਿਬ ਗੁਣੀ ਗਹੀਰਾ,* ਹਰਵਿੰਦਰ ਸਿੰਘ ਹੰਸਪਾਲ ਐਮ. ਪੀ. ਪ੍ਰਧਾਨ ਨਾਮਧਾਰੀ ਸਤਿਗੁਰੂ ਪਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ 12, ਪੰਡਤ ਪੰਤ ਮਾਰਗ, ਨਵੀਂ ਦਿੱਲੀ, 1991

-------, *ਸੇਵਕ ਸੱਚੇ ਸਾਹ ਕੇ,* ਹਰਵਿੰਦਰ ਸਿੰਘ ਹੰਸਪਾਲ ਐਮ. ਪੀ. ਪ੍ਰਧਾਨ ਨਾਮਧਾਰੀ ਸਤਿਗੁਰੂ ਪਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ 12, ਪੰਡਤ ਪੰਤ ਮਾਰਗ, ਨਵੀਂ ਦਿੱਲੀ,1992

-------, *ਅਪਣੇ ਰੂ-ਬਰੂ,* ਮਨਪ੍ਰੀਤ ਪ੍ਰਕਾਸ਼ਨ, 16/16, ਗੀਤਾ ਕਲੌਨੀ, ਦਿੱਲੀ, 1999

ਅਨਜਾਣ, ਤਾਰਾ ਸਿੰਘ, ***ਅਸਾਂ ਕੀ ਖੱਟਿਆ***, ਮਨਪ੍ਰੀਤ ਪ੍ਰਕਾਸ਼ਨ, 16/16, ਗੀਤਾ ਕਲੋਨੀ, 1999

ਅਰਸ਼ੀ, ਗੁਰਚਰਨ ਸਿੰਘ (ਡਾ.), ***ਸਾਹਿਤ ਸਮੀਖਿਆ,*** ਨੈਸ਼ਨਲ ਬੁੱਕ ਸ਼ਾਪ, ਦਿੱਲੀ, 1969

ਅਰੋੜਾ, ਏ. ਸੀ. (ਡਾ.), ***ਪੰਜਾਬ ਦੀਆਂ ਲੋਕ ਲਹਿਰਾਂ***, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1966 (ਦੂਜੀ ਵੇਰ)

-------, ***ਪੰਜਾਬ ਦਾ ਇਤਿਹਾਸ,*** ਪ੍ਰਦੀਪ ਪਬਲੀਕੇਸ਼ਨਜ਼, ਅਪੋਜ਼ਿਟ ਸੀਤਲਾ ਮੰਦਰ, ਜਲੰਧਰ, 2002 (ਤੇਰਵੀਂ ਵਾਰ)

ਆਰਸੀ, ਪ੍ਰੀਤਮ ਸਿੰਘ, ***ਮਹਾਂਨੂਰ (ਸੰਪਾ.),*** ਨਵਯੁਗ ਪਬਲਿਸ਼ਰਜ਼, ਦਿੱਲੀ, 1992

ਆਲਮ, ਨਿਧਾਨ ਸਿੰਘ, ***ਜੁਗ ਪਲਟਾਊ ਸਤਿਗੁਰੂ,*** ਨਾਮਧਾਰੀ ਦਰਬਾਰ ਸਾਹਿਤਯ ਸਦਨ, ਸ੍ਰੀ ਜੀਵਨ ਨਗਰ (ਸਿਰਸਾ), 1947

------, ***ਸਿੱਖ ਧਰਮ ਤੇ ਮਾਸ,*** ਹਰਵਿੰਦਰ ਸਿੰਘ ਹੰਸਪਾਲ, ਐਮ. ਪੀ. ਜਨਰਲ ਸਕੱਤਰ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਲੁਧਿਆਣਾ, 1984

------, ***ਨਾਮਧਾਰੀ ਸਿਧਾਂਤ ਪ੍ਰਦਰਸ਼ਨ,*** ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਲੁਧਿਆਣਾ, 1998

------, ***ਗੁਰੂ ਪਦ ਪ੍ਰਕਾਸ਼,*** ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਲੁਧਿਆਣਾ, 1998

ਸਹਿਗਲ, ਉਜਾਗਰ ਸਿੰਘ, ***ਗੋਰਖਬਾਣੀ ਅਤੇ ਨਾਨਕਬਾਣੀ ਦੀ ਵਿਚਾਰਧਾਰਾ ਦਾ ਤੁਲਨਾਤਮਕ ਅਧਿਐਨ,*** ਪੀ-ਐਚ. ਡੀ. ਲਈ ਸਵੀਕ੍ਰਿਤ ਸ਼ੋਧ-ਪ੍ਰਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1978

ਸੇਖੋਂ, ਸੰਤ ਸਿੰਘ (ਪ੍ਰਿੰ.), ***ਸਾਹਿਤਿਆਰਥ,*** ਲਾਹੌਰ ਬੁੱਕ ਸ਼ਾਪ, ਲੁਧਿਆਣਾ, 1957

ਸੁਰਜੀਤ, ਹਰਕਿਸ਼ਨ ਸਿੰਘ, *ਬਰਤਾਨਵੀ ਸਮਾਜ ਵਿਰੋਧੀ ਲਹਿਰਾਂ ਸੰਖੇਪ ਇਤਿਹਾਸ,* ਆਜ਼ਾਦੀ ਲਹਿਰ ਵਿਰਸਾ ਸੰਭਾਲ ਤੇ ਪਸਾਰ ਕੇਂਦਰ ਚੰਡੀਗੜ੍ਹ, ਅਪ੍ਰੈਲ 2005

ਸਿੰਗਲ, ਓਮ ਪ੍ਰਕਾਸ਼ (ਡਾ.), *ਸਾਹਿਤ ਦੇ ਨਵੇਂ ਰੂਪ,* ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਇੰਡਸਟਰੀਅਲ ਸੋਸਾਇਟੀ ਲਿਮਟਿਡ, ਰਾਜੌਰੀ ਗਾਰਡਨ, ਨਵੀਂ ਦਿੱਲੀ, 1983

ਸਿੰਗਲ, ਧਰਮਪਾਲ (ਡਾ.), *ਵਾਰਤਕ ਸ਼ੈਲੀ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1975

ਹਰਚਰਨ ਸਿੰਘ, *ਪੰਜਾਬੀ ਵਾਰਤਕ ਦਾ ਜਨਮ ਤੇ ਵਿਕਾਸ,* ਪ੍ਰਕਾਸ਼ਕ, ਮਨੀ ਲਾਲ ਗੁਪਤਾ, ਪਟਿਆਲਾ, 1972

ਹਰਿਭਜਨ ਸਿੰਘ (ਡਾ.), *ਸਾਹਿਤ ਸ਼ਾਸਤਰ,* ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1973

--------, *ਉਨੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ*, ਨੈਸ਼ਨਲ ਬੁੱਕ ਟਰੱਸਟ ਇੰਡੀਆ, ਨਵੀਂ ਦਿੱਲੀ, 1993

ਕਸੇਲ, ਕਿਰਪਾਲ ਸਿੰਘ, *ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ),* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1972 (ਦੂਜੀ ਵਾਰ)

ਕਰਮਜੀਤ ਸਿੰਘ, *ਆਧੁਨਿਕ ਪੰਜਾਬੀ-ਕਾਵਿ-ਧਾਰਨਾ ਦੇ ਵਿਚਾਰਧਾਰਾਈ ਆਧਾਰ,* ਗੁਰੂ ਨਾਨਕ ਦੇਵ ਯੂਨੀਵਰਸਿਟੀ, 1994

ਕਵੀ, ਪ੍ਰੀਤਮ ਸਿੰਘ, *ਬੀਤੇ ਦੀਆਂ ਪੈੜਾਂ (ਭਾਗ ਦੂਜਾ)*

-------, *ਸ੍ਰੀ ਭੈਣੀ ਸਾਹਿਬ,* ਨਵਾਂ ਹਿੰਦੋਸਤਾਨ ਪ੍ਰਕਾਸ਼ਨ, ਨਵੀਂ ਦਿੱਲੀ, 1966

ਕਾਨਪੁਰ, ਮਿਹਰ ਸਿੰਘ, *ਪੁਰਖ ਗੁਰੂ,* ਹਰਵਿੰਦਰ ਸਿੰਘ ਹੰਸਪਾਲ ਸਕੱਤਰ ਸਰਬ ਹਿੰਦ ਕਾਂਗਰਸ, ਨਾਮਧਾਰੀ ਦਰਬਾਰ, ਭੈਣੀ ਸਾਹਿਬ, 1979

ਕਾਂਗ, ਅਮਰਜੀਤ ਸਿੰਘ, *ਵਾਰਤਕੀ (ਮੱਧਕਾਲੀ ਅਤੇ ਆਧੁਨਿਕ ਪੰਜਾਬੀ*

ਤੇਜਵੰਤ ਮਾਨ (ਸੰਪਾ.), *ਵਾਰਤਕ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀਹੀਣ

ਕੁਲਵੰਤ ਸਿੰਘ, *ਰਾਮਗੜ੍ਹੀਆ ਵਿਰਸਾ,* 2510, 37-ਡੀ, ਚੰਡੀਗੜ੍ਹ, ਨਵੰਬਰ 1999

ਗੰਡਾ ਸਿੰਘ, *ਕੂਕਿਆਂ ਦੀ ਵਿਥਿਆ*, ਖੁਦ ਪ੍ਰਕਾਸ਼ਨ, ਖਾਲਸਾ ਕਾਲਜ, ਅੰਮ੍ਰਿਤਸਰ, 1946

ਗੁਰਭਗਤ ਸਿੰਘ, *ਕੌਮੀ ਆਜ਼ਾਦੀ ਵੱਲ: ਪੰਜਾਬੀ ਅਤੇ ਪੰਜਾਬੀ ਸਭਿਆਚਾਰ ਦਾ ਭਵਿੱਖ*, ਵਿਚਾਰ ਪ੍ਰਕਾਸ਼ਨ, ਸੰਗਰੂਰ, 1993

ਗਿੱਲ, ਤ੍ਰਿਲੋਚਨ ਸਿੰਘ, *ਸਿੱਖ ਇਤਿਹਾਸ,* ਵੈੱਲ ਵਿਸ਼ਰ ਪਬਲਿਸ਼ਰਜ਼, ਪੀ. ਪੀ. 5, ਮੌਰੀਆ ਐਨਕਲੇਵ, ਪ੍ਰੀਤਮਪੁਰਾ, ਦਿੱਲੀ, ਦਸੰਬਰ, 1998

ਚੱਕਰਵਰਤੀ, ਇੰਦਰ ਸਿੰਘ, *ਨਾਮਧਾਰੀ ਇਤਿਹਾਸ (ਭਾਗ ਪਹਿਲਾ) ਮੈਨੇਜਰ ਸਤਿਜੁਗ,* ਸ੍ਰੀ ਜੀਵਨ ਨਗਰ (ਹਿਸਾਰ), 1965 (ਦੂਜੀ ਵੇਰ)

ਜਸਵਿੰਦਰ ਸਿੰਘ, *ਬੇਅੰਤ ਪਾਤਸ਼ਾਹ,* ਨਾਮਧਾਰੀ ਦਰਬਾਰ, ਭੈਣੀ ਸਾਹਿਬ, ਲੁਧਿਆਣਾ, 1996

------- (ਸੰਪਾ.), *ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ,* ਨਾਮਧਾਰੀ ਦਰਬਾਰ, ਭੈਣੀ ਸਾਹਿਬ, 1998

-------, *ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,* ਸੈਂਚੀ ਪਹਿਲੀ, ਸੈਂਚੀ ਦੂਜੀ, ਸਿੱਖ ਹਿਸਟਰੀ ਰੀਸਰਚ ਵਿਭਾਗ, ਖਾਲਸਾ ਕਾਲਜ, ਅੰਮ੍ਰਿਤਸਰ, 1969

ਜੱਸ, ਜਸਬੀਰ ਸਿੰਘ, *ਪੰਜਾਬੀ ਸਭਿਆਚਾਰ ਉੱਤੇ ਬਦੇਸ਼ੀ ਪ੍ਰਭਾਵ,* ਰੈਕਸੋਨਾ ਪ੍ਰਿੰਟਰਜ਼, ਅੰਮ੍ਰਿਤਸਰ, 1993

ਜੱਗੀ, ਰਤਨ ਸਿੰਘ, *ਗੁਰਬਾਣੀ ਟੀਕਾ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970

--------, *ਪੰਜਾਬੀ ਸਾਹਿਤ ਦਾ ਇਤਿਹਾਸ (1850 ਈ. ਤੋਂ 1910 ਈ. ਤੱਕ),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984 (ਚੌਥੀ ਛਾਪ)

ਜੱਗੀ, ਰਤਨ ਸਿੰਘ (ਸੰਪਾ.), *ਸਾਹਿਤ ਅਧਿਐਨ ਵਿਧੀਆਂ* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988

------- (ਸੰਪਾ.), *ਸਾਹਿਤ ਕੋਸ਼,* ਪਰਿਭਾਸ਼ਕ ਸ਼ਬਦਾਵਲੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989

ਜੋਸ਼, ਕਾਮਰੇਡ ਸੋਹਣ ਸਿੰਘ, *ਸ੍ਰੀ ਸਤਿਗੁਰੂ ਰਾਮ ਸਿੰਘ,* ਸੰਪਾਦਕ ਨਿਹਾਲ ਸਿੰਘ, ਮਿਤੀਹੀਣ

ਜੀਆ ਨੱਥਾ, ਦਵਿੰਦਰ ਸਿੰਘ ਗਿੱਲ, *ਸੰਤ ਨਿਧਾਨ ਸਿੰਘ ਆਲਮ (ਜੀਵਨੀ ਤੇ ਸਾਹਿਤ ਰਚਨਾ),* ਪੰਜਾਬੀ ਬਾਗ, ਪਟਿਆਲਾ, 1998

-------, *ਕਲਮ ਦੇ ਧਨੀ ਸੰਤ ਇੰਦਰ ਸਿੰਘ ਚੱਕਰਵਰਤੀ,* ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਲੁਧਿਆਣਾ, 1998

-------, *ਨਾਂਦੇੜ ਤੋਂ ਬਾਅਦ ਦਸਮ ਗੁਰੂ,* ਖੁਦ ਪ੍ਰਕਾਸ਼ਨ, ਡਾ. ਖੁੱਡਾ, ਹੁਸ਼ਿਆਰਪੁਰ, ਪੰਜਾਬ, 1998

ਤਾਂਘ, ਈਸ਼ਰ ਸਿੰਘ, *ਪੰਜਾਬੀ ਸਾਹਿਤ ਦੇ ਇਤਿਹਾਸ ਦਾ ਪੁਨਰ-ਮੁਲੰਕਣ,* ਅਮਰ ਗਿਆਨ ਪ੍ਰਕਾਸ਼ਨ, ਪਟਿਆਲਾ, 1999

ਥਿੰਦ, ਕਰਨੈਲ ਸਿੰਘ (ਸੰਪਾ.), *ਸਾਹਿਤ ਅਧਿਐਨ ਪ੍ਰਣਾਲੀਆਂ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1993 (ਦੂਜਾ ਸੰਸਕਰਣ)

ਧਰਮ ਚੰਦ, *ਪੰਜਾਬੀ ਸ੍ਵੈ-ਜੀਵਨੀ ਦਾ ਆਲੋਚਨਾਤਮਕ ਅਧਿਐਨ,* ਪੀ-ਐਚ. ਡੀ. ਲਈ ਸਵੀਕ੍ਰਿਤ ਸ਼ੋਧ-ਪ੍ਰਬੰਧ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1990

ਨਾਭਾ, ਭਾਈ ਕਾਨ੍ਹ ਸਿੰਘ, *ਗੁਰ ਸ਼ਬਦ ਰਤਨਾਕਰ (ਮਹਾਨ ਕੋਸ਼)*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1974 (ਤੀਜਾ ਸੰਸਕਰਣ)

ਨਾਮਧਾਰੀ, ਤਰਸੇਮ ਸਿੰਘ, *ਧਨੁ ਲੇਖਾਰੀ ਨਾਨਕਾ,* ਨਾਮਧਾਰੀ ਦਰਬਾਰ, ਭੈਣੀ ਸਾਹਿਬ, ਲੁਧਿਆਣਾ, 1994

ਨਾਮਧਾਰੀ, ਦਲੀਪ ਸਿੰਘ, *ਨਾਮਧਾਰੀ ਸੰਤ ਖਾਲਸਾ-ਇਤਿਹਾਸਕ ਤੱਥਾਂ ਦੇ ਅਧਾਰ ਤੇ,* ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਲੁਧਿਆਣਾ, 1999

-------, *ਅੰਮ੍ਰਿਤ ਨਾਮ,* ਲੋਕ-ਗੀਤ ਪ੍ਰਕਾਸ਼ਨ, ਸੈਕਟਰ 34 ਏ, ਚੰਡੀਗੜ੍ਹ, 2004

ਨਿਹਾਲ ਸਿੰਘ, *ਸ੍ਰੀ ਮਾਤਾ ਚੰਦ ਕੌਰ ਜੀ ਤੇ ਮਾਈਆਂ ਬੀਬੀਆਂ ਨਾਮਧਾਰੀ ਇਸਤਰੀ ਜੱਥਾ*, ਸ੍ਰੀ ਭੈਣੀ ਸਾਹਿਬ, 1995

-------, *ਸਤਿਗੁਰ ਸਾਖੀਆਂ*, ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਯਾ, ਸ੍ਰੀ ਜੀਵਨ ਨਗਰ, ਮਿਤੀਹੀਣ

-------, *ਤੋਪਾਂ ਗਰਜਦੀਆਂ ਗਈਆਂ ਅਤੇ ਕੂਕੇ ਅਗਾਂਹ ਵਧਦੇ ਗਏ,* ਮਾਸਟਰ ਨਿਹਾਲ ਸਿੰਘ, ਮਿਤੀਹੀਣ

ਪਟਵਾਰੀ, ਕਰਮ ਸਿੰਘ, *ਗੁਰ ਇਤਿਹਾਸ ਜਾਣਕਾਰੀ*, ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 1996

ਫਰੈਂਕ, ਗੁਰਬਖਸ਼ ਸਿੰਘ, *ਸਭਿਆਚਾਰ ਅਤੇ ਪੰਜਾਬੀ ਸਭਿਆਚਾਰ,* ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1975

ਫੌਜਾ ਸਿੰਘ (ਡਾ.) (ਸੰਪਾ.), *ਸਤਿਗੁਰੂ ਰਾਮ ਸਿੰਘ,* ਨਿਹਾਲ ਸਿੰਘ, ਨਾਮਧਾਰੀ ਦਰਬਾਰ, ਦਿੱਲੀ, 1985

ਬਰਾੜ, ਜੀ. ਐਸ., *ਭਾਰਤੀ ਆਜ਼ਾਦੀ ਦਾ ਅੰਦੋਲਨ,* ਵਾਰਿਸ ਸ਼ਾਹ ਫਾਊਂਡੇਸ਼ਨ, ਖਾਲਸਾ ਕਾਲਜ, ਅੰਮ੍ਰਿਤਸਰ, 1992

ਬਾਹੋਵਾਲ, ਸੰਤੋਖ ਸਿੰਘ, *ਸਤਿਗੁਰੂ ਬਿਲਾਸ,* ਭਾਗ ਪਹਿਲਾ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, 1995

ਬੀਰ ਸਿੰਘ, *ਨਾਮਧਾਰੀ ਅਤੇ ਕਾਂਗਰਸ- ਮੈਨੇਜਰ ਸਤਿਜੁਗ,* ਸ੍ਰੀ ਜੀਵਨ ਨਗਰ, ਸਿਰਸਾ, ਸੰਮਤ 2046

ਬੇਅੰਤ ਕੌਰ (ਪ੍ਰਿੰ.), *ਲਾਲ ਏਹਿ ਰਤਨ,* ਹਰਵਿੰਦਰ ਸਿੰਘ ਹੰਸਪਾਲ, ਜਨਰਲ ਸਕੱਤਰ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, 1995

--------, *ਨਮੋ ਨਾਥ ਪੂਰੇ,* ਆਰਸ਼ੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 2001

ਬੇਦੀ, ਹਰਮਿੰਦਰ ਸਿੰਘ, ਜਸਵਿੰਦਰ ਸਿੰਘ (ਸੰਪਾ.), *ਨਾਮਧਾਰੀ ਲਹਿਰ,* ਡਾ. ਆਰ. ਐਸ. ਬਾਵਾ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2004

ਬੇਦੀ, ਤਿਰਲੋਚਨ ਸਿੰਘ, *ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ,* ਬ੍ਰਿਜਿੰਦਰਾ ਕਾਲਜ, ਫਰੀਦਕੋਟ, 1972

ਭਜਨ ਸਿੰਘ, *ਸਾਡੇ ਸ਼ਹੀਦ,* ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1994 (ਪੰਜਵੀਂ ਵਾਰ)

ਭਾਰਤੀ, ਅਮਰ, *ਸਿੱਖ ਇਤਿਹਾਸ ਤੇ ਕੂਕੇ- ਤੁਲਨਾਤਮਕ ਅਧਿਐਨ,* ਭਾਰਤੀ ਸਿਮਰਤੀ ਪ੍ਰਕਾਸ਼ਨ, ਨਵੀਂ ਦਿੱਲੀ, 2004 (ਤੀਜੀ ਵਾਰ)

ਮਜੀਠਾ, ਰਾਮ ਸਿੰਘ, *ਹਿੰਦੋਸਤਾਨ ਦੀ ਅਜ਼ਾਦੀ ਦੀ ਲੜਾਈ ਵਿਚ ਪੰਜਾਬ - ਭਾਗ ਪਹਿਲਾ*, ਪੰਜਾਬ ਸਟੇਟ ਫਰੀਡਮ ਫਾਈਟਰਜ਼, ਆਰਗੇਨਾਈਜ਼ੇਸ਼ਨ, ਮੋਗਾ, 1988

ਮ੍ਰਿਗੇਸ਼, ਨਿਰੰਜਨ ਸਿੰਘ (ਕਵੀ), *ਸਾਕਾ ਮਲੇਰਕੋਟਲਾ*, ਮ੍ਰਿਗੇਸ਼ ਪਰਿਵਾਰ, ਅੰਮ੍ਰਿਤਸਰ ਖੁਰਦ (ਹਰਿਆਣਾ), 2005

ਰਣਧੀਰ ਸਿੰਘ, *ਉਦਾਸੀ ਸਿੱਖਾਂ ਦੀ ਵਿਥਿਆ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ, ਮਿਤੀਹੀਣ

ਰਣਜੀਤ ਕੌਰ, *ਨਾਮਧਾਰੀ ਲਹਿਰ ਦੀ ਕਵਿਤਾ: ਧਾਰਮਿਕ,* ਸਮਾਜ-ਸਭਿਆਚਾਰਕ, ਇਤਿਹਾਸਕ ਤੇ ਸਾਹਿਤਕ ਪਰਿਪੇਖ, ਪੀ-ਐਚ. ਡੀ. ਸ਼ੋਧ-ਪ੍ਰਬੰਧ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2004

ਲਾਇਲ, ਅਜੀਤ ਸਿੰਘ, *ਆਜ਼ਾਦੀ ਸੰਘਰਸ਼ ਦਾ ਪਲੇਠਾ ਪੰਨਾ (ਸਾਕਾ ਮਲੇਰਕੋਟਲਾ),* ਤਰਸੇਮ ਸਿੰਘ ਨਾਮਧਾਰੀ, 536, ਅਰਬਨ ਅਸਟੇਟ-1, ਫੋਕਲ ਪੁਆਇੰਟ, ਲੁਧਿਆਣਾ, 1998

ਵਹਿਮੀ, ਤਰਨ ਸਿੰਘ, *ਜੱਸ ਜੀਵਨ (ਭਾਗ ਪਹਿਲਾ),* ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, 1997 (ਦੂਜੀ ਵਾਰ)

--------, *ਜੱਸ ਜੀਵਨ (ਭਾਗ ਦੂਜਾ*), ਸਾਧੂ ਸਿੰਘ ਕਿਸਾਨ, ਬਲੀ ਸਿੰਘ, ਗੁਰਦੇਵ ਸਿੰਘ (ਦੇਵ), ਗੁਰਮੁਖ ਸਿੰਘ ਰਾਮਪੁਰ (ਬੁੱਢੀ ਮਾੜੀ), 1974

ਵਹਿਮੀ, ਤਰਨ ਸਿੰਘ, *ਜੱਸ ਜੀਵਨ (ਭਾਗ ਤੀਜਾ*), ਸਾਧੂ ਸਿੰਘ ਕਿਸਾਨ, ਬਲੀ ਸਿੰਘ, ਗੁਰਦੇਵ ਸਿੰਘ (ਦੇਵ), ਗੁਰਮੁਖ ਸਿੰਘ ਰਾਮਪੁਰ (ਬੁੱਢੀ ਮਾੜੀ), 1976

--------, *ਜੱਸ ਜੀਵਨ (ਭਾਗ ਚੌਥਾ) ਸਾਧੂ ਸਿੰਘ ਕਿਸਾਨ,* ਬਲੀ ਸਿੰਘ, ਗੁਰਦੇਵ ਸਿੰਘ (ਦੇਵ), ਗੁਰਮੁਖ ਸਿੰਘ ਰਾਮਪੁਰ (ਬੁੱਢੀ ਮਾੜੀ)

-------, *ਜੱਸ ਜੀਵਨ (ਭਾਗ ਪੰਜਵਾਂ),* ਹਰਵਿੰਦਰ ਸਿੰਘ ਹੰਸਪਾਲ, ਜਨਰਲ ਸਕੱਤਰ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ (ਪੰਜਾਬ), 1995

-------, *ਜੱਸ ਜੀਵਨ (ਭਾਗ ਛੇਵਾਂ),* ਸਾਧੂ ਸਿੰਘ ਕਿਸਾਨ, ਬਲੀ ਸਿੰਘ, ਗੁਰਦੇਵ ਸਿੰਘ (ਦੇਵ), ਗੁਰਮੁਖ ਸਿੰਘ ਰਾਮਪੁਰ (ਬੁੱਢੀ ਮਾੜੀ), 1996

-------, *ਗੁਰੂ ਗੋਬਿੰਦ ਸਿੰਘ ਜੀ ਦਾ ਨਦੇੜੋਂ ਬਾਦ ਦਾ ਜੀਵਨ,* ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਲੁਧਿਆਣਾ, 1998

ਵਣਜਾਰਾ ਬੇਦੀ, ਸੁਹਿੰਦਰ ਸਿੰਘ (ਡਾ.) *ਪੰਜਾਬੀ ਸਾਹਿਤ ਇਤਿਹਾਸ ਦੀਆਂ ਲੋਕ-ਰੂੜ੍ਹੀਆਂ,* ਲੋਕ ਪ੍ਰਕਾਸ਼ਨ, ਰਜੌਰੀ ਗਾਰਡਨ, ਨਵੀਂ ਦਿੱਲੀ, 1982


**ਹਿੰਦੀ ਪੁਸਤਕਾਂ** :

ਹਰਿਭਜਨ ਸਿੰਹ (ਡਾ.), ***ਗੁਰਮੁਖੀ ਲਿਪੀ ਮੇਂ ਉਪਲਬਧ ਹਿੰਦੀ ਕਾਵਿ***, ਭਾਰਤੀ ਮੰਦਿਰ ਦਿੱਲੀ, 1963

ਚਤੁਰਵੇਦੀ, ਪੰਡਿਤ ਸੀਤਾ ਰਾਮ, ***ਭਾਰਤ ਕੇ ਉਦਾਸੀਨ ਸੰਤ,*** ਅਖਿਲ ਭਾਰਤੀਯ ਵਿਕਰਮ ਪਰੀਸ਼ਦ, ਕਾਸ਼ੀ, 1967

ਤ੍ਰਿਗੁਣਾਇਤ, ***ਸ਼ਾਸਤ੍ਰਯ ਸਮੀਕਸ਼ਾ ਕੇ ਸਿਧਾਂਤ***, ਭਾਰਤੀ ਸਾਹਿਤਯ ਮੰਦਿਰ, ਦਿੱਲੀ, 1962

ਨਾਹਰ ਸਿੰਹ, ***ਨਾਮਧਾਰੀ ਇਤਿਹਾਸ (ਭਾਗ ਪਹਿਲਾ),*** ਈਸਟਰਨ ਪ੍ਰਿੰਟਿੰਗ ਪ੍ਰੈਸ, ਨਿਕਲਸਨ ਰੋਡ, ਦਿੱਲੀ, 1959

ਪਾਂਡੇ, ਅਨਿਰੁਧ, ***ਪਥ ਕੇ ਸਾਥੀ***, ਭਾਰਤੀਯ ਸਾਹਿਤਯ ਮੰਦਿਰ, ਦਿੱਲੀ, 1962

ਰਾਮ ਗੋਪਾਲ, ***ਆਧੁਨਿਕ ਹਿੰਦੀ ਸਾਹਿਤਯ***, ਵਿਨੋਦ ਪੁਸਤਕ ਮੰਦਿਰ, ਹਾਸਪੀਟਲ ਰੋਡ, ਆਗਰਾ, 1965

ਵਰਮਾ, ਸੱਤਿਆਕਾਮ, ***ਭਾਰਤੀਯ ਸਾਹਿਤਯ ਮੰਦਿਰ,*** ਫਵਾਰਾ, ਦਿੱਲੀ, 1962

ENGLISH BOOKS:

Ahluwalia, M.M., ***Kukas the Freedom Fighters of Punjab.*** Allied Publishers Pvt. Ltd., 15 Graham Road, Ballard Estate, Bombay, 1965

Anderson, H.G. ***A Century for the Christ,*** Ludhiana, Mission Press, Ludhiana, 1937

Archer, ***The Sikhs,*** Princenton University Press, New Jersery, U.S.A., 1946

Amany de Riencourt, ***The Soul of India,*** Harpers, New York, 1960

Achint, N.D., ***Sikh Gurus and Avtars,*** Namdhari Darbar, Shri Bhaini Sahib, Ludhiana, Punjab, 1998

Boparai, Hari Singh, ***Revolt of 1857 in Punjab,*** M.Phil Thesis, Punjabi University, Patiala, 1979

Bhai Kirpal Singh, ***Rebels Against the British Rule***,

Bhai Nahar Singh (Eds.), Atlantic Publishers and Distributors 421/1, Ansari Road, Daryaganj, New Delhi, 1989

Bajwa, Fauja Singh, ***Kuka Movement***, Kuka Research Centre, 3649, Idgah Road, New Delhi, 1965

Beant Kaur, ***The Namdhari Sikhs***, Namdhari Sikhs, Historical Museum H.H., Sri Satguru Jagjit Singh Ji Library, 1999

Clark, ***The Punjab and Sindh Mission of the Church,*** Missionary Society, London, 1855

Jaswinder Singh, ***Kukas of Note in the Punjab,*** Shri Harvinder Singh Hanspal, Bhaini Sahib, Distt. Ludhiana, 1984

------------, ***Kuka Movement, Atlantic Publishers & Distributors B-2***, Vishal Enclave, Najafgarh Road, Delhi, 1985

L.J. Trataur, ***History of the British Empire in India (1844-1862),*** Vol. I, London, 1866

Loehlin, C.H., ***The Punjab Past and the Present,*** Vol. II, Part I, Patiala, 1973

Master Balwant Singh, ***Sri Satguru Ram Singh Ji***, Master Balwant Singh, 1943

Major Leach, ***The Rights and Ceremonies of Sikhs and the Sikh Act,*** Gazzette, Amritsar, 1969

Malhotra, S.R., ***The Emergence of Indian National Congress***, Delhi, 1971

Nahar Singh, ***A Short Account of the Kukas or Namdharies,*** Namdhari Sangat, Namdhari Dharmshala, Pahar Ganj, Delhi, 1941

----------, ***Gooroo Ram Singh and the Kuka Sikhs,*** Nahar Singh M.A. Shakti Nagar, Delhi, 1965

Nihal Singh, ***Enlighters,*** Namdhari Sahit Parkashan Sri Jiwan Nagar, 1966

-----------, ***Lord of Virtues and Fortunes***, Nihal Singh for all India Namdhari Darbar, 1990

-----------, ***Evergreen,*** Satguru Partap Singh, Shtabdi Committee, 1992

Wellek, Rene and Warren Austin, ***Theory of Literature,*** Penguin, London, 1970

ENCYCLOPAEDIAS:

***Chambers Encyclopaedia***, Vol. I, Pergamon Press Ltd., England, 1967

***New Standard Encyclopaedia***, Vol. 8, Standard Educational Corporation, Chicago, Dateless,

***Encyclopaedia Britannica***, Vol. 8, Encyclopaedia Britanica, Incorporation, Chicago, 2002 (15th Ed.)

**ਪੱਤਰ/ਪੱਤਰਕਾਵਾਂ, ਰਸਾਲੇ, ਪੈਂਫਲੈਟਸ ਅਤੇ ਹੱਥ ਲਿਖਤਾਂ**

***ਸਤਿਜੁਗ,*** ਬਸੰਤ ਅੰਕ, 1992, 1994, 1995, 2001

***ਖੋਜ ਪੱਤ੍ਰਿਕਾ*** ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ, 20, 21, 28, 134,

***ਜਾਗ੍ਰਤੀ***, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਅਗਸਤ 2004

***ਖੋਜ ਦਰਪਣ,*** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1982

***ਪੰਜਾਬੀ ਦੁਨੀਆਂ,*** ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਫਰਵਰੀ 1981, ਮਈ 1991

***ਵਰਿਆਮ,*** ਬਸੰਤ ਵਿਸ਼ੇਸ਼ ਅੰਕ, 1992

***ਵਿਸ਼ਵ ਨਾਮਧਾਰੀ ਦਰਪਣ,*** ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਲੁਧਿਆਣਾ, 1999

***ਨਾਮਧਾਰੀ ਲਹਿਰ,*** ਇਤਿਹਾਸ, ਸਾਹਿਤ ਤੇ ਯੋਗਦਾਨ, ਪੈਂਫਲਿਟਸ ਕਿਰਪਾਲ ਸਿੰਘ ਕਸੇਲ, ਮਈ 2001

ਨਿਰੀਖਿਅਕ, ਨਾਮਧਾਰੀ ਵਿਦਿਅਕ ਜੱਥਾ, ਲੁਧਿਆਣਾ, ਮਿਤੀਹੀਣ

ਹੱਥ ਲਿਖਤ ਨੰ: 3396, 7090, ***ਜਪੁਜੀ ਟੀਕਾ***, ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ,

691993